# ਤਵਾਰੀਖ਼ ਸੰਤ ਖ਼ਾਲਸਾ

## ਗੁਰ-ਇਤਿਹਾਸ

(ਭਾਗ ਦੂਜਾ 1906-1959)

ਕਿਰਪਾਲ ਸਿੰਘ ਕਸੇਲ

Namdhari Elibrary NamdhariElibrary@gmail.com

Namdhari Elibrary NamdhariElibrary@gmail.com

# ਤਵਾਰੀਖ਼ ਸੰਤ ਖ਼ਾਲਸਾ

## ਗੁਰ-ਇਤਿਹਾਸ

(ਭਾਗ ਦੂਜਾ - 1906-1959)

Namdhari Elibrary NamdhariElibrary@gmail.com

Namdhari Elibrary NamdhariElibrary@gmail.com

# ਤਵਾਰੀਖ਼ ਸੰਤ ਖ਼ਾਲਸਾ

## ਗੁਰ-ਇਤਿਹਾਸ

(ਭਾਗ ਦੂਜਾ - 1906-1959)

ਕਰਤਾ

**ਕਿਰਪਾਲ ਸਿੰਘ ਕਸੇਲ**

ਵਿਸ਼ਵ ਨਾਮਧਾਰੀ ਸੰਗਤ (ਰਜਿ:)
ਸ੍ਰੀ ਭੈਣੀ ਸਾਹਿਬ, ਲੁਧਿਆਣਾ

Namdhari Elibrary NamdhariElibrary@gmail.com

©
ਸੱਭ ਹੱਕ ਰਾਖਵੇਂ ਹਨ।

# ਤਵਾਰੀਖ਼ ਸੰਤ ਖ਼ਾਲਸਾ

ਭਾਗ ਦੂਜਾ

1906 ਤੋਂ 1959

ਕਰਤਾ : ਕਿਰਪਾਲ ਸਿੰਘ ਕਸੇਲ

ਵਿਸ਼ਾ : ਤਵਾਰੀਖ਼ ਸੰਤ ਖਾਲਸਾ
(ਨਾਮਧਾਰੀ ਗੁਰ-ਇਤਿਹਾਸ)

ਸੰਸਕਰਨ : ਪਹਿਲਾ, 2009
ਮੁੱਲ : 300 ਰੁਪਏ
ਗਿਣਤੀ : 1000

ਪ੍ਰਕਾਸ਼ਕ : ਵਿਸ਼ਵ ਨਾਮਧਾਰੀ ਸੰਗਤ (ਰਜਿ:),
ਸ੍ਰੀ ਭੈਣੀ ਸਾਹਿਬ, ਲੁਧਿਆਣਾ

ਛਾਪਕ : ਵੈਸਟਰਨ ਪ੍ਰਿੰਟਰਜ਼,
ਟੋਭਾ ਬਾਬਾ ਧਿਆਨਾ, ਨਜ਼ਦੀਕ ਅਨਾਰਦਾਨਾ ਚੌਂਕ,
ਪਟਿਆਲਾ (ਫੋਨ : 0175-2224261)

Namdhari Elibrary NamdhariElibrary@gmail.com



ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ
(1890-1959)

Namdhari Elibrary NamdhariElibrary@gmail.com

# ਸਮਰਪਣ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ
50 ਸਾਲਾ ਗੁਰਗੱਦੀ ਵਰ੍ਹੇ ਦੇ
ਸ਼ੁਭ ਅਵਸਰ 'ਤੇ
ਮਾਤਾ ਭੁਪਿੰਦਰ ਕੌਰ ਜੀ ਦੀ
ਪਾਵਨ ਯਾਦ ਨੂੰ

Namdhari Elibrary NamdhariElibrary@gmail.com




Namdhari Elibrary NamdhariElibrary@gmail.com

Namdhari Elibrary NamdhariElibrary@gmail.com

# ਸੁਆਗਤੀ ਅਭਿਨੰਦਨ

ਆਪਣੇ ਜੀਵਨ ਦੇ ਅੱਠ ਦਹਾਕੇ ਪਾਰ ਕਰ ਚੁੱਕੇ ਪ੍ਰੋ. ਕਿਰਪਾਲ ਸਿੰਘ ਕਸੇਲ ਦੀ ਕਲਮ ਦਾ ਸਫਰ ਨਿਰੰਤਰ ਜਾਰੀ ਹੈ। ਉਹਨਾਂ ਦਾ ਵੱਡਾ ਨਾਮ ਅੱਜ ਪੰਜਾਬੀ ਸਾਹਿਤ ਦਾ ਪਰਿਆਯਵਾਚੀ ਸ਼ਬਦ ਬਣ ਗਿਆ ਹੈ। ਉਹਨਾਂ ਦੇ ਜੀਵਨ ਸਫਰ ਦੀ ਗਾਥਾ ਬੜੀ ਵਚਿੱਤਰ ਅਤੇ ਸੰਘਰਸ਼ਸ਼ੀਲ ਹੈ, ਜੋ ਬਹੁਤਿਆਂ ਲਈ ਪ੍ਰੇਰਣਾਮਈ ਵੀ ਹੈ। ਉਹਨਾਂ ਦੇ ਬਾਪ ਦਾ ਸਾਇਆ ਉਦੋਂ ਹੀ ਸਿਰ ਤੋਂ ਉਠ ਗਿਆ ਸੀ, ਜਦੋਂ ਉਹ ਸਿਰਫ ਢਾਈ ਮਹੀਨੇ ਦੇ ਪੰਘੂੜੇ ਵਿੱਚ ਲੇਟੇ ਹੋਏ ਸਨ। ਉਹਨਾਂ ਦੀ ਮਾਤਾ ਸ੍ਰੀਮਤੀ ਮਹਿੰਦਰ ਕੌਰ ਨੇ ਜਿਸ ਤਰ੍ਹਾਂ ਦਿਲ ਕਰੜਾ ਕਰਕੇ ਅਤੇ ਹਰ ਤਰ੍ਹਾਂ ਦੀਆਂ ਤੰਗੀਆਂ ਤੁਰਸ਼ੀਆਂ ਨਾਲ ਜੂਝਦਿਆਂ ਆਪਣੇ ਬਾਲ ਦੀ ਪਾਲਣਾ ਕੀਤੀ, ਉਸ ਨਾਲ ਉਸ ਮਹਾਨ ਔਰਤ ਅੱਗੇ ਸਿਰ ਵੀ ਝੁੱਕਦਾ ਹੈ ਤੇ ਕਸੇਲ ਸਾਹਿਬ ਨੂੰ ਵੀ ਜੀਵਨ ਪ੍ਰਯੰਤ ਵਿਪਰੀਤ ਹਾਲਤਾਂ ਨੂੰ ਆਪਣੇ ਅਨੁਕੂਲ ਬਣਾਉਣ ਦੀ ਦਾਤ ਵੀ ਪ੍ਰਾਪਤ ਹੋਈ।

ਕਸੇਲ ਜੀ ਦਾ ਪਿੰਡ ਮਾਝੇ ਦਾ ਪ੍ਰਸਿੱਧ ਪਿੰਡ ਕਸੇਲ ਹੈ, ਜਿਸਦਾ ਵੱਡੇ ਨਾਮਣੇ ਵਾਲੇ ਮਾਸਟਰ ਊਧਮ ਸਿੰਘ 'ਕਸੇਲ', ਗ਼ਦਰ ਲਹਿਰ ਵਿੱਚ ਸਰਗਰਮ ਹੋ ਕੇ, ਅਫਗਾਨਿਸਤਾਨ ਵਿੱਚ ਘੁੰਮਦੇ ਹੋਏ ਸ਼ਹੀਦ ਹੋ ਗਏ ਸਨ। ਇੱਕ ਹੋਰ ਗ਼ਦਰੀ ਕਸੇਲ ਦੇ ਤਾਇਆ ਜੀ ਬਾਬਾ ਹਰਨਾਮ ਸਿੰਘ ਕਸੇਲ, ਮਾਸਕੋ ਵਿਖੇ, ਪੂਰਬੀ ਦੇਸ਼ਾਂ ਲਈ ਕਾਇਮ ਕੀਤੀ ਯੂਨੀਵਰਸਿਟੀ ਵਿਖੇ ਮਾਰਕਸਵਾਦ ਲੈਨਿਨਵਾਦ ਦੀ ਸਿੱਖਿਆ ਗ੍ਰਹਿਣ ਕਰਕੇ ਫਿਰ ਕਿਸਾਨ ਅੰਦੋਲਨ ਤੇ ਸੁਤੰਤਰਤਾ ਸੰਗਰਾਮ ਵਿੱਚ ਜੁੱਟ ਗਏ ਸਨ। ਕਸੇਲ ਜੀ ਦੇ ਪਿਤਾ ਸ੍ਰ. ਗੰਗਾ ਸਿੰਘ ਪੁਸਤਕਾਂ ਦੇ ਦੋ ਭਰੇ ਟਰੰਕ ਛੱਡ ਗਏ ਸਨ, ਜਿਹਨਾਂ ਤੋਂ ਕਸੇਲ ਜੀ ਨੂੰ ਪੰਜਾਬੀ ਸਾਹਿਤ ਦੀ ਐਸੀ ਚੇਟਕ ਲੱਗੀ ਕਿ ਸਾਰਾ ਜੀਵਨ ਇਸ ਨੂੰ ਹੀ ਸਮਰਪਿਤ ਕਰ ਦਿੱਤਾ। ਗ਼ਦਰੀ ਯੋਧਿਆਂ ਦੀ ਵਿਰਾਸਤ ਸਦਕਾ ਆਪ ਵਿਦਿਆਰਥੀ ਜੀਵਨ ਸਮੇਂ ਹੀ ਖੱਬੀ ਲਹਿਰ ਨਾਲ ਜੁੜ ਗਏ। ਸਰਗਰਮ ਭੂਮਿਕਾ ਸਦਕਾ, ਨਜ਼ਰਬੰਦੀ ਅਤੇ ਜੇਲ੍ਹ ਜੀਵਨ ਵੀ ਹੰਢਾਇਆ।

ਪੰਜਾਬੀ ਦੀ ਐਮ.ਏ. ਸਰਵਉੱਚ ਰਹਿ ਕੇ ਕਰਨ ਉਪਰੰਤ ਪੰਜਾਬੀ ਅਧਿਆਪਨ ਦੇ ਕਾਰਜ ਵਿੱਚ ਜੀ ਜਾਨ ਨਾਲ ਜੁਟ ਗਏ। ਵਿਦਾਇਗੀ ਭਾਸ਼ਣ ਦੇਣ ਸਮੇਂ ਆਪਦੇ ਅਧਿਆਪਕ ਪ੍ਰੋ. ਸੰਤ ਸਿੰਘ ਸੇਖੋਂ ਨੇ ਪੰਜਾਬੀ ਭਾਸ਼ਾ ਨੂੰ ਸਰਕਾਰੇ ਦਰਬਾਰੇ ਬਣਦਾ ਸਥਾਨ ਦਿਵਾਉਣ ਅਤੇ ਇਸ ਦੀ ਭਾਸ਼ਾਈ ਸਮਰੱਥਾ ਵਿੱਚ ਲਗਾਤਾਰ ਵਾਧਾ ਕਰਨ ਲਈ ਕੰਮ ਕਰਨ ਲਈ ਆਖਿਆ। ਉਸਤਾਦ ਦੇ ਇਹ ਬਚਨ ਅੱਜ ਵੀ ਉਸਦੇ 'ਸ਼ਾਗਿਰਦ-ਏ-ਆਜ਼ਮ' ਦੀ ਅਗਵਾਈ ਕਰ ਰਹੇ ਹਨ। 'ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ' ਪ੍ਰੋ. ਪਰਮਿੰਦਰ ਸਿੰਘ ਹੋਰਾਂ ਨਾਲ ਮਿਲ ਕੇ ਰਚੀ ਉਹਨਾਂ ਦੀ ਆਲੋਚਨਾ ਪੁਸਤਕ ਨੇ ਪੰਜਾਬੀ ਸਾਹਿਤ ਆਲੋਚਨਾ ਵਿਚ ਨਵੇਂ ਮਿਆਰ ਸਥਾਪਿਤ ਕੀਤੇ। ਨਵੇਂ ਲੇਖਕਾਂ, ਸਾਹਿਤ

Namdhari Elibrary NamdhariElibrary@gmail.com

ਖੋਜੀਆਂ ਦਾ ਪੱਥ ਪ੍ਰਦਰਸ਼ਨ ਕੀਤਾ। ਨੇਤਰਹੀਣ ਹੋਣ ਦੀ ਅਵਸਥਾ ਵਿਚ ਵੀ ਪ੍ਰੋ. ਕਸੇਲ ਦਾ ਸਾਹਿਤਕ ਸਫਰ ਤਿੱਖੀ ਚਾਲੇ ਜਾਰੀ ਹੈ। ਉਹ ਪੰਜਾਬੀ ਦੇ ਬਹੁ-ਵਿਧਾਈ ਲੇਖਕ ਹਨ। ਕਵੀ, ਵਾਰਤਕ ਲੇਖਕ, ਨਾਵਲਕਾਰ, ਨਿਬੰਧਕਾਰ, ਜੀਵਨੀ ਲੇਖਕ ਤੋਂ ਇਲਾਵਾ ਖੋਜ ਅਤੇ ਸੰਪਾਦਨਾ ਵਿਚ ਨਾਮਣਾ ਖੱਟਿਆ ਹੈ। ਪ੍ਰੋ. ਪੂਰਨ ਸਿੰਘ ਕਾਵਿ ਦੇ ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ ਵਿੱਚ ਮੌਲਿਕ ਰੰਗ ਹੈ। ਅਜਿਹਾ ਕੰਮ ਕੋਈ ਕਵੀ ਹਿਰਦਾ ਹੀ ਕਰ ਸਕਦਾ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਗੱਦੀ ਨਸ਼ੀਨੀ ਦੇ ਪੁਰਬ ਸਮੇਂ ਹੀ, ਕਸੇਲ ਜੀ ਗੁਰੂ ਕੀ ਸੰਗਤ ਵਿੱਚ ਆ ਗਏ ਸਨ। ਉਹਨਾਂ ਨੇ ਸਰੀਰਕ ਕਮੀਆਂ ਦੇ ਬਾਵਜੂਦ ਜੋ ਹੁਣ ਤੱਕ (ਪੌਣਾ ਸੈਂਕੜਾ) ਪੁਸਤਕਾਂ ਰਚੀਆਂ ਹਨ, ਇਸ ਪਿੱਛੇ ਉਹ ਆਪ ਦੁਆਰਾ ਮਿਲੇ ਸਨੇਹ ਅਤੇ ਥਾਪੜੇ, ਨੂੰ ਜ਼ਿੰਮੇਵਾਰ ਸਮਝਦੇ ਹਨ। ਗੁਰੂ ਦਰਬਾਰ ਦੇ ਰਿਣ ਤੋਂ ਉਤੀਰਣ ਹੋਣ ਲਈ ਉਹਨਾਂ 'ਤਵਾਰੀਖ ਸੰਤ ਖਾਲਸਾ' (ਗੁਰ ਇਤਿਹਾਸ) ਭਾਗ ਪਹਿਲਾ, ਵੱਡ-ਆਕਾਰੀ ਪੁਸਤਕ ਬੜੀਆਂ ਰੀਝਾਂ ਨਾਲ ਛਪਵਾਈ ਹੈ। ਇਸ ਪੁਸਤਕ ਵਿੱਚ ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ, ਫਿਰ ਸਿੱਖ ਘੱਲੂਘਾਰੇ, ਸ਼ਹੀਦੀਆਂ, ਮਿਸਲਾਂ, ਮਹਾਰਾਜਾ ਰਣਜੀਤ ਸਿੰਘ ਅਤੇ ਗੁਰੂ ਬਾਲਕ ਸਿੰਘ, ਸਤਿਗੁਰੂ ਰਾਮ ਸਿੰਘ, ਗੁਰੂ ਹਰੀ ਸਿੰਘ ਦੇ ਜੀਵਨ ਵੇਰਵੇ ਅਤੇ ਉਪਦੇਸ਼ ਹਨ। ਸਰਕਾਰੀ ਅਤੇ ਨਾਮਧਾਰੀ ਸਰੋਤਾਂ ਨੂੰ ਪੇਸ਼ ਕਰਕੇ, ਹੁਣ ਤੱਕ ਦੀ ਨਾਮਧਾਰੀ ਇਤਿਹਾਸ ਬਾਰੇ ਸਫ਼ਲ ਪੇਸ਼ਕਾਰੀ ਕਰਨ ਵਾਲੀ ਪੁਸਤਕ ਹੈ। ਇਸ ਦਾ ਦੂਜਾ ਭਾਗ ਸਤਿਗੁਰੂ ਪਰਤਾਪ ਸਿੰਘ ਜੀ ਦੇ ਜੀਵਨ ਕਾਲ ਅਤੇ ਸਿੱਖਿਆਵਾਂ ਨਾਲ ਸੰਬੰਧਤ ਹੈ।

ਸਮਾਜ ਵਿਅਕਤੀਆਂ ਦਾ ਸਮੂਹ ਹੈ। ਇਤਿਹਾਸ ਸਮਾਜ ਦੀ ਤੋਰ ਪਛਾਨਣ ਦੀ ਕਲਾ ਹੈ। ਲੋਕਾਈ ਦੇ ਦੁੱਖ ਦਰਦ ਨੂੰ ਆਪਣੇ ਸੀਨੇ ਵਿੱਚ ਸੰਭਾਲਣ ਵਾਲੇ ਨਾਇਕ ਬਣਦੇ ਹਨ। ਇਹਨਾਂ ਨਾਇਕਾਂ ਵਿੱਚੋਂ ਕੁਝਨਾਂ ਦੀ ਕੀਰਤੀ ਸਮੇਂ ਸਥਾਨ ਦੀਆਂ ਹੱਦਾਂ ਤੋਂ ਪਾਰ ਚਲੀ ਜਾਂਦੀ ਹੈ। ਉਹਨਾਂ ਦੀਆਂ ਪਾਈਆਂ ਪੈੜਾਂ ਤੇ ਕਾਫਲੇ ਅਨੰਤ ਕਾਲ ਤੱਕ ਚਲਦੇ ਰਹਿੰਦੇ ਹਨ। ਆਪਣੇ ਯੁੱਗ ਦੀਆਂ ਅਗਰਗਾਮੀ ਸ਼ਕਤੀਆਂ ਨਾਲ ਸਾਂਝਾਂ ਪਾਉਣ ਵਾਲੇ ਹੀ ਯੁੱਗ-ਪੁਰਖ ਅਖਵਾਉਣ ਦੇ ਹੱਕਦਾਰ ਹੁੰਦੇ ਹਨ। ਇਹ ਠੀਕ ਹੈ ਕਿ ਸਮਾਜ ਨੂੰ ਬਦਲਣ ਦੀ ਪ੍ਰਕਿਰਿਆ ਵਿੱਚ ਵਿਅਕਤੀ ਖੁਦ ਵੀ ਬਦਲਦਾ ਹੈ। ਉਸ ਦੀ ਕ੍ਰਿਆਸ਼ੀਲਤਾ ਅਤੇ ਆਪਣੇ ਵਾਤਾਵਰਣ ਵਿੱਚੋਂ ਜੀਵੰਤ ਕਦਰਾਂ-ਕੀਮਤਾਂ ਦੀ ਗ੍ਰਹਿਣਸ਼ੀਲਤਾ ਹੀ ਉਸ ਨੂੰ ਯੁੱਗ ਬੋਧ ਨਾਲ ਲੈਸ ਕਰਦੀ ਹੈ। ਸਾਡੇ ਇਹ ਨਾਇਕ ਸਮਾਂ ਪਾ ਕੇ ਲੋਕ-ਚੇਤਨਾ ਦਾ ਸਜੀਵ ਅੰਗ ਬਣ ਜਾਂਦੇ ਹਨ। ਜਦੋਂ ਜਦੋਂ ਵੀ ਦੁਸ਼ਵਾਰੀਆਂ, ਅਣ-ਸੁਖਾਵੀਆਂ ਹਾਲਤਾਂ ਨਾਲ ਸਾਡੇ ਲੋਕ ਦੋ ਚਾਰ ਹੁੰਦੇ ਹਨ, ਆਪਣੇ ਨਾਇਕਾਂ ਦਾ ਸਿਮਰਨ, ਉਹਨਾਂ ਦੀ ਬਲ ਬੁੱਧੀ ਵਿੱਚ ਵਾਧਾ ਕਰਦਾ ਹੈ। ਉਹ ਕਠਿਨ ਪ੍ਰੀਖਿਆਵਾਂ ਵਿੱਚੋਂ ਸਫ਼ਲ ਹੋਣ ਦਾ ਵੱਲ ਸਿਖਦੇ ਹਨ। ਇਸ ਤਰ੍ਹਾਂ ਸਾਡੇ ਨਾਇਕ ਸਾਡੀ ਅਮੁੱਲ ਨਿਧੀ ਬਣ ਜਾਂਦੇ ਹਨ, ਜਿਹਨਾਂ ਤੋਂ ਆਉਣ ਵਾਲੀਆਂ ਨਸਲਾਂ ਆਪਣੀ ਸੁੱਖ ਸਮਰਿਧੀ ਦੀ ਕਾਮਨਾ ਕਰਦੀਆਂ ਰਹਿੰਦੀਆਂ ਹਨ। ਦਰਿਆ ਦੇ ਗਾਹਣ ਵਿੱਚ ਗੱਡੇ ਕਾਨਿਆਂ ਜਿਉਂ, ਉਹ ਜੀਵਨ ਪੰਧ ਨੂੰ ਸਫਲਤਾ ਸਹਿਤ ਮੁਕੰਮਲ ਕਰਨ ਵਾਲਿਆਂ ਲਈ, ਸੁਮਾਰਗ ਦੇ ਲਖਾਇਕ ਹੁੰਦੇ ਹਨ। ਸੰਸਾਰ ਸਾਗਰ ਤੋਂ ਪਾਰ ਜਾਣ ਲਈ ਉਹਨਾਂ ਦੁਆਰਾ ਦੱਸੀਆਂ ਵਿਧੀਆਂ 'ਤੇ ਚੱਲਣ ਵਾਲਾ ਕਦੇ

Namdhari Elibrary NamdhariElibrary@gmail.com

ਝੁਰਦਾ ਨਹੀਂ।

ਪੰਜਾਬ ਵਿਚ ਬ੍ਰਿਟਿਸ਼ ਸਤਾ ਦੀ ਸਥਾਪਤੀ ਤੋਂ ਫੌਰਨ ਬਾਅਦ ਸਿੱਖ ਪੁਨਰ-ਜਾਗਰਣ ਦੇ ਮੋਢੀ, ਨਾਮਧਾਰੀ ਸੰਤ ਖਾਲਸੇ ਦੇ ਸੰਸਥਾਪਕ, ਅਸਹਿਯੋਗ ਅੰਦੋਲਨ, ਬਾਈਕਾਟ ਅਤੇ ਸਵਦੇਸ਼ੀ ਦੇ ਨਾਹਰਿਆਂ ਨਾਲ ਗੋਰਾਸ਼ਾਹੀ ਨੂੰ ਭਾਜੜਾਂ ਪਾਉਣ ਵਾਲੀ ਕੂਕਾ ਲਹਿਰ ਦੇ ਬਾਨੀ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅੱਜ ਵਿਸ਼ਵ ਵਖਿਆਤ ਹਨ ਅਤੇ ਸਾਡੇ 'ਮਹਾਂ-ਨਾਇਕ' ਹਨ। ਸਤਿਗੁਰੂ ਜੀ ਦੇ ਦੇਸ਼ ਬਦਰ ਕਰ ਦਿੱਤੇ ਜਾਣ ਬਾਅਦ, ਆਪ ਦੇ ਛੋਟੇ ਭਰਾਤਾ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਪੂਰੇ 34 ਵਰ੍ਹੇ, ਅਤਿ ਸਖਤੀ ਦੇ ਦੌਰ ਅਤੇ ਬਿਖਮ ਹਾਲਤਾਂ ਵਿਚ, ਨਾਮਧਾਰੀ ਸੰਗਤ ਨੂੰ, ਬੜੀ ਸ਼ਾਂਤਗੀ ਅਤੇ ਹਲੀਮੀ ਨਾਲ ਧੀਮੀ ਸੁਰ ਵਿੱਚ ਗੁਰਮਤ ਦੀ ਸੋਝੀ ਕਰਵਾਈ। ਪਰਦੇਸੀ ਪ੍ਰੀਤਮ ਦੀ ਯਾਦ ਵਿੱਚ ਸੰਗਤ ਅਤੇ ਆਪਦੇ ਨੇਤਰਾਂ ਵਿੱਚੋਂ, ਸਾਉਣ ਭਾਦੋਂ ਦੀਆਂ ਫੁਹਾਰਾਂ ਹਮੇਸ਼ਾਂ ਜਾਰੀ ਰਹਿੰਦੀਆਂ। ਸੰਨ 1906 ਈ. ਵਿੱਚ ਆਪ ਦੇ ਮਹਾਂ ਪਰਸਥਾਨ ਬਾਅਦ, ਇਹ ਨਿਰੰਜਨੀ ਛਤਰ ਆਪ ਜੀ ਦੇ ਸਾਹਿਬਜ਼ਾਦੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਸੀਸ 'ਤੇ ਪੂਰੇ 53 ਸਾਲ ਝੂਲਦਾ ਰਿਹਾ।

ਸਤਿਗੁਰੂ ਪਰਤਾਪ ਸਿੰਘ ਜੀ ਦੀ ਸ਼ਖਸੀਅਤ ਵਿਚ, ਉਪਰ ਵਰਣਿਤ ਨਾਇਕਾਂ ਵਾਲੇ ਸਾਰੇ ਹੀ ਮਹਾਨ ਗੁਣਾਂ ਦਾ ਸੁਮੇਲ ਹੋਣ ਕਾਰਨ ਆਪ ਵੀ ਸਾਡੇ ਇਤਿਹਾਸ ਦੇ ਇੱਕ ਵਿਲੱਖਣ ਨਾਇਕ ਹੋਣ ਦਾ ਰੁਤਬਾ ਧਾਰਨ ਕਰ ਗਏ ਹਨ। ਉਹਨਾਂ ਦਾ ਆਗਮਨ ਨਾਮਧਾਰੀ ਸੰਗਤ ਵਾਸਤੇ ਜੇਠ ਹਾੜ ਦੀਆਂ ਚਮੜੀ ਲੂਹਣ ਵਾਲੀਆਂ ਲੋਆਂ ਤੋਂ ਬਾਅਦ, ਰੂਹ ਨਸ਼ਿਆਉਣ ਵਾਲੀਆਂ, ਸਾਉਣ ਮਾਂਹ ਦੀਆਂ ਪਹਿਲੀਆਂ ਕਣੀਆਂ ਜਿਹਾ ਸੀ। ਖੁਸ਼ੀਆਂ ਤੇ ਖੇੜੇ, ਜਿਹੜੇ ਪਿਛਲੇ ਅਠਾਰਾਂ ਸਾਲਾਂ ਤੋਂ, ਇਸ ਬਾਗੀਆਂ ਦੀ ਬਸਤੀ ਤੋਂ ਮੂੰਹ ਫੇਰ ਗਏ ਸਨ, ਹੁਣ ਮਿਹਰਬਾਨ ਹੋਏ ਲੱਗਦੇ ਸਨ। ਇਸ ਮਹਾਂ ਆਨੰਦ ਦੀ ਘੜੀ ਵਿਚ ਕੀ ਨਾਮਧਾਰੀ ਤੇ ਕੀ ਗ਼ੈਰ-ਨਾਮਧਾਰੀ ਸ੍ਰੀ ਭੈਣੀ ਸਾਹਿਬ ਦਾ ਸਾਰਾ ਆਲਾ-ਦੁਆਲਾ ਸ਼ਾਮਲ ਸੀ। ਬਿਪਤਾ ਤੇ ਫਿਕਰਾਂ ਦੀਆ ਪੰਡਾਂ ਹੇਠ ਝੰਬੇ ਹੋਏ ਸਤਿਗੁਰੂ ਹਰੀ ਸਿੰਘ ਜੀ ਨੂੰ, ਘਰ ਦਾ ਮਾਲਕ ਆਇਆ ਜਾਣ ਕੇ, ਆਪਣਾ ਲੱਕ ਸਿੱਧਾ ਹੁੰਦਾ ਮਾਲੂਮ ਹੋਇਆ। ਕੰਸ ਦੀ ਕੈਦ ਵਿੱਚ ਰਹਿਣ ਵਾਲੀ ਦੇਵਕੀ ਜਿਉਂ, ਫਰੰਗੀਆਂ ਦੀ ਨਜ਼ਰਸਾਨੀ ਵਿਚ ਰਹਿਣ ਵਾਲੀ ਜਗਤ ਮਾਤਾ ਜੀਵਨ ਕੌਰ ਨੂੰ, ਬਾਲ ਗੋਪਾਲ ਦੀਆਂ ਕਿਲਕਾਰੀਆਂ, ਸੁਤੰਤਰਤਾ ਦੇ ਅਨੁਭਵ ਨਾਦ ਦਾ ਅਹਿਸਾਸ ਕਰਵਾ ਰਹੀਆਂ ਸਨ।

ਸਤਿਗੁਰੂ ਪਰਤਾਪ ਸਿੰਘ ਜੀ ਦਾ ਬਾਲ ਕਾਲ, ਰਾਮ ਵਿਓਗੀਆਂ ਦੀ ਸੰਗਤ ਵਿੱਚ ਬਤੀਤ ਹੋਇਆ, ਉਸ ਭੈਣੀ ਸਾਹਿਬ ਦੀ ਟਕਸਾਲ ਵਿੱਚ, ਜਿੱਥੇ ਸ਼ਬਦ ਘੜਿਆ ਜਾ ਰਿਹਾ ਸੀ ਅਤੇ ਸੁਰਤ ਉਚੇ ਮੰਡਲਾਂ ਵਿੱਚ ਵਾਸੇ ਦਾ ਵੱਲ ਸਿਖਦੀ ਸੀ। ਸਿੱਖਿਆ ਦਾਤਿਆਂ ਦੇ ਰੂਪ ਵਿੱਚ ਮਹਾਂ ਤੇਜੱਸਵੀ ਸ਼ਖਸੀਅਤਾਂ ਭਾਈ ਸੰਤੋਖ ਸਿੰਘ ਬਾਹੋਵਾਲ ਤੇ ਧਿਆਨ ਸਿੰਘ ਕਾਦਰਾਬਾਦੀ ਦੀ ਨਿਕਟਤਾ ਮਾਣੀ, ਜਿਹੜੇ ਅੱਜ ਸਮੁੱਚੇ ਪੰਜਾਬੀ ਸਾਹਿਤ ਦੀ ਧਰੋਹਰ ਬਣ ਚੁੱਕੇ ਹਨ। ਸਤਿਗੁਰੂ ਜੀ ਨੇ ਆਪਣੇ ਸਰੀਰਕ ਤੇ ਆਤਮਿਕ ਵਿਕਾਸ ਵਾਸਤੇ ਸਾਰੇ ਯਤਨ ਹਮੇਸ਼ਾਂ ਜਾਰੀ ਰੱਖੇ। ਛੋਟੀ ਉਮਰ ਤੋਂ ਜਾਗ੍ਰਿਤ ਅਵਸਥਾ ਵਿੱਚ ਵਿਚਰਨ ਦੇ ਅਭਿਆਸ ਸਦਕਾ, ਕੁੱਲ 16 ਸਾਲਾਂ ਦੀ ਅਲਪ ਆਯੂ ਵਿਖੇ, ਗੁਰਤਾ ਗੱਦੀ ਦੀ ਮਹਾਨ ਜ਼ਿੰਮੇਵਾਰੀ ਸੰਭਾਲਣ ਸਮੇਂ ਆਪ ਬੇਫਿਕਰ, ਬੇਖੌਫ, ਨਿਰਭਉ, ਨਿਰਵੈਰ ਦੀ ਸਥਿਤੀ ਵਿਚ ਵਿਚਰ ਰਹੇ ਸਨ।

Namdhari Elibrary NamdhariElibrary@gmail com

ਸਤਿਗੁਰੂ ਪਰਤਾਪ ਸਿੰਘ ਜੀ ਦਾ ਗੁਰਤਾ ਕਾਲ ਅਤੇ ਪੰਜਾਬ ਦਾ ਇਸ ਅੱਧੀ ਸਦੀ ਦਾ ਇਤਿਹਾਸ, ਇਕ ਦੂਜੇ ਦੇ ਪੂਰਕ ਬਣ ਗਏ ਹਨ। ਆਪ ਦੀ ਆਰਜਾ ਦੇ ਵਰ੍ਹਿਆਂ ਦੀ ਗਿਣਤੀ ਅਤੇ ਪੰਜਾਬ ਦਾ ਕੌਮੀ ਮੁਕਤੀ ਅੰਦੋਲਨ ਇਕੋ ਰਫਤਾਰ ਵਿਚ ਅੱਗੇ ਵਧਦੇ ਜਾ ਰਹੇ ਸਨ। ਸਮੁੱਚੇ ਏਸ਼ੀਆ ਵਾਸਤੇ ਵੀਹਵੀਂ ਸਦੀ ਦਾ ਪਹਿਲਾ ਦਹਾਕਾ, ਰੂਸ-ਜਾਪਾਨ ਜੰਗ ਵਿੱਚ, ਜਪਾਨੀਆਂ ਦੀ ਫ਼ਤਹਿ ਦਾ ਸੰਦੇਸ਼ ਇਹਨਾਂ ਅਰਥਾਂ ਵਿੱਚ ਆਇਆ ਕਿ ਹੁਣ ਯੌਰਪੀਨ ਤਾਕਤਾਂ ਦੇ ਅਜਿੱਤ ਹੋਣ ਦਾ ਭਰਮ ਚਕਨਾਚੂਰ ਹੋ ਚੁੱਕਾ ਹੈ। ਪੰਜਾਬ ਵਿਚ ਕੂਕਾ ਵਿਦਰੋਹ ਦੀ ਲਾਟ ਨਵੇਂ ਰੰਗ ਵਟਾ ਰਹੀ ਸੀ। ਜਿਰਵਾਸਤ ਕੂਕਾ ਸੂਬਾ ਲੱਖਾ ਸਿੰਘ ਦੇ ਮਾਂਡਲੇ ਵਿਖੇ ਜੀਵਨ ਲੀਲ੍ਹਾ ਸਮੇਟਣ ਤੋਂ ਕੁੱਲ ਚਾਰ ਸਾਲ ਬਾਅਦ, 1907 ਈ. ਵਿਚ ਬਰਤਾਨਵੀ ਸਰਕਾਰ ਦੁਆਰਾ ਆਬਾਦ ਕੀਤੀਆਂ ਨਹਿਰੀ ਬਸਤੀਆਂ ਵਿੱਚ ਸ੍ਰ. ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਏ ਦੀ ਅਗਵਾਈ ਹੇਠ "ਪੱਗੜੀ ਸੰਭਾਲ ਜੱਟਾ ਲਹਿਰ" ਨੇ ਵਿਦੇਸ਼ੀ ਸਰਕਾਰ ਨੂੰ ਹੱਥਾਂ ਪੈਰਾਂ ਦੀ ਪਾ ਦਿੱਤੀ ਸੀ। ਸ੍ਰ. ਅਜੀਤ ਸਿੰਘ ਦਾ ਪਿੰਡ ਖਟਕੜ ਕਲਾਂ ਜ਼ਿਲ੍ਹਾ ਜਲੰਧਰ (ਹੁਣ ਨਵਾਂ ਸ਼ਹਿਰ ਜਾਂ ਸ਼ਹੀਦ ਭਗਤ ਸਿੰਘ ਨਗਰ) ਸੀ ਅਤੇ ਇਸ ਦੇ ਪਿਤਾ ਅਰਜਨ ਸਿੰਘ ਦੇ ਇੱਕ ਭਾਈ ਸੁਰਜਨ ਸਿੰਘ ਦਾ ਸਰਕਾਰੀ ਰਿਕਾਰਡ ਮੁਤਾਬਿਕ ਸਤਿਗੁਰੂ ਰਾਮ ਸਿੰਘ ਦੁਆਰਾ ਚਲਾਏ ਕੂਕਾ ਅੰਦੋਲਨ ਵਿੱਚ ਸ਼ਾਮਲ ਹੋਣ ਦਾ ਜ਼ਿਕਰ ਮਿਲਦਾ ਹੈ। ਸੁਰਜਨ ਸਿੰਘ ਲਹਿਰ ਵਿੱਚ ਭਾਵੇਂ ਕਿੰਨਾ ਸਮਾਂ ਸਰਗਰਮ ਰਿਹਾ ਪਰ ਇਹ ਸਪੱਸ਼ਟ ਹੈ ਕਿ ਸ਼ਹੀਦੇ-ਆਜ਼ਮ ਸ੍ਰ. ਭਗਤ ਸਿੰਘ ਦਾ ਪਰਿਵਾਰ ਸਤਿਗੁਰੂ ਰਾਮ ਸਿੰਘ ਜੀ ਤੋਂ ਵਰੋਸਾਇਆ ਸੀ।

ਗ਼ਦਰ ਪਾਰਟੀ ਲਹਿਰ ਦਾ ਮੁੱਢ ਭਾਵੇਂ ਅਮਰੀਕਾ ਵਿਖੇ ਕਮਾਈ ਲਈ ਗਏ ਹਿੰਦੀਆਂ, ਵਿਸ਼ੇਸ਼ ਕਰਕੇ ਪੰਜਾਬੀਆਂ ਨੇ ਬੰਨ੍ਹਾ ਸੀ, ਪ੍ਰੰਤੂ ਇਸ ਦਾ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਪ੍ਰਸਿੱਧ ਨਾਮਧਾਰੀ ਸੰਤ ਕੇਸਰ ਸਿੰਘ ਮੁਹਾਵੇ ਦੀ ਸੰਗਤ ਕਾਰਨ ਨਾ ਸਿਰਫ ਕੂਕਾ ਹੀ ਬਣਿਆ ਸੀ, ਸਗੋਂ ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰਨ, ਸਰਕਾਰੀ ਪਾਬੰਦੀਆਂ ਦੇ ਬਾਵਜੂਦ ਕਈ ਦਫਾ ਸ੍ਰੀ ਭੈਣੀ ਸਾਹਿਬ ਆਉਂਦਾ ਰਿਹਾ ਸੀ। ਨਾਮਧਾਰੀ ਸੰਗਤ ਦੇ ਵੱਡੇ ਇਕੱਠਾਂ ਹੋਲਿਆਂ ਮੇਲਿਆਂ ਤੇ ਉਸ ਪਿਤਾ-ਪੁਰਖੀ ਜਾਇਦਾਦ ਦਾ ਕਾਫੀ ਭਾਗ ਖਰਚ ਦਿੱਤਾ ਸੀ। ਇਸੇ ਕਾਰਨ ਪੈਦਾ ਹੋਈ ਆਰਥਿਕ ਤੰਗੀ ਨੂੰ ਦੂਰ ਕਰਨ ਹਿੱਤ ਉਹ ਅਮਰੀਕਾ ਗਿਆ। ਆਪਣੇ ਦੇਸ਼ ਭਗਤ ਪਿਛੋਕੜ ਕਾਰਨ ਗ਼ਦਰ ਲਹਿਰ ਜਥੇਬੰਦ ਕਰਨ ਵਿੱਚ ਰੁੱਝ ਗਿਆ ਤੇ ਜੀਵਨ ਪ੍ਰਯੰਤ ਸਤਿਗੁਰੂ ਰਾਮ ਸਿੰਘ ਜੀ ਦੇ ਉਪਦੇਸ਼ਾਂ ਦੇ ਅਨੁਕੂਲ, ਸਮਤਾਵਾਦੀ ਸਮਾਜਿਕ ਆਰਥਿਕ ਵਿਵਸਥਾ ਕਾਇਮ ਕਰਨ ਲਈ ਜੂਝਦਾ ਰਿਹਾ।

ਪਹਿਲੀ ਸੰਸਾਰ ਜੰਗ ਵਿੱਚ ਮਹਾਤਮਾ ਗਾਂਧੀ ਦੀ ਅਗਵਾਈ ਵਿੱਚ (ਪੰਜਾਬ ਵਿੱਚ ਸਤਿਗੁਰੂ ਰਾਮ ਸਿੰਘ - ਸਤਿਗੁਰੂ ਪਰਤਾਪ ਸਿੰਘ ਦੇ ਪੈਰੋਕਾਰਾਂ ਨੂੰ ਛੱਡ ਕੇ) ਦੇਸ਼ ਵਾਸੀਆਂ ਨੇ ਫੌਜੀ ਭਰਤੀ ਅਤੇ ਜੰਗੀ ਚੰਦਾ ਇਸ ਆਸ ਤੇ ਦਿਲ ਖੋਲ੍ਹ ਕੇ ਦਿੱਤਾ ਕਿ ਅੰਗਰੇਜ਼ ਸਾਨੂੰ ਜੰਗ ਜਿਤਣ ਬਾਅਦ ਇਹਨਾਂ ਸੇਵਾਵਾਂ ਸਦਕਾ ਆਜ਼ਾਦ ਕਰ ਦੇਵੇਗਾ ਜਾਂ 'ਹੋਮ ਰੂਲ' ਤਾਂ ਦੇ ਹੀ ਦੇਵੇਗਾ। ਪਰ ਮਿਲਿਆ ਸ਼ਹਿਰੀ ਆਜ਼ਾਦੀਆਂ ਕੁਚਲਣ ਅਤੇ ਪਰੈਸ ਦੀ ਜ਼ੁਬਾਨਬੰਦੀ ਲਈ ਰੌਲਟ ਐਕਟ ਅਤੇ ਛੇਤੀ ਹੀ ਮਗਰੋਂ ਜੱਲਿਆਂ ਵਾਲੇ ਬਾਗ ਦਾ ਨਰ-ਸੰਘਾਰ, ਜਿਸਨੇ ਦੇਸ਼ ਵਾਸੀਆਂ ਨੂੰ ਇੱਕ ਵਾਰ ਫਿਰ ਭੁੱਲੇ ਵਿਸਰੇ 1872 ਈ.

Namdhari Elibrary NamdhariElibrary@gmail.com

ਦੇ ਮਲੇਰਕੋਟਲਾ ਵਿਖੇ ਹੋਏ ਕੂਕਾ ਕਤਲੇਆਮ ਦੀ ਯਾਦ ਤਾਜ਼ਾ ਕਰਵਾ ਕੇ, ਦੁਨੀਆਂ ਨੂੰ ਸੱਭਿਆ ਬਣਾਉਣ ਦੀ ਆੜ ਹੇਠ ਛਿਪਿਆ ਬਰਤਾਨਵੀ ਬਸਤੀਵਾਦ ਦਾ ਖੂੰਖਾਰ ਚਿਹਰਾ ਨੰਗਾ ਕਰ ਦਿੱਤਾ ਸੀ।

ਪਹਿਲੀ ਸੰਸਾਰ ਜੰਗ ਸਮੇਂ ਜਦੋਂ ਕਿਸੇ ਸਰਕਾਰੀ ਸ਼ੁਭ-ਚਿੰਤਕ ਸੱਜਣ ਨੇ 1916 ਈ. ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਜੰਗੀ ਭਰਤੀ ਵਿੱਚ ਸਹਿਯੋਗ ਕਰਨ ਲਈ ਅਪੀਲ ਕੀਤੀ ਤਾਂ ਆਪ ਦਾ ਕਹਿਣਾ ਸੀ : "ਓਏ, ਤੂੰ ਉਹਨਾਂ ਆਦਮੀਆਂ ਵਾਸਤੇ ਸਾਡੇ ਕੋਲੋਂ ਮਦਦ ਮੰਗਣ ਸਰਦਾਰਾ ਆਇਆ ਹੈਂ, ਜਿਹੜੇ ਸਾਡੇ ਗੁਰੂ ਨੂੰ ਫੜ ਕੇ ਲੈ ਗਏ, ਸਾਡੇ ਆਦਮੀਆਂ ਨੂੰ ਤੋਪਾਂ ਨਾਲ ਉਡਾ ਦਿੱਤਾ, ਫਾਂਸੀਆਂ ਚੜ੍ਹਾ ਦਿੱਤਾ। ......ਉਹ ਅੰਗਰੇਜ਼ ਖੁਦ ਮੰਨਦਾ ਹੈ ਕਿ ਕੂਕਾ ਕਦੇ ਅੰਗਰੇਜ਼ ਦਾ ਵਫਾਦਾਰ ਨਹੀਂ ਹੁੰਦਾ।"....... (*ਲਾਲ ਏਹਿ ਰਤਨ*, ਭਾਗ 5, ਸਫਾ 140-41)

ਸਿੱਖ ਤਖ਼ਤਾਂ ਦੇ ਪੁਜਾਰੀ ਅਕਸਰ ਸਰਕਾਰੀ ਬਰਤਾਨੀਆਂ ਦੇ ਹੱਥ ਠੋਕਿਆਂ ਦੀ ਭੂਮਿਕਾ ਹੀ ਨਿਭਾਉਂਦੇ ਰਹੇ ਸਨ। ਕਾਮਾਗਾਟਾ ਮਾਰੂ ਜਹਾਜ ਦੇ ਵੀਰ ਸੈਨਾਨੀਆਂ, ਗ਼ਦਰ ਪਾਰਟੀ ਦੇ ਯੋਧਿਆਂ, ਕੂਕਾ ਕ੍ਰਾਂਤੀਕਾਰੀਆਂ, ਇਹਨਾਂ ਸਭਨਾਂ ਨੂੰ ਸਿੱਖੀ ਤੋਂ ਖਾਰਜ ਕਰਨ ਦੇ ਫਤਵੇ ਅਕਾਲ ਤਖ਼ਤ ਸਾਹਿਬ ਤੇ ਕਾਬਜ਼ ਇਹ ਸਰਕਾਰੀ ਸਰਬਰਾਹ ਕਰਦੇ ਰਹੇ। ਇਸ ਸਮੇਂ ਸਤਿਗੁਰੂ ਪਰਤਾਪ ਸਿੰਘ ਜੀ ਦੀ ਅਗਵਾਈ ਹੇਠ ਚੱਲਣ ਵਾਲਾ ਨਾਮਧਾਰੀ ਪੰਥ ਹੀ ਸੀ, ਜਿਹੜਾ ਸ਼ਰੇਆਮ ਇਹ ਐਲਾਨ ਵਿਸ਼ੇਸ਼ ਦੀਵਾਨ ਕਰਕੇ ਕਰਿਆ ਕਰਦਾ ਸੀ ਕਿ ਗ਼ਦਰ ਪਾਰਟੀ ਵਾਲੇ ਜਾਂ ਕਾਮਾਗਾਟਾ ਵਾਲੇ ਦੇਸ਼ ਭਗਤ ਸੰਪੂਰਨ ਸਿੱਖ ਹਨ ਅਤੇ ਉਹਨਾਂ ਨੂੰ ਸਿੱਖੀ ਤੋਂ ਖਾਰਜ ਕਰਨ ਦਾ ਅਧਿਕਾਰ ਗੁਰੂ ਪੰਥ ਨੇ ਕਿਸੇ ਨੂੰ ਨਹੀਂ ਦਿੱਤਾ। ਸੰਨ 1921-22 ਈ. ਵਿੱਚ ਜਦੋਂ ਇਹਨਾਂ ਭ੍ਰਿਸ਼ਟ ਪੁਜਾਰੀਆਂ ਅਤੇ ਮਹੰਤਾਂ ਦੇ ਖਿਲਾਫ ਸਿੱਖ ਪੰਥ ਨੇ ਗੁਰੂ ਧਾਮ ਮੁਕਤ ਕਰਵਾਉਣ ਲਈ ਫੈਸਲਾਕੁੰਨ ਜੰਗ ਲੜੀ ਤਾਂ ਇਹ ਸਤਿਗੁਰੂ ਪਰਤਾਪ ਸਿੰਘ ਜੀ ਹੀ ਸਨ, ਜਿਹਨਾਂ ਹਰ ਨਿਰਣਾਇਕ ਛਿਨ ਸਮੇਂ ਸਮੁੱਚੇ ਸਿੱਖ ਪੰਥ ਨੂੰ ਆਪਣਾ ਨੈਤਿਕ ਸਮਰਥਨ ਪ੍ਰਦਾਨ ਕੀਤਾ। ਨਨਕਾਣਾ ਸਾਹਿਬ ਦੇ ਖੂਨੀ ਸਾਕੇ ਤੋਂ ਪਹਿਲਾਂ ਆਏ, ਕੱਤਕ ਪੁੰਨਿਆਂ ਦੇ ਗੁਰਪੁਰਬ ਵਾਲੇ ਜੋੜ ਮੇਲੇ ਸਮੇਂ ਮਹੰਤ ਨਰਾਇਣ ਦਾਸ ਨੇ, ਨਾਮਧਾਰੀ ਧਰਮਸ਼ਾਲਾ ਸ੍ਰੀ ਨਨਕਾਣਾ ਸਾਹਿਬ ਵਿਖੇ, ਗੁਰਧਾਮਾਂ ਦੀਆਂ ਚਾਬੀਆਂ, ਸਤਿਗੁਰੂ ਪਰਤਾਪ ਸਿੰਘ ਜੀ ਦੇ ਸਾਂਹਵੇਂ ਅਰਪਣ ਕਰਕੇ ਕਿਹਾ ਕਿ ਆਪ ਸਾਂਭ ਲਵੋ। ਸਤਿਗੁਰੂ ਜੀ ਨੇ ਇਹਨਾਂ ਨੂੰ ਸਵੀਕਾਰ ਨਾ ਕੀਤਾ ਅਤੇ ਮਹੰਤ ਨੂੰ ਸੁਝਾਅ ਦਿੱਤਾ ਕਿ ਇਸ ਵਿਵਾਦ ਦਾ ਨਿਪਟਾਰਾ, ਖਾਲਸਾ ਪੰਥ ਨਾਲ ਬਹਿ ਕੇ ਕਰ ਲਵੇ। ਜੇਕਰ ਮਹੰਤ ਸਤਿਗੁਰੂ ਜੀ ਦੀ ਮਤ ਤੇ ਅਮਲ ਕਰਦਾ ਤਾਂ ਜਨਮ ਅਸਥਾਨ ਵਿੱਚ ਵਾਪਰਨ ਵਾਲੇ ਇਸ ਖੂਨੀ ਕਾਂਡ ਤੋਂ ਬਚਿਆ ਜਾ ਸਕਦਾ ਸੀ।

ਚਾਬੀਆਂ ਦਾ ਮੋਰਚਾ, ਗੁਰੂ ਕੇ ਬਾਗ ਦਾ ਮੋਰਚਾ, ਜੈਤੋ ਦਾ ਮੋਰਚਾ, ਆਦਿ ਅਕਾਲੀ ਮੋਰਚਿਆਂ ਤੇ ਅੰਗਰੇਜ਼ ਸਰਕਾਰ ਅਤੇ ਰਿਆਸਤੀ ਹਾਕਮਾਂ ਵੱਲੋਂ ਸਖਤ ਤਸ਼ੱਦਦ ਦੇ ਪ੍ਰਤੀਕਰਮ ਵਜੋਂ, ਦੁਆਬੇ ਵਿੱਚ ਹਥਿਆਰਬੰਦ ਬੱਬਰ ਅਕਾਲੀ ਲਹਿਰ ਸਰਗਰਮ ਹੋਈ, ਜਿਹੜੀ ਅੰਗਰੇਜ਼ ਸਰਕਾਰ ਦੇ ਝੋਲੀ ਚੁੱਕ-ਜ਼ੈਲਦਾਰਾਂ ਸਫੈਦਪੋਸ਼ਾਂ, ਮੁਖਬਰਾਂ ਅਤੇ ਉਹਨਾਂ ਨਾਲ ਸੰਬੰਧਤ ਲੋਕਾਂ ਦੇ ਵਿਅਕਤੀਗਤ ਸਫਾਏ ਦੀ ਮੁਹਿੰਮ ਚਲਾ ਰਹੀ ਸੀ। ਕਸੇਲ ਜੀ ਦੀ ਰਚਨਾ ਦੀ ਵਿਸ਼ੇਸ਼ਤਾ ਇਸੇ ਗੱਲ ਵਿੱਚ ਹੈ ਕਿ ਉਹ ਸਤਿਗੁਰੂ

Namdhari Elibrary NamdhariElibrary@gmail.com

ਪਰਤਾਪ ਸਿੰਘ ਜੀ ਦੇ ਜੀਵਨ ਦੀਆਂ ਘਟਨਾਵਾਂ, ਸਿੱਖਿਆਵਾਂ, ਪ੍ਰਸੰਗਾਂ ਆਦਿ ਨੂੰ ਸਮਕਾਲੀ ਸਮਾਜਕ, ਆਰਥਕ, ਰਾਜਨੀਤਕ ਸੰਦਰਭ ਵਿੱਚ ਰੱਖ ਕੇ ਹੀ ਵਿਚਾਰਦੇ ਹਨ। ਅਜਿਹਾ ਕਰਨ ਨਾਲ ਪਾਠਕ ਕਿਸੇ ਵਿਸ਼ੇਸ਼ ਘਟਨਾਕ੍ਰਮ ਨੂੰ ਉਸ ਦੇ ਸਮੁੱਚੇ ਪ੍ਰਸੰਗ ਵਿੱਚ ਰੱਖ ਕੇ ਸਮਝਣ ਦੇ ਸਮਰੱਥ ਬਣਦਾ ਹੈ।

ਕਿਉਂਕਿ ਕੂਕਾ ਲਹਿਰ ਦਾ ਬਾਹਰੀ ਸਰੂਪ ਤਾਂ ਧਾਰਮਿਕ ਸੀ, ਪਰ ਇਸ ਦੀ ਸਾਰ ਵਸਤੂ, ਬਸਤੀਵਾਦੀ ਹਕੂਮਤ ਤੋਂ ਮੁਕੰਮਲ ਮੁਕਤੀ ਸੀ, ਇਸੇ ਲਈ ਨਾਮਧਾਰੀ ਸਿੰਘਾਂ ਦੇ ਅਵਚੇਤਨ ਵਿੱਚ ਬੈਠੀ, ਉਹ ਅਰਦਾਸ ਅੱਜ ਵੀ ਦੁਹਰਾਈ ਜਾਂਦੀ ਹੈ, ਜਦੋਂ ਨਾ ਸਿਰਫ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਸਗੋਂ ਸਾਰਾ ਹਿੰਦੁਸਤਾਨ ਹੀ ਇੱਕ ਬੰਦੀਖਾਨਾ ਸੀ – "ਬੰਦੀਖਾਨੇ ਦੀ ਬੰਦ ਖਲਾਸ ਕਰੇ!"

ਸਤਿਗੁਰੂ ਪਰਤਾਪ ਸਿੰਘ ਜੀ ਦੀ ਸੁਯੋਗ ਅਗਵਾਈ ਵਿੱਚ, ਬੇਸ਼ਕ ਨਾਮਧਾਰੀ ਸਿੰਘ ਸਮੇਂ-ਸਮੇਂ ਚੱਲੀਆਂ, ਸੁਤੰਤਰਤਾ ਪ੍ਰਾਪਤੀ ਲਈ, ਵੱਖ-ਵੱਖ ਧਾਰਾਵਾਂ ਵਿੱਚ ਕਿਸੇ ਨਾ ਕਿਸੇ ਢੰਗ ਨਾਲ ਸ਼ਿਰਕਤ ਕਰਦੇ ਰਹੇ, ਪੰ੍ਰਤੂ ਕਾਂਗਰਸ ਨਾਲ ਵਿਸ਼ੇਸ਼ ਸੰਬੰਧ ਕਾਇਮ ਰੱਖੇ। ਸੰਨ 1929 ਈ. ਸਮੇਂ ਮੁਕੰਮਲ ਆਜ਼ਾਦੀ ਦੇ ਮਤੇ ਵਾਲਾ, ਕੁੱਲ ਹਿੰਦ ਕਾਂਗਰਸ ਦਾ ਲਾਹੌਰ ਸੈਸ਼ਨ ਸਤਿਗੁਰੂ ਪਰਤਾਪ ਸਿੰਘ ਜੀ ਅਤੇ ਨਾਮਧਾਰੀ ਸਿੰਘਾਂ ਦੇ ਯੋਗਦਾਨ ਸਦਕਾ ਅਦੁੱਤੀ ਹੋ ਨਿਬੜਿਆ। ਇਸ ਵਿੱਚ ਕੁੱਲ ਹਿੰਦ ਆਗੂਆਂ ਦੀ ਸਵਾਰੀ ਲਈ ਨਾ ਸਿਰਫ ਘੋੜੇ ਘੋੜੀਆਂ ਲਾਹੌਰ ਜ਼ਿਲ੍ਹੇ ਦੀ ਨਾਮਧਾਰੀ ਸੰਗਤ ਨੇ ਭੇਜੇ, ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਵੀ ਆਈਆਂ। ਲੱਖਾਂ ਦੇ ਇਸ ਵਿਸ਼ਾਲ ਇਕੱਠ ਦੇ ਲੋਹ ਲੰਗਰ ਦਾ ਪ੍ਰਬੰਧ ਵੀ, ਅੰਨ-ਪੂਰਨਾ ਮਾਤਾ ਜੀਵਨ ਕੌਰ ਅਤੇ ਮਾਤਾ ਫਤੇਹ ਕੌਰ ਜੀ ਦੀ ਦੇਖ-ਰੇਖ ਵਿੱਚ ਨਾਮਧਾਰੀ ਸੰਗਤ ਨੇ ਸਿਰੇ ਚਾੜ੍ਹਿਆ। ਕਸੇਲ ਜੀ ਨੇ ਉਸ ਵੇਲੇ ਦੇ ਰੋਜ਼ਾਨਾ ਡੇਲੀ 'ਟ੍ਰਿਬਿਊਨ' ਲਾਹੌਰ ਵਿੱਚ ਛਪੇ ਵੇਰਵੇ ਦੇ ਕੇ, ਨਾਮਧਾਰੀ ਯੋਗਦਾਨ ਨੂੰ ਰੇਖਾਂਕਿਤ ਕੀਤਾ ਹੈ।

ਪੰਜਾਬ ਸਰਕਾਰ ਦਾ ਮਫ਼ਰੂਰ ਬੱਬਰ ਅਕਾਲੀ ਸ੍ਰ. ਰਤਨ ਸਿੰਘ ਪਿੰਡ ਰੁੜਕਾ (ਹੁਸ਼ਿਆਰਪੁਰ) ਵੀ ਪੁਲੀਸ ਦੇ ਵੱਡੇ ਘੇਰੇ ਵਿੱਚੋਂ ਗੁਰਦੁਆਰਾ ਭੈਣੀ ਸਾਹਿਬ ਵਿੱਚੋਂ ਸਤਿਗੁਰੂ ਜੀ ਦੇ ਥਾਪੇ ਮੁਖਤਾਰ, ਜਥੇਦਾਰ ਗੁਰਮੁਖ ਸਿੰਘ 'ਡੱਬਰ' ਨੇ ਸੁਰੱਖਿਅਤ ਲੰਘਾ ਦਿੱਤਾ ਸੀ। ਇਸ ਵਾਕਿਆਤ ਕਾਰਨ ਬਾਅਦ ਵਿੱਚ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਸਤਿਗੁਰੂ ਜੀ ਤੋਂ ਪੁੱਛ-ਗਿੱਛ ਵੀ ਕੀਤੀ ਸੀ।

ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸ਼ਹੀਦ ਹੋਣ ਬਾਅਦ ਨੌਕਰਸ਼ਾਹੀ ਦੇ ਇਸ ਨੀਚ ਕਾਰੇ ਨੂੰ ਨਿੰਦਣ ਵਾਲੀਆਂ ਨਾਮਧਾਰੀ ਦਰਬਾਰ ਦੇ ਸਪਤਾਹਿਕ ਪਰਚੇ 'ਸਤਿਜੁਗ' ਨੇ ਟਿੱਪਣੀਆਂ ਕੀਤੀਆਂ ਸਨ। ਸਤਿਗੁਰੂ ਪਰਤਾਪ ਸਿੰਘ ਦੇ ਹੁਕਮ ਅਨੁਸਾਰ ਸ਼ਹੀਦ-ਏ-ਆਜ਼ਮ ਦੇ ਪਿਤਾ ਸ੍ਰ. ਕਿਸ਼ਨ ਸਿੰਘ ਨਾਲ ਛੇ ਮਹੀਨਿਆਂ ਤੱਕ ਸ਼ਹੀਦੀ ਸਾਕੇ ਤੋਂ ਬਾਅਦ, ਨਾਮਧਾਰੀ ਵਿਦਵਾਨ, ਪ੍ਰਚਾਰਕ ਅਤੇ ਸੁਤੰਤਰਤਾ ਸੰਗਰਾਮੀ ਸੰਤ ਮੰਗਲ ਸਿੰਘ 'ਅਰਸ਼ੀ ਫਰਿਸ਼ਤਾ' ਇਕੱਠੇ ਰਹੇ ਸਨ ਤਾਂ ਕਿ ਉਹ ਦੁੱਖ ਦੀ ਇਸ ਘੜੀ ਵਿੱਚ, ਸਰਦਾਰ ਸਾਹਿਬ ਦਾ ਦਰਦ ਵੰਡਾਉਣ ਲਈ ਸਤਿਗੁਰੂ ਜੀ ਦਾ ਏਲਚੀ ਬਣ ਕੇ, ਉਹਨਾਂ ਦੇ ਅੰਗ ਸੰਗ ਰਹਿਣ। ਆਜ਼ਾਦ ਹਿੰਦ ਫੌਜ ਦੇ ਅਮਰ ਸੈਨਾਨੀਆਂ, ਗੁਰਬਖਸ਼ ਸਿੰਘ ਢਿੱਲੋਂ, ਪ੍ਰੇਮ ਕੁਮਾਰ ਸਹਿਗਲ ਅਤੇ ਸ਼ਾਹ ਨਿਵਾਜ਼ ਦਾ ਸਤਿਗੁਰੂ ਜੀ ਵੱਲੋਂ ਲਾਹੌਰ ਵਿਖੇ

Namdhari Elibrary NamdhariElibrary@gmail.com

ਨਾਗਰਿਕ ਅਭਿਨੰਦਨ ਕਰਕੇ ਪੰਡਿਤ ਜਵਾਹਰ ਲਾਲ ਨਹਿਰੂ ਜਿਉਂ ਹੀ, ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਜੰਗੀ ਵਾਰਸਾਂ ਨਾਲ, ਨਾਮਧਾਰੀ ਪੰਥ ਦੀ ਇਕਜੁੱਟਤਾ ਪ੍ਰਗਟ ਕੀਤੀ ਗਈ। ਅੰਤਿਮ ਸਿੱਖ ਮਹਾਰਾਜੇ ਦਲੀਪ ਸਿੰਘ ਦੀ ਪੁੱਤਰੀ ਮਿਸ ਬੰਬਾ ਦਲੀਪ ਸਿੰਘ ਨੂੰ ਵੀ ਸਤਿਗੁਰੂ ਜੀ ਬਸੰਤ ਪੰਚਮੀ ਜਾਂ ਹੋਰ ਪੁਰਬਾਂ 'ਤੇ ਬੁਲਾ ਕੇ ਨਿਵਾਜਿਆ ਕਰਦੇ ਸਨ ਅਤੇ ਇਸ ਢੰਗ ਨਾਲ ਗੁਆਚੇ ਪੰਜਾਬੀ ਗੌਰਵ ਦੀ ਮੁੜ ਸਥਾਪਨਾ ਦਾ ਇਰਾਦਾ ਪ੍ਰਗਟ ਕਰਦੇ ਸਨ। ਮਿਸ ਬੰਬਾ ਜੋ ਲਾਹੌਰ ਵਿੱਚ ਹੀ ਰਹਿੰਦੀ ਸੀ, ਕਿਹਾ ਕਰਦੀ ਸੀ ਕਿ ਕਦੇ ਇਸ ਵਿਸ਼ਾਲ ਭੂ-ਭਾਗ ਦੀ ਇਹ ਸਾਰੀ ਧਰਤੀ ਉਸ ਦੇ ਪੁਰਖਿਆਂ ਦੀ ਸੀ, ਅੱਜ ਉਹ ਬੱਸ ਵਿੱਚ ਇੱਕ ਸੀਟ ਹਾਸਲ ਕਰਨ ਲਈ ਵੀ ਕਿਸੇ ਦੀ ਮੁਥਾਜ ਹੁੰਦੀ ਹੈ।

ਦੇਸ਼ ਭਗਤੀ ਦੀਆਂ ਸਰਗਰਮੀਆਂ ਨਾਮਧਾਰੀਆਂ ਦਾ ਸਿਆਸੀ ਮਿਸ਼ਨ ਸੀ। ਭਜਨ ਬਾਣੀ, ਗੁਰਮਤਿ ਸੰਗੀਤ, ਕਥਾ ਕੀਰਤਨ ਦੁਆਰਾ ਗੁਰ ਇਤਿਹਾਸ ਨੂੰ ਦ੍ਰਿੜ ਕਰਵਾਉਣਾ ਧਾਰਮਿਕ ਜੀਵਨ ਦਾ ਜ਼ਰੂਰੀ ਅੰਗ ਸੀ। ਗੁਰਗੱਦੀ 'ਤੇ ਬਿਰਾਜਮਾਨ ਹੋਣ ਬਾਅਦ, ਨਹਿਰ ਸਰਹਿੰਦ ਵਾਲੇ ਡੇਰੇ ਤੇ ਕੱਖਾਂ ਦੀ ਕੁੱਲੀ ਪਾ ਕੇ ਚਾਲ੍ਹੀਆ ਕੱਟਣਾ ਸ਼ੁਰੂ ਕੀਤਾ। ਅਰਥਾਤ ਚਾਲੀ ਦਿਨ, ਅਲਪ ਆਹਾਰੀ ਹੋ ਕੇ, ਸੰਗਤ ਸਮੇਤ, ਹੋਰ ਕਾਰ ਵਿਹਾਰਾਂ ਨੂੰ ਸੰਕੋਚ ਕੇ, ਪੂਰੀ ਤਰ੍ਹਾਂ ਅਧਿਆਤਮਕਤਾ ਦੇ ਰੰਗ ਵਿੱਚ ਰੰਗੇ ਜਾਣਾ। ਇਸ ਚਾਲ੍ਹੀਏ ਦੀ ਪ੍ਰਥਾ ਸਮੂਹਿਕ 'ਜੱਪ-ਪ੍ਰਯੋਗ' ਦੇ ਰੂਪ ਵਿੱਚ ਹੁਣ ਵੀ ਨਾਮਧਾਰੀ ਪੰਥ ਵਿੱਚ ਵਿਦਮਾਨ ਹੈ। ਸਤਿਗੁਰੂ ਜੀ ਨੇ ਨਾ ਸਿਰਫ਼ ਪੰਜਾਬ ਜਾਂ ਹਿੰਦੁਸਤਾਨ ਦੇ ਵੱਖ-ਵੱਖ ਭਾਗਾਂ ਸਗੋਂ ਸਿਆਮ (ਥਾਈਲੈਂਡ), ਅਫਰੀਕਾ ਮਹਾਂਦੀਪ ਵਿੱਚ ਵੀ ਅਨੇਕ ਯਾਤਰਾਵਾਂ ਕਰਕੇ ਭੁੱਲੀ ਭਟਕੀ ਲੋਕਾਈ ਨੂੰ ਗੁਰਮਤਿ-ਮਾਰਗ ਦੇ ਪਾਂਧੀ ਬਣਾਇਆ।

ਸਤਿਗੁਰੂ ਪਰਤਾਪ ਸਿੰਘ ਜੀ ਦੇ ਰਾਜਸੀ ਧਾਰਮਿਕ ਪ੍ਰੋਗਰਾਮਾਂ ਤੋਂ ਇਲਾਵਾ ਉਹਨਾਂ ਦੀ ਪ੍ਰਤਿਭਾ ਦੇ ਵਿਲੱਖਣ ਪੱਖਾਂ ਨੂੰ ਵੀ ਕਸੇਲ ਜੀ ਨੇ ਉਭਾਰਿਆ। ਸੰਨ 1934 ਈ. ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਬੁਲਾਈ 'ਸ੍ਰੀ ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫਰੰਸ' ਨੂੰ ਲੇਖਕ ਜੀ 'ਇੱਕ ਮਹਾਨ ਇਤਿਹਾਸਕ ਕਾਰਨਾਮਾ' ਦੱਸਦਿਆਂ ਲਿਖਦੇ ਹਨ :

"ਸਤਿਗੁਰੂ ਪਰਤਾਪ ਸਿੰਘ ਜੀ ਦਾ ਵਿਚਾਰ ਸੀ ਕਿ ਗੁਰੂ ਨਾਨਕ ਦੇ ਸਿੱਖੀ ਬ੍ਰਿਛ ਦੀਆਂ ਅਨੇਕ ਟਹਿਣੀਆਂ ਤੇ ਸ਼ਾਖਾਵਾਂ ਹਨ। ਇਹਨਾਂ ਵਿਭਿੰਨ ਸੰਪਰਦਾਵਾਂ ਵਿੱਚ ਬਾਹਰੀ ਤੌਰ ਤੇ ਭਾਵੇਂ ਵਖਰੇਵੇਂ ਨਜ਼ਰ ਪੈਂਦੇ ਹਨ ਪਰ ਇਹਨਾਂ ਸਭ ਵਿੱਚ ਗੁਰੂ ਨਾਨਕ ਦੇਵ ਜੀ ਦੀ ਅਖੰਡ ਜੋਤੀ ਹੀ ਪ੍ਰਜਵੱਲਤ ਹੈ, ਜਿਸ ਨੂੰ ਸੂਖਮ ਭਾਵੀ ਤੇ ਸੰਵੇਦਨਸ਼ੀਲ, ਧਾਰਮਿਕ ਤੇ ਅਧਿਆਤਮਿਕ ਤੌਰ ਤੇ ਜਾਗੇ ਹੋਏ ਵਿਅਕਤੀ ਹੀ ਲਖ ਤੇ ਪੇਖ ਸਕਦੇ ਹਨ। ਗੁਰੂ ਨਾਨਕ ਦੇ ਪਵਿੱਤਰ ਨਾਮ ਨਾਲ ਜੁੜੀਆਂ ਅਨੇਕ ਸੰਪਰਦਾਵਾਂ ਦਾ ਮੁੱਢ ਤੇ ਜੜ੍ਹਾਂ ਇਕੋ ਹੀ ਹਨ। ਸਤਿਗੁਰੂ ਜੀ ਸਮੁੱਚੇ ਸਿੱਖ ਜਗਤ ਨੂੰ, ਇਸ ਏਕਤਾ ਰੂਪੀ ਮੰਡਲ ਵਿੱਚ ਜੁੜੇ ਸਿੱਖ ਸਮੂਹ ਨੂੰ ਅਜਿਹੇ ਆਦਰਸ਼ਕ ਬੰਧਾਨ ਵਿੱਚ ਜੋੜਨਾ ਲੋਚਦੇ ਸਨ, ਜਿਸ ਵਿੱਚ 'ਸਭੇ ਸਾਂਝੀਵਾਲ ਸਦਾਇਨ' ਦਾ ਏਕਤਾ ਦਾ ਸੂਤਰ ਪ੍ਰਧਾਨ ਹੋਵੇ।"

ਇਹ ਏਕਤਾ ਸੰਮੇਲਨ ਇੱਥੇ ਹੀ ਖ਼ਤਮ ਨਹੀਂ ਹੋਇਆ, ਫਿਰ ਇਸ ਦੀਆਂ ਲੜੀਆਂ ਹੋਰ ਸ਼ਹਿਰਾਂ ਵਿੱਚ ਵੀ ਜਾਰੀ ਰਹੀਆਂ। ਇਸੇ ਤਰ੍ਹਾਂ ਗੁਰਮਤਿ ਸੰਗੀਤ ਸੰਮੇਲਨ,

Namdhari Elibrary NamdhariElibrary@gmail.com

"ਹਿੰਦੂ-ਸਿੱਖ-ਮੁਸਲਿਮ ਮਿਲਾਪ" ਸੰਮੇਲਨ, ਪੰਜਾਬੀ ਭਾਸ਼ਾ ਦੇ ਸਰਬਪੱਖੀ ਵਿਕਾਸ ਲਈ ਸੰਮੇਲਨ, ਗਊ-ਰੱਖਿਆ ਵਾਸਤੇ, ਚੰਡੀ ਦੀ ਵਾਰ ਦੇ ਪਾਠਾਂ ਦਾ ਮਹਾਨ ਹਵਨ ਯੱਗ ਸੰਮੇਲਨ। ਸੰਮੇਲਨਾਂ ਦੀ ਇੱਕ ਲੰਮੀ ਲੜੀ, ਸਤਿਗੁਰੂ ਪਰਤਾਪ ਸਿੰਘ ਦੇ ਸਮਕਾਲੀ ਸਮਾਜ ਵਿੱਚ ਵਿਭਿੰਨ ਫ਼ਿਕਰਾਂ ਵੱਲ ਇੰਗਤ ਕਰਦੇ ਹਨ। ਸਾਡੇ ਚੰਗੇ ਭਾਗਾਂ ਨੂੰ ਉਹਨਾਂ ਦੇ ਟੇਪ ਰਿਕਾਰਡ ਹੋਏ ਉਪਦੇਸ਼ ਵੀ ਉਪਲੱਬਧ ਹਨ ਅਤੇ ਬੀਬੀ ਪ੍ਰਿੰ. ਬੇਅੰਤ ਕੌਰ ਤੇ ਉਹਨਾਂ ਦੇ ਪਤੀ ਸ੍ਰ. ਸੰਤ ਸਿੰਘ ਦੇ ਯਤਨਾਂ ਦੁਆਰਾ ਇਹ ਪੰਜ ਭਾਗਾਂ ਵਾਲੀਆਂ ਪੁਸਤਕਾਂ ਵਿੱਚ ਛਪ ਵੀ ਗਏ ਹਨ, ਜਿੱਥੋਂ ਇਸ ਸਰਬ-ਗੁਣ-ਸੰਪੰਨ ਪ੍ਰਤਿਭਾ ਦੇ ਕਰਤਾਰੀ ਜਲੌਅ ਦੇ ਅਲੌਕਿਕ ਨਜ਼ਾਰੇ ਰੂਪਮਾਨ ਹੁੰਦੇ ਹਨ। ਆਪ ਦੇ ਵਿਅਕਤੀਤਵ ਅਤੇ ਉਪਦੇਸ਼ਾਂ ਤੇ ਵੀ ਪ੍ਰੋ. ਕਸੇਲ ਨੇ ਬੜੀ ਸਾਰਥਕ ਚਰਚਾ ਕੀਤੀ ਹੈ।

ਪੰਜਾਬੀ ਸਾਹਿਤ ਜਗਤ ਨਾਲ ਆਪ ਦੇ ਵਿਸ਼ੇਸ਼ ਲਗਾਉ ਨੂੰ ਲੇਖਕ ਮੁਕਤ ਕੰਠ ਨਾਲ ਸਲਾਹੁੰਦਾ ਹੈ। ਪੰਜਾਬੀ ਸਾਹਿਤ ਦਾ ਕੋਈ ਵੀ ਵੱਡਾ ਜਾਂ ਛੋਟਾ ਹਸਤਾਖਰ ਅਜਿਹਾ ਨਹੀਂ ਹੋ ਸਕਦਾ, ਜਿਸਦੀ ਇੱਕ ਵੇਰ ਹੀ ਆਪ ਨਾਲ ਭੇਂਟ ਹੋਈ ਹੋਵੇ ਤੇ ਉਹ ਹਜ਼ੂਰ ਦੇ ਸਨੇਹ ਵਿੱਚ ਜੀਵਨ ਪਰਿਅੰਤ ਬੱਝ ਨਾ ਗਿਆ ਹੋਵੇ। ਇਹਨਾਂ ਸਾਰੇ ਕਲਮਕਾਰਾਂ ਦੇ ਦੀਦਾਰੇ ਕਸੇਲ ਜੀ ਦਾ ਇਹ ਮਹਾਨ ਗ੍ਰੰਥ ਕਰਾਉਂਦਾ ਹੈ।

ਇਲਾਕਾ ਸ੍ਰੀ ਜੀਵਨ ਨਗਰ (ਸਿਰਸਾ) ਵਿੱਚ ਵੰਡ ਤੋਂ ਪਹਿਲਾਂ 'ਉੱਜੜ' ਕੇ ਆਉਣ ਵਾਲੇ ਸਿੱਖਾਂ ਦੀ ਰਿਹਾਇਸ਼ ਲਈ ਕੁਝ ਪਿੰਡਾਂ ਵਿੱਚ ਹਜ਼ਾਰਾਂ ਏਕੜ ਭੂਮੀ ਸਮੂਹਿਕ ਮਾਇਆ ਨਾਲ ਖਰੀਦਣੀ ਆਪ ਦਾ ਵੱਡਾ ਉੱਦਮ ਸੀ। ਇਸ ਕਾਰਜ ਵਿੱਚ ਆਪ ਨੂੰ ਭਾਵੇਂ ਕੁਝ ਦੁਸ਼ਵਾਰੀਆਂ ਵੀ ਆਈਆਂ, ਪਰ ਆਪ ਦੀ ਭਵਿੱਖ-ਮੁਖੀ ਸੋਚ ਵਿੱਚ ਇਹ ਵਾਕ ਗੂੰਜਦੇ ਸਨ – "ਸਾਰਾ ਨਾਮਧਾਰੀ ਜਗਤ ਮੇਰਾ ਪਰਿਵਾਰ ਹੈ। ਮੇਰੇ ਕੁਝ ਜੀਅ ਰੁੱਸ ਗਏ ਹਨ। ਪਰ ਕਦੇ ਕੋਈ ਵਕਤ ਆਏਗਾ, ਇਹਨਾਂ ਦੇ ਪੁੱਤਰ ਪੋਤਰੇ ਕਿਹਾ ਕਰਨਗੇ ਸਾਡਾ ਕੋਈ ਹੁੰਦਾ ਸੀ, ਜੋ ਸਾਨੂੰ ਇਹੋ ਜਿਹੀ ਥਾਂ 'ਤੇ ਬਹਾ ਗਿਆ ਸੀ।" ਅੱਜ ਉਹ ਵਕਤ ਆ ਗਿਆ ਹੈ।

ਕਲਮ ਦੇ ਸਿਪਾਹੀ, ਸਿਰੜ ਸੰਜਮ ਦੀ ਮੂਰਤੀ, ਅਨੇਕਾਂ ਬਾਲਕਿਆਂ ਨੂੰ ਆਪਣੇ ਥਾਪੜੇ ਨਾਲ ਸਾਹਿਤ ਜਗਤ ਦੇ ਉੱਚ ਆਸਣਾਂ ਤੇ ਬਿਰਾਜਮਾਨ ਕਰਨ ਵਾਲੇ, ਨਿੱਘੀ, ਸਾਊ ਤੇ ਮਿੱਠਬੋਲੜੀ ਸ਼ਖਸੀਅਤ, ਪ੍ਰੋ. ਕਿਰਪਾਲ ਸਿੰਘ ਕਸੇਲ ਦੀ ਇਸ ਅਮਰ ਰਚਨਾ ਬਾਰੇ, ਕੁਝ ਵੀ ਲਿਖਣਾ ਮੇਰੇ ਜਿਹੇ ਲਘੂ ਮਾਨਵ ਦੇ ਵਸੋਂ ਬਾਹਰ ਹੈ। ਕਸੇਲ ਜੀ ਦੀ ਪੁਸਤਕ ਦੇ ਬਹਾਨੇ ਸਮੁੱਚਾ ਨਾਮਧਾਰੀ ਸੰਸਾਰ ਅਤੇ ਪੰਜਾਬੀ ਭਾਈਚਾਰਾ ਆਪਣੇ ਇਸ ਵਿਲੱਖਣ ਨਾਇਕ ਦੇ ਦੇਹਾਅਵਸਾਨ ਦੇ 50 ਵਰ੍ਹੇ ਪੂਰੇ ਹੋਣ ਤੇ ਉਹਨਾਂ ਦੀ ਪਵਿੱਤਰ ਨਿੱਘੀ ਯਾਦ ਵਿੱਚ ਨਤਮਸਤਕ ਹੁੰਦਾ ਹੈ।

ਮਿਤੀ : 15-05-2009

ਸਵਰਨ ਸਿੰਘ ਵਿਰਕ
ਕਰੀਵਾਲਾ (ਸਿਰਸਾ)

# ਕ੍ਰਿਤੱਗਤਾ-ਪੱਤਰ

ਸਭ ਤੋਂ ਪਹਿਲਾਂ ਮੈਂ ਧੰਨਵਾਦੀ ਹਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ, ਜਿਨ੍ਹਾਂ ਦੀ ਆਸ਼ੀਰਵਾਦ, ਪ੍ਰੇਰਣਾ ਅਤੇ ਮਿਹਰ ਸਦਕਾ ਇਹ ਪੁਸਤਕ ਹੋਂਦ ਵਿਚ ਆਈ ਹੈ।

ਮੈਂ ਧੰਨਵਾਦੀ ਹਾਂ ਉਹਨਾਂ ਸਭ ਲੇਖਕਾਂ - ਸੰਤ ਤਰਨ ਸਿੰਘ ਵਹਿਮੀ, ਮਹਾਰਾਜ ਬਾਬਾ ਬੀਰ ਸਿੰਘ, ਪ੍ਰੀਤਮ ਸਿੰਘ ਕਵੀ, ਮਾਸਟਰ ਨਿਹਾਲ ਸਿੰਘ, ਸੰਤ ਇੰਦਰ ਸਿੰਘ ਚੱਕਰਵਰਤੀ, ਸੰਤ ਨਿਧਾਨ ਸਿੰਘ ਆਲਿਮ, ਤਾਰਾ ਸਿੰਘ ਅਣਜਾਣ, ਜਸਵਿੰਦਰ ਸਿੰਘ ਇਤਿਹਾਸਕਾਰ, ਡਾ: ਕਰਮ ਸਿੰਘ ਕਪੂਰ, ਕਾਮਰੇਡ ਸੋਹਣ ਸਿੰਘ ਜੋਸ਼, ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ, ਸ: ਖੁਸ਼ਵੰਤ ਸਿੰਘ, ਸ: ਅਜੀਤ ਸਿੰਘ ਚੀਮਾ, ਸ: ਰਾਮ ਸਿੰਘ ਮਜੀਠਾ, ਬੀਬੀ ਬੇਅੰਤ ਕੌਰ, ਅਤੇ ਸ੍ਰੀ ਹਰਵਿੰਦਰ ਸਿੰਘ ਹੰਸਪਾਲ, ਪ੍ਰਧਾਨ ਨਾਮਧਾਰੀ ਦਰਬਾਰ, ਸ. ਸੰਤ ਸਿੰਘ, ਸੂਬਾ ਸੁਰਿੰਦਰ ਕੌਰ ਖਰਲ, ਅਤੇ ਹੋਰ ਸਭ ਲੇਖਕਾਂ ਦਾ ਜਿਨ੍ਹਾਂ ਦੇ ਹਵਾਲੇ ਇਸ ਪੁਸਤਕ ਵਿੱਚ ਦਿੱਤੇ ਗਏ ਹਨ।

ਮੈਂ ਧੰਨਵਾਦੀ ਹਾਂ ਸ੍ਰੀ ਵਿਕਾਸ ਸ਼ਰਮਾ ਅਤੇ ਉਸਦੀ ਭੈਣ ਅਲਕਾ ਸ਼ਰਮਾ ਦਾ, ਜਿਨ੍ਹਾਂ ਦੇ ਸਹਿਯੋਗ ਨਾਲ ਇਸ ਪੁਸਤਕ ਦਾ ਖਰੜਾ ਲਿਖਿਆ ਗਿਆ।

ਮੈਂ ਧੰਨਵਾਦੀ ਹਾਂ ਸ: ਤਾਰਾ ਸਿੰਘ ਅਣਜਾਣ, ਜਸਵਿੰਦਰ ਸਿੰਘ ਇਤਿਹਾਸਕਾਰ, ਅਜੀਤ ਸਿੰਘ ਲਾਇਲ ਅਤੇ ਹੋਰ ਸਭ ਸੱਜਣਾਂ ਦਾ ਜਿਨ੍ਹਾਂ ਨੇ ਬਹੁਤ ਨਿੱਗਰ ਸੁਝਾਅ ਦਿੱਤੇ।

ਮੈਂ ਧੰਨਵਾਦੀ ਹਾਂ ਸ: ਸਵਰਨ ਸਿੰਘ ਵਿਰਕ ਦਾ, ਜਿਨ੍ਹਾਂ ਨੇ ਇਸ ਪੁਸਤਕ ਦੇ ਸੁਆਗਤੀ ਅਭਿਨੰਦਨ ਵਜੋਂ ਲੰਮੀ ਉਥਾਨਕਾ ਲਿਖਣ ਦੀ ਕ੍ਰਿਪਾ ਕੀਤੀ।

ਸਭ ਤੋਂ ਵੱਧ ਧੰਨਵਾਦ ਹੈ ਸ: ਹਰਪਾਲ ਸਿੰਘ ਸੇਵਕ ਤੇ ਰਛਪਾਲ ਸਿੰਘ ਹਜ਼ੂਰੀ ਸੇਵਕਾਂ ਦਾ ਜਿਨ੍ਹਾਂ ਨੇ ਇਸ ਪੁਸਤਕ ਨੂੰ ਰਚਣ ਅਤੇ ਸੁੰਦਰ ਰੂਪ ਦੇਣ ਲਈ ਹਰ ਕਦਮ ਉੱਤੇ ਸਹਿਯੋਗ ਕਰਕੇ ਉਤਸ਼ਾਹ ਵਧਾਇਆ।

ਮੈਂ ਧੰਨਵਾਦੀ ਹਾਂ ਸ: ਰਘਬੀਰ ਸਿੰਘ ਅਤੇ ਸ: ਗੁਰਮੀਤ ਸਿੰਘ "ਵੈਸਟਰਨ ਪ੍ਰਿੰਟਰਜ਼" ਅਨਾਰਦਾਨਾ ਚੌਕ ਪਟਿਆਲਾ ਦਾ ਜਿਨ੍ਹਾਂ ਨੇ ਇਸ ਪੁਸਤਕ ਨੂੰ ਸੁੰਦਰ ਰੂਪ ਵਿਚ ਛਾਪਣ ਦਾ ਉਪਰਾਲਾ ਕੀਤਾ।

ਮੈਂ ਧੰਨਵਾਦੀ ਹਾਂ ਸ੍ਰੀ ਸਤਿੰਦਰ ਸਿੰਘ ਨੰਦਾ ਅਤੇ ਅਜੀਤ ਸਿੰਘ ਰੰਧਾਵਾ ਦਾ ਜਿਨ੍ਹਾਂ ਨੇ ਨਿੱਘਾ ਸਹਿਯੋਗ ਦਿੱਤਾ। ਇਸ ਪੁਸਤਕ ਦੇ ਗੁਣ ਸਤਿਗੁਰੂ ਜਗਜੀਤ ਸਿੰਘ

Namdhari Elibrary NamdhariElibrary@gmail com

ਜੀ ਦੇ ਬਖਸ਼ੇ ਹੋਏ ਹਨ। ਦੋਸ਼ ਮੇਰੇ ਆਪਣੇ ਹਨ। ਭੁੱਲ ਚੁੱਕ ਲਈ ਖਿਮਾ ਦਾ ਜਾਚਕ ਹਾਂ। ਇਸ ਪੁਸਤਕ ਲਈ ਦਿੱਤੀਆਂ ਗਈਆਂ ਰਾਵਾਂ ਦਾ ਸਦਾ ਸਤਿਕਾਰ ਕੀਤਾ ਜਾਵੇਗਾ।

ਇਸ ਪੁਸਤਕ 'ਤਵਾਰੀਖ ਸੰਤ ਖ਼ਾਲਸਾ' ਭਾਗ ਦੂਜਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਨਾਮਧਾਰੀ ਦਰਬਾਰ ਦੀ ਸੇਵਾ ਵਿੱਚ ਪੇਸ਼ ਕਰਨ ਦੀ ਖੁਸ਼ੀ ਲੈ ਰਿਹਾ ਹਾਂ।

ਪੁਸਤਕ ਦੇ ਚਿੱਤਰਾਂ ਦੀ ਚੋਣ ਲਈ ਸੰਤ ਹਰਪਾਲ ਸਿੰਘ ਨਿੱਜੀ ਸੇਵਕ ਸ੍ਰੀ ਸਤਿਗੁਰੂ ਜੀ ਉਚੇਚੇ ਧੰਨਵਾਦ ਦੇ ਪਾਤਰ ਹਨ।

ਦਾਸ

ਪਟਿਆਲਾ ਕਿਰਪਾਲ ਸਿੰਘ ਕਸੇਲ

ਮਿਤੀ : 26-05-2009

Namdhari Elibrary NamdhariElibrary@gmail.com

# ਤਤਕਰਾ


| ਨੰ. | ਵੇਰਵਾ | ਪੰਨਾ |
|---|---|---|
| | ਸੁਆਗਤੀ ਅਭਿਨੰਦਨ | (v) |
| | ਕ੍ਰਿਤੱਗਤਾ-ਪੱਤਰ | (xiii) |
| 1. | ਵੀਹਵੀਂ ਸਦੀ ਦੇ ਨਵੇਂ ਇਤਿਹਾਸਕ ਪਰਿਪੇਖ ਤੇ ਨਾਮਧਾਰੀ ਮੱਤ | 1 |
| 2. | ਸਤਿਗੁਰੂ ਪਰਤਾਪ ਸਿੰਘ ਜੀ ਦੀ ਨਿੱਜੀ ਸਾਧਨਾ ਦੇ ਮੁੱਢਲੇ ਉੱਦਮ | 15 |
| 3. | ਸੁਤੰਤਰਤਾ ਸੰਗਰਾਮ ਦਾ ਰਾਸ਼ਟਰ-ਵਿਆਪੀ ਉਥਾਨ | 29 |
| 4. | ਗੁਰੂ ਪਰਿਵਾਰ ਦਾ ਗ੍ਰਹਿਸਥ ਆਸ਼ਰਮ ਵਿੱਚ ਪ੍ਰਵੇਸ਼ | 41 |
| 5. | ਧਰਮ-ਨੇਮ ਤੇ ਰਾਜਨੀਤਕ ਚੇਤਨਤਾ | 51 |
| 6. | ਸੁਤੰਤਰਤਾ ਸੰਗਰਾਮ ਦੇ ਨਵੇਂ ਦੌਰ ਦਾ ਆਰੰਭ (1919-1929) | 68 |
| 7. | ਇਸ ਸਮੇਂ ਦੀਆਂ ਕੁਝ ਹੋਰ ਪ੍ਰਮੁੱਖ ਘਟਨਾਵਾਂ | 92 |
| 8. | 1929 ਈ. ਦਾ ਲਾਹੌਰ ਕਾਂਗਰਸ ਸੈਸ਼ਨ ਤੇ ਨਾਮਧਾਰੀਆਂ ਦਾ ਸ਼ਾਨਦਾਰ ਯੋਗਦਾਨ | 112 |
| 9. | ਨਾਮਧਾਰੀ ਪੰਥ ਦੀ ਜੋਬਨ-ਰੁੱਤ ਦਾ ਸਮਾਂ | 119 |
| 10. | ਸੁਤੰਤਰਤਾ ਸੰਗਰਾਮ ਦਾ ਹੰਗਾਮੀ ਦੌਰ | 136 |
| 11. | ਸਤਿਗੁਰੂ ਪਰਤਾਪ ਸਿੰਘ ਜੀ ਦਾ ਲੋਕ ਹਿੱਤਕਾਰੀ-ਉਪਯੋਗੀ ਦ੍ਰਿਸ਼ਟੀਕੋਣ | 149 |
| 12. | ਦੇਸ਼-ਵੰਡ ਦੇ ਮਹਾਂ-ਦੁਖਾਂਤ ਸਮੇਂ ਸਤਿਗੁਰੂ ਪਰਤਾਪ ਸਿੰਘ ਜੀ ਦੀ ਸੰਵੇਦਨਸ਼ੀਲਤਾ | [illegible] |
| 13. | ਸਤਿਗੁਰੂ ਪਰਤਾਪ ਸਿੰਘ ਜੀ ਦੀ ਨਾਮਧਾਰੀ ਸਿੱਖਾਂ ਦੇ ਮੁੜ-ਵਸੇਬੇ ਲਈ ਕੀਤੀ ਗਈ ਯਾਦਗਾਰੀ ਘਾਲਣਾ | 172 |
| 14. | ਭਾਰਤ ਦੇ ਨਵੇਂ ਸੰਵਿਧਾਨ ਤੇ ਰਾਜਨੀਤਕ ਬਣਤਰ ਦਾ ਸੁਆਗਤ | 180 |
| 15. | ਸਤਿਗੁਰੂ ਜੀ ਦੇ ਵਿਦੇਸ਼ਾਂ ਵਿੱਚ ਦਰਸ਼ਨ ਤੇ ਇਸ ਸਮੇਂ ਦੇ ਹੋਰ ਸਮਾਚਾਰ | 189 |
| 16. | ਕਲ-ਕਲੇਸ਼ ਤੇ ਨਵੇਂ ਸੰਕਟ | 196 |


Namdhari Elibrary NamdhariElibrary@gmail com

17. ਕੌੜੇ-ਮਿੱਠੇ ਕੁਝ ਹੋਰ ਸਮਾਚਾਰ। 204
18. ਸਤਿਗੁਰੂ ਜੀ ਦੇ ਅਨੇਕ ਉਪਕਾਰ ਤੇ ਹੋਰ ਵਿਹਾਰ 214
19. ਅਟੱਲ ਪ੍ਰਤਾਪੀ ਸਤਿਗੁਰੂ ਜੀ ਦੀ ਦ੍ਰਿੜ੍ਹਤਾ 224
20. ਸੂਰਜ ਕਿਰਨ ਮਿਲੇ 233
21. ਸਤਿਗੁਰੂ ਪਰਤਾਪ ਸਿੰਘ ਜੀ ਦਾ ਪਾਵਨ ਵਿਅਕਤੀਤਵ 238
22. 'ਲਾਲ ਏਹਿ ਰਤਨ' ਸਤਿਗੁਰੂ ਪਰਤਾਪ ਸਿੰਘ ਜੀ ਦਾ ਮਹਾਨਤਮ ਯੋਗਦਾਨ 256
23. ਅੰਤਿਕਾ-1 (ਚੰਡੀ ਦੀ ਵਾਰ ਦੇ ਪਾਠਾਂ ਦੀ ਗਿਣਤੀ) 267
24. ਅੰਤਿਕਾ-2 (ਸਵਾ ਲੱਖ ਪਾਠਾਂ ਦਾ ਵੇਰਵਾ) 268
25. ਅੰਤਿਕਾ-3 (ਪੁਸਤਕਾਂ ਦੀ ਸੂਚੀ) 269
26. ਚਿੱਤ੍ਰਾਵਲੀ- 271
ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਜੀਵਨ-ਗਾਥਾ ਤਸਵੀਰਾਂ ਦੀ ਜ਼ੁਬਾਨੀ

Namdhari Elibrary NamdhariElibrary@gmail.com

ਅਧਿਆਇ 1

# ਵੀਹਵੀਂ ਸਦੀ ਦੇ ਨਵੇਂ ਇਤਿਹਾਸਕ ਪਰਿਪੇਖ ਤੇ ਨਾਮਧਾਰੀ ਮੱਤ

## ਸਮਾਜਿਕ ਲਹਿਰਾਂ ਦੀ ਇਤਿਹਾਸਕ ਪਿਠਭੂਮੀ

ਕਿਸੇ ਵੀ ਦੇਸ਼ ਦੀ ਕੋਈ ਵੀ ਸਮਾਜਿਕ ਲਹਿਰ ਭਾਵੇਂ ਉਹ ਧਾਰਮਿਕ ਹੋਵੇ, ਸਮਾਜਿਕ ਜਾਂ ਰਾਜਨੀਤਿਕ, ਆਪਣੇ ਕਾਲ ਦੇ ਇਤਿਹਾਸਕ ਸਮਾਚਾਰਾਂ ਨਾਲ ਜੁੜੀ ਹੋਈ ਹੁੰਦੀ ਹੈ। ਵਾਸਤਵ ਵਿੱਚ ਇਹ ਵਿਸ਼ੇਸ਼ ਇਤਿਹਾਸਕ ਪਰਿਸਥਿਤੀਆਂ ਦੀ ਹੀ ਦੇਣ ਹੁੰਦੀ ਹੈ। ਇਤਿਹਾਸਕ ਸਮਾਚਾਰਾਂ ਦੇ ਪਰਿਵਰਤਨ ਨਾਲ ਇਨ੍ਹਾਂ ਲਹਿਰਾਂ ਦੀ ਪ੍ਰਕ੍ਰਿਤੀ ਵਿੱਚ ਵੀ ਅੰਤਰ ਆਉਂਦਾ ਰਹਿੰਦਾ ਹੈ ਅਤੇ ਇਨ੍ਹਾਂ ਦੇ ਵਿਕਾਸ ਤੇ ਵਿਨਾਸ਼ ਦੀਆਂ ਸੰਭਾਵਨਾਵਾਂ ਨਿਰੰਤਰ ਪੈਦਾ ਹੁੰਦੀਆਂ ਰਹਿੰਦੀਆਂ ਹਨ। ਇਨ੍ਹਾਂ ਸਮਾਜਿਕ ਲਹਿਰਾਂ ਦਾ ਇਤਿਹਾਸਕ ਪ੍ਰਕਰਨ ਨਾਲ ਸਿੱਧਾ ਸੰਬੰਧ ਹੁੰਦਾ ਹੈ, ਜਿਸ ਨੂੰ ਅਸੀਂ ਅੰਤਰ ਸੰਬੰਧਤ ਰਿਸ਼ਤਿਆਂ ਦੀ ਸੰਗਿਆ ਵੀ ਦੇ ਸਕਦੇ ਹਾਂ। ਇਸ ਲਈ ਵਿਗਿਆਨਕ ਦ੍ਰਿਸ਼ਟੀ ਤੋਂ ਇਨ੍ਹਾਂ ਸਮਾਜਿਕ ਤੇ ਧਾਰਮਿਕ ਲਹਿਰਾਂ ਦੀ ਵਾਸਤਵਿਕਤਾ ਨੂੰ ਸਮਝਣ ਲਈ ਇਨ੍ਹਾਂ ਨਾਲ ਸੰਬੰਧਿਤ ਉਸ ਵਿਸ਼ੇਸ਼ ਕਾਲ ਦੇ ਇਤਿਹਾਸਕ ਪਿਛੋਕੜ ਦੀ ਵਾਸਤਵਿਕਤਾ ਨੂੰ ਜਾਣਨਾ ਅਤਿ ਜ਼ਰੂਰੀ ਹੁੰਦਾ ਹੈ। ਇਸ ਤੋਂ ਬਿਨਾਂ ਇਨ੍ਹਾਂ ਲਹਿਰਾਂ ਤੇ ਅੰਦੋਲਨਾਂ ਦੀ ਵਾਸਤਵਿਕਤਾ ਦੀ ਪੂਰੀ-ਪੂਰੀ ਪਛਾਣ ਕਰਨੀ ਸੰਭਵ ਨਹੀਂ ਹੋ ਸਕਦੀ। ਇਤਿਹਾਸ ਦੀ ਵਾਸਤਵਿਕਤਾ ਨੂੰ ਜਾਣਨ ਲਈ ਉਸ ਦੀਆਂ ਉਨ੍ਹਾਂ ਭੌਤਿਕ ਜਾਂ ਪਦਾਰਥਕ ਪਰਿਸਥਿਤੀਆਂ ਨੂੰ ਜਾਣਨਾ ਜ਼ਰੂਰੀ ਹੈ, ਜਿਨ੍ਹਾਂ ਦੀ ਭੂਮੀ ਵਿੱਚੋਂ ਇਨ੍ਹਾਂ ਦਾ ਜਨਮ ਹੋਇਆ ਹੁੰਦਾ ਹੈ, ਜਾਂ ਜਿਨ੍ਹਾਂ ਵਿੱਚ ਇਹ ਵਿਚਰ ਰਹੀਆਂ ਜਾਂ ਆਪਣੀ ਹੋਂਦ ਨੂੰ ਸਥਾਪਤ ਕਰ ਰਹੀਆਂ ਹੁੰਦੀਆਂ ਹਨ। ਵਿਸ਼ੇਸ਼ ਭੂਮੀਗਤ ਆਧਾਰ ਹੀ ਇਨ੍ਹਾਂ ਦੀ ਹੋਂਦ ਦੀ ਜ਼ਾਮਨੀ ਭਰ ਸਕਦੇ ਹਨ।

ਇਸੇ ਪ੍ਰਸੰਗ ਵਿੱਚ ਹੀ ਨਾਮਧਾਰੀ ਮੱਤ ਦੇ ਵੀਹਵੀਂ ਸਦੀ ਦੇ ਇਤਿਹਾਸ ਨੂੰ ਵਾਚਣ ਦੀ ਲੋੜ ਹੈ। ਕਿਉਂ ਜੋ ਵੀਹਵੀਂ ਸਦੀ ਦੇ ਆਰੰਭਕ ਇਤਿਹਾਸਕ ਵਾਤਾਵਰਣ ਨੇ ਨਾਮਧਾਰੀ ਮੱਤ ਦੀ ਪ੍ਰਕ੍ਰਿਤੀ ਅਤੇ ਕਰਤੱਵ ਨੂੰ ਨਵੇਂ ਸਿਰਿਓਂ ਸੰਚਾਲਨ ਦੀ ਅਵਸ਼ਕਤਾ ਨੂੰ ਸਾਹਮਣੇ ਲੈ ਆਂਦਾ ਸੀ। ਉਸੇ ਅਨੁਸਾਰ ਹੀ ਇਸਦੇ ਵਿਕਾਸ ਅਤੇ ਕਰਤੱਵ ਨੂੰ ਸੇਧ ਦੇਣੀ ਨਾਮਧਾਰੀ ਸਤਿਗੁਰੂ ਸਾਹਿਬਾਨ ਅਤੇ ਵਿਸ਼ੇਸ਼ ਕਰਕੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਾਹਮਣੇ ਵੱਡਾ ਚੁਣੌਤੀ ਭਰਿਆ ਲਕਸ਼ ਸੀ।

ਸਤਿਗੁਰੂ ਪਰਤਾਪ ਸਿੰਘ ਜੀ ਨੇ ਭਾਵੇਂ 1906 ਈ. ਵਿੱਚ, 16 ਸਾਲ ਦੀ ਕਿਸ਼ੋਰ ਅਵਸਥਾ ਵਿੱਚ ਹੀ ਨਾਮਧਾਰੀ ਗੁਰੂਤਵ ਦੀ ਇਸ ਵੱਡੀ ਜ਼ਿੰਮੇਵਾਰੀ ਨੂੰ ਸੰਭਾਲਿਆ ਸੀ। ਉਨ੍ਹਾਂ ਨੂੰ ਗੁਰੂ ਗੱਦੀ ਤੇ ਬਿਰਾਜਮਾਨ ਹੁੰਦਿਆਂ ਹੀ ਆਪਣੀਆਂ ਵੱਡੀਆਂ ਜ਼ਿੰਮੇਵਾਰੀਆਂ ਦਾ ਅਹਿਸਾਸ ਵੀ ਸੀ। ਜਿਸ ਦੇ ਲਈ ਉਨ੍ਹਾਂ ਨੇ ਆਪਣੇ ਆਪ ਨੂੰ ਆਰੰਭ ਤੋਂ ਹੀ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਸੀ।

ਸਤਿਗੁਰੂ ਪਰਤਾਪ ਸਿੰਘ ਜੀ ਦੇ ਗੁਰੂ-ਗੱਦੀ 'ਤੇ ਬਿਰਾਜਮਾਨ ਹੋਣ ਦੇ ਸਮੇਂ ਤੱਕ ਨਾਮਧਾਰੀ ਮੱਤ ਅੱਧੀ ਸਦੀ ਦੀ ਅਵਧੀ ਨੂੰ ਹੰਢਾ ਚੁੱਕਾ ਸੀ। ਨਾਮਧਾਰੀ ਇਤਿਹਾਸ ਦੀ ਇਹ ਅੱਧੀ ਸਦੀ ਸੰਭਾਵਨਾ ਭਰਪੂਰ ਕਈ ਕਾਰਨਾਮਿਆਂ, ਪ੍ਰਾਪਤੀਆਂ, ਵੰਗਾਰਾਂ, ਮੁਸ਼ਕਿਲਾਂ, ਸੰਘਰਸ਼ਾਂ ਤੇ ਵਿਦੇਸ਼ੀ ਸਰਕਾਰ ਦੇ ਦਮਨ ਚੱਕਰ ਨੂੰ ਝੱਲਣ ਦੀ ਆਦੀ ਹੋ ਚੁੱਕੀ ਸੀ। ਨਿਰਾ ਇੰਨਾ ਹੀ ਨਹੀਂ, ਸਗੋਂ ਇਨ੍ਹਾਂ ਮੁਸ਼ਕਿਲਾਂ ਦਾ ਟਾਕਰਾ ਕਰਨ ਦੀ ਸਮਰੱਥਾ ਵੀ ਆਪਣੇ ਵਿੱਚ ਪੈਦਾ ਕਰ ਚੁੱਕੀ ਸੀ।

ਜੇ ਨਾਮਧਾਰੀ ਮੱਤ ਦੇ ਇਸ ਅੱਧੀ ਸਦੀ ਦੇ ਇਤਿਹਾਸ ਦੀ ਘੋਖ ਤੇ ਪਰਖ ਕੀਤੀ ਜਾਵੇ ਤਾਂ ਸਿੱਧ ਹੋ ਜਾਂਦਾ ਹੈ ਕਿ ਸ੍ਰੀ ਸਤਿਗੁਰੂ ਬਾਲਕ ਸਿੰਘ ਦੇ ਭਵਿੱਖ ਵਾਕਾਂ ਅਨੁਸਾਰ,[1] "ਤੁਸੀਂ ਠਾਕੁਰੋ ਬਾਦੀ ਜਾਤ ਹੋ, ਐਸੀ ਚੂਨੇ ਇਟ ਲਾਉਣੀ, ਜਿਹੜੀ ਫੇਰ ਨਾ ਉਖੜੇ।" ਸਤਿਗੁਰੂ ਰਾਮ ਸਿੰਘ ਜੀ ਦੀ ਅਦੁੱਤੀ ਪ੍ਰਤਿਭਾ ਵਿੱਚ ਉਹ ਸਾਰੇ ਗੁਣ ਮੌਜੂਦ ਸਨ, ਜਿਨ੍ਹਾਂ ਦੀ ਅੰਤਰਦ੍ਰਿਸ਼ਟੀ ਤੇ ਦੂਰ-ਦਰਸ਼ਤਾ ਨੇ ਸਰਮੂਰ ਹੀ ਨਾਮਧਾਰੀ ਮੱਤ ਦੀਆਂ ਜੜ੍ਹਾਂ, ਪਾਤਾਲ ਵਿੱਚ ਗਡ ਦਿੱਤੀਆਂ ਸਨ ਅਤੇ ਇਸ ਮੱਤ ਨੂੰ ਹਰ ਸਰਕਾਰੀ ਜਬਰ ਦਾ ਟਾਕਰਾ ਕਰਨ ਲਈ ਬਲਸ਼ਾਲੀ ਬਣਾ ਦਿੱਤਾ ਸੀ।

19ਵੀਂ ਸਦੀ ਵਿੱਚ ਹੋਰ ਵੀ ਬਹੁਤ ਸਾਰੀਆਂ ਧਾਰਮਿਕ ਅਤੇ ਸਮਾਜਿਕ ਸੁਧਾਰਵਾਦੀ ਲਹਿਰਾਂ ਭਾਰਤ ਅਤੇ ਪੰਜਾਬ ਵਿੱਚ ਪੈਦਾ ਹੋਈਆ। ਪਰ ਇਨ੍ਹਾਂ ਸਭ ਲਹਿਰਾਂ ਦੀ ਤੁਲਨਾ ਵਿੱਚ ਨਾਮਧਾਰੀ ਮੱਤ ਜਾਂ ਦੂਜੇ ਸ਼ਬਦਾਂ ਵਿੱਚ ਕੂਕਾ ਲਹਿਰ ਦੀ ਪ੍ਰਕਿਰਤੀ ਇਨ੍ਹਾਂ ਸਭ ਤੋਂ ਵੱਖਰੀ ਤੇ ਵਿਲੱਖਣ ਸੀ। ਬੰਗਾਲ ਦੀ ਬ੍ਰਹਮੋ ਸਮਾਜ, ਦੇਵ ਸਮਾਜ ਅਤੇ ਭਾਰਤ ਵਿੱਚ ਚੱਲੀਆਂ ਲਹਿਰਾਂ, ਆਰੀਆ ਸਮਾਜ, ਨਿਰੰਕਾਰੀ, ਨਾਮਧਾਰੀ, ਸਿੰਘ ਸਭਾ, ਅਲੀਗੜ੍ਹ ਅੰਦੋਲਨ, ਅਹਿਮਦੀਆ ਲਹਿਰ। ਇਹ ਸਭ ਸਮਾਜਿਕ, ਧਾਰਮਿਕ ਅਤੇ ਸੁਧਾਰਵਾਦੀ ਲਹਿਰਾਂ ਸਮਾਨੰਤਰ ਹੀ 19ਵੀਂ ਸਦੀ ਦੇ ਦੂਜੇ ਅੱਧ ਵਿੱਚ ਚੱਲ ਰਹੀਆਂ ਸਨ। ਇਨ੍ਹਾਂ ਦਾ ਅੰਗਰੇਜ਼ੀ ਸਾਮਰਾਜ ਦੀ ਵਿਦੇਸ਼ੀ ਹਕੂਮਤ ਦੇ ਪੱਛਮੀ ਪ੍ਰਭਾਵਾਂ ਅਧੀਨ ਉਪਜੀ ਨਵੀਂ ਪੜ੍ਹੀ ਲਿਖੀ ਮੱਧ ਸ਼੍ਰੇਣੀ ਉੱਤੇ ਵਿਆਪਕ ਪ੍ਰਭਾਵ ਪੈ ਰਿਹਾ ਸੀ। ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਲਹਿਰਾਂ ਵਿੱਚ ਸਮਾਜ ਸੁਧਾਰ ਆਪਣੇ-ਆਪਣੇ ਪ੍ਰਕਰਨ ਵਿੱਚ ਸਮਾਜਿਕ ਤੇ ਧਾਰਮਿਕ ਸੁਧਾਰ ਦੇ ਆਦਰਸ਼ ਤਾਂ ਮੌਜੂਦ ਸਨ, ਪਰ ਇਨ੍ਹਾਂ ਵਿੱਚ ਉਹ ਕ੍ਰਾਂਤੀਕਾਰੀ ਤੱਤ ਮੌਜੂਦ ਨਹੀਂ ਸੀ, ਜੋ ਆਪਣੇ ਜਨਮ ਕਾਲ ਤੋਂ ਹੀ ਨਾਮਧਾਰੀ ਮੱਤ ਆਪਣੇ ਨਾਲ ਲੈ ਕੇ ਆਇਆ ਸੀ। ਇਨ੍ਹਾਂ ਸੁਧਾਰਵਾਦੀ ਲਹਿਰਾਂ ਦੀ ਤੁਲਨਾ ਵਿੱਚ ਨਾਮਧਾਰੀ ਮੱਤ ਦਾ ਉਦੇਸ਼ ਤੇ ਸੁਭਾਅ ਕ੍ਰਾਂਤੀਕਾਰੀ ਸਰੂਪ ਵਾਲਾ ਸੀ ਅਤੇ ਦੂਜੀਆਂ ਲਹਿਰਾਂ ਦੇ ਟਾਕਰੇ ਉੱਤੇ

[1] ਸੰਤ ਸੰਤੋਖ ਸਿੰਘ ਬਾਹੋਵਾਲ, *ਸਤਿਗੁਰੂ ਬਿਲਾਸ*, ਭਾਗ ਪਹਿਲਾ, ਪੰਨਾ 224.

Namdhari Elibrary NamdhariElibrary@gmail com

ਨਾਮਧਾਰੀ ਮੱਤ ਆਪਣੇ ਰਾਜਨੀਤਿਕ ਉਦੇਸ਼ਾਂ ਬਾਰੇ ਵੀ ਬੜਾ ਸੁਚੇਤ 'ਤੇ ਸਪੱਸ਼ਟ ਸੀ। ਆਪਣੇ ਸੁਧਾਰਵਾਦੀ, ਧਾਰਮਿਕ ਉਦੇਸ਼ਾਂ ਦੇ ਨਾਲ-ਨਾਲ ਨਾਮਧਾਰੀ ਮੱਤ ਦੀ ਵਿਸ਼ੇਸ਼ਤਾ ਉਸ ਵਿਚਲੇ ਰਾਜਨੀਤਿਕ ਆਦਰਸ਼ਾਂ ਕਾਰਨ ਸੀ। ਮੁੱਖ ਰੂਪ ਵਿੱਚ ਧਾਰਮਿਕ ਹੁੰਦੀ ਹੋਈ ਵੀ ਕੂਕਾ ਲਹਿਰ ਸੁਤੰਤਰਤਾ ਪ੍ਰਾਪਤੀ ਦੀ ਲਹਿਰ ਸੀ, ਜੋ ਵਿਦੇਸ਼ੀ ਸਾਮਰਾਜੀ ਹਕੂਮਤ ਦੇ ਸਥਾਨ 'ਤੇ ਸੁਦੇਸ਼ੀ ਸੁਤੰਤਰ ਰਾਜ ਦੀ ਸਥਾਪਨਾ ਕਰਨਾ ਚਾਹੁੰਦੀ ਸੀ। ਮੁੱਖ ਰੂਪ ਵਿੱਚ ਨਾਮਧਾਰੀ ਲਹਿਰ ਸੁਤੰਤਰਤਾ ਦਾ ਅੰਦੋਲਨ ਸੀ, ਜਿਸਦਾ ਆਧਾਰ ਸਤਿਗੁਰੂ ਰਾਮ ਸਿੰਘ ਜੀ ਨੇ ਧਾਰਮਿਕ ਮਰਯਾਦਾ ਉੱਤੇ ਟਿਕਾਇਆ ਸੀ। ਸੁਤੰਤਰਤਾ ਅੰਦੋਲਨ ਵੀ ਉਦੋਂ ਹੀ ਪਰਪੱਕ ਰੂਪ ਧਾਰਨ ਕਰਦਾ ਹੈ, ਜਦੋਂ ਇਸ ਵਿੱਚ ਧਰਮ ਵਰਗੀ ਚੇਤਨਤਾ ਤੇ ਸੁਹਿਰਦਤਾ ਦੇ ਗੁਣ ਉਤਪੰਨ ਹੁੰਦੇ ਹਨ। ਨਾਮਧਾਰੀ ਮੱਤ ਲਈ ਇਹ ਕੋਈ ਨਵੀਂ ਆਦਰਸ਼ ਨੀਤੀ ਨਹੀਂ ਸੀ, ਸਗੋਂ ਇਹ ਉਸੇ ਮਹਾਨ ਨੀਤੀ ਤੇ ਆਦਰਸ਼ਾਂ ਦੀ ਹੀ ਪੁਨਰ ਸੁਰਜੀਤੀ ਸੀ, ਜਿਸ ਦੀ ਨੀਂਹ 1699 ਈ. ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੇ ਰੂਪ ਵਿੱਚ ਰੱਖ ਦਿੱਤੀ ਸੀ। ਆਤਮਕ ਸੁਤੰਤਰਤਾ ਦੇ ਰੂਪ ਵਿੱਚ ਤਾਂ ਗੁਰੂ ਨਾਨਕ ਦੇਵ ਜੀ ਨੇ ਵੀ ਮੁੱਖ ਸੰਕਲਪ ਪੇਸ਼ ਕੀਤਾ ਸੀ ਅਤੇ ਸਾਰੇ ਗੁਰੂ ਸਾਹਿਬਾਨ ਦੀ ਬਾਣੀ ਰਾਹੀਂ ਕਰਨੀ ਅਤੇ ਕਥਨੀ ਵਿੱਚ ਆਤਮਕ ਸੁਤੰਤਰਤਾ ਦੇ ਇਨ੍ਹਾਂ ਆਦਰਸ਼ਾਂ ਨੂੰ ਹੀ ਸੁਦ੍ਰਿੜ ਕਰਵਾਇਆ ਗਿਆ ਸੀ, ਪਰ ਇਹ ਆਤਮਕ ਸੁਤੰਤਰਤਾ ਦੇ ਲਕਸ਼ ਕੀ ਸਨ? ਇਹ ਸਮਾਜਿਕ ਬਰਾਬਰੀ ਤੇ ਸਮਾਜਿਕ ਸੁਤੰਤਰਤਾ ਨੂੰ ਵੀ ਜਾਗਰੂਪ ਕਰਨ ਵਾਲੇ ਸਨ। ਜਦੋਂ ਬਾਬਾ ਫਰੀਦ ਸ਼ਕਰਗੰਜ ਜੀ ਕਹਿੰਦੇ ਹਨ :

*'ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥*
*ਜੇ ਤੂ ਏਵੈ ਰਖਸੀ, ਜੀਉ ਸਰੀਰਹੁ ਲੇਹਿ॥'*

ਤਾਂ ਆਪ ਮਨੁੱਖੀ ਸੁਤੰਤਰਤਾ ਦੀ ਹੀ ਗੱਲ ਕਰ ਰਹੇ ਸਨ। ਮੱਧ ਕਾਲ ਦੇ ਉਨ੍ਹਾਂ ਭਗਤਾਂ ਨੇ ਵੀ ਮਨੁੱਖੀ ਸਮਾਜ ਵਿੱਚ ਬਰਾਬਰੀ, ਭਰਾਤਰੀ ਭਾਵ ਤੇ ਵਿਅਕਤੀਗਤ ਸੁਤੰਤਰਤਾ ਦੀ ਗੱਲ ਪ੍ਰਗਟ ਜਾਂ ਗੌਣ ਰੂਪ ਵਿੱਚ ਕੀਤੀ ਹੈ। ਭਗਤ ਨਾਮਦੇਵ, ਕਬੀਰ ਅਤੇ ਰਵੀਦਾਸ ਦੀ ਬਾਣੀ ਵਿੱਚ ਮਨੁੱਖੀ ਸੁਤੰਤਰਤਾ ਦੇ ਇਨ੍ਹਾਂ ਲਕਸ਼ਾਂ ਨੂੰ ਹੀ ਪ੍ਰਭੂ ਦੇ ਅਧਿਆਤਮਕ ਨਿਆਂ ਦੁਆਰਾ ਪ੍ਰਗਟਾਇਆ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਬਾਬਰ ਬਾਣੀ ਵਿੱਚ ਬਾਬਰ ਦੇ ਆਕਰਮਣਕਾਰੀ ਵਿਦੇਸ਼ੀ ਹੱਲੇ ਦੀ ਖੁੱਲ੍ਹੇ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ ਅਤੇ ਵੱਡਿਆਂ ਦੀ ਥਾਂ ਨੀਚਾਂ ਅਰਥਾਤ ਨੀਵਿਆਂ ਦਾ ਆਪਣੇ ਆਪ ਨੂੰ ਸੰਗੀ ਸਾਥੀ ਦੱਸਿਆ ਹੈ।

ਮੱਧ ਕਾਲ ਦੇ ਭਗਤੀ ਮੱਤ ਦੀ ਤੁਲਨਾ ਵਿੱਚ ਗੁਰੂ ਨਾਨਕ ਦੇ ਮੱਤ ਦੀ ਇਹ ਵਿਸ਼ੇਸ਼ਤਾ ਸੀ ਕਿ ਇਸ ਦਾ ਵਿਕਾਸ ਵਧੇਰੇ ਸੰਗਠਤ ਰੂਪ ਵਿੱਚ ਹੋਇਆ ਅਤੇ ਉਨ੍ਹਾਂ ਦੇ ਪਿਛੋਂ ਦੇ ਸਾਰੇ ਗੁਰੂ ਸਾਹਿਬਾਨ ਨੇ ਸਿੱਖ ਮੱਤ ਦੇ ਵਿਕਾਸ ਵਿੱਚ ਯਥਾਸ਼ਕਤ ਸਕਰਮਕ ਯੋਗਦਾਨ ਪਾਇਆ। ਗੁਰੂ ਗੋਬਿੰਦ ਸਿੰਘ ਜੀ ਨੇ, ਗੁਰੂ ਨਾਨਕ ਦੇਵ ਜੀ ਦੀ ਸਥਾਪਤ 'ਗੁਰੂ ਸੰਗਤ' ਨੂੰ ਖੰਡੇ ਦੀ ਪਾਹੁਲ ਛਕਾ ਕੇ 'ਖਾਲਸੇ' ਦੇ ਰੂਪ ਵਿੱਚ ਪ੍ਰਗਟ ਕਰ ਦਿੱਤਾ। 1857 ਈ. ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਪੂਰਵਲੇ ਗੁਰੂ ਸਾਹਿਬਾਨ ਦੇ ਨਕਸ਼ੇ

Namdhari Elibrary NamdhariElibrary@gmail.com

ਕਦਮ ਤੇ ਚੱਲ ਕੇ ਉਨ੍ਹਾਂ ਹੀ ਪਰੰਪਰਾਵਾਂ ਦਾ ਪੁਨਰ ਵਿਸਥਾਰ ਕੀਤਾ ਅਤੇ ਨਾਮਧਾਰੀ ਮੱਤ ਨੂੰ ਯੁਗਾਅਨੁਕੂਲ ਆਦਰਸ਼ਾਂ ਵਿੱਚ ਢਾਲ ਦਿੱਤਾ।

ਇਹ ਯੁਗਾਅਨੁਕੂਲ ਆਦਰਸ਼ ਕੀ ਸਨ? ਉਨੀਵੀਂ ਸਦੀ ਦੇ ਪਹਿਲੇ ਅੱਧ ਦੇ ਰਣਜੀਤ ਸਿੰਘ ਕਾਲੀਨ ਪੰਜਾਬ ਦੀ ਪੁਨਰ-ਸਥਾਪਨਾ ਜਿਸ ਨੂੰ ਈਸਟ ਇੰਡੀਆ ਕੰਪਨੀ ਨੇ 1846 ਈ. ਦੀ ਪਹਿਲੀ ਅਤੇ ਦੂਜੀ ਖ਼ਾਲਸਾ ਸੈਨਾ ਵੱਲੋਂ ਲੜੀਆਂ ਗਈਆਂ ਜੰਗਾਂ ਤੋਂ ਪਿਛੋਂ 1849 ਈ. ਵਿੱਚ ਪੰਜਾਬ ਦੇ ਸੁਤੰਤਰ ਰਾਜ ਨੂੰ ਅਨੇਕ ਬਹਾਨੇ ਪਾ ਕੇ ਆਪਣੇ ਬਰਤਾਨਵੀ ਰਾਜ ਦਾ ਭਾਗ ਬਣਾ ਲਿਆ ਸੀ, 19ਵੀਂ ਸਦੀ ਦੇ ਦੂਜੇ ਅੱਧ ਤੱਕ ਅਤੇ ਵੀਹਵੀਂ ਸਦੀ ਦੇ ਪਹਿਲੇ ਪੰਜਾਂ ਸਾਲਾਂ ਵਿੱਚ ਨਾਮਧਾਰੀ ਮੱਤ ਮਸਾਂ ਹੀ ਅੰਗਰੇਜ਼ੀ ਦਮਨ ਚੱਕਰ ਵਿੱਚੋਂ ਨਿਕਲ ਕੇ ਥੋੜ੍ਹਾ ਜਿਹਾ ਦਮ ਲੈਣ ਲੱਗਾ ਸੀ। ਪਰ ਆਪਣੇ ਪਿਛਲੇ ਅੱਧੀ ਸਦੀ ਦੇ ਇਤਿਹਾਸ ਵਿੱਚ ਨਾਮਧਾਰੀ ਮੱਤ ਜਾਂ ਕੂਕਾ ਲਹਿਰ ਦਾ ਕਿਰਦਾਰ ਸਾਮਰਾਜ ਵਿਰੋਧੀ ਅਤੇ ਕ੍ਰਾਂਤੀਕਾਰੀ ਸੁਤੰਤਰਤਾ ਅੰਦੋਲਨ ਦੇ ਆਦਰਸ਼ਾਂ ਤੇ ਉਦੇਸ਼ਾਂ ਦੀ ਪੂਰਤੀ ਲਈ ਸੰਘਰਸ਼ ਕਰਦਾ ਰਿਹਾ। ਜਿਥੇ ਹੋਰ ਬਹੁਤ ਸਾਰੀਆਂ ਸਮਕਾਲੀ ਧਾਰਮਿਕ ਸਮਾਜ ਸੁਧਾਰਕ ਲਹਿਰਾਂ ਨੇ ਅੰਗਰੇਜ਼ ਹਕੂਮਤ ਦੀ ਸਰਪ੍ਰਸਤੀ ਨੂੰ ਪ੍ਰਵਾਨ ਕਰਕੇ ਉਸ ਦਾ ਪੱਖ ਪੂਰਿਆ, ਉਥੇ ਕੂਕਾ ਲਹਿਰ ਸਦਾ ਅੰਗਰੇਜ਼ੀ ਹਕੂਮਤ ਵਿਰੁੱਧ ਡਟੀ ਰਹੀ ਅਤੇ ਉਸਨੂੰ ਆਪਣਾ ਵੱਡਾ ਦੁਸ਼ਮਣ ਮੰਨਦੀ ਰਹੀ। ਸੁਦੇਸ਼ੀ ਅਤੇ ਨਾ-ਮਿਲਵਰਤਣ ਅੰਦੋਲਨ ਦੇ ਰੂਪ ਵਿੱਚ ਉਸਨੇ ਸੁਤੰਤਰਤਾ ਸੰਗਰਾਮ ਦੀ ਰੂਪ ਰੇਖਾ ਨੂੰ ਵੀ ਪੱਕੇ ਪੈਰਾਂ ਤੇ ਉਸਾਰ ਲਿਆ ਸੀ। ਦੂਜੀਆਂ ਹੋਰ ਧਾਰਮਿਕ ਸੁਧਾਰਵਾਦੀ ਲਹਿਰਾਂ ਦੇ ਟਾਕਰੇ ਉੱਤੇ ਨਾਮਧਾਰੀ ਲਹਿਰ ਆਪਣੇ ਰਾਜਨੀਤਿਕ ਆਦਰਸ਼ਾਂ ਬਾਰੇ ਵੀ ਸਦਾ ਸੁਚੇਤ ਰਹੀ।

ਕਈ ਹੋਰ ਗੱਲਾਂ ਕਰਕੇ ਵੀ ਨਾਮਧਾਰੀ ਲਹਿਰ ਦੂਜੀਆਂ ਸੁਧਾਰਵਾਦੀ ਲਹਿਰਾਂ ਤੋਂ ਵੱਖਰੀ ਸੀ। ਇਸਨੇ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਕੁਰਬਾਨੀਆਂ ਅਤੇ ਸ਼ਹੀਦੀਆਂ ਦੇ ਮਾਰਗ ਨੂੰ ਚੁਣਿਆ, ਜਿਸ ਨਾਲ ਨਾਮਧਾਰੀ ਮੱਤ ਦੀਆਂ ਜੜ੍ਹਾਂ ਹੋਰ ਵੀ ਪੱਕੀਆਂ ਹੋਈਆਂ। 1872 ਈ. ਤੋਂ ਪਿਛੋਂ ਨਾਮਧਾਰੀ ਮੱਤ ਪੱਛਮੀ ਢੰਗ ਦੀ ਵਿੱਦਿਆ ਦੇ ਖੇਤਰ ਵਿੱਚ ਕਾਫ਼ੀ ਹੱਦ ਤੱਕ ਪਛੜ ਗਿਆ, ਜਿਸ ਦੇ ਫਲਸਰੂਪ ਇਸ ਲਹਿਰ ਵਿੱਚ ਇਸ ਵਿੱਚ ਉਹ ਚੇਤਨਤਾ ਨਾ ਜਾਗ ਸਕੀ, ਜੋ ਸੁਆਮੀ ਰਾਮ ਕ੍ਰਿਸ਼ਨ ਪਰਮ ਹੰਸ ਦੇ ਸ਼ਿਸ਼ ਸੁਆਮੀ ਵਿਵੇਕਾਨੰਦ ਨੇ ਭਾਰਤ ਦੇ ਅਧਿਆਤਮਕ ਖੇਤਰ ਵਿੱਚ ਪ੍ਰਜਵਲਿਤ ਕੀਤੀ ਸੀ। 1893 ਈ. ਦੇ ਸ਼ਿਕਾਗੋ ਦੇ ਵਿਸ਼ਵ ਧਰਮ ਸੰਮੇਲਨ ਵਿੱਚ ਸੁਆਮੀ ਵਿਵੇਕਾਨੰਦ ਨੇ ਅਦੁੱਤੀ ਯੋਗਦਾਨ ਪਾਇਆ ਸੀ। ਫਿਰ ਸੁਆਮੀ ਰਾਮਤੀਰਥ ਵਰਗੀ ਇੱਕ ਹੋਰ ਹਸਤੀ ਨੇ ਪੰਜਾਬ ਦੀ ਧਰਤੀ ਵਿੱਚੋਂ ਹੀ ਜਨਮ ਲਿਆ ਸੀ। ਜਿਸ ਨੇ ਸੁਆਮੀ ਵਿਵੇਕਾਨੰਦ ਤੋਂ ਪ੍ਰੇਰਨਾ ਲੈ ਕੇ ਨਵ-ਅਧਿਆਤਮਕ ਚੇਤਨਾ ਨੂੰ ਪ੍ਰਕਾਸ਼ਮਾਨ ਕੀਤਾ।

ਨਾਮਧਾਰੀ ਮੱਤ ਦੀ ਧਾਰਮਿਕ ਚੇਤਨਤਾ ਉਸ ਕਾਲ ਤੱਕ ਭਾਵੇਂ ਸੁਆਮੀ ਵਿਵੇਕਾਨੰਦ ਅਤੇ ਸੁਆਮੀ ਰਾਮਤੀਰਥ ਦੀ ਧਾਰਮਿਕ ਚੇਤਨਤਾ ਦੀ ਵਿਸ਼ਵ ਵਿਆਪੀ ਪਹੁੰਚ ਦੀ ਦੂਹ ਆਪਣੀਆਂ ਸੀਮਾਵਾਂ ਕਾਰਨ ਨਾ ਲਾ ਸਕੀ, ਪਰ ਇਸ ਨੇ ਆਪਣੀ ਧਾਰਮਿਕ ਹੋਂਦ ਨੂੰ ਸੁਰਜੀਤ ਰੱਖਣ ਲਈ ਗੁਰਤੱਵ ਦੇ ਏਕਾਤਮਕ ਫ਼ਤਰ ਦੁਆਰਾ ਆਪਣੇ

Namdhari Elibrary NamdhariElibrary@gmail com

ਲਈ ਠੋਸ ਆਧਾਰ ਸਥਾਪਤ ਕਰ ਲਏ ਸਨ। ਇਹ ਆਧਾਰ ਨਾਮਧਾਰੀ ਗੁਰੂ ਸਾਹਿਬਾਨ ਦੀ ਪਰੰਪਰਾ ਦੁਆਰਾ ਪੱਕੀਆਂ ਅਤੇ ਮਜ਼ਬੂਤ ਨੀਹਾਂ ਉੱਤੇ ਕਾਇਮ ਹੋ ਗਏ ਸਨ। ਹੁਣ ਕੇਵਲ ਲੋੜ ਸੀ ਤਾਂ ਨਾਮਧਾਰੀ ਮੱਤ ਨੂੰ ਯੁਗਾਅਨੁਕੂਲ ਸਰੂਪ ਵਿੱਚ ਢਾਲਣ ਦੀ। ਇਸੇ ਕਰਤਵ ਨੂੰ ਸਤਿਗੁਰੂ ਪਰਤਾਪ ਸਿੰਘ ਨੇ ਆਰੰਭ ਤੋਂ ਹੀ ਅਪਣਾ ਲਿਆ ਸੀ। ਭਾਵੇਂ 1906 ਈ. ਗੁਰੂ ਪਦ ਨੂੰ ਧਾਰਨ ਕਰਨ ਸਮੇਂ ਆਪ ਜੀ ਦੀ 16 ਸਾਲ ਦੀ ਕਿਸ਼ੋਰ ਅਵਸਥਾ ਹੀ ਸੀ, ਆਪ ਜੀ ਨੇ ਆਪਣੇ ਗੁਰੂ ਕਾਲ ਦੇ ਆਰੰਭ ਤੋਂ ਹੀ ਆਪਣੇ ਉੱਤੇ ਪਈਆਂ ਵੱਡੀਆਂ ਤੇ ਭਾਰੀਆਂ ਜ਼ਿੰਮੇਵਾਰੀਆਂ ਦਾ ਅਹਿਸਾਸ ਕਰ ਲਿਆ ਸੀ। ਆਪ ਜੀ ਨੇ ਉਸ ਉਦੇਸ਼ ਲਈ ਹੀ ਆਪਣੇ ਆਪ ਨੂੰ ਤਿਆਰ ਕਰਨਾ ਆਰੰਭ ਕਰ ਦਿੱਤਾ ਸੀ।

## ਸਤਿਗੁਰੂ ਪਰਤਾਪ ਸਿੰਘ ਜੀ ਦੇ ਜਨਮ ਬਾਰੇ ਭਵਿੱਖਬਾਣੀਆਂ

ਸਤਿਗੁਰੂ ਪਰਤਾਪ ਸਿੰਘ ਜੀ ਦਾ ਜਨਮ 9 ਮਾਰਚ, 1890 ਈ. (ਚੇਤ ਵਦੀ ਤੀਜ, ਬਿਕਰਮੀ 1946) ਐਤਵਾਰ ਦੇ ਦਿਨ ਸ਼ਾਮ ਨੂੰ ਹੋਇਆ। ਉਸ ਸਮੇਂ ਨਿੰਮ੍ਹੀ-ਨਿੰਮ੍ਹੀ ਵਰਖਾ ਹੋ ਰਹੀ ਸੀ। ਮਾਨੋ, ਇੰਦਰ ਦੇਵਤਾ ਵੀ ਇਸ ਖੁਸ਼ੀ ਵਿੱਚ ਅੰਮ੍ਰਿਤ ਵਰਖਾ ਕਰ ਰਿਹਾ ਸੀ।

ਸਤਿਗੁਰੂ ਪਰਤਾਪ ਸਿੰਘ ਦੇ ਜਨਮ ਬਾਰੇ ਸਤਿਗੁਰੂ ਰਾਮ ਸਿੰਘ ਜੀ ਨੇ ਕੁਝ ਭਵਿੱਖਵਾਕ ਕਹੇ ਸਨ। ਬਾਬਾ ਜੱਸਾ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਤੋਂ ਮੰਗ ਕੀਤੀ ਕਿ ਤੁਹਾਡੇ ਘਰ ਪੁੱਤਰ ਖੇਡਦਾ ਮੈਂ ਵੇਖਣਾ ਚਾਹੁੰਦਾ ਹਾਂ। ਸਤਿਗੁਰੂ ਰਾਮ ਸਿੰਘ ਜੀ ਨੇ ਬਚਨ ਕੀਤਾ, "ਬਾਬਾ ਮੇਰੇ ਤਾਂ ਨਹੀਂ ਪਰ ਬੁਧ ਸਿੰਘ ਦੇ ਘਰ ਸਮਾਂ ਪਾ ਕੇ ਹੋਵੇਗਾ।" ਬਾਬਾ ਜੱਸਾ ਸਿੰਘ ਨੇ ਫਿਰ ਪੁੱਛਿਆ ਕਿ 'ਸਾਹਿਬੋ ਕੇ ਹੋਊਗਾ', (ਸਾਹਿਬ ਕੌਰ, ਸਤਿਗੁਰੂ ਹਰੀ ਸਿੰਘ ਜੀ ਦੀ ਪਹਿਲੀ ਪਤਨੀ ਦਾ ਨਾਂ ਸੀ, ਜੋ 1882 ਈ. ਵਿੱਚ ਅਕਾਲ ਚਲਾਣਾ ਕਰ ਗਈ ਸੀ, ਇਨ੍ਹਾਂ ਦੀਆਂ ਦੋ ਪੁੱਤਰੀਆਂ ਮਤਾਬ ਕੌਰ ਤੇ ਭਾਗ ਕੌਰ ਸਨ) ਸਤਿਗੁਰੂ ਰਾਮ ਸਿੰਘ ਨੇ ਬਚਨ ਕੀਤਾ,[1] "ਨਹੀਂ, ਬਾਬਾ ਨਵੇਂ ਅਨੰਦ ਹੋਣਗੇ।" ਥਰਾਜ ਵਾਲੇ ਬਾਬਾ ਖੁਸ਼ਹਾਲ ਸਿੰਘ ਦੀਆਂ ਦੋਵੇਂ ਪੁੱਤਰੀਆਂ, ਜੀਵਨ ਕੌਰ ਅਤੇ ਫਤਿਹ ਕੌਰ ਦਾ ਸਾਰੇ ਵੇਰਵੇ ਸਹਿਤ ਵਰਣਨ ਪਹਿਲੇ ਭਾਗ ਵਿੱਚ ਆ ਚੁੱਕਾ ਹੈ। 1 ਵੈਸਾਖ, 1944 ਬਿਕਰਮੀ (1888 ਈ.) ਨੂੰ ਮਾਤਾ ਜੀਵਨ ਕੌਰ ਅਤੇ ਫਤਹਿ ਕੌਰ ਜੀ ਗੁਰੂ ਹਰੀ ਸਿੰਘ ਜੀ ਦੇ ਮਹਿਲ ਬਣ ਗਏ।

ਸਤਿਗੁਰੂ ਹਰੀ ਸਿੰਘ ਅਤੇ ਮਾਤਾ ਜੀਵਨ ਕੌਰ ਦੇ ਗ੍ਰਹਿ ਵਿਖੇ ਹੀ ਸਤਿਗੁਰੂ ਪਰਤਾਪ ਸਿੰਘ ਜੀ ਦਾ ਪ੍ਰਕਾਸ਼ 9 ਮਾਰਚ, 1890 ਈ. ਨੂੰ ਭੈਣੀ ਸਾਹਿਬ ਵਿਖੇ ਹੋਇਆ। ਜਿਸ ਦਿਨ ਬਾਲਕ ਪਰਤਾਪ ਸਿੰਘ ਜੀ ਦਾ ਜਨਮ ਹੋਇਆ। ਉਸ ਦਿਨ ਸਤਿਗੁਰੂ ਹਰੀ ਸਿੰਘ ਦੀ ਸਿਹਤ ਕੁਝ ਢਿੱਲੀ ਸੀ। ਪਰ ਜਦੋਂ ਆਪ ਜੀ ਨੂੰ ਬਾਲਕ ਦੇ ਜਨਮ ਬਾਰੇ ਦੱਸਿਆ ਗਿਆ, ਆਪ ਰਾਮਸਰ ਕੋਠੀ ਵਿੱਚ ਆਰਾਮ ਕਰ ਰਹੇ ਸਨ, ਆਪ ਉਠ ਕੇ

[1] ਸੰਤ ਸੰਤੋਖ ਸਿੰਘ ਛਾਹੋਵਾਲ, *ਸਤਿਗੁਰੂ ਬਿਲਾਸ*, ਭਾਗ ਪਹਿਲਾ, ਪੰਨਾ 291.

Namdhari Elibrary NamdhariElibrary@gmail com

ਬੈਠ ਗਏ। ਆਪ ਜੀ ਨੇ ਬਚਨ ਕੀਤਾ,¹ "ਘਰ ਦਾ ਮਾਲਕ ਆਇਆ ਹੈ, ਬੜੇ ਬਲੀ ਤੇ ਪਰਤਾਪ ਵਾਲੇ ਹਨ।" ਸਤਿਗੁਰੂ ਹਰੀ ਸਿੰਘ ਜੀ ਦੇ ਇਨ੍ਹਾਂ ਬਚਨਾਂ ਵਿੱਚ ਭਵਿੱਖਵਾਕ ਅੰਕਿਤ ਸਨ। 'ਘਰ ਦੇ ਮਾਲਕ' ਤੋਂ ਇਹ ਸਪੱਸ਼ਟ ਸੰਕੇਤ ਸੀ ਕਿ ਸਤਿਗੁਰੂ ਹਰੀ ਸਿੰਘ ਜੀ ਦੇ ਸੁਯੋਗ ਉਤਰਾਧਿਕਾਰੀ ਪ੍ਰਗਟ ਹੋ ਗਏ ਸਨ। ਜਿਨ੍ਹਾਂ ਦੇ ਬਲੀ ਅਤੇ ਵੱਡੇ ਪਰਤਾਪ ਵਾਲੇ ਹੋਣ ਬਾਰੇ ਸਤਿਗੁਰੂ ਹਰੀ ਸਿੰਘ ਜੀ ਨੇ ਅਸ਼ੀਰਵਾਦ ਦੇ ਦਿੱਤੀ ਸੀ। ਸੰਤ ਬਾਹੋਵਾਲ ਦੇ ਕਥਨ ਅਨੁਸਾਰ ਉਸ ਦਿਨ ਤੋਂ ਪੁਲਿਸ ਦੀ ਚੌਕੀ ਦੂਰ ਹਟਾ ਲਈ ਗਈ ਸੀ ਅਤੇ ਸਾਰੇ ਪਿੰਡ ਵਿੱਚ ਖੁਸ਼ੀ ਦਾ ਵਾਤਾਵਰਣ ਛਾ ਗਿਆ ਸੀ। ਸਤਿਗੁਰੂ ਹਰੀ ਸਿੰਘ ਜੀ ਨੂੰ ਵਧਾਈਆਂ ਮਿਲ ਰਹੀਆਂ ਸਨ। ਸਾਰੇ ਪਿੰਡ ਵਿੱਚ ਗੁੜ ਦਾ ਪ੍ਰਸ਼ਾਦ ਵੰਡਿਆ ਗਿਆ। ਸਤਿਗੁਰੂ ਹਰੀ ਸਿੰਘ ਜੀ ਦੇ ਉਪਰੋਕਤ ਇਨ੍ਹਾਂ ਸ਼ਬਦਾਂ 'ਵੱਡੇ ਪਰਤਾਪ ਵਾਲਾ ਹੋਵੇਗਾ' ਤੋਂ ਹੀ ਆਪ ਜੀ ਦਾ ਨਾਮ ਪਰਤਾਪ ਸਿੰਘ ਰੱਖਿਆ ਗਿਆ।

## ਸਤਿਗੁਰੂ ਜੀ ਦਾ ਸੰਕਲਪ

ਆਪਣੇ ਗੁਰੂ ਕਾਲ ਦੇ ਆਰੰਭ ਵਿੱਚ ਹੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਇਹ ਪੱਕਾ ਇਰਾਦਾ ਧਾਰ ਲਿਆ ਸੀ ਕਿ ਭਾਵੇਂ ਆਪ ਜੀ ਨੂੰ ਬਹੁਤ ਵੱਡੀ ਕਰਾਮਾਤੀ ਸ਼ਕਤੀ ਵਿਰਸੇ ਵਜੋਂ ਪ੍ਰਾਪਤ ਹੋਈ ਹੈ, ਫਿਰ ਵੀ ਆਪ ਆਪਣੀ ਮੌਲਿਕ ਸਾਧਨਾ ਅਤੇ ਪ੍ਰਭੂ ਅਰਾਧਨਾ ਰਾਹੀਂ ਆਪਣੇ ਵਿਅਕਤੀਤਵ ਨੂੰ ਨਿਵੇਕਲੇ ਗੁਣਾਂ ਦੁਆਰਾ ਭਰਪੂਰ ਕਰਨਾ ਚਾਹੁੰਦੇ ਸਨ।...... ਜਿਸ ਦੁਆਰਾ ਉਹ ਆਪਣੇ ਉੱਤੇ ਪਈ ਨਾਮਧਾਰੀ ਸਾਧ ਸੰਗਤ ਦੀ ਯੋਗ ਅਗਵਾਈ ਕਰ ਸਕਣ ਦੇ ਹੋਰ ਵੀ ਸਮਰੱਥ ਹੋ ਜਾਣ ਤਾਂ ਜੋ ਆਪ ਸਭ ਲੋੜਵੰਦਾਂ, ਧਾਰਮਿਕ ਜਗਿਆਸੂਆਂ ਤੇ ਆਪਣੇ ਅਨੁਆਈਆਂ ਦੇ ਆਤਮ-ਬਲ ਨੂੰ ਹੋਰ ਬਲਵਾਨ ਬਣਾ ਕੇ ਉਹਨਾਂ ਦੇ ਚਰਿੱਤਰ ਨੂੰ ਇੰਨਾ ਤਕੜਾ ਤੇ ਮਜ਼ਬੂਤ ਕਰ ਦੇਣ, ਜੋ ਉਸ ਸਮੇਂ ਦੀ ਸਮਾਜਿਕ ਤੇ ਰਾਜਨੀਤਿਕ ਲੋੜ ਸੀ। ਆਪ ਨੇ ਇਸ ਉਦੇਸ਼ ਦੀ ਪੂਰਤੀ ਲਈ ਵਿਸ਼ੇਸ਼ ਤਪ ਸਾਧਨਾ ਕਰਨ ਦਾ ਸੰਕਲਪ ਮਨ ਵਿੱਚ ਧਾਰਿਆ ਅਤੇ ਉਸ ਦੀ ਪੂਰਤੀ ਲਈ ਵਿਸ਼ੇਸ਼ ਤਪ ਸਾਧਨਾ ਕਰਨ ਦੀ ਯੋਜਨਾ ਬਣਾਈ।

## ਸਤਿਗੁਰੂ ਪਰਤਾਪ ਸਿੰਘ ਦੀ ਪਾਵਨ ਸ਼ਖ਼ਸੀਅਤ ਦਾ ਨਿਰਮਾਣ

ਗੁਰਗੱਦੀ ਦੀ ਪ੍ਰਾਪਤੀ ਤੋਂ ਪਹਿਲਾਂ ਬਾਲਕ ਪਰਤਾਪ ਸਿੰਘ ਜੀ ਦੀ ਬਚਪਨ ਦੀ ਸਵੈ-ਸਾਧਨਾ ਅਤੇ ਧਰਮ-ਪਰਾਇਣਤਾ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ। ਬਾਲ ਆਯੂ ਤੋਂ ਹੀ ਆਪ ਨੇ ਆਪਣਾ ਜੀਵਨ ਸਤਿਗੁਰੂ ਹਰੀ ਸਿੰਘ ਜੀ ਦੀ ਸਰਪ੍ਰਸਤੀ ਅਤੇ ਨਿਗਰਾਨੀ ਵਿੱਚ ਪਕੇਰੀਆਂ ਨੀਹਾਂ ਉੱਤੇ ਉਸਾਰਨ ਦਾ ਯਤਨ ਕੀਤਾ। ਗੁਰੂ ਘਰ ਦਾ ਪਵਿੱਤਰ ਤੇ ਧਾਰਮਿਕ ਵਾਤਾਵਰਣ ਬਾਲਕ ਪਰਤਾਪ ਸਿੰਘ ਦੇ ਆਚਰਣ ਨੂੰ ਨਿੱਗਰ ਨੀਹਾਂ ਉੱਤੇ ਘੜ ਰਿਹਾ ਸੀ। ਪਰ ਆਪ ਜੀ ਦੇ ਨਿੱਜੀ ਜੀਵਨ ਵਿੱਚ ਹੀ ਕੁਦਰਤ ਨੇ ਅਨੇਕ ਗੁਣ ਪ੍ਰਦਾਨ ਕਰ ਦਿੱਤੇ ਸਨ, ਜਿਨ੍ਹਾਂ ਉੱਤੇ ਗੁਰੂ ਘਰ ਦੇ ਵਾਤਾਵਰਣ ਨੇ ਸੋਨੇ ਉੱਤੇ ਸੁਹਾਗੇ ਦਾ ਕੰਮ ਕੀਤਾ। ਕੁਦਰਤ ਨੇ ਆਪ ਨੂੰ ਤੀਖਣ ਬੁੱਧੀ ਅਤੇ ਅਸਾਧਾਰਣ ਯਾਦ ਸ਼ਕਤੀ ਬਖ਼ਸ਼ ਦਿੱਤੀ ਸੀ। ਇੱਕ ਵਾਰ ਦੀ ਸੁਣੀ ਜਾਂ ਪੜ੍ਹੀ ਹੋਈ ਗੱਲ ਉਨ੍ਹਾਂ ਨੂੰ ਇੰਨ-ਬਿੰਨ

Namdhari Elibrary NamdhariElibrary@gmail.com

ਰੂਪ ਵਿੱਚ ਸਦਾ ਲਈ ਯਾਦ ਰਹਿੰਦੀ ਸੀ।

ਫਿਰ, ਆਪ ਜੀ ਦੀ ਸਿੱਖਿਆ ਦੀਖਿਆ ਵੀ ਉੱਚ ਕੋਟੀ ਦੇ ਮਹਾਂਪੁਰਸ਼ਾਂ, ਵਿਦਵਾਨਾਂ ਅਤੇ ਆਦਰਸ਼ਕ ਚਰਿਤਰਵਾਨਾਂ ਦੇ ਹਥੋਂ ਪ੍ਰਵਾਨ ਚੜ੍ਹੀ ਸੀ। ਚੰਗੇ ਅਧਿਆਪਕਾਂ ਦੇ ਸ਼ੁੱਧ ਰੂਪ ਦੇ ਪ੍ਰਭਾਵ ਸਿੱਖਿਆਰਥੀਆਂ ਦੇ ਕੋਮਲ ਮਨਾਂ ਉੱਤੇ ਸਦਾ ਹੀ ਅਮਿਟ ਪ੍ਰਭਾਵ ਛੱਡ ਜਾਂਦੇ ਹਨ।

ਪੰਜ ਸਾਲ ਦੀ ਆਯੂ ਵਿੱਚ ਆਪ ਜੀ ਨੂੰ ਗੁਰਮੁਖੀ ਅੱਖਰਾਂ ਦੀ ਪੈਂਤੀ ਦਾ ਬੋਧ ਸਤਿਗੁਰੂ ਹਰੀ ਸਿੰਘ ਜੀ ਦੇ ਵਰੋਸਾਏ ਸੰਤ ਸੰਤੋਖ ਸਿੰਘ ਬਾਹੋਵਾਲ ਵੱਲੋਂ ਕਰਵਾਇਆ ਗਿਆ। ਛੇਤੀ ਹੀ ਆਪ ਪੰਜ ਗ੍ਰੰਥੀ ਤੋਂ ਗੁਰਬਾਣੀ ਦਾ ਪਾਠ ਕਰਨ ਦੇ ਸਮਰੱਥ ਹੋ ਗਏ। ਚੇਤੇ ਰਹੇ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਗੁਰਮੁਖੀ ਅੱਖਰਾਂ ਦੇ ਬੋਧ ਲਈ ਆਪਣੇ ਸਿੱਖ ਸੇਵਕਾਂ ਨੂੰ ਵਿਸ਼ੇਸ਼ ਤੌਰ ਤੇ ਸਿਖਣ ਅਤੇ ਪੜ੍ਹਨ ਬਾਰੇ ਉਚੇਚੀ ਤਾਕੀਦ ਕੀਤੀ ਸੀ।

ਗੁਰਬਾਣੀ ਸਿੱਖਾਂ ਲਈ ਵਿਸ਼ੇਸ਼ ਦਾਤ ਹੈ, ਜੋ ਗੁਰੂ ਸਾਹਿਬਾਨ ਨੇ ਗੁਰਸਿੱਖਾਂ ਨੂੰ ਵਿਰਸੇ ਵਜੋਂ ਬਖਸ਼ੀ ਹੈ। ਸਤਿਗੁਰੂ ਪਰਤਾਪ ਸਿੰਘ ਜੀ ਨੇ ਬਚਪਨ ਵਿੱਚ ਹੀ ਦਸ ਸਾਲ ਦੀ ਆਯੂ ਤੱਕ ਆਦਿ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ ਦੇ ਪਾਠਾਂ ਨੂੰ ਸਰਲ ਕਰ ਲਿਆ ਸੀ ਅਤੇ ਇਨ੍ਹਾਂ ਗ੍ਰੰਥਾਂ ਦੀ ਬਾਣੀ ਨੂੰ ਪੜ੍ਹਨ ਸਮੇਂ ਆਪ ਇਨ੍ਹਾਂ ਦਾ ਉਚਾਰਣ ਇੰਨੇ ਸ਼ੁੱਧ ਰੂਪ ਵਿੱਚ ਕਰਦੇ ਸਨ ਕਿ ਸੁਣਨ ਵਾਲਿਆਂ ਦੇ ਮਨਾਂ ਵਿੱਚ ਗੁਰਬਾਣੀ ਦੇ ਸ਼ਬਦ ਹਿਰਦਿਆਂ ਦੇ ਧੁਰ ਅੰਦਰ ਤੱਕ ਜਾ ਵਸਦੇ ਸਨ.... ਇਨ੍ਹਾਂ ਦਾ ਸੰਗੀਤਮਈ ਮਨੋਹਰ ਉਚਾਰਣ ਸਰੋਤਿਆਂ ਨੂੰ ਮੋਹ ਲੈਂਦਾ ਸੀ। ਆਪ ਨੇ ਆਪਣੇ ਜੀਵਨ ਦੇ ਅੰਤਿਮ ਦਿਨਾਂ ਤੱਕ ਆਪਣੇ ਸਿੱਖਾਂ ਨੂੰ ਗੁਰਬਾਣੀ ਦੇ ਸ਼ੁੱਧ ਉਚਾਰਣ ਲਈ ਸਦਾ ਪ੍ਰੇਰਨਾ ਕੀਤੀ ਹੈ।

ਪੰਜਾਬੀ ਤੋਂ ਬਿਨਾਂ ਆਪ ਬ੍ਰਜ ਭਾਸ਼ਾ, ਹਿੰਦੀ, ਸੰਸਕ੍ਰਿਤ ਅਤੇ ਉਰਦੂ ਆਦਿ ਭਾਸ਼ਾਵਾਂ ਤੋਂ ਭਲੀ ਪ੍ਰਕਾਰ ਜਾਣੂ ਸਨ। ਇਨ੍ਹਾਂ ਭਾਸ਼ਾਵਾਂ ਦਾ ਗਿਆਨ ਆਪ ਜੀ ਨੇ ਕਾਸ਼ੀ ਤੋਂ ਪੜ੍ਹੇ ਵਿਦਵਾਨ ਪੰਡਤ ਬਸੰਤ ਸਿੰਘ ਪਧਾਣਾ ਤੋਂ ਪ੍ਰਾਪਤ ਕੀਤਾ ਸੀ। ਇਸ ਸੰਬੰਧ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਦੇ ਜੀਵਨੀਕਾਰ ਤਾਰਾ ਸਿੰਘ ਅਨਜਾਣ ਲਿਖਦੇ ਹਨ,[1] "ਆਪ ਨੇ ਹਿੰਦੀ, ਸੰਸਕ੍ਰਿਤ ਵਿਆਕਰਣ (ਲਘੂ ਸਿਧਾਂਤ ਕੌਮੁਦੀ), ਪੰਜ ਸੰਧੀ, ਹਿਤੋ ਉਪਦੇਸ਼, ਕਾਸ਼ੀ ਤੋਂ ਵਿੱਦਿਆ ਪ੍ਰਾਪਤ ਪੰਡਤ ਬਸੰਤ ਸਿੰਘ ਪਧਾਣਾ ਤੋਂ ਪੜ੍ਹੀ ਸੀ।"

ਬਚਪਨ ਵਿੱਚ ਹੀ ਬਾਲਕ ਪਰਤਾਪ ਸਿੰਘ ਨੇ ਆਪਣੇ ਨਿੱਜੀ ਜੀਵਨ ਨੂੰ ਕਰੜੇ ਅਨੁਸ਼ਾਸਨ ਵਿੱਚ ਢਾਲ ਲਿਆ ਸੀ। ਆਪ ਜੀ ਦੀ ਦੈਨਿਕ ਨਿੱਜ ਕਿਰਿਆ ਬਾਰੇ ਤਰਨ ਸਿੰਘ ਵਹਿਮੀ ਲਿਖਦੇ ਹਨ,[2] "ਸਤਿਗੁਰੂ ਪਰਤਾਪ ਸਿੰਘ ਜੀ ੯-10 ਸਾਲ ਦੀ ਉਮਰੋਂ ਲੈ, ਪਿਛਲੀ ਰਾਤ ਉਠ, ਖੂਹ ਤੋਂ ਜਲ ਲੈ, ਜੰਗਲ ਜਾ, ਦਾਤਨ ਇਸ਼ਨਾਨ ਕਰ, ਰਾਮਸਰ ਵਿੱਚ ਗਲ ਤੱਕ ਖੜ੍ਹੇ, ਪੰਜ ਪਾਠ ਜਪੁਜੀ ਦੇ ਕੰਠਾਗਰ ਕਰਦੇ, ਦੋਂਚ ਪੰਜ ਗ੍ਰੰਥੀ ਪੋਥੀ ਦਾ ਪਾਠ ਕਰ, ਇੱਕ ਰੁਪਿਆ ਭੇਟਾ ਧਰ, ਸੇਰ ਘਿਉ ਦਾ ਰੋਜ ਕੜਾਹ ਪ੍ਰਸ਼ਾਦ ਕਰ, ਹਾਜ਼ਰ ਹੁੰਦਿਆਂ ਨੂੰ ਵਰਤਾਂਦੇ। ਗੁਰੂ ਹਰੀ ਸਿੰਘ ਜੀ ਨੂੰ ਕਥਾ (ਜਿਸ ਗ੍ਰੰਥ ਦੀ ਕਹਿਣ) ਸੁਣਾਂਦੇ।

[1] ਤਾਰਾ ਸਿੰਘ ਅਨਜਾਣ, *ਸਾਹਿਬ ਕੁਟੀ ਕਠੋਰਾ*, ਪੰਨਾ 20.

[2] ਤਰਨ ਸਿੰਘ ਵਹਿਮੀ, *ਜਸ ਜੀਵਨ*, ਭਾਗ ਪਹਿਲਾ, ਪੰਨਾ 73-74.

ਕਿਸੇ-ਕਿਸੇ ਦਿਨ ਕਥਾ ਮਹਾਰਾਜ ਨਿਹਾਲ ਸਿੰਘ ਸੁਣਾਂਦੇ।"

ਆਸਾ ਦੀ ਵਾਰ ਦੇ ਕੀਰਤਨ ਸਮੇਂ ਵੀ ਆਪ ਨੇਮ ਨਾਲ ਹਾਜ਼ਰੀ ਭਰਦੇ ਅਤੇ ਆਪ ਗੁਰਬਾਣੀ ਦੇ ਸੰਗੀਤ ਦਾ ਰਸ-ਆਨੰਦ ਮਾਣਦੇ। ਹੋਰ ਵੀ ਬਹੁਤ ਸਾਰੇ ਸੱਜਣ ਸਤਿਗੁਰੂ ਹਰੀ ਸਿੰਘ ਦੇ ਸਮੇਂ, ਕੀਰਤਨ ਸਮੇਂ ਹਾਜ਼ਰ ਰਹਿੰਦੇ। ਇਨ੍ਹਾਂ ਵਿੱਚੋਂ ਕੁਝ ਇੱਕ ਵਿਸ਼ੇਸ਼ ਸੱਜਣਾਂ ਦੇ ਨਾਮ ਸਨ :- ਹੀਰਾ ਸਿੰਘ ਜੀ ਟਿਕਾ ਮੁੰਡੀਆ, ਸ਼ੀਰ ਸਿੰਘ ਜੀ ਚੂੰਨੀ, ਦਾਨ ਸਿੰਘ ਜੀ ਰੋੜੇ, ਗੋਧਾ ਸਿੰਘ ਜੀ ਅਬਲੂ, ਰਾਗਾ ਸਿੰਘ ਜੀ ਮਹੰਤ, ਗੁਰਦਿਤ ਸਿੰਘ ਗੰਡੇਵਾਲਾ, ਵਸਾਵਾ ਸਿੰਘ, ਬੂਟਾ ਸਿੰਘ ਉਗਰਾਹੀਆ ਲਾਖਣੇ ਦਾ, ਮੇਹਰ ਸਿੰਘ ਲੋਪੋਕੇ, ਬੀਬੀਆਂ ਵਿੱਚੋਂ ਹੁਕਮੀ ਵਰਿਆਹਾਂ ਅਤੇ ਮਾਤਾ ਘੁੱਲੀ ਦੇ ਨਾਂ ਪ੍ਰਮੁੱਖ ਹਨ। ਇਸ ਤੋਂ ਬਿਨਾਂ ਆਪ ਬਚਪਨ ਤੋਂ ਹੀ ਚੌਂਕੜਾ ਮਾਰ ਨਾਮ ਅਭਿਆਸ ਵੀ ਕਰਦੇ ਸਨ। ਆਪ ਸਤਿਗੁਰੂ ਹਰੀ ਸਿੰਘ ਜੀ ਨੂੰ ਵੱਖ-ਵੱਖ ਪੋਥੀਆਂ ਤੋਂ ਪਾਠ ਪੜ੍ਹ ਕੇ ਵੀ ਸੁਣਾਇਆ ਕਰਦੇ ਸਨ। ਸਤਿਗੁਰੂ ਹਰੀ ਸਿੰਘ ਜੀ ਦਾ ਆਦੇਸ਼ ਸੀ ਕਿ ਗੁਰਬਾਣੀ ਦਾ ਪਾਠ ਕਾਹਲੀ ਨਾਲ ਨਾ ਕੀਤਾ ਜਾਵੇ, ਸਗੋਂ ਪੜ੍ਹਨ ਸਮੇਂ ਸ਼ਬਦਾਂ ਦੇ ਸਪੱਸ਼ਟ ਉਚਾਰਣ ਦਾ ਵੀ ਧਿਆਨ ਰੱਖਿਆ ਜਾਵੇ।

ਸੰਤ ਇੰਦਰ ਸਿੰਘ ਚੱਕਰਵਰਤੀ ਵੀ ਆਪ ਦੀ ਸਵੈ-ਸਾਧਨਾ ਬਾਰੇ ਲਿਖਦੇ ਹਨ,[1] "ਸੰਤ ਧਿਆਨ ਸਿੰਘ ਜੀ ਕਾਦਰਾਬਾਦ ਅਤੇ ਸ੍ਰੀ ਸੇਵਾ ਸਿੰਘ ਤੋਂ ਸਾਹਿਤਕ ਪੁਸਤਕ ਪੜ੍ਹੇ।" ਪੰਡਤ ਬਸੰਤ ਸਿੰਘ ਪਧਾਣਾ ਜੀ ਤੋਂ 'ਲਘੂ ਸਿਧਾਂਤ ਕੌਮੁਦੀ' 'ਪੰਜ ਤੰਤ੍ਰ' ਹਿਤੋਪਦੇਸ਼ ਆਦਿ ਸੰਸਕ੍ਰਿਤ ਪੁਸਤਕ ਪੜ੍ਹੇ।

ਸੰਗੀਤ ਵਿੱਚ ਵੀ ਆਪ ਜੀ ਦੀ ਵਿਸ਼ੇਸ਼ ਰੁਚੀ ਸੀ। ਸੰਗੀਤ ਦੀ ਵਿਧੀਪੂਰਵਕ ਸਿੱਖਿਆ ਆਪ ਨੇ ਭਾਈ ਮਸਤਾਨ ਸਿੰਘ ਜੀ ਤੋਂ ਪ੍ਰਾਪਤ ਕੀਤੀ ਸੀ,[2] "ਦਿਲਰੁਬਾ ਮਨ ਭਾਉਂਦਾ ਸਾਜ ਸੀ। 'ਤੰਤੀ ਸਾਜ' ਵੀ ਆਪ ਜੀ ਨੂੰ ਬਹੁਤ ਪਸੰਦ ਕਰਦੇ ਸਨ।" ਗਾਇਨ ਅਤੇ ਵਾਦਨ ਆਪ ਦੋਹਾਂ ਵਿੱਚ ਹੀ ਪ੍ਰਬੀਨ ਸਨ ਅਤੇ ਗੁਰੂ ਘਰ ਦੀ ਸਨਾਤਨ ਸੰਗੀਤ ਮਰਯਾਦਾ ਅਤੇ ਪੁਰਾਤਨ ਰੀਤਾਂ ਦੇ ਗਾਇਨ ਉਪਰ ਆਪ ਜੀ ਨੂੰ ਪੂਰਨ ਅਧਿਕਾਰ ਸੀ।

ਆਪ ਜੀ ਦੀ ਤੀਖਣ ਯਾਦ ਸ਼ਕਤੀ ਬਾਰੇ ਅਸੀਂ ਪਹਿਲਾਂ ਵੀ ਜ਼ਿਕਰ ਕਰ ਚੁੱਕੇ ਹਾਂ।[3] ਗਉੜੀ ਸੁਖਮਨੀ ਵਰਗੀ ਲੰਮੇਰੀ ਬਾਣੀ ਵੀ ਆਪ ਜੀ ਨੇ ਚਾਰ ਦਿਨਾਂ ਵਿੱਚ ਕੰਠ ਕਰ ਲਈ ਸੀ।

## ਸਰੀਰਕ ਸਾਧਨਾ ਵੱਲ ਉਚੇਚਾ ਧਿਆਨ ਦੇਣਾ

ਸਤਿਗੁਰੂ ਪਰਤਾਪ ਸਿੰਘ ਜੀ ਸਰੀਰਕ ਬਲ ਦੇ ਵਾਧੇ ਵਲ ਉਚੇਚਾ ਧਿਆਨ ਬਚਪਨ ਤੋਂ ਹੀ ਦਿੰਦੇ ਰਹੇ ਸਨ। ਆਪਣੇ ਕੁਝ ਬਾਲ ਸਾਥੀਆਂ ਨਾਲ ਆਪ ਕਈ ਖੇਡਾਂ ਅਤੇ ਕਸਰਤਾਂ ਕਰਦੇ ਰਹਿੰਦੇ ਸਨ। ਆਤਮਕ ਸ਼ਕਤੀ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ

---

[1] ਸੰਤ ਇੰਦਰ ਸਿੰਘ ਚੱਕਰਵਰਤੀ, *ਅਟੱਲ ਪ੍ਰਤਾਪੀ*, ਪੰਨਾ 10.

[2] ਪ੍ਰੀਤਮ ਸਿੰਘ ਕਵੀ ਦਾ ਲੇਖ 'ਸਤਿਗੁਰੂ ਪਰਤਾਪ ਸਿੰਘ ਜੀ ਅਤੇ ਸੰਗੀਤ' , *ਮਹਾਂ ਨੂਰ*, ਪੰਨਾ 205.

[3] ਨਾਹਰ ਸਿੰਘ ਵਹਿਮੀ, *ਜਸ ਜੀਵਨ*, ਭਾਗ ਪਹਿਲਾ, ਪੰਨਾ 103.

Namdhari Elibrary NamdhariElibrary@gmail.com

ਆਪ ਜੀ ਨੇ ਸਰੀਰਕ ਸਾਧਨਾ ਵੱਲ ਵੀ ਉਚੇਚਾ ਧਿਆਨ ਦਿੱਤਾ। ਅਰੋਗ ਸਰੀਰ ਹੀ ਮਨ ਦੀ ਮਜ਼ਬੂਤੀ ਦਾ ਜਾਮਨ ਹੋ ਸਕਦਾ ਹੈ। ਇਸ ਵਿੱਚ ਕੋਈ ਸੰਦੇਹ ਨਹੀਂ ਹੈ ਕਿ ਇਹ ਇੱਕ ਦੂਜੇ ਦੇ ਪੂਰਕ ਹਨ। ਸਤਿਗੁਰੂ ਪਰਤਾਪ ਸਿੰਘ ਨੇ ਬਚਪਨ ਤੋਂ ਹੀ ਸਰੀਰਕ ਸ਼ਕਤੀ ਨੂੰ ਬਲਵਾਨ ਬਣਾਉਣ ਵੱਲ ਉਚੇਚਾ ਧਿਆਨ ਦਿੱਤਾ। ਬਚਪਨ ਵਿੱਚ ਕਈ ਸਾਥੀਆਂ ਨਾਲ ਰਲ ਕੇ ਕਈ ਖੇਡਾਂ ਕਰਦੇ ਰਹੇ। ਕਬੱਡੀ, ਕੁਸ਼ਤੀ, ਗਤਕਾ, ਘੋੜ-ਸਵਾਰੀ, ਨੇਜ਼ਾਬਾਜ਼ੀ ਆਦਿ ਖੇਡਾਂ ਆਪ ਜੀ ਦੇ ਬਚਪਨ ਦੇ ਸ਼ੌਂਕਾਂ ਵਿੱਚੋਂ ਸਨ। ਆਪ ਆਪਣੀਆਂ ਛਾਤੀਆਂ ਟਿੰਡਾਂ ਵਾਲੇ ਖੂਹ ਦੇ ਕਈ ਗੇੜੇ ਕਢ ਲੈਂਦੇ ਸਨ। ਸਰਹੰਦ ਵਾਲੀ ਵੱਡੀ ਨਹਿਰ ਵਿੱਚ ਆਪ ਸਿੱਧਾ ਤਰ ਕੇ ਆਰ-ਪਾਰ ਕਰ ਜਾਂਦੇ ਸਨ। ਨਿਰਾ ਇੰਨਾ ਹੀ ਨਹੀਂ ਸਗੋਂ ਕਈ ਵਾਰ ਤਾਂ ਆਪ ਨੇ ਇਸ ਨਹਿਰ ਵਿੱਚ ਰੁੜਦੇ ਸਾਥੀਆਂ ਨੂੰ ਡੁਬਦਿਆਂ ਨੂੰ ਬਚਾ ਲਿਆ ਸੀ। ਆਪ ਜੀ ਦੇ ਸਰੀਰਕ ਅਭਿਆਸਾਂ ਅਤੇ ਖੇਡਾਂ ਦੇ ਸਾਥੀਆਂ ਬਾਰੇ ਸਵਰਗਵਾਸੀ ਮਾਸਟਰ ਨਿਹਾਲ ਸਿੰਘ ਜੀ ਨੇ 'ਚੋਜੀ ਪ੍ਰੀਤਮ' ਲੜੀ ਦੀਆਂ ਪੁਸਤਕਾਂ ਵਿੱਚ ਵਿਸ਼ੇਸ਼ ਤੌਰ ਤੇ ਬੜਾ ਰੌਚਿਕ ਵਰਣਨ ਕੀਤਾ ਹੈ। ਬਚਪਨ ਤੋਂ ਹੀ ਆਪ ਜੀ ਦੇ ਨਿੱਜੀ ਜੀਵਨ ਵਿੱਚ ਸਰੀਰਕ, ਮਾਨਸਿਕ ਅਤੇ ਆਤਮਿਕ ਗੁਣਾਂ ਦਾ ਨਾਲੋ ਨਾਲ ਵਿਕਾਸ ਹੋ ਗਿਆ ਸੀ।

ਜਦੋਂ ਆਪ ਨੇ 1906 ਈ. ਵਿੱਚ ਗੁਰੂਤਵ ਦੇ ਭਾਰੀ ਜ਼ਿੰਮੇਵਾਰੀ ਵਾਲੇ ਕਾਰਜ ਨੂੰ ਆਪਣੇ ਸਿਰ ਲਿਆ ਤਾਂ ਆਪ ਜੀ ਦੇ ਸਰੀਰ, ਮਨ, ਬੁੱਧੀ ਤੇ ਆਤਮਾ ਵਿੱਚ ਅਥਾਹ ਸ਼ਕਤੀ ਤੇ ਅਸਾਧਾਰਨ ਰੂਪ ਦਾ ਸੰਤੁਲਨ ਉਤਪੰਨ ਹੋ ਚੁੱਕਾ ਸੀ। ਪੰਥਕ ਜ਼ਿੰਮੇਵਾਰੀ ਭਾਵੇਂ ਬੜੀ ਭਾਰੀ ਸੀ, ਪਰ ਆਪ ਜੀ ਦੀ ਸਮਰੱਥਾ ਵੀ ਥੋੜ੍ਹੀ ਬਲਸ਼ਾਲੀ ਨਹੀਂ ਸੀ। ਆਪ ਜੀ ਦੇ ਸਾਹਮਣੇ ਨਾਮਧਾਰੀ ਪੰਥ ਦੀ ਅਗਵਾਈ ਕਰਨ ਦਾ ਪੰਧ ਹਾਲੀਂ ਸੁਖਾਲਾ ਨਹੀਂ ਸੀ ਹੋ ਸਕਿਆ। ਵਿਦੇਸ਼ੀ ਸਰਕਾਰ ਹਾਲੀਂ ਵੀ ਕੂਕਿਆਂ ਨੂੰ ਆਪਣੇ ਵੱਡੇ ਸ਼ਤਰੂਆਂ ਵਿੱਚ ਹੀ ਗਿਣਦੀ ਸੀ। ਸਤਿਗੁਰੂ ਪਰਤਾਪ ਸਿੰਘ ਜੀ ਨੇ ਆਪਣੇ ਨਿਰਧਾਰਿਤ ਮਾਰਗ ਦੇ ਹਰ ਪੜਾਅ ਅਤੇ ਹਰ ਬਿਖਮ ਸਥਿਤੀ ਦੀ ਔਖੀ ਘਾਟੀ ਨੂੰ ਸਰ ਕਰਨ ਦਾ ਦ੍ਰਿੜ੍ਹ ਇਰਾਦਾ ਧਾਰ ਲਿਆ ਸੀ।

ਜਿਹੜੀ ਆਜ਼ਾਦੀ ਦੀ ਸ਼ਮ੍ਹਾਂ ਸਤਿਗੁਰੂ ਰਾਮ ਸਿੰਘ ਜੀ ਨੇ ਭੈਣੀ ਸਾਹਿਬ ਦੀ ਧਰਤੀ ਉੱਤੇ ਅੱਧੀ ਸਦੀ ਪਹਿਲਾਂ ਜਗਾਈ ਸੀ ਅਤੇ ਜਿਸ ਸ਼ਮ੍ਹਾਂ ਉੱਤੇ ਅਨੇਕ ਆਜ਼ਾਦੀ ਦੇ ਪਰਵਾਨਿਆਂ ਨੇ ਆਪਣੀ ਜਾਨ ਨਿਛਾਵਰ ਕਰ ਦਿੱਤੀ ਸੀ, ਉਸ ਸੁਤੰਤਰਤਾ ਦੇ ਸੰਗਰਾਮ ਨੂੰ ਨਵੀਆਂ ਦਿਸ਼ਾਵਾਂ ਵਿੱਚ ਵਿਕਸਿਤ ਕਰਕੇ ਆਗਾਮੀ ਮੰਜ਼ਲਾਂ ਵੱਲ ਵਧਣਾ ਭਾਰੀ ਜੋਖੋਂ ਅਤੇ ਜ਼ਿੰਮੇਵਾਰੀ ਦਾ ਕਾਰਜ ਸੀ, ਜਿਸਨੂੰ ਸਤਿਗੁਰੂ ਪਰਤਾਪ ਸਿੰਘ ਜੀ ਨੇ ਬੜੀ ਖੂਬ ਅਸਲੂਬੀ ਅਤੇ ਵਿਲੱਖਣ ਕੌਸ਼ਲਤਾ ਨਾਲ ਨਿਭਾਇਆ। ਇਸੇ ਕਾਲ ਵਿੱਚ ਭਾਰਤ ਦਾ ਸੁਤੰਤਰਤਾ ਸੰਗਰਾਮ ਨਵੀਂ ਦਿਸ਼ਾ ਵੱਲ ਵੱਧ ਰਿਹਾ ਸੀ ਅਤੇ ਕਈ ਰਾਸ਼ਟਰ ਵਿਆਪੀ ਇੰਡੀਅਨ ਨੈਸ਼ਨਲ ਕਾਂਗਰਸ ਵਰਗੀਆਂ ਰਾਜਸੀ ਜੱਥੇਬੰਦੀਆਂ ਹੋਂਦ ਵਿੱਚ ਆ ਚੁੱਕੀਆਂ ਸਨ। ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਹੀ ਬੰਗਾਲ ਅਤੇ ਪੰਜਾਬ ਵਿੱਚ ਨਵੀਆਂ ਰਾਸ਼ਟਰੀ ਅੰਦੋਲਨ ਦੀਆਂ ਲਹਿਰਾਂ ਕਰਮਸ਼ੀਲ ਹੋ ਗਈਆਂ ਸਨ। ਇਨ੍ਹਾਂ ਕੌਮੀ ਜੀਵਨ ਵਿੱਚ ਆਈਆਂ ਨਵੀਆਂ ਪਦਾਰਥਕ ਹਾਲਤਾਂ ਨੇ ਕੂਕਾ ਲਹਿਰ ਨੂੰ ਵੀ ਇਨ੍ਹਾਂ ਨਾਲ

Namdhari Elibrary NamdhariElibrary@gmail.com

ਕਦਮ ਮਿਲਾ ਕੇ ਤੁਰਨ ਵੱਲ ਰਾਹ ਪੱਧਰਾ ਕਰ ਦਿੱਤਾ ਸੀ। ਇਸ ਲਈ ਦੂਰਦਰਸ਼ੀ ਨੇਤਾ ਦੀ ਲੋੜ ਸੀ। ਨੇਤਾ ਦੇ ਇਸ ਖਲਾਅ ਨੂੰ ਪੂਰਾ ਕਰਨ ਲਈ ਸਤਿਗੁਰੂ ਪਰਤਾਪ ਸਿੰਘ ਜੀ ਦੀ ਅਧਿਆਤਮਕ ਸਾਧਨਾ, ਚੇਤਨਤਾ ਤੇ ਪੁਰਸ਼ਾਰਥ ਕਰਮ ਵੱਡੀ ਭੂਮਿਕਾ ਨੂੰ ਨਿਭਾਉਣ ਵਾਲੇ ਸਨ।

## ਨਾਮਧਾਰੀ ਲਹਿਰ ਦੇ ਬੀਰ ਸਪੂਤਾਂ ਵੱਲੋਂ ਅੱਧੀ ਸਦੀ ਵਿੱਚ ਕੀਤੀਆਂ ਗਈਆਂ ਕੁਰਬਾਨੀਆਂ ਦਾ ਵੇਰਵਾ

ਸਤਿਗੁਰੂ ਪਰਤਾਪ ਸਿੰਘ ਜੀ ਦੇ ਗੁਰੂ ਗੱਦੀ 'ਤੇ ਬਿਰਾਜਮਾਨ ਹੋਣ ਦੇ ਸਮੇਂ ਤੱਕ ਸਤਿਗੁਰੂ ਰਾਮ ਸਿੰਘ ਵੱਲੋਂ ਸਥਾਪਤ ਕੀਤਾ ਗਿਆ ਨਾਮਧਾਰੀ ਪੰਥ ਅੱਧੀ ਸਦੀ ਦੇ ਸਮੇਂ ਨੂੰ ਹੰਢਾ ਚੁੱਕਾ ਸੀ। ਜਿਸ ਵਿੱਚ ਨਾਮਧਾਰੀ ਸਿੰਘਾਂ ਵੱਲੋਂ ਕੀਤੀਆਂ ਗਈਆਂ ਕੁਰਬਾਨੀਆਂ ਅਤੇ ਦਿੱਤੇ ਗਏ ਬਲੀਦਾਨਾਂ, ਸ਼ਹੀਦੀਆਂ, ਕੈਦਾਂ, ਜਲਾਵਤਨੀਆਂ ਅਤੇ ਗੁਪਤਵਾਸਾਂ ਵਿੱਚ ਰਹਿਣ ਦਾ ਇਤਿਹਾਸ ਵੀ ਬੜਾ ਮਹੱਤਵਪੂਰਨ ਅਤੇ ਲੂ-ਕੰਡੇ ਖੜ੍ਹੇ ਕਰ ਦੇਣ ਵਾਲਾ ਹੈ। ਸ: ਰਾਮ ਸਿੰਘ ਮਜੀਠਾ ਨੇ ਆਪਣੀ ਪੁਸਤਕ 'ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ' (ਦੋ ਜਿਲਦਾਂ), ਵਿੱਚ ਜਿਥੇ ਨਾਮਧਾਰੀ ਅਥਵਾ ਕੂਕਾ ਲਹਿਰ ਬਾਰੇ ਵਿਸ਼ੇਸ਼ ਕਾਂਡ ਰਾਹੀਂ ਆਪਣਾ ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ। ਉਥੇ ਉਸਨੇ ਨਾਮਧਾਰੀਆਂ ਵੱਲੋਂ ਕੀਤੀਆਂ ਗਈਆਂ ਅਦੁੱਤੀ ਕੁਰਬਾਨੀਆਂ ਦਾ ਵੇਰਵੇ ਸਹਿਤ ਬਿਓਰਾ ਇਸ ਪੁਸਤਕ ਦੀ ਅੰਤਿਕਾ ਇੱਕ ਵਿੱਚ ਦਿੱਤਾ ਹੈ। ਇੱਥੇ ਉਹ ਸਾਰਾ ਵੇਰਵਾ ਇੰਨ-ਬਿੰਨ ਰੂਪ ਵਿੱਚ ਦਿੱਤਾ ਜਾ ਰਿਹਾ ਹੈ ਤਾਂ ਜੋ ਨਾਮਧਾਰੀ ਲਹਿਰ ਦੇ ਬੀਰਤਾ ਭਰਪੂਰ ਸੰਗਰਾਮ ਦੇ ਇਤਿਹਾਸਕ ਤੇ ਮਹੱਤਵਪੂਰਨ ਯੋਗਦਾਨ ਦਾ ਬੋਧ ਹੋ ਸਕੇ।

### [1]ਅੰਤਿਕਾ ਪਹਿਲਾ

### ਨਾਮਧਾਰੀ ਲਹਿਰ ਦੇ ਸ਼ਹੀਦ

**5 ਅਗਸਤ 1871 ਨੂੰ ਰਾਏਕੋਟ (ਜ਼ਿਲ੍ਹਾ ਲੁਧਿਆਣਾ) ਵਿੱਚ ਫਾਹੇ ਲਾਏ ਗਏ :**

1. ਸੰਤ ਮੰਗਲ ਸਿੰਘ
2. ਸੰਤ ਮਸਤਾਨ ਸਿੰਘ
3. ਸੰਤ ਗੁਰਮੁਖ ਸਿੰਘ

ਇਹ ਤਿੰਨੇਂ ਹੀ ਪਿੱਥੋ ਦੇ ਸਨ।

**15 ਸਤੰਬਰ 1871, ਨੂੰ ਅੰਮ੍ਰਿਤਸਰ ਵਿੱਚ ਫਾਹੇ ਲਾਏ ਗਏ :**

1. ਸੰਤ ਲਹਿਣਾ ਸਿੰਘ ਰੰਧਾਵਾ, ਪੱਖੋਕੇ, ਜ਼ਿਲ੍ਹਾ ਗੁਰਦਾਸਪੁਰ।
2. ਸੰਤ ਫਤਿਹ ਸਿੰਘ ਦੁਕਾਨਦਾਰ ਅੰਮ੍ਰਿਤਸਰ।
3. ਪਟਵਾਰੀ ਹਾਕਮ ਸਿੰਘ ਮੌੜੇ, ਜ਼ਿਲ੍ਹਾ ਅੰਮ੍ਰਿਤਸਰ।

---

[1] ਰਾਮ ਸਿੰਘ ਮਜੀਠਾ, "ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿਚ ਪੰਜਾਬ" ਅੰਤਿਕਾ ਪਹਿਲਾ, ਪੰਨਾ 319-322.

Namdhari Elibrary NamdhariElibrary@gmail com

4. ਸੰਤ ਬੀਹਲਾ ਸਿੰਘ ਨਾਰਲੀ, ਜ਼ਿਲ੍ਹਾ ਲਾਹੌਰ।

**ਉਮਰ ਕੈਦ ਕਾਲੇ ਪਾਣੀ**

1. ਸੰਤ ਲਹਿਣਾ ਸਿੰਘ ਪੁੱਤਰ ਮਸੌਦਾ ਸਿੰਘ
2. ਸੰਤ ਲਹਿਣਾ ਸਿੰਘ ਪੁੱਤਰ ਬਲਾਕਾ ਸਿੰਘ
3. ਸਿਪਾਹੀ ਲਾਲ ਸਿੰਘ

**26 ਨਵੰਬਰ, 1871 ਨੂੰ ਲੁਧਿਆਣਾ ਜਿਹਲ ਵਿੱਚ ਫਾਂਸੀ**

1. ਸੰਤ ਗਿਆਨੀ ਸਿੰਘ
2. ਸੰਤ ਰਤਨ ਸਿੰਘ

**17 ਜਨਵਰੀ, 1872 ਨੂੰ ਸ਼ਹੀਦ ਹੋਏ ਸਿੰਘ (ਤੋਪਾਂ ਨਾਲ ਉਡਾਏ ਗਏ)**

1. ਸ. ਹੀਰਾ ਸਿੰਘ ਸਕਰੌਦੀ ਰਿਆਸਤ ਪਟਿਆਲਾ
2. ਸ. ਲਹਿਣਾ ਸਿੰਘ "
3. ਸ. ਮਿੱਤ ਸਿੰਘ "
4. ਸ. ਜਵਾਹਰ ਸਿੰਘ ਧਨੌਲਾ "
5. ਸ. ਪਰਸਾ ਸਿੰਘ ਗੁਰੂ ਸਰ "
6. ਸ. ਧਿਆਨ ਸਿੰਘ ਭੱਦਲਥੂਆ "
7. ਸ. ਰਤਨ ਸਿੰਘ "
8. ਸ. ਰੂਪ ਸਿੰਘ ਦਿਆਲਗੜ੍ਹ, ਰਿਆਸਤ ਪਟਿਆਲਾ।
9. ਸ. ਅੱਤਰ ਸਿੰਘ ਦਿਆਲਗੜ੍ਹ "
10. ਸ. ਹਰਨਾਮ ਸਿੰਘ ਗਿੱਲ "
11. ਸ. ਹੁੱਜਰ ਸਿੰਘ ਹਰੀਪੁਰ "
12. ਸ. ਨੰਦ ਸਿੰਘ ਹੰਡਿਆਇਆ "
13. ਸ. ਸੰਦਾ ਸਿੰਘ "
14. ਸ. ਕਾਲਾ ਸਿੰਘ ਦਿਆਲਪੁਰਾ, ਰਿਆਸਤ ਮਲੇਰ ਕੋਟਲਾ
15. ਸ. ਵਰਿਆਮ ਸਿੰਘ ਮੌਮ "
16. ਸ. ਬੀਰ ਸਿੰਘ ਮੌਮ, ਰਿਆਸਤ ਮਲੇਰ ਕੋਟਲਾ
17. ਸ. ਨਰੈਣ ਸਿੰਘ ਰੰਗੀਆਂ "
18. ਸ. ਨੱਥਾ ਸਿੰਘ ਬਰਨਾਲਾ, ਰਿਆਸਤ ਪਟਿਆਲਾ
19. ਸ. ਬਰਿਆਮ ਸਿੰਘ "
20. ਸ. ਰਤਨ ਸਿੰਘ "
21. ਸ. ਹਰਨਾਮ ਸਿੰਘ ਧਮੋਟ "
22. ਸ. ਸਦਾ ਸਿੰਘ ਰੜ "
23. ਸ. ਨਰੈਣ ਸਿੰਘ ਰੜ "

Namdhari Elibrary NamdhariElibrary@gmail com

24. ਸ. ਅਤਰ ਸਿੰਘ "
25. ਸ. ਹੀਰਾ ਸਿੰਘ "
26. ਸ. ਹਰਨਾਮ ਸਿੰਘ "
27. ਸ. ਜੈਮਲ ਸਿੰਘ "
28. ਸ. ਗੁਰਦਿੱਤ ਸਿੰਘ "
29. ਸ. ਸ਼ੇਰ ਸਿੰਘ ਦੀਵਾ "
30. ਨੰਬਰਦਾਰ ਗੁਰਮੁਖ ਸਿੰਘ ਫਰਵਾਹੀ ਰਿਆਸਤ, ਮਲੇਰ ਕੋਟਲਾ
31. ਸੰਤ ਰੂਪ ਸਿੰਘ " "
32. ਸ. ਖੜਗ ਸਿੰਘ " "
33. ਸ. ਨਰੈਣ ਸਿੰਘ ਭੂੰਗੇ "
34. ਸ. ਗਿਆਨ ਸਿੰਘ ਚੱਕ ਕੁਕਿਆਂ "
35. ਸ. ਅਤਰ ਸਿੰਘ ਵਾਲੀਆ, ਸੰਗਰੂਰ, ਰਿਆਸਤ ਪਟਿਆਲਾ
36. ਸ. ਫਤਿਹ ਸਿੰਘ "
37. ਸ. ਫਤਿਹ ਸਿੰਘ ਖੜਕਪੁਰ "
38. ਸ. ਧਰਮ ਸਿੰਘ "
39. ਸ. ਹਰਨਾਮ ਸਿੰਘ ਮੰਡੀ "
40. ਸ. ਮਾਘਾ ਸਿੰਘ ਮਰਾਜ, ਜ਼ਿਲ੍ਹਾ ਫਿਰੋਜ਼ਪੁਰ।
41. ਸ. ਅਤਰ ਸਿੰਘ ਮਰਾਜ "
42. ਸ. ਜੋਧ ਸਿੰਘ ਮਰਾਜ, ਜ਼ਿਲ੍ਹਾ ਫਿਰੋਜ਼ਪੁਰ।
43. ਸ. ਨਿਧਾਨ ਸਿੰਘ ਸਾਦਕ "
44. ਸ. ਹਰਨਾਮ ਸਿੰਘ "
45. ਸ. ਜਗਤ ਸਿੰਘ ਗੰਜੀ "
46. ਸ. ਉੱਤਮ ਸਿੰਘ ਰੁਤਕਾ, ਜ਼ਿਲ੍ਹਾ ਲੁਧਿਆਣਾ।
47. ਸ. ਰਛੂਤ ਸਿੰਘ "
48. ਸ. ਸੁਹੇਲ ਸਿੰਘ ਲਹਿਰਾ "
49. ਦੇਵਾ ਸਿੰਘ ਲਹਿਰਾ "
50. ਸ. ਬਿਸ਼ਨ ਸਿੰਘ ਉਮਰ ਬਾਰਾਂ ਸਾਲ ਰਤ ਰਿਆਸਤ ਪਟਿਆਲਾ (ਤਲਵਾਰਾਂ ਨਾਲ ਕਤਲ ਕੀਤਾ ਗਿਆ)।

**18 ਜਨਵਰੀ 1872 ਦੇ ਸ਼ਹੀਦ (ਤੋਪਾਂ ਨਾਲ ਉਡਾਏ ਗਏ)**

1. ਸੰਤ ਅਲਬੇਲ ਸਿੰਘ ਵਾਲੀਆ, ਰਿਆਸਤ ਪਟਿਆਲਾ।
2. ਸੰਤ ਰੂੜ ਸਿੰਘ ਮਾਜਰਾ "
3. ਸੰਤ ਕੇਸਰ ਸਿੰਘ ਗਿੱਲਾਂ, ਰਿਆਸਤ ਨਾਭਾ।
4. ਸ. ਸਦਾ ਸਿੰਘ ਰੱਬੋਂ, ਜ਼ਿਲ੍ਹਾ ਲੁਧਿਆਣਾ।

Namdhari Elibrary NamdhariElibrary@gmail.com

5. ਸ. ਅਨੂਪ ਸਿੰਘ ਸਕਰੌਦੀ ਰਿਆਸਤ ਪਟਿਆਲਾ।
6. ਸ. ਸ਼ਾਮ ਸਿੰਘ ਜੋਗਾ "
7. ਸ. ਭਗਤ ਸਿੰਘ ਕਾਂਜਲਾ ਰਿਆਸਤ ਪਟਿਆਲਾ।
8. ਸ. ਜਵਾਹਰ ਸਿੰਘ ਵਾਲੀਆ "
9. ਸੰਤ ਸ਼ੇਰ ਸਿੰਘ ਰੱਬੋਂ "
10. ਸੰਤ ਨਰੈਣ ਸਿੰਘ ਫੰਨਾ "
11. ਸੰਤ ਹੀਰਾ ਸਿੰਘ ਪਿੱਥੋਕੀ ਰਿਆਸਤ ਨਾਭਾ।
12. ਸੰਤ ਸੋਭਾ ਸਿੰਘ ਰੱਬੋਂ "
13. ਸ. ਹਾਕਮ ਸਿੰਘ ਤਬਾਲ, ਜ਼ਿਲ੍ਹਾ ਅੰਮ੍ਰਿਤਸਰ।
14. ਸ. ਵਰਿਆਮ ਸਿੰਘ ਮਹਰਾਜ, ਜ਼ਿਲ੍ਹਾ ਫੀਰੋਜ਼ਪੁਰ
15. ਸ. ਸੁਜਾਨ ਸਿੰਘ ਰੱਬੋਂ, ਜ਼ਿਲ੍ਹਾ ਲੁਧਿਆਣਾ।
16. ਸ. ਬੇਲਾ ਸਿੰਘ ਰੱਬੋਂ, ਜ਼ਿਲ੍ਹਾ ਲੁਧਿਆਣਾ।

**ਮਲੌਦ ਵਾਲੇ 4 ਵੱਟਣ ਜਿਹਨਾਂ ਨੂੰ ਕਾਲੇ ਪਾਣੀ ਦੀ ਸਜ਼ਾ ਮਿਲੀ ਅਤੇ ਵਾਪਸ ਨਹੀਂ ਆਏ**

1. ਸ. ਭਗਵਾਨ ਸਿੰਘ ਪੁੱਤਰ ਰਾਮ ਸਿੰਘ, ਪਿੰਡ ਨੰਗਲ, ਰਿਆਸਤ ਪਟਿਆਲਾ।
2. ਸ. ਗਿਆਨ ਸਿੰਘ ਪੁੱਤਰ ਦੂੱਲਾ ਸਿੰਘ, ਪਿੰਡ ਫੂਲੇਰੀ, ਰਿਆਸਤ ਪਟਿਆਲਾ।
3. ਸ. ਬੰਮਨ ਸਿੰਘ ਪੁੱਤਰ ਅਲਬੇਲ ਸਿੰਘ, ਪਿੰਡ ਫੂਲੇਰੀ, ਰਿਆਸਤ ਪਟਿਆਲਾ।
4. ਸ. ਮਿਹਰ ਸਿੰਘ ਪੁੱਤਰ ਗੁਲਾਬ ਸਿੰਘ, ਪਿੰਡ ਅਲਾਵਲ ਪੁਰ, ਜ਼ਿਲ੍ਹਾ ਜਲੰਧਰ।

**ਅੰਮ੍ਰਿਤਸਰ ਹੱਤਿਆ ਕਾਂਡ ਦੇ ਮਫਰੂਰ**

1. ਸ. ਝੰਡਾ ਸਿੰਘ, ਪਿੰਡ ਠੱਟਾ, ਜ਼ਿਲ੍ਹਾ ਅੰਮ੍ਰਿਤਸਰ 11 ਅਗਸਤ 1873 ਨੂੰ ਫੜਿਆ ਗਿਆ ਅਤੇ ਫਾਂਸੀ ਲੱਗਾ।
2. ਸ. ਮਿਹਰ ਸਿੰਘ, ਪਿੰਡ ਲੋਪੋਕੇ, ਜ਼ਿਲ੍ਹਾ ਅੰਮ੍ਰਿਤਸਰ।
3. ਸ. ਅਤਬੰਗ ਸਿੰਘ, ਪਿੰਡ ਮਰਹਾਣਾ, ਜ਼ਿਲ੍ਹਾ ਅੰਮ੍ਰਿਤਸਰ।

ਦੋਹਾਂ ਦੀ ਮੁੜ ਕੇ ਕੋਈ ਉੱਘ-ਸੁੱਘ ਨਹੀਂ ਮਿਲੀ। ਕਹਿੰਦੇ ਹਨ ਸ. ਅਤਬੰਗ ਸਿੰਘ ਵੀ ਫੜਿਆ ਗਿਆ ਪਰ ਉਸ ਦੀ ਜਾਨ ਬਚਾਉਣ ਲਈ ਪਿੰਡ ਵਾਲਿਆਂ ਤੇ ਉਸ ਦੀ ਮਾਤਾ ਨੇ ਵੀ ਜਾਣ ਬੁੱਝ ਕੇ ਨਾ ਸਿਆਣਿਆ। ਫੇਰ ਉਹ ਐਸਾ ਗਿਆ ਕਿ ਕਦੀਂ ਨਾ ਪਰਤਿਆ।

Namdhari Elibrary NamdhariElibrary@gmail.com

**ਨਾਮਧਾਰੀ ਲਹਿਰ ਦੇ ਸ਼ਹੀਦ ਇੱਕ ਨਜ਼ਰ ਵਿੱਚ**

| | |
|---|---|
| 5 ਅਗਸਤ 1871 ਨੂੰ ਰਾਏ ਕੋਟ ਵਿੱਚ ਫਾਹੇ ਲਾਏ ਗਏ | 3 |
| 15 ਸਤੰਬਰ 1871 ਨੂੰ ਅੰਮ੍ਰਿਤਸਰ ਫਾਹੇ ਲਾਏ ਗਏ | 4 |
| 26 ਨਵੰਬਰ 1871 ਨੂੰ ਲੁਧਿਆਣਾ ਜਿਹਲ ਵਿੱਚ ਫਾਂਸੀ ਲੱਗੇ | 2 |
| 14 ਜਨਵਰੀ 1872 ਨੂੰ ਮਲੌਦ ਵਿੱਚ ਮਾਰੇ ਗਏ | 2 |
| 15 ਜਨਵਰੀ 1872 ਨੂੰ ਮਲੇਰ ਕੋਟਲੇ ਜੰਗ ਵਿੱਚ ਮਾਰੇ ਗਏ | 8 |
| 17 ਜਨਵਰੀ 1872 ਨੂੰ ਮਲੇਰ ਕੋਟਲੇ ਤੋਪਾਂ ਨਾਲ ਉਡਾਏ ਗਏ | 49 |
| 17 ਜਨਵਰੀ 1872 ਨੂੰ ਮਲੇਰ ਕੋਟਲੇ ਤਲਵਾਰ ਨਾਲ ਸ਼ਹੀਦ | 1 |
| 18 ਜਨਵਰੀ 1872 ਨੂੰ ਮਲੇਰ ਕੋਟਲੇ ਤੋਪਾਂ ਨਾਲ ਉਡਾਏ ਗਏ | 16 |
| 11 ਅਗਸਤ 1873 ਨੂੰ ਫੜਿਆ ਗਿਆ ਅੰਮ੍ਰਿਤਸਰ ਹੱਤਿਆ ਕਾਂਡ ਦਾ ਭਗੋੜਾ ਫਾਂਸੀ | 1 |
| | 86 |

**ਕਾਲੇ ਪਾਣੀ ਭੇਜੇ ਜਾਂ ਨਾ ਲੱਭੇ**

| | |
|---|---|
| ਅੰਮ੍ਰਿਤਸਰ ਕੇਸ ਦੇ ਕਾਲੇ ਪਾਣੀ ਭੇਜੇ | 3 |
| ਮਲੌਦ ਜੰਗ ਦੇ ਫੱਟੜ ਜੋ ਕਾਲੇ ਪਾਣੀ ਭੇਜੇ | 4 |
| ਬਾਬਾ ਰਾਮ ਸਿੰਘ, ਨਿੱਜੀ ਸੇਵਕ ਤੇ ਸੂਬੇ ਜਲਾਵਤਨ | 12 |
| ਅੰਮ੍ਰਿਤਸਰ ਕੇਸ ਦੇ ਭਗੌੜੇ ਜੋ ਮਿਲੇ ਨਹੀਂ | 2 |
| | 21 |

Namdhari Elibrary NamdhariElibrary@gmail com

ਅਧਿਆਇ 2

# ਸਤਿਗੁਰੂ ਪਰਤਾਪ ਸਿੰਘ ਜੀ ਦੀ ਨਿੱਜੀ ਸਾਧਨਾ ਦੇ ਮੁੱਢਲੇ ਉੱਦਮ

ਸਤਿਗੁਰੂ ਪਰਤਾਪ ਸਿੰਘ ਜੀ ਨੇ 16 ਸਾਲ ਦੀ ਕਿਸ਼ੋਰ ਆਯੂ ਵਿੱਚ ਹੀ ਨਾਮਧਾਰੀ ਪੰਥ ਦੇ ਮੁਖੀ ਹੋਣ ਦੀ ਭਾਰੀ ਜ਼ਿੰਮੇਵਾਰੀ ਨੂੰ, ਸਤਿਗੁਰੂ ਹਰੀ ਸਿੰਘ ਜੀ ਦੇ ਅਧਿਆਤਮਕ ਉੱਤਰਾਧਿਕਾਰੀ ਵਜੋਂ ਪ੍ਰਾਪਤ ਕੀਤਾ ਸੀ। ਇਤਨੀ ਛੋਟੀ ਆਯੂ ਵਿੱਚ ਇੰਨੇ ਵੱਡੇ ਕਾਰਜ ਨੂੰ ਸੰਭਾਲਣਾ ਅਤੇ ਸਿੱਖੀ ਦੇ ਬਾਗ ਦੇ ਮਾਲੀ ਦੇ ਰੂਪ ਵਿੱਚ ਪ੍ਰਗਟ ਹੋਣਾ ਕੋਈ ਸਾਧਾਰਨ ਗੱਲ ਨਹੀਂ ਸੀ, ਭਾਵੇਂ ਸਿੱਖ ਇਤਿਹਾਸ ਵਿੱਚ ਕਈ ਅਜਿਹੇ ਉਦਾਹਰਣ ਵੀ ਮਿਲਦੇ ਹਨ, ਜਦੋਂ ਗੁਰੂ ਸਾਹਿਬਾਨ ਨੂੰ ਛੋਟੀ ਆਯੂ ਵਿੱਚ ਹੀ ਇਸ ਜ਼ਿੰਮੇਵਾਰੀ ਨੂੰ ਸੰਭਾਲਣਾ ਪਿਆ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਜਿਨ੍ਹਾਂ ਨੇ ਇਸ ਜ਼ਿੰਮੇਵਾਰੀ ਨੂੰ 11 ਸਾਲ ਦੀ ਆਯੂ ਵਿੱਚ ਅਤੇ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਨੇ ਕੇਵਲ ਪੰਜ ਸਾਲ ਢਾਈ ਮਹੀਨੇ ਦੀ ਆਯੂ ਵਿੱਚ ਹੀ ਗੁਰਿਆਈ ਦੀ ਦਾਤ ਨੂੰ ਪ੍ਰਾਪਤ ਕੀਤਾ ਸੀ। ਇਨ੍ਹਾਂ ਦੋਹਾਂ ਗੁਰੂ ਸਾਹਿਬਾਨ ਨੇ ਆਪਣੇ-ਆਪਣੇ ਗੁਰੂ ਕਾਲ ਵਿੱਚ ਸਿੱਖ ਇਤਿਹਾਸ ਵਿੱਚ ਵੱਡੀ ਭੂਮਿਕਾ ਨੂੰ ਨਿਭਾਇਆ ਹੈ। ਅੱਠਵੀਂ ਪਾਤਸ਼ਾਹੀ ਲਈ ਤਾਂ ਇਹ ਹੋਰ ਵੀ ਗੰਭੀਰ ਤੇ ਬਿਖਮ ਸਮਾਂ ਸੀ, ਜਦੋਂ ਮੁਗਲ ਬਾਦਸ਼ਾਹ ਔਰੰਗਜ਼ੇਬ ਗੁਰੂ ਜੀ ਦੇ ਵੱਡੇ ਭਾਈ ਬਾਬਾ ਰਾਮਰਾਇ ਦੀ ਪਿਠ ਥਾਪਠ ਰਿਹਾ ਸੀ। ਪਰ ਇਹ ਸਾਰੀ ਕਰਾਮਾਤ ਤਾਂ ਉਸ ਅਧਿਆਤਮਕ ਸ਼ਕਤੀ ਦੀ ਸੀ, ਜੋ ਗੁਰੂ ਨਾਨਕ ਦੇਵ ਜੀ ਨੇ 'ਜੋਤ ਉਹਾ, ਜੁਗਤ ਉਹਾ' ਦੀ ਪਰੰਪਰਾ ਦੁਆਰਾ ਸੁਨਿਸ਼ਚਿਤ ਕਰ ਦਿੱਤੀ ਸੀ। ਭਾਈ ਗੁਰਦਾਸ ਜੀ ਨੇ ਤਾਂ ਇਸ ਰਹੱਸ ਉੱਤੇ ਹੋਰ ਵੀ ਸੁੰਦਰ ਪ੍ਰਕਾਸ਼ ਪਾਇਆ ਹੈ। ਆਪ ਦਾ ਫੁਰਮਾਨ ਹੈ, 'ਅਰਜਨ ਕਾਇਆ ਪਲਟ ਕੈ, ਮੂਰਤ ਹਰਿਗੋਬਿੰਦ ਸਵਾਰੀ।' ਇਸ ਗੁਰੂ ਪਰੰਪਰਾ ਅਨੁਸਾਰ ਹੀ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਇਹ ਅਧਿਆਤਮਕ ਵਿਰਸਾ, ਉਸੇ ਰੂਪ ਵਿੱਚ ਹੀ ਮਿਲਿਆ ਸੀ ਅਤੇ ਇਹ ਆਪ ਜੀ ਦੀ ਅੰਤਰ ਆਤਮਾ ਵਿੱਚ ਉਸ ਅਬੁਝ ਜੋਤ ਦਾ ਪ੍ਰਕਾਸ਼ ਹੋ ਗਿਆ ਸੀ, ਜਿਸ ਦਾ ਸ਼ੁਭ ਆਰੰਭ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਬਖਸ਼ਣ ਵੇਲੇ ਕਰ ਦਿੱਤਾ ਸੀ।

ਸਤਿਗੁਰੂ ਪਰਤਾਪ ਸਿੰਘ ਜੀ ਜਿਨ੍ਹਾਂ ਦਾ ਬਚਪਨ ਬੜੇ ਖੁਲ੍ਹੇ-ਡੁਲ੍ਹੇ ਸੁਭਾਅ ਅਨੁਸਾਰ ਬੀਤਿਆ ਸੀ, ਜਿਸ ਵਿੱਚ ਆਪ ਜਿਥੇ ਅਧਿਆਤਮਕ ਸਾਧਨਾ ਵਿੱਚ ਬੜੇ ਪਰਪੱਕ ਅਤੇ ਮਰਿਯਾਦਾ ਪੂਰਵਕ ਸਨ, ਉਥੇ ਹਾਣੀਆਂ ਨਾਲ ਖੇਡਣਾ, ਮੌਲਣਾ, ਕੁਸ਼ਤੀਆਂ ਕਰਨਾ, ਕਬੱਡੀ ਖੇਡਣਾ ਅਤੇ ਹੋਰ ਕਈ ਪ੍ਰਕਾਰ ਦੀਆਂ ਕਸਰਤਾਂ ਕਰਨਾ ਸ਼ਾਮਿਲ ਸੀ।

ਉਥੇ ਗੁਰਗੱਦੀ ਨੂੰ ਪ੍ਰਾਪਤ ਕਰਨ ਸਮੇਂ ਆਪ ਵਧੇਰੇ ਗੰਭੀਰ ਤੇ ਸੋਚਵਾਨ ਹੋ ਗਏ ਸਨ। ਵੀਹਵੀਂ ਸਦੀ ਦਾ ਨਵਾਂ ਵਾਤਾਵਰਣ ਤੇ ਮਾਹੌਲ ਸੁਤੰਤਰਤਾ ਸੰਗਰਾਮ ਦੀਆਂ ਰਾਸ਼ਟਰ-ਵਿਆਪੀ ਲਹਿਰਾਂ ਦਾ ਉੱਥਾਨ ਅਤੇ ਆਉਣ ਵਾਲੇ ਸਮੇਂ ਵਿੱਚ ਵਿਦੇਸ਼ੀ ਹਕੂਮਤ ਵਿਰੁੱਧ ਚਲਾਏ ਜਾਣ ਵਾਲੇ ਸੰਗਰਾਮ ਸਭ ਵੱਡੀਆਂ ਵੰਗਾਰਾਂ ਤੇ ਚੁਣੌਤੀਆਂ ਬਣ ਕੇ ਸਾਹਮਣੇ ਖੜੀਆਂ ਸਨ। ਅਜਿਹੇ ਨਵੇਂ ਵਾਤਾਵਰਣ ਵਿੱਚ ਉਨ੍ਹਾਂ ਦੇ ਸਨਮੁਖ ਨਾਮਧਾਰੀ ਪੰਥ ਦੀ ਅਧਿਆਤਮਕ ਮਰਿਯਾਦਾ ਨੂੰ ਕਾਇਮ ਰੱਖਣਾ ਅਤੇ ਉਸ ਵਿੱਚ ਲੋੜ ਅਨੁਸਾਰ ਵਾਧਾ ਤੇ ਵਿਕਾਸ ਕਰਨਾ ਕੋਈ ਘੱਟ ਮਹੱਤਵ ਵਾਲੀ ਗੱਲ ਨਹੀਂ ਸੀ, ਇਸੇ ਲਈ ਸਤਿਗੁਰੂ ਪਰਤਾਪ ਸਿੰਘ ਜੀ ਦੇ ਜੀਵਨੀਕਾਰਾਂ ਨੇ ਸਤਿਗੁਰੂ ਦੀ ਇਸ ਅਵਸਥਾ ਬਾਰੇ ਵਿਸ਼ੇਸ਼ ਟਿੱਪਣੀਆਂ ਕੀਤੀਆਂ ਹਨ। ਸੰਤ ਤਰਨ ਸਿੰਘ ਵਹਿਮੀ ਤੇ ਸੰਤ ਇੰਦਰ ਸਿੰਘ ਚੱਕਰਵਰਤੀ, ਤਾਰਾ ਸਿੰਘ ਅਨਜਾਣ ਤੇ ਹੋਰ ਲੇਖਕਾਂ ਨੇ ਇਸ ਸੰਬੰਧੀ ਵਿਸ਼ੇਸ਼ ਤੌਰ ਤੇ ਵਰਣਨ ਕੀਤਾ ਹੈ।

ਸਭ ਤੋਂ ਵੱਡੀ ਤੇ ਮਹੱਤਵਪੂਰਨ ਗੱਲ ਸੀ ਸਤਿਗੁਰੂ ਪਰਤਾਪ ਸਿੰਘ ਜੀ ਅੰਦਰ ਜਾਗਿਆ ਇਸ ਵੱਡੀ ਜ਼ਿੰਮੇਵਾਰੀ ਦਾ ਅਹਿਸਾਸ। ਇਸ ਲਈ ਉਨ੍ਹਾਂ ਨੇ ਆਪਣੇ ਆਪ ਨੂੰ ਸਵੈ-ਸਾਧਨਾ ਦੁਆਰਾ ਨਵੇਂ ਮਾਹੌਲ ਵਿੱਚ ਢਾਲਣ ਅਤੇ ਸੁਵਿਕਸਿਤ ਕਰਨ ਦੇ ਦ੍ਰਿੜ ਇਰਾਦੇ ਨੂੰ ਹੋਰ ਪੱਕਾ ਕੀਤਾ।

ਆਪ ਜੀ ਦੇ ਮਨ ਮਸਤਕ ਵਿੱਚ ਇਹ ਵਿਚਾਰ ਘਰ ਕਰ ਗਿਆ ਕਿ ਜਿਹੜੀ ਬਖਸ਼ਿਸ਼, ਉਨ੍ਹਾਂ ਨੂੰ ਵਿਰਸੇ ਵਜੋਂ ਗੁਰੂ ਪਰੰਪਰਾ ਰਾਹੀਂ ਮਿਲੀ ਹੈ, ਉਸ ਤੋਂ ਬਿਨਾਂ ਆਪਣੀ ਨਿੱਜੀ ਸਾਧਨਾ ਦੁਆਰਾ ਆਪਣੇ ਆਪ ਨੂੰ ਇੱਕ ਨਵੇਂ ਸਰੂਪ ਵਿੱਚ ਉੱਨਤ ਕਰਨਾ ਬੜਾ ਜ਼ਰੂਰੀ ਹੈ। ਇਸੇ ਵਿਚਾਰ ਤੋਂ ਹੀ ਉਨ੍ਹਾਂ ਦੇ ਮਨ ਵਿੱਚ ਵਿਸ਼ੇਸ਼ ਭਗਤੀ ਸਾਧਨਾ ਕਰਨ ਦਾ ਸੰਕਲਪ ਉਤਪੰਨ ਹੋਇਆ, ਕਿਉਂ ਜੋ ਆਪ ਸਮਝਦੇ ਸਨ ਕਿ ਕਠਿਨ ਭਗਤੀ ਸਾਧਨਾ ਦੁਆਰਾ ਹੀ ਵਡੇਰੀਆਂ ਤੇ ਉਚੇਰੀਆਂ ਅਧਿਆਤਮਕ ਪ੍ਰਾਪਤੀਆਂ ਕੀਤੀਆਂ ਜਾ ਸਕਦੀਆਂ ਹਨ। ਗੁਰੂ ਨਾਨਕ ਦੇਵ ਜੀ ਨੇ ਵੀ ਆਪਣੀ ਪ੍ਰਸਿੱਧ ਬਾਣੀ 'ਜਪੁ' ਦੀ ਅੰਠਤੀਵੀਂ ਪਉੜੀ ਵਿੱਚ ਇਸ ਅਧਿਆਤਮਕ ਸਾਧਨਾ ਦਾ ਵਿਸ਼ੇਸ਼ ਤੌਰ ਤੇ ਜ਼ਿਕਰ ਕੀਤਾ ਹੈ :

*ਜਤੁ ਪਾਹਾਰਾ ਧੀਰਜੁ ਸੁਨਿਆਰੁ*
*ਅਹਰਣਿ ਮਤਿ ਵੇਦੁ ਹਥੀਆਰੁ*
*ਭਉ ਖਲਾ ਅਗਨਿ ਤਪ ਤਾਉ*
*ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ*
*ਘੜੀਐ ਸਬਦੁ ਸਚੀ ਟਕਸਾਲ*
*ਜਿਨ ਕਉ ਨਦਰਿ ਕਰਮੁ ਤਿਨ ਕਾਰ*
*ਨਾਨਕ ਨਦਰੀ ਨਦਰਿ ਨਿਹਾਲ।*

ਇਸ ਤਰ੍ਹਾਂ ਉੱਚ ਕੋਟੀ ਦੀ ਅਧਿਆਤਮਕ ਪ੍ਰਾਪਤੀ ਇੱਕ ਬੰਨੇ, ਸਵੈ ਸਾਧਨਾ ਦੀ ਕਠਿਨ ਤਪੱਸਿਆ ਅਤੇ ਦੂਜੇ ਬੰਨੇ, ਨਦਰ ਕਰਮ ਅਤੇ ਬਖਸ਼ਿਸ਼ ਦੀ ਅਗੰਮੀ ਦਾਤ ਵਜੋਂ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਉਪਰੋਕਤ ਅਨੁਸਾਰ ਹੀ ਸਤਿਗੁਰੂ ਪਰਤਾਪ ਸਿੰਘ

Namdhari Elibrary NamdhariElibrary@gmail.com

ਜੀ ਨੇ ਆਪਣੇ ਲਈ ਭਗਤੀ ਮਾਰਗ ਦੀ ਸਾਧਨਾ ਲਈ ਆਪਣੇ ਮਨ ਦੇ ਸੰਕਲਪ ਨੂੰ ਪੱਕਾ ਕੀਤਾ। ਪਰ ਦੂਜੇ ਬੰਨੇ ਗੁਰੂ ਦਾ ਕਰਤਵ ਸਾਧ ਸੰਗਤ ਅਤੇ ਸ਼ਰਧਾਲੂ ਗੁਰ-ਸਿੱਖਾਂ ਦੇ ਮੰਡਲ ਤੋਂ ਦੂਰ ਅਤੇ ਕਿਸੇ ਇਕਾਂਤਵਾਸ ਵਿੱਚ ਜਾ ਕੇ ਅਲੋਪ ਹੋਣ ਨਾਲ ਭਾਵੇਂ ਥੋੜ੍ਹੇ ਸਮੇਂ ਲਈ ਹੀ ਕਿਉਂ ਨਾ ਹੋਵੇ, ਉਚਿਤ ਗੱਲ ਨਹੀਂ ਸੀ ਹੋ ਸਕਦੀ। ਇੱਕ ਬੰਨੇ ਸਿੱਖ ਸੰਗਤ ਦੀ ਨਿਕਟਤਾ ਅਤੇ ਦੂਜੇ ਬੰਨੇ ਇਕਾਂਤਵਾਸ ਵਿੱਚ ਜਾ ਕੇ ਭਗਤੀ ਸਾਧਨਾ ਕਰਨਾ, ਦੋਵੇਂ ਸਵੈ-ਵਿਰੋਧੀ ਗੱਲਾਂ ਪ੍ਰਤੀਤ ਹੁੰਦੀਆਂ ਹਨ। ਅਜਿਹੀ ਕਸ਼ਮਕਸ਼ ਦੀ ਮਾਨਸਿਕ ਅਵਸਥਾ ਵਿੱਚ ਸਤਿਗੁਰੂ ਪਰਤਾਪ ਸਿੰਘ ਲਈ ਕੀ ਉਚਿਤ ਸੀ ਅਤੇ ਕੀ ਅਣਉਚਿਤ, ਇਸ ਬਾਰੇ ਨਿਰਣਾ ਕਰਨਾ ਕੋਈ ਸੌਖੀ ਗੱਲ ਨਹੀਂ ਸੀ। ਪਰ ਵਕਤ ਦੇ ਹਾਲਾਤ ਤੇ ਘਟਨਾਵਾਂ ਕਈ ਵਾਰ ਆਪ ਹੀ ਅਜਿਹਾ ਨਿਰਣਾ ਕਰਨ ਵਿੱਚ ਸਹਾਈ ਹੋ ਜਾਂਦੀਆਂ ਹਨ।

## ਸੰਕਲਪ ਤੇ ਵਿਕਲਪ

ਸਤਿਗੁਰੂ ਪਰਤਾਪ ਸਿੰਘ ਜੀ ਨੇ ਸੰਤ ਬਸੰਤ ਸਿੰਘ ਪਧਾਣਾ ਨਾਲ ਇਕਾਂਤ ਵਿੱਚ ਜਾ ਕੇ ਭਗਤੀ ਸਾਧਨਾ ਕਰਨ ਦਾ ਵਿਚਾਰ ਬਣਾਇਆ। ਗੁਰੂ ਮਾਤਾਵਾਂ (ਮਾਤਾ ਜੀਵਨ ਕੌਰ ਤੇ ਮਾਤਾ ਫਤਿਹ ਕੌਰ) ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਤੋਂ ਹੀ ਗੁਰੂ ਘਰ ਦੇ ਸਾਰੇ ਪ੍ਰਬੰਧ ਵਿੱਚ ਸਹਾਈ ਹੋ ਰਹੀਆਂ ਸਨ। ਸਤਿਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਪਿੱਛੋਂ ਸਤਿਗੁਰੂ ਪਰਤਾਪ ਸਿੰਘ ਜੀ ਜਦੋਂ ਦੀਵਾਨ ਵਿੱਚ ਦਰਸ਼ਨ ਦਿੰਦੇ ਤਾਂ ਮਹਾਰਾਜ ਨਿਹਾਲ ਸਿੰਘ ਤੇ ਮਹਾਰਾਜ ਗੁਰਦਿਆਲ ਸਿੰਘ ਉਨ੍ਹਾਂ ਦੇ ਖੱਬੇ ਪਾਸੇ ਬੈਠਦੇ ਸਨ। ਸਤਿਗੁਰੂ ਪਰਤਾਪ ਸਿੰਘ ਜੀ ਬਾਲ ਵਰੇਸ ਤੋਂ ਹੀ ਆਪਣੇ ਖੁਲ੍ਹੇ ਖਲਾਸੇ ਸੁਭਾਅ ਦੇ ਹੁੰਦਿਆਂ ਹੋਇਆਂ ਵੀ ਆਪਣੀ ਧਾਰਮਿਕ ਮਰਿਯਾਦਾ ਵਿੱਚ ਬੜੇ ਪਰਪੱਕ ਸਨ। ਆਪ ਜੀ ਦੇ ਨਿਤ ਦੇ ਵਿਹਾਰ ਵਿੱਚ, ਨਿਤ ਨੇਮ ਦੀਆਂ ਬਾਣੀਆਂ ਆਪ ਪੋਥੀਆਂ ਤੋਂ ਪੜ੍ਹਦੇ ਅਤੇ ਜ਼ੁਬਾਨੀ ਯਾਦ ਰਾਹੀਂ ਉਚਾਰਦੇ। ਗੁਰੂ ਇਤਿਹਾਸ ਨਾਲ ਸੰਬੰਧਤ ਤੇ ਹੋਰ ਧਾਰਮਿਕ ਗ੍ਰੰਥਾਂ ਦਾ ਅਧਿਐਨ ਵੀ ਆਪ ਦੀ ਦੈਨਿਕ ਕਿਰਿਆ ਵਿੱਚ ਸ਼ਾਮਿਲ ਸੀ। ਜਦੋਂ ਆਪ ਦੀਵਾਨ ਵਿੱਚ ਗੁਰੂ ਆਸਨ ਤੇ ਬਿਰਾਜਮਾਨ ਹੋ ਸੰਗਤਾਂ ਨੂੰ ਦਰਸ਼ਨ ਦਿੰਦੇ ਤਾਂ ਆਪ ਸਦਾ ਨਿਗਾਹ ਨੀਵੀਂ ਰੱਖਦੇ ਸਨ ਅਤੇ ਬਹੁਤ ਘੱਟ ਬਚਨ ਕਰਦੇ ਸਨ। ਸੰਗਤ ਦੀ ਇਹ ਦਿਲੀ ਇੱਛਾ ਰਹਿੰਦੀ ਕਿ ਸਤਿਗੁਰੂ ਜੀ ਉਨ੍ਹਾਂ ਨਾਲ ਖੁਲ੍ਹ ਕੇ ਬਚਨ ਬਿਲਾਸ ਵੀ ਕਰਨ। ਆਪ ਵਧੇਰੇ ਗੰਭੀਰ ਤੇ ਨਾਮ ਸਿਮਰਨ ਵਿੱਚ ਮਗਨ ਰਹਿੰਦੇ ਸਨ।

ਅਜਿਹੀ ਹਾਲਤ ਵਿੱਚ ਹੀ ਆਪ ਨੇ ਸੰਤ ਬਸੰਤ ਸਿੰਘ ਪਧਾਣਾ ਨਾਲ ਇਕਾਂਤਵਾਸ ਵਿੱਚ ਜਾ ਕੇ ਭਗਤੀ ਸਾਧਨਾ ਕਰਨ ਦਾ ਸੰਕਲਪ ਬਣਾਇਆ। ਜਦੋਂ ਸੰਤ ਬਸੰਤ ਸਿੰਘ ਵੀ ਹਾਲੀਂ ਦੁਬਿਧਾ ਵਿੱਚ ਸਨ, ਕਿਉਂ ਜੁ ਉਨ੍ਹਾਂ ਨੂੰ ਵੀ ਗੁਰ ਮਰਿਯਾਦਾ ਤੇ ਸਤਿਗੁਰੂ ਦੇ ਕਰਤਵ ਦੀ ਸੋਝੀ ਸੀ। ਹਾਲੀਂ ਥੋੜ੍ਹੀ ਦੂਰ ਹੀ ਜਦੋਂ ਸੰਤ ਬਸੰਤ ਸਿੰਘ ਪਧਾਣਾ ਤੇ ਸਤਿਗੁਰੂ ਜੀ ਗਏ ਸਨ ਤਾਂ ਕੁਝ ਚੋਣਵੇਂ ਤੇ ਨਿਕਟਵਰਤੀ ਸੰਤ ਪੁਰਸ਼ਾਂ ਨੇ ਆਪ ਜੀ ਦਾ ਪਿੱਛਾ ਕਰਕੇ ਬੇਨਤੀ ਕੀਤੀ ਕਿ ਉਹ ਸ੍ਰੀ ਭੈਣੀ ਸਾਹਿਬ ਤੋਂ ਦੂਰ ਨਾ ਜਾਣ, ਕਿਉਂ ਜੋ ਇਸ ਤਰ੍ਹਾਂ ਸੰਗਤਾਂ ਦੀ ਗੁਰੂ-ਦਰਸ਼ਨ ਦੀ ਸਿਕ ਕਿਵੇਂ ਪੂਰੀ ਹੋਇਆ ਕਰੇਗੀ? ਮਾਤਾ ਜੀਵਨ ਕੌਰ

Namdhari Elibrary NamdhariElibrary@gmail com

ਦਾ ਵੀ ਇਹੋ ਵਿਚਾਰ ਸੀ, ਪਰ ਆਪ ਸਤਿਗੁਰੂ ਜੀ ਨੂੰ ਅਜਿਹਾ ਕਹਿ ਨਹੀਂ ਸਨ ਸਕਦੇ। ਸੰਤ ਪੁਰਸ਼ਾਂ ਦੇ ਬੇਨਤੀ ਕਰਨ ਉੱਤੇ ਆਪ ਵਾਪਿਸ ਤਾਂ ਆ ਗਏ ਪਰ ਹਾਲੀਂ ਭਗਤੀ ਸਾਧਨਾ ਦੀ ਇੱਛਾ ਉਸੇ ਤਰ੍ਹਾਂ ਹੀ ਕਾਇਮ ਰਹੀ।

ਰੋਪੜ ਤੋਂ ਨਿਕਲੀ ਸਰਹੰਦ ਨਹਿਰ ਸ੍ਰੀ ਭੈਣੀ ਸਾਹਿਬ ਤੋਂ ਪੂਰਬ ਦੀ ਬਾਹੀ ਇੱਕ-ਦੋ ਮੀਲਾਂ ਦੀ ਵਿਥ ਤੇ ਹੀ ਵਗਦੀ ਸੀ। ਇਸ ਦੇ ਕੰਢਿਆਂ ਤੇ ਬੜੀ ਹਰਿਆਵਲ ਤੇ ਬ੍ਰਿਛਾਂ ਦੀ ਸੰਘਣੀ ਛਾਂ ਸੀ। ਨਹਿਰ ਦੀ ਪਟੜੀ ਦੇ ਨਾਲ-ਨਾਲ ਦੀ ਭੂਮੀ ਹਰ ਸਾਲ ਨੀਲਾਮ ਕੀਤੀ ਜਾਂਦੀ ਸੀ ਅਤੇ ਲੋਕਾਂ ਦੇ ਪਸ਼ੂਆਂ ਲਈ ਇਹ ਬੜੀ ਸੋਹਣੀ ਹਰੀ ਭਰੀ ਚਰਾਂਦ ਸੀ। ਭੈਣੀ ਸਾਹਿਬ ਦੇ ਡੇਰੇ ਵੱਲੋਂ ਵੀ ਨਹਿਰ ਦੇ ਕੰਢਿਆਂ ਦੀ ਕੁਝ ਭੂਮੀ ਬੋਲੀ ਦੇ ਕੇ ਲੈ ਲਈ ਜਾਂਦੀ ਸੀ। ਇਹ ਬੜਾ ਹੀ ਰਮਣੀਕ ਸਥਾਨ ਸੀ, ਜਿਥੇ ਇਕਾਂਤ ਵੀ ਸੀ ਅਤੇ ਭਗਤੀ ਸਾਧਨਾ ਲਈ ਇਹ ਬੜੀ ਢੁੱਕਵੀਂ ਥਾਂ ਸੀ। ਸੋ ਸਤਿਗੁਰੂ ਜੀ ਨੇ ਇਹ ਫੈਸਲਾ ਕੀਤਾ ਕਿ ਇਸ ਸਥਾਨ ਤੇ ਹੀ ਭਗਤੀ ਸਾਧਨਾ ਵੀ ਕੀਤੀ ਜਾਵੇ। ਇਸ ਤਰ੍ਹਾਂ ਸ੍ਰੀ ਭੈਣੀ ਸਾਹਿਬ ਵਿਖੇ ਹੀ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ ਜਾ ਸਕਦਾ ਸੀ।

## ਨਹਿਰ ਦੇ ਕੰਢੇ ਡੇਰਾ ਲਾਉਣਾ

ਸਤਿਗੁਰੂ ਪਰਤਾਪ ਸਿੰਘ ਜੀ ਨੇਂ 10 ਜੁਲਾਈ 1906 ਈ. ਨੂੰ ਰੋਪੜ ਵਾਲੀ ਨਹਿਰ ਦੇ ਕੰਢੇ ਉਸ ਰਮਣੀਕ ਸਥਾਨ 'ਤੇ ਡੇਰਾ ਲਾ ਲਿਆ, ਜਿਥੇ ਹੁਣ ਤੱਕ ਵੀ ਉਹ ਡੇਰਾ ਆਬਾਦ ਹੈ। ਇਥੇ ਹੀ ਆਪ ਨੇ ਉਹ ਤਪ ਸਾਧਨਾ ਆਰੰਭ ਕੀਤੀ, ਜੋ 40 ਦਿਨਾਂ ਦੇ ਚਾਲੀਹੇ ਪਿਛੋਂ ਭਾਦਰੋਂ ਦੇ ਮਹੀਨੇ ਜਾ ਕੇ ਸੰਪੂਰਨ ਹੋਈ।[2] ਇਸ ਸਾਧਨਾ ਦਾ ਵਰਣਨ ਤਰਨ ਸਿੰਘ ਵਹਿਮੀ ਨੇ ਆਪਣੀ ਪੁਸਤਕ 'ਜਸ ਜੀਵਨ' ਵਿੱਚ ਕੀਤਾ ਹੈ। ਇਸ ਤਪ ਸਾਧਨਾ ਦੇ ਵੇਰਵੇ ਇੰਨੇ ਰੌਚਿਕ ਹਨ ਕਿ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੇ ਉਹ ਸ਼ਬਦ ਚੇਤੇ ਆ ਜਾਂਦੇ ਹਨ, ਜਿਨ੍ਹਾਂ ਦਾ ਜ਼ਿਕਰ ਪਹਿਲੀ ਵਾਰ ਵਿੱਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਸਮਾਚਾਰਾਂ ਵਿੱਚ ਕੀਤਾ ਗਿਆ ਹੈ।

*ਪਹਿਲਾ ਬਾਬੇ ਪਾਯਾ ਬਖਸੁ ਦਰਿ, ਪਿਛੋਂ ਦੇ ਫਿਰਿ ਘਾਲਿ ਕਮਾਈ।*
*ਰੇਤੁ ਅਕੁ ਆਹਾਰੁ ਕਰਿ, ਰੋੜਾਂ ਕੀ ਗੁਰ ਕਰੀ ਵਿਛਾਈ।*
*ਭਾਰੀ ਕਰੀ ਤਪਸਿਆ, ਵਡੇ ਭਾਗ ਹਰਿ ਸਿਉ ਬਣਿ ਆਈ।*

ਕੱਖਾਂ ਕਾਨਿਆਂ ਦੀ ਝੁੱਗੀ ਬਣਾ ਕੇ ਆਪ ਨੇ ਇਨ੍ਹਾਂ ਦਿਨਾਂ ਵਿੱਚ ਇਥੇ ਹੀ ਪੱਕਾ ਡੇਰਾ ਲਾ ਲਿਆ। ਝੁੱਗੇ ਹੀ ਬਿਸਰਾਮ ਕਰਦੇ ਅਤੇ ਚੌਕੜਾ ਮਾਰ ਨੇਮ ਸਿਮਰਨ ਵਿੱਚ ਲੀਨ ਰਹਿੰਦੇ। ਅੱਠਾਂ ਪਹਿਰਾਂ ਪਿਛੋਂ ਡੇਢ ਛਟਾਂਕ ਚੌਲਾਂ ਦਾ ਆਹਾਰ ਕਰਦੇ। ਸਰੀਰ ਭਾਵੇਂ ਦੁਬਲਾ ਪਤਲਾ ਹੋ ਗਿਆ ਸੀ, ਪਰ ਮੁੱਖ ਮਸਤਕ ਦਾ ਤੇਜ ਪਹਿਲਾਂ ਨਾਲੋਂ ਵੀ ਦੂਣ-ਸਵਾਇਆ ਹੋ ਗਿਆ ਸੀ। ਇਸ ਦੌਰਾਨ ਕੀੜੇ, ਕਾਢੇ ਤੇ ਇਥੋਂ ਤੱਕ ਕਿ ਸਰਪ ਵੀ ਆਪ ਦੇ ਨਿਕਟ ਆ ਜਾਂਦੇ। ਪਰ ਆਪ ਦੇ ਨਾਮ ਅਭਿਆਸ ਵਿੱਚ ਕੋਈ ਵਿਘਨ

---

[1] ਤਾਰਾ ਸਿੰਘ ਅਨਜਾਣ, *ਸਾਹਿਬ ਗੁਣੀ ਗਹੇਰਾ*, ਪੰਨਾ 38.
[2] ਤਰਨ ਸਿੰਘ ਵਹਿਮੀ, *ਜਸ ਜੀਵਨ*, ਭਾਗ ਪਹਿਲਾ. ਪੰਨਾ 103.

Namdhari Elibrary NamdhariElibrary@gmail.com

ਨਾ ਪਿਆ। ਸ੍ਰੀ ਭੈਣੀ ਸਾਹਿਬ ਦਾ ਨਿਤ ਕਰਮ ਵੀ ਉਸੇ ਤਰ੍ਹਾਂ ਜਾਰੀ ਰਿਹਾ ਅਤੇ ਆਪ ਆ ਕੇ ਦਰਸ਼ਨ ਦੇ ਕੇ ਫਿਰ ਤਪ ਸਥਾਨ ਤੇ ਹੀ ਪਹੁੰਚ ਜਾਂਦੇ। ਇਹੋ ਹੀ ਵੱਡਾ ਭਾਗ ਸੀ, ਹਰਿ ਸਿਉਂ ਬਣਿ ਆਉਣ ਦਾ ਅਤੇ ਇਹੋ ਨਾਮ ਦੀ ਸਫਲ ਕਮਾਈ ਦੁਆਰਾ ਲੋਕਾਈ ਨੂੰ ਸੋਧਣ ਦਾ...... ਜੋ ਸੰਸਾਰ ਦੀ ਪਦਾਰਥਵਾਦੀ ਦੌੜ ਵਿੱਚ ਮਨਸਾ, ਤ੍ਰਿਸ਼ਨਾ ਦੀ ਅਗਨੀ ਵਿੱਚ ਸੜ ਰਹੀ ਸੀ। ਪਰ ਸਤਿਗੁਰੂ ਦਾ ਪਰਤਾਪ ਸਦਾ ਤੋਂ ਹੀ ਜਗਤ ਵਿੱਚ ਠੰਢ ਵਰਤਾਉਣ ਵਾਲਾ ਹੀ ਰਿਹਾ ਹੈ।

## ਨਹਿਰ ਕੰਢੇ ਦੇ ਡੇਰੇ ਦਾ ਪੱਕੇ ਤੌਰ ਤੇ ਆਬਾਦ ਹੋਣਾ

ਨਹਿਰ ਦੇ ਡੇਰੇ ਵਾਲਾ ਉਹ ਸਥਾਨ ਜਿਥੇ ਸਤਿਗੁਰੂ ਪਰਤਾਪ ਸਿੰਘ ਜੀ ਨੇ 1906 ਵਿੱਚ ਪਹਿਲੀ ਤਪ ਸਾਧਨਾ ਕੀਤੀ ਸੀ, ਆਪ ਜੀ ਦੇ ਮਨ ਭਾਉਂਦਾ ਸਥਾਨ ਬਣ ਗਿਆ। ਨਹਿਰ ਦੇ ਕੰਢੇ-ਕੰਢੇ ਦੀ ਭੂਮੀ ਨੀਲਾਮ ਕੀਤੀ ਜਾਂਦੀ ਸੀ। ਭੈਣੀ ਸਾਹਿਬ ਦੇ ਡੇਰੇ ਵੱਲੋਂ ਇਹ ਭੂਮੀ ਹਰ ਸਾਲ ਬੋਲੀ ਦੇ ਕੇ ਲੈ ਲਈ ਜਾਂਦੀ ਸੀ। ਆਲੇ ਦੁਆਲੇ ਦੇ ਪਿੰਡਾਂ ਵਿੱਚੋਂ ਕੁਝ ਸ਼ਰਧਾਵਾਨ ਸਿੱਖਾਂ ਨੇ ਵੱਖ-ਵੱਖ ਥਾਵਾਂ 'ਤੇ ਕੁਝ ਜ਼ਮੀਨ ਜੋ ਉਸ ਡੇਰੇ ਦੇ ਨੇੜੇ ਅਤੇ ਕੁਝ ਵਿਥ 'ਤੇ ਪੈਂਦੀ ਸੀ, ਨਾਮਧਾਰੀ ਦਰਬਾਰ ਨੂੰ ਭੇਟ ਕਰ ਦਿੱਤੀ। ਸਤਿਗੁਰੂ ਜੀ ਦੀ ਇੱਛਾ 'ਤੇ ਡੇਰੇ ਦੇ ਸੇਵਕਾਂ ਤੇ ਸਥਾਈ ਤੌਰ ਤੇ ਰਹਿਣ ਵਾਲੇ ਸੰਤ ਪੁਰਸ਼ਾਂ ਦੇ ਉਦਮ ਨਾਲ ਸਹਿਜੇ-ਸਹਿਜੇ ਇਸ ਡੇਰੇ ਦੀ ਭੂਮੀ ਵਿੱਚ ਵਾਧਾ ਹੁੰਦਾ ਗਿਆ। ਕੁਝ ਭੂਮੀ ਦਾਨ ਵਜੋਂ ਪ੍ਰਾਪਤ ਹੋ ਗਈ। ਇਸ ਨਹਿਰ ਵਾਲੀ ਜ਼ਮੀਨ ਉੱਤੇ ਸ੍ਰੀ ਭੈਣੀ ਸਾਹਿਬ ਦੇ ਡੇਰੇ ਦੇ ਪਸ਼ੂ ਚਰਦੇ ਹੁੰਦੇ ਸਨ। ਪੂਨੀਆਂ ਦੇ ਹੀਰਾ ਸਿੰਘ ਨੇ ਦੋ ਘੁਮਾਂ ਜ਼ਮੀਨ ਡੇਰੇ ਨੂੰ ਦਾਨ ਕਰ ਦਿੱਤੀ। ਢੰਡਿਆਂ ਦੀ ਮਾਈ ਨੰਦ ਕੌਰ ਨੇ ਪੰਜ-ਸੱਤ ਘੁਮਾਂ ਜ਼ਮੀਨ ਸਤਿਗੁਰੂ ਜੀ ਦੇ ਅਰਪਣ ਕਰ ਦਿੱਤੀ। ਪੂਨੀਆਂ ਦੇ ਹੀ ਇੱਕ ਹੋਰ ਜ਼ਿੰਮੀਦਾਰ ਨੇ ਵੀ ਤਿੰਨ ਘੁਮਾਂ ਜ਼ਮੀਨ ਸਤਿਗੁਰੂ ਜੀ ਦੇ ਅਰਪਣ ਕਰ ਦਿੱਤੀ। ਇਨ੍ਹਾਂ ਵੱਖ-ਵੱਖ ਜ਼ਮੀਨਾਂ ਦੇ ਟੋਟਿਆਂ ਨੂੰ ਡੇਰੇ ਦੇ ਪ੍ਰਬੰਧਕਾਂ ਨੇ ਸਰਕਾਰੀ ਤੇ ਨਿੱਜੀ ਯਤਨਾਂ ਦੁਆਰਾ ਕੁਝ ਜ਼ਮੀਨ ਦਾ ਵਟਾਂਦਰਾ ਕਰਕੇ ਡੇਰੇ ਦੇ ਨੇੜੇ ਲੈ ਆਂਦਾ। ਜ਼ਿੰਮੀਦਾਰਾਂ ਨੂੰ ਭੌਂ ਨਾਲ ਖਾਸ ਮੋਹ ਹੁੰਦਾ ਹੈ। ਉਹ ਵਾਹ ਲਗਦੀ ਜ਼ਮੀਨ ਨੂੰ ਹਥੋਂ ਨਿਕਲਣ ਨਹੀਂ ਦਿੰਦੇ। ਇਸ ਲਈ ਭਾਵੇਂ ਕੁਝ ਜ਼ਿੰਮੀਂਦਾਰਾਂ ਵੱਲੋਂ ਵਿਰੋਧ ਵੀ ਕੀਤਾ ਗਿਆ, ਪਰ ਉਨ੍ਹਾਂ ਦੀ ਦਾਲ ਨਾ ਗਲੀ। 500 ਰੁਪਏ ਦੇ ਕੇ ਇਸ ਜ਼ਮੀਨ ਨੂੰ ਕਬਜ਼ੇ ਵਿੱਚ ਲੈ ਲਿਆ ਗਿਆ।

ਨਹਿਰ ਦੀ ਜ਼ਮੀਨ ਦੀ ਨੀਲਾਮੀ ਸਮੇਂ ਵੀ ਕਈ ਔਕੜਾਂ ਆਉਂਦੀਆਂ ਰਹੀਆਂ। ਹਰ ਸਾਲ ਇਹ ਜ਼ਮੀਨ 100 ਰੁਪਏ ਦੀ ਬੋਲੀ ਦੇ ਕੇ ਲੈ ਲਈ ਜਾਂਦੀ ਸੀ। ਇੱਕ ਵਾਰ ਕੁਝ ਵਿਰੋਧੀਆਂ ਵੱਲੋਂ ਇਸ ਜ਼ਮੀਨ ਦੀ ਬੋਲੀ 100 ਤੋਂ 1600 ਰੁਪਏ ਤੱਕ ਚੜ੍ਹਾ ਦਿੱਤੀ ਗਈ, ਪਰ ਇਹ ਬੋਲੀ ਸ੍ਰੀ ਭੈਣੀ ਸਾਹਿਬ ਦੇ ਡੇਰੇ ਦੇ ਹੱਕ ਵਿੱਚ ਹੀ ਨੀਲਾਮ ਹੋਈ। ਉਨ੍ਹਾਂ ਵਿਰੋਧੀਆਂ ਨੂੰ ਫਿਰ ਇਸ ਗੱਲ ਦਾ ਅਹਿਸਾਸ ਹੋਇਆ ਕਿ ਸਾਨੂੰ ਇਹ ਚੜ੍ਹੋਖਤੀ ਗੁਰੂ ਘਰ ਨਾਲ ਨਹੀਂ ਸੀ ਕਰਨੀ ਚਾਹੀਦੀ। ਇਨ੍ਹਾਂ ਪਿੰਡਾਂ ਦੇ ਮੁਹਤਬਰਾਂ ਨੇ ਆ ਕੇ ਸਤਿਗੁਰੂ ਜੀ ਕੋਲੋਂ ਮੁਆਫੀ ਮੰਗੀ ਅਤੇ ਉਹ 1600 ਰੁਪਈਆ ਵੀ ਆਪ ਭਰਿਆ, ਕੇਵਲ ਦੋ

Namdhari Elibrary NamdhariElibrary@gmail.com

ਸਾਲਾਂ 1907 ਤੋਂ 1909 ਤੱਕ ਇਹ ਡੇਰਾ ਆਬਾਦ ਹੋ ਗਿਆ। ਇਥੇ ਪੱਕੇ ਤੌਰ ਤੇ ਕੋਠੇ ਪਾ ਦਿੱਤੇ ਗਏ ਅਤੇ ਇੱਕ ਖੂਹੀ ਵੀ ਲਾ ਦਿੱਤੀ ਗਈ। ਉਦੋਂ ਤੋਂ ਲੈ ਕੇ ਹੁਣ ਤੱਕ ਨਹਿਰ ਦੇ ਇਹ ਡੇਰੇ ਦਾ ਸਥਾਨ ਨਾਮਧਾਰੀ ਦਰਬਾਰ ਦੇ ਪਾਸ ਹੈ। ਨਹਿਰ ਵਾਲੇ ਡੇਰੇ ਦੀ ਇਹ ਜ਼ਮੀਨ ਪਸ਼ੂਆਂ ਦੀ ਚਰਾਂਦ ਅਤੇ ਲੰਗਰ ਦੇ ਬਾਲਣ ਦੀ ਪੂਰਤੀ ਲਈ ਤਦੋਂ ਤੋਂ ਹੀ ਬੜੀ ਲਾਹੇਵੰਦ ਸਿੱਧ ਹੋ ਰਹੀ ਹੈ।

## ਗੁਰੂ ਪ੍ਰਤੀ ਸ਼ਰਧਾ ਦੇ ਦੋ ਉਜਲ ਉਦਾਹਰਣ

1907 ਵਿੱਚ ਨਿਮਾਣੀ ਦਾ ਮੇਲਾ ਜੋ ਸਤਿਗੁਰੂ ਹਰੀ ਸਿੰਘ ਦੇ ਸਮੇਂ ਤੋਂ ਹੀ ਚਲਿਆ ਆਉਂਦਾ ਸੀ, ਬੜੇ ਉਤਸ਼ਾਹ ਤੇ ਪ੍ਰੇਮ ਦੀ ਸਮਰਪਤ ਭਾਵਨਾ ਨਾਲ ਮਨਾਇਆ ਗਿਆ। ਬਹੁਤ ਸਾਰੀ ਸੰਗਤ ਜੁੜੀ। ਕਥਾ ਕੀਰਤਨ ਅਤੇ ਨਾਮ ਬਾਣੀ ਦਾ ਪਰਵਾਹ ਚਲਿਆ।

ਇਸੇ ਸਮਾਗਮ ਤੇ ਅੰਮ੍ਰਿਤਸਰ ਦੀ ਪੰਧਰੀ ਵਾਲੀ ਮਾਈ ਸਾਹਬੋ ਵੀ ਪੁੱਜੀ। ਇਹ ਮਾਈ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਹੀ ਗੁਰੂ ਘਰ ਨਾਲ ਜੁੜੀ ਹੋਈ ਸੀ ਅਤੇ 1861 ਈ. ਦੇ ਅਰਧ ਕੁੰਭੀ ਦੇ ਮੇਲੇ ਉੱਤੇ ਸਤਿਗੁਰੂ ਰਾਮ ਸਿੰਘ ਜੀ ਤੇ ਸਾਧ ਸੰਗਤ ਨਾਲ ਹਰਿਦੁਆਰ ਗਈ ਸੀ। ਕੁਝ ਵਿਸ਼ੇਸ਼ ਘਟਨਾਵਾਂ ਵੀ ਉਸ ਨਾਲ ਜੁੜੀਆਂ ਹੋਈਆਂ ਹਨ। ਉਹ ਗੁਰੂ ਘਰ ਨਾਲ ਪੂਰਨ ਸ਼ਰਧਾ ਰੱਖਣ ਵਾਲੀ ਅਤੇ ਨਾਮ ਦੀ ਅਭਿਆਸਨ ਸੀ। ਸਤਿਗੁਰੂ ਪਰਤਾਪ ਸਿੰਘ ਜੀ ਸਤਿਗੁਰੂ ਰਾਮ ਸਿੰਘ ਦੇ ਸਮੇਂ ਤੋਂ ਪੰਥ ਨਾਲ ਜੁੜੀਆਂ ਹਸਤੀਆਂ ਦਾ ਬਹੁਤ ਅਦਬ ਸਤਿਕਾਰ ਕਰਦੇ ਸਨ।

[1] ਜਦੋਂ ਮਾਈ ਸਾਹਬੋ ਦੀਵਾਨ ਵਿੱਚ ਹਾਜ਼ਰ ਹੋਈ ਤਾਂ ਸਤਿਗੁਰੂ ਜੀ ਨੇ ਔਗਲਵਾਂਢੀ ਹੋ ਕੇ ਉਸਦਾ ਨਿੱਘਾ ਸਵਾਗਤ ਕੀਤਾ। "ਸਤਿਗੁਰੂ ਜੀ ਮਾਈ ਜੀ ਨੂੰ ਦੂਰੋਂ ਵੇਖ ਅਗੋਂ ਹੋ ਮਿਲੇ, ਮਾਈ ਨੇ ਚਰਨੀਂ ਹੱਥ ਲਾਇਆ। ਸਤਿਗੁਰੂ ਜੀ ਭੀ ਨੀਵੇਂ ਹੋ ਚਰਨ ਮਾਈ ਦੇ ਛੋਹਣ ਲੱਗੇ, ਮਾਈ ਨੇ ਅਗੋਂ ਹੱਥ ਫੜ ਕਿਹਾ, ਤੁਸੀਂ ਸਤਿਗੁਰੂ ਰਾਮ ਸਿੰਘ ਜੀ ਅਕਾਲ ਪੁਰਖ ਤੇ ਜੋਤਿ ਕੇ ਜਾਮੇ ਗੁਰੂ ਹਰੀ ਸਿੰਘ ਜੀ ਦੇ ਤਖ਼ਤ ਆਸਣ ਤੇ ਸੋਭਦੇ ਹੋ। ਸਤਿਗੁਰੂ ਦੀ ਲੋਹ ਕੇ ਸੇਵਕ ਹੋ। ਆਪ ਦੀ ਚਰਨੀਂ ਹੀ ਸਾਡਾ ਹੱਥ ਲਾਣਾ ਬਣਦਾ ਏ। ਸਤਿਗੁਰੂ ਜੀ ਥੰਮ ਗਏ ਤੇ ਆਪਣੇ ਆਸਣ ਪਾਸ ਮਾਈ ਨੂੰ ਬਿਠਾ ਅਰਜ ਕੀਤੀ," ਤੇ ਫਿਰ ਮਾਈ ਜੀ ਤੋਂ ਹਰਿਦੁਆਰ ਵਾਲੀ ਉਹ ਵਾਰਤਾ ਸੁਣੀ ਜੋ ਹਰਿਦੁਆਰ ਵਿੱਚ ਅਗਨੀ ਵਿੱਚ ਬੈਠ ਕੇ ਉਸ ਨਾਲ ਵਾਪਰੀ ਸੀ। ਸਤਿਗੁਰੂ ਜੀ ਸੁਣ ਕੇ ਵੈਰਾਗਵਾਨ ਹੋ ਗਏ।

ਮਾਈ ਸਾਹਬੋ ਨੇ ਉਹ ਰੇਜਾ (ਖੱਦਰ ਦਾ ਥਾਨ) ਸਤਿਗੁਰੂ ਜੀ ਦੀ ਭੇਟ ਕੀਤਾ, ਜੋ ਉਸਨੇ ਕਪਾਹ ਦੇ ਵੇਲਣ, ਕੱਤਣ ਤੇ ਉਣਾਉਣ ਤਕ ਸਵਾਸ-ਸਵਾਸ ਸਿਮਰਨ ਰਾਹੀਂ ਤਿਆਰ ਕਰਵਾਇਆ ਸੀ। ਭੇਟ ਕਰਨ ਸਮੇਂ ਮਾਈ ਨੇ ਕਿਹਾ, "ਆਪਣੇ ਤਨ ਪਹਿਨ ਕੇ ਮੇਰੇ ਮਨ ਦੀ ਰੀਝ ਪੂਰੀ ਕਰਨੀ। ਸਤਿਗੁਰੂ ਜੀ ਬੜੇ ਆਦਰ ਨਾਲ ਸਤਿ ਬਚਨ ਕਹਿ, ਆਪਣੇ ਹੱਥਾਂ ਤੇ ਲੈ ਕਿਹਾ, ਧੰਨ ਭਾਗ ਜੋ ਆਪ ਵੱਲੋਂ ਮੈਨੂੰ ਇਹ ਪ੍ਰੇਮ ਭੇਟਾ ਮਿਲੀ ਹੈ। ਮੈਂ ਤਨ ਹੰਢਾਵਾਂਗਾ।"

---

[1] ਤਰਨ ਸਿੰਘ ਵਹਿਮੀ, *ਜਸ ਜੀਵਨ*, ਭਾਗ ਪਹਿਲਾ, ਪੰਨਾ 102.

Namdhari Elibrary NamdhariElibrary@gmail com

ਸਤਿਗੁਰੂ ਜੀ ਦਾ ਕਹਿਣਾ ਸੀ ਕਿ ਇਸ ਕੱਪੜੇ ਦੇ ਬਣਾਏ ਗਏ ਕੁੜਤਾ ਤੇ ਕਟਹਿਰਾ ਪਹਿਣ ਕੇ ਮੈਨੂੰ ਅਨੋਖਾ ਹੀ ਆਨੰਦ ਪ੍ਰਾਪਤ ਹੁੰਦਾ ਸੀ।

ਗੁਰੂ ਨਾਲ ਅਥਾਹ ਪ੍ਰੇਮ ਤੇ ਸ਼ਰਧਾ ਦੀ ਦੂਜੀ ਵਾਰਤਾ ਭਾਈ ਵਜ਼ੀਰ ਸਿੰਘ ਦੀ ਹੈ, ਜੋ ਸਤਿਗੁਰੂ ਪਰਤਾਪ ਸਿੰਘ ਜੀ ਦੇ ਚਰਨਾਂ ਵਿੱਚ ਜਦੋਂ ਤੋਂ ਆਏ ਤਾਂ ਫਿਰ ਸਾਰੀ ਉਮਰ ਲਈ ਉਨ੍ਹਾਂ ਦੇ ਹੀ ਹੋ ਕੇ ਰਹਿ ਗਏ।

ਭਾਈ ਵਜ਼ੀਰ ਸਿੰਘ ਸੂਬਾ ਕਾਹਨ ਸਿੰਘ ਨਿਹੰਗ ਦੇ ਪੋਤਰੇ ਸਨ, ਜੋ ਮਲੇਰਕੋਟਲੇ ਦੇ ਨੇੜੇ ਦੇ ਪਿੰਡ ਚੱਕ ਕਲਾਂ ਦੇ ਵਾਸੀ ਸਨ। ਜਦੋਂ ਵੀ ਮਲੇਰਕੋਟਲੇ ਜਾਂ ਭੈਣੀ ਸਾਹਿਬ ਵਿਖੇ ਸਤਿਗੁਰੂ ਜੀ ਦੇ ਦਰਸ਼ਨ ਕਰਦੇ ਤਾਂ ਭਾਈ ਵਜ਼ੀਰ ਸਿੰਘ ਦਾ ਚਿਤ ਸ੍ਰੀ ਸਤਿਗੁਰੂ ਜੀ ਦੀ ਚਰਨ-ਸ਼ਰਨ ਵਿੱਚ ਸਦੀਵੀ ਤੌਰ ਤੇ ਵਿਚਰਨ ਲਈ ਕਰਦਾ ਰਹਿੰਦਾ। ਜਦੋਂ ਭੈਣੀ ਸਾਹਿਬ ਆ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਦਾ, ਤਾਂ ਉਸਦਾ ਮਨ ਉਥੋਂ ਜਾਣ ਨੂੰ ਨਾ ਕਰਦਾ। ਪਰ ਕੋਈ ਨਾ ਕੋਈ ਉਸ ਦੇ ਘਰ ਦਾ ਜੀਅ ਉਸਨੂੰ ਆ ਕੇ ਲੈ ਜਾਂਦਾ। ਇੱਕ ਵਾਰ ਮਨ ਪੱਕਾ ਕਰਕੇ ਉਸਨੇ ਸਤਿਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕ ਕੇ ਅਰਜ਼ ਕੀਤੀ ਕਿ ਮੇਰਾ ਮਨ ਸਦਾ ਲਈ ਆਪ ਜੀ ਦੀ ਸੇਵਾ ਕਰਨ ਲਈ ਲੋਚਦਾ ਰਹਿੰਦਾ ਹੈ। ਸਤਿਗੁਰੂ ਜੀ ਨੇ ਉਸਦੀ ਬੇਨਤੀ ਪ੍ਰਵਾਨ ਕਰ ਲਈ ਤੇ ਉਸਨੂੰ ਗੜਵਾ ਫੜਾ ਦਿੱਤਾ। ਵਹਿਮੀ ਜੀ ਦੀ ਲਿਖਤ ਅਨੁਸਾਰ ਭਾਈ ਵਜ਼ੀਰ ਸਿੰਘ ਦੇ ਬਾਪ ਜੀਵਨ ਸਿੰਘ ਨੇ ਆ ਕੇ ਪੁੱਛਿਆ ਕਿ ਕਿਸੇ ਲਾਲਸਾ ਵਸ ਹੋ ਕੇ ਤਾਂ ਤੂੰ ਅਜਿਹਾ ਨਹੀਂ ਕਰਨਾ ਚਾਹੁੰਦਾ, ਤਾਂ ਭਾਈ ਵਜ਼ੀਰ ਸਿੰਘ ਨੇ ਉੱਤਰ ਦਿੱਤਾ, ਇਕੋ ਲਾਲਚ ਏ ਦਰਸ਼ਨ ਹਿੱਤ ਤੇ ਸੇਵਾ ਹੀ ਕਰਾਂ।" ਸੰਤ ਜੀਵਨ ਸਿੰਘ ਨੇ ਅਰਜ ਕੀਤੀ, "ਮੈਂ ਤੇ ਜਨਮ ਦਾ ਬਾਪ ਹਾਂ, ਆਪ ਜੀਵਨ ਦੇ ਬਾਪ ਹੋ, ਇਸ ਦੀ ਲਗੀ ਨੂੰ ਤੁਸਾਂ ਆਪ ਹੀ ਨਿਭਾਣਾ ਹੈ।" ਸਤਿਗੁਰੂ ਜੀ ਬਚਨ ਕੀਤਾ, "ਮੇਰਾ ਤੇ ਇਸ ਦਾ ਪੁਰਾਣਾ ਨਾਤਾ ਨਿਹੁੰ ਦਾ ਜਾਪਦੈ, ਉਹ ਜੋੜਨ ਵਾਲਾ ਤੋੜ ਚਾਹੜ ਹੀ ਦੇਵੇਗਾ। ਭਾਈ ਵਜ਼ੀਰ ਸਿੰਘ ਨੇ ਆਪਣੀ ਸਾਰੀ ਆਯੂ ਨਿਸ਼ਕਾਮ ਸੇਵਕ ਵਜੋਂ ਗੁਰੂ ਘਰ ਦੇ ਲੇਖੇ ਹੀ ਲਾ ਦਿੱਤੀ ਸੀ ਅਤੇ ਉਸਨੂੰ ਸਤਿਗੁਰੂ ਜੀ ਦੇ ਹਜ਼ੂਰੀ ਸੇਵਕ ਹੋਣ ਦਾ ਮਾਣ ਪ੍ਰਾਪਤ ਹੈ।"

## ਇਸ ਕਾਲ ਦੀਆਂ ਕੁਝ ਹੋਰ ਧਾਰਮਿਕ ਕਾਰਵਾਈਆਂ ਤੇ ਪ੍ਰਾਪਤੀਆਂ

ਤਰਨ ਸਿੰਘ ਵਹਿਮੀ ਨੇ ਇਸ ਸਮੇਂ ਸਤਿਗੁਰੂ ਪਰਤਾਪ ਸਿੰਘ ਜੀ ਦੀ ਨਿਜ ਕਿਰਿਆ, ਮਾਨਸਿਕ ਤੇ ਆਤਮਿਕ ਦਸ਼ਾ ਬਾਰੇ ਥਾਂ ਪਰ ਥਾਂ ਸੁੰਦਰ ਪ੍ਰਕਾਸ਼ ਪਾਇਆ ਹੈ। ਆਪ ਲਿਖਦੇ ਹਨ, "ਸਤਿਗੁਰੂ ਜੀ ਭੈਣੀ ਸਾਹਿਬ ਤੇ ਨਹਿਰ ਬਿਨਾਂ, ਥੋੜੇ ਮੇਲੀਆਂ ਬਿਨਾਂ, ਆਪਣੇ ਮਨ ਦੇ ਨੇਮ ਤੋਂ, ਭਜਨ ਬਾਣੀ, ਸੰਜਮ, ਸੋਣ ਜਾਗਣ, ਛਕਣ, ਬੋਲਣ ਬਿਨਾਂ, ਹੋਰ ਦੋ ਘੱਟ ਹੀ ਜਾਣੂ ਸਿਵਾਣੂ ਬਨਦੇ।" ਪਰ ਗੁਰਤਵ ਦੇ ਕਰਤਵ ਨੂੰ ਨਿਭਾਉਣ ਲਈ ਆਉਣ ਵਾਲੀਆਂ ਸੰਗਤਾਂ ਦੀਆਂ ਅਰਜ਼ਾਂ, ਬੇਨਤੀਆਂ, ਭਾਈਚਾਰਕ ਅਤੇ ਸਮਾਜਿਕ ਕਾਰਜਾਂ ਵਿੱਚ ਅਗਵਾਈ ਦੇਣ ਲਈ ਸਤਿਗੁਰੂ ਜੀ ਵੱਲੋਂ ਇੰਨਾ ਸੰਜਮ ਤੇ ਸੰਕੋਚ ਨੂੰ ਧਾਰਨ ਕਰਨ ਦੀ ਵਿਸ਼ੇਸ਼ ਲੋੜ ਨਹੀਂ ਸੀ। ਸਤਿਗੁਰੂ ਜੀ ਵੀ ਇਸ ਗੱਲ ਨੂੰ ਭਲੀ ਪ੍ਰਕਾਰ ਜਾਣਦੇ

[1] ਤਰਨ ਸਿੰਘ ਵਹਿਮੀ, *ਜਸ ਜੀਵਨ*, ਭਾਗ ਪਹਿਲਾ, ਪੰਨਾ 109.

ਸਨ। ਧਰਮ ਕਰਮ ਅਤੇ ਭਜਨ ਬਾਣੀ ਦੇ ਨੇਮ ਅਤੇ ਗੁਰੂ ਦੀਵਾਨਾਂ ਦੇ ਨਿਯਮਿਤ ਕਾਰਜਾਂ ਨੂੰ ਨਿਭਾਉਣ ਤੋਂ ਬਿਨਾਂ ਆਪ ਜੀ ਵੱਲੋਂ ਜੀਵਨ ਦੇ ਹੋਰ ਅਨੇਕ ਪ੍ਰਕਾਰ ਦੇ ਕਾਰਜਾਂ ਵਿੱਚ ਵੀ ਅਗਵਾਈ ਦੇਣੀ ਬਣਦੀ ਸੀ। ਸਹਿਜੇ-ਸਹਿਜੇ ਨਾਮਧਾਰੀ ਪੰਥ ਦੇ ਨਿਸ਼ਚਿਤ ਤਿਉਹਾਰਾਂ ਅਤੇ ਵੱਖ-ਵੱਖ ਥਾਵਾਂ ਦੇ ਜੋੜ ਮੇਲਿਆਂ ਅਤੇ ਹੋਲੇ ਦੇ ਪੁਰਬਾਂ ਨੇ ਆਪ ਜੀ ਨੂੰ ਅਪਣਾਏ ਗਏ ਇਸ ਸੰਜਮ ਤੇ ਸੰਕੋਚ ਨੂੰ ਤੋੜਨ ਅਤੇ ਸੰਗਤ ਨਾਲ ਖੁਲ੍ਹਾ ਵਿਹਾਰ ਤੇ ਵਿਚਾਰ ਕਰਨ ਲਈ ਭੂਮੀ ਤਿਆਰ ਕਰ ਦਿੱਤੀ।

ਹੋਲੇ ਦੇ ਪੁਰਬ ਨਾਮਧਾਰੀ ਸੰਗਤ ਲਈ ਵਿਸ਼ੇਸ਼ ਮਹੱਤਵ ਰੱਖਦੇ ਸਨ। ਕਈ ਯਾਦਗਾਰੀ ਹੋਲੇ ਦੇ ਪੁਰਬ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਮਨਾਏ ਜਾ ਚੁੱਕੇ ਸਨ। ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਵੀ ਜਦੋਂ ਖੁਲ੍ਹ ਹੋਈ ਤਾਂ ਆਪ ਜੀ ਨੇ ਭੈਣੀ ਸਾਹਿਬ ਤੋਂ ਬਾਹਰ ਸਿੱਖ ਸੰਗਤਾਂ ਨੂੰ ਦੀਵਾਨਾਂ ਤੇ ਕਈ ਪੁਰਬਾਂ ਤੇ ਦਰਸ਼ਨ ਦਿੱਤੇ ਅਤੇ ਜੋੜ ਮੇਲੇ ਕੀਤੇ ਸਨ। ਸਤਿਗੁਰੂ ਪਰਤਾਪ ਸਿੰਘ ਜੀ ਲਈ ਵੀ ਇਨ੍ਹਾਂ ਧਾਰਮਿਕ ਉਤਸਵਾਂ ਵਿੱਚ ਸ਼ਾਮਿਲ ਹੋਣਾ ਬੜਾ ਸੁਭਾਵਿਕ ਹੀ ਸੀ, ਕਿਉਂ ਜੋ ਸਿੱਖ ਸੰਗਤਾਂ ਦੀਆਂ ਅਰਜ਼ਾਂ ਬੇਨਤੀਆਂ ਨੂੰ ਅਪ੍ਰਵਾਨ ਕਰ ਦੇਣਾ ਆਪ ਜੀ ਲਈ ਕੋਈ ਸੌਖੀ ਗੱਲ ਨਹੀਂ ਸੀ। 1910 ਤੱਕ ਦੇ ਸਮੇਂ ਵਿੱਚ ਜਿਨ੍ਹਾਂ ਥਾਵਾਂ ਤੇ ਹੋਲੇ ਮਨਾਏ ਗਏ, ਉਨ੍ਹਾਂ ਦੇ ਰੌਚਿਕ ਵਰਣਨ ਸਤਿਗੁਰੂ ਜੀ ਦੇ ਜੀਵਨੀਕਾਰਾਂ ਨੇ ਵੇਰਵੇ ਸਹਿਤ ਲਿਖੇ ਹਨ। ਜਿਨ੍ਹਾਂ ਵਿੱਚੋਂ ਕੁਝ ਉਤਸਵਾਂ ਦਾ ਵਰਣਨ ਇਥੇ ਕਰ ਦੇਣਾ ਬੜਾ ਜ਼ਰੂਰੀ ਪ੍ਰਤੀਤ ਹੁੰਦਾ ਹੈ ਅਤੇ ਇਨ੍ਹਾਂ ਜੋੜ ਮੇਲਿਆਂ ਨੇ ਸਤਿਗੁਰੂ ਪਰਤਾਪ ਸਿੰਘ ਜੀ ਦੀ ਮਹਿਮਾ ਨੂੰ ਉਜਾਗਰ ਕਰਨ ਅਤੇ ਗੁਰੂ ਪ੍ਰਤੀ ਸ਼ਰਧਾ ਦੇ ਅਲੌਕਿਕ ਵਰਣਨ ਤੇ ਸ਼ੋਭਾ ਨੇ ਸਤਿਗੁਰੂ ਜੀ ਦੀ ਸ਼ਾਨ ਨੂੰ ਦੂਣ-ਸਵਾਇਆ ਕਰ ਦਿੱਤਾ।

ਪਹਿਲਾ ਹੋਲਾ 1906 ਈ. (ਬਿ. ਸੰਮਤ 1963) ਵਿੱਚ ਜ਼ਿਲ੍ਹਾ ਗੁਜਰਾਤ ਦੇ ਨੁਸ਼ਹਿਰਾ ਨਾਂ ਦੇ ਸਥਾਨ ਤੇ ਹੋਇਆ। ਦੂਜਾ ਹੋਲਾ, 1907 ਈ. (1964 ਬਿ.) ਵਿੱਚ ਫਿਲੋਕੇ, ਜ਼ਿਲ੍ਹਾ ਗੁਜਰਾਂਵਾਲਾ ਵਿੱਚ ਹੋਇਆ, ਜਿਸ ਵਿੱਚ ਸਤਿਗੁਰੂ ਜੀ ਤੋਂ ਬਿਨਾਂ ਮਾਤਾਵਾਂ; ਜੀਵਨ ਕੌਰ ਤੇ ਫਤਹਿ ਕੌਰ ਤੇ ਮਹਾਰਾਜ ਗੁਰਦਿਆਲ ਸਿੰਘ ਤੇ ਮਹਾਰਾਜ ਨਿਹਾਲ ਸਿੰਘ ਨੇ ਵੀ ਦਰਸ਼ਨ ਦਿੱਤੇ।[1] ਪਰ 1908 ਈ. (1965 ਬਿ.) ਦਾ ਹੋਲੇ ਦਾ ਪੁਰਬ ਗਿਲ ਬਾਰ ਜ਼ਿਲ੍ਹਾ ਸ਼ੇਖੂਪੁਰਾ ਵਿੱਚ ਮਨਾਇਆ ਗਿਆ ਜੋ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖ ਰਾਜ ਕਾਲ ਦੇ ਸੈਨਿਕ ਸਾਥੀ ਬਾਬਾ ਜਮੀਤ ਸਿੰਘ ਦਾ ਪਿੰਡ ਸੀ। ਇਸ ਸਥਾਨ ਤੇ ਹੀ ਗੁਰੂ ਬਾਲਕ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਪਿਛੋਂ ਆਪ ਜੀ ਦੇ ਉਤਰਾਧਿਕਾਰੀ ਵਜੋਂ ਸਤਿਗੁਰੂ ਰਾਮ ਸਿੰਘ ਜੀ ਦੀ ਦਸਤਾਰਬੰਦੀ ਵੀ ਇਥੇ ਹੀ ਕੀਤੀ ਗਈ ਸੀ। ਇਹ ਹੋਲੇ ਦਾ ਪੁਰਬ ਬੜਾ ਯਾਦਗਾਰੀ ਸਿੱਧ ਹੋਇਆ, ਜਿਸ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਮੁੜ-ਮੁੜ ਯਾਦ ਕਰਦੇ ਗਦ-ਗਦ ਹੋ ਜਾਇਆ ਕਰਦੇ ਸਨ। ਇਸ ਹੋਲੇ ਵਿੱਚ ਸੰਤ ਲਾਲ ਸਿੰਘ ਜੀ ਕੂਰੇ ਗਿੱਲ, ਭਾਈ ਕਾਲੂ ਤੇ ਭਾਈ ਮੱਤੂ ਨੇ ਕੀਰਤਨ ਦਾ ਚੰਗਾ ਰੰਗ ਬੰਨ੍ਹਿਆ।

[1] ਤਰਨ ਸਿੰਘ ਵਹਿਮੀ, *ਜਸ ਜੀਵਨ*, ਭਾਗ ਪਹਿਲਾ, ਪੰਨਾ 103 ਹੋਰ ਲਈ ਵੇਖੋ।

Namdhari Elibrary NamdhariElibrary@gmail.com

3 ਜੂਨ, 1910 ਈ., ਸ਼ੁੱਕਰਵਾਰ, ਨਿਮਾਣੀ ਦਾ ਮੇਲਾ, ਜੋ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਤੋਂ ਹੀ ਚੱਲਿਆ ਆ ਰਿਹਾ ਸੀ, ਸ੍ਰੀ ਭੈਣੀ ਸਾਹਿਬ ਵਿਖੇ ਹੀ ਮਨਾਇਆ ਗਿਆ। ਸਾਧ ਸੰਗਤ ਦੂਰੋਂ, ਨੇੜਿਓਂ, ਹੁੰਮ ਹੁੰਮਾ ਕੇ ਵੱਡੀ ਗਿਣਤੀ ਵਿੱਚ ਹਾਜਰੀ ਭਰਨ ਤੇ ਗੁਰੂ ਦਰਸ਼ਨ ਨੂੰ ਆਈ। ਸਤਿਗੁਰੂ ਜੀ ਦੇ ਨਿਕਟਵਰਤੀ ਘੇਰੇ ਦੇ ਪ੍ਰਮੁੱਖ ਸੰਤਾਂ, ਸੰਤ ਲਾਲ ਸਿੰਘ ਬੂਰੇ ਗਿੱਲ, ਭਾਈ ਵਜ਼ੀਰ ਸਿੰਘ ਤੇ ਸੰਤ ਗੁਰਬਖਸ਼ ਸਿੰਘ ਆਦਿ ਸਭ ਦੀ ਇਹ ਇੱਛਾ ਤੇ ਰੀਝ ਸੀ ਕਿ ਸਤਿਗੁਰੂ ਜੀ ਆਪਣੇ ਮਨ ਦੇ ਸੰਕੋਚ ਨੂੰ ਤੋੜਨ ਤੇ ਆਈਆਂ ਸੰਗਤਾਂ ਨਾਲ ਖੁੱਲ੍ਹ ਕੇ ਬਚਨ ਬਿਲਾਸ ਕਰਿਆ ਕਰਨ। ਉਨ੍ਹਾਂ ਵੱਲ ਮਿਹਰ ਦੀ ਨਿਗਾਹ ਨਾਲ ਤੱਕਣ ਅਤੇ ਉਨ੍ਹਾਂ ਨਾਲ ਮੁਸਕਾਨਾਂ ਸਾਂਝੀਆਂ ਕਰਨ, ਤਾਂ ਜੋ ਦਰਸ਼ਨਾਰਥੀਆਂ ਦੇ ਮਨ ਚਿਤ ਸਤਿਗੁਰੂ ਜੀ ਦੇ ਨਦਿਰ ਕਰਮ ਦੁਆਰਾ ਹੁਲਾਸ ਤੇ ਵਿਗਾਸ ਵਿੱਚ ਆ ਕੇ ਤਰੰਗਤ ਹੋ ਜਾਣ। ਇਨ੍ਹਾਂ ਸੰਤਾਂ ਨੇ ਹੱਥ ਜੋੜ ਕੇ ਸਤਿਗੁਰੂ ਜੀ ਨੂੰ ਬੇਨਤੀ ਕਰ ਹੀ ਦਿੱਤੀ ਕਿ ਆਪ ਆਈ ਸੰਗਤ ਨੂੰ ਪਾਵਨ ਬਚਨ ਬਿਲਾਸਾਂ ਦੁਆਰਾ ਨਿਹਾਲ ਕਰਿਆ ਕਰੋ।

ਸਤਿਗੁਰੂ ਜੀ ਨੇ ਨਿਮਰਤਾ ਸਹਿਤ ਬਚਨ ਕੀਤਾ ਕਿ 'ਜਦੋਂ ਮੈਂ ਇਹ ਵੇਖਦਾ ਹਾਂ ਕਿ ਮੇਰੇ ਤੋਂ ਵੱਡੀ ਉਮਰ ਦੇ ਬਜ਼ੁਰਗ ਮਹਾਂਪੁਰਸ਼, ਨੇਮੀ ਧਰਮੀ, ਮੇਰੇ ਚਰਨਾਂ ਤੇ ਆ ਕੇ ਨਮਸਕਾਰ ਕਰਦੇ ਹਨ ਤਾਂ ਮੇਰਾ ਮਨ ਉਨ੍ਹਾਂ ਵੱਲੋਂ ਦਰਸਾਏ ਗਏ ਪ੍ਰੇਮ ਤੇ ਸ਼ਰਧਾ ਕਾਰਨ, ਮੇਰੇ ਅੰਦਰੋਂ ਪ੍ਰਗਟੇ ਭਾਵਾਂ ਕਾਰਨ ਕੁਝ ਦਬਿਆ ਤੇ ਦੂਵਿਆ ਜਾਂਦਾ ਹੈ।' ਮੇਰੇ ਲਈ ਤਾਂ ਉਹ ਪੂਜਨੀਕ ਹਨ। ਪਰ ਜਦੋਂ ਆਪ ਜੀ ਅੱਗੇ ਇਹ ਬੇਨਤੀ ਕੀਤੀ ਗਈ ਕਿ ਆਪ ਨਾਮਧਾਰੀ ਸਤਿਗੁਰੂ ਸਾਹਿਬਾਨ ਦੇ ਉਤਰਾਧਿਕਾਰੀ ਤੇ ਵਾਰਿਸ ਹੋ ਅਤੇ ਆਪ ਉਨ੍ਹਾਂ ਵੱਲੋਂ ਬਖਸ਼ੇ ਗਏ ਚਵਰ ਤਖਤ ਦੇ ਸੁਆਮੀ ਹੋ। ਸੰਗਤ ਵੱਲੋਂ ਤਾਂ ਆਪ ਜੀ ਦੇ ਚਰਨਾਂ ਵਿੱਚ ਅਰਜ਼ ਕਰ ਦਿੱਤੀ ਗਈ ਹੈ ਅਤੇ ਅਰਦਾਸ ਜੋਦੜੀ ਵੀ ਹੈ...... ਇਹ ਵੀ ਗੁਰਵਾਕ ਹੈ, 'ਬਿਰਥੀ ਨਾ ਜਾਏ, ਜਨ ਕੀ ਅਰਦਾਸ'। ਸਤਿਗੁਰੂ ਜੀ ਦੇ ਮਨ ਵਿੱਚ ਵੀ ਪ੍ਰਸੰਨਤਾ ਦੀ ਲਹਿਰ ਉਪਜੀ ਅਤੇ ਉਨ੍ਹਾਂ ਨੇ ਅੱਗੇ ਤੋਂ ਆਪਣੇ ਮਨ ਦਾ ਸੰਕੋਚ ਪਰੇ ਕਰਕੇ ਸੰਗਤਾਂ ਦੀ ਬੇਨਤੀ ਨੂੰ ਖਿੜੇ ਮੱਥੇ ਪ੍ਰਵਾਨ ਕਰ ਲਿਆ।

## ਸਤਿਗੁਰੂ ਜੀ ਨੇ ਦਸਤਾਰਾ ਸਿੰਧਾ ਕੀਤਾ

1910 ਵਿੱਚ ਅੱਸੂ ਦੇ ਮਹੀਨੇ ਵਿੱਚ ਮਾਨਾਵਾਲਾ (ਜ਼ਿਲ੍ਹਾ ਸ਼ੇਖੂਪੁਰਾ) ਵਿਖੇ ਨਾਮਧਾਰੀ ਸਾਧ ਸੰਗਤ ਦਾ ਜੋੜ ਮੇਲਾ ਰੱਖਿਆ ਗਿਆ ਸੀ। ਇਹ ਮੇਲਾ ਸੰਤ ਸੁੰਦਰ ਸਿੰਘ ਜੀ ਦੀ ਉਚੇਚੀ ਬੇਨਤੀ ਉੱਤੇ ਕੀਤਾ ਗਿਆ ਸੀ। ਮੇਲੇ ਦੇ ਸਮੇਂ ਕਈ ਥਾਵਾਂ ਤੋਂ ਬਹੁਤ ਸਾਰੀ ਸੰਗਤ ਇਕੱਤਰ ਹੋਈ। ਵਿਸ਼ੇਸ਼ ਵਿਅਕਤੀਆਂ ਵਿੱਚ ਸੰਤ ਕੇਸਰ ਸਿੰਘ ਮਹਾਵਾ, ਸੰਤ ਕੇਸਰ ਸਿੰਘ ਜੀ ਚੂੰਘ, ਸੰਤ ਕੇਸਰ ਸਿੰਘ ਚਵਿੰਡੇ ਵਾਲੇ, ਸੰਤ ਜਿਊਣ ਸਿੰਘ ਸਰਹਾਲੀ, ਸੰਤ ਮਿੱਤ ਸਿੰਘ ਜੀ ਜਿਊਣ ਭਿੰਡਰ, ਸੰਤ ਭਗਤ ਸਿੰਘ ਜੀ ਦਾਤੇ ਵਾਲ, ਸੰਤ ਮੰਗਲ ਸਿੰਘ ਜੀ ਵੜ੍ਹਹੀ ਚੱਕ, ਸੰਤ ਲਾਲ ਸਿੰਘ ਬੂਰੇ ਗਿੱਲ, ਸੰਤ ਖੁਸ਼ਹਾਲ ਸਿੰਘ ਖਤਰਾਅ, ਬਾਬਾ ਸੋਹਣ ਸਿੰਘ ਤੇ ਟਹਿਲ ਸਿੰਘ ਸੱਦੋਵਾਲ ਸ਼ਾਮਲ ਸਨ। ਇਨ੍ਹਾਂ

ਵਿੱਚੋਂ ਕੁਝ ਸੰਤ ਜਨਾਂ ਨੇ ਮਹਿਸੂਸ ਕੀਤਾ ਕਿ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਵੀ ਜੋ ਹੁਣ ਤੱਕ ਨੁੱਕਰ ਵਾਲੀ ਪਗੜੀ ਪਹਿਨਦੇ ਸਨ, ਪੂਰਬਲੇ ਗੁਰੂਆਂ ਸਮਾਨ ਸਿੱਧਾ ਦਸਤਾਰਾ ਸਜਾਉਣਾ ਚਾਹੀਦਾ ਹੈ। ਜਦੋਂ ਆਪ ਜੀ ਪਾਸ ਕੁਝ ਸੰਤ ਪੁਰਸ਼ਾਂ ਨੇ ਉਨ੍ਹਾਂ ਦੇ ਡੇਰੇ ਜਾ ਕੇ ਸਿੱਧਾ ਦਸਤਾਰਾ ਸਜਾਉਣ ਦੀ ਅਰਜ਼ ਕੀਤੀ ਤਾਂ ਆਪ ਜੀ ਉਸੇ ਦਿਨ ਸਿੱਧਾ ਦਸਤਾਰਾ ਸਜਾ ਕੇ ਦੀਵਾਨ ਵਿੱਚ ਪਹੁੰਚ ਗਏ। ਉਨ੍ਹਾਂ ਇਹ ਵੀ ਬਚਨ ਕੀਤਾ ਕਿ ਮੈਂ ਅੱਗੇ ਤੋਂ ਅਜਿਹੀ ਸਿੱਧੀ ਦਸਤਾਰ ਹੀ ਧਾਰਨ ਕਰਾਂਗਾ।

ਜਦੋਂ ਆਪ ਜੀ ਨੇ ਦੀਵਾਨ ਵਿੱਚ ਦਰਸ਼ਨ ਦਿੱਤੇ, ਤਾਂ ਸੰਤ ਲਾਲ ਸਿੰਘ (ਭੂਰੇ ਗਿਲ), ਭਾਈ ਕਾਲੂ ਤੇ ਭਾਈ ਮੱਤੂ ਮਸਤੀ ਵਿੱਚ ਕੀਰਤਨ ਕਰ ਰਹੇ ਸਨ। ਸੰਤ ਮੰਗਲ ਸਿੰਘ ਨੇ ਸੰਗਤ ਨੂੰ ਬੇਨਤੀ ਕੀਤੀ ਕਿ ਅੱਗੇ ਤੋਂ ਨਾਮਧਾਰੀਆਂ ਨੂੰ ਸਿੱਧਾ ਦਸਤਾਰਾ ਹੀ ਧਾਰਨ ਕਰਨਾ ਚਾਹੀਦਾ ਹੈ। ਸੰਗਤ ਵਿੱਚ ਬੈਠੇ ਬਹੁਤ ਸਾਰੇ ਸੱਜਣਾਂ ਨੇ ਦਸਤਾਰੇ ਸਿੱਧੇ ਕਰ ਲਏ। ਕਈ ਹੋਰਾਂ ਦੇ ਜੋ ਸੰਕੋਤਕੇ ਵਿਚ ਸਨ, ਕਰਵਾ ਦਿੱਤੇ ਗਏ ਅਤੇ ਅੱਗੇ ਤੋਂ ਇਹ ਪਰਪਾਟੀ ਹੀ ਪੈ ਗਈ ਕਿ ਨਾਮਧਾਰੀ ਸੱਜਣ ਸਿੱਧਾ ਦਸਤਾਰਾ ਧਾਰਨ ਕਰਿਆ ਕਰਨ। ਇਸ ਸਮੇਂ ਕੁਝ ਅਣਸੁਖਾਵੀਆਂ ਘਟਨਾਵਾਂ ਵੀ ਵਾਪਰੀਆਂ ਅਤੇ ਕੁਝ ਵਿਰੋਧਾਭਾਸੀ ਬੋਲ ਵੀ ਸੁਣੇ ਗਏ, ਜਿਨ੍ਹਾਂ ਦਾ ਰੌਚਿਕ ਵਰਣਨ [1]ਵਹਿਮੀ ਜੀ ਦੀ ਪੁਸਤਕ ਵਿੱਚ ਅੰਕਿਤ ਹੈ।

## ਸਿੰਘ ਸਭਾ ਤੇ ਨਾਮਧਾਰੀ ਮੱਤ

ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਸਿੱਖਾਂ ਵਿੱਚ ਦੋ ਸੰਪਰਦਾਵਾਂ (ਨਾਮਧਾਰੀ-ਸਿੱਖ ਅਤੇ ਸਿੰਘ-ਸਭਾ) ਹੀ ਮੁੱਖ ਰੂਪ ਵਿੱਚ ਕਰਮਸ਼ੀਲ ਸਨ। ਨਿਰੰਕਾਰੀ ਸੰਪ੍ਰਦਾਇ ਵੀ ਭਾਵੇਂ ਆਪਣੇ ਖੇਤਰ ਵਿੱਚ ਸਰਗਰਮ ਸੀ, ਪਰ ਉਪਰੋਕਤ ਦੋਵੇਂ ਜੱਥੇਬੰਦੀਆਂ ਹੀ ਮੁੱਖ ਭੂਮਿਕਾ ਨੂੰ ਨਿਭਾ ਰਹੀਆਂ ਸਨ।

ਸਿੰਘ ਸਭਾ ਲਹਿਰ 1873 ਤੋਂ ਹੀ ਸਿੱਖ ਸੁਧਾਰਵਾਦੀ ਲਹਿਰ ਦੇ ਰੂਪ ਵਿੱਚ ਪ੍ਰਗਟ ਹੋਈ ਸੀ ਅਤੇ ਇਸ ਨੂੰ ਸਰਕਾਰੀ ਸਰਪ੍ਰਸਤੀ ਸਦਾ ਹੀ ਪ੍ਰਾਪਤ ਰਹੀ। ਸਿੰਘ ਸਭਾ ਨੂੰ ਅਖ਼ਬਾਰਾਂ, ਟ੍ਰੈਕਟਾਂ ਤੇ ਡਾਕਟਰ ਚਰਨ ਸਿੰਘ, ਗਿਆਨੀ ਗਿਆਨ ਸਿੰਘ, ਭਾਈ ਦਿੱਤ ਸਿੰਘ, ਪ੍ਰੋ. ਗੁਰਮੁਖ ਸਿੰਘ (ਓਰੀਐਂਟਲ ਕਾਲਜ) ਅਤੇ ਪਿਛੋਂ ਜਾ ਕੇ ਭਾਈ ਵੀਰ ਸਿੰਘ, ਭਾਈ ਮੋਹਨ ਸਿੰਘ ਵੈਦ ਅਤੇ ਚਰਨ ਸਿੰਘ ਸ਼ਹੀਦ ਵਰਗੇ ਲੇਖਕਾਂ ਦਾ ਸਹਿਯੋਗ ਪ੍ਰਾਪਤ ਹੋਇਆ। ਇਨ੍ਹਾਂ ਸਭ ਕਾਰਜਾਂ ਵਿੱਚ ਸਿੰਘ ਸਭਾ ਲਹਿਰ ਨੇ ਪੰਜਾਬੀ ਭਾਸ਼ਾ ਨੂੰ ਅਪਣਾਇਆ, ਸਕੂਲ ਅਤੇ ਕਾਲਜ ਸਥਾਪਤ ਕਰਕੇ ਵਿੱਦਿਆ ਦਾ ਪ੍ਰਸਾਰ ਕੀਤਾ। 1902 ਈ. ਵਿੱਚ ਚੀਫ ਖਾਲਸਾ ਦੀਵਾਨ ਸਥਾਪਤ ਹੋਇਆ, ਜਿਸ ਦੀ ਸਰਪ੍ਰਸਤੀ ਵਿੱਚ 1908 ਤੋਂ ਸਿੱਖ ਵਿੱਦਿਅਕ ਕਾਨਫਰੰਸਾਂ ਦਾ ਦੌਰ ਆਰੰਭ ਹੋ ਗਿਆ। ਇਸ ਦੌਰਾਨ 'ਗੁਰਮੁਖੀ', 'ਖਾਲਸਾ ਐਡਵੋਕੇਟ' ਅਤੇ 'ਖਾਲਸਾ ਸਮਾਚਾਰ' ਵਰਗੇ ਪੱਤਰ ਆਰੰਭ ਹੋ ਗਏ। 1894 ਵਿੱਚ ਖਾਲਸਾ ਟ੍ਰੈਕਟ ਸੁਸਾਇਟੀ ਕਾਇਮ ਹੋਈ।

---

[1] ਤਰਨ ਸਿੰਘ ਵਹਿਮੀ, *ਜਸ ਜੀਵਨ*, ਭਾਗ ਪਹਿਲਾ, ਪੰਨਾ 114.

Namdhari Elibrary NamdhariElibrary@gmail.com

ਖਾਲਸਾ ਟ੍ਰੈਕਟ ਸੁਸਾਇਟੀ ਨੇ 'ਨਿਰਗੁਣਆਰਾ' ਦੇ ਨਾਮ ਅਧੀਨ ਸੈਂਕੜੇ ਟ੍ਰੈਕਟ ਪ੍ਰਕਾਸ਼ਿਤ ਕੀਤੇ। ਇਨ੍ਹਾਂ ਸਭ ਯਤਨਾਂ ਦਾ ਸਦਕਾ ਸਿੱਖਾਂ ਦੀ ਨਵੀਂ ਪੜ੍ਹੀ-ਲਿਖੀ ਮੱਧ ਸ਼੍ਰੇਣੀ ਨੇ ਸਿੰਘ ਸਭਾ ਲਹਿਰ ਦੇ ਸੁਧਾਰਵਾਦੀ ਆਸ਼ੇ ਨੂੰ ਵੱਡੀ ਗਿਣਤੀ ਵਿੱਚ ਅਪਣਾਇਆ। ਪਰ ਰਾਜਨੀਤਿਕ ਤੌਰ ਤੇ ਸਿੰਘ ਸਭਾ ਲਹਿਰ ਅੰਗਰੇਜ਼ ਸਾਮਰਾਜ ਵਿਰੋਧੀ ਨਹੀਂ ਸੀ ਅਤੇ ਸਰਕਾਰੀ ਸਰਪ੍ਰਸਤੀ ਦੁਆਰਾ ਸਿੱਖ ਸਮਾਜ ਵਿੱਚ ਸੁਧਾਰ ਕਰਨਾ ਚਾਹੁੰਦੀ ਸੀ।

ਪਰ ਇਸ ਦੇ ਵਿਪਰੀਤ ਨਾਮਧਾਰੀ ਮੱਤ ਅਤੇ ਲਹਿਰ ਸਾਮਰਾਜ ਵਿਰੋਧੀ ਅਤੇ ਸੁਤੰਤਰਤਾ ਸੰਗਰਾਮ ਨੂੰ ਜੱਥੇਬੰਦ ਕਰਨ ਲਈ ਪੈਦਾ ਹੋਈ ਸੀ। ਆਰੰਭ ਵਿੱਚ ਇਸ ਦਾ ਉਦੇਸ਼ ਪੰਜਾਬ ਵਿੱਚ ਖਾਲਸਾ ਰਾਜ ਦੀ ਬਹਾਲੀ ਸੀ, ਜਿਸ ਲਈ ਨਾਮਧਾਰੀਆਂ ਨੇ ਸਤਿਗੁਰੂ ਹਰੀ ਸਿੰਘ ਜੀ ਦੀ ਅਗਵਾਈ ਵਿੱਚ ਮਹਾਰਾਜਾ ਦਲੀਪ ਸਿੰਘ ਦੀ ਪੰਜਾਬ ਵਾਪਸੀ ਲਈ ਹਾਮੀ ਭਰੀ ਸੀ। ਸਿੰਘ ਸਭਾ ਲਹਿਰ ਵੱਲੋਂ ਇਸ ਦਾ ਵਿਰੋਧ ਕੀਤਾ ਗਿਆ ਸੀ। ਪਰ ਵੀਹਵੀਂ ਸਦੀ ਦੇ ਆਰੰਭ ਵਿੱਚ ਪੰਜਾਬ ਦੀ ਸੁਤੰਤਰਤਾ ਲਹਿਰ ਨੇ ਅਰਥਾਤ ਭਾਰਤ ਦੀਆਂ ਰਾਸ਼ਟਰ-ਵਿਆਪੀ ਲਹਿਰਾਂ ਨਾਲ ਆਪਣਾ ਨਾਤਾ ਸਕਰਮਕ ਰੂਪ ਵਿੱਚ ਜੋੜ ਲਿਆ ਸੀ ਅਤੇ ਨਾਮਧਾਰੀ ਮੱਤ ਵੀ ਇਸ ਰਾਸ਼ਟਰ-ਵਿਆਪੀ ਆਜ਼ਾਦੀ ਦੀਆਂ ਕੌਮੀ ਲਹਿਰਾਂ ਨਾਲ ਜੁੜਦਾ ਗਿਆ। ਅੰਗਰੇਜ਼ੀ ਸਰਕਾਰ ਵੱਲੋਂ ਸਥਾਪਤ ਵਿੱਦਿਅਕ ਤੇ ਹੋਰ ਸੰਸਥਾਵਾਂ ਦੇ ਬਾਈਕਾਟ ਕਰਨ ਦੇ ਕਾਰਨ ਨਾਮਧਾਰੀ ਮੰਡਲ ਵਿੱਚ, ਵਧੇਰੇ ਕਰਕੇ ਪਿੰਡਾਂ ਤੇ ਸ਼ਹਿਰਾਂ ਦੇ ਆਮ ਕਿਸਾਨ, ਕਿਰਤੀ ਦਸਤਕਾਰ ਤੇ ਛੋਟੇਰੀਆਂ ਸ਼੍ਰੇਣੀਆਂ ਦੀ ਜਨਤਾ ਸ਼ਾਮਿਲ ਸੀ। ਜਿਨ੍ਹਾਂ ਵਿੱਚ ਆਧੁਨਿਕ ਢੰਗ ਦੇ ਪੜ੍ਹੇ-ਲਿਖੇ ਲੋਕਾਂ ਦੀ ਗਿਣਤੀ ਬੜੀ ਥੋੜ੍ਹੀ ਸੀ। ਅੰਗਰੇਜ਼ੀ ਸਰਕਾਰ ਕੂਕਿਆਂ ਨੂੰ ਹਾਲੀਂ ਵੀ ਬਾਗ਼ੀ ਸ਼੍ਰੇਣੀਆਂ ਵਿੱਚੋਂ ਹੀ ਗਿਣਦੀ ਸੀ। ਭੈਣੀ ਸਾਹਿਬ ਵਿਖੇ ਹਾਲੀਂ ਵੀ ਪੁਲਸ ਦੀ ਚੌਕੀ ਮੌਜੂਦ ਸੀ। ਇਸ ਲਈ ਸਤਿਗੁਰੂ ਪਰਤਾਪ ਸਿੰਘ ਜੀ ਨੇ ਸਭ ਤੋਂ ਪਹਿਲਾਂ ਮੁੱਖ ਲਕਸ਼ ਨਾਮਧਾਰੀ ਸਾਧ-ਸੰਗਤ ਨੂੰ ਧਰਮ-ਕਰਮ ਵਿੱਚ ਪੱਕਾ ਕਰਨ ਅਤੇ ਧਾਰਮਿਕ ਆਧਾਰਾਂ ਨੂੰ ਵਧੇਰੇ ਬਲਵਾਨ ਬਣਾਉਣ ਦਾ ਥਾਪਿਆ।

ਸਿੱਖਾਂ ਦੇ ਇਨ੍ਹਾਂ ਦੋ ਪ੍ਰਮੁੱਖ ਸੰਗਠਨਾਂ ਦਾ ਵਿਸ਼ੇਸ਼ ਅੰਤਰ ਸਿਧਾਂਤਕ ਪੱਖ ਤੋਂ ਵੀ ਸੀ। ਸਿੰਘ ਸਭਾ ਵਾਲੇ 'ਸ਼ਬਦ ਗੁਰੂ' ਨੂੰ ਪ੍ਰਮੁੱਖ ਇਸ਼ਟ ਮੰਨਦੇ ਸਨ। ਪਰ ਨਾਮਧਾਰੀਆਂ ਦਾ ਇਸ਼ਟ ਸਾਖਿਆਤ ਗੁਰੂ ਦਾ ਵਿਅਕਤੀਤਵ ਸੀ, ਜਿਸ ਦੇ ਸਰਗੁਣ ਸਰੂਪ ਅਤੇ ਸਤਿਗੁਰੂ ਦੇ ਪ੍ਰਵਚਨਾਂ ਤੋਂ ਉਹ ਅਗਵਾਈ ਲੈਂਦੇ ਸਨ। ਅਜਿਹੀ ਖੁੱਲ੍ਹੀ ਚਰਚਾ ਕਈ ਵਾਰ ਦੋਵਾਂ ਸੰਪਰਦਾਵਾਂ ਦੇ ਦੀਵਾਨਾਂ ਵਿੱਚ ਹੋ ਜਾਂਦੀ ਸੀ, ਜਿਸ ਦਾ ਹਵਾਲਾ 'ਰਹਿਮੀ ਜੀ ਨੇ ਮਾਨਾਵਾਲੇ ਵਿੱਚ ਹੋਏ ਇੱਕ ਦੀਵਾਨ ਵਿੱਚ ਦਿੱਤਾ ਹੈ। ਸਤਿਗੁਰੂ ਪਰਤਾਪ ਸਿੰਘ ਜੀ ਨੇ ਸਿਧਾਂਤ ਰੂਪ ਵਿੱਚ ਗੁਰੂ ਤੇ ਸਿੱਖਾਂ ਦੇ ਇਸ ਮਾਨਵੀ ਰਿਸ਼ਤੇ ਵੱਲ ਵਿਸ਼ੇਸ਼ ਧਿਆਨ ਦਿੱਤਾ ਅਤੇ ਸਿੱਖਾਂ ਨੂੰ ਸਿੱਧੇ ਤੌਰ ਤੇ ਗੁਰੂ ਦੇ ਪਾਵਨ ਵਿਅਕਤੀਤਵ ਨਾਲ ਜੋੜ ਲਿਆ।

ਇੱਥੇ ਇੱਕ ਹੋਰ ਗੱਲ ਵੀ ਉਲੇਖ ਯੋਗ ਹੈ ਕਿ ਸਿੱਖ ਸਮਾਜ ਵਿੱਚ ਜਿਹੜੇ ਸੁਧਾਰ ਦੇ ਕਾਰਜ ਸਿੰਘ ਸਭਾ ਨੇ ਸ਼ੁਰੂ ਕੀਤੇ ਸਨ, ਉਹਨਾਂ ਸਭ ਦਾ ਆਰੰਭ ਸਤਿਗੁਰੂ ਰਾਮ

ਸਿੰਘ ਜੀ ਨੇ ਹੀ ਕਰ ਦਿੱਤਾ ਸੀ। ਗੁਰਬਾਣੀ ਦਾ ਸਤਿਕਾਰ, ਗੁਰੂ ਗ੍ਰੰਥ ਸਾਹਿਬ ਨੂੰ ਛਾਪੇ ਦਾ ਜਾਮਾ ਪਹਿਨਾਉਣ ਅਤੇ ਗੁਰੂ ਗ੍ਰੰਥ ਸਾਹਿਬ ਦੇ ਅਨੇਕ ਸਹਿਜ ਪਾਠਾਂ ਦੀ ਪਰੰਪਰਾ ਆਪ ਨੇ ਚਲਾਈ ਸੀ। ਇਸ ਤੋਂ ਬਿਨਾਂ ਆਪ ਨੇ ਗੁਰਮੁਖੀ ਅੱਖਰਾਂ ਅਤੇ ਪੰਜਾਬੀ ਭਾਸ਼ਾ ਨੂੰ ਅਪਣਾਉਣ ਲਈ ਯਤਨ ਕੀਤੇ ਸਨ। ਨਾਮਧਾਰੀ ਸਤਿਗੁਰੂ ਸਾਹਿਬਾਨ ਦੀ ਸਰਪ੍ਰਸਤੀ ਵਿੱਚ ਵੀ ਕਈ ਲੇਖਕ ਤੇ ਕਵੀ ਨਾਮਧਾਰੀ ਮੱਤ ਦਾ ਪ੍ਰਚਾਰ ਕਰ ਰਹੇ ਸਨ। ਜਿਨ੍ਹਾਂ ਵਿੱਚ ਸਤਿਗੁਰੂ ਰਾਮ ਸਿੰਘ ਦੇ ਹੁਕਮਨਾਮੇ, ਵਿਸ਼ੇਸ਼ ਬਾਰਾਮਾਹਾਂ ਦੇ ਲੇਖਕ ਬਾਬਾ ਚੰਦਾ ਸਿੰਘ, ਬਾਬਾ ਨਿਹਾਲ ਸਿੰਘ ਅਤੇ ਬਾਬਾ ਕਾਲਾ ਸਿੰਘ ਵਰਣਨਯੋਗ ਹਨ। ਇਨ੍ਹਾਂ ਤੋਂ ਬਿਨਾਂ 'ਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ" ਦੇ ਲੇਖਕ ਧਿਆਨ ਸਿੰਘ ਕਾਦਰਾਬਾਦੀ ਅਤੇ 'ਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ" ਦੇ ਉੱਚ ਕੋਟੀ ਦੇ ਵਾਰਤਕ ਲੇਖਕ ਸੰਤ ਸੰਤੋਖ ਸਿੰਘ ਬਾਹੋਵਾਲ ਦਾ ਵਰਣਨ ਵਿਸ਼ੇਸ਼ ਤੌਰ ਤੇ ਕੀਤਾ ਜਾ ਸਕਦਾ ਹੈ। ਭਾਵੇਂ ਇਨ੍ਹਾਂ ਲੇਖਕਾਂ ਨੇ ਵੀ ਨਵੇਂ ਪੰਜਾਬੀ ਸਾਹਿਤ ਦੇ ਮੁਹਾਵਰੇ ਨੂੰ ਵਿਕਸਿਤ ਕਰਨ ਵਿੱਚ ਵੱਡੀ ਭੂਮਿਕਾ ਨੂੰ ਨਿਭਾਇਆ ਹੈ, ਫਿਰ ਵੀ ਆਧੁਨਿਕ ਢੰਗ ਦੀਆਂ ਉਸ ਕਾਲ ਵਿੱਚ ਸਥਾਪਿਤ ਹੋਈਆਂ ਵਿੱਦਿਅਕ ਸੰਸਥਾਵਾਂ ਦੇ ਲੇਖਕਾਂ ਦੇ ਆਧੁਨਿਕ ਮੁਹਾਵਰੇ ਦੀ ਤੁਲਨਾ ਵਿੱਚ ਇਨ੍ਹਾਂ ਦੀਆਂ ਰਚਨਾਵਾਂ ਵਿੱਚ ਪਰੰਪਰਾਵਾਦੀ ਅੰਸ਼ ਵਧੇਰੇ ਸਨ। ਇੱਕ ਹੋਰ ਪੱਖ ਤੋਂ ਵੀ ਨਾਮਧਾਰੀ ਕੁਝ ਪਛੜ ਗਏ ਸਨ। ਉਹ ਸੀ, ਆਪਣੇ ਰਿਕਾਰਡ ਦੀ ਸੰਭਾਲ ਨਾ ਕਰ ਸਕਣ ਦੀ ਅਸਮਰੱਥਾ। ਕਿਉਂ ਜੋ ਸਰਕਾਰੀ ਪਾਬੰਦੀਆਂ ਦੇ ਦਮਨ ਚੱਕਰ ਵਿੱਚ ਵਿਚਰਦਿਆਂ ਹੋਇਆਂ ਇਸ ਖੇਤਰ ਵਿੱਚ ਨਾਮਧਾਰੀਆਂ ਕੋਲ ਜ਼ੁਬਾਨੀ ਯਾਦ ਸ਼ਕਤੀ ਉੱਤੇ ਆਧਾਰਿਤ ਤਾਂ ਬਹੁਤ ਕੁਝ ਤਤਕਾਲਿਕ ਸੰਤਾਂ, ਮਹਾਂਪੁਰਸ਼ਾਂ ਨੂੰ ਯਾਦ ਸੀ, ਪਰ ਵੀਹਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਵਿੱਚ ਮੌਖਿਕ ਸਰੋਤਾਂ ਤੋਂ ਬਿਨਾਂ ਲਿਖਤੀ ਸਰੋਤ ਬਹੁਤ ਘੱਟ ਮਿਲਦੇ ਹਨ। ਸੰਤ ਸੰਤੋਖ ਸਿੰਘ ਬਾਹੋਵਾਲ ਦੀਆਂ ਨਾਮਧਾਰੀਆਂ ਦੇ ਇਤਿਹਾਸਕ ਸਰੋਤਾਂ ਨਾਲ ਸੰਬੰਧਤ "ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ" ਦੋ ਜਿਲਦਾਂ ਦਾ ਪ੍ਰਕਾਸ਼ਨ ਵੀ ਵੀਹਵੀਂ ਸਦੀ ਦੇ ਅਖੀਰ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਯਤਨਾਂ ਸਦਕਾ ਹੀ ਸੰਭਵ ਹੋ ਸਕਿਆ ਹੈ।

## ਵਿਤੰਡਾਵਾਦੀ ਚਰਚਾ

ਵੀਹਵੀਂ ਸਦੀ ਦੇ ਅਗਲੇਰੇ ਸਮਿਆਂ ਵਿੱਚ ਨਾਮਧਾਰੀਆਂ ਅਤੇ ਸਿੰਘ ਸਭਾਈਆਂ ਵਿੱਚ ਗੁਰੂ ਪ੍ਰਤੀ ਦ੍ਰਿਸ਼ਟੀਕੋਣ ਬਾਰੇ ਕਾਫ਼ੀ ਲੰਮੇ ਚਿਰ ਤੱਕ ਭਾਈ ਵੀਰ ਸਿੰਘ ਅਤੇ ਸੰਤ ਨਿਧਾਨ ਸਿੰਘ ਆਲਮ ਵਿੱਚ ਲੰਮਾ ਵਾਦ-ਵਿਵਾਦ ਚਲਦਾ ਰਿਹਾ ਹੈ, ਜਿਸ ਦਾ ਵਰਣਨ ਅੱਗੇ ਜਾ ਕੇ ਢੁਕਵੇਂ ਪ੍ਰਕਰਨ ਵਿੱਚ ਕੀਤਾ ਜਾਵੇਗਾ।

ਫਿਰ ਵੀ ਇਹ ਇੰਝ ਪ੍ਰਤੀਤ ਹੁੰਦਾ ਹੈ ਕਿ ਇਸ ਚਰਚਾ ਪਿਛੇ ਕੁਝ ਸਰਕਾਰੀ ਸ਼ਹਿ ਵੀ ਮੌਜੂਦ ਸੀ, ਜੋ ਸਿੱਖਾਂ ਨੂੰ ਪਰਸਪਰ ਵਿਰੋਧੀ ਗੁਟਾਂ ਵਿਚ ਵੰਡਣ ਲਈ ਆਪਣੇ 'ਪਾੜੋ ਤੇ ਰਾਜ ਕਰੋ' ਦੀ ਨੀਤੀ ਉੱਤੇ ਅਮਲ ਕਰ ਰਹੀ ਸੀ।

---

[1] ਤਰਨ ਸਿੰਘ ਵਹਿਮੀ, *ਜਸ ਜੀਵਨ*, ਭਾਗ ਪਹਿਲਾ, ਪੰਨਾ 95.

Namdhari Elibrary NamdhariElibrary@gmail com

ਪਰ ਇਸ ਵਿੱਚ ਵੀ ਕੋਈ ਸੰਦੇਹ ਨਹੀਂ ਹੈ ਕਿ ਇਨ੍ਹਾਂ ਦੋਵਾਂ ਸੰਪਰਦਾਵਾਂ ਨੇ ਆਪਣੇ-ਆਪਣੇ ਢੰਗ ਨਾਲ ਸਿੱਖ ਸੰਸਥਾਵਾਂ ਦੇ ਵਿਹਾਰ ਅਤੇ ਗੁਰਮਤ ਦੇ ਸਿਧਾਂਤਾਂ ਵਿੱਚ ਨਿਖਾਰ ਲਿਆਉਣ ਲਈ, ਸਿੱਖਾਂ ਵਿੱਚ ਧਾਰਮਿਕ ਚੇਤਨਤਾ ਅਤੇ ਗੁਰਦੁਆਰਾ ਸੁਧਾਰ ਲਹਿਰ (ਅਕਾਲੀ ਤਹਿਰੀਕ) ਨੂੰ ਹੋਂਦ ਵਿੱਚ ਲਿਆਉਣ ਲਈ ਮਹੱਤਵਪੂਰਨ ਹਿੱਸਾ ਪਾਇਆ।

## ਆਨੰਦ ਮੈਰਿਜ ਐਕਟ (1909)

[1]22 ਅਕਤੂਬਰ, 1909 ਈ. ਨੂੰ ਵਾਇਸਰਾਏ ਦੀ ਇੰਪੀਰੀਅਲ ਲੈਜਿਸਲੇਟਿਵ ਕੌਂਸਲ ਵਿੱਚ ਆਨੰਦ ਮੈਰਿਜ ਐਕਟ ਕਾਨੂੰਨੀ ਤੌਰ ਤੇ ਪ੍ਰਵਾਨ ਕਰ ਲਿਆ ਗਿਆ। ਪਰ ਆਨੰਦ ਵਿਆਹ ਨੂੰ ਕਾਨੂੰਨੀ ਰੂਪ ਦਿਵਾਉਣ ਖਾਤਰ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਦਾ ਖਾਸ ਹੱਥ ਸੀ। ਜੋ ਸਿੱਖਾਂ ਦੀਆਂ ਸਮਾਜਿਕ ਰੀਤਾਂ ਨੂੰ ਸੁਖੇਨ ਅਤੇ ਘੱਟ ਖਰਚੀਲਾ ਬਣਾਉਣ ਦਾ ਇੱਛੁਕ ਸੀ। [2]13 ਜੁਲਾਈ, 1895 ਈ. 'ਖਾਲਸਾ ਧਰਮ ਪ੍ਰਚਾਰਕ' ਦੀ ਇੱਕ ਰਿਪੋਰਟ ਅਨੁਸਾਰ ਰਿਆਸਤ ਨਾਭਾ ਵੱਲੋਂ ਇੱਕ ਹੁਕਮ ਜਾਰੀ ਕੀਤਾ ਗਿਆ ਸੀ ਕਿ ਸਿੱਖਾਂ ਦੀਆਂ ਵਿਆਹ ਸ਼ਾਦੀਆਂ ਵਿੱਚ 11 ਤੋਂ ਵੱਧ ਬਰਾਤੀ ਨਹੀਂ ਹੋਣੇ ਚਾਹੀਦੇ। ਮਹਾਰਾਜਾ ਰਿਪੁਦਮਨ ਸਿੰਘ ਨਾਭਾ 1906-08 ਤੱਕ ਗਵਰਨਰ ਜਨਰਲ ਦੀ ਲੈਜਿਸਲੇਟਿਵ ਕੌਂਸਲ ਦਾ ਮੈਂਬਰ ਰਿਹਾ। ਜਿਸ ਵੱਲੋਂ ਕਾਨੂੰਨੀ ਤੌਰ ਤੇ ਆਨੰਦ ਵਿਆਹ ਨੂੰ ਕਾਨੂੰਨੀ ਰੂਪ ਦੇਣ ਵਿੱਚ ਬਿਲ ਪੇਸ਼ ਕੀਤਾ ਗਿਆ। [3]ਲਾਹੌਰ ਕੌਂਸਲ ਦੇ ਵਕੀਲ ਚੌਧਰੀ ਰਾਮ ਦੱਤ ਦਾ ਤਰਕ ਸੀ ਕਿ ਸਿੱਖਾਂ ਦੀ ਕੋਈ ਵਿਆਹ ਦੀ ਮਰਿਯਾਦਾ ਪੱਕੀ ਨਹੀਂ ਹੈ।

ਸਿੱਖ ਐਨਸਾਈਕਲੋਪੀਡੀਆ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਆਹ ਦੀ ਕੋਈ ਪੱਕੀ ਮਰਿਯਾਦਾ ਨਹੀਂ ਸੀ। 1863 ਈ. ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਪਿੰਡ ਖੋਟੇ ਵਿੱਚ ਆਨੰਦ ਵਿਆਹ ਦੀ ਮਰਿਯਾਦਾ ਨੂੰ ਪੱਕੀ ਤਰ੍ਹਾਂ ਕਾਇਮ ਕਰ ਦਿੱਤਾ ਸੀ ਤੇ ਨਾਮਧਾਰੀਆਂ ਵਿੱਚ ਇਸ ਨੂੰ ਪ੍ਰਚਲਿਤ ਵੀ ਕਰ ਦਿੱਤਾ ਗਿਆ ਸੀ।

ਇਸ ਕਾਨੂੰਨੀ ਝਗੜੇ ਵਿਚ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਅਤੇ ਪਟਿਆਲੇ ਦੇ ਮਹਾਰਾਜਾ ਨੇ ਸਤਿਗੁਰੂ ਪਰਤਾਪ ਸਿੰਘ ਜੀ ਕੋਲੋਂ ਆਪਣੀ ਪੁਸ਼ਟੀ ਲਈ ਪ੍ਰਮਾਣ ਪੱਤਰਾਂ ਦੀ ਮੰਗ ਕੀਤੀ। ਸਤਿਗੁਰੂ ਪਰਤਾਪ ਸਿੰਘ ਜੀ ਨੇ ਦੋਵਾਂ ਰਿਆਸਤਾਂ ਦੇ ਹੁਕਮਰਾਨਾਂ ਨੂੰ ਆਪਣੇ ਦਸਤਖਤਾਂ ਅਧੀਨ ਲਿਖ ਭੇਜਿਆ ਕਿ 'ਅਸੀਂ ਪਿਛਲੇ 45 ਸਾਲਾਂ ਤੋਂ ਸਤਿਗੁਰੂ ਰਾਮ ਸਿੰਘ ਜੀ ਦੀ ਚਲਾਈ ਹੋਈ ਆਨੰਦ ਮਰਿਯਾਦਾ ਅਨੁਸਾਰ ਹੀ ਵਿਆਹ ਸ਼ਾਦੀਆਂ ਕਰਦੇ ਹਾਂ'। ਸਤਿਗੁਰੂ ਪਰਤਾਪ ਸਿੰਘ ਜੀ ਦੇ ਇਨ੍ਹਾਂ ਪ੍ਰਮਾਣ ਪੱਤਰਾਂ ਦੇ ਆਧਾਰ ਤੇ ਹੀ ਸਰਦਾਰ ਸੁੰਦਰ ਸਿੰਘ ਵੱਲੋਂ ਆਨੰਦ ਮੈਰਿਜ ਐਕਟ 22

[1] ਪੰਜਾਬੀ ਯੂਨੀਵਰਸਿਟੀ, ਪਟਿਆਲਾ, *ਦ ਐਨਸਾਈਕਲੋਪੀਡੀਆ ਆਫ ਸਿਖਇਜ਼ਮ*, ਜਿਲਦ ਪਹਿਲੀ, ਪੰਨਾ 127.

[2] ਉਹੀ।

[3] ਤਰਨ ਸਿੰਘ ਵਹਿਮੀ, *ਜਸ ਜੀਵਨ*, ਭਾਗ ਪਹਿਲਾ, ਪੰਨਾ 107.

Namdhari Elibrary NamdhariElibrary@gmail.com

ਅਕਤੂਬਰ, 1909 ਨੂੰ ਗਵਰਨਰ ਜਨਰਲ ਦੀ ਲੈਜਿਸਲੇਟਿਵ ਕੌਂਸਲ ਵਿੱਚ ਪ੍ਰਵਾਨ ਹੋਇਆ।

ਸਤਿਗੁਰੂ ਪਰਤਾਪ ਸਿੰਘ ਜੀ ਦੇ ਗੁਰੂ ਕਾਲ ਵਿੱਚ ਨਾਮਧਾਰੀ ਪੰਥ ਵੱਲੋਂ ਸਿੱਖਾਂ ਦੇ ਅਨੰਦ ਕਾਰਜਾਂ ਸੰਬੰਧੀ ਹੋਰ ਵੀ ਬਹੁਤ ਸਾਰੇ ਸੁਧਾਰ ਕੀਤੇ ਗਏ ਅਤੇ ਦਾਜ ਰਹਿਤ ਸਮੂਹਿਕ ਸ਼ਾਦੀਆਂ ਦੀ ਮਰਯਾਦਾ ਨਾਮਧਾਰੀ ਮੱਤ ਵਿੱਚ ਹੁਣ ਤੱਕ ਵੀ ਕਾਇਮ ਹੈ। ਸਤਿਗੁਰੂ ਪਰਤਾਪ ਸਿੰਘ ਜੀ ਦੇ ਇਸ ਉਪਰੋਕਤ ਯਤਨ ਨੂੰ ਆਪ ਜੀ ਦੇ ਸਮਾਜ ਸੁਧਾਰ ਦੇ ਕਾਰਜਾਂ ਦਾ ਪਹਿਲਾ ਤੇ ਵੱਡਾ ਕਦਮ ਮੰਨਿਆ ਜਾਂਦਾ ਹੈ।

Namdhari Elibrary NamdhariElibrary@gmail com

ਅਧਿਆਇ 3

# ਸੁਤੰਤਰਤਾ-ਸੰਗਰਾਮ ਦਾ ਰਾਸ਼ਟਰ ਵਿਆਪੀ ਉਥਾਨ

ਮਨੁੱਖ ਜੋ ਵਿਵੇਕਸ਼ੀਲ ਤੇ ਬੌਧਿਕ ਪ੍ਰਾਣੀ ਹੈ, ਸੁਤੰਤਰ ਰੂਪ ਵਿੱਚ ਵਿਚਰਨਾ ਉਸ ਦਾ ਸਰਵੁੱਚ ਲਕਸ਼ ਹੈ। ਮਨੁੱਖ ਦੀ ਸੁਤੰਤਰਤਾ ਦੀ ਇਸ ਭਾਵਨਾ ਉੱਤੇ ਜਦੋਂ ਵੀ ਕੋਈ ਸ਼ਾਸ਼ਕ ਰੋਕ ਲਾਉਂਦਾ ਹੈ, ਤਾਂ ਉਸ ਵਿਰੁੱਧ ਉਸ ਵਿਅਕਤੀ ਵਿੱਚ ਵਿਦਰੋਹ ਦੀ ਭਾਵਨਾ ਉਤਪੰਨ ਹੁੰਦੀ ਹੈ। ਇਹ ਵਿਦਰੋਹ ਦੀ ਭਾਵਨਾ ਹੀ ਜਦੋਂ ਵਿਅਕਤੀਗਤ ਘੇਰੇ ਤੋਂ ਉਪਰ ਉਠ ਕੇ ਸਮਾਜਿਕ ਸਰੂਪ ਵਿੱਚ ਪ੍ਰਗਟ ਹੁੰਦੀ ਹੈ, ਤਾਂ ਉਹ ਹੀ ਸੁਤੰਤਰਤਾ ਸੰਗਰਾਮ ਦਾ ਰੂਪ ਧਾਰਨ ਕਰ ਲੈਂਦੀ ਹੈ। ਅਜਿਹੀਆਂ ਸੁਤੰਤਰਤਾ ਸੰਗਰਾਮ ਦੀਆਂ ਲਹਿਰਾਂ ਇਤਿਹਾਸ ਦੇ ਵੱਖ-ਵੱਖ ਕਾਲਾਂ ਵਿੱਚ ਤਤਪਰ ਰਹੀਆਂ ਹਨ।

ਦਸਵੀਂ ਸਦੀ ਈਸਵੀ ਤੋਂ ਵਿਦੇਸ਼ੀ ਇਸਲਾਮੀ ਹਾਕਮਾਂ ਦੀ ਗੁਲਾਮੀ ਵਿਰੁੱਧ ਸਮੇਂ-ਸਮੇਂ ਸਿਰ ਜੇਕਰ ਸਿੱਧੇ ਤੌਰ ਤੇ ਨਹੀਂ ਤਾਂ ਅਸਿੱਧੇ ਤੌਰ ਤੇ ਬੌਧਿਕ ਤੇ ਆਤਮਿਕ ਰੂਪ ਵਿੱਚ ਸੰਘਰਸ਼ ਚਲਦੇ ਰਹੇ ਹਨ। ਪੰਜਾਬ ਨਿਰਾ ਕਿਰਸਾਨੀ ਪ੍ਰਧਾਨ ਤੇ ਖੇਤੀਬਾੜੀ ਦਾ ਪ੍ਰਦੇਸ਼ ਹੀ ਨਹੀਂ ਰਿਹਾ, ਸਗੋਂ ਇਸ ਦਾ ਬੌਧਿਕ ਇਤਿਹਾਸ ਵੀ ਬੜਾ ਰੌਸ਼ਨ ਹੈ। ਮੱਧਕਾਲ ਵਿੱਚ ਭਗਤਾਂ, ਸੂਫੀਆਂ ਤੇ ਸਿੱਖ ਗੁਰੂਆਂ ਨੇ ਪੰਜਾਬ ਵਾਸੀਆਂ ਨੂੰ ਆਤਮਿਕ ਸੁਤੰਤਰਤਾ ਅਤੇ ਸਮਾਜਿਕ ਬਰਾਬਰੀ ਦਾ ਪਾਠ ਪੜ੍ਹਾਇਆ ਅਤੇ ਗਰੀਬ ਜਨਤਾ ਦੇ ਉਥਾਨ ਲਈ ਸ਼ਲਾਘਾਯੋਗ ਇਤਿਹਾਸਕ ਮਹੱਤਤਾ ਵਾਲੇ ਕਾਰਜ ਕੀਤੇ। ਸਿੱਖਾਂ ਤੇ ਪੰਜਾਬੀਆਂ ਦੀ ਮਿਲਵੀਂ ਅਗਵਾਈ ਵਿੱਚ ਪੰਜਾਬ ਨੇ ਵਿਦੇਸ਼ੀ ਗੁਲਾਮੀ ਤੋਂ ਮੁਕਤੀ ਹਾਸਿਲ ਕੀਤੀ ਤੇ 1799 ਈ. ਤੋਂ ਲਗਭਗ ਅੱਧੀ ਸਦੀ ਤੱਕ ਪੰਜਾਬ ਵਿੱਚ ਅਜਿਹਾ ਸੁਤੰਤਰ ਤੇ ਨਿਆਂਪੂਰਵਕ ਰਾਜ ਸਥਾਪਿਤ ਕੀਤਾ, ਜੋ ਹੁਣ ਤੱਕ ਵੀ ਆਪਣੇ ਆਪ ਵਿੱਚ ਉੱਚ ਕੋਟੀ ਦੀ ਮਿਸਾਲ ਬਣਿਆ ਹੋਇਆ ਹੈ। 1849 ਈ. ਵਿੱਚ ਅੰਗਰੇਜ਼ਾਂ ਨੇ ਆਪਣੀ ਸਾਮਰਾਜਵਾਦੀ ਕੁਟਿਲ ਨੀਤੀ ਦੁਆਰਾ ਪੰਜਾਬ ਨੂੰ ਮੁੜ ਗੁਲਾਮ ਬਣਾ ਲਿਆ। ਵਿਦੇਸ਼ੀ ਅੰਗਰੇਜ਼ ਹਾਕਮ ਭਾਵੇਂ ਇਹ ਸਮਝਦੇ ਸਨ ਕਿ ਪੰਜਾਬ ਉਨ੍ਹਾਂ ਦੇ ਲੰਮੇ ਸਮੇਂ ਤੱਕ ਅਧੀਨ ਰਹੇਗਾ, ਪਰ ਜਿਹੜੀ ਆਜ਼ਾਦੀ ਦੀ ਸ਼ਮ੍ਹਾਂ (ਜੋਤ) ਪੰਜਾਬ ਵਿੱਚ ਸਦੀਆਂ ਦੀ ਗੁਲਾਮੀ ਪਿਛੋਂ ਜਾਗੀ ਸੀ, ਉਹ ਛੇਤੀ ਕਿਵੇਂ ਬੁਝ ਸਕਦੀ ਸੀ? ਐਨ ਉਸ ਸਮੇਂ ਜਦੋਂ ਅੰਗਰੇਜ਼ ਪੰਜਾਬ ਉੱਤੇ ਕਬਜਾ ਕਰਨ ਦੀਆਂ ਨਾਪਾਕ ਗੋਂਦਾਂ ਗੁੰਦ ਰਹੇ ਸਨ, ਉਸ ਸਮੇਂ ਪੰਜਾਬ ਦੇ ਕੁਝ ਦੇਸ਼-ਪ੍ਰੇਮੀ ਮਹਾਂਪੁਰਸ਼ਾਂ ਨੂੰ ਅਹਿਸਾਸ ਹੋ ਗਿਆ ਸੀ ਕਿ ਆਜ਼ਾਦੀ ਦੀ ਜਗਾਈ ਗਈ ਜੋਤ ਨੂੰ ਬੁਝਣ ਤੋਂ ਬਚਾਉਣ ਲਈ ਯਤਨ ਆਰੰਭ ਕਰ ਦੇਣੇ ਚਾਹੀਦੇ ਹਨ। ਨੌਰੰਗਾਬਾਦ ਵਿੱਚ ਸੰਤ ਬਾਬਾ

ਵੀਰ ਸਿੰਘ ਨੇ ਸਭ ਤੋਂ ਪਹਿਲਾਂ ਇਸ ਆਜ਼ਾਦੀ ਦੀ ਜੋਤ ਨੂੰ ਬੁਝਣ ਤੋਂ ਬਚਾਉਣ ਦੇ ਯਤਨ ਕੀਤੇ। ਉਸ ਸਮੇਂ ਖਾਲਸਾ ਫੌਜ ਵਿੱਚ ਮਚੀ ਸਿਖਾਸ਼ਾਹੀ ਤੇ ਡੋਗਰਾਗਰਦੀ ਨੇ ਬਾਬਾ ਵੀਰ ਸਿੰਘ ਵਰਗੇ ਸੁਤੰਤਰਤਾ-ਪ੍ਰੇਮੀ ਦੀ ਵੀ ਦੁਖਾਂਤਕ ਹੱਤਿਆ ਕਰ ਦਿੱਤੀ।

'ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ' ਨਾਂ ਦੀ ਪੁਸਤਕ ਵਿੱਚ ਇਸ ਦੇ ਕਰਤਾ ਰਾਮ ਸਿੰਘ ਮਜੀਠਾ ਨੇ ਇਸ ਸਮੇਂ ਤੋਂ ਆਰੰਭ ਹੋਏ ਆਜ਼ਾਦੀ ਦੇ ਸੰਘਰਸ਼ ਦਾ ਤਰਕਸ਼ੀਲ ਵਿਸ਼ਲੇਸ਼ਣ ਕੀਤਾ ਹੈ। ਬਾਬਾ ਵੀਰ ਸਿੰਘ ਦੇ ਵਿੱਢੇ ਸੁਤੰਤਰਤਾ ਸੰਗਰਾਮ ਨੂੰ ਅੱਗੇ ਬਾਬਾ ਮਹਾਰਾਜ ਸਿੰਘ ਨੇ ਤੋਰਿਆ। [1]ਰਾਮ ਸਿੰਘ ਮਜੀਠਾ ਦੇ ਸ਼ਬਦਾਂ ਵਿੱਚ "ਭਾਈ ਮਹਾਰਾਜ ਸਿੰਘ ਭਾਈ ਵੀਰ ਸਿੰਘ ਜੀ ਨੌਰੰਗਾਬਾਦੀ ਦਾ ਧਾਰਮਿਕ ਚੇਲਾ ਸੀ, ਜਿਸ ਨੂੰ ਪੰਜਾਬ ਦੇ ਗੁਲਾਮ ਹੋਣ ਦਾ ਅਤੀ ਦੁੱਖ ਹੋਇਆ ਸੀ। ਉਹ ਆਪਣੇ ਚੇਲਿਆਂ ਦੀ ਫੌਜ ਨੂੰ ਨਾਲ ਲੈ ਕੇ ਚੇਲਿਆਂ ਵਾਲਾ ਤੇ ਗੁਜਰਾਤ ਦੀ ਲੜਾਈ ਵਿੱਚ ਸਿੱਖ ਸਰਦਾਰਾਂ ਦੇ ਨਾਲ ਹੋ ਕੇ ਲੜਿਆ ਸੀ। ਹਾਰ ਹੋਣ ਦੇ ਬਾਅਦ ਲਗਭਗ ਸਾਰੇ ਸਰਦਾਰਾਂ ਨੇ ਅੰਗਰੇਜ਼ਾਂ ਅੱਗੇ ਹਥਿਆਰ ਸੁੱਟ ਦਿੱਤੇ।"

ਭਾਈ ਮਹਾਰਾਜ ਸਿੰਘ ਨੇ ਹਥਿਆਰ ਨਾ ਸੁੱਟੇ। ਕਈ ਹੋਰਨਾਂ ਨੇ ਵੀ ਨਹੀਂ ਸੁੱਟੇ ਹੋਣਗੇ। ਪਰ ਉਹ ਜ਼ਿੰਦਗੀ ਦੀ ਪਹਿਲੀ ਤੇ ਆਖਰੀ ਹਾਰ ਨਾਲ ਵਾਲ ਵਾਲ ਪੁੜੇ, ਜ਼ਖਮੀ ਤੇ ਹਾਰੇ ਹੋਏ ਗੁਰੀਲੇ ਵਾਂਗ ਜੰਗਲਾਂ ਜਾਂ ਪਹਾੜੀ ਕੰਦਰਾਂ ਵਿੱਚ ਬੇਨਾਮ ਜੀਵਨ ਦੇ ਆਖਰੀ ਦਿਨ ਪੂਰੇ ਕਰ ਗਏ। ਉਨ੍ਹਾਂ ਹਾਰ ਕੇ ਵੀ ਹਾਰ ਮੰਨਣੀ ਨਾ ਕਬੂਲੀ, ਪਰੰਤੂ ਸਿਵਾਏ ਭਾਈ ਮਹਾਰਾਜ ਸਿੰਘ ਦੇ ਕਿਸੇ ਹੋਰ ਵੱਲੋਂ ਹਥਿਆਰਬੰਦ ਬਗਾਵਤ ਜੱਥੇਬੰਦ ਕਰਨ ਦਾ ਕੋਈ ਹਵਾਲਾ ਨਹੀਂ ਮਿਲਦਾ।

ਭਾਈ ਮਹਾਰਾਜ ਸਿੰਘ ਆਪਣੇ ਚੇਲਿਆਂ ਤੇ ਦੇਸ਼ ਦੇ ਹਿਤੈਸ਼ੀਆਂ ਦਾ ਹੋਰ ਜੱਥਾ ਭਰਤੀ ਕਰਕੇ ਅੰਗਰੇਜ਼ਾਂ ਨਾਲ ਹਥਿਆਰਬੰਦ ਲੜਾਈ ਜਾਰੀ ਰੱਖਣ ਵਾਸਤੇ ਬਹੁਤ ਕੋਸ਼ਿਸ਼ ਕਰਨ ਲੱਗਾ। ਇਸ ਕੰਮ ਵਾਸਤੇ ਉਸਨੇ ਦੁਆਬੇ ਵਿੱਚ ਅਨਾਜ ਦੇ ਗੁਦਾਮ ਇਕੱਠੇ ਕੀਤੇ ਤੇ ਭਰਤੀ ਸ਼ੁਰੂ ਕੀਤੀ। ਅੰਗਰੇਜ਼ ਸਰਕਾਰ ਨੇ ਉਸ ਦੇ ਸਿਰ ਦਾ 50 ਹਜ਼ਾਰ ਰੁਪਏ ਇਨਾਮ ਰੱਖਿਆ। ਇਨਾਮ ਦੇ ਲਾਲਚੀ ਕਿਸੇ ਗੱਦਾਰ ਨੇ ਇਤਲਾਹ ਦੇ ਕੇ ਉਸਨੂੰ ਆਦਮਪੁਰ ਦੁਆਬੇ ਵਿੱਚ ਗ੍ਰਿਫਤਾਰ ਕਰਵਾ ਦਿੱਤਾ। ਉਸਨੂੰ ਅੰਗਰੇਜ਼ ਸਰਕਾਰ ਨੇ 19 ਅਪ੍ਰੈਲ, 1850 ਵਿੱਚ ਜਲਾਵਤਨ ਕੀਤਾ। ਜਲਾਵਤਨੀ ਦੀ ਹਾਲਤ ਵਿੱਚ 4 ਜੁਲਾਈ, 1856 ਵਿੱਚ ਸਿੰਘਾਪੁਰ ਦੀ ਜਿਹਲ ਵਿੱਚ ਉਸ ਦੀ ਮੌਤ ਹੋ ਗਈ। ਇਸ ਤਰ੍ਹਾਂ ਜਦੋਂ ਹਿੰਦੁਸਤਾਨ ਨੇ ਅਜੇ ਆਜ਼ਾਦੀ ਦਾ ਸੁਫਨਾ ਵੀ ਨਹੀਂ ਸੀ ਲਿਆ, ਪੰਜਾਬ ਨੇ ਵਰਤਮਾਨ ਜੁਗ ਦੇ ਆਜ਼ਾਦੀ ਦੇ ਜੱਗ ਵਿੱਚ ਆਪਣੀ ਪਹਿਲੀ ਆਹੂਤੀ ਪਾਈ।"

ਪਰ ਪੰਜਾਬ ਦੀ ਆਜ਼ਾਦੀ ਦੇ ਇਸ ਮਘਦੇ ਸੰਗਰਾਮ ਨੂੰ ਦਬਾਉਣ ਹਿਤ ਅੰਗਰੇਜ਼ ਸਰਕਾਰ ਨੇ ਬਹੁਤ ਸਾਰੇ ਬਾਗੀ ਦੇਸ਼ ਭਗਤ ਸਰਦਾਰਾਂ ਨੂੰ ਵੱਖ-ਵੱਖ ਥਾਵਾਂ ਤੇ ਪੰਜਾਬੋਂ ਬਾਹਰ ਭੇਜ ਕੇ ਕੈਦ ਕਰ ਲਿਆ ਸੀ। ਜਿਨ੍ਹਾਂ ਦਾ ਵਰਣਨ 'ਤਵਾਰੀਖ ਸੰਤ ਖਾਲਸਾ' ਦੇ

---

[1] ਰਾਮ ਸਿੰਘ ਮਜੀਠਾ, *ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ*, ਭਾਗ ਪਹਿਲਾ, ਪੰਨਾ 35.

Namdhari Elibrary NamdhariElibrary@gmail com

ਪਹਿਲੇ ਭਾਗ ਵਿੱਚ ਵਿਸਤਾਰ ਸਹਿਤ ਕਰ ਦਿੱਤਾ ਗਿਆ ਹੈ। ਇਨ੍ਹਾਂ ਬਾਗੀ ਹਸਤੀਆਂ ਵਿੱਚ ਮਹਾਰਾਣੀ ਜਿੰਦਾਂ, ਦੀਵਾਨ ਮੂਲਰਾਜ, ਸਰਦਾਰ ਚਤਰ ਸਿੰਘ ਅਟਾਰੀ, ਦੀਵਾਨ ਸ਼ੇਰ ਸਿੰਘ, ਬੂਟਾ ਸਿੰਘ, ਬਾਬਾ ਬਿਕਰਮ ਸਿੰਘ ਬੇਦੀ ਅਤੇ ਕੁਝ ਹੋਰ ਸਰਦਾਰ ਵੀ ਸਨ, ਜਿਨ੍ਹਾਂ ਨੂੰ ਪੰਜਾਬ ਤੋਂ ਬਾਹਰ ਇਸ ਲਈ ਕੈਦ ਰੱਖਿਆ ਗਿਆ ਕਿ ਉਹ ਅੰਗਰੇਜ਼ਾਂ ਵਿਰੁੱਧ ਘਿਰਣਾ ਤੇ ਵਿਦਰੋਹ ਦੀ ਭਾਵਨਾ ਨੂੰ ਨਾ ਉਕਸਾਅ ਸਕਣ।

ਬਾਬਾ ਮਹਾਰਾਜ ਸਿੰਘ ਵਾਂਗ, ਹੁਣ ਅੰਗਰੇਜ਼ਾਂ ਨਾਲ ਹਥਿਆਰਬੰਦ ਸੰਗਰਾਮ ਕਰਨਾ ਅੱਗ ਨਾਲ ਖੇਡਣ ਸਮਾਨ ਸੀ। ਇਸ ਲਈ ਕਿਸੇ ਨਵੀਂ ਯੁਗਾਅਨੁਕੂਲ ਨੀਤੀ ਨੂੰ ਘੜਨ ਦੀ ਲੋੜ ਸੀ। ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਨੇ ਸੁਤੰਤਰਤਾ ਸੰਗਰਾਮ ਦੇ ਇਸ ਨਵੇਂ ਮਾਰਗ ਨੂੰ ਸੰਤ ਖਾਲਸਾ ਦੇ ਰੂਪ ਵਿੱਚ ਹੋਂਦ ਵਿੱਚ ਲਿਆ ਕੇ ਪੱਕੇ ਪੈਰਾਂ ਤੇ ਖੜਾ ਕਰ ਦਿੱਤਾ।

ਜਦੋਂ ਸਤਿਗੁਰੂ ਰਾਮ ਸਿੰਘ ਦੇ ਅਨੁਆਈ 1872 ਈ. ਵਿੱਚ ਮਲੇਰਕੋਟਲੇ ਦੇ ਗਊ ਹਤਿਆਰਿਆਂ ਨੂੰ ਸ਼ਹੀਦੀ ਜੱਥਾ ਬਣਾ ਕੇ ਸੋਧਣ ਗਏ ਸਨ ਤਾਂ ਪਹਿਲਾ ਪੜਾਅ ਇਸ ਸ਼ਹੀਦੀ ਜਥੇ ਨੇ ਬਾਬਾ ਮਹਾਰਾਜ ਸਿੰਘ ਦੇ ਜਨਮ ਪਿੰਡ ਰੱਬੋਂ, ਜ਼ਿਲ੍ਹਾ ਲੁਧਿਆਣਾ ਵਿੱਚ ਹੀ ਕੀਤਾ ਸੀ।

ਸਤਿਗੁਰੂ ਰਾਮ ਸਿੰਘ ਜੀ ਜਦੋਂ ਬਰਮਾ ਵਿੱਚ ਨਜ਼ਰਬੰਦ ਸਨ ਤਾਂ ਉਨ੍ਹਾਂ ਨੇ ਉਥੋਂ ਭੇਜੇ ਗਏ ਆਪਣੇ ਇੱਕ ਹੁਕਮਨਾਮੇ ਵਿੱਚ ਇਹ ਲਿਖ ਦਿੱਤਾ ਸੀ ਕਿ "ਪਹਿਲਾਂ ਸਿੱਖਾਂ ਦੀ ਕਿਰਪਾ ਵੀਰ ਸਿੰਘ ਤੇ ਹੋਈ, ਫੇਰ ਮਹਾਰਾਜ ਸਿੰਘ ਤੇ ਹੋਈ, ਹੁਣ ਮੇਰੇ ਉੱਤੇ ਸਿੱਖਾਂ ਦੀ ਕਿਰਪਾ ਹੋਈ।"[1]

ਇਥੋਂ ਇਹ ਗੱਲ ਸਿੱਧ ਹੋ ਜਾਂਦੀ ਹੈ ਕਿ ਪੰਜਾਬ ਦੇ ਸੁਤੰਤਰਤਾ ਸੰਗਰਾਮ ਦਾ ਅਗਲਾ ਪੜਾਅ, ਪੰਜਾਬ ਵਿੱਚ ਨਾਮਧਾਰੀ ਸਤਿਗੁਰੂ ਸਾਹਿਬਾਨ ਵੱਲੋਂ ਜਥੇਬੰਦ ਕੀਤੀ ਗਈ 'ਕੂਕਾ ਲਹਿਰ' ਹੀ ਸੀ, ਜਿਸਦੇ ਸਮੁੱਚੇ ਯੋਗਦਾਨ ਬਾਰੇ ਅਸੀਂ ਪਹਿਲੇ ਅਧਿਆਇ ਵਿੱਚ ਰਾਮ ਸਿੰਘ ਮਜੀਠੇ ਦਾ ਹਵਾਲਾ ਪਹਿਲਾਂ ਹੀ ਦੇ ਚੁੱਕੇ ਹਾਂ।

## ਪੰਜਾਬ ਵਿੱਚ ਸੁਤੰਤਰਤਾ-ਸੰਗਰਾਮ ਦੇ ਨਵੇਂ ਯੁੱਗ ਦਾ ਆਰੰਭ

ਉਨੀਵੀਂ ਸਦੀ ਦੇ ਅੰਤਿਮ ਦੋ ਦਹਾਕਿਆਂ ਵਿੱਚ ਨਵੇਂ ਰਾਸ਼ਟਰੀ ਸੁਤੰਤਰਤਾ ਸੰਗਰਾਮ ਦਾ ਆਰੰਭ ਹੋ ਗਿਆ ਸੀ। ਆਜ਼ਾਦੀ ਦੀ ਇਸ ਨਵੀਂ ਚੇਤਨਤਾ ਨੂੰ ਨਵੀਂ ਸ਼ਹਿਰੀ ਪੜ੍ਹੀ-ਲਿਖੀ ਮੱਧ-ਸ਼੍ਰੇਣੀ ਨੇ ਉਭਾਰਿਆ। ਇਸ ਸ਼ਹਿਰੀ ਮੱਧ-ਸ਼੍ਰੇਣੀ ਨੂੰ ਆਪਣੇ ਭਵਿੱਖ ਨੂੰ ਸੁਰੱਖਿਅਤ ਅਤੇ ਵਿਕਸਿਤ ਕਰਨ ਲਈ ਨਵੇਂ ਆਰਥਿਕ ਵਾਤਾਵਰਣ ਦੀ ਉਸਾਰੀ ਕਰਨ ਦੀ ਲੋੜ ਸੀ। ਵਿਦੇਸ਼ੀ ਸਰਕਾਰ ਨੇ ਵੀ ਆਪਣੀ ਬਸਤੀਵਾਦੀ ਨੀਤੀ ਅਧੀਨ ਸਾਰੇ ਦੇਸ਼ ਅਤੇ ਵਿਸ਼ੇਸ਼ ਕਰਕੇ ਪੰਜਾਬ ਵਿੱਚ ਆਧੁਨਿਕੀਕਰਨ ਦੇ ਮਾਹੌਲ ਨੂੰ ਸਿਰਜਣ ਦਾ ਯਤਨ ਕੀਤਾ। ਫਲਸਰੂਪ ਪੰਜਾਬ ਵਿੱਚ ਵੀ ਭਾਰਤ ਨੂੰ ਸੁਤੰਤਰ ਕਰਵਾਉਣ ਸੰਬੰਧੀ ਨਵੀਂ ਚੇਤਨਤਾ ਦਾ ਆਗਮਨ ਹੋਇਆ।

---

[1] ਜਸਵਿੰਦਰ ਸਿੰਘ, *ਸਤਿਗੁਰੂ ਰਾਮ ਸਿੰਘ ਦੇ ਹੁਕਮਨਾਮੇ*, ਹੁਕਮਨਾਮਾ 7, ਪੰਨਾ 157.

Namdhari Elibrary NamdhariElibrary@gmail.com

ਪਹਿਲਾਂ ਪਹਿਲ ਤਾਂ ਧਾਰਮਿਕ ਸੁਧਾਰਵਾਦੀ ਲਹਿਰਾਂ ਨੇ ਸਮਾਜਿਕ ਅਤੇ ਧਾਰਮਿਕ ਜਾਗ੍ਰਿਤੀ ਫੈਲਾਈ, ਜੋ ਵਿਸ਼ੇਸ਼ ਕਰਕੇ ਈਸਾਈ ਧਾਰਮਿਕ ਪ੍ਰਚਾਰ ਦੇ ਵੱਧ ਰਹੇ ਖਤਰੇ ਨੂੰ ਠੱਲ੍ਹ ਪਾਉਣ ਲਈ ਪੈਦਾ ਹੋਈਆਂ ਸਨ। ਇਨ੍ਹਾਂ ਧਾਰਮਿਕ ਲਹਿਰਾਂ ਵਿੱਚ ਭਾਰਤੀ ਸੰਸਕ੍ਰਿਤੀ ਤੇ ਸਭਿਆਚਾਰ ਦੇ ਗੌਰਵ ਦੀ ਪੁਨਰਜਾਗ੍ਰਿਤੀ/ਪੁਨਰ-ਸੁਰਜੀਤੀ ਦੀ ਭਾਵਨਾ ਵਿਦਮਾਨ ਸੀ। ਬੰਗਾਲ ਵਿੱਚ ਬ੍ਰਹਮੋ ਸਮਾਜ ਤੇ ਦੇਵ ਸਮਾਜ ਤੋਂ ਪ੍ਰਭਾਵਿਤ ਹੋ ਕੇ, ਪੰਜਾਬ ਵਿੱਚ ਆਰੀਆ ਸਮਾਜ ਨੇ 1877 ਈ. ਵਿੱਚ ਜ਼ੋਰ ਫੜਿਆ। 19ਵੀਂ ਸਦੀ ਦੇ ਨੌਂਵੇਂ ਦਹਾਕੇ ਵਿੱਚ ਹੀ ਇੰਡੀਅਨ ਨੈਸ਼ਨਲ ਕਾਂਗਰਸ ਦਾ ਜਨਮ ਹੋਇਆ। 1882 ਈ. ਵਿੱਚ ਹੀ ਪੰਜਾਬ ਯੂਨੀਵਰਸਿਟੀ ਹੋਂਦ ਵਿੱਚ ਆਈ, ਜਿਸ ਦੁਆਰਾ ਨਵੀਂ ਸਿੱਖਿਆ ਪ੍ਰਣਾਲੀ ਨੇ ਇਸ ਜਾਗ੍ਰਿਤੀ ਨੂੰ ਹੋਰ ਪਰਪੱਕ ਕਰ ਦਿੱਤਾ, ਕਿਉਂ ਜੋ ਮੱਧ ਸ਼੍ਰੇਣੀ ਦੀ ਬੌਧਿਕ ਚੇਤਨਤਾ ਨੂੰ ਵਿਕਸਿਤ ਕਰਨ ਵਿੱਚ ਇਸ ਨਵੇਂ ਸਥਾਪਿਤ ਕੀਤੇ ਗਏ ਪੱਛਮੀ ਸਿੱਖਿਆ ਤੰਤਰ ਦੀ ਵੱਡੀ ਭੂਮਿਕਾ ਸੀ।

## ਇੰਡੀਅਨ ਨੈਸ਼ਨਲ ਕਾਂਗਰਸ ਤੇ ਪੰਜਾਬ

ਦਸੰਬਰ 1885 ਈ. ਵਿੱਚ ਏ.ਓ. ਹਿਊਮ ਦੇ ਯਤਨਾਂ ਸਦਕਾ ਬੰਬਈ ਵਿਖੇ ਇੰਡੀਅਨ ਨੈਸ਼ਨਲ ਕਾਂਗਰਸ ਹੋਂਦ ਵਿੱਚ ਆਈ। ਇਸ ਕੌਮੀ ਜਥੇਬੰਦੀ ਦਾ ਭਾਰਤ ਦੇ ਸੁਤੰਤਰਤਾ ਸੰਗਰਾਮ ਵਿੱਚ ਉੱਘਾ ਯੋਗਦਾਨ ਰਿਹਾ ਹੈ। ਸੰਨ 1900 ਈ. ਤੱਕ ਕਾਂਗਰਸ ਦੇ ਦੋ ਸ਼ੈਸ਼ਨ ਪੰਜਾਬ ਵਿੱਚ ਹੋ ਚੁੱਕੇ ਸਨ। ਇੱਕ 1893 ਈ. ਵਿੱਚ ਅਤੇ ਦੂਜਾ 1900 ਈ. ਵਿੱਚ। ਤਦੋਂ ਤੱਕ ਇਹ ਇੱਕ ਸੁਧਾਰਵਾਦੀ ਸੰਗਠਨ ਸੀ, ਜੋ ਵਿਦੇਸ਼ੀ ਸਰਕਾਰ ਤੋਂ ਆਪਣੇ ਮਤਿਆਂ ਤੇ ਬਿਨੈ-ਪੱਤਰਾਂ ਦੁਆਰਾ ਕੁਝ ਰਿਆਇਤਾਂ ਦੀ ਮੰਗ ਕਰਦਾ ਰਿਹਾ ਸੀ। ਪੰਜਾਬ ਵਿੱਚ ਇਸ ਦੇ ਆਗੂ ਸਰਦਾਰ ਦਿਆਲ ਸਿੰਘ ਮਜੀਠਾ ਤੇ ਹਰਕ੍ਰਿਸ਼ਨ ਲਾਲ ਸਨ। 1893 ਈ. ਦਾ ਕਾਂਗਰਸ ਸੈਸ਼ਨ ਦਾਦਾ ਭਾਈ ਨਾਰੋਜੀ ਦੀ ਪ੍ਰਧਾਨਗੀ ਹੇਠ ਹੋਇਆ ਸੀ। ਇਸ ਵਿੱਚ ਪੰਜਾਬ ਸੰਬੰਧੀ ਦੋ ਮਤੇ ਪਾਸ ਕੀਤੇ ਗਏ ਸਨ। ਇਹ ਮਤੇ ਸਨ – ਪੰਜਾਬ ਵਿੱਚ ਲੈਜਿਸਲੇਟਿਵ ਕੌਂਸਲ ਕਾਇਮ ਕਰਨਾ ਅਤੇ ਪੰਜਾਬ ਦੇ ਚੀਫ਼ ਕੋਰਟ ਨੂੰ ਹਾਈ ਕੋਰਟ ਦਾ ਦਰਜਾ ਦਿਵਾਉਣਾ। 1900 ਈ. ਦਾ ਕਾਂਗਰਸ ਦਾ ਸੋਲਵਾਂ ਸੈਸ਼ਨ ਵੀ ਲਾਹੌਰ ਵਿਖੇ ਹੋਇਆ। ਇਸ ਸੈਸ਼ਨ ਵਿੱਚ ਕੁੱਲ 567 ਪ੍ਰਤੀਨਿਧੀਆਂ ਨੇ ਭਾਗ ਲਿਆ। ਜਿਨ੍ਹਾਂ ਵਿੱਚੋਂ 421 ਪ੍ਰਤੀਨਿਧੀ ਪੰਜਾਬ ਦੇ ਹੀ ਸਨ।[1] ਭਾਵੇਂ ਪੰਜਾਬੀਆਂ ਨੇ ਇਸ ਸੈਸ਼ਨ ਦੀ ਕਾਰਵਾਈ ਵਿੱਚ ਮਹੱਤਵਪੂਰਨ ਹਿੱਸਾ ਪਾਇਆ, ਫਿਰ ਵੀ ਕਾਂਗਰਸ ਪੰਜਾਬ ਵਿੱਚ ਇੱਕ ਸ਼ਕਤੀਸ਼ਾਲੀ ਸੰਸਥਾ ਵਜੋਂ ਕਾਇਮ ਨਾ ਹੋ ਸਕੀ। ਇਸ ਦਾ ਇੱਕ ਕਾਰਨ ਇਹ ਸੀ ਕਿ ਪੰਜਾਬ ਦੇ ਹਿੰਦੂ, ਸਿੱਖ ਤੇ ਮੁਸਲਮਾਨ ਇਸ ਰਾਸ਼ਟਰੀ ਸੰਸਥਾ ਵਿੱਚ ਵਧੇਰੇ ਰੁਚੀ ਲੈਣ ਦੀ ਬਜਾਏ ਆਪਣੀਆਂ-ਆਪਣੀਆਂ ਧਰਮ ਤੇ ਸਮਾਜ ਸੁਧਾਰ ਸੰਬੰਧੀ ਸੰਸਥਾਵਾਂ ਦੀਆਂ ਗਤੀਵਿਧੀਆਂ ਵਿੱਚ ਉਲਝੇ ਹੋਏ ਸਨ। ਦੂਜੇ, ਪੰਜਾਬ ਵਿੱਚ ਕਾਂਗਰਸ ਦੇ ਦੋ ਧੜੇ ਬਣ ਗਏ ਸਨ। ਇੱਕ ਹਰਕਿਸ਼ਨ ਲਾਲ ਦਾ ਅਤੇ ਦੂਜਾ ਲਾਲ ਚੰਦ ਤੇ ਲਾਲਾ ਲਾਜਪਤ ਰਾਏ ਦਾ, ਜਿਸ ਵਿੱਚ

[1] ਏ. ਸੀ. ਅਰੋੜਾ, *ਪੰਜਾਬ ਦਾ ਇਤਿਹਾਸ*, ਭਾਗ ਦੂਜਾ, ਪੰਨਾ 246.

Namdhari Elibrary NamdhariElibrary@gmail.com

ਵਧੇਰੇ ਆਰੀਆ ਸਮਾਜੀ ਹੀ ਸਨ।"

## ਸੁਤੰਤਰਤਾ-ਸੰਗਰਾਮ ਦਾ ਨਵਾਂ ਦੌਰ

ਵੀਹਵੀਂ ਸਦੀ ਦੇ ਚੜ੍ਹਦਿਆਂ ਹੀ ਇਸ ਦੇ ਪਹਿਲੇ ਦਹਾਕੇ ਵਿੱਚ ਹੀ ਪੰਜਾਬ ਵਿੱਚ ਆਜ਼ਾਦੀ ਦੀ ਲਹਿਰ ਨੇ ਵਧੇਰੇ ਸਰਗਰਮ ਤੇ ਇਨਕਲਾਬੀ ਰੂਪ ਧਾਰਨ ਕਰ ਲਿਆ। 1905 ਈ. ਵਿੱਚ ਏਸ਼ੀਆ ਦੇ ਇੱਕ ਛੋਟੇ ਜਿਹੇ ਦੇਸ਼ ਜਾਪਾਨ ਨੇ ਰੂਸ ਵਰਗੇ ਵੱਡੇ ਦੇਸ਼ ਨੂੰ ਹਰਾ ਦਿੱਤਾ, ਜੋ ਇਸ ਗੱਲ ਦਾ ਪ੍ਰਮਾਣ ਸੀ ਕਿ ਏਸ਼ੀਆ ਦੀਆਂ ਕੌਮਾਂ ਵੀ ਗੋਰੀਆਂ ਯੂਰਪੀਨ ਕੌਮਾਂ ਨੂੰ ਆਪਣੇ ਬਾਹੂਬਲ ਨਾਲ ਹਰਾ ਸਕਦੀਆਂ ਹਨ। ਇਸ ਅੰਤਰਰਾਸ਼ਟਰੀ ਘਟਨਾ ਨੇ ਏਸ਼ੀਆ ਦੇ ਦੇਸ਼ਾਂ ਵਿੱਚ ਸਾਮਰਾਜਵਾਦੀ ਸਰਕਾਰਾਂ ਦੇ ਵਿਰੋਧ ਨੂੰ ਹੋਰ ਤਿੱਖਾ ਕਰ ਦਿੱਤਾ।

ਇਸ ਸਮੇਂ ਭਾਰਤ ਦਾ ਗਵਰਨਰ ਜਨਰਲ ਲਾਰਡ ਕਰਜ਼ਨ (1898-1905) ਆਪਣੀ ਸਾਮਰਾਜਵਾਦੀ ਹੈਂਕੜ ਵਿੱਚ ਮੌਤਾ ਆਪਣੇ ਸ਼ਾਸ਼ਨ-ਕਾਲ ਦੇ ਆਰੰਭ ਵਿੱਚ ਹੀ ਉਸਨੇ ਇਹ ਕਿਹਾ ਸੀ, ਕਾਂਗਰਸ ਤਾਂ ਢਹਿੰਦੀ ਕਲਾ ਵੱਲ ਜਾ ਰਹੀ ਹੈ, ਅਤੇ ਮੇਰੀ ਸਭ ਤੋਂ ਵੱਡੀ ਅਭਿਲਾਸ਼ਾ ਇਹੋ ਹੀ ਹੈ ਕਿ ਮੈਂ ਭਾਰਤ ਵਿੱਚ ਆਪਣੇ ਸ਼ਾਸ਼ਨ-ਕਾਲ ਦੌਰਾਨ ਇਸ ਦੇ ਸ਼ਾਂਤਮਈ ਅੰਤ ਨੂੰ ਦੇਖ ਸਕਾਂ। ਦੂਜੇ ਥੰਨੇ 1904 ਈ. ਵਿੱਚ ਕਲਕੱਤਾ ਯੂਨੀਵਰਸਿਟੀ ਦੇ ਗ੍ਰੈਜੂਏਟਾਂ ਨੂੰ ਭਾਸ਼ਣ ਦਿੰਦੇ ਹੋਏ ਉਸਨੇ ਇਥੋਂ ਤੱਕ ਕਹਿ ਦਿੱਤਾ ਸੀ ਕਿ ਭਾਰਤ ਦੇ ਲੋਕ ਆਪਣੀ ਜਾਤੀ ਤੇ ਗੁਣਾਂ ਦੇ ਕਾਰਨ ਅੰਗਰੇਜ਼ ਸ਼ਾਸਕਾਂ ਦੇ ਬਰਾਬਰ ਨਹੀਂ ਆ ਸਕਦੇ ਤੇ ਨਾ ਹੀ ਉਹ ਉੱਚ ਪਦਵੀਆਂ ਦੇ ਅਧਿਕਾਰੀ ਹੋ ਸਕਦੇ ਹਨ, ਕਿਉਂ ਜੋ ਉਨ੍ਹਾਂ ਵਿੱਚ ਚਿੱਟੀਆਂ ਕੌਮਾਂ ਵਾਲੀ ਯੋਗਤਾ ਨਹੀਂ ਹੈ। ਇਨ੍ਹਾਂ ਅਪਮਾਨਜਨਕ ਸ਼ਬਦਾਂ ਨੇ ਕੌਮੀ ਲਹਿਰ ਦੇ ਉਭਾਰ ਲਈ ਬੜੀ ਜ਼ਬਰਦਸਤ ਭੂਮੀ ਤਿਆਰ ਕਰ ਦਿੱਤੀ। 1905 ਈ. ਵਿੱਚ ਹੀ ਬੰਗਾਲ ਦੀ ਵੰਡ ਨੇ ਇਸ ਰਾਸ਼ਟਰ-ਵਿਆਪੀ ਸੰਗਰਾਮ ਨੂੰ ਹੋਰ ਪ੍ਰਚੰਡ ਕਰ ਦਿੱਤਾ।

## 1907 ਦੀ ਕਿਸਾਨ 'ਪਗੜੀ ਸੰਭਾਲ ਜੱਟਾ' ਲਹਿਰ

ਅੰਗਰੇਜ਼ ਸਰਕਾਰ ਨੇ ਆਪਣੀ ਬਸਤੀਵਾਦੀ ਨੀਤੀ ਅਧੀਨ ਆਪਣੇ ਸਾਮਰਾਜੀ ਹਿੱਤਾਂ ਲਈ ਨਹਿਰੀ ਬਸਤੀਆਂ ਦਾ ਨਿਰਮਾਣ ਕੀਤਾ ਅਤੇ ਪੰਜਾਬ ਵਿੱਚ ਨਹਿਰਾਂ ਦਾ ਜਾਲ ਵਿਛਾ ਦਿੱਤਾ।[1] ਇਨ੍ਹਾਂ ਨਹਿਰੀ ਆਬਾਦੀਆਂ ਦੀ ਆਬਾਦਕਾਰੀ ਨਾਲ ਦਸ ਲੱਖ ਏਕੜ ਬੰਜਰ ਜ਼ਮੀਨ ਨੂੰ ਵਾਹੀਯੋਗ ਬਣਾ ਦਿੱਤਾ ਗਿਆ ਅਤੇ ਮੱਧ-ਪੰਜਾਬ ਦੇ ਜ਼ਿਲ੍ਹਿਆਂ ਵਿੱਚੋਂ ਅੰਮ੍ਰਿਤਸਰ, ਗੁਰਦਾਸਪੁਰ, ਜਲੰਧਰ, ਹੁਸ਼ਿਆਰਪੁਰ, ਲੁਧਿਆਣਾ, ਅੰਬਾਲਾ ਅਤੇ ਫਿਰੋਜ਼ਪੁਰ ਦੇ ਜ਼ਿੰਮੀਦਾਰਾਂ ਨੂੰ ਮੁਫਤ ਜਾਂ ਘੱਟੋ-ਘੱਟ ਕੀਮਤਾਂ ਉੱਤੇ ਜ਼ਮੀਨ ਦਿੱਤੀ ਗਈ, ਜਿਨ੍ਹਾਂ ਨੇ ਕਰੜੀ ਮਿਹਨਤ ਕਰਕੇ ਆਪ ਜਾਂ ਆਪਣੇ ਕਾਮਿਆਂ ਤੋਂ ਇਸ ਜ਼ਮੀਨ ਨੂੰ

---

[1] ਅਪਰਬਾਰੀ ਦੁਆਬ 1859, ਸਰਹਿੰਦ ਨਹਿਰ 1883, ਝਨਾਅ ਦੀ ਨਹਿਰ 1887, ਲੋਅਰ ਜਿਹਲਮ ਨਹਿਰ 1901.

[2] ਰਾਮ ਸਿੰਘ ਮਜੀਠਾ, *ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ*, ਭਾਗ 1, ਪੰਨਾ 86.

ਵਾਹੀਯੋਗ ਬਣਾ ਕੇ ਬਹੁਤ ਉਪਜਾਊ ਧਰਤੀ ਵਿੱਚ ਬਦਲ ਦਿੱਤਾ। ਬਾਕੀ ਬਚੀ ਜ਼ਮੀਨ ਸਰਕਾਰ ਵੱਲੋਂ ਹਰ ਸਾਲ ਨੀਲਾਮ ਕਰ ਦਿੱਤੀ ਜਾਂਦੀ ਸੀ। ਇਸ ਨੌਆਬਾਦ ਭੂਮੀ ਨੂੰ ਉਪਜਾਊ ਬਣਾਉਣ ਲਈ ਸਰਕਾਰ ਦੇ ਵਿਸ਼ੇਸ਼ ਹਿਤ ਕੰਮ ਕਰ ਰਹੇ ਸਨ। ਕੱਚੇ ਮਾਲ, ਕਪਾਹ, ਕਣਕ, ਚੌਲਾਂ ਤੇ ਹੋਰ ਫ਼ਸਲਾਂ ਨੂੰ ਸਸਤੇ ਭਾਅ ਖਰੀਦ ਕੇ ਇੰਗਲੈਂਡ ਭੇਜ ਦਿੱਤਾ ਜਾਂਦਾ ਸੀ ਅਤੇ ਵਿਸ਼ੇਸ਼ ਕਰਕੇ ਲੰਕਾ ਸ਼ਾਇਰ ਦੇ ਕਾਰਖਾਨਿਆਂ ਵਿੱਚੋਂ ਕੱਪੜਾ ਤੇ ਪੱਕਾ ਮਾਲ ਤਿਆਰ ਕਰਵਾ ਕੇ ਭਾਰਤ ਦੀਆਂ ਮੰਡੀਆਂ ਵਿੱਚੋਂ ਦੂਣਾ ਤੀਣਾ ਨਫ਼ਾ ਕਮਾਇਆ ਜਾਂਦਾ। ਇਹ ਸਾਰੀ ਦੌਲਤ ਇੰਗਲੈਂਡ ਦੇ ਖਜ਼ਾਨੇ ਭਰ ਰਹੀ ਸੀ ਅਤੇ ਭਾਰਤ ਨੂੰ ਇਸ ਸਾਮਰਾਜੀ ਲੁੱਟ-ਖਸੁੱਟ ਦਾ ਸ਼ਿਕਾਰ ਬਣਾਇਆ ਜਾ ਰਿਹਾ ਸੀ। ਇਥੋਂ ਦੀ ਕਿਰਸਾਨੀ ਸਖ਼ਤ ਮਿਹਨਤ ਕਰਕੇ ਵੀ ਗਰੀਬੀ ਦੇ ਭਾਰ ਹੇਠਾਂ ਦੱਬੀ ਹੋਈ ਸੀ। ਅਜਿਹੀ ਆਰਥਿਕ ਨੀਤੀ ਨੂੰ ਲਾਗੂ ਕਰਕੇ ਅੰਗਰੇਜ਼ ਸਰਕਾਰ ਆਪਣੇ ਸਾਮਰਾਜੀ ਹਿੱਤਾਂ ਦੀ ਪਾਲਣਾ ਕਰ ਰਹੀ ਸੀ।

## ਨੌਆਬਾਦੀ ਅਰਥਾਤ ਕੋਲੋਨਾਈਜ਼ੇਸ਼ਨ ਬਿੱਲ

28 ਫਰਵਰੀ, 1907 ਈ. ਨੂੰ ਪੰਜਾਬ ਕੌਂਸਲ ਵਿੱਚ ਨੌਆਬਾਦੀ ਅਰਥਾਤ ਕੋਲੋਨਾਈਜ਼ੇਸ਼ਨ ਬਿਲ ਪਾਸ ਹੋਇਆ, ਜਿਸ ਅਨੁਸਾਰ ਇਸ ਉਪਜਾਊ ਵਾਹੀਯੋਗ ਜ਼ਮੀਨ ਦੀ ਮਾਲਕੀ ਤੋਂ ਕਿਸਾਨਾਂ ਤੇ ਜ਼ਿਮੀਦਾਰਾਂ ਨੂੰ ਵੱਚਿਤ ਕਰ ਦਿੱਤਾ ਗਿਆ ਅਤੇ ਇਸ ਭੂਮੀ ਨੂੰ ਸਰਕਾਰੀ ਮਲਕੀਅਤ ਬਣਾ ਦਿੱਤਾ ਗਿਆ। ਵਾਹੀਕਾਰ ਜੋ ਆਪਣੇ ਆਪ ਨੂੰ ਇਸ ਜ਼ਮੀਨ ਦੇ ਮਾਲਕ ਸਮਝਦੇ ਸਨ, ਮਾਲਕੀ ਦੇ ਹੱਕ ਤੋਂ ਵਾਂਝੇ ਕਰ ਦਿੱਤੇ ਗਏ। ਉਹ ਨਾ ਤਾਂ ਇਸ ਜ਼ਮੀਨ ਨੂੰ ਵੇਚ ਜਾਂ ਗਹਿਣੇ ਪਾ ਸਕਦੇ ਸਨ, ਨਾ ਹੀ ਕਿਸੇ ਦੇ ਨਾਂ ਵਸੀਅਤ ਕਰ ਸਕਦੇ ਸਨ, ਨਾ ਹੀ ਕੋਈ ਨਵਾਂ ਮਕਾਨ ਬਣਾ ਸਕਦੇ ਸਨ ਅਤੇ ਨਾ ਹੀ ਉਹ ਇਸ ਵਿਚਲੇ ਦਰੱਖਤਾਂ ਨੂੰ ਕੱਟ ਸਕਦੇ ਸਨ। ਇਸ ਤੋਂ ਬਿਨਾਂ ਇਸ ਭੂਮੀ ਦਾ ਮਾਲੀਆ ਵੀ ਜਿਨਸਾਂ ਦੀ ਥਾਂ ਨਗਦ ਲਿਆ ਜਾਣ ਲੱਗਾ ਅਤੇ ਸਿੰਜਾਈ ਯੋਗ ਨਹਿਰੀ ਪਾਣੀ ਦੇ ਆਬਿਆਨੇ ਦੇ ਦਰ ਵੀ ਵਧਾ ਦਿੱਤੇ ਗਏ। ਇਸ ਨਾਲ ਕਿਸਾਨਾਂ ਵਿੱਚ ਸਰਕਾਰ ਵਿਰੁੱਧ ਰੋਸ ਦੀ ਵੱਡੀ ਲਹਿਰ ਫੈਲ ਗਈ। ਜ਼ਿਮੀਦਾਰਾਂ ਨੇ ਮਿਲ ਕੇ ਵੱਡਾ ਅੰਦੋਲਨ ਜਥੇਬੰਦ ਕਰ ਦਿੱਤਾ, ਜਿਸ ਨੂੰ 1907 ਦਾ ਕਿਸਾਨ ਅੰਦੋਲਨ ਜਾਂ 'ਪੱਗੜੀ ਸੰਭਾਲ ਜੱਟਾ'[1] ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਇਸ ਲਹਿਰ ਦੇ ਫਲਸਰੂਪ ਥਾਂ-ਥਾਂ ਤੇ, ਪੰਜਾਬ ਦੇ ਸਾਰੇ ਵੱਡੇ-ਵੱਡੇ ਸ਼ਹਿਰਾਂ — ਲਾਇਲਪੁਰ, ਰਾਵਲਪਿੰਡੀ, ਲਾਹੌਰ, ਅੰਮ੍ਰਿਤਸਰ, ਹੁਸ਼ਿਆਰਪੁਰ ਆਦਿ ਵਿੱਚ ਜਲਸੇ ਕੀਤੇ ਗਏ, ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨ ਤੇ ਹੋਰ ਸ਼ਹਿਰੀ ਇਕੱਤਰ ਹੋਏ ਅਤੇ ਸਰਕਾਰ ਵਿਰੁੱਧ ਮਤੇ ਪਾਸ ਕਰਕੇ ਇਸ ਕਾਨੂੰਨ ਨੂੰ ਵਾਪਿਸ ਲੈਣ ਲਈ ਆਵਾਜ਼ ਉਠਾਈ ਗਈ।

[1] ਇਹ ਰਚਨਾ ਪਹਿਲੀ ਵਾਰ, 21-22 ਮਾਰਚ, 1907 ਈ. ਨੂੰ ਲਾਇਲਪੁਰ ਦੇ ਜਲਸੇ ਵਿੱਚ ਪੜ੍ਹੀ ਗਈ ਸੀ, ਜਿਸ ਦੇ ਕਰਤਾ ਬਾਂਕੇ ਦਿਆਲ ਸਨ ਅਤੇ ਜਿਸਨੂੰ ਝੰਗ ਸਿਆਲ ਦੇ ਸੰਪਾਦਕ ਪ੍ਰਭੂ ਦਿਆਲ ਨੇ ਗਾਇਆ ਸੀ।
ਰਾਮ ਸਿੰਘ ਮਜੀਠਾ, *ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ*, ਭਾਗ ਪਹਿਲਾ, ਪੰਨਾ ੪੭.

Namdhari Elibrary NamdhariElibrary@gmail.com

ਇਸ ਲਹਿਰ ਦੇ ਆਗੂ ਲਾਲਾ ਲਾਜਪਤ ਰਾਇ[1], ਸਰਦਾਰ ਅਜੀਤ ਸਿੰਘ, ਸੂਫੀ ਅੰਬਾ ਪ੍ਰਸਾਦ, ਲਾਲ ਚੰਦ ਫਲਕ, ਪਿੰਡੀ ਦਾਸ, ਕਿਦਾਰ ਨਾਥ ਸਹਿਗਲ, ਕ੍ਰਿਸ਼ਨ ਸਿੰਘ, ਘਸੀਟਾ ਰਾਮ, ਫਜਲੇ ਹੁਸੈਨ, ਰਾਮ ਭਜ ਦੱਤ, ਅਮੋਲਕ ਰਾਮ, ਹੰਸ ਰਾਜ ਸਾਹਨੀ, ਗੁਲਾਮ ਕਾਦਿਰ, ਸੱਯਦ ਹੈਦਰ ਰਜਾ ਅਤੇ ਇਲਾਹੀ ਬਖਸ਼ ਸਨ ਅਤੇ ਇਨ੍ਹਾਂ ਵੱਲੋਂ ਕੀਤੀਆਂ ਗਈਆਂ ਇਕੱਤਰਤਾਵਾਂ ਵਿੱਚ ਵੱਡੀ ਗਿਣਤੀ ਵਿੱਚ ਲੋਕ ਸ਼ਾਮਲ ਹੋਏ। ਉਸ ਵੇਲੇ ਦੇ ਪੰਜਾਬ ਦੇ ਸਮਾਚਾਰ ਪੱਤਰਾਂ 'ਪੰਜਾਬੀ', 'ਇੰਡੀਆ' ਅਤੇ 'ਹਿੰਦੁਸਤਾਨ' ਨੇ ਇਸ ਅੰਦੋਲਨ ਦਾ ਭਰਪੂਰ ਸਮਰਥਨ ਕੀਤਾ। ਲਾਇਲਪੁਰ ਦੇ ਇੱਕ ਜਲਸੇ ਵਿੱਚ ਲਾਲਾ ਲਾਜਪਤ ਰਾਏ ਨੇ ਇਹ ਸ਼ਬਦ ਕਹੇ ਸਨ, [2]"ਸਰਕਾਰ ਇਹ ਜ਼ਮੀਨਾਂ ਕਿੱਥੋਂ ਲਿਆਈ ਹੈ? ਸਾਡੇ ਬਜ਼ੁਰਗਾਂ ਦਾ ਖੂਨ ਇਸ ਉੱਤੇ ਡੁੱਲ੍ਹਿਆ ਹੈ। ਇਸ ਲਈ ਇਹ ਜ਼ਮੀਨਾਂ ਜਾਂ ਸਾਡੀਆਂ ਹਨ ਅਤੇ ਜਾਂ ਰੱਬ ਦੀਆਂ। ਸਰਕਾਰੀ ਅਫਸਰ ਸਾਡੀ ਸੇਵਾ ਕਰਨ ਵਾਸਤੇ ਹਨ ਨਾ ਕਿ ਸਾਡੇ ਉੱਤੇ ਹਕੂਮਤ ਕਰਨ ਵਾਸਤੇ। ਜੇਲ੍ਹਾਂ ਤੇ ਮੌਤ ਤੋਂ ਬਿਲਕੁਲ ਨਾ ਡਰੋ।"

ਇੱਥੇ ਚੇਤੇ ਕਰਵਾਇਆ ਜਾਂਦਾ ਹੈ ਕਿ 1899 ਵਿੱਚ ਰਾਜਸਥਾਨ ਤੇ ਬਾਗੜ ਦੇਸ਼ ਵਿੱਚ ਵੱਡਾ ਕਾਲ ਪਿਆ ਸੀ। ਭੁੱਖੇ ਮਰਦੇ ਲੋਕ ਹਜ਼ਾਰਾਂ ਦੀ ਗਿਣਤੀ ਵਿੱਚ ਪੰਜਾਬ ਆ ਗਏ ਸਨ। ਪੰਜਾਬ ਦੀਆਂ ਗਲੀਆਂ ਵਿੱਚ ਇਹ ਆਵਾਜ਼ਾਂ ਉਠਦੀਆਂ ਸਨ, 'ਛਪੰਜਾ ਫਿਰ ਗਿਆ ਗਲੀ ਗਲੀ, ਸਦਾ ਕਾਲ ਨਹੀਂ ਰਹਿਣਾ'। ਇਨ੍ਹਾਂ ਹਜ਼ਾਰਾਂ ਕਾਲ ਪੀੜਤਾਂ ਦੀ ਸਹਾਇਤਾ ਲਈ ਸਤਿਗੁਰੂ ਹਰੀ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਰਾਮ ਸਿੰਘ ਵੱਲੋਂ ਚਲਾਏ ਗਏ ਸਦਾ ਵਰਤ ਲੰਗਰ ਦੇ ਭੰਡਾਰੇ ਸਭ ਲਈ ਖੋਲ੍ਹ ਦਿੱਤੇ ਅਤੇ ਕਈ ਮਹੀਨੇ ਇਨ੍ਹਾਂ ਹਜ਼ਾਰਾਂ ਕਾਲ ਪੀੜਤਾਂ ਨੂੰ ਅੰਨ, ਧਨ ਅਤੇ ਹੋਰ ਲੋੜੀਂਦੀਆਂ ਚੀਜ਼ਾਂ ਵਸਤਾਂ ਵੰਡੀਆਂ ਜਾਂਦੀਆਂ ਰਹੀਆਂ। ਇਸ ਦੀ ਸ਼ੋਭਾ ਸੁਣ ਕੇ ਤਹਿਸੀਲਦਾਰ ਤੇ ਹੋਰ ਜ਼ਿਲ੍ਹਾ ਅਧਿਕਾਰੀਆਂ ਨੇ ਆਣ ਕੇ ਸਤਿਗੁਰੂ ਹਰੀ ਸਿੰਘ ਜੀ ਨੂੰ [3]52 ਮੁਰੱਬੇ ਜ਼ਮੀਨ ਦੇਣ ਦੀ ਪੇਸ਼ਕਸ਼ ਕੀਤੀ, ਜੋ ਉਨ੍ਹਾਂ ਨੇ ਠੁਕਰਾ ਦਿੱਤੀ ਅਤੇ ਲਾਲਾ ਲਾਜਪਤ ਰਾਏ ਵਰਗਾ ਜਵਾਬ ਹੀ ਉਨ੍ਹਾਂ ਨੂੰ ਦਿੱਤਾ, ਜਿਸ ਦੇ ਵੇਰਵੇ ਇਨ੍ਹਾਂ ਸਤਰਾਂ ਦੇ ਲੇਖਕ ਨੇ ਆਪਣੀ ਨਾਮਧਾਰੀ ਇਤਿਹਾਸ ਸੰਬੰਧੀ ਲਿਖੀ ਗਈ ਕਾਵਿ ਪੁਸਤਕ[4] ਵਿੱਚ ਇਸ ਤਰ੍ਹਾਂ ਵਰਣਨ ਕੀਤੇ ਹਨ :

ਸੰਮਤ ਛਪੰਜਾ ਬਿਕਰਮੀ,
ਪਿਆ ਸੀ ਵੱਡਾ ਕਾਲ।
ਬਾਗੜ ਰਾਜਸਥਾਨ ਵਿੱਚ,
ਜੀਉਣਾ ਹੋਇਆ ਮੁਹਾਲ।
ਗਲੀ ਗਲੀ ਮੰਗਦੇ ਫਿਰਨ,
ਲੋਕ ਹੋਏ ਮਜਬੂਰ।

---

[1] ਏ.ਸੀ. ਅਰੋੜਾ, *ਪੰਜਾਬ ਦਾ ਇਤਿਹਾਸ*, ਭਾਗ ਦੂਜਾ, ਪੰਨਾ 248.
[2] ਰਾਮ ਸਿੰਘ ਮਜੀਠਾ, *ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ*, ਭਾਗ I, ਪੰਨਾ 90.
[3] ਪ੍ਰੋ. ਕਿਰਪਾਲ ਸਿੰਘ ਕਸੇਲ, *ਤਵਾਰੀਖ ਸੰਤ ਖਾਲਸਾ*, ਭਾਗ ਪਹਿਲਾ, ਪੰਨਾ 882.
[4] ਪ੍ਰੋ. ਕਿਰਪਾਲ ਸਿੰਘ ਕਸੇਲ, *ਜੈਸਾ ਸਤਿਗੁਰੁ ਸੁਣੀਦਾ*, ਪੰਨਾ 42.

Namdhari Elibrary NamdhariElibrary@gmail.com

ਖਾਤਰ ਰੋਟੀ ਕੱਪੜੇ,
ਪਹੁੰਚੇ ਦੂਰੋ-ਦੂਰ।
ਪਿੰਡੀਂ ਆਵਾਜ਼ਾਂ ਉਠੀਆਂ,
ਸਭਨਾਂ ਦਾ ਇਹ ਸੀ ਕਹਿਣਾ।
ਛਪੰਜਾ ਫਿਰ ਗਿਆ ਗਲੀ ਗਲੀ,
ਸਦਾ ਕਾਲ ਨਹੀਂ ਰਹਿਣਾ।
ਸਤਿਗੁਰੂ ਹਰੀ ਸਿੰਘ ਨੇ,
ਗੁਰੂ ਰਾਮ ਦੇ ਧਾਮ।
ਸਦਾ-ਵਰਤ ਚਲਾਇਆ,
ਲੰਗਰ ਅਤਿ-ਮਹਾਨ।
ਹਜ਼ਾਰਾਂ ਨੂੰ ਅੰਨ ਮਿਲਦਾ ਰਿਹਾ,
ਹੋਰ ਸਭ ਸਮਿਆਨ।
ਮਹਿਮਾ ਇਸ ਗੁਰਧਾਮ ਦੀ,
ਜਗ ਵਿਚ ਫੈਲੀ ਆਣ।
ਗੋਰਾ ਹਾਕਮ ਆਇਆ,
ਬਾਬਾ ਜੀ! ਕਰੋ ਫੁਰਮਾਨ।
ਮੁਰੱਬੇ ਲਵੋ ਸਰਕਾਰ ਤੋਂ,
ਤੁਸਾਂ ਕੀਤਾ ਕੰਮ ਮਹਾਨ।
ਸਤਿਗੁਰ ਨੀਤੀਵਾਨ ਨੇ,
ਤੁਰੰਤ ਦਿੱਤਾ ਜਵਾਬ :
ਇਹ ਤਾਂ ਲੰਗਰ ਗੁਰੂ ਦਾ,
ਵਰਤਿਆ ਆਪ ਕਰਤਾਰ।
ਇਹ ਹੈ ਦੇਸ਼ ਅਸਾਡੜਾ,
ਸਾਡੀ ਛੱਡੋ ਜ਼ਮੀਨ।
ਕੌਣ ਦਾਨੀ ਤੁਸੀਂ ਹੋਵਦੇਂ,
ਕਰ ਸਾਨੂੰ ਅਧੀਨ।
ਸਤਿਗੁਰ ਸੱਚੇ ਬਖਸ਼ਿਆ,
ਸੁਤੰਤਰਤਾ ਦਾ ਗਿਆਨ।
ਇਸੇ ਖਾਤਰ ਜੀਉਂਦੇ,
ਕਰਦੇ ਹਾਂ ਬਲੀਦਾਨ।
ਧਰਮ ਨੇਮ ਹੈ ਅਸਾਂ ਦਾ,
ਹੋਵੇ ਦੇਸ਼ ਆਜ਼ਾਦ।
ਸਭ ਲੋਕ ਖੁਸ਼ੀ ਵੱਸਣ,
ਇਕ ਦੂਜੇ ਨਾਲ ਪਿਆਰ।

Namdhari Elibrary NamdhariElibrary@gmail.com

ਇਸ ਲਹਿਰ ਨੇ ਛੇਤੀ ਹੀ ਪੰਜਾਬ ਵਿੱਚ ਜ਼ੋਰ ਪਕੜ ਲਿਆ। '1 ਮਾਰਚ ਤੋਂ 1 ਮਈ 1907 ਈ. ਦੌਰਾਨ ਪੰਜਾਬ ਵਿੱਚ ਕੁੱਲ 28 ਜਲਸੇ ਹੋਏ ਅਤੇ ਹਰੇਕ ਜਲਸੇ ਵਿੱਚ 2000 ਤੋਂ 5000 ਵਿਅਕਤੀ ਸ਼ਾਮਲ ਹੋਏ। ਇਹ ਜਲਸੇ ਪੰਜਾਬ ਦੇ ਸਾਰੇ ਵੱਡੇ-ਵੱਡੇ ਸ਼ਹਿਰਾਂ : ਲਾਹੌਰ, ਰਾਵਲਪਿੰਡੀ, ਲਾਇਲਪੁਰ, ਅੰਮ੍ਰਿਤਸਰ, ਸਿਆਲਕੋਟ, ਗੁਜਰਾਂਵਾਲਾ, ਬਟਾਲਾ, ਫਿਰੋਜ਼ਪੁਰ ਤੇ ਮੁਲਤਾਨ ਵਿੱਚ ਹੋਏ, ਅਰਥਾਤ ਸਾਰਾ ਪੱਛਮੀ ਪੰਜਾਬ ਜਿਥੇ ਨਹਿਰੀ ਪਾਣੀ ਨਾਲ ਜ਼ਮੀਨ ਦੀ ਸਿੰਜਾਈ ਕੀਤੀ ਜਾਂਦੀ ਸੀ, ਵਿੱਚ ਲਹਿਰ ਦਾ ਵਿਆਪਕ ਪ੍ਰਭਾਵ ਪਿਆ।

ਸਰਕਾਰ ਨੇ ਇਸ ਲਹਿਰ ਨੂੰ ਦਬਾਉਣ ਲਈ ਵੱਡੇ ਪੈਮਾਨੇ ਤੇ ਦਮਨ ਚੱਕਰ ਚਲਾਇਆ। 'ਪੰਜਾਬੀ', 'ਇੰਡੀਆ' ਤੇ 'ਹਿੰਦੋਸਤਾਨ' ਅਖ਼ਬਾਰਾਂ ਨੇ ਇਸ ਕਿਸਾਨ ਲਹਿਰ ਦਾ ਜ਼ੋਰਦਾਰ ਸਮਰਥਨ ਕੀਤਾ। ਇਨ੍ਹਾਂ ਸਭ ਅਖ਼ਬਾਰਾਂ ਦੇ ਸੰਪਾਦਕਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਇਹ ਅਖ਼ਬਾਰ ਬੰਦ ਕਰ ਦਿੱਤੇ ਗਏ। ਵੱਡੇ ਪੈਮਾਨੇ ਤੇ ਇਸ ਲਹਿਰ ਦੇ ਆਗੂਆਂ ਨੂੰ ਗ੍ਰਿਫਤਾਰ ਕੀਤਾ ਗਿਆ। ਗੁਜਰਾਂਵਾਲੇ ਛਪਦੇ ਅਖ਼ਬਾਰ 'ਇੰਡੀਆ' ਦੇ ਸੰਪਾਦਕ ਪਿੰਡੀ ਦਾਸ ਤੇ 'ਹਿੰਦੁਸਤਾਨ' ਦੇ ਸੰਪਾਦਕ ਦੀਨਾ ਨਾਥ ਨੂੰ 5-5 ਸਾਲ ਕੈਦ ਦੀ ਸਜ਼ਾ ਹੋਈ। ਪਰ ਇਹ ਲਹਿਰ ਜੋ ਆਰਥਿਕ ਮਸਲੇ ਨੂੰ ਲੈ ਕੇ ਉਠੀ ਸੀ, ਨੇ ਹੁਣ ਰਾਜਨੀਤਿਕ ਅਤੇ ਇਨਕਲਾਬੀ ਲਹਿਰ ਦਾ ਰੂਪ ਧਾਰਨ ਕਰ ਲਿਆ।

1907 ਈ. ਵਿੱਚ ਭਾਰਤ ਦੇ 1857 ਦੇ ਪ੍ਰਥਮ ਸੁਤੰਤਰਤਾ ਸੰਗਰਾਮ ਦੀ ਅਰਧ ਸ਼ਤਾਬਦੀ ਸੀ। ਅੰਗਰੇਜ਼ ਸਰਕਾਰ ਨੂੰ ਇਹ ਡਰ ਸੀ ਕਿ ਇਹ ਖਤਰਨਾਕ ਵਿਦਰੋਹ ਦਾ ਰੂਪ ਨਾ ਧਾਰਨ ਕਰ ਲਵੇ। ਇੰਗਲੈਂਡ ਵਿੱਚ ਵੀ ਵੀਰ ਸਾਵਰਕਰ, ਰਾਣਾ ਜੀ, ਮੈਡਮ ਕਾਮਾ ਤੇ ਹੋਰ ਦੇਸ਼-ਭਗਤਾਂ ਨੇ ਭਾਰਤ ਦੇ ਇਸ ਪਹਿਲੇ ਸੁਤੰਤਰਤਾ ਸੰਗਰਾਮ ਦੀ ਯਾਦ ਮਨਾਈ ਸੀ। ਇੰਗਲੈਂਡ ਵਿੱਚ ਹੀ, ਅੰਮ੍ਰਿਤਸਰ ਦੇ ਇੱਕ ਨੌਜਵਾਨ ਮਦਨ ਲਾਲ ਢੀਂਗਰਾ, ਜੋ ਇੰਗਲੈਂਡ ਵਿੱਚ ਉਚੇਰੀ ਵਿੱਦਿਆ ਪੜ੍ਹਨ ਗਿਆ ਸੀ, ਨੇ 1 ਜੁਲਾਈ 1909 ਈ. ਨੂੰ ਲਾਰਡ ਮਾਰਲੇ ਦੇ ਰਾਜਨੀਤਿਕ ਸਕੱਤਰ ਕਰਜ਼ਨ ਵੈਲੀ ਦੀ ਹੱਤਿਆ ਕਰ ਦਿੱਤੀ, ਜਿਸ ਅਪਰਾਧ ਦੇ ਦੋਸ਼ ਵਿੱਚ ਉਸਨੂੰ ਇੰਗਲੈਂਡ ਵਿੱਚ ਹੀ 16 ਅਗਸਤ, 1909 ਈ. ਨੂੰ ਫਾਂਸੀ ਦੇ ਦਿੱਤੀ ਗਈ।

ਪੰਜਾਬ ਵਿੱਚ ਇਸ ਸਮੇਂ ਆਰੀਆ ਸਮਾਜ ਲਹਿਰ, ਜਿਸਦਾ ਪਹਿਲਾਂ ਧਾਰਮਿਕ ਲਹਿਰ ਵਜੋਂ ਉਥਾਨ ਹੋਇਆ ਸੀ, ਹੁਣ ਪੂਰੀ ਰਾਜਨੀਤਿਕ ਅੰਦੋਲਨਾਂ ਵਿੱਚ ਸਰਗਰਮ ਸੀ। ਇਸ ਸਮੇਂ ਬਹੁਤ ਸਾਰੇ ਲੇਖਕਾਂ ਵੱਲੋਂ ਇਨਕਲਾਬੀ ਤੇ ਜੋਸ਼ੀਲਾ ਸਾਹਿਤ ਰਚਿਆ ਗਿਆ, ਜਿਸਦਾ ਵੇਰਵਾ ਰਾਮ ਸਿੰਘ ਮਜੀਠਾ ਨੇ ਦਿੱਤਾ ਹੈ।

[2]"ਨੰਦ ਲਾਲ — 'ਕੌਮੀ ਇਸਲਾਹ' (ਉਰਦੂ); ਸਵਰਨ ਸਿੰਘ — 'ਗ਼ਦਰ', 'ਅਮਾਨਤ ਮੇਂ ਖਿਆਨਤ'; ਸਵਰਨ ਸਿੰਘ ਤੇ ਕ੍ਰਿਸ਼ਨ ਸਿੰਘ — 'ਦੇਸੀ ਫੌਜ-ਏ ਜਫਰ ਮੌਜ', 'ਕੌਮੇ ਕਿਸ ਤਰ੍ਹਾਂ ਜ਼ਿੰਦਾ ਰਹਿਤੀ ਹੈ'; ਸੂਫੀ ਅੰਬਾ ਪ੍ਰਸਾਦ — 'ਬਾਗ਼ੀ ਮਸੀਹ',

---

[1] ਏ.ਸੀ. ਅਰੋੜਾ, *ਪੰਜਾਬ ਦਾ ਇਤਿਹਾਸ*, ਭਾਗ ਦੂਜਾ, ਪੰਨਾ 248.

[2] ਰਾਮ ਸਿੰਘ ਮਜੀਠਾ, *ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ*, ਭਾਗ-1, ਪੰਨਾ 93.

Namdhari Elibrary NamdhariElibrary@gmail.com

ਅਜੀਤ ਸਿੰਘ — 'ਹਿੰਦੁਸਤਾਨ ਮੇਂ ਅੰਗਰੇਜ਼ੀ ਹਕੂਮਤ, ਉਂਗਲੀ ਪਕੜਤੇ ਪਹੁੰਚਾ ਪਕੜਾ', 'ਡੀਵਾਈਡ ਐਂਡ ਕੌਂਕਰ'; ਲਾਲ ਚੰਦ ਤੇ ਕ੍ਰਿਸ਼ਨ ਸਿੰਘ — 'ਸਰਕਾਰੀ ਮੁਲਾਜ਼ਮਤੇ'।"

ਅਜੀਤ ਸਿੰਘ ਨੇ 'ਅਜੁੰਮਨੇ-ਮੁਹੀਬਾਨ-ਏ ਵਤਨ' ਅਰਥਾਤ 'ਭਾਰਤ ਮਾਤਾ ਸੁਸਾਇਟੀ' ਸਥਾਪਤ ਕੀਤੀ। ਸਰਕਾਰ ਨੇ ਬਹੁਤ ਸਾਰੇ ਪ੍ਰੈਸ ਬੰਦ ਕਰਵਾ ਦਿੱਤੇ ਅਤੇ ਉਨ੍ਹਾਂ ਉੱਤੇ ਛਾਪੇ ਮਾਰ ਕੇ ਬਹੁਤ ਸਾਰਾ ਇਨਕਲਾਬੀ ਸਾਹਿਤ ਜ਼ਬਤ ਕਰ ਲਿਆ। ਹੁਸ਼ਿਆਰਪੁਰ ਦੇ ਤਿਲਕ ਪ੍ਰੈਸ ਦੀ ਤਲਾਸ਼ੀ ਕਰਨ ਨਾਲ, ਸਰਕਾਰ ਨੂੰ ਉਸ ਬਾਗ਼ੀ ਯੋਜਨਾ ਦੀ ਵੀ ਸੂਹ ਲੱਗੀ, ਜਿਸ ਨੂੰ ਦੇਸ਼-ਭਗਤ ਗੁਪਤ ਰੂਪ ਵਿੱਚ ਜਥੇਬੰਦ ਕਰ ਰਹੇ ਸਨ।

ਪੰਜਾਬ ਦਾ ਗਵਰਨਰ, ਇਬਸਟਨ, ਇਨ੍ਹਾਂ ਸਾਰੀਆਂ ਰਾਜਨੀਤਿਕ ਕਾਰਵਾਈਆਂ ਨੂੰ ਪੂਰੀ ਤਰ੍ਹਾਂ ਘੋਖ ਰਿਹਾ ਸੀ। ਉਸਨੇ ਗਵਰਨਰ ਜਨਰਲ ਲਾਰਡ ਮਿੰਟੋ ਨੂੰ ਇਸ ਸਾਰੇ ਘਟਨਾ-ਚੱਕਰ ਨੂੰ ਖਤਰਨਾਕ ਦਸਦਿਆਂ ਹੋਇਆਂ ਲਿਖਿਆ। 1818 ਈ. ਦੇ ਰੈਗੂਲੇਸ਼ਨ III ਅਧੀਨ, 9 ਮਈ 1907 ਈ. ਨੂੰ ਲਾਲਾ ਲਾਜਪਤਰਾਏ ਅਤੇ 2 ਜੂਨ, 1907 ਨੂੰ ਅਜੀਤ ਸਿੰਘ ਨੂੰ ਗ੍ਰਿਫਤਾਰ ਕਰਕੇ ਬਰਮਾ ਵਿੱਚ ਮਾਂਡਲੇ ਨਜ਼ਰਬੰਦ ਕਰ ਦਿੱਤਾ ਗਿਆ। ਇਨ੍ਹਾਂ ਦੀ ਗ੍ਰਿਫਤਾਰੀ ਵਿਰੁੱਧ ਸਾਰੇ ਦੇਸ਼ ਵਿੱਚ ਰੋਸ ਦੀ ਲਹਿਰ ਫੈਲ ਗਈ ਅਤੇ ਸਰਕਾਰ ਨੂੰ ਇਨ੍ਹਾਂ ਦੋਵਾਂ ਆਗੂਆਂ ਨੂੰ ਨਵੰਬਰ, 1907 ਵਿੱਚ ਰਿਹਾਅ ਕਰਨ ਲਈ ਮਜਬੂਰ ਹੋਣਾ ਪਿਆ। ਸਰਦਾਰ ਅਜੀਤ ਸਿੰਘ ਦੇ ਭਾਸ਼ਣ ਵਧੇਰੇ ਜੋਸ਼ੀਲੇ ਹੁੰਦੇ ਸਨ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਹੋਇਆਂ ਕਿਹਾ ਕਿ ਉਹ ਸਰਕਾਰ ਨੂੰ ਵਧਾਇਆ ਹੋਇਆ ਆਬਿਆਨਾ ਅਤੇ ਲਗਾਨ ਨਾ ਦੇਣ।

"ਭਾਰਤ ਦੀ ਭੂਮੀ ਭਾਰਤੀਆਂ ਦੀ ਹੈ ਅਤੇ ਇਸ ਉੱਤੇ ਅੰਗਰੇਜ਼ਾਂ ਦਾ ਕੋਈ ਅਧਿਕਾਰ ਨਹੀਂ..... 30 ਕਰੋੜ ਭਾਰਤੀ ਡੇਢ ਲੱਖ ਅੰਗਰੇਜ਼ਾਂ ਨੂੰ ਆਸਾਨੀ ਨਾਲ ਹਰਾ ਕੇ ਭਾਰਤ ਵਿੱਚੋਂ ਬਾਹਰ ਕੱਢ ਸਕਦੇ ਹਨ..... ਪੁਲਿਸ ਅਤੇ ਸੈਨਾ ਵੀ ਸਾਡੀ ਹੀ ਹੈ।"

1907 ਦੀ ਕਿਸਾਨ ਲਹਿਰ ਦੇ ਜ਼ਬਰਦਸਤ ਉਭਾਰ ਨੂੰ ਵੇਖ ਕੇ ਗਵਰਨਰ ਜਨਰਲ ਲਾਰਡ ਮਿੰਟੋ ਨੇ ਕਾਲੋਨਾਈਜੇਸ਼ਨ ਐਕਟ ਨੂੰ ਵਾਪਿਸ ਲੈ ਲਿਆ ਤੇ ਇਸ ਨੂੰ ਕਾਨੂੰਨ ਨਾ ਬਣਨ ਦਿੱਤਾ। ਜ਼ਮੀਨ ਦਾ ਮਾਲੀਆ ਤੇ ਆਬਿਆਨਾ ਵੀ ਘਟਾ ਦਿੱਤਾ।

ਇਸ ਕਿਸਾਨ ਲਹਿਰ ਵਿੱਚ ਨਾਮਧਾਰੀ ਪੰਥ ਨੇ ਮਹੱਤਵਪੂਰਨ ਸਹਿਯੋਗ ਦਿੱਤਾ ਹੋਵੇਗਾ। ਭਾਵੇਂ ਨਾਮਧਾਰੀ ਪੰਥ ਉੱਤੇ ਵਧੇਰੇ ਪਾਬੰਦੀਆਂ ਹੋਣ ਕਾਰਨ ਇਸ ਦੇ ਲਿਖਤੀ ਵੇਰਵੇ ਪ੍ਰਾਪਤ ਨਹੀਂ ਹੋ ਸਕੇ, ਪਰ ਜਿਹੜੀ ਲਹਿਰ ਨੇ ਸੁਤੰਤਰਤਾ-ਸੰਗਰਾਮ ਦਾ ਆਰੰਭ ਕੀਤਾ ਸੀ ਅਤੇ ਐਨੀਆਂ ਵੱਡੀਆਂ ਕੁਰਬਾਨੀਆਂ ਕਰਕੇ ਸ਼ਹੀਦੀਆਂ ਦਿੱਤੀਆਂ ਸਨ, ਉਸ ਲਹਿਰ ਦੇ ਅਨੁਯਾਈਆਂ ਦਾ ਇਨ੍ਹਾਂ ਕਿਸਾਨ ਜਲਸਿਆਂ ਤੇ ਸੰਗਰਾਮਾਂ ਵਿੱਚ ਸ਼ਾਮਲ ਹੋਣ ਬਾਰੇ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ।

---
[1] ਏ.ਸੀ. ਅਰੋੜਾ, *ਪੰਜਾਬ ਦਾ ਇਤਿਹਾਸ*, ਭਾਗ-II, ਪੰਨਾ 248.

Namdhari Elibrary NamdhariElibrary@gmail.com

ਅੰਗਰੇਜ਼ ਸਰਕਾਰ ਨੇ ਲੈਂਡ ਐਲੀਨੇਸ਼ਨ ਐਕਟ (ਜ਼ਮੀਨੀ ਕਾਨੂੰਨ) ਨੂੰ ਵਾਪਿਸ ਲੈ ਕੇ ਇਸ ਨੂੰ ਆਪਣੀ ਵੱਡੀ ਕਾਮਯਾਬੀ ਸਮਝ ਲਿਆ ਸੀ। ਇਸ ਪਗਤੀ ਸੰਭਾਲ ਕਿਸਾਨ ਲਹਿਰ ਨੇ ਜਿਹੜਾ ਅੰਗਰੇਜ਼ ਹਕੂਮਤ ਵਿਰੁੱਧ ਜਾਗ੍ਰਿਤੀ ਪੈਦਾ ਕਰ ਦਿੱਤੀ ਸੀ, ਉਸ ਨਾਲ ਭਾਰਤ ਦੀ ਆਜ਼ਾਦੀ ਦੀ ਲਹਿਰ ਦੀਆਂ ਨੀਹਾਂ ਹੋਰ ਪੱਕੀਆਂ ਹੋ ਗਈਆਂ ਸਨ।

ਅੰਗਰੇਜ਼ ਸਰਕਾਰ ਨੇ ਆਪਣੇ ਦਮਨ-ਚੱਕਰ ਨੂੰ ਉਸੇ ਤਰ੍ਹਾਂ ਹੀ ਜਾਰੀ ਰੱਖਿਆ। ਬਹੁਤ ਸਾਰੇ ਛਾਪੇਖ਼ਾਨਿਆਂ ਦੀਆਂ ਤਲਾਸ਼ੀਆਂ ਲਈਆਂ ਗਈਆਂ ਅਤੇ ਬਹੁਤ ਸਾਰੇ ਕ੍ਰਾਂਤੀਕਾਰੀ ਸਾਹਿਤ ਨੂੰ ਜ਼ਬਤ ਕੀਤਾ ਗਿਆ। ਇਨ੍ਹਾਂ ਛਾਪੇਖ਼ਾਨਿਆਂ ਦੇ ਮਾਲਕਾਂ ਨੂੰ ਸਜ਼ਾਵਾਂ ਹੋਈਆਂ। ਲਾਲਾ ਪਿੰਡੀ ਦਾਸ ਤੇ ਲਾਲਾ ਦੀਨਾ ਨਾਥ ਨੂੰ ਪੰਜ-ਪੰਜ ਸਾਲ ਕੈਦ ਦੀ ਸਜ਼ਾ ਹੋਈ। ਸਰਦਾਰ ਅਜੀਤ ਸਿੰਘ, ਸੂਫੀ ਅੰਬਾ ਪ੍ਰਸਾਦ ਤੇ ਜ਼ਿਆ-ਉਲ-ਹੱਕ ਵਰਗੇ ਨੇਤਾ ਵਿਦੇਸ਼ਾਂ ਨੂੰ ਚਲੇ ਗਏ ਜਿਥੇ ਵੱਖ-ਵੱਖ ਦੇਸ਼ਾਂ ਵਿੱਚ ਜਾ ਕੇ ਉਨ੍ਹਾਂ ਨੇ ਭਾਰਤ ਦੀ ਵਿਦੇਸ਼ੀ ਸਰਕਾਰ ਵਿਰੁੱਧ ਆਪਣੇ ਪ੍ਰਚਾਰ ਨੂੰ ਜਾਰੀ ਰੱਖਿਆ।

1908 ਵਿੱਚ ਲਾਲਾ ਹਰਦਿਆਲ ਆਪਣੀ ਪੜ੍ਹਾਈ ਨੂੰ ਵਿਚੇ ਛੱਡ ਕੇ ਇੰਗਲੈਂਡ ਤੋਂ ਭਾਰਤ ਆ ਗਏ ਅਤੇ ਉਨ੍ਹਾਂ ਨੇ ਦੇਸ਼ ਆ ਕੇ ਵੱਖ-ਵੱਖ ਥਾਵਾਂ ਤੇ ਇਨਕਲਾਬੀ ਸੰਗਠਨ ਕਾਇਮ ਕੀਤੇ।

ਪੰਜਾਬ ਵਿਚਲੇ ਇਸ ਆਰਥਿਕ ਮੰਦਵਾੜੇ ਦੇ ਕਾਰਨ ਬਹੁਤ ਸਾਰੇ ਪੜ੍ਹੇ-ਲਿਖੇ ਭਾਰਤੀ ਨੌਜਵਾਨ ਉਚੇਰੀ ਪੜ੍ਹਾਈ ਕਰਨ ਲਈ ਅਤੇ ਬਹੁਤ ਸਾਰੇ ਆਮ ਕਿਰਤੀ ਕਿਸਾਨ ਵੀ ਰੁਜ਼ਗਾਰ ਦੀ ਭਾਲ ਵਿੱਚ ਵਿਦੇਸ਼ਾਂ ਵਿੱਚ ਬਰਮਾ, ਸਿਆਮ, ਹਿੰਦ ਚੀਨੀ, ਮਲਾਇਆ, ਸਿੰਗਾਪੁਰ ਤੇ ਹਾਂਗਕਾਂਗ ਸ਼ਿੰਘਾਈ ਆਦਿ ਜਾ ਕੇ ਨੌਕਰੀਆਂ ਕਰਨ ਲੱਗੇ। ਕੁਝ ਨੌਜਵਾਨ ਅਤੇ ਪੜ੍ਹੇ ਲਿਖੇ ਕੈਨੇਡਾ ਤੇ ਅਮਰੀਕਾ ਵੀ ਪਹੁੰਚ ਗਏ। ਉਥੇ ਵੀ ਭਾਰਤੀ ਕਾਮਿਆਂ ਨੂੰ ਨਸਲੀ ਵਿਤਕਰੇ ਤੇ ਹੋਰ ਕਈ ਮੁਸ਼ਕਲਾਂ ਨਾਲ ਦੋ ਚਾਰ ਹੋਣਾ ਪਿਆ।

ਪ੍ਰਦੇਸ਼ਾਂ ਤੇ ਦੇਸ਼ ਵਿੱਚ ਸੁਤੰਤਰਤਾ ਸੰਗਰਾਮ ਦੀ ਚਿੰਗਾੜੀ ਉਸੇ ਤਰ੍ਹਾਂ ਹੀ ਮਘਦੀ ਰਹੀ। 1911 ਈ. ਵਿੱਚ ਅੰਗਰੇਜ਼ ਸਰਕਾਰ ਨੇ ਆਪਣੀ ਰਾਜਧਾਨੀ ਕਲਕੱਤੇ ਤੋਂ ਦਿੱਲੀ ਲੈ ਆਂਦੀ। ਦਿੱਲੀ ਵਿੱਚ ਵਾਇਸਰਾਇ ਭਵਨ ਦੀ ਉਸਾਰੀ ਸਮੇਂ ਗੁਰਦੁਆਰਾ ਰਕਾਬਗੰਜ ਦੀ ਕੰਧ ਢਾਹੁਣ ਦੇ ਪ੍ਰਤੀਕਰਮ ਵਜੋਂ ਪੰਜਾਬ ਦੇ ਸਿੱਖਾਂ ਵਿੱਚ ਸਰਕਾਰ ਵਿਰੁੱਧ ਗੁੱਸੇ ਤੇ ਰੋਸ ਦੀ ਲਹਿਰ ਫੈਲ ਗਈ, ਜਿਸ ਨੂੰ ਗੁਰਦੁਆਰਾ ਰਕਾਬਗੰਜ ਦੇ ਮੋਰਚੇ ਵਜੋਂ ਜਾਣਿਆ ਜਾਂਦਾ ਹੈ।

ਦਸੰਬਰ 1912 ਵਿੱਚ ਦਿੱਲੀ ਵਿਖੇ ਗਵਰਨਰ ਜਨਰਲ ਲਾਰਡ ਹਾਰਡਿੰਗ ਦੇ ਜਲੂਸ ਉੱਤੇ ਬੰਬ ਸੁੱਟਿਆ ਗਿਆ, ਜਿਸ ਵਿੱਚ ਵਾਇਸਰਾਏ ਤਾਂ ਬਚ ਗਿਆ, ਪਰ ਦਿੱਲੀ ਵਿੱਚ ਬਹੁਤ ਸਾਰੀਆਂ ਗ੍ਰਿਫਤਾਰੀਆਂ ਕੀਤੀਆਂ ਗਈਆਂ ਅਤੇ ਮਾਸਟਰ ਅਮੀਰ ਚੰਦ ਤੇ ਹੋਰ ਦੇਸ਼-ਭਗਤਾਂ ਨੂੰ ਫਾਂਸੀਆਂ ਦੀਆਂ ਸਜ਼ਾਵਾਂ ਹੋਈਆਂ। ਇਸ ਵਿੱਚ ਲਾਲਾ ਹਰਦਿਆਲ ਤੇ ਉਸ ਦੇ ਸਾਥੀਆਂ ਨੂੰ ਦੋਸ਼ੀ ਠਹਿਰਾਇਆ ਗਿਆ ਜੋ ਗੁਪਤ ਵਾਸ ਕਰਕੇ

Namdhari Elibrary NamdhariElibrary@gmail.com

ਅੰਗਰੇਜ਼ ਸਰਕਾਰ ਦੀ ਪਕੜ-ਧਕੜ ਤੋਂ ਬਚਦਾ ਹੋਇਆ ਅਮਰੀਕਾ ਪਹੁੰਚ ਗਿਆ। ਹੁਣ ਭਾਰਤ ਦੇ ਇਸ ਸੁਤੰਤਰਤਾ-ਸੰਗਰਾਮ ਦੀ ਭਾਵਨਾ ਵਿਦੇਸ਼ਾਂ ਵਿੱਚ ਪਹੁੰਚ ਚੁੱਕੇ ਭਾਰਤੀਆਂ ਤੇ ਵਿਸ਼ੇਸ਼ ਕਰਕੇ ਪੰਜਾਬੀਆਂ ਨੂੰ ਵਿਦੇਸ਼ਾਂ ਵਿੱਚ ਵੀ ਜਥੇਬੰਦ ਹੋ ਕੇ ਆਪਣੇ ਹਿਤਾਂ ਅਤੇ ਹੱਕਾਂ ਦੀ ਰਾਖੀ ਲਈ ਕਮਰਕੱਸਾ ਕਰਨ ਤੇ ਨਵੇਂ ਮਾਰਗਾਂ ਦੀ ਸੋਝੀ ਕਰਵਾ ਰਹੀ ਸੀ।

ਇਸੇ ਸੰਬੰਧ ਵਿੱਚ ਹੀ 29 ਦਸੰਬਰ, 1908 ਈ. ਨੂੰ ਲੰਡਨ ਦੇ ਕੈਕਸਟਨ ਹਾਲ ਵਿੱਚ ਹੋਈ ਇੱਕ ਇਕੱਤਰਤਾ ਵਿੱਚ ਵਿਪਿਨ ਚੰਦਰਪਾਲ ਨੇ ਇਹ ਸ਼ਬਦ ਕਹੇ ਸਨ, ਜੋ ਪੰਜਾਬ ਦੇ ਇਸ 'ਪਗੜੀ ਸੰਭਾਲ ਜੱਟਾ' ਦੀ ਲਹਿਰ ਦੇ ਉਦੇਸ਼ਾਂ ਤੇ ਪਏ ਪ੍ਰਭਾਵਾਂ ਨੂੰ ਉਜਾਗਰ ਕਰਦੇ ਹਨ, [1]"ਪੰਜਾਬ ਹਾਲੀਂ ਮਰਿਆ ਨਹੀਂ ਤੇ ਮੇਰੇ ਮਨ ਵਿੱਚ ਹਾਲੀਂ ਵੀ ਇਹ ਤਸਵੀਰ ਉਭਰਦੀ ਹੈ ਕਿ ਪੰਜਾਬ ਦੇ ਸਿੱਖ ਹੱਥ ਵਿੱਚ ਤਲਵਾਰ ਸੂਤ ਕੇ ਇਹ ਕਹਿ ਰਹੇ ਹਨ ਕਿ ਅਸੀਂ ਆਪਣਾ ਸੀਸ ਤਾਂ ਵਾਰ ਸਕਦੇ ਹਾਂ, ਈਮਾਨ ਨਹੀਂ ਵੇਚ ਸਕਦੇ।"

---

[1] ਰਾਮ ਸਿੰਘ ਮਜੀਠਾ, *ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ*, ਭਾਗ ਪਹਿਲਾ, ਪੰਨਾ 99.

Namdhari Elibrary NamdhariElibrary@gmail.com

ਅਧਿਆਇ 4

# ਗੁਰੂ ਪਰਿਵਾਰ ਦਾ ਗ੍ਰਹਿਸਥ ਆਸ਼ਰਮ ਵਿੱਚ ਪ੍ਰਵੇਸ਼

ਸਿੱਖ ਧਰਮ ਵਿੱਚ ਗ੍ਰਹਿਸਥ ਆਸ਼ਰਮ ਨੂੰ ਵਿਸ਼ੇਸ਼ ਮਹੱਤਤਾ ਦਿੱਤੀ ਗਈ ਹੈ। ਸਿੱਖ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਪ੍ਰਮੁੱਖ ਸੇਵਕ ਗ੍ਰਹਿਸਥੀ ਸਨ। ਭਾਵੇਂ ਇਸ ਵਿੱਚ ਵੀ ਕੋਈ ਸੰਦੇਹ ਨਹੀਂ ਕਿ ਗੁਰੂ ਦੇ ਸਿੱਖਾਂ ਵਿੱਚ ਕਈ ਬਿਹੰਗਮ ਅਤੇ ਵਿਰੱਕਤ ਸਾਧੂ ਸੰਤ ਵੀ ਹੋਏ ਹਨ, ਪਰ ਬਹੁਤੀ ਪ੍ਰਧਾਨਤਾ ਘਰ ਗ੍ਰਹਿਸਥੀਆਂ ਦੀ ਹੀ ਰਹੀ ਹੈ। ਗ੍ਰਹਿਸਥ ਆਸ਼ਰਮ ਦਾ ਧੁਰਾ ਸਮਾਜ ਦਾ ਵਿਆਹ ਪ੍ਰਬੰਧ ਹੀ ਹੁੰਦਾ ਹੈ, ਜੋ ਇਸਤਰੀ ਪੁਰਸ਼ ਦੋਵਾਂ ਨੂੰ ਸਾਂਝੇ ਸੰਜੋਗ ਵਿੱਚ ਬੰਨ੍ਹ ਦਿੰਦਾ ਹੈ। ਸਿੱਖ ਸਮਾਜ ਵਿੱਚ ਇਸਤਰੀ ਜਾਤੀ ਨੂੰ ਅਦੁੱਤੀ ਗੌਰਵ ਪ੍ਰਾਪਤ ਰਿਹਾ ਹੈ। ਇਸਤਰੀ ਨੂੰ ਮੰਦਾ ਕਹਿਣਾ ਵਿਵਰਜਿਤ ਸੀ। .....'ਸੋ ਕਿਉ ਮੰਦਾ ਆਖੀਐ ਜਿਤੁ ਜੰਮੇ ਰਾਜਾਨ' ਅਤੇ 'ਭੰਡਹੁ ਹੋਵੈ ਬੰਧਾਨ' ਅਰਥਾਤ ਇਸਤਰੀ ਜਾਤੀ ਦੇ ਧੁਰੇ ਉੱਤੇ ਹੀ ਸਮਾਜ ਦੀ ਮਰਿਯਾਦਾ ਕਾਇਮ ਹੈ।

ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿੱਚ ਸਤਿਗੁਰੂ ਹਰੀ ਸਿੰਘ ਜੀ ਦੇ ਤਿੰਨੇ ਸਾਹਿਬਜ਼ਾਦੇ ਗ੍ਰਹਿਸਥ ਆਸ਼ਰਮ ਵਿੱਚ ਪ੍ਰਵੇਸ਼ ਕਰਨ ਦੇ ਯੋਗ ਹੋ ਗਏ ਸਨ। ਇਨ੍ਹਾਂ ਤਿੰਨਾਂ ਸਾਹਿਬਜ਼ਾਦਿਆਂ ਸਤਿਗੁਰੂ ਪਰਤਾਪ ਸਿੰਘ, ਮਹਾਰਾਜ ਨਿਹਾਲ ਸਿੰਘ ਅਤੇ ਮਹਾਰਾਜ ਗੁਰਦਿਆਲ ਸਿੰਘ ਦੇ ਆਨੰਦ ਵਿਆਹ ਇਸੇ ਦਹਾਕੇ ਵਿੱਚ ਪ੍ਰਵਾਨ ਚੜ੍ਹੇ।

ਨਾਮਧਾਰੀ ਸਤਿਗੁਰੂ ਸਾਹਿਬਾਨ ਨੇ ਆਨੰਦ ਵਿਆਹ ਦੀ ਮਰਿਯਾਦਾ 1863 ਈ. ਦੇ 3 ਜੂਨ ਤੋਂ ਖੋਟੇ ਪਿੰਡ ਤੋਂ ਆਰੰਭ ਕਰ ਦਿੱਤੀ ਸੀ। ਖੋਟੇ ਪਿੰਡ ਵਿੱਚ ਦਾਜ ਰਹਿਤ, ਘੱਟ ਖਰਚ ਵਾਲੇ ਅੰਤਰਜਾਤੀ ਛੇ ਵਿਆਹ ਹੋਏ ਸਨ, ਜੋ ਸਥਾਪਤ ਵਿਆਹ ਪ੍ਰਬੰਧ ਵਿੱਚ ਨਵੀਆਂ ਲੀਹਾਂ ਪਾਉਣ ਵਾਲੇ ਸਨ। 1909 ਵਿੱਚ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਅਤੇ ਸਰਦਾਰ ਸੁੰਦਰ ਸਿੰਘ ਦੇ ਯਤਨਾਂ ਸਦਕਾ ਆਨੰਦ ਮੈਰਿਜ ਐਕਟ ਨੇ ਕਾਨੂੰਨ ਦਾ ਰੂਪ ਧਾਰਨ ਕਰ ਲਿਆ। ਇਸ ਕਾਨੂੰਨ ਨੂੰ ਬਣਾਉਣ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਦਾ ਵਿਸ਼ੇਸ਼ ਸਹਿਯੋਗ ਪ੍ਰਾਪਤ ਸੀ।

ਸਤਿਗੁਰੂ ਪਰਤਾਪ ਸਿੰਘ ਜੀ ਨੇ ਆਪਣੇ ਗੁਰੂ ਕਾਲ ਵਿੱਚ ਵਿਆਹ ਦੀ ਅਨੰਦ ਮਰਿਯਾਦਾ ਵਿੱਚ ਕਈ ਸੁਧਾਰ ਕੀਤੇ। ਆਪ ਜੀ ਦਾ ਕਥਨ ਸੀ, ""ਜਿਵੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਬਚਨ ਹੈ, "ਜੋ ਕਾਰ ਸੰਸਾਰ ਤੇ ਟੁਰਦੀ ਹੈ ਮੈਂ ਆਪਣੇ ਤੋਂ ਹੀ ਸ਼ੁਰੂ ਕਰਦਾ ਹਾਂ। ਮੇਰੇ ਸਰੀਰ ਤੋਂ ਹੀ ਹੋ ਟੁਰਦੀ ਹੈ।" ਤਿਵੇਂ ਮੈਂ ਭੀ ਆਪਣੇ ਤੋਂ ਨਾਮਧਾਰੀ

[1] ਤਰਨ ਸਿੰਘ ਵਹਿਮੀ, *ਜਸ ਜੀਵਨ*, ਭਾਗ ਪਹਿਲਾ, ਪੰਨਾ 129.

Namdhari Elibrary NamdhariElibrary@gmail.com

ਪੰਥ ਜੋਗ ਮਰਯਾਦਾ ਨਵੇਂ ਸਿਰਿਓਂ ਸ਼ੁਰੂ ਕਰਾਂਗਾ।" ਗੁਰੂ ਪਰਿਵਾਰ ਵਿੱਚੋਂ ਸਭ ਤੋਂ ਪਹਿਲਾਂ ਅਨੰਦ-ਵਿਆਹ ਮਹਾਰਾਜ ਨਿਹਾਲ ਸਿੰਘ ਜੀ ਦਾ ਹੋਣਾ ਨਿਸ਼ਚਿਤ ਹੋਇਆ।

## ਮਹਾਰਾਜ ਨਿਹਾਲ ਸਿੰਘ ਜੀ ਦਾ ਅਨੰਦ-ਵਿਆਹ

ਤਰਨ ਸਿੰਘ ਵਹਿਮੀ ਅਨੁਸਾਰ ਇਸ ਵਿਆਹ ਦੀ ਪੱਕ-ਠਿਠ 1913 ਦੇ ਨਿਮਾਣੀ ਦੇ ਮੇਲੇ ਸ੍ਰੀ ਭੈਣੀ ਸਾਹਿਬ ਵਿਖੇ ਹੀ ਮਾਤਾ ਜੀਵਨ ਕੌਰ ਅਤੇ ਬਾਬਾ ਧਿਆਨ ਸਿੰਘ ਲਾਹੌਰ ਵਾਲਿਆਂ ਵੱਲੋਂ ਹੋ ਗਈ ਸੀ। ਇਹ ਵਿਆਹ 7 ਅੱਸੂ, 1913 ਈ. ਨੂੰ ਲਾਹੌਰ ਵਿਖੇ ਹੋਇਆ, ਜਿਸਦਾ ਵੇਰਵਾ [1]ਤਰਨ ਸਿੰਘ ਵਹਿਮੀ ਨੇ ਪੁਸਤਕ 'ਜਸ ਜੀਵਨ' ਵਿੱਚ ਦਿੱਤਾ ਹੈ :

ਬਾਬਾ ਧਿਆਨ ਸਿੰਘ, ਪਿੰਡ ਕਲੋਟ੍ਹੀਆਂ, ਜ਼ਿਲ੍ਹਾ ਸਿਆਲਕੋਟ ਦੇ ਗੁਰੂ ਹਰਗੋਬਿੰਦ ਤੇ ਗੁਰੂ ਰਾਮ ਸਿੰਘ ਦੇ ਵਰੋਸਾਏ ਰਾਮਗੜ੍ਹੀਆ ਪਰਿਵਾਰ ਵਿੱਚੋਂ ਸੀ ਅਤੇ ਹੁਣ ਉਹ ਲਾਹੌਰ ਵਿਖੇ ਪੱਥਰ-ਘਾੜੇ ਦਾ ਕਾਰੋਬਾਰ ਚਲਾਉਂਦੇ ਸਨ। ਬਾਬਾ ਧਿਆਨ ਸਿੰਘ ਦੀ ਉਦਾਰਤਾ ਤੇ ਮਾਨ ਪ੍ਰਤਿਸ਼ਠਾ ਆਹਰੇ-ਬਾਹਰੇ ਵਿੱਚ ਬੜੀ ਪ੍ਰਸਿੱਧ ਸੀ। ਉਹਨਾਂ ਦੀ ਪਤਨੀ ਬੀਬੀ ਭਾਗਵੰਤੀ ਨੇ ਆਪਣੇ ਹਾਤੇ ਦਾ ਕੁਝ ਭਾਗ ਆਈ ਗਈ ਸਾਧ ਸੰਗਤ ਤੇ ਹੋਰ ਲੋੜਵੰਦਾਂ ਲਈ ਲੰਗਰ ਦੇ ਰੂਪ ਵਿੱਚ ਰਾਖਵਾਂ ਕੀਤਾ ਹੋਇਆ ਸੀ, ਜਿਥੇ ਹਰ ਇੱਕ ਦੀ ਬਿਨਾਂ ਵਿਤਕਰੇ ਸੇਵਾ ਹੁੰਦੀ ਸੀ।

ਇਸ ਵਿਆਹ ਦੇ ਅਨੰਦ ਮੰਗਲ ਦਾ ਮਨੋਹਰ ਦ੍ਰਿਸ਼ [2]ਸੰਤ ਤਰਨ ਸਿੰਘ ਵਹਿਮੀ ਜੀ ਦੇ ਸ਼ਬਦਾਂ ਵਿੱਚ ਇਸ ਤਰ੍ਹਾਂ ਵਰਣਨ ਕੀਤਾ ਗਿਆ ਹੈ, "7 ਅੱਸੂ, ਸਤਿਗੁਰੂ ਜੀ, ਅੰਮ੍ਰਿਤ ਵੇਲੇ ਤੋਂ, ਤੇ ਸਾਧ ਸੰਗਤ ਭੀ ਸਕੇਸ ਇਸ਼ਨਾਨ ਕਰ, ਆਸਾ ਦੀ ਵਾਰ ਦੇ ਦੀਵਾਨ ਵਿੱਚ ਸਜੀ ਸੀ। ਵੇਦੀ ਵਿੱਚ ਹਵਨ ਹੋਇਆ, ਅੰਮ੍ਰਿਤ ਭੀ ਸਾਧਾਂ ਤਿਆਰ ਬਰ-ਤਿਆਰ ਬਣਾਇਆ ਸੀ। ਸਤਵੰਤ ਕੌਰ ਜੀ ਸਾਦੇ, ਸਫੈਦ ਖੱਦਰ ਦੇ ਬਸਤ੍ਰ, ਚੂੜੀਦਾਰ ਸੁੱਥਣ ਪਹਿਨੀ, ਨੰਗੇ ਮੁੱਖ, ਸਤਿਗੁਰੂ ਜੀ, ਗ੍ਰੰਥ ਸਾਹਿਬ ਜੀ ਤੇ ਮਹਾਰਾਜ ਜੀ ਨੂੰ ਮੱਥਾ ਟੇਕ ਖੱਬੇ ਪਾਸੇ ਆ ਬੈਠੇ। ਸਾਧਾਂ ਲੰਦ ਚੜ੍ਹਾਵੇ ਦੀ ਮਾਇਆ ਵਿਚਾਲੇ ਬੰਨ੍ਹ, ਲੜ ਗੰਢਿਆ ਤੇ ਲਾਵਾਂ ਦੇ ਉਚਾਰ ਨਾਲ ਹਵਨ ਦੁਆਲੇ ਤੇ ਵੇਦੀ ਦੁਆਲੇ, ਮਹਾਰਾਜ ਜੀ ਤੇ ਸਤਵੰਤ ਕੌਰ ਜੀ ਸੱਜੇ ਹੱਥੋਂ ਫਿਰ ਚਾਰ ਲਾਵਾਂ ਲਈਆਂ।"

ਲਾਵਾਂ ਦੇ ਉਚਾਰਦਿਆਂ ਹੋਇਆਂ ਹੀ ਸੰਤ ਲਾਲ ਸਿੰਘ ਜੀ "ਅਨੰਦ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ" ਤੇ ਰਾਗੀ ਸਿੰਘਾਂ ਨੇ ਵੀ ਆਪਣੇ ਸਾਜ਼ ਸੁਰ ਕਰ ਲਏ, ਤੇ ਉੱਚੀ ਉੱਚੀ ਵੈਰਾਗ ਵਿੱਚ ਆ ਕੇ ਕਹਿਣ ਲੱਗ ਪਏ, "ਇਹ ਅਸਲ ਕਾਰ ਏ, ਅਜਬ ਨਜ਼ਾਰਾ ਏ। ਪਰ ਦੂਜੇ ਬੰਨ੍ਹੇ, ਇਸ ਦੇ ਉਲਟ ਸੰਤ ਸੁੰਦਰ ਸਿੰਘ ਜੀ ਮੰਜੀ ਤੋੜ ਉੱਚੀ-ਉੱਚੀ ਕਹਿ ਰਹੇ ਸਨ, "ਅਸਲ ਨਹੀਂ ਨਕਲ ਏ, ਨਜ਼ਾਰਾ ਨਹੀਂ ਗੁਜ਼ਾਰਾ ਏ।"

ਇਨ੍ਹਾਂ ਦੋਵਾਂ ਸੰਤਾਂ ਦੇ ਪ੍ਰਤੀਕਰਮਾਂ ਵਜੋਂ ਸਤਿਗੁਰੂ ਪਰਤਾਪ ਸਿੰਘ ਜੀ ਨੇ ਜਦੋਂ

---

[1] ਤਰਨ ਸਿੰਘ ਵਹਿਮੀ, *ਜਸ ਜੀਵਨ*, ਭਾਗ ਪਹਿਲਾ, ਪੰਨਾ 129.

[2] ਉਹੀ, ਪੰਨਾ 130.

Namdhari Elibrary NamdhariElibrary@gmail.com

ਪੁੱਛਿਆ ਕਿ ਤੁਹਾਡਾ ਅਮਲ ਤੇ ਨਕਲ ਤੋਂ ਕੀ ਭਾਵ ਹੈ, ਤਾਂ ਉਨ੍ਹਾਂ ਨੇ ਵਾਰੀ-ਵਾਰੀ ਉੱਤਰ ਦਿੱਤਾ ਕਿ ਮੈਨੂੰ (ਸੰਤ ਲਾਲ ਸਿੰਘ ਜੀ) ਤਾਂ ਇਹ ਸਭ ਕੁਝ ਖੋਟਿਆਂ ਵਾਲੇ ਵਿਆਹ ਦਾ ਨਜ਼ਾਰਾ ਦਿਸ ਰਿਹਾ ਸੀ। ਪਰ ਸੰਤ ਸੁੰਦਰ ਸਿੰਘ ਨੇ ਕਿਹਾ ਕਿ [1]"ਬੀਬੀ ਸਤਵੰਤ ਕੌਰ ਨੇ ਅੰਮ੍ਰਿਤ ਅੰਦਰ ਹੀ ਛਕਿਆ ਹੈ ਤੇ ਮਹਾਰਾਜ ਨਿਹਾਲ ਸਿੰਘ ਜੀ ਦਸਤਾਰ ਸਿੱਖੀ ਨਹੀਂ ਸਜਾਈ, ਇਸ ਲਈ ਅਜੇ ਏਡੀ ਕਾਹਲ ਨਾਲ ਅਮਲ ਕਹਿਣ ਦੀ ਤੇ ਅਜਬ ਨਜ਼ਾਰਾ ਕਹਿਣ ਦੀ ਕੀ ਲੋੜ ਏ? ਜਦ ਅਜੇ ਨਕਲ ਤੇ ਗੁਜ਼ਾਰਾ ਹੀ ਹੋਇਆ ਏ। ਮੈਨੂੰ ਜੋ ਦਿੱਸਿਆ ਹੈ, ਮੈਂ ਸੋ ਆਖ ਦਿੱਤਾ ਹੈ।"

ਸਤਿਗੁਰੂ ਪਰਤਾਪ ਸਿੰਘ ਜੀ ਨੇ ਦੋਹਾਂ ਸੰਤਾਂ ਦੇ ਬਚਨ ਸੁਣ ਕੇ ਫੁਰਮਾਇਆ ਕਿ ਅੱਗੇ ਤੋਂ ਇਹ ਕਸਰਾਂ ਵੀ ਪੂਰੀਆਂ ਹੋ ਜਾਣਗੀਆਂ। ਨਾਲ ਹੀ ਇਹ ਬਚਨ ਕੀਤਾ ਕਿ ਅੱਗੇ ਤੋਂ ਅਨੰਦ ਵਿਆਹ ਸਮੇਂ ਮਿਠਾਈਆਂ ਆਦਿ ਦਾ ਅਡੰਬਰ ਨਾ ਕੀਤਾ ਜਾਵੇ ਅਤੇ ਸ੍ਰੀ ਭੈਣੀ ਸਾਹਿਬ ਦੇ ਲੰਗਰ ਸਮਾਨ ਕੇਵਲ ਦਾਲ ਪ੍ਰਸ਼ਾਦਾ ਅਤੇ ਕੜਾਹ ਪ੍ਰਸ਼ਾਦਿ ਹੀ ਵਰਤਾਇਆ ਜਾਵੇ।

## ਮਾਤਾ ਜੀਵਨ ਕੌਰ ਜੀ ਵੱਲੋਂ ਕੀਤੀ ਗਈ ਅਵੱਗਿਆ ਤੇ ਸਤਿਗੁਰੂ ਪਰਤਾਪ ਸਿੰਘ ਜੀ ਦਾ ਕਰੜਾ ਵਤੀਰਾ

ਮਹਾਰਾਜ ਨਿਹਾਲ ਸਿੰਘ ਆਪਣੀ ਧਰਮ ਪਤਨੀ ਸਮੇਤ ਭੈਣੀ ਸਾਹਿਬ ਆ ਕੇ ਕੁਝ ਦਿਨ ਰਹੇ। ਫਿਰ ਜਦੋਂ ਬੀਬੀ ਸਤਵੰਤ ਕੌਰ ਪਹਿਲੀ ਵਾਰ ਪੇਕੇ ਫੇਰਾ ਪਾਉਣ ਗਈ, ਤਾਂ ਮਾਤਾਵਾਂ ਜੀਵਨ ਕੌਰ ਅਤੇ ਫਤਿਹ ਕੌਰ ਨੇ 'ਕੱਚੀ ਪਿੰਨੀ ਦੀ ਭਾਜੀ ਬਣਵਾ ਕੇ ਪੀਪਿਆਂ ਵਿੱਚ ਪਾ ਕੇ ਲਾਹੌਰ ਭੇਜਣ ਲਈ ਸਾਹਨੇਵਾਲ ਸਟੇਸ਼ਨ ਨੂੰ ਭੇਜ ਦਿੱਤੀ। ਸਤਿਗੁਰੂ ਪਰਤਾਪ ਸਿੰਘ ਜੀ ਉਸ ਸਮੇਂ ਨਹਿਰ ਦੇ ਡੇਰੇ ਤੇ ਸਨ। ਜਦੋਂ ਆਪ ਨੂੰ ਪਤਾ ਲੱਗਾ ਤਾਂ ਆਪ ਨੇ ਕੁਝ ਸੰਤਾਂ ਨੂੰ ਭੇਜ ਕੇ ਉਹ ਕੱਚੀ ਪਿੰਨੀ ਦੇ ਪੀਪੇ ਗੱਡੀਓਂ ਉਤਰਵਾ ਲਏ ਅਤੇ ਰੇਤੇ ਵਿੱਚ ਰੋੜ੍ਹ ਦਿੱਤੇ ਅਤੇ ਇਸੇ ਰੋਸ ਵਜੋਂ ਮਾਤਾਵਾਂ ਨਾਲ ਬੋਲਣਾ ਬੰਦ ਕਰ ਦਿੱਤਾ। ਜਿਹੜੀ ਮਠਿਆਈ ਆਦਿ ਬਣਾਉਣ ਦਾ ਸਤਿਗੁਰੂ ਜੀ ਨੇ ਮਹਾਰਾਜ ਨਿਹਾਲ ਸਿੰਘ ਜੀ ਦੇ ਵਿਆਹ ਉੱਤੇ ਮਨਾ ਕਰ ਦਿੱਤਾ ਸੀ, ਉਸੇ ਦੀ ਅਵੱਗਿਆ ਉਨ੍ਹਾਂ ਦੇ ਘਰ ਵੱਲੋਂ ਹੋ ਰਹੀ ਸੀ। [2]ਤਾਰਾ ਸਿੰਘ ਅਨਜਾਣ ਅਨੁਸਾਰ ਇਹ ਕੱਚੀ ਪਿੰਨੀ ਰੇਤ ਵਿੱਚ ਰੋੜ੍ਹਨ ਦੀ ਖਬਰ ਸਾਰੇ ਨਾਮਧਾਰੀ ਜਗਤ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ।

1914 ਦੇ ਮੱਘਰ ਵਿੱਚ ਜਦੋਂ ਸਤਿਗੁਰੂ ਜੀ ਮਹੰਤ ਲਹਿਣਾ ਸਿੰਘ ਦੀ ਭਤੀਜੀ ਦੇ ਵਿਆਹ ਉੱਤੇ ਘਣੀਏਕੇ ਬਰਾਤ ਨਾਲ ਪੁੱਜੇ ਤਾਂ ਬਾਕੀ ਰਸਮਾਂ ਰੀਤਾਂ ਤਾਂ ਗੁਰੂ ਮਰਿਯਾਦਾ ਨਾਲ ਕੀਤੀਆਂ ਗਈਆਂ, ਪਰ ਮਹੰਤ ਨੇ ਮਠਿਆਈ ਬਣਾਉਣ ਦਾ ਅਡੰਬਰ ਕਰ ਲਿਆ ਸੀ। ਇਹ ਸਤਿਗੁਰੂ ਜੀ ਦੇ ਹੁਕਮਾਂ ਦੀ ਅਵੱਗਿਆ ਸੀ। ਪਰ ਮਹੰਤ ਲਹਿਣਾ ਸਿੰਘ ਮੂੰਹ-ਫਟ ਵਿਅਕਤੀ ਸੀ। ਉਸਨੇ ਸਤਿਗੁਰੂ ਜੀ ਨੂੰ ਮਾਤਾਵਾਂ ਵੱਲੋਂ ਭੇਜੀ ਗਈ ਕੱਚੀ ਪਿੰਨੀ ਭੇਜਣ ਵਾਲੀ ਘਟਨਾ ਬਾਰੇ ਬੋਲ ਮਾਰਿਆ। ਸਤਿਗੁਰੂ ਜੀ ਤਾਂ ਇਸ ਵਿੱਚ ਨਿਰਦੋਸ਼

---

[1] ਤਰਨ ਸਿੰਘ ਵਹਿਮੀ, *ਜਸ ਜੀਵਨ*, ਭਾਗ ਪਹਿਲਾ, ਪੰਨਾ 131.

[2] ਤਾਰਾ ਸਿੰਘ ਅਨਜਾਣ, *ਸਾਹਿਬ ਕੁਟੀ ਕਹੇਰਾ*, ਪੰਨ 53.

Namdhari Elibrary NamdhariElibrary@gmail com

ਸਨ। ਕਿਉਂ ਜੋ ਮਾਤਾਵਾਂ ਨੇ ਉਨ੍ਹਾਂ ਨੂੰ ਦੱਸੇ ਬਿਨਾਂ ਇਹ ਸਭ ਕੁੱਝ ਕੀਤਾ ਸੀ। ਗੱਲ ਇਥੋਂ ਹੀ ਵੱਧ ਗਈ ਤੇ ਬੇਰਸੀ ਦਾ ਕਾਰਨ ਬਣੀ। ਮਹਾਰਾਜ ਗੁਰਦਿਆਲ ਸਿੰਘ ਤੇ ਕੁਝ ਸੰਤਾਂ ਨੇ ਰਲ ਕੇ ਸਤਿਗੁਰੂ ਜੀ ਤੋਂ ਭੁਲ ਬਖਸ਼ਾਉਣ ਦੀ ਅਰਜ਼ ਕੀਤੀ। ਸਤਿਗੁਰੂ ਜੀ ਨੇ ਖਿਮਾ ਬਖਸ਼ ਕੇ ਅੱਗੇ ਤੋਂ ਅਜਿਹਾ ਨਾ ਕਰਨ ਲਈ ਬਚਨ ਕੀਤਾ ਤਾਂ ਜੁ ਨਾਮਧਾਰੀਆਂ ਦੇ ਵਿਆਹਾਂ ਉੱਤੇ ਅਜਿਹਾ ਮਠਿਆਈ ਬਣਾਉਣ ਦਾ ਉਚੇਚ ਪੂਰੀ ਤਰ੍ਹਾਂ ਸਮਾਪਤ ਕੀਤਾ ਜਾਵੇ।

ਸਤਿਗੁਰੂ ਜੀ ਮਾਤਾਵਾਂ ਨਾਲ ਹਾਲੀ ਵੀ ਨਹੀਂ ਸਨ ਬਚਨ-ਬਿਲਾਸ ਕਰਦੇ। ਫਿਰ ਮਹਾਰਾਜ ਗੁਰਦਿਆਲ ਸਿੰਘ ਤੇ ਕੁਝ ਹੋਰ ਸੰਤ ਪੁਰਸ਼ਾਂ ਨੇ ਮਾਤਾਵਾਂ ਦੀ ਭੁੱਲ ਬਖਸ਼ਾਈ। ਸਤਿਗੁਰੂ ਜੀ ਦਾ ਫੁਰਮਾਨ ਸੀ ਕਿ ਗੁਰੂ ਲਈ ਸਭ ਸੰਗਤ ਬਰਾਬਰ ਹੈ, ਭਾਵੇਂ ਉਹ ਮਾਤਾਵਾਂ ਹੋਣ ਜਾਂ ਕੋਈ ਹੋਰ ਰਿਸ਼ਤੇਦਾਰ।

## ਸਤਿਗੁਰੂ ਪਰਤਾਪ ਸਿੰਘ ਜੀ ਦਾ ਅਨੰਦ-ਵਿਆਹ

ਸਤਿਗੁਰੂ ਪਰਤਾਪ ਸਿੰਘ ਜੀ ਦਾ ਅਨੰਦ-ਵਿਆਹ ਪਿੰਡ ਗੁਰੂਸਰ, ਜ਼ਿਲ੍ਹਾ ਫਿਰੋਜ਼ਪੁਰ, ਸਰਦਾਰ ਸੁੰਦਰ ਸਿੰਘ ਦੀ ਸਪੁੱਤਰੀ ਬੀਬੀ ਵੀਰੋ, ਨਾਲ 20 ਦਸੰਬਰ, 1914 ਈ. (1971 ਬਿ., 7 ਪੋਹ) ਨੂੰ ਪਰਵਾਨ ਚੜ੍ਹਿਆ, ਪਰ ਕਈ ਗੱਲਾਂ ਕਾਰਨ ਇਹ ਅਨੰਦ ਵਿਆਹ ਕੁਝ ਪਰਿਵਾਰਕ ਵਿਰੋਧਾਂ ਵਿੱਚ ਘਿਰਿਆ ਰਿਹਾ ਅਤੇ ਇਸ ਨੂੰ ਸਿਰੇ ਚਾੜ੍ਹਨ ਲਈ, ਦੋਹਾਂ ਧਿਰਾਂ ਵੱਲੋਂ ਉਚੇਚੇ ਯਤਨ ਕਰਨੇ ਪਏ। ਪਰ ਜਿਸ ਅਦੁੱਤੀ ਸ਼ਾਨ ਨਾਲ ਇਹ ਵਿਆਹ, ਰੌਣਕਾਂ ਤੇ ਮਰਯਾਦਾ ਪੂਰਵਕ ਸੰਪੂਰਨ ਹੋਇਆ, ਉਸ ਦੀ ਮਹੱਤਤਾ ਤੇ ਸ਼ਾਨ ਬੜੀ ਨਿਵੇਕਲੀ ਤੇ ਅਲੌਕਿਕ ਸੀ।

ਇਸ ਬਾਰੇ ਸੰਤ ਤਰਨ ਸਿੰਘ ਵਹਿਮੀ ਦਾ ਵਿਸ਼ੇਸ਼ ਕਥਨ ਬੜਾ ਮਹੱਤਵਪੂਰਨ ਹੈ। ਉਹ ਇਸ ਅਨੰਦ-ਵਿਆਹ ਨੂੰ 'ਅਪੂਰਬ' ਦਸਦੇ ਹਨ, ਕਿਉਂ ਕਿ ਉਨ੍ਹਾਂ ਦਾ ਮੱਤ ਹੈ ਕਿ ਸਤਿਗੁਰੂ ਪਰਤਾਪ ਸਿੰਘ ਤੋਂ ਪਹਿਲਾਂ ਕਿਸੇ ਵੀ ਗੁਰੂ-ਵਿਅਕਤੀ ਦਾ ਸ਼ੁਭ ਵਿਆਹ ਪੂਰਨ ਗੁਰ-ਮਰਯਾਦਾ ਨਾਲ ਨਹੀਂ ਸੀ ਹੋਇਆ। ਉਹ ਸਾਰੇ, ਵਿਆਹ ਦੀ ਸਥਾਪਤ ਵੈਦ ਰੀਤੀ ਅਨੁਸਾਰ ਹੀ ਹੁੰਦੇ ਰਹੇ ਸਨ। ਸਤਿਗੁਰੂ ਪਰਤਾਪ ਸਿੰਘ ਜੀ ਦੇ ਜੀਵਨੀਕਾਰ [1]ਤਾਰਾ ਸਿੰਘ ਅਨਜਾਣ ਵੀ ਵਹਿਮੀ ਜੀ ਦੀ ਪੁਸ਼ਟੀ ਕਰਦੇ ਹੋਏ ਇੰਜ ਉਲੇਖ ਕਰਦੇ ਹਨ, "ਪਹਿਲੇ ਸਤਿਗੁਰੂ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਤੋਂ ਲੈ ਕੇ, ਇਸ ਅਨੰਦ ਕਾਰਜ ਤੱਕ, 444 ਵਰ੍ਹਿਆਂ ਦੇ ਇਤਿਹਾਸ ਵਿੱਚ ਇਹ ਪਹਿਲਾ ਅਵਸਰ ਸੀ, ਜਦੋਂ ਸਤਿਗੁਰੂ ਸੱਚੇ ਪਾਤਸ਼ਾਹ ਦਾ ਆਪਣਾ ਅਨੰਦ ਕਾਰਜ ਪੂਰਨ ਗੁਰ-ਮਰਯਾਦਾ ਅਨੁਸਾਰ ਹੋਇਆ ਸੀ। ਇਸ ਤੋਂ ਪਹਿਲਾਂ ਸਾਰੇ ਸਤਿਗੁਰੂ ਸਾਹਿਬਾਨ ਦੇ ਵਿਆਹ ਪਰੰਪਰਾ ਵਿੱਚ ਚੱਲੀ ਆ ਰਹੀ ਬ੍ਰਾਹਮਣੀ ਰੀਤੀ ਅਨੁਸਾਰ ਹੀ ਹੁੰਦੇ ਰਹੇ ਸਨ।"

ਸਤਿਗੁਰੂ ਰਾਮ ਸਿੰਘ ਜੀ ਨੇ ਜਿਹੜੀ ਅਨੰਦ-ਵਿਆਹ ਦੀ ਪ੍ਰਥਾ 3 ਜੂਨ, 1863 ਈ. ਨੂੰ ਖੋਟੇ ਪਿੰਡ ਵਿੱਚ ਸਥਾਪਤ ਕੀਤੀ ਸੀ, ਉਸ ਵਿੱਚ ਅੰਤਰ-ਜਾਤੀ ਵਿਆਹਾਂ ਨੂੰ

---

[1] ਤਾਰਾ ਸਿੰਘ ਅਨਜਾਣ, *ਸਾਹਿਬ ਕੁਟੀ ਮਹੇਰਾ*, ਪੰਨਾ 57.

Namdhari Elibrary NamdhariElibrary@gmail.com

ਵਿਸ਼ੇਸ਼ ਤੌਰ ਤੇ ਪ੍ਰਵਾਨਗੀ ਦੇ ਦਿੱਤੀ ਗਈ ਸੀ। ਸਤਿਗੁਰੂ ਪਰਤਾਪ ਸਿੰਘ ਜੀ ਦਾ ਵਿਆਹ ਵੀ ਇੱਕ ਤਰ੍ਹਾਂ ਨਾਲ ਅੰਤਰਜਾਤੀ ਵਿਆਹ ਹੀ ਸੀ, ਜਿਸ ਵਿੱਚ ਰਾਮਗੜ੍ਹੀਆ ਅਤੇ ਜੱਟ ਸਿੱਖ ਬਰਾਦਰੀਆਂ ਦਾ ਸੰਜੋਗ ਬਣਿਆ ਸੀ। ਇਸ ਵਿਆਹ ਦੇ ਵਿਰੋਧ ਦਾ ਕਾਰਨ ਵਧੇਰੇ ਕਰਕੇ ਪਰਿਵਾਰਕ ਹੀ ਸੀ, ਜਿਸ ਦੇ ਪਿਛੋਕੜ ਦਾ ਜ਼ਿਕਰ ਕਰਨਾ ਇਥੇ ਅਣਉਚਿਤ ਨਹੀਂ ਹੋਵੇਗਾ।

## ਸਹੁਰੇ ਘਰ ਦਾ ਪਰਿਵਾਰਿਕ ਪਿਛੋਕੜ

ਸਤਿਗੁਰੂ ਪਰਤਾਪ ਸਿੰਘ ਜੀ ਦੇ ਸਹੁਰੇ ਘਰ ਦੇ ਇੱਕ ਮੈਂਬਰ ਰਜਿੰਦਰ ਸਿੰਘ ਨਾਮਧਾਰੀ, ਜੋ ਮਾਤਾ ਭੁਪਿੰਦਰ ਕੌਰ ਜੀ ਦਾ ਭਤੀਜਾ ਸੀ, ਨੇ ਆਪਣੀ ਪੁਸਤਕ 'ਬਾਬਾਣੀਆਂ ਕਹਾਣੀਆਂ' ਵਿੱਚ ਗੁਰੂਸਰ ਦੇ ਇਸ ਖਾਂਦੇ-ਪੀਂਦੇ ਜ਼ਿਮੀਦਾਰ ਪਰਿਵਾਰ ਦਾ, ਜਿਸ ਦੀ ਮੱਧਕਾਲ ਦੇ ਜਗੀਰਦਾਰਾਂ ਵਾਲੀ ਠਾਠ ਸੀ, ਦੇ ਵਡੇਰਿਆਂ ਦਾ ਵਰਣਨ ਵੇਰਵੇ ਸਹਿਤ ਕੀਤਾ ਹੈ। ਇਸ ਪਰਿਵਾਰ ਦਾ ਸੰਬੰਧ ਸਮਰਾਟ ਪ੍ਰਿਥਵੀ ਰਾਜ ਚੌਹਾਨ ਅਤੇ ਉਸ ਦੀ ਪਤਨੀ ਸੰਯੋਗਤਾ ਦੀ ਕੁਲ ਨਾਲ ਜਾ ਜੁੜਦਾ ਹੈ। ਇਨ੍ਹਾਂ ਦੀ ਤੀਸਰੀ ਚੌਥੀ ਪੀੜ੍ਹੀ ਵਿੱਚ 'ਸੋਹੂ' ਨਾਮ ਦੇ ਬੀਰ ਯੋਧੇ ਦਾ ਜਨਮ ਹੋਇਆ, ਜਿਸ ਨੇ ਰਾਜਸਥਾਨ ਦੇ ਵੱਡੇ ਇਲਾਕੇ ਉੱਤੇ ਕਬਜ਼ਾ ਕੀਤਾ ਅਤੇ ਆਪਣੀ ਇੱਕ ਰਿਆਸਤ ਕਾਇਮ ਕਰ ਲਈ ਜਿਸ ਦੀ ਰਾਜਧਾਨੀ ਦੂਰਜਾਣਾ ਸੀ। ਉਸ ਦੇ ਨਾਮ ਤੇ ਸੋਹੂ ਗੋਤ ਪ੍ਰਚਲਿਤ ਹੋਈ, ਜਿਸ ਦੇ ਬਹੁਤ ਸਾਰੇ ਪਰਿਵਾਰ ਰਾਜਸਥਾਨ, ਭਾਰਤ ਤੇ ਪਾਕਿਸਤਾਨ ਵਿੱਚ ਹੁਣ ਵੀ ਵਸਦੇ ਹਨ, ਜੋ ਸੋਹੂ ਹੋਣ ਤੇ ਬੜਾ ਮਾਣ ਕਰਦੇ ਹਨ। ਸੋਹੂ ਦੀ ਕੁਲ ਵਿੱਚ ਹੀ ਜੈ ਕ੍ਰਿਸ਼ਨ ਨਾਮ ਦਾ ਵਿਅਕਤੀ ਪੈਦਾ ਹੋਇਆ, ਜਿਸ ਦਾ ਪੁੱਤਰ ਚੌਧਰੀ ਹਮੀਰ ਸਿੰਘ ਸੀ, ਜੋ ਇਸ ਗੁਰੂਸਰ ਦੇ ਪਰਿਵਾਰ ਦਾ ਜਠੇਰਾ ਸੀ। ਰਾਜਸਥਾਨ ਦੇ ਇਸ ਇਲਾਕੇ ਦੀ ਜ਼ਮੀਨ ਮਾਰੂਥਲ ਹੀ ਸੀ, ਜਿਸ ਵਿੱਚ ਬਰਾਨੀ ਖੇਤੀ ਹੁੰਦੀ ਸੀ ਅਤੇ ਗਊਆਂ, ਭੇਡਾਂ ਤੇ ਊਠ ਉਨ੍ਹਾਂ ਦੀ ਸੰਪਤੀ ਹੁੰਦੀ ਸੀ। ਕਾਲ ਪੈਣ ਉੱਤੇ ਚੌਧਰੀ ਹਮੀਰ ਸਿੰਘ ਨੇ ਰਾਜਸਥਾਨ ਤੋਂ ਆ ਕੇ ਪਟਿਆਲਾ ਰਿਆਸਤ ਦੇ ਬਠਿੰਡੇ ਜ਼ਿਲ੍ਹੇ ਦੇ ਪਿੰਡ ਜੋਗੇਵਾਲਾ ਵਿੱਚ ਬਾਰਾਂ ਸੌ ਘੁਮਾਂ ਜ਼ਮੀਨ ਖਰੀਦ ਲਈ। ਇਥੇ ਆਣ ਕੇ ਹੀ ਸਿੱਖ ਸਰਦਾਰਾਂ ਦੇ ਪ੍ਰਭਾਵ ਸਦਕਾ ਚੌਧਰੀ ਹਮੀਰ ਸਿੰਘ ਅੰਮ੍ਰਿਤ ਛੱਕ ਕੇ ਸਿੰਘ ਸਜ ਗਿਆ ਅਤੇ ਸਰਦਾਰ ਹਮੀਰ ਸਿੰਘ ਬਣ ਗਿਆ। ਪਰ ਉਸ ਦੀ ਉਥੇ ਵੀ ਤਸੱਲੀ ਨਾ ਹੋਈ ਤੇ ਉਸਨੇ ਇਹ ਸਾਰੀ ਜ਼ਮੀਨ ਇੱਕ ਘੁਮਿਆਰ ਕੋਲ 200 ਰੁ. ਵਿੱਚ ਗਹਿਣੇ ਧਰ ਦਿੱਤੀ। ਉਸਨੂੰ ਇਸ ਕਾਨੂੰਨ ਦਾ ਪਤਾ ਸੀ ਕਿ ਗਹਿਣੇ ਧਰੀ ਜ਼ਮੀਨ ਦੀ ਮਾਲਕੀ ਅਸਲ ਮਾਲਕ ਕੋਲ ਹੀ ਰਹਿੰਦੀ ਹੈ। ਉਨ੍ਹਾਂ ਦਿਨਾਂ ਵਿੱਚ ਹੀ ਸਤਲੁਜ ਤੋਂ ਨਹਿਰ ਸਰਹੰਦ ਕੱਢੀ ਜਾ ਰਹੀ ਸੀ, ਜਿਸ ਦੀ ਖੁਦਾਈ ਤੇ ਉਸਾਰੀ ਬੜੀ ਤੇਜ਼ੀ ਨਾਲ ਕੀਤੀ ਜਾ ਰਹੀ ਸੀ। ਲੇਖਕ ਰਜਿੰਦਰ ਸਿੰਘ ਅਨੁਸਾਰ ਇਹ ਘਟਨਾ ਕਿਸੇ ਕਰਾਮਾਤ ਤੋਂ ਘੱਟ ਨਹੀਂ ਸੀ, ਜਿਸਨੇ ਫਿਰੋਜ਼ਪੁਰ ਤੱਕ ਦੇ ਇਲਾਕੇ ਨੂੰ ਪਾਣੀ ਦੇਣਾ ਸੀ। ਇਸੇ ਫਿਰੋਜ਼ਪੁਰ ਦੇ ਜ਼ਿਲ੍ਹੇ ਵਿੱਚ ਜੋ ਅੰਗਰੇਜ਼ਾਂ ਦੇ ਅਧੀਨ ਸੀ, ਉਸਨੇ ਪਿੰਡ 'ਰੱਤਾਵਾਸ' ਵਸਾ ਲਿਆ। ਇਸ ਪਿੰਡ ਵਿੱਚ ਇੱਕ ਡੂੰਘੀ

ਢਾਬ ਸੀ, ਜਿਸ ਵਿੱਚ ਓਡਾਂ ਦਾ ਇੱਕ ਗਧਾ ਡੁੱਬ ਕੇ ਮਰ ਗਿਆ ਸੀ, ਜਿਸ ਕਰਕੇ ਪਿੰਡ ਦਾ ਨਾਮ ਗੌਂਦਾਂ ਡੋਬ ਪੈ ਗਿਆ, ਪਰ ਸਤਿਗੁਰੂ ਹਰੀ ਸਿੰਘ ਨੇ ਪਿੰਡ ਦਾ ਨਾਂ ਗੁਰੂ ਸਰ ਰੱਖ ਦਿੱਤਾ। ਛੇਤੀ ਹੀ ਇਹ ਪਿੰਡ ਆਬਾਦ ਹੋ ਕੇ ਵੱਡੀ ਵਸੋਂ ਵਾਲਾ ਬਣ ਗਿਆ। ਸਰਦਾਰ ਹਮੀਰ ਸਿੰਘ ਦੇ ਘਰ ਦੋ ਪੁੱਤਰ ਸੌਂਦਾ ਸਿੰਘ ਤੇ ਸੁੰਦਰ ਸਿੰਘ ਜਨਮੇ। ਇਨ੍ਹਾਂ ਨੇ ਕੁਝ 'ਜ਼ਮੀਨ ਰਿਆਸਤ ਬਹਾਵਲਪੁਰ ਵਿੱਚ ਵੀ ਖਰੀਦ ਲਈ, ਜੋ ਮੁਸਲਮਾਨ ਵਸੋਂ ਵਾਲਾ ਇਲਾਕਾ ਸੀ।

ਇਸ ਇਲਾਕੇ ਵਿੱਚ ਨਾਮਧਾਰੀ ਮੱਤ ਦਾ ਕਾਫ਼ੀ ਪ੍ਰਚਾਰ ਸੀ ਅਤੇ ਕਈ ਮੰਨੇ-ਪ੍ਰਮੰਨੇ ਪਰਿਵਾਰ ਨਾਮਧਾਰੀ ਸਤਿਗੁਰਾਂ ਦੇ ਸ਼ਰਧਾਲੂ ਅਤੇ ਨਾਮਧਾਰੀ ਮਰਯਾਦਾ ਦੇ ਧਾਰਨੀ ਸਨ। ਸਰਦਾਰ ਸੁੰਦਰ ਸਿੰਘ ਦੀ ਪਤਨੀ, ਬੀਬੀ ਰਾਮ ਕੌਰ ਵੀ, ਫੂਲੇਵਾਲ ਦੇ ਬਾਬਾ ਖੜਕ ਸਿੰਘ ਦੀ ਪੋਤਰੀ ਸੀ, ਜੋ ਪੱਕੇ ਨਾਮਧਾਰੀ ਸਨ। ਸਰਦਾਰ ਸੁੰਦਰ ਸਿੰਘ ਤੇ ਉਨ੍ਹਾਂ ਦੇ ਵੱਡੇ ਭਾਈ ਨੰਬਰਦਾਰ ਸਦਾ ਸਿੰਘ ਦੇ ਸੁਭਾਵਾਂ ਵਿੱਚ ਬੜਾ ਅੰਤਰ ਸੀ, [2]"ਬੀਬੀ ਜੀ (ਵੀਰੋ ਜੀ) ਦੇ ਪਿਤਾ ਸ੍ਰ. ਸੁੰਦਰ ਸਿੰਘ ਜੀ ਭਰਵੇਂ ਤੇ ਪੂਰੇ ਪੈਂਸੇ ਜੁਆਨ ਸਨ। ਪਰ ਸੁਭਾਅ ਦੇ ਅਤੀ ਵਿਨਮਰ ਸਨ। ਸਰਦਾਰ ਸਦਾ ਸਿੰਘ ਜੀ ਇਹਨਾਂ ਦੇ ਵੱਡੇ ਭਰਾਤਾ, ਪਿੰਡ ਦੇ ਨੰਬਰਦਾਰ ਸਨ, ਜੋ ਜੁੱਸੇ ਦੇ ਬਹੁਤ ਪਤਲੇ, ਸੁਭਾਅ ਦੇ ਜੋਸ਼ੀਲੇ ਅਤੇ ਧੱਕੜ ਸਨ।" ਵੱਡੇ ਭਰਾਤਾ ਸੌਂਦਾ ਸਿੰਘ ਦੇ ਦਬਾਅ ਪਾਉਣ ਉੱਤੇ ਬੀਬੀ ਵੀਰੋ ਦਾ ਰਿਸ਼ਤਾ ਸਰਦਾਰ ਗੁਰਮੁਖ ਸਿੰਘ ਦੇ ਪੁੱਤਰ ਨਾਲ ਕਰ ਦਿੱਤਾ ਗਿਆ ਜੋ ਪਹਿਲਾਂ ਨਾਮਧਾਰੀ ਸੀ, ਪਰ ਪਿਛੋਂ ਜਾ ਕੇ ਸਿੰਘ ਸਭਾਈ ਬਣ ਗਿਆ ਸੀ। ਸਰਦਾਰ ਸੁੰਦਰ ਸਿੰਘ ਤੇ ਬੀਬੀ ਰਾਮ ਕੌਰ, ਆਪਣੀ ਸਪੁੱਤਰੀ ਬੀਬੀ ਵੀਰੋ ਦਾ ਰਿਸ਼ਤਾ ਸਤਿਗੁਰੂ ਪਰਤਾਪ ਸਿੰਘ ਜੀ ਨਾਲ ਹੀ ਕਰਨਾ ਚਾਹੁੰਦੇ ਸਨ ਅਤੇ ਉਨ੍ਹਾਂ ਨੇ ਮਿਸਤਰੀ ਜਵਾਲਾ ਸਿੰਘ ਰਾਹੀਂ ਮਾਤਾ ਜੀਵਨ ਕੌਰ ਤੇ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਇਸ ਬਾਰੇ ਜਾਣੂ ਵੀ ਕਰਵਾ ਦਿੱਤਾ ਸੀ। ਮਿਸਤਰੀ ਜਵਾਲਾ ਸਿੰਘ ਵੱਲੋਂ ਇਹ ਸੁਨੇਹਾ ਸੁਣ ਕੇ ਕਿ ਸਰਦਾਰ ਸੁੰਦਰ ਸਿੰਘ ਆਪ ਜੀ ਨੂੰ ਯਾਦ ਕਰਦੇ ਹਨ, ਸਤਿਗੁਰੂ ਪਰਤਾਪ ਸਿੰਘ ਜੀ ਪਿੰਡ ਗੁਰੂਸਰ ਪਹੁੰਚ ਗਏ ਤੇ ਉਥੇ ਸਰਦਾਰ ਸੁੰਦਰ ਸਿੰਘ ਦੇ ਘਰ ਇਹ ਰਿਸ਼ਤਾ ਉਦੋਂ ਪੱਕਾ ਹੋ ਗਿਆ, ਜਦੋਂ ਬਾਬਾ ਸਾਵਣ ਸਿੰਘ ਜੀ ਨੇ ਅਰਦਾਸ ਕੀਤੀ, ਅਤੇ ਹੁਕਮਨਾਮਾ ਪੜ੍ਹ ਕੇ ਸੁਣਾਇਆ ਅਤੇ ਉੱਨ ਦੀ ਮਾਲਾ ਪਹਿਣਾ ਦਿੱਤੀ। ਸਤਿਗੁਰੂ ਪਰਤਾਪ ਸਿੰਘ ਜੀ ਨੇ ਵੀ ਉਨ ਦੀ ਮਾਲਾ ਬੀਬੀ ਵੀਰੋ ਦੇ ਗਲ ਪਾ ਦਿੱਤੀ। ਸਤਿਗੁਰੂ ਪਰਤਾਪ ਸਿੰਘ ਜੀ ਤਾਂ ਭੈਣੀ ਸਾਹਿਬ ਵਾਪਿਸ ਆ ਗਏ। ਇਹ ਬਾਬਾ ਸਾਵਣ ਸਿੰਘ, ਸਤਿਗੁਰੂ ਰਾਮ ਸਿੰਘ ਦੇ ਸੂਬਾ ਹੁਕਮਾ ਸਿੰਘ ਦੀ ਸਮਾਧ ਦਾ ਸੇਵਾਦਾਰ ਸੀ। ਸੂਬਾ ਮਲੂਕ ਸਿੰਘ ਜੋ 16 ਸਾਲ ਦੀ ਸਜ਼ਾ ਭੁਗਤ ਕੇ ਕਿਲਾ ਅਸੀਰ ਗੜ੍ਹ ਤੋਂ ਰਿਹਾਅ ਹੋ ਕੇ ਇਸ ਪਿੰਡ ਵਿੱਚ ਆ ਗਏ ਸਨ, ਜਿਥੇ ਉਨ੍ਹਾਂ ਦੀ ਬੜੀ ਮਾਨਤਾ ਸੀ। ਪਰ ਨੰਬਰਦਾਰ ਸੌਂਦਾ ਸਿੰਘ ਨੇ ਇਸ ਵਿਆਹ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਅਤੇ

---

[1] ਰਜਿੰਦਰ ਸਿੰਘ ਨਾਮਧਾਰੀ, *ਗੁਰੂਸਰ, ਬਾਬਾਣੀਆਂ ਕਹਾਣੀਆਂ*, ਵਧੇਰੇ ਵੇਰਵੇ ਲਈ ਵੇਖੋ, ਪੰਨਾ 16-25.

[2] ਉਕਤ, ਪੰਨਾ 26.

ਕਿਹਾ, "ਗੁਰੂ ਪੀਰਾਂ ਨੂੰ ਮੱਥਾ ਟੇਕਣਾ ਤਾਂ ਬਣਦਾ ਹੈ, ਪਰ ਰਿਸ਼ਤੇਦਾਰੀ ਨਹੀਂ। ਉਹ ਸਾਡੀ ਜਾਤ ਬਰਾਦਰੀ ਵਿੱਚੋਂ ਵੀ ਨਹੀਂ। ਅਸੀਂ ਜੱਟ ਤੇ ਓਹ ਰਾਮਗੜ੍ਹੀਏ। ਜਿਸ ਤਰ੍ਹਾਂ ਸੁੰਦਰ ਸਿੰਘ ਚਾਹੁੰਦਾ ਹੈ — ਬਿਲਕੁਲ ਨਹੀਂ ਹੋਵੇਗਾ। ਮੈਂ ਕਿਸੇ ਵੀ ਹਾਲਤ ਵਿੱਚ ਆਪਣੀ ਭਤੀਜੀ ਦਾ ਅਨੰਦ ਪ੍ਰਤਾਪ ਸਿੰਘ ਨਾਲ ਨਹੀਂ ਹੋਣ ਦਿਆਂਗਾ। ਸਿਰ ਦਿਆਂਗਾ ਜਾਂ ਫਿਰ ਲਵਾਂਗਾ।"

ਜਦੋਂ ਇਹ ਸਾਰੀ ਗੱਲਬਾਤ ਚੱਲ ਰਹੀ ਸੀ ਤਾਂ ਸਰਦਾਰ ਸੁੰਦਰ ਸਿੰਘ ਜੀ ਦਾ ਦੇਹਾਂਤ ਹੋ ਗਿਆ ਤੇ ਹੁਣ ਇਸ ਵਿਆਹ ਦੀ ਸਾਰੀ ਜ਼ਿੰਮੇਵਾਰੀ, ਉਸ ਦੇ ਪੁੱਤਰ ਮੀਹਾਂ ਸਿੰਘ 'ਤੇ ਪੈ ਗਈ। ਪੋਹ ਦਾ ਦਿਹਾੜਾ ਵਿਆਹ ਲਈ ਨਿਸ਼ਚਿਤ ਹੋਇਆ ਤੇ ਸਾਰੇ ਚਾਹੁੰਦੇ ਸਨ ਕਿ ਇਹ ਕਾਰਜ ਛੇਤੀ ਸਿਰੇ ਚੜ੍ਹੇ।

ਸਤਿਗੁਰੂ ਪਰਤਾਪ ਸਿੰਘ ਜੀ ਨੇ ਕੁਝ ਬੰਦਿਆਂ ਨੂੰ ਪਹਿਲਾਂ ਹੀ ਗੁਰੂਸਰ ਇਹ ਕਹਿ ਕੇ ਭੇਜ ਦਿੱਤਾ ਕਿ ਤੁਸਾਂ ਕਿਸੇ ਨਾਲ ਵਧੀਕੀ ਨਹੀਂ ਕਰਨੀ, ਪਰ ਜੇਕਰ ਕੋਈ ਤੁਹਾਡੇ ਨਾਲ ਧੱਕਾ ਕਰੇ, ਤਾਂ ਪਿਛੇ ਨਹੀਂ ਹਟਣਾ। ਸਰਦਾਰ ਮੀਹਾਂ ਸਿੰਘ ਨੇ, ਜਿਸ ਉੱਤੇ ਹੁਣ ਇਸ ਵਿਆਹ ਦੀ ਸਾਰੀ ਜ਼ਿੰਮੇਵਾਰੀ ਆ ਪਈ ਸੀ, ਫਿਰੋਜ਼ਪੁਰ ਜਾ ਕੇ ਅੰਗਰੇਜ਼ ਹਾਕਮ ਮਿਸਟਰ ਕਾਨਰ ਨੂੰ ਸਹਾਇਤਾ ਕਰਨ ਲਈ ਬੇਨਤੀ ਕੀਤੀ, ਤਾਂ ਜੋ ਵਿਆਹ ਸਮੇਂ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ। ਇਸ ਉੱਤੇ ਅਬੋਹਰ ਤੋਂ ਪੁਲਿਸ ਦੀ ਪਾਰਟੀ ਆ ਪੁੱਜੀ ਅਤੇ ਨੰਬਰਦਾਰ ਸਦਾ ਸਿੰਘ ਨੂੰ ਇਹ ਤਾੜਨਾ ਕਰ ਦਿੱਤੀ ਗਈ, ਜਾਂ ਤਾਂ ਉਹ ਕੁਝ ਦਿਨ ਲਈ ਇਥੋਂ ਬਾਹਰ ਚਲਿਆ ਜਾਵੇ, ਜਾਂ ਫਿਰ ਪੁਲਿਸ ਦੀ ਹਿਰਾਸਤ ਵਿੱਚ ਰਹਿਣ ਲਈ ਤਿਆਰ ਹੋ ਜਾਵੇ। ਜਿੰਦਾ ਸ਼ਹੀਦ ਬਾਬਾ ਜਵੰਦ ਸਿੰਘ ਖਿਆਲੇ ਵਾਲੇ ਦੇ ਜਥੇ ਦੀ ਗੁਰੂਸਰ ਵਿੱਚ ਆਮਦ ਨਾਲ ਸਦਾ ਸਿੰਘ ਦਾ ਹੌਸਲਾ ਪਸਤ ਹੋ ਗਿਆ। ਇਸ ਉੱਤੇ ਉਸ ਦੀਆਂ ਸਾਰੀਆਂ ਤਿਆਰੀਆਂ ਧਰੀਆਂ ਧਰਾਈਆਂ ਰਹਿ ਗਈਆਂ ਅਤੇ ਉਹ ਆਪਣੀ ਭੈਣ ਕੋਲ ਰੁਪਾਣੇ ਚਲਾ ਗਿਆ ਤੇ ਉਸ ਦੇ ਹਮਾਇਤੀ ਵੀ ਫਾਈਂ-ਮਾਈਂ ਹੋ ਗਏ। ਇਸ ਦੌਰਾਨ, ਇਸ ਸਾਰੇ ਇਲਾਕੇ ਵਿੱਚ ਅਤੇ ਮੁਸਲਮਾਨ ਦੇ ਬੋਦਲਿਆਂ ਦੇ ਇਲਾਕੇ ਤੇ ਹੋਰ ਸਾਰੇ ਪਿੰਡਾਂ ਵਿੱਚ ਇਸ ਵਿਆਹ ਬਾਰੇ ਕਾਫ਼ੀ ਚਰਚਾ ਛਿੜ ਗਈ ਤੇ ਲੋਕ ਉਤਸੁਕਤਾ ਨਾਲ ਇਸ ਵਿਆਹ ਦੀ ਘੜੀ ਦੀ ਉਡੀਕ ਕਰਨ ਲੱਗੇ।

## ਅਨੰਦ-ਵਿਆਹ ਦਾ ਮੰਗਲ ਦ੍ਰਿਸ਼

ਸੰਤ ਤਰਨ ਸਿੰਘ ਵਹਿਮੀ ਨੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਇਸ ਆਦਰਸ਼ ਵਿਆਹ ਦਾ ਵਰਣਨ ਵਿਸਤਾਰ ਸਹਿਤ ਕੀਤਾ ਹੈ। ਇਸ ਵਿਆਹ ਦੀ ਉਡੀਕ ਵੱਡੀ ਗਿਣਤੀ ਵਿੱਚ ਸ੍ਰੀ ਭੈਣੀ ਸਾਹਿਬ ਦੀ ਸੰਗਤ ਅਤੇ ਗੁਰੂਸਰ ਦੇ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕ ਬੜੇ ਚਾਅ ਨਾਲ ਕਰ ਰਹੇ ਸਨ।

ਮਾਤਾ ਜੀਵਨ ਕੌਰ ਆਪਣੇ ਕੁਝ ਸੇਵਕਾਂ ਨੂੰ ਨਾਲ ਲੈ ਕੇ ਇਸ ਵਿਆਹ ਦੇ ਪ੍ਰਬੰਧ

---

[1] ਰਜਿੰਦਰ ਸਿੰਘ ਨਾਮਧਾਰੀ, *ਗੁਰੂਸਰ, ਬਖਾਣੀਆਂ ਕਹਾਣੀਆਂ*, ਵਧੇਰੇ ਵੇਰਵੇ ਲਈ ਵੇਖੋ, ਪੰਨਾ 30,

Namdhari Elibrary NamdhariElibrary@gmail com

ਲਈ ਪਹਿਲਾਂ ਹੀ ਗੁਰੂਸਰ ਪਹੁੰਚ ਚੁੱਕੀ ਸੀ। ਸਾਹਨੇਵਾਲ ਦੇ ਰੇਲਵੇ ਸਟੇਸ਼ਨ ਤੋਂ ਪੂਰੀ ਗੱਡੀ ਬਾਰਾਤੀਆਂ ਦੀ ਭਰ ਕੇ ਤੁਰੀ ਸੀ, ਜਿਸ ਵਿੱਚ ਬਹੁਤ ਸਾਰੇ ਰਾਗੀ ਜੱਥੇ, ਪ੍ਰਚਾਰਕ, ਮਹਾਰਾਜ ਗੁਰਦਿਆਲ ਸਿੰਘ ਤੇ ਮਹਾਰਾਜ ਨਿਹਾਲ ਸਿੰਘ ਸਮੇਤ ਕਈ ਨਾਮਧਾਰੀ ਸੰਤ ਮਹਾਂਪੁਰਸ਼, ਭਾਈ ਵਜ਼ੀਰ ਸਿੰਘ, ਸੰਤ ਗੁਰਬਖਸ਼ ਸਿੰਘ ਆਦਿ ਸ਼ਾਮਲ ਸਨ।

ਪੱਕੀ ਸਟੇਸ਼ਨ ਉੱਤੇ ਉੱਤਰ ਕੇ ਇਸ ਬਾਰਾਤ ਦਾ ਭਰਵਾਂ ਸਵਾਗਤ ਕਰਨ ਲਈ ਪਿੰਡਾਂ ਦੀ ਸੰਗਤ ਘੋੜੇ ਗੱਡੇ ਰੱਥ ਤੇ ਹੋਰ ਸਵਾਰੀਆਂ ਲੈ ਕੇ ਹਾਜ਼ਰ ਖੜ੍ਹੀ ਸੀ। ਜਦੋਂ ਇਹ ਪਿੰਡ ਗੁਰੂਸਰ ਪਹੁੰਚੇ ਤਾਂ ਧੇਤਿਆਂ ਵੱਲੋਂ ਪਤੇਤਿਆਂ ਦਾ ਗੁਰੂ ਸ਼ਬਦਾਂ ਨਾਲ ਭਰਵਾਂ ਸਵਾਗਤ ਕੀਤਾ ਗਿਆ। ਅਗਲਾ ਹਾਲ, ਵਹਿਮੀ ਜੀ ਦੇ ਸ਼ਬਦਾਂ ਵਿੱਚ, ਮਾਤਾ ਜੀਵਨ ਕੌਰ ਅਤੇ ਮਾਤਾ ਰਾਮ ਕੌਰ ਵੱਲੋਂ ਲੰਗਰ ਦਾ ਢੁੱਕਵਾਂ ਪ੍ਰਬੰਧ ਕੀਤਾ ਗਿਆ ਸੀ। ਸਤਿਗੁਰੂ ਜੀ ਦੇ ਸਾਥ ਸਾਧ ਸੰਗਤ, ਜਥੇਦਾਰ, ਰਾਗੀ ਤੇ ਦਰਸ਼ਨ ਅਭਿਲਾਖੀ ਭੀ ਬਹੁਤ ਆਏ ਸੀ।

[1]"ਸੰਤ ਲਾਲ ਸਿੰਘ ਜੀ ਭੂਰੇ ਗਿੱਲਾਂ ਵਾਲੇ, ਸਮੇਤ ਆਪਣੇ ਪੁੱਤਰ ਪ੍ਰਤਾਪ ਸਿੰਘ ਤੇ ਕਾਲੂ ਦੇ ਸਾਰੇ ਰਾਗੀ ਜਥੇ ਦੇ, ਸੰਤ ਹਰਨਾਮ ਸਿੰਘ ਰਾਗੀ ਚਵਿੰਡੇ ਮਾਤੇ ਵਾਲੇ, ਰਾਗੀ ਜਥੇ ਸਮੇਤ, ਸੰਤ ਭਗਤ ਸਿੰਘ ਜੀ ਦਾਤੇ ਵਾਲ, ਟਹਿਲ ਸਿੰਘ ਜੀ ਸੱਦੋਵਾਲ, ਸੰਤ ਕਰਮ ਸਿੰਘ ਜੀ ਹਿੰਮਤਪੁਰਾ, ਸੰਤ ਮੰਗਲ ਸਿੰਘ ਜੀ ਵੜ੍ਹਹੀ ਚੱਕ, ਸੰਤ ਸੁੰਦਰ ਸਿੰਘ ਜੀ ਪੁੰਗਾਂ ਵਾਲੇ, ਸੰਤ ਆਲਾ ਸਿੰਘ ਜੀ ਵਰਨ, ਸੰਤ ਭੂਰੀ ਵਾਲੇ ਮਾਨਾਂ ਵਾਲੀਏ, ਜੈ ਸਿੰਘ ਰਾਗੀ ਪੁਲੇਤੇ ਦਾ, ਸੰਤ ਹਾਕਮ ਸਿੰਘ ਜੀ ਘੁੰਕਲ ਵਾਲੇ ਆਦਿ ਨੇ ਰਾਤ ਦੀਵਾਨ ਲਾਈ ਰਖੇ। ਰੀਝ ਖੁਸ਼ੀ ਵਿੱਚ ਆਪੋ-ਆਪਣੇ ਡੇਰੇ ਅਤੇ ਗੁਰੂਸਰ ਹਰ ਘਰ ਰੌਣਕ ਭਰਿਆ ਭਰਪੂਰ ਹੋਇਆ ਰਿਹਾ।"

ਅੰਮ੍ਰਿਤ ਵੇਲੇ ਸਭ ਨੇ ਸਕੇਸ਼ ਇਸ਼ਨਾਨ ਕਰ ਕੇ ਆਸਾ ਦੀ ਵਾਰ ਦਾ ਕੀਰਤਨ ਸੁਣਿਆ। ਚੰਡੀ ਦੀ ਵਾਰ ਦਾ ਪਾਠ ਕਰਨ ਪਿਛੋਂ ਸਭ ਜਿਥੇ ਹਵਨ ਹੋ ਰਿਹਾ ਸੀ, ਉਸ ਸਥਾਨ 'ਤੇ ਆ ਇਕੱਤਰ ਹੋਏ।

ਇਸ ਸ਼ੁੱਭ ਅਵਸਰ ਉੱਤੇ ਸੰਤ ਹਾਕਮ ਸਿੰਘ ਨੇ ਕਈ ਕਬਿਤ ਰਚੇ ਸਨ, ਜੋ ਇਸ਼ਤਿਹਾਰਾਂ ਦੇ ਰੂਪ ਵਿੱਚ ਕੰਧਾਂ 'ਤੇ ਲਗਾਏ ਗਏ। ਤਰਨ ਸਿੰਘ ਵਹਿਮੀ ਨੇ ਇਨ੍ਹਾਂ ਵਿੱਚੋਂ ਦੋ ਕਬਿਤਾਂ ਦੇ ਹਵਾਲੇ ਦਿੱਤੇ ਹਨ :

1. 'ਧੰਨ ਗੁਰੂ ਰਾਮ ਸਿੰਘ ਬਾਬੀ ਅਵਤਾਰ ਜਾਣੋ,
ਤਿਨ੍ਹਾਂ ਦੇ ਭਰਾਤ ਗੁਰੂ ਹਰੀ ਸਿੰਘ ਜਾਨੀਏ।
ਜਨਮੇ ਸਪੂਤ ਸੋਹਣੇ ਗੁਰੂ ਹਰੀ ਸਿੰਘ ਘਰ,
ਭੇਜੇ ਕਰਤਾਰ ਦੇ ਕੇ ਸਿੱਖਿਆ ਮਹਾਨੀਏ।
ਸੌਚ ਸੁਚ ਸੰਜਮ ਜਹਾਨ ਉਤੋਂ ਦੂਰ ਹੁੰਦਾ,
ਜੇ ਨਾ ਕਦੇ ਹੁੰਦੀਆਂ ਇਹ ਸੂਰਤਾਂ ਰਬਾਨੀਏ।
ਪਰਮ ਪਵਿਤਰ ਕੁਲ ਬਾਦੀਆਂ ਦੀ ਪੂਜਨੀਕ,
ਹਾਕਮ ਮਰਗਿੰਦ ਸਮ ਸੋਢੀਆਂ ਪਛਾਨੀਏ।

[1] ਤਰਨ ਸਿੰਘ ਵਹਿਮੀ, *ਜਸ ਜੀਵਨ*, ਭਾਗ ਪਹਿਲਾ, ਪੰਨਾ 140.

Namdhari Elibrary NamdhariElibrary@gmail.com

2. ਗੁਰੂ ਹਰੀ ਸਿੰਘ ਦਾ ਸਪੁੱਤਰ ਪਰਤਾਪ ਸਿੰਘ,
ਸੁੰਦਰ ਸਰੂਪ ਸੋਹਣਾ ਦੂਲੋ ਸੋ ਸੁਹਾਊਗਾ।
ਦੂਜੇ ਛੋਟੇ ਭਾਈ ਮਹਾਰਾਜ ਜੀ ਨਿਹਾਲ ਸਿੰਘ,
ਹੋਊਗਾ ਨਿਹਾਲ ਜਿਹੜਾ ਦਰਸ਼ਨਾ ਨੂੰ ਪਾਊਗਾ।
ਕਹੈ ਸਿੰਘ ਹਾਕਮ ਹੈ ਬੇਨਤੀ ਇਹ ਵਾਰ ਵਾਰ,
ਗੁਰੂ ਕਾ ਜੋ ਸਿੱਖ ਸੋ ਜ਼ਰੂਰ ਚਲ ਆਊਗਾ।

ਸਤਿਗੁਰੂ ਪਰਤਾਪ ਸਿੰਘ, ਗ੍ਰੰਥ ਸਾਹਿਬ ਨੂੰ ਮੱਥਾ ਟੇਕ, ਚਿੱਟੀ ਚਾਦਰ ਤੇ ਬੀਰ ਆਸਣ ਵਿੱਚ ਆ ਬਿਰਾਜੇ। ਕਮਰਕਸੇ ਵਿਚ ਸਦਾ ਜੰਗ ਵੀ ਸੀ। ਬੀਬੀ ਵੀਰ ਕੌਰ ਜੀ, ਸਤਿਗੁਰੂ ਜੀ ਦੇ ਖੱਬੇ ਬੰਨੇ ਆ ਬੈਠੇ। ਦੋਵਾਂ ਨੂੰ ਸੰਤ ਲਛਮਣ ਸਿੰਘ ਤੇ ਬਾਬਾ ਬਦਨ ਸਿੰਘ ਨੇ ਅੰਮ੍ਰਿਤਪਾਨ ਕਰਵਾਇਆ। ਦੋਹਾਂ ਦਾ ਗੰਢ ਚਿੱਤਰਾਵਾ ਕੀਤਾ ਗਿਆ ਅਤੇ ਸੂਹੀ ਮਹਲਾ ੪, ਲਾਵਾਂ ਦਾ ਪਾਠ ਕਰਕੇ, ਹਵਨ ਦੁਆਲੇ ਨਵ-ਵਿਆਹੇ ਜੋੜੇ ਨੇ ਪਰਿਕਰਮਾ ਕੀਤੀ। ਲਾਵਾਂ ਉਪਰੰਤ, ਅਨੰਦ ਸਾਹਿਬ ਦੀਆਂ ਪੰਜ ਪਉੜੀਆਂ ਦਾ ਗਾਇਨ ਕੀਤਾ ਗਿਆ ਸੀ। ਦੋਹਾਂ ਧਿਰਾਂ ਵੱਲੋਂ ਆਦਿ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਵੀ ਪਾਏ ਗਏ ਅਤੇ ਸ੍ਰੀ ਗ੍ਰੰਥ ਸਾਹਿਬ ਜੀ ਤੋਂ ਵਾਕ ਲੈ ਕੇ ਬੀਬੀ ਵੀਰੋ ਜੀ ਦਾ ਨਾਂ ਭੁਪਿੰਦਰ ਕੌਰ ਰੱਖਿਆ ਗਿਆ।

ਇਸ ਅਨੰਦ-ਵਿਆਹ ਦੀ ਸ਼ੋਭਾ ਵੇਖਿਆਂ ਹੀ ਬਣਦੀ ਸੀ, "ਇਹ ਜੋੜਾ ਹੰਸ ਸਰੂਪੀ ਸੋਹਣੇ ਵਿਹੜੇ ਤੇ ਸੰਗਤ ਵਿਚ ਸੋਭ ਰਿਹਾ ਸੀ। ਦੁਆਲੇ ਦੇ ਬਨੇਰਿਆਂ ਤੇ ਰੰਗ ਬਰੰਗੇ ਬਸਤਰਾਂ ਵਿੱਚ ਸੁੰਦਰੀਆਂ ਤੇ ਬਾਲਾਂ ਦੀਆਂ ਪਾਲਾਂ, ਅਣਗਿਣਤ, ਇਸ ਅਪੂਰਬ, ਸਵੰਬਰ ਨੂੰ ਦੇਖਣ ਵਾਸਤੇ ਦੇਵ ਪਰਿਵਾਰ ਆਏ ਜਾਪਦੇ ਸੀ।" ਕਿਸੇ ਅਣਸੁਖਾਵੀਂ ਘਟਨਾ ਵਾਪਰਨ ਦੇ ਖਿਆਲ ਤੋਂ ਸੰਤ ਗੁਰਬਖਸ਼ ਸਿੰਘ ਚੱਕ ਵਾਲੇ ਤੇ ਕਈ ਨਾਮਧਾਰੀ ਸਿੰਘ ਤੇ ਪੁਲਿਸ ਵਾਲੇ ਬੜੇ ਸਾਵਧਾਨੀ ਨਾਲ ਪਹਿਰਾ ਦੇ ਰਹੇ ਸਨ।

ਅਨੰਦ ਕਾਰਜ ਤੋਂ ਪਿੱਛੋਂ ਮਾਤਾ ਰਾਮ ਕੌਰ ਜੀ ਨੇ ਸਤਿਗੁਰੂ ਜੀ ਨੂੰ ਰਿਵਾਜ਼ ਅਨੁਸਾਰ ਘਰ ਚਰਨ ਪਾਉਣ ਲਈ ਕਿਹਾ। ਚਿੱਟੇ ਵਿਛਾਉਣੇ ਵਾਲੇ ਪਲੰਘ 'ਤੇ ਸਤਿਗੁਰੂ ਜੀ ਤੇ ਭੁਪਿੰਦਰ ਕੌਰ ਜੀ ਸੁਭਾਇਮਾਨ ਸਨ। ਬਹੁਤ ਸਾਰੀਆਂ ਬੀਬੀਆਂ ਨਵੇਂ ਜੋੜੇ ਨੂੰ ਆਦਰ ਦੇਣ ਲਈ ਆ ਜੁੜੀਆਂ ਸਨ। ਕੁਝ ਬੀਬੀਆਂ ਪੂਜ ਜਾਣ ਕੇ ਭੇਟਾ ਧਰ ਰਹੀਆਂ ਸਨ। ਕੁਝ ਰੀਤੀ ਅਨੁਸਾਰ ਸ਼ਗਨ ਭੇਟ ਕਰ ਰਹੀਆਂ ਸਨ। ਸੰਤ ਗੁਰਬਖਸ਼ ਸਿੰਘ ਚੱਕ ਵਾਲੇ ਸਭ ਕੁਝ ਝੋਲੀ ਵਿੱਚ ਪੁਆ ਰਹੇ ਸਨ। ਮਾਤਾ ਰਾਮ ਕੌਰ ਜੀ ਨੇ ਕਿਹਾ, "ਮੰਨਣ ਤੇ ਮੱਥਾ ਟੇਕਣ ਦੀ ਥਾਂ ਹਨ, ਕੋਈ ਬੀਬੀ ਕਬੋਲ ਮਖੌਲ ਨਾ ਕਰੇ।"

ਗੁਰੂ ਸਰ ਤੋਂ ਵਿਦਾਇਗੀ ਦੇ ਸਮੇਂ ਵੀ ਪੱਕੀ ਸਟੇਸ਼ਨ ਤੱਕ ਵੱਡੀ ਗਿਣਤੀ ਵਿੱਚ ਲੋਕ ਵਿਦਾ ਕਰਨ ਆਏ। ਜਦੋਂ ਸਾਹਨੇਵਾਲ ਪਹੁੰਚੇ ਤਾਂ ਭੈਣੀ ਸਾਹਿਬ ਤੇ ਆਲੇ-ਦੁਆਲੇ ਦੇ ਲੋਕ ਵੱਡੀ ਗਿਣਤੀ ਵਿੱਚ ਨਵੇਂ ਵਿਆਹੇ ਜੋੜੇ ਤੇ ਮਾਤਾਵਾਂ ਦਾ ਸੁਆਗਤ ਕਰਨ ਲਈ

[1] ਤਰਨ ਸਿੰਘ ਵਹਿਮੀ, *ਜਸ ਜੀਵਨ*, ਭਾਗ ਪਹਿਲਾ, ਪੰਨਾ 140.
[2] ਉਕਤ, ਪੰਨਾ 142.

Namdhari Elibrary NamdhariElibrary@gmail com

ਹਾਜ਼ਰ ਖੜੇ ਸਨ। ਸ੍ਰੀ ਭੈਣੀ ਸਾਹਿਬ ਵਿਖੇ ਬੜੀਆਂ ਖੁਸ਼ੀਆਂ ਮਨਾਈਆਂ ਜਾ ਰਹੀਆਂ ਸਨ। ਮਾਤਾਵਾਂ ਸਾਰੇ ਪਿੰਡ ਨੂੰ ਗੁੜ ਤੇ ਹੋਰ ਪਦਾਰਥ ਵੰਡ ਰਹੀਆਂ ਸਨ।

## ਇੱਕ ਯਾਦਗਾਰੀ ਘਟਨਾ

ਕੁਝ ਸੱਜਣ ਤੇ ਸੰਤ ਪੁਰਸ਼ ਇਸ ਵਿਆਹ ਤੇ ਬਾਰਾਤ ਦੇ ਨਾਲ ਨਹੀਂ ਜਾ ਸਕੇ ਸਨ। ਉਨ੍ਹਾਂ ਨੇ ਸਤਿਗੁਰੂ ਜੀ ਅੱਗੇ ਗਿਲਾ ਕੀਤਾ। ਸੰਤ ਜੀਉਣ ਸਿੰਘ ਭੱਬਰ ਨੇ ਇਸ ਰੋਸ ਵਜੋਂ ਆਪਣੀ ਦਾੜ੍ਹੀ ਸਾਤ ਦਿੱਤੀ। ਸਤਿਗੁਰੂ ਜੀ ਨੇ ਕਿਹਾ ਕਿ ਸੰਤ ਜੀ ਅਸੀਂ ਤੁਹਾਡੇ ਲਈ ਦੂਜੀ ਵਾਰ ਵਿਆਹ ਕਰਵਾ ਲੈਂਦੇ ਹਾਂ। ਇੱਥੇ ਹਵਨ ਦਾ ਪ੍ਰਬੰਧ ਕਰੋ। ਇਸ ਨਾਲ ਸੰਤ ਜੀਉਣ ਸਿੰਘ ਦਾ ਰੋਸ ਵੀ ਸ਼ਾਂਤ ਹੋ ਗਿਆ।

## ਮਹਾਰਾਜ ਗੁਰਦਿਆਲ ਸਿੰਘ ਜੀ ਦਾ ਅਨੰਦ-ਵਿਆਹ

ਮਹਾਰਾਜ ਗੁਰਦਿਆਲ ਸਿੰਘ ਸਤਿਗੁਰੂ ਜੀ ਦੇ ਸਭ ਤੋਂ ਛੋਟੇ ਭਾਈ ਸਨ, ਜੋ ਵਧੇਰੇ ਕਰਕੇ ਪੜ੍ਹਨ ਲਿਖਣ ਅਤੇ ਰਾਜਨੀਤਿਕ ਕਾਰਜਾਂ ਵਿੱਚ ਵਧੇਰੇ ਰੁਚੀ ਰੱਖਦੇ ਸਨ। ਆਪ ਨਾਮਧਾਰੀ ਇਤਿਹਾਸ ਦੀ ਖੋਜ ਕਰਕੇ ਇਸ ਨੂੰ ਇਤਿਹਾਸਕ ਸਰੂਪ ਵਿੱਚ ਸੁਰੱਖਿਅਤ ਕਰਨਾ ਚਾਹੁੰਦੇ ਸਨ।

ਮਹਾਰਾਜ ਨਿਹਾਲ ਸਿੰਘ ਵਧੇਰੇ ਕਰਕੇ ਲਾਹੌਰ ਹੀ ਰਹਿੰਦੇ ਸਨ ਅਤੇ ਘੋੜਿਆਂ ਦਾ ਵਪਾਰ ਕਰਦੇ ਸਨ। ਮਹਾਰਾਜ ਗੁਰਦਿਆਲ ਸਿੰਘ ਵੀ ਬਹੁਤਾ ਸਮਾਂ ਉਨ੍ਹਾਂ ਕੋਲ ਹੀ ਗੁਜ਼ਾਰਦੇ ਸਨ। ਇਹ ਹੋਰ ਰਾਜਨੀਤਿਕ ਪਾਰਟੀਆਂ ਦੀਆਂ ਸਰਗਰਮੀਆਂ ਵਿੱਚ ਵੀ ਸ਼ਾਮਲ ਹੁੰਦੇ ਸਨ।

ਅਕਤੂਬਰ 1921 ਈ. ਵਿੱਚ ਅੱਸੂ ਦੀ ਪੂਰਨਮਾਸ਼ੀ ਨੂੰ ਮਹਾਰਾਜ ਗੁਰਦਿਆਲ ਸਿੰਘ ਜੀ ਦਾ ਅਨੰਦ ਕਾਰਜ ਪੂਰਨ ਗੁਰਮਰਿਯਾਦਾ ਅਨੁਸਾਰ ਬਾਬਾ ਧਿਆਨ ਸਿੰਘ ਪੱਖਰਾਂ ਵਾਲਿਆਂ ਦੀ ਸਪੁੱਤਰੀ ਬੀਬੀ ਕਰਤਾਰ ਕੌਰ ਨਾਲ ਲਾਹੌਰ ਵਿਖੇ ਹੀ ਹੋਇਆ। ਬੀਬੀ ਕਰਤਾਰ ਕੌਰ ਵੀ ਰਾਜਨੀਤਿਕ ਕਾਰਜਾਂ ਵਿੱਚ ਰੁਚੀ ਰੱਖਦੇ ਸਨ।

ਜਦੋਂ ਆਪ ਮਾਤਾ ਜੀਵਨ ਕੌਰ ਜੀ ਨਾਲ ਸ੍ਰੀ ਭੈਣੀ ਸਾਹਿਬ ਆਏ ਤਾਂ ਉਨ੍ਹਾਂ ਨੇ ਆਉਂਦਿਆਂ ਹੀ ਮਾਤਾ ਜੀਵਨ ਕੌਰ ਜੀ ਨਾਲ ਲੰਗਰ ਦੀ ਸੇਵਾ ਦੇ ਕਾਰਜਾਂ ਵਿੱਚ ਹੱਥ ਵਟਾਉਣਾ ਸ਼ੁਰੂ ਕਰ ਦਿੱਤਾ।

Namdhari Elibrary NamdhariElibrary@gmail.com

ਅਧਿਆਇ 5

# ਧਰਮ ਨੇਮ ਤੇ ਰਾਜਨੀਤਿਕ ਚੇਤਨਤਾ

ਪੰਜਾਬ ਦੇ ਇਤਿਹਾਸ ਵਿੱਚ 1910 ਈ. ਤੋਂ 1920 ਈ. ਤੱਕ ਦਾ ਸਮਾਂ ਬਹੁਤ ਮਹੱਤਵਪੂਰਨ ਹੈ। ਇਸ ਵਿੱਚ ਸੁਤੰਤਰਤਾ ਸੰਗਰਾਮ ਨੇ ਆਪਣੀਆਂ ਨਵੀਆਂ ਸੰਭਾਵਨਾਵਾਂ ਦੇ ਪਿਛੋਕੜ ਵਿੱਚ ਨਵੇਂ ਇਨਕਲਾਬੀ ਸਰੂਪ ਨੂੰ ਧਾਰਨ ਕੀਤਾ, ਜਿਸ ਦਾ ਪ੍ਰਜਵਲਿਤ ਉਦਾਹਰਣ 1913-14 ਈ. ਦੀ ਗ਼ਦਰ ਲਹਿਰ ਸੀ, ਜਿਸਦਾ ਮੁੱਖ ਕੇਂਦਰ ਅਮਰੀਕਾ ਦੇ ਸਾਨ-ਫਰਾਂਸਿਸਕੋ ਦੇ ਮਹਾਨਗਰ ਵਿੱਚ ਸੀ। ਇਸ ਤੋਂ ਬਿਨਾਂ ਪਹਿਲਾ ਸੰਸਾਰ ਯੁੱਧ (1914 ਈ.-1918 ਈ.) ਵੀ ਇਸੇ ਦਹਾਕੇ ਵਿੱਚ ਹੋਇਆ ਸੀ। ਪਰ ਦੇਸ਼ ਵਿੱਚ ਵੀ ਕਈ ਘਟਨਾਵਾਂ ਵਾਪਰ ਰਹੀਆਂ ਸਨ, ਜਿਨ੍ਹਾਂ ਦਾ ਰਾਜਨੀਤਿਕ ਅਤੇ ਸਮਾਜਿਕ ਜੀਵਨ ਉੱਤੇ ਡੂੰਘਾ ਪ੍ਰਭਾਵ ਪੈ ਰਿਹਾ ਸੀ। ਸਮੁੱਚੇ ਤੌਰ 'ਤੇ ਨਵੀਆਂ ਹੋਣੀਆਂ ਤੇ ਸੰਭਾਵਨਾਵਾਂ ਦੇ ਨਵੇਂ ਯੁੱਗ ਦਾ ਆਰੰਭ ਹੋ ਚੁੱਕਾ ਸੀ।

ਇਨ੍ਹਾਂ ਪਦਾਰਥਕ ਹਾਲਤਾਂ ਅਨੁਸਾਰ ਨਾਮਧਾਰੀ ਮੱਤ ਲਈ ਵੀ ਇਹ ਜ਼ਰੂਰੀ ਸੀ ਕਿ ਉਹ ਇਨ੍ਹਾਂ ਨਵੀਆਂ ਉਪਜੀਆਂ ਸੰਭਾਵਨਾਵਾਂ ਅਨੁਸਾਰ ਆਪਣੇ ਆਪ ਨੂੰ ਢਾਲੇ। ਇਹ ਗੱਲ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ ਕਿ ਇਸ ਦੌਰ ਵਿੱਚ ਨਾਮਧਾਰੀ ਮੱਤ ਦੇ ਧਾਰਮਿਕ ਪੱਖ ਅਤੇ ਸੁਤੰਤਰਤਾ ਸੰਗਰਾਮ ਵਿੱਚ ਪਾਏ ਗਏ ਵਿਸ਼ੇਸ਼ ਯੋਗਦਾਨ ਨੂੰ ਆਲੋਚਨਾਤਮਕ ਦ੍ਰਿਸ਼ਟੀ ਤੋਂ ਵਾਚਿਆ ਜਾਵੇ। ਇਹ ਬੜੀ ਸੰਤੋਖ ਦੀ ਗੱਲ ਹੈ ਕਿ ਸਤਿਗੁਰੂ ਪਰਤਾਪ ਸਿੰਘ ਜੀ ਦੀ ਸੁਯੋਗ ਅਗਵਾਈ ਵਿੱਚ ਨਾਮਧਾਰੀ ਮੱਤ ਨੇ ਇਨ੍ਹਾਂ ਧਾਰਮਿਕ ਅਤੇ ਰਾਜਨੀਤਿਕ ਦੋਵਾਂ ਖੇਤਰਾਂ ਵਿੱਚ ਕਦਮ-ਬ-ਕਦਮ ਅੱਗੇ ਵਧਣ ਦੇ ਸਫਲ ਯਤਨ ਕੀਤੇ।

ਸੰਤ ਤਰਨ ਸਿੰਘ ਵਹਿਮੀ ਨੇ ਸਤਿਗੁਰੂ ਪਰਤਾਪ ਸਿੰਘ ਜੀ ਦੀ ਨਿੱਜੀ ਸਾਧਨਾ ਤੇ ਧਾਰਮਿਕ ਕਾਰਵਾਈਆਂ ਬਾਰੇ ਚੋਖੀ ਜਾਣਕਾਰੀ, ਪੁਸਤਕ 'ਜਸ ਜੀਵਨ' ਦੇ ਪਹਿਲੇ ਭਾਗ ਵਿੱਚ ਦਿੱਤੀ ਹੈ।

ਸਤਿਗੁਰੂ ਪਰਤਾਪ ਸਿੰਘ ਜੀ ਦੇ ਨਿੱਜੀ ਜੀਵਨ ਤੇ ਕਾਰ ਵਿਹਾਰ ਵਿੱਚ ਅਨੇਕ ਗੁਣ ਕਾਰਜਸ਼ੀਲ ਸਨ। ਆਪ ਜੀ ਨੇ ਆਪਣੇ ਸਰੀਰਕ ਬਲ ਵਿੱਚ ਚੋਖਾ ਵਾਧਾ ਕਰ ਲਿਆ ਸੀ :

[1]"ਤਿਖੀ ਨਹਿਰ ਵਗਦੀ ਵਿੱਚੋਂ ਸੇਧ ਰਖ ਸਿਧੇ ਜਾਣਾ। ਸਿਰ ਤੇ ਭਾਰ ਰੱਖ, ਲੱਕ

[1] ਤਰਨ ਸਿੰਘ ਵਹਿਮੀ, *ਜਸ ਜੀਵਨ*, ਭਾਗ ਪਹਿਲਾ, ਪੰਨਾ 123-123.

Namdhari Elibrary NamdhariElibrary@gmail.com

ਤੋਂ ਉਪਰਲਾ ਹਿੱਸਾ ਜਲ ਤੋਂ ਉੱਚਾ ਸੁੱਕਾ ਰਖਣਾ ਤੇ ਚਿਰ ਭੀ ਵੇਖਣਾ। ਇੱਟ ਉੱਚੀ ਸੁੱਟ, ਚੁਬਾਰੇ ਤੋਂ ਉਪਰ ਦੀ ਵਗਾਣੀ, ਭਾਰੀ ਤੋਂ ਭਾਰੀ ਤੇ ਬਹੁਤ ਵਾਰੀ। ਦੌੜ ਦੇ ਵਕਤ ਤੇ ਪੰਧ ਦਾ ਹਿਸਾਬ ਲਾਣਾ। ਘੋੜੀ ਉੱਚੀ ਤੋਂ ਉੱਚੀ ਤੇ ਕੰਨ ਫੜ, ਆਪਣੇ ਲੱਕ ਨੂੰ ਫੜ ਉਛਲ ਕੇ ਉਪਰ ਜਾ ਪੈਣਾ। ਊਠ ਨਸੇ ਜਾਂਦੇ ਉੱਚੇ ਦੀ ਨਸ ਪੂੰਛ ਫੜ ਖੁਰ ਤੇ ਪੈਰ ਧਰ ਉਪਰ ਜਾ ਬੈਠਣਾ। ਖੂਹ ਦੀ ਮਾਹਲ ਭਰੀ ਤਿੰਨ ਸੇਰੀ ਟਿੰਡ ਸੱਤ ਵੀਹਾਂ ਦੀ, ਪਾਣੀ ਵਿੱਚੋਂ ਬਾਹਰ ਕੱਢ ਧਰਨੀ ਤੇ ਖੂਹ ਦੇ 70 ਗੋਤੇ ਲਾਉਣੇ, ਭਰੀ ਮਾਹਲ ਦੇ ਇਕੋ ਦਮ ਇਕੱਲਿਆਂ। ਸਾਰਿਆਂ ਨੂੰ ਵਾਰੀ ਵਾਰੀ ਜ਼ੋਰ ਕਰਾਂਦਿਆਂ ਆਪ ਅਥੱਕ ਰਹਿਣਾ। ਰੱਸਾ ਕਿਸੇ ਕੋਲ ਨਾ ਰਹਿਣ ਦੇਣਾ। ਜੇ ਚੋਖੇ ਖਿੱਚਣ ਲਗਣ ਤਾਂ ਇਕੱਲਿਆਂ ਜ਼ਮੀਨ ਵਿੱਚ ਪੱਬ ਖਭੋ, ਅੜ ਰਹਿਣਾ।"

"ਆਪ ਇੰਨਾ ਤਿੱਖਾ ਟੁਰਨਾ, ਸਭ ਸਾਥੀ ਭੱਜ ਹੀ ਰਲਦੇ। ਹਰ ਔਖੇ ਕੰਮ ਲਈ ਹਿੰਮਤ ਧਾਰ ਲੈਣੀ ਤੇ ਆਪ ਅੱਗੇ ਲੱਗ ਕਰਨਾ। ਸਿੱਖਾਂ ਨੂੰ ਡੇਰੇ ਵੱਲੋਂ ਖੇਤਾਂ ਵਿੱਚ ਹਲ ਜੁੜੇ ਵੇਖ, ਢਿਲਾ ਟੁਰਦੇ ਵੇਖ, ਆਪ ਹਲ ਫੜ ਰਾਲ ਸਿਧੀ ਮਾਰ, ਸਾਰਾ ਜੋੜ੍ਹਾ ਲਾ ਦਸਣਾ। ਕਹੀ ਦੀ ਕਾਰ ਹਥੀਂ ਫੜ, ਸਭ ਤੋਂ ਸਿਰੇ ਦੀ ਕਰਨੀ।"

"ਸੌਣਾ ਤੇ ਜਾਗਣਾ ਆਪ ਦਾ ਆਪਣੇ ਵਸ ਸੀ। ਨੀਂਦ ਨਾ ਜ਼ੋਰ ਪਾਂਦੀ, ਨਾ ਕੁਵੇਲਾ ਕਰਦੀ। ਘੜੀ ਪਾਸ ਰਖ ਬਿਰਾਜਦੇ, ਪੂਰੇ ਮਿੰਟਾਂ ਤੇ ਉਠਦੇ। ਹਰ ਨੇਮ ਭਜਨ ਬਾਣੀ, ਇਸ਼ਨਾਨ ਜੰਗਲ, ਸੈਰ, ਦੌੜ ਦਾ ਪੂਰਾ ਨਿਭਾਂਦੇ। ਭਾਈ ਵਜ਼ੀਰ ਸਿੰਘ ਜੀ ਪਰਛਾਵੇਂ ਭਰ੍ਹਾਂ ਸਦਾ ਅੱਗੇ ਪਿੱਛੇ ਸਾਥ ਹੀ ਰਹਿੰਦੇ।"

ਸਤਿਗੁਰੂ ਜੀ ਨੇ ਧਾਰਮਿਕ ਕਾਰਵਾਈਆਂ ਵਿੱਚ ਵੀ ਕੋਈ ਵਿਘਨ ਨਹੀਂ ਪੈਣ ਦਿੱਤਾ, ਸਗੋਂ ਇਹ ਨਿਰੰਤਰ ਅਤੇ ਅੱਗੇ ਨਾਲੋਂ ਵੀ ਵਧੇਰੇ ਸ਼ਾਨ ਨਾਲ ਨਿਭਾਈਆਂ ਗਈਆਂ। ਹਰ ਸਾਲ ਨਿਮਾਣੀ ਦਾ ਜੋੜ ਮੇਲਾ ਸ੍ਰੀ ਭੈਣੀ ਸਾਹਿਬ ਵਿਖੇ ਹੀ ਕੀਤਾ ਜਾਂਦਾ ਰਿਹਾ ਅਤੇ ਹਰ ਸਾਲ ਆਪਣੀ ਨਹਿਰ ਕੰਢੇ ਦੀ ਚਲੀਹੇ ਦੀ ਸਾਧਨਾ ਵੀ ਜਾਰੀ ਰੱਖੀ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਹੀ ਹੋਲੇ ਦਾ ਪੁਰਬ ਨਿਯਮਿਤ ਰੂਪ ਵਿੱਚ ਮਨਾਇਆ ਜਾਣਾ ਵੱਡੀ ਮਹਾਨਤਾ ਰੱਖਦਾ ਆਇਆ ਹੈ। 1910 ਤੋਂ ਲੈ ਕੇ 1920 ਤੱਕ ਹੋਲੇ ਦੇ ਕਈ ਯਾਦਗਾਰੀ ਪੁਰਬ ਵੱਖ-ਵੱਖ ਥਾਵਾਂ ਉੱਤੇ ਮਨਾਏ ਜਾਂਦੇ ਰਹੇ ਹਨ, ਜਿਨ੍ਹਾਂ ਵਿੱਚੋਂ ਕੁਝ ਇੱਕ ਦੇ ਰੌਚਿਕ ਵੇਰਵੇ ਵਹਿਮੀ ਜੀ ਨੇ ਦਿੱਤੇ ਹਨ। 1910 ਈ. ਵਿੱਚ ਲਾਹੌਰ, 1911-18 ਈ. ਵਿੱਚ ਅਨੰਦਪੁਰ, 1912 ਈ. ਵਿੱਚ ਮਾਗੋਂ, 1913 ਈ.. ਵਿੱਚ ਖੋਟੇ ਆਦਿ ਸਥਾਨਾਂ ਤੇ ਹੋਲੇ ਮਨਾਏ ਗਏ। ਇਨ੍ਹਾਂ ਵਿੱਚੋਂ ਲਾਹੌਰ ਤੇ ਅਨੰਦਪੁਰ ਸਾਹਿਬ ਦੇ ਉਤਸਵ ਵਧੇਰੇ ਮਹੱਤਤਾ ਰੱਖਦੇ ਹਨ। 1910 ਈ. ਦਾ ਹੋਲਾ ਬਾਬਾ ਧਿਆਨ ਸਿੰਘ ਲਾਹੌਰ ਵਾਲਿਆਂ ਦੀ ਮੰਗ ਉੱਤੇ ਰੱਖਿਆ ਗਿਆ ਸੀ। ਤਰਨ ਸਿੰਘ ਵਹਿਮੀ ਅਨੁਸਾਰ ਇਸ ਹੋਲੇ ਦੇ ਦੀਵਾਨ ਵਿੱਚ ਕਥਾ ਕੀਰਤਨ ਦਾ ਪ੍ਰਵਾਹ ਸੰਗਤਾਂ ਦੇ ਹਿਰਦਿਆਂ ਉੱਤੇ ਅਮਿੱਟ ਪ੍ਰਭਾਵ ਪਾਉਣ ਵਾਲਾ ਸੀ। ਸੰਤ ਲਾਲ ਸਿੰਘ ਡੂਰੇ ਗਿਲ ਤੇ ਭਾਈ ਕਾਲੂ ਤੇ ਮੌਜੂ, ਜਿਨ੍ਹਾਂ ਨੂੰ ਗੁਰਬਾਣੀ ਦੀਆਂ ਪੁਰਾਤਨ ਰੀਤਾਂ ਯਾਦ ਸਨ, ਨੇ ਬੜਾ ਰੰਗ ਬੰਨ੍ਹਿਆ ਹੋਇਆ ਸੀ। ਪਾਠਾਂ ਦੇ ਭੋਗ ਪਾਉਣ ਲਈ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ। ਸਾਰੀ ਸੰਗਤ ਬਾਣੀ ਦੇ ਸਤਿਕਾਰ

ਵਜੋਂ ਉਠ ਕੇ ਖੜ੍ਹੀ ਹੋ ਗਈ।

ਲਾਹੌਰ ਵਿੱਚ ਉਸੇ ਸਮੇਂ ਸਿੰਘ ਸੁਭਾ ਦਾ ਵੀ ਬੜਾ ਜ਼ੋਰ ਸੀ। ਕੁਝ ਸਿੰਘ ਸਭੀਏ, ਦੀਵਾਨ ਦੇ ਨੇੜੇ ਆ ਕੇ ਵਿਤੰਡ ਚਰਚਾ ਕਰਨ ਲੱਗੇ। ਕਹਿਣ ਲੱਗੇ, ਇੱਕ ਬੰਨੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ, ਦੂਜੇ ਬੰਨੇ ਨਾਮਧਾਰੀ ਗੁਰੂ ਗੱਦੀ 'ਤੇ ਬਿਰਾਜਮਾਨ ਹੋ ਕੇ ਮੱਥੇ ਟਿਕਾ ਰਿਹਾ ਹੈ ਤੇ ਚੌਰੀ ਕਰਵਾ ਰਿਹਾ ਹੈ। ਇਸ ਤੁਕ ਨੂੰ ਦੁਹਰਾਇਆ ਜਾ ਰਿਹਾ ਸੀ, 'ਐਸੋ ਕਉਨੁ ਬਲੀ ਰੇ।' ਸੰਤ ਜੀਉਣ ਸਿੰਘ ਨੇ ਸਿੰਘ ਸਭੀਆਂ ਦੀ ਚੋਟ ਨਾ ਸਹਾਰਦੇ ਹੋਏ, ਇਹ ਕਹਿ ਦਿੱਤਾ ਕਿ ਜੇਕਰ ਤੁਹਾਡੇ ਗੁਰੂ ਦਾ ਕੋਈ ਅਪਮਾਨ ਕਰੇ, ਤਾਂ ਤੁਸੀਂ ਕੀ ਕਰੋਗੇ? ਸਿੰਘ ਸਭੀਆਂ ਕਿਹਾ ਕਿ ਅਸੀਂ ਉਸ ਦਾ ਸਿਰ ਲਾਹ ਦੇਵਾਂਗੇ।

[1]"ਸੰਤ ਜਿਉਣ ਸਿੰਘ ਜੀ ਅਚੋਪਲੇ ਹੀ ਗ੍ਰੰਥ ਸਾਹਿਬ ਦੇ ਉਪਰ ਜਾ ਬੈਠੇ ਤੇ ਫੇਰ ਦੋਹਾਂ ਬਾਹਵਾਂ ਦਾ ਆਪੋ ਵਿਚ ਥਾਪੜਾ ਮਾਰ ਕਹਿਣ। ਮੈਂ ਹਾਂ ਜਿਨ੍ਹੇ ਪੰਜੇ ਵਸ ਕੀਤੇ ਹਨ। ਐਸੋ ਕਉਨੁ ਬਲੀ ਰੇ।"

ਸਿੰਘ ਸਭੀਏ ਸਾਹਵੇਂ ਦੇਖਦੇ ਸੀ। ਕਿਸੇ ਨੂੰ ਕੁਝ ਨਾ ਅਹੁੜੀ। ਸਤਿਗੁਰੂ ਜੀ ਛੇਤੀ ਤੇਜ਼ ਹੋ ਬੋਲੇ ਤੇ ਕਿਹਾ, "ਰੋਂਦਾ ਮਸਤੀ ਨੂੰ, ਇਸ ਨੂੰ ਦੀਵਾਨ ਵਿੱਚੋਂ ਦਫਾ ਕਰ ਦਿਉ", ਕਹਿ ਸੰਤ ਜੀ ਬਾਬਤ ਹੋਕਾ ਦਵਾ ਦਿੱਤਾ, ਕਿ ਸੰਤ ਜੀ ਨੂੰ ਨਾਮਧਾਰੀ ਪੰਥ ਵੱਲੋਂ ਤਨਖਾਹੀ ਕੀਤਾ ਜਾਂਦਾ ਹੈ ਤੇ ਪੰਥੋਂ ਕੱਢਿਆ ਜਾਂਦਾ ਹੈ। ਇਹਨਾਂ ਭਾਰੀ ਭੁੱਲ ਕੀਤੀ ਹੈ।"

ਸੰਤ ਜਿਉਣ ਸਿੰਘ ਦੇ ਪੰਥ 'ਚੋਂ ਕੱਢੇ ਜਾਣ ਕਾਰਨ ਸੰਗਤ ਨੂੰ ਕੁਝ ਨਿਰਾਸ਼ਾ ਵੀ ਹੋਈ ਤੇ ਲੋਕੀ ਕਹਿੰਦੇ ਸੁਣੇ ਗਏ, "ਮੇਲੇ ਤੇ ਖੱਟਣ ਗਏ ਸਾਂ, ਸਗੋਂ ਇਕ ਉਚੇਰੇ ਸਾਧੂ ਨੂੰ, ਪਰ੍ਹੇ ਹੋਇਆ ਪੰਥੋਂ ਸੁਣ, ਘਾਟਾ ਲੈ ਪਰਤੇ ਹਾਂ, ਖੱਟਿਆ ਤੇ ਕੁਝ ਨਾ ਸਗੋਂ ਘਾਟਾ ਹੀ ਪਿਆ ਹੈ।"

## ਸੰਤ ਜਿਉਣ ਸਿੰਘ ਦੀ ਬਖਸ਼ਬੰਦੀ

ਸੰਤ ਕੇਸਰ ਸਿੰਘ ਮਹਾਵਾ ਨਾਮਧਾਰੀ ਪੰਥ ਦੀ ਬੜੀ ਸਤਿਕਾਰ ਯੋਗ ਹਸਤੀ ਸਨ ਅਤੇ ਉਨ੍ਹਾਂ ਦੇ ਉਪਕਾਰੀ ਸੁਭਾਅ ਬਾਰੇ ਕਈ ਦੰਦ ਕਥਾਵਾਂ ਪ੍ਰਚਲਿਤ ਹਨ। ਅੰਮ੍ਰਿਤਸਰ ਵਿਖੇ ਵਿਸਾਖੀ ਦਾ ਦੀਵਾਨ ਸੀ। ਮਹੰਤ ਕੇਸਰ ਸਿੰਘ ਮਹਾਵਾ ਆਪਣਾ ਮੂੰਹ ਕਾਲਾ ਕਰਕੇ ਸੰਤ ਜਿਉਣ ਸਿੰਘ ਨੂੰ ਨਾਲ ਲੈ ਕੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਦੀਵਾਨ ਵਿੱਚ ਆ ਹਾਜ਼ਰ ਹੋਏ ਅਤੇ ਸੰਤ ਜਿਉਣ ਸਿੰਘ ਦੀ ਬਖਸ਼ਬੰਦੀ ਲਈ ਬੇਨਤੀ ਕੀਤੀ। (ਸਚਮੁੱਚ ਇਹ ਤਾਂ ਭਾਈ ਲੱਧਾ ਜੀ ਪਰਉਪਕਾਰੀ ਦੇ ਗੁਰੂ ਘਰ ਦੇ ਕੀਰਤਨੀਏ ਸੱਤਾ ਤੇ ਬਲਵੰਡ ਦੀ ਗੁਰੂ ਅਰਜਨ ਦੇਵ ਜੀ ਤੋਂ ਬਖਸ਼ਾਉਣ ਵਾਲੀ ਘਟਨਾ ਵਰਗੀ ਹੀ ਗੱਲ ਸੀ) ਸਤਿਗੁਰੂ ਪਰਤਾਪ ਸਿੰਘ ਜੀ ਬੜੀ ਅਨੋਖੀ ਅਵਸਥਾ ਵਿੱਚ ਸਨ। ਸੰਤ ਕੇਸਰ ਸਿੰਘ ਦਾ ਨਾਮਧਾਰੀ ਪੰਥ ਵਿੱਚ ਬਹੁਤ ਸਤਿਕਾਰ ਸੀ। ਉਨ੍ਹਾਂ ਨੇ ਇੱਕ ਵਾਰ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਿਰ ਤੇ ਹੱਥ ਰੱਖ ਕੇ ਕਿਹਾ ਸੀ, "ਬੱਚਾ ਤਕੜੇ ਹੋ ਕੇ ਰਹਿਣਾ, ਇਹ ਜਿਸ ਰਾਮੇ ਦੀ

---

[1] ਤਰਨ ਸਿੰਘ ਵਹਿਮੀ, *ਜਸ ਜੀਵਨ*, ਭਾਗ ਪਹਿਲਾ, ਪੰਨਾ 149.

Namdhari Elibrary NamdhariElibrary@gmail.com

ਕਾਰ ਏ, ਉਸਨੂੰ ਇਸ ਦਾ ਸਭ ਫ਼ਿਕਰ ਏ।"

ਸਤਿਗੁਰੂ ਪਰਤਾਪ ਸਿੰਘ ਜੀ ਅਜਿਹੇ ਸੰਤ ਪੁਰਸ਼ਾਂ ਨੂੰ ਯਾਦ ਕਰਕੇ ਬੜੇ ਭਾਵੁਕ ਹੋ ਜਾਇਆ ਕਰਦੇ ਸਨ। ਆਪ ਜੀ ਨੇ ਸੰਤ ਜਿਊਣ ਸਿੰਘ ਦੇ ਪਰਥਾਏ ਬਚਨ ਕੀਤਾ, "ਸੰਤ ਜੀ, ਹੁਣ ਮੇਰੀ ਕੋਈ ਵਾਹ ਨਹੀਂ, ਆਪ ਦੇ ਇਸ ਪਰਉਪਕਾਰ ਅੱਗੇ। ਨਹੀਂ ਤੇ ਇਹ ਜਿਊਣ ਸਿੰਘ ਹੋਰੀਂ ਸੰਗਤ ਵਿੱਚ ਕਦੇ ਨਾ ਮਿਲਣ ਵਾਲੇ ਸੀ, ਜਿਨ੍ਹਾਂ ਮਰਯਾਦਾ ਬਣਾਉਣ ਵਾਲੇ ਹੋ ਕੇ ਸਗੋਂ ਤੋੜੀ ਹੈ।"

ਵਹਿਮੀ ਜੀ ਨੇ ਇਸੇ ਸੰਬੰਧ ਵਿੱਚ ਕੁਝ ਹੋਰ ਵੇਰਵੇ ਵੀ ਦਿੱਤੇ ਹਨ। ਜਦੋਂ ਮਾਤਾ ਜੀਵਨ ਕੌਰ ਜੀ ਨੇ ਸੰਤ ਕੇਸਰ ਸਿੰਘ ਨੂੰ ਜਿਊਣ ਸਿੰਘ ਕੋਲ, ਇਹ ਪੁੱਛਣ ਲਈ ਭੇਜਿਆ ਸੀ ਕਿ ਤੁਸੀਂ ਗ੍ਰੰਥ ਸਾਹਿਬ ਉੱਤੇ ਬੈਠਣ ਦੀ ਭੁੱਲ ਕਿਉਂ ਕੀਤੀ ਸੀ, ਤਾਂ ਸੰਤ ਜਿਊਣ ਸਿੰਘ ਨੇ ਕੇਸਰ ਸਿੰਘ ਦੇ ਵੀ ਮੂੰਹ ਤੇ ਚਪੇੜ ਕੱਢ ਮਾਰੀ ਸੀ। ਧੰਨ ਸਨ! ਅਜਿਹੇ ਕੇਸਰ ਸਿੰਘ ਮਹਾਵਾ ਜੀ ਵਰਗੇ ਪਰਉਪਕਾਰੀ ਮਹਾਪੁਰਸ਼।

## ਅਨੰਦਪੁਰ ਦਾ ਹੋਲਾ

ਅਗਲਾ ਹੋਲਾ ਅਨੰਦਪੁਰ ਵਿਖੇ ਮਨਾਇਆ ਗਿਆ। ਸਤਿਗੁਰੂ ਜੀ ਨੇ ਇਹ ਸੁਣ ਰੱਖਿਆ ਸੀ ਕਿ ਹੋਲੇ ਦੇ ਪੁਰਬ ਉੱਤੇ ਆਲੇ-ਦੁਆਲੇ ਦੇ ਲੋਕ ਆ ਕੇ ਸ਼ਰਾਬਾਂ ਪੀਂਦੇ, ਬਕੜਵਾਹ ਕਰਦੇ ਅਤੇ ਬੜਾ ਖਰੂਦ ਮਚਾਉਂਦੇ ਹਨ। ਸਤਿਗੁਰੂ ਜੀ ਦਾ ਵਿਚਾਰ ਸੀ ਕਿ ਇਹ ਸਭ ਕੁਝ ਇਸ ਮਹਾਨ ਗੁਰੂ ਸਥਾਨ ਉੱਤੇ ਸ਼ੋਭਾ ਨਹੀਂ ਦਿੰਦਾ। ਹੋਲੇ ਦਾ ਪੁਰਬ ਅਨੰਦਪੁਰ ਸਾਹਿਬ ਮਨਾਉਣ ਦੇ ਨਾਲ-ਨਾਲ ਉਸ ਦੀ ਪੁਰਾਣੀ ਪਰੰਪਰਾ ਦੀ ਸ਼ਾਨ ਨੂੰ ਵੀ ਮੁੜ ਲਿਆਉਣਾ ਚਾਹੀਦਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਵੀ ਆਪਣੇ ਸਮੇਂ ਹੋਲੇ ਦਾ ਪੁਰਬ ਅਨੰਦਪੁਰ ਸਾਹਿਬ ਵਿਖੇ ਮਨਾਇਆ ਸੀ। ਉਸ ਦੀਆਂ ਯਾਦਾਂ ਹੁਣ ਤੱਕ ਵੀ ਤਾਜ਼ਾ ਸਨ।

ਸਤਿਗੁਰੂ ਜੀ ਨੇ ਆਪਣੇ ਸੇਵਕ ਪਹਿਲਾਂ ਹੀ ਉਥੇ ਭੇਜ ਦਿੱਤੇ ਸਨ ਤੇ ਪੁਲਿਸ ਨੂੰ ਵੀ ਸੂਚਿਤ ਕਰ ਦਿੱਤਾ ਸੀ ਕਿ ਇਸ ਵਾਰ ਮੇਲੇ ਵਿੱਚ ਗਲਤ ਗੱਲਾਂ ਨਹੀਂ ਹੋਣੀਆਂ ਚਾਹੀਦੀਆਂ। ਇਸ ਵਿੱਚ ਸਤਿਗੁਰੂ ਜੀ ਨੂੰ ਕਾਫ਼ੀ ਸਫਲਤਾ ਪ੍ਰਾਪਤ ਹੋਈ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਨਾਲੋਂ ਹੁਣ ਹਾਲਾਤ ਬਹੁਤ ਬਦਲ ਚੁੱਕੇ ਸਨ। ਜਿਥੇ ਉਦੋਂ ਤੱਕ ਤਖ਼ਤ ਕੇਸਗੜ੍ਹ ਸਾਹਿਬ ਦੇ ਪੁਜਾਰੀ ਸਤਿਗੁਰੂ ਰਾਮ ਸਿੰਘ ਜੀ ਦਾ ਵਿਰੋਧ ਕਰਦੇ ਸਨ, ਉਥੇ ਹੁਣ ਸਤਿਗੁਰੂ ਜੀ ਨੂੰ ਸਭ ਵੱਲੋਂ ਸਹਿਯੋਗ ਮਿਲ ਰਿਹਾ ਸੀ। ਨਾਮਧਾਰੀ ਸੇਵਕਾਂ ਦੇ ਉੱਦਮ ਨਾਲ ਇਸ ਵਾਰ ਦਾ ਇਹ ਮੇਲਾ ਬੜਾ ਸ਼ਾਂਤ ਮਾਹੌਲ ਵਿੱਚ ਹੋਇਆ। ਕੇਸਗੜ੍ਹ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਵੀ ਬੜਾ ਸਹਿਯੋਗ ਮਿਲਿਆ। ਇੱਕ ਵਾਰ ਮੁੜ ਸਾਧ ਸੰਗਤ ਵੱਲੋਂ ਉੱਦਮ ਕਰਕੇ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਦਸਤਾਰ ਭੇਟ ਕੀਤੀ ਗਈ, ਜੋ ਆਪ ਜੀ ਨੇ ਪ੍ਰਵਾਨ ਕਰ ਲਈ।

ਸੰਤ ਵਹਿਮੀ ਜੀ ਇਸ ਸੰਬੰਧ ਵਿੱਚ ਇੰਜ ਉਲੇਖ ਕਰਦੇ ਹਨ ਕਿ ਇਹ ਸਤਿਗੁਰੂ

---

[1] ਤਰਨ ਸਿੰਘ ਵਹਿਮੀ, *ਜਸ ਜੀਵਨ*, ਭਾਗ ਪਹਿਲਾ, ਪੰਨਾ 150.

Namdhari Elibrary NamdhariElibrary@gmail.com

ਜੀ ਦੀ ਦਸਤਾਰਬੰਦੀ ਵਾਲੀ ਘਟਨਾ ਉਸੇ ਗੱਲ ਦੀ ਯਾਦ ਤਾਜ਼ਾ ਕਰਵਾਉਂਦੀ ਹੈ, ਜਿਸ ਤਰ੍ਹਾਂ ਸਤਿਗੁਰੂ ਰਾਮ ਸਿੰਘ ਜੀ ਨੂੰ ਗਿੱਲਾਂ ਵਿਖੇ ਬਾਬੇ ਜਮੀਤ ਸਿੰਘ ਨੇ ਦਸਤਾਰ ਭੇਟ ਕੀਤੀ ਸੀ।

1913 ਈ. ਦਾ ਹੋਲਾ, ਜ਼ਿਲ੍ਹਾ ਫਿਰੋਜ਼ਪੁਰ ਦੇ ਖੋਟੇ ਪਿੰਡ ਵਿੱਚ ਮਨਾਇਆ ਗਿਆ। ਇਸ ਪਿੰਡ ਦੀ ਨਾਮਧਾਰੀ ਇਤਿਹਾਸ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਹੀ ਖਾਸ ਇਤਿਹਾਸਕ ਮਹਾਨਤਾ ਹੈ। ਕਿਉਂ ਜੋ ਇਥੋਂ ਹੀ ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਅਨੰਦ-ਵਿਆਹ ਦਾ ਬਾਨ੍ਹਣੂ ਬੰਨ੍ਹਿਆ ਸੀ। ਇਸ ਇਤਿਹਾਸਕ ਸਥਾਨ ਦਾ ਇਹ ਹੋਲੇ ਦਾ ਸਮਾਗਮ ਵੀ ਕਈ ਗੱਲਾਂ ਕਰਕੇ ਨਵੀਆਂ ਲੀਹਾਂ ਪਾ ਗਿਆ।

ਸਤਿਗੁਰੂ ਪਰਤਾਪ ਸਿੰਘ ਜੀ ਅਨੁਭਵ ਕਰਦੇ ਸਨ ਕਿ ਭਾਵੇਂ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਵਾਲੀ ਸਰਕਾਰੀ ਕਰੜਾਈ ਹੁਣ ਕੁਝ ਨਰਮ ਪੈ ਗਈ ਹੈ ਅਤੇ ਨਾਮਧਾਰੀਆਂ ਵਿੱਚ ਵੀ ਪਹਿਲਾਂ ਵਾਲਾ ਧਾਰਮਿਕ ਜੋਸ਼ ਤੇ ਉਤਸ਼ਾਹ ਹੁਣ ਕੁਝ ਮੱਠਾ ਪੈ ਕੇ ਰੀਤੀਗਤ ਜਿਹੀ ਗੱਲ ਬਣ ਗਈ ਹੈ। ਇਸ ਲਈ ਨਾਮਧਾਰੀ ਮਰਯਾਦਾ ਵਿੱਚ ਨਵੀਂ ਰੂਹ ਫੂਕਣ ਦੀ ਲੋੜ ਹੈ, ਤਾਂ ਜੋ ਨਾਮਧਾਰੀਆਂ ਦੀ ਇਸ ਸਮੇਂ ਵੀ ਉੱਚੀ ਤੇ ਨਿਵੇਕਲੀ ਸ਼ਾਨ ਲੋਕਾਂ ਦੀ ਨਜ਼ਰੀਂ ਪਵੇ। ਇਸੇ ਸੰਬੰਧ ਵਿੱਚ ਆਪ ਜੀ ਨੇ ਕੁੱਲ ਨਾਮਧਾਰੀ ਸਾਧ ਸੰਗਤ ਨੂੰ ਨਵੇਂ ਸਿਰਿਓਂ ਜਥੇਬੰਦ ਤੇ ਸੰਗਠਤ ਕਰਨ ਦਾ ਮਾਰਗ ਦਰਸ਼ਨ ਕੀਤਾ ਅਤੇ ਆਪਣੀ ਨਿਆਰੀ ਵਿਸ਼ੇਸ਼ਤਾ ਨੂੰ ਕਾਇਮ ਰੱਖ ਕੇ ਹੋਰ ਉੱਨਤੀ ਕਰਨ ਲਈ ਆਪਣੇ ਵਿਸ਼ੇਸ਼ ਪ੍ਰਵਚਨਾਂ ਦੁਆਰਾ ਉਪਦੇਸ਼ ਕੀਤਾ। ਦੂਜੇ ਸ਼ਬਦਾਂ ਵਿੱਚ ਇਹ ਨਾਮਧਾਰੀ ਸੰਗਤ ਨੂੰ ਨਵੀਂ ਚੇਤਨਤਾ ਨੂੰ ਗ੍ਰਹਿਣ ਕਰਕੇ ਆਗਾਮੀ ਵਰਸ਼ਾਂ ਵਿੱਚ ਆਉਣ ਵਾਲੀਆਂ ਵੰਗਾਰਾਂ ਤੇ ਜ਼ਿੰਮੇਵਾਰੀਆਂ ਦਾ ਟਾਕਰਾ ਕਰਨ ਲਈ ਤਿਆਰ-ਬਰ-ਤਿਆਰ ਕਰਨ ਦਾ ਸੰਦੇਸ਼ ਸੀ।

## ਰਾਜਸੀ ਖੇਤਰ ਵਿੱਚ ਯੋਗਦਾਨ

ਨਾਮਧਾਰੀ ਮੱਤ ਦੇ ਇਸ ਕਾਲ ਵਿੱਚ ਵੀ ਦੋਵੇਂ ਪੱਖਾਂ ਦਾ ਨਾਲੋਂ-ਨਾਲ ਵਾਧਾ ਕਰਨ ਦੀ ਲੋੜ ਸੀ। ਅੰਤਰੀਵ ਪੱਖ ਤਾਂ ਧਾਰਮਿਕ ਮਰਯਾਦਾ ਨੂੰ ਸਥਿਰ ਰੱਖ ਕੇ ਆਚਰਣਕ ਤੌਰ ਤੇ ਨਾਮ ਬਾਣੀ, ਕਥਾ ਕੀਰਤਨ ਤੇ ਧਾਰਮਿਕ ਸਮਾਗਮਾਂ ਦੁਆਰਾ ਚੱਲਦੇ ਰੱਖਣਾ ਸੀ। ਪਰ ਨਾਮਧਾਰੀ ਮੱਤ ਦਾ ਬਾਹਰੀ ਪੱਖ ਜਿਸ ਦਾ ਵਿਸ਼ੇਸ਼ ਗੌਰਵ ਹੈ, ਉਹ ਸੀ ਭਾਰਤ ਦੇ ਸੁਤੰਤਰਤਾ ਸੰਗਰਾਮ ਨੂੰ ਅੱਗੇ ਲਿਜਾਣ ਦਾ ਕਾਰਜ, ਜਿਸ ਉਦੇਸ਼ ਲਈ, ਸਤਿਗੁਰੂ ਰਾਮ ਸਿੰਘ ਜੀ ਨੇ ਸੰਤ ਖਾਲਸਾ ਨੂੰ ਹੋਂਦ ਵਿੱਚ ਲਿਆਂਦਾ ਸੀ। ਜਿਉਂ-ਜਿਉਂ ਭਾਰਤ ਅਤੇ ਪੰਜਾਬ ਵਿੱਚ ਰਾਜਨੀਤਿਕ ਵਾਤਾਵਰਣ ਵਿੱਚ ਜ਼ਬਰਦਸਤ ਪਰਿਵਰਤਨ ਹੋ ਰਹੇ ਸਨ, ਤਿਵੇਂ-ਤਿਵੇਂ ਹੀ ਨਾਮਧਾਰੀ ਮੱਤ ਦੇ ਰਾਜਨੀਤਿਕ ਉਦੇਸ਼ਾਂ ਨੂੰ ਵਿਆਪਕ ਰਾਸ਼ਟਰੀ ਚੇਤਨਤਾ ਨਾਲ ਜੋੜ ਕੇ ਅੱਗੇ ਤੋਰਨਾ ਵੀ ਜ਼ਰੂਰੀ ਸੀ। ਸਰਵ ਹਿੰਦ ਕਾਂਗਰਸ ਦੇ ਨਾਲ-ਨਾਲ ਗਦਰ ਪਾਰਟੀ ਅੰਦੋਲਨ ਵੀ ਸਰਗਰਮ ਹੋ ਰਿਹਾ ਸੀ ਅਤੇ ਬਹੁਤ ਸਾਰੇ ਖੇਤਰਾਂ ਵਿੱਚ ਇਨਕਲਾਬੀ ਕਾਰਵਾਈਆਂ ਵੀ ਅੱਗੇ ਵੱਧ ਰਹੀਆਂ ਸਨ। ਵਿਦੇਸ਼ੀ

Namdhari Elibrary NamdhariElibrary@gmail.com

ਸਰਕਾਰ ਵੀ ਨਵੇਂ-ਨਵੇਂ ਪੈਂਤੜੇ ਬਦਲ ਰਹੀ ਸੀ। ਆਪਣੀ ਸਾਮਰਾਜੀ ਆਰਥਿਕ ਲੁੱਟ-ਖਸੁੱਟ ਨੂੰ ਜਾਰੀ ਰੱਖ ਰਹੀ ਸੀ ਅਤੇ ਜਿਥੇ ਹੋਰ ਨਵੀਆਂ ਉਪਜੀਆਂ ਪਰਿਸਥਿਤੀਆਂ ਉੱਤੇ ਧਿਆਨ ਕੇਂਦਰਿਤ ਕਰ ਰਹੀ ਸੀ, ਉਥੇ ਪਹਿਲੇ ਸੰਸਾਰ ਯੁੱਧ ਨੇ ਵਿਦੇਸ਼ੀ ਹਕੂਮਤ ਤੇ ਭਾਰਤੀ ਲੋਕ ਸੰਗਰਾਮ ਨੂੰ ਆਮੋ ਸਾਹਮਣੇ ਇੱਕ ਦੂਜੇ ਦਾ ਟਾਕਰਾ ਕਰਨ ਲਈ ਰਣ ਖੇਤਰ ਤਿਆਰ ਕਰ ਦਿੱਤਾ ਸੀ।

1907 ਈ. ਦੀ 'ਪਗੜੀ ਸੰਭਾਲ ਜੱਟਾ' ਵਾਲੀ ਕਿਸਾਨ ਲਹਿਰ ਦਾ ਪ੍ਰਭਾਵ ਹੁਣ ਤੱਕ ਵੀ ਕਾਇਮ ਸੀ। ਉਸ ਤੋਂ ਪਿਛੋਂ ਵੀ ਰਾਜਸੀ ਲਹਿਰਾਂ ਮੱਠੀਆਂ ਨਹੀਂ ਸਨ ਪਈਆਂ। ਸਗੋਂ ਗੁਪਤ ਪ੍ਰਗਟ ਰੂਪ ਵਿੱਚ ਨਿਰੰਤਰ ਅੱਗੇ ਵੱਧ ਰਹੀਆਂ ਸਨ। ਭਾਵੇਂ ਸਰਦਾਰ ਅਜੀਤ ਸਿੰਘ, ਸੂਫੀ ਅੰਬਾ ਪ੍ਰਸਾਦ ਅਤੇ ਜ਼ਿਆ-ਉਲ ਹਕ ਵਰਗੇ ਕੌਮੀ ਨੇਤਾ ਦੇਸ਼ੋਂ ਬਾਹਰ ਚੱਲੇ ਗਏ ਸਨ, ਪਰ ਲਾਲਾ ਲਾਜਪਤ ਰਾਏ ਤੇ ਉਨ੍ਹਾਂ ਦੇ ਹੋਰ ਸਾਥੀ ਭਾਰਤ ਵਿੱਚ ਵੀ ਆਰਾਮ ਨਾਲ ਨਹੀਂ ਸਨ ਬੈਠੇ।

ਇਥੇ ਇੱਕ ਹੋਰ ਗੱਲ ਵੱਲ ਵੀ ਧਿਆਨ ਦਿਵਾਉਣਾ ਜ਼ਰੂਰੀ ਹੈ। 1908-09 ਈ. ਵਿੱਚ ਹੀ ਲਾਲਾ ਹਰਦਿਆਲ ਆਪਣੀ ਪੜ੍ਹਾਈ ਵਿੱਚ ਹੀ ਛੱਡ ਕੇ ਇੰਗਲੈਂਡ ਤੋਂ ਭਾਰਤ ਵਾਪਿਸ ਆ ਗਿਆ ਸੀ ਅਤੇ ਉਸਨੇ ਕਈ ਥਾਵਾਂ ਤੇ ਗੁਪਤ ਇਨਕਲਾਬੀ ਸੰਗਠਨ ਕਾਇਮ ਕਰ ਦਿੱਤੇ ਸਨ। 1912 ਈ. ਵਿੱਚ ਅੰਗਰੇਜ਼ ਸਰਕਾਰ ਨੇ ਆਪਣੀ ਰਾਜਧਾਨੀ ਕਲਕੱਤੇ ਤੋਂ ਦਿੱਲੀ ਲੈ ਆਂਦੀ। ਦਸੰਬਰ 1912 ਈ. ਵਿੱਚ ਭਾਰਤ ਦੇ ਗਵਰਨਰ ਜਨਰਲ ਤੇ ਵਾਇਸਰਾਏ ਲਾਰਡ ਹਾਰਡਿੰਗ ਉੱਤੇ ਉਸ ਸਮੇਂ ਬੰਬ ਸੁੱਟਿਆ ਗਿਆ, ਜਦੋਂ ਉਹ ਸ਼ਾਹੀ ਜਲੂਸ ਵਿੱਚ ਹਾਥੀ ਤੇ ਚੜ੍ਹ ਕੇ ਜਾ ਰਿਹਾ ਸੀ। ਉਹ ਤਾਂ ਇਸ ਹਾਦਸੇ ਤੋਂ ਬਚ ਗਿਆ, ਪਰ ਵਿਦੇਸ਼ੀ ਸਰਕਾਰ ਲਈ ਇਹ ਵੱਡੀ ਖਤਰੇ ਦੀ ਘੰਟੀ ਸੀ। ਇਸ ਬੰਬ ਨੂੰ ਸੁੱਟਣ ਪਿਛੇ ਕਿਸ ਵਿਅਕਤੀ ਦਾ ਹੱਥ ਸੀ ਅਤੇ ਉਸ ਦੀ ਸਮੱਗਰੀ ਕਿਥੋਂ ਆਈ ਸੀ, ਅੱਜ ਇਹ ਰਹੱਸ ਭਲੀ ਪ੍ਰਕਾਰ ਪ੍ਰਗਟ ਹੈ। ਇਸ ਘਟਨਾ ਪਿਛੋਂ ਦਿੱਲੀ ਵਿੱਚ ਵੀ ਫੜਤ-ਫੜਤ ਸ਼ੁਰੂ ਹੋ ਗਈ ਅਤੇ ਪ੍ਰਸਿੱਧ ਦੇਸ਼ ਭਗਤ ਅਤੇ ਹਰਮਨ-ਪਿਆਰੇ ਕੌਮੀ ਨੇਤਾ ਮਾਸਟਰ ਅਮੀਰ ਚੰਦ ਤੇ ਉਸ ਦੇ ਸਾਥੀਆਂ ਨੂੰ ਮੌਤ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ। ਲਾਰਡ ਹਾਰਡਿੰਗ ਉੱਤੇ ਸੁਟੇ ਗਏ ਬੰਬ ਦੀ ਸਮੱਗਰੀ ਡੇਹਰਾਦੂਨ ਦੀ ਫੋਰੈਸਟ ਰਿਸਰਚ ਇੰਸਟੀਚਿਊਟ ਦੀ ਕੈਮੀਕਲ ਲੈਬਾਰਟਰੀ ਵਿੱਚੋਂ ਆਈ ਸੀ ਤੇ ਉਹ ਵਿਅਕਤੀ ਰਾਸ ਬਿਹਾਰੀ ਬੋਸ ਸੀ, ਜਿਸ ਨੇ ਇਹ ਸਾਰੀ ਗੋਂਦ ਗੁੰਦੀ ਸੀ। ਇਹ ਗੱਲ ਹੁਣ ਤੱਕ ਰਹੱਸ ਹੀ ਬਣੀ ਹੋਈ ਹੈ। ਇਸ ਘਟਨਾ ਪਿੱਛੇ ਪੰਜਾਬ ਦੇ ਮਹਾਨ ਸਾਹਿਤਕਾਰ ਤੇ ਵਿਗਿਆਨੀ ਪ੍ਰੋ. ਪੂਰਨ ਸਿੰਘ ਨੂੰ ਇਸ ਦੀ ਜਾਣਕਾਰੀ ਸੀ ਜਾਂ ਨਹੀਂ, ਪਰ ਪੰਜਾਬ ਵਿੱਚ ਗਦਰ ਲਹਿਰ ਦੇ ਅਸਫਲ ਰਹਿਣ ਪਿਛੋਂ ਪ੍ਰਸਿੱਧ ਇਨਕਲਾਬੀ ਗ਼ਦਰੀ ਰਾਸ ਬਿਹਾਰੀ ਬੋਸ ਗੁਪਤ ਢੰਗ ਨਾਲ ਪ੍ਰੋ. ਪੂਰਨ ਸਿੰਘ ਦੇ ਯਤਨਾਂ ਸਦਕਾ ਹੀ ਰਾਹਦਾਰੀ ਪ੍ਰਾਪਤ ਕਰਕੇ ਜਾਪਾਨ ਪੁੱਜਾ ਸੀ। ਲਾਲਾ ਹਰਦਿਆਲ ਵੀ ਪ੍ਰੋ. ਪੂਰਨ ਸਿੰਘ ਤੇ ਉਸ ਦੇ ਮਿੱਤਰ ਖੁਦਾ ਦਾਤ ਖਾਨ ਦੇ ਯਤਨਾਂ ਸਦਕਾ ਹੀ ਦੇਸ਼ ਤੋਂ ਬਾਹਰ ਪਹੁੰਚ ਗਿਆ ਸੀ ਤੇ ਉਸੇ ਦਾ ਹੀ ਗ਼ਦਰ ਪਾਰਟੀ ਨੂੰ ਜਥੇਬੰਦ ਕਰਨ ਵਿੱਚ ਵਧੇਰੇ ਹੱਥ ਸੀ। ਇਥੇ ਇਹ ਸੰਕੇਤ ਕਰ ਦੇਣਾ ਵੀ ਜ਼ਰੂਰੀ

Namdhari Elibrary NamdhariElibrary@gmail.com

ਪ੍ਰਤੀਤ ਹੁੰਦਾ ਹੈ ਕਿ ਪੰਜਾਬ ਵਿੱਚ ਅਹਿੰਸਾਵਾਦੀ ਤੇ ਹਿੰਸਾ ਵਿੱਚ ਵਿਸ਼ਵਾਸ ਰੱਖਣ ਵਾਲੀਆਂ ਰਾਜਨੀਤਿਕ ਕਾਰਵਾਈਆਂ ਨਾਲੋ-ਨਾਲ ਚੱਲ ਰਹੀਆਂ ਸਨ ਅਤੇ ਨਾਮਧਾਰੀਆਂ ਨੇ ਵੀ ਇਨ੍ਹਾਂ ਦੋਹਾਂ ਤਰ੍ਹਾਂ ਦੀਆਂ ਚੱਲ ਰਹੀਆਂ ਆਜ਼ਾਦੀ ਦੀਆਂ ਲਹਿਰਾਂ ਵਿੱਚੋਂ ਆਪਣਾ ਮਾਰਗ ਨਿਰਧਾਰਿਤ ਕਰਨਾ ਸੀ।

## ਵਾਇਸਰਾਇ ਭਵਨ ਦਾ ਨਿਰਮਾਣ ਤੇ ਗੁਰਦੁਆਰਾ ਰਕਾਬਗੰਜ ਦੀ ਬਾਹਰਲੀ ਕੰਧ ਦਾ ਢਾਹੁਣਾ

ਇਸ ਸਮੇਂ ਹੀ ਦਿੱਲੀ ਵਿੱਚ ਵਾਇਸਰਾਏ ਭਵਨ (ਜਿਸ ਨੂੰ ਅੱਜਕਲ੍ਹ ਰਾਸ਼ਟਰਪਤੀ ਭਵਨ ਕਰਕੇ ਜਾਣਿਆ ਜਾਂਦਾ ਹੈ) ਦਾ ਨਿਰਮਾਣ ਕੀਤਾ ਜਾ ਰਿਹਾ ਸੀ। ਇਸ ਨਵੇਂ ਉਸਾਰੇ ਜਾ ਰਹੇ ਵਾਇਸਰਾਏ ਭਵਨ ਦੇ ਰਾਹ ਨੂੰ ਜਾਂਦੀ ਸੜਕ ਨੂੰ ਸਿੱਧਾ ਕਰਨ ਲਈ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਯਾਦਗਾਰ ਸਥਾਨ ਗੁਰਦੁਆਰਾ ਰਕਾਬਗੰਜ ਦੀ ਬਾਹਰਲੀ ਦੀਵਾਰ ਨੂੰ ਗਿਰਾ ਦਿੱਤਾ ਗਿਆ, ਜਿਸ ਨਾਲ ਸਿੱਖਾਂ ਵਿੱਚ ਬੜਾ ਰੋਸ ਪੈਦਾ ਹੋ ਗਿਆ। ਲਾਹੌਰ ਅਤੇ ਹੋਰ ਥਾਵਾਂ ਉੱਤੇ ਵਿਸ਼ੇਸ਼ ਇਕੱਤਰਤਾਵਾਂ ਬੁਲਾਈਆਂ ਗਈਆਂ। ਸਤਿਗੁਰੂ ਪਰਤਾਪ ਸਿੰਘ ਜੀ ਨੇ ਇਸ ਸੰਬੰਧ ਵਿੱਚ ਬੜੇ ਤਿੱਖੇ ਪ੍ਰਤੀਕਰਮ ਪ੍ਰਗਟਾਏ, ਜਿਸ ਦੀ ਪੁਸ਼ਟੀ ਮਾਸਟਰ ਤਾਰਾ ਸਿੰਘ ਜੀ ਵਰਗੇ ਸਿੱਖ ਨੇਤਾ ਇਸ ਤਰ੍ਹਾਂ ਕਰਦੇ ਹਨ :

[1]"1914 ਵਿੱਚ ਬਾਬਾ ਪਰਤਾਪ ਸਿੰਘ ਜੀ ਨਾਲ ਮੇਰੀ ਪਹਿਲੀ ਵਾਕਫੀ ਹੋਈ, ਜਦੋਂ ਗੁਰਦੁਆਰਾ ਰਕਾਬਗੰਜ ਦੀ ਕੰਧ ਢੱਠੀ ਅਤੇ ਅਕਾਲੀ ਲਹਿਰ ਦਾ ਮੁੱਢ ਬੱਝਾ, ਅਸੀਂ ਮੈਂ ਅਤੇ ਤੇਜਾ ਸਿੰਘ ਸਮੁੰਦਰੀ ਬਾਬਾ ਜੀ ਦੀ ਸੇਵਾ ਵਿੱਚ ਹਾਜ਼ਰ ਹੋਏ। ਉਨ੍ਹਾਂ ਨਾਲ ਸਾਰੀ ਗੱਲਬਾਤ ਕੀਤੀ। ਉਨ੍ਹਾਂ ਨੇ ਉਸ ਸਮੇਂ ਲਾਹੌਰ ਵਿੱਚ ਸਾਰੀਆਂ ਸੰਗਤਾਂ ਦਾ ਇੱਕ ਅਜਿਹਾ ਇਕੱਠ ਕੀਤਾ, ਜਿਸ ਦੀ ਬੜੀ ਲੋੜ ਸੀ ਅਤੇ ਜਿਹੜਾ ਲਾ-ਮਿਸਾਲ ਸੀ।"

ਇਸ ਸਮੇਂ ਜਿਹੜੀਆਂ ਰੋਸ ਇਕੱਤਰਤਾਵਾਂ ਹੋਈਆਂ, ਉਨ੍ਹਾਂ ਵਿੱਚ ਮੰਗਲ ਸਿੰਘ ਅਰਸ਼ੀ ਫਰਿਸ਼ਤਾ, ਮਾ. ਸੁੰਦਰ ਸਿੰਘ, ਭਾਈ ਰਣਧੀਰ ਸਿੰਘ, ਸਰਦੂਲ ਸਿੰਘ ਕਵੀਸ਼ਰ, ਸੰਤ ਹਰਚੰਦ ਸਿੰਘ ਤੇ ਹੋਰ ਦੇਸ਼ ਤੇ ਵਿਦੇਸ਼ਾਂ ਦੇ ਸਿੱਖਾਂ ਵੱਲੋਂ ਬਹੁਤ ਸਾਰੇ ਰੋਸ ਪੱਤਰ ਸਰਕਾਰ ਨੂੰ ਭੇਜੇ ਗਏ। ਪਹਿਲੇ ਮਹਾਂਯੁੱਧ (1914-1918) ਦੇ ਸ਼ੁਰੂ ਹੋ ਜਾਣ ਕਾਰਨ ਇਸ ਰੋਸ ਦੀ ਲਹਿਰ ਨੂੰ ਮੁਲਤਵੀ ਕਰਨਾ ਪਿਆ। ਪਰ ਪਹਿਲੇ ਮਹਾਂਯੁੱਧ ਦੀ ਸਮਾਪਤੀ ਪਿਛੋਂ ਇਹ ਰੋਸ ਦੀ ਲਹਿਰ ਮੁੜ ਉੱਤਰੀ ਤੇ ਸਰਦਾਰ ਸਰਦੂਲ ਸਿੰਘ ਕਵੀਸ਼ਰ ਵੱਲੋਂ ਕੰਧ ਦੇ ਨਿਰਮਾਣ ਲਈ ਸ਼ਹੀਦੀ ਜਥੇ ਦੀ ਤਿਆਰੀ ਦੀਆਂ ਖ਼ਬਰਾਂ ਅਖ਼ਬਾਰਾਂ ਵਿੱਚ ਛਪੀਆਂ। 100 ਦੀ ਥਾਂ 700 ਸਿੰਘਾਂ ਨੇ ਜਥੇ ਵਿੱਚ ਸ਼ਾਮਲ ਹੋਣ ਦੀ ਹਾਮੀ ਭਰੀ। ਮਹਾਰਾਜਾ ਨਾਭਾ ਰਿਪੁਦਮਨ ਸਿੰਘ ਨੇ ਆਪਣੇ ਖ਼ਰਚੇ ਤੇ ਇਸ ਕੰਧ ਦੀ ਮੁੜ ਉਸਾਰੀ ਕਰਵਾ ਦਿੱਤੀ। ਗੁਰਦੁਆਰਾ ਰਕਾਬਗੰਜ ਦੀ ਇਸ ਲਹਿਰ ਨੇ ਅਗਾਮੀ ਗੁਰਦੁਆਰਾ ਸੁਧਾਰ ਲਹਿਰ ਦਾ

[1] ਤਰਨ ਸਿੰਘ ਵਹਿਮੀ, *ਜਸ ਜੀਵਨ*, ਭਾਗ ਪਹਿਲਾ, ਪੰਨਾ 38.

Namdhari Elibrary NamdhariElibrary@gmail.com

ਮੂੰਹ ਬੰਨ੍ਹ ਦਿੱਤਾ ਸੀ। ਇਸ ਸੰਬੰਧ ਵਿੱਚ ਇਹ ਗੱਲ ਵਰਣਨਯੋਗ ਹੈ ਕਿ 'ਸੰਤ ਮੰਗਲ ਸਿੰਘ ਜੀ ਦੀਆਂ ਸਰਗਰਮੀਆਂ ਰੋਕਣ ਲਈ ਉਨ੍ਹਾਂ ਨੂੰ ਉਨ੍ਹਾਂ ਦੇ ਪਿੰਡ ਵਤੂਹੀ ਚੱਕ ਨਜ਼ਰਬੰਦ ਕਰ ਦਿੱਤਾ ਗਿਆ। ਸੰਤ ਮੰਗਲ ਸਿੰਘ ਨੇ ਆਪਣੀ ਹਦੂਦ ਬੰਦੀ ਚੂਹੜਕਾਨਾ (ਸ਼ੇਖੂਪੁਰੇ) ਵਿੱਚ ਕੱਟੀ। ਇਸ ਤੋਂ ਪਹਿਲਾਂ ਭਾਈ ਰਣਧੀਰ ਸਿੰਘ ਤੇ ਸੰਤ ਮੰਗਲ ਸਿੰਘ ਨੂੰ ਕੁਝ ਚਿਰ ਲਈ ਕੈਦ ਵੀ ਕਰ ਦਿੱਤਾ ਗਿਆ ਸੀ।

## ਨਾਮਧਾਰੀ ਮੱਤ ਦਾ ਵਿਸ਼ੇਸ਼ ਯੋਗਦਾਨ

ਵੀਹਵੀਂ ਸਦੀ ਦੇ ਇਸ ਦੂਜੇ ਦਹਾਕੇ ਦੇ ਸਮੇਂ ਨਾਮਧਾਰੀ ਮੱਤ ਨੇ ਸਤਿਗੁਰੂ ਪਰਤਾਪ ਸਿੰਘ ਜੀ ਦੀ ਅਗਵਾਈ ਵਿੱਚ ਕੁਝ ਅਜਿਹੇ ਕਾਰਜ ਕੀਤੇ ਜੋ ਰਾਜਨੀਤਿਕ ਖੇਤਰ ਵਿੱਚ ਵੀ ਖਾਸ ਮਹੱਤਤਾ ਰੱਖਦੇ ਹਨ। ਜਿਸ ਕਾਰਨ ਨਾਮਧਾਰੀ ਮੱਤ ਦੇ ਭਾਰਤ ਦੇ ਸੁਤੰਤਰਤਾ ਸੰਗਰਾਮ ਵਿੱਚ ਪਾਏ ਯੋਗਦਾਨ ਨੂੰ ਕਦੀ ਵੀ ਨਹੀਂ ਭੁਲਾਇਆ ਜਾ ਸਕਦਾ। ਸਿੱਖਾਂ ਦੇ ਇਸ ਕੁਝ ਲੱਖਾਂ ਦੀ ਗਿਣਤੀ ਦੇ ਛੋਟੇ ਜਿਹੇ ਫਿਰਕੇ ਨੇ ਕਦੀ ਵੀ ਆਪਣੇ ਸੁਤੰਤਰਤਾ ਸੰਗਰਾਮ ਦੇ ਨਿਰੰਤਰ ਵਾਧੇ ਲਈ ਆਪਣੇ ਯਤਨ ਮੱਠੇ ਨਹੀਂ ਸਨ ਪੈਣ ਦਿੱਤੇ, ਸਗੋਂ ਸੱਚ ਤਾਂ ਇਹ ਹੈ ਕਿ ਰਾਸ਼ਟਰੀ ਚੇਤਨਤਾ ਦੇ ਵਿਕਾਸ ਵਿੱਚ ਆਪਣੀ ਸਾਰਥਕ ਭੂਮਿਕਾ ਨੂੰ ਸਦਾ ਆਪਣਾ ਸੱਚਾ ਸੁੱਚਾ ਕਰਤੱਵ ਸਮਝ ਕੇ ਨਿਭਾਇਆ ਹੈ।

ਵਿਦੇਸ਼ੀ ਸਰਕਾਰ ਨਾਲ ਪੂਰਨ ਨਾ-ਮਿਲਵਰਤਨ ਅਤੇ ਵਿਦੇਸ਼ੀ ਵਸਤਾਂ ਦੀ ਤੁਲਨਾ ਵਿੱਚ ਸੁਦੇਸ਼ੀ ਚੀਜ਼ਾਂ ਦੀ ਵਰਤੋਂ ਸਾਰੇ ਨਾਮਧਾਰੀਆਂ ਲਈ ਇੱਕ ਤਰ੍ਹਾਂ ਦਾ ਇਸ਼ਟ ਹੀ ਬਣਿਆ ਰਿਹਾ ਹੈ। ਸਿੱਧਾ ਸਾਦਾ ਨਿੱਜੀ ਤੇ ਪਰਿਵਾਰਕ ਜੀਵਨ ਅਤੇ ਆਚਰਣ ਦੇ ਪੱਖ ਤੋਂ ਉੱਚੀਆਂ ਸਦਾਚਾਰਕ ਮਨੁੱਖੀ ਕਦਰਾਂ ਕੀਮਤਾਂ ਨੂੰ ਨਾਮਧਾਰੀਆਂ ਨੇ ਸਦਾ ਅਪਣਾਈ ਰੱਖਿਆ ਹੈ। 1910 ਈ. ਤੋਂ 1919 ਈ. ਦੇ ਸਮੇਂ ਤੱਕ ਨਾਮਧਾਰੀਆਂ ਦੇ ਰਾਜਨੀਤਿਕ ਤੇ ਸਮਾਜਿਕ ਜੀਵਨ ਨੂੰ ਕਈ ਪੱਖਾਂ ਤੋਂ ਵਿਚਾਰਣ ਦੀ ਲੋੜ ਹੈ। ਇਹ ਵਿਸ਼ੇਸ਼ ਪੱਖ ਹਨ : (ੳ) ਪਹਿਲਾ ਸੰਸਾਰ ਯੁੱਧ ਅਤੇ ਨਾਮਧਾਰੀਆਂ ਦਾ ਦ੍ਰਿਸ਼ਟੀਕੋਣ, (ਅ) ਸੁਤੰਤਰਤਾ ਦੀਆਂ ਕੌਮੀ ਲਹਿਰਾਂ ਵਿੱਚ ਯੋਗਦਾਨ ਅਤੇ (ੲ) ਸਿੱਖ ਧਾਰਮਿਕ ਸੁਧਾਰਕ ਲਹਿਰਾਂ ਦੇ ਸੰਦਰਭ ਵਿੱਚ ਨਾਮਧਾਰੀਆਂ ਦਾ ਸਥਾਨ।

### (ੳ) ਪਹਿਲਾ ਸੰਸਾਰ ਯੁੱਧ ਅਤੇ ਨਾਮਧਾਰੀਆਂ ਦਾ ਦ੍ਰਿਸ਼ਟੀਕੋਣ

ਪਹਿਲਾ ਸੰਸਾਰ ਯੁੱਧ 28 ਜੁਲਾਈ, 1914 ਈ. ਨੂੰ ਸ਼ੁਰੂ ਹੋਇਆ, ਜਿਸ ਵਿੱਚ ਯੂਰਪ ਦੇ ਬਹੁਤ ਸਾਰੇ ਦੇਸ਼ ਸ਼ਾਮਿਲ ਸਨ। ਇੱਕ ਧਿਰ ਇੰਗਲੈਂਡ, ਰੂਸ, ਫਰਾਂਸ, ਸਰਬੀਆ, ਜਾਪਾਨ, ਇਟਲੀ ਤੇ ਅਮਰੀਕਾ ਦੀ ਸੀ। ਦੂਜੀ ਧਿਰ ਵਿੱਚ ਜਰਮਨੀ, ਆਸਟਰੀਆ, ਤੁਰਕੀ ਅਤੇ ਬੁਲਗਾਰੀਆ ਸ਼ਾਮਲ ਸਨ। ਮੂਲ ਰੂਪ ਵਿੱਚ ਇਹ ਸਾਮਰਾਜਵਾਦੀ ਸ਼ਕਤੀਆਂ ਵਿਚਕਾਰ ਵਧੇਰੇ ਆਰਥਿਕ ਮੰਡੀਆਂ ਉੱਤੇ ਕਬਜ਼ਾ ਕਰਨ ਦੀ ਲਾਲਸਾ ਉੱਤੇ ਆਧਾਰਿਤ ਪੂੰਜੀਵਾਦੀ ਜੰਗ ਸੀ। ਹਰ ਸਾਮਰਾਜਵਾਦੀ ਦੇਸ਼ ਵਧੇਰੇ ਮੰਡੀਆਂ ਉੱਤੇ ਕਬਜ਼ਾ ਕਰਕੇ ਆਪਣੇ ਆਰਥਿਕ ਹਿੱਤਾਂ ਵਿੱਚ ਵਾਧਾ ਕਰਨਾ ਚਾਹੁੰਦਾ ਸੀ। ਜੇਕਰ ਉਪਰੋਕਤ ਦ੍ਰਿਸ਼ਟੀ ਤੋਂ ਵੇਖਿਆ ਜਾਵੇ ਤਾਂ ਇਸ ਜੰਗ ਵਿੱਚ ਏਸ਼ੀਆ ਦੇ ਦੇਸ਼ਾਂ

ਦੀ ਕੋਈ ਵਧੇਰੇ ਭੂਮਿਕਾ ਨਹੀਂ ਸੀ। ਪਰ ਕਿਉਂ ਜੋ, ਏਸ਼ੀਆ ਦੇ ਬਹੁਤ ਸਾਰੇ ਦੇਸ਼ ਪੱਛਮੀ ਸਾਮਰਾਜਵਾਦੀ ਦੇਸ਼ਾਂ ਦੇ ਗੁਲਾਮ ਸਨ, ਇਸ ਲਈ ਏਸ਼ੀਆਈ ਦੇਸ਼ਾਂ ਦੀ ਜਨਤਾ ਤੇ ਸਾਧਨਾਂ ਨੂੰ ਪਿੰਗੋਜ਼ੇਰੀ ਯੁੱਧ ਦੀ ਭੱਠੀ ਵਿੱਚ ਝੋਕ ਦਿੱਤਾ ਗਿਆ ਸੀ। ਹਿੰਦੁਸਤਾਨ, ਕਿਉਂ ਜੋ ਉਸ ਸਮੇਂ ਅੰਗਰੇਜ਼ਾਂ ਦੇ ਅਧੀਨ ਸੀ, ਇਸ ਲਈ ਇਥੋਂ ਦੀ ਜਨਤਾ ਅਤੇ ਸੈਨਿਕ ਸਾਧਨਾਂ ਨੂੰ ਸਾਮਰਾਜਵਾਦੀ ਸਰਕਾਰ ਨੇ ਆਪਣੇ ਹਿੱਤਾਂ ਲਈ ਵਰਤਿਆ ਅਤੇ ਲੱਖਾਂ ਦੀ ਗਿਣਤੀ ਵਿੱਚ ਲੋਕਾਂ ਨੂੰ ਇਸ ਵਿਸ਼ਵ ਯੁੱਧ ਵਿੱਚ ਸਰਕਾਰੀ ਤਾਕਤ ਦੇ ਬਲਬੂਤੇ ਯੁੱਧ ਵਿੱਚ ਸ਼ਾਮਲ ਕਰ ਦਿੱਤਾ ਗਿਆ। ਅੰਗਰੇਜ਼, ਕਿਉਂ ਜੋ ਉਸ ਸਮੇਂ ਇੱਕ ਵੱਡੀ ਸਾਮਰਾਜਵਾਦੀ ਸ਼ਕਤੀ ਸਨ, ਜਿਨ੍ਹਾਂ ਬਾਰੇ ਕਦੀ ਇਹ ਅਖਾਣ ਪ੍ਰਸਿੱਧ ਸੀ ਕਿ 'ਅੰਗਰੇਜ਼ਾਂ ਦੇ ਰਾਜ ਵਿੱਚ ਕਦੇ ਸੂਰਜ ਨਹੀਂ ਡੁਬਦਾ' ਇਸ ਲਈ ਭਾਰਤ ਦੀ ਅੰਗਰੇਜ਼ੀ ਸਰਕਾਰ ਸੈਨਿਕ ਸਾਧਨਾਂ ਨੂੰ ਇਕੱਤਰ ਕਰਨ ਅਤੇ ਵੱਡੀ ਗਿਣਤੀ ਵਿੱਚ ਸੈਨਿਕ ਭਰਤੀ ਕਰਕੇ ਜੰਗ ਜਿੱਤਣ ਦੇ ਸਿਰਤੋੜ ਯਤਨ ਕਰ ਰਹੀ ਸੀ।

## ਪੰਜਾਬ ਵਿੱਚ ਫੌਜੀ ਭਰਤੀ

ਪਹਿਲੇ ਮਹਾਂਯੁੱਧ ਦੇ ਸਮੇਂ ਅੰਗਰੇਜ਼ ਸਰਕਾਰ ਨੇ ਫੌਜੀ ਭਰਤੀ ਦੀ ਮੁਹਿੰਮ ਨੂੰ ਬੜੀ ਤੇਜ਼ੀ ਨਾਲ ਚਲਾਇਆ। ਦੇਸੀ ਰਿਆਸਤਾਂ ਦੇ ਮੁਖੀਆਂ ਨੇ ਆਪਣੀਆਂ-ਆਪਣੀਆਂ ਰਿਆਸਤਾਂ ਵਿੱਚ ਵੱਧ ਤੋਂ ਵੱਧ ਫੌਜੀ ਭਰਤੀ ਤੇ ਜੰਗੀ ਚੰਦੇ ਸਰਕਾਰ ਨੂੰ ਦਿੱਤੇ। ਆਪਣੀਆਂ ਨਿੱਜੀ ਸੇਵਾਵਾਂ ਵੀ ਪੇਸ਼ ਕੀਤੀਆਂ। ਪੰਜਾਬ ਦਾ ਅੰਗਰੇਜ਼ੀ ਇਲਾਕਾ ਵੀ ਫੌਜੀ ਭਰਤੀ ਲਈ ਵੱਧ ਤੋਂ ਵੱਧ ਸਰਕਾਰ ਦੀ ਸਹਾਇਤਾ ਕਰ ਰਿਹਾ ਸੀ। ਵਿਸ਼ੇਸ਼ ਕਰਕੇ ਸਰਕਾਰ ਵੱਲੋਂ ਬਣਾਏ ਗਏ ਜ਼ੈਲਦਾਰ, ਸਫੈਦ-ਪੋਸ਼ ਨੰਬਰਦਾਰ, ਫੌਜੀ ਭਰਤੀ ਕਰਵਾਉਣ ਵਿੱਚ ਮੁਰਬਿਆਂ ਤੇ ਸਰਕਾਰੀ ਖਿਤਾਬਾਂ ਦੀ ਝਾਕ ਵਿੱਚ ਇੱਕ ਦੂਜੇ ਨਾਲੋਂ ਵੱਧ ਚੜ੍ਹ ਕੇ ਸਹਾਇਤਾ ਕਰ ਰਹੇ ਸਨ। ਉਂਝ ਵੀ ਅੰਗਰੇਜ਼ ਇਹ ਗੱਲ ਜਾਣਦੇ ਸਨ ਕਿ ਪੰਜਾਬ ਦੇ ਨੌਜਵਾਨ ਬੜੇ ਬਹਾਦਰ ਤੇ ਲੜਾਕੇ ਹਨ। ਕੁਝ ਨੇ ਬੇਰੁਜ਼ਗਾਰੀ ਦੀ ਹਾਲਤ ਵਿੱਚ ਫੌਜ ਵਿੱਚ ਭਰਤੀ ਹੋਣ ਨੂੰ ਚੰਗਾ ਸਮਝਿਆ ਅਤੇ ਕੁਝ ਇੱਕ ਨੌਜਵਾਨਾਂ ਨੂੰ 107 ਤੇ 110 ਅਧੀਨ ਇਹ ਡਰਾਵਾ ਦਿੱਤਾ ਗਿਆ ਕਿ ਜਾਂ ਫੌਜ ਵਿੱਚ ਭਰਤੀ ਹੋਵੇ ਜਾਂ ਜੇਲ੍ਹ ਜਾਵੇ। ਸਿੱਟੇ ਵਜੋਂ ਪੰਜਾਬ ਵਿੱਚ ਫੌਜੀ ਭਰਤੀ ਦੀ ਨਫਰੀ ਇੱਕ ਲੱਖ ਦੇ ਨੇੜੇ ਤੇੜੇ ਪੁੱਜ ਗਈ।

ਸਰਦਾਰ ਖੁਸ਼ਵੰਤ ਸਿੰਘ ਅਨੁਸਾਰ 1857 ਦੇ ਗਦਰ ਤੋਂ ਹੀ ਅੰਗਰੇਜ਼ੀ ਫੌਜ ਵਿੱਚ ਸਿੱਖਾਂ ਦੀ ਬਹੁਤ ਵੱਡੀ ਗਿਣਤੀ ਭਰਤੀ ਹੋ ਗਈ ਸੀ। ਜਦੋਂ ਪਹਿਲੀ ਵਿਸ਼ਵ ਜੰਗ ਸ਼ੁਰੂ ਹੋਈ ਤਾਂ ਸਿੱਖਾਂ ਦੀ ਫੌਜੀ-ਭਰਤੀ ਵਿੱਚ ਕਾਫ਼ੀ ਵਾਧਾ ਹੋਇਆ। ਪਹਿਲੇ ਮਹਾਂਯੁੱਧ ਦੇ ਸ਼ੁਰੂ ਵਿੱਚ ਫੌਜ ਵਿੱਚ 35,000 ਦੀ ਗਿਣਤੀ ਸੀ, ਜੋ 1915 ਈ. ਤੱਕ 1 ਲੱਖ ਤੋਂ ਵੱਧ ਗਈ, ਇਹ ਲੜਾਈ ਵਿੱਚ ਝੋਕੀ ਗਈ ਫੌਜ ਦਾ ਛੇਵਾਂ ਹਿੱਸਾ ਸੀ।

ਅੰਗਰੇਜ਼ੀ ਇਲਾਕੇ ਨਾਲੋਂ ਸਿੱਖ ਰਿਆਸਤਾਂ ਵਿੱਚ ਵਧੇਰੇ ਗਿਣਤੀ ਵਿੱਚ ਭਰਤੀ ਹੋਈ। ਰਿਆਸਤਾਂ ਦੇ ਹਾਕਮਾਂ ਨੇ ਨਿੱਜੀ ਰੁਚੀ ਪ੍ਰਗਟਾਈ ਅਤੇ ਕਈਆਂ ਨੇ ਤਾਂ ਨਿੱਜੀ

---

[1] ਖੁਸ਼ਵੰਤ ਸਿੰਘ, *ਦੇ ਹਿਸਟਰੀ ਆਫ ਦ ਸਿਖਸ*, ਭਾਗ II, ਪੰਨਾ 160.

Namdhari Elibrary NamdhariElibrary@gmail.com

ਤੌਰ ਤੇ ਫੌਜ ਵਿੱਚ ਭਰਤੀ ਹੋਣ ਦੀ ਇੱਛਾ ਵੀ ਪ੍ਰਗਟ ਕੀਤੀ। ਪਟਿਆਲਾ, ਨਾਭਾ, ਜੀਂਦ, ਫਰੀਦਕੋਟ ਤੇ ਕਲਸੀਆਂ ਵਿੱਚੋਂ 60,000 ਫੌਜੀ ਸੈਨਾ ਵਿੱਚ ਭਰਤੀ ਹੋਏ। ਬਹੁਤ ਸਾਰੇ ਰਾਜਿਆਂ ਨੇ ਜਿਥੇ ਆਪ ਭਰਤੀ ਹੋਣ ਦੀ ਇੱਛਾ ਪ੍ਰਗਟ ਕੀਤੀ, ਉਥੇ ਖੁੱਲ ਦਿਲੀ ਨਾਲ ਨਕਦ ਰਕਮਾਂ ਵੀ ਦਿੱਤੀਆਂ।

ਯੂਰਪ ਦੇ ਸਾਰੇ ਮੋਰਚਿਆਂ ਤੇ ਸਿੱਖ ਸੈਨਿਕ ਯੁੱਧ ਵਿੱਚ ਲੜੇ। ਬਹਾਦਰੀ ਦੇ 22 ਖਿਤਾਬਾਂ ਵਿੱਚੋਂ 14 ਸਿੱਖਾਂ ਨੂੰ ਪ੍ਰਾਪਤ ਹੋਏ।"

## ਫੌਜੀ ਭਰਤੀ ਬਾਰੇ ਸਤਿਗੁਰੂ ਪਰਤਾਪ ਸਿੰਘ ਜੀ ਦਾ ਤਿੱਖਾ ਪ੍ਰਤੀਕਰਮ

ਜਦੋਂ ਹੋਰ ਬਹੁਤ ਸਾਰੀਆਂ ਸਿੱਖ ਧਾਰਮਿਕ ਸੰਸਥਾਵਾਂ, ਸਿੰਘ ਸਭਾ ਦੇ ਚੀਫ਼ ਖਾਲਸਾ ਦੀਵਾਨ ਆਦਿ ਵੱਧ ਚੜ੍ਹ ਕੇ ਭਰਤੀ ਕਰਵਾ ਰਹੇ ਸਨ, ਤਾਂ ਸਤਿਗੁਰੂ ਪਰਤਾਪ ਸਿੰਘ ਅੰਗਰੇਜ਼ ਸਰਕਾਰ ਵਿਰੁੱਧ ਨਾ-ਮਿਲਵਰਤਣ ਦੀ ਨੀਤੀ ਉੱਤੇ ਡਟ ਕੇ ਪਹਿਰਾ ਦੇ ਰਹੇ ਸਨ। ਜਦੋਂ ਸਰਕਾਰੀ ਅਧਿਕਾਰੀ ਸਤਿਗੁਰੂ ਪਰਤਾਪ ਸਿੰਘ ਜੀ ਕੋਲ ਫੌਜੀ ਭਰਤੀ ਲਈ ਪੁੱਜੇ ਤਾਂ ਉਨ੍ਹਾਂ ਦਾ ਜਵਾਬ ਸੀ, "ਮੈਂ ਆਪ ਨੂੰ ਕੋਈ ਮਦਦ ਨਹੀਂ ਦੇਣੀ।"....

"ਪਹਿਲੀ ਵੱਡੀ ਜੰਗ ਵੇਲੇ ਕੂਕਿਆਂ ਤੋਂ ਬਿਨਾਂ ਕੋਈ ਟਾਵਾਂ-ਟਾਵਾਂ ਹੀ ਸਿੱਖ ਭਰਤੀ ਤੋਂ ਬਚਿਆ ਹੋਵੇਗਾ, ਜਾਂ ਫਿਰ ਬੁੱਢੇ, ਬਾਲ ਤੇ ਇਸਤਰੀਆਂ ਭਰਤੀ ਦੇਣ ਵਾਲੇ ਬਚੇ ਸਨ, ਨਹੀਂ ਤਾਂ ਹੋਰ ਸਿੱਖ ਆਗੂਆਂ ਨੇ ਤਾਂ ਅੰਗਰੇਜ਼ ਰਾਜ ਨੂੰ ਪੱਕਾ ਕਰਨ ਲਈ, ਆਪ ਜਗੀਰਾਂ, ਇਨਾਮ ਤੇ ਤਗਮੇ ਲੈਣ ਲਈ, ਇੱਕ ਦੂਜੇ ਤੋਂ ਵੱਧ-ਚੜ੍ਹ ਕੇ ਭਰਤੀ ਦਿੱਤੀ ਅਤੇ ਜਨ-ਸਾਧਾਰਨ ਨੂੰ ਬੇਗਾਨੀ ਲੜਾਈ ਲੜਨ ਲਈ ਜੰਗ ਦੀ ਭੱਠੀ ਵਿੱਚ ਝੋਕ ਦਿੱਤਾ ਸੀ।"[1]

ਪਰ ਜਦੋਂ 11 ਨਵੰਬਰ, 1918 ਈ. ਨੂੰ ਜੰਗ ਦੇ ਖਾਤਮੇ ਪਿਛੋਂ ਜਿਥੇ ਸਿੱਖ ਸੈਨਿਕ ਸਮਝਦੇ ਸਨ ਕਿ ਉਨ੍ਹਾਂ ਨੂੰ ਬਹਾਦਰ ਯੋਧੇ ਨਾਇਕ ਸਮਝਿਆ ਜਾਵੇਗਾ, ਤਾਂ ਉਨ੍ਹਾਂ ਨੂੰ ਇਹ ਵੇਖ ਕੇ ਬੜੀ ਹੈਰਾਨੀ ਹੋਈ ਕਿ ਸਰਕਾਰੀ ਅਫਸਰ ਉਨ੍ਹਾਂ ਨੂੰ ਅਨਪੜ੍ਹ ਤੇ ਪੇਂਡੂ ਹੀ ਖਿਆਲ ਕਰਦੇ ਸਨ।

## ਗਦਰ ਪਾਰਟੀ ਲਹਿਰ ਤੇ ਹੋਰ ਰਾਜਨੀਤਿਕ ਅੰਦੋਲਨ

ਪਹਿਲੇ ਮਹਾਂਯੁੱਧ ਦੇ ਸਮੇਂ ਜਿਥੇ ਵਿਦੇਸ਼ੀ ਸਰਕਾਰ ਜੰਗ ਜਿਤਣ ਲਈ ਵੱਧ ਤੋਂ ਵੱਧ ਟਿਲ ਲਾ ਰਹੀ ਸੀ, ਉਥੇ ਭਾਰਤ ਦੇ ਸੁਤੰਤਰਤਾ ਸੰਗਰਾਮ ਨੇ ਵੀ ਨਵਾਂ ਰੰਗ ਪਕੜਿਆ। ਬਹੁਤ ਸਾਰੀਆਂ ਇਨਕਲਾਬੀ ਲਹਿਰਾਂ ਉੱਠੀਆਂ, ਜਿਨ੍ਹਾਂ ਵਿੱਚੋਂ ਗਦਰ ਪਾਰਟੀ ਲਹਿਰ ਨੂੰ ਸਭ ਤੋਂ ਵਧੇਰੇ ਜਾਣਿਆ ਜਾਂਦਾ ਹੈ। ਇਸ ਨੇ ਆਪਣੇ ਲੰਮੇ ਇਤਿਹਾਸ ਵਿੱਚ ਭਾਰਤ ਦੇ ਸੁਤੰਤਰਤਾ ਸੰਗਰਾਮ ਵਿੱਚ ਜਿਥੇ ਨਿੱਗਰ ਹਿੱਸਾ ਪਾਇਆ, ਉਥੇ ਕਈ ਹੋਰ ਇਨਕਲਾਬੀ ਲਹਿਰਾਂ ਨੂੰ ਵੀ ਜਨਮ ਦਿੱਤਾ। ਪਰ ਦੂਜੇ ਬੰਨੇ ਇਸ ਕ੍ਰਾਂਤੀਕਾਰੀ ਲਹਿਰ ਦੇ ਪ੍ਰਭਾਵ ਨੂੰ ਪੂਰੀ ਤਰ੍ਹਾਂ ਹੁਣ ਤੱਕ ਵੀ ਉਜਾਗਰ ਨਹੀਂ ਹੋਣ ਦਿੱਤਾ ਗਿਆ।

---

[1] ਤਾਰਾ ਸਿੰਘ ਅਨਜਾਣ, *ਸਾਹਿਬ ਕੂਟੀ ਕਥੇਰਾ*, ਪੰਨਾ 60.

Namdhari Elibrary NamdhariElibrary@gmail.com

## ਗਦਰ ਪਾਰਟੀ ਦੀ ਸਥਾਪਨਾ

ਗਦਰ ਪਾਰਟੀ ਦੀ ਸਥਾਪਨਾ 21 ਅਪ੍ਰੈਲ, 1913 ਈ. ਨੂੰ ਪੋਰਟਲੈਂਡ ਦੇ ਐਸਟੋਰੀਆ ਨਗਰ ਵਿੱਚ ਹੋਈ। ਪਰ ਪੱਕੇ ਤੌਰ ਤੇ ਇਸ ਦਾ ਦਫਤਰ ਸਾਨ-ਫਰਾਂਸਿਸਕੋ ਵਿਖੇ ਯੁਗਾਂਤਰ ਆਸ਼ਰਮ ਵਿੱਚ ਸਥਾਪਤ ਕੀਤਾ ਗਿਆ। ਇਸ ਦੇ ਪਹਿਲੇ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ, ਜਨਰਲ ਸਕੱਤਰ ਲਾਲਾ ਹਰਦਿਆਲ ਅਤੇ ਖਜ਼ਾਨਚੀ ਕਾਸ਼ੀ ਰਾਮ ਮੜੋਲੀ ਨੂੰ ਚੁਣਿਆ ਗਿਆ। ਇਸ ਦਾ ਉਦੇਸ਼ ਹਥਿਆਰਬੰਦ ਇਨਕਲਾਬ ਰਾਹੀਂ ਹਿੰਦੁਸਤਾਨ ਵਿਚੋਂ ਅੰਗਰੇਜ਼ੀ ਹਕੂਮਤ ਦਾ ਤਖਤਾ ਉਲਟਾ ਕੇ ਭਾਰਤ ਵਿੱਚ ਲੋਕਤੰਤਰ ਸਥਾਪਤ ਕਰਨਾ ਸੀ। ਗ਼ਦਰ ਲਹਿਰ ਦੇ ਭਾਰਤ ਦੇ ਸੁਤੰਤਰਤਾ ਸੰਗਰਾਮ ਸਮਝਣ ਲਈ ਇਸ ਦੇ ਪਿਛੋਕੜ ਉੱਤੇ ਝਾਤ ਮਾਰਨੀ ਜ਼ਰੂਰੀ ਪ੍ਰਤੀਤ ਹੁੰਦੀ ਹੈ, ਕਿਉਂ ਜੋ ਇਸ ਲਹਿਰ ਦਾ ਮੁੱਖ ਕੇਂਦਰ ਅਮਰੀਕਾ ਸੀ ਅਤੇ ਕੈਨੇਡਾ ਦੇ ਪ੍ਰਵਾਸੀ ਭਾਰਤੀਆਂ ਨੇ ਵੀ ਇਸ ਲਹਿਰ ਵਿੱਚ ਉੱਘਾ ਯੋਗਦਾਨ ਪਾਇਆ ਸੀ। ਗ਼ਦਰ ਲਹਿਰ ਵਿੱਚ ਭਾਵੇਂ ਮਹਾਰਾਸ਼ਟਰ, ਬੰਗਾਲ ਤੇ ਹੋਰ ਪ੍ਰਾਂਤਾਂ ਦੇ ਲੋਕਾਂ ਨੇ ਵੀ ਹਿੱਸਾ ਪਾਇਆ, ਪਰ ਇਸ ਦੀ 90 ਫੀਸਦੀ ਦੇਣ ਪੰਜਾਬੀਆਂ ਦੀ ਅਤੇ ਵਿਸ਼ੇਸ਼ ਕਰਕੇ ਸਿੱਖ ਕਿਸਾਨਾਂ ਦੀ ਸੀ।

ਪੰਜਾਬ ਦੇ ਅੰਗਰੇਜ਼ੀ ਸਾਮਰਾਜ ਦੇ ਅਧੀਨ ਹੋ ਜਾਣ ਨਾਲ ਪੰਜਾਬ ਦੀ ਕਿਰਸਾਨੀ ਦੀ ਹਾਲਤ ਬਹੁਤ ਨਿੱਘਰ ਗਈ ਸੀ। ਬਹੁਤ ਸਾਰੇ ਪੰਜਾਬ ਦੇ ਕਿਸਾਨ ਤੇ ਕਿਰਤੀ, ਦਸਤਕਾਰ, ਰੁਜ਼ਗਾਰ ਦੀ ਭਾਲ ਵਿੱਚ ਦੱਖਣ ਪੂਰਬ ਏਸ਼ੀਆ ਦੇ ਦੇਸ਼ਾਂ—ਸਿੰਘਾਪੁਰ, ਮਲਾਇਆ, ਇੰਡੋਨੇਸ਼ੀਆ, ਸਿਆਮ, ਹਾਂਗਕਾਂਗ ਤੇ ਸ਼ੰਘਾਈ ਵਿੱਚ ਨੌਕਰੀ ਦੀ ਭਾਲ ਵਿੱਚ ਚੱਲੇ ਗਏ ਸਨ। ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਕੈਨੇਡਾ ਤੇ ਅਮਰੀਕਾ ਵਿੱਚ ਉਦਯੋਗਿਕ ਉਨਤੀ ਤੇ ਨਵ-ਨਿਰਮਾਣ ਲਈ ਵਿਕਾਸ ਕਾਰਜਾਂ ਦਾ ਆਰੰਭ ਹੋਇਆ। ਏਸ਼ੀਆਈ ਦੇਸ਼ਾਂ ਦੇ ਬਹੁਤ ਸਾਰੇ ਕਿਰਤੀਆਂ ਨੇ ਕੈਨੇਡਾ ਤੇ ਅਮਰੀਕਾ ਨੂੰ ਰੁਜ਼ਗਾਰ ਦੀ ਭਾਲ ਵਿੱਚ ਜਾਣਾ ਸ਼ੁਰੂ ਕਰ ਦਿੱਤਾ। ਇਸ ਰੁਜ਼ਗਾਰ ਦੀ ਦੌੜ ਵਿੱਚ ਬਹੁਤ ਸਾਰੇ ਪੰਜਾਬੀ, ਜਿਨ੍ਹਾਂ ਵਿੱਚ ਸਿੱਖ ਕਿਸਾਨਾਂ ਦੀ ਗਿਣਤੀ ਵਧੇਰੇ ਸੀ, ਕੈਨੇਡਾ ਤੇ ਅਮਰੀਕਾ ਨੂੰ ਚੋਖੀ ਗਿਣਤੀ ਵਿੱਚ ਚਲੇ ਗਏ। ਰਾਮ ਸਿੰਘ ਮਜੀਠਾ ਅਨੁਸਾਰ[1] 1905 ਵਿੱਚ ਕੈਨੇਡਾ ਵਿੱਚ ਜਿਥੇ ਕੰਮ ਕਰਦੇ ਪੰਜਾਬੀਆਂ ਦੀ ਗਿਣਤੀ 45 ਸੀ, ਉਥੇ 1908 ਈ. ਵਿੱਚ ਤਿੰਨ ਸਾਲਾਂ ਦੇ ਅੰਦਰ ਹੀ 2633 ਤੱਕ ਜਾ ਪੁੱਜੀ। ਭਾਰਤ ਤੇ ਏਸ਼ੀਆਈ ਦੇਸ਼ਾਂ ਜਾਪਾਨ, ਚੀਨ, ਸਿੰਘਾਪੁਰ, ਮਲਾਇਆ ਆਦਿ ਦੇ ਮਜ਼ਦੂਰ ਘੱਟ ਤਨਖਾਹਾਂ 'ਤੇ ਕੰਮ ਕਰਦੇ ਸਨ। ਇਸ ਲਈ ਕੈਨੇਡਾ ਦੇ ਮਜ਼ਦੂਰਾਂ ਵਿੱਚ ਉਨ੍ਹਾਂ ਪ੍ਰਤੀ ਘਿਰਣਾ ਦੀ ਭਾਵਨਾ ਪੈਦਾ ਹੋ ਗਈ ਸੀ। ਇਹ ਭਾਵਨਾ ਵਧਦੀ ਵਧਦੀ ਨਸਲੀ ਨਫਰਤ ਵਿੱਚ ਬਦਲ ਗਈ ਸੀ। ਕੈਨੇਡਾ ਸਰਕਾਰ ਨੇ ਭਾਰਤੀਆਂ ਦੇ ਦਾਖਲੇ ਉੱਤੇ ਕਈ ਪਾਬੰਦੀਆਂ ਲਾ ਦਿੱਤੀਆਂ ਸਨ, ਜਿਸ ਕਾਰਨ ਕੈਨੇਡਾ ਦੇ ਪਰਵਾਸੀਆਂ ਨੂੰ ਬੜਾ ਸੰਘਰਸ਼ ਕਰਨਾ ਪਿਆ। ਜਿਥੇ-ਜਿਥੇ ਵੀ ਪੰਜਾਬ ਦੇ ਸਿੱਖ ਗਏ, ਉਥੇ ਉਨ੍ਹਾਂ ਨੇ ਆਪਣੇ ਗੁਰਦੁਆਰੇ ਵੀ ਸਥਾਪਤ ਕਰ ਲਏ।

"1909 ਵਿੱਚ ਬਾਬੂ ਹਰਨਾਮ ਸਿੰਘ ਕਾਹਰੀ ਸਾਹਰੀ ਤੇ ਬੰਨ੍ਹੇ ਦੇ ਮਾਸਟਰ

[1] *ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿਚ ਪੰਜਾਬ*, ਭਾਗ ਪਹਿਲਾ, ਪੰਨਾ 101.

Namdhari Elibrary NamdhariElibrary@gmail.com

ਗੁਰਦਿੱਤ ਕੁਮਾਰ ਕੈਨੇਡਾ ਆਏ। ਇਨ੍ਹਾਂ ਭਾਰਤੀਆਂ ਵਿੱਚ ਫਿਰ ਕੇ ਪ੍ਰਚਾਰ ਕੀਤਾ ਅਤੇ ਉਨ੍ਹਾਂ ਦੀ ਕੌਮੀ ਸੋਝੀ ਨੂੰ ਉਚਿਆਂ ਚੁੱਕਣ ਵਾਸਤੇ ਇੱਕ ਕੌਮੀ ਸਭਾ ਬਣਾਈ, ਜਿਸ ਦਾ ਨਾਉਂ 'ਹਿੰਦੁਸਤਾਨ ਐਸੋਸੀਏਸ਼ਨ' ਰੱਖਿਆ ਗਿਆ, ਜਿਸ ਦੇ ਪ੍ਰਧਾਨ ਭਾਈ ਭਾਗ ਸਿੰਘ ਭਿੱਖੀਵਿੰਡ, ਸਕੱਤਰ ਮਾ. ਗੁਰਦਿੱਤ ਸਿੰਘ, ਖ਼ਜ਼ਾਨਚੀ ਭਾਈ ਬਲਵੰਤ ਸਿੰਘ ਖੁਰਦਪੁਰ ਸਨ। ਇਸ ਸਭਾ ਨੇ ਉਰਦੂ ਵਿੱਚ 'ਸਵਦੇਸ਼ ਸੇਵਕ' ਨਾਮ ਦਾ ਅਖ਼ਬਾਰ ਕੱਢਿਆ। ਇੱਕ ਹੋਰ ਪੰਜਾਬੀ ਅਖ਼ਬਾਰ 'ਪਰਦੇਸੀ ਖਾਲਸਾ' ਸ੍ਰੀ ਅਮਰ ਸਿੰਘ ਭਿੰਗੜ ਨੇ ਜਾਰੀ ਕੀਤਾ। ਹਿੰਦੁਸਤਾਨ ਐਸੋਸੀਏਸ਼ਨ ਦਾ ਪ੍ਰੋਗਰਾਮ ਸੀ - ਨਿਰੋਲ ਆਪਣੀ ਸਰਕਾਰ, ਕੌਮੀ ਵਿੱਦਿਆ, ਭਾਰਤੀ ਸਨਅਤਾਂ, ਵਪਾਰ ਤੇ ਖੇਤੀ ਦੀ ਉੱਨਤੀ ਅਤੇ ਬਦੇਸ਼ੀ ਲੁੱਟ ਤੋਂ ਛੁਟਕਾਰਾ। ਇਸ ਜਥੇਬੰਦੀ ਦੇ ਅਖ਼ਬਾਰ ਦੇ ਪਰਚਾਰ ਨੇ ਹਿੰਦੀਆਂ ਦੀ ਸੋਚਣੀ ਨੂੰ ਮਜ਼ਹਬੀ ਤੇ ਖੇਤਰੀ ਘੇਰਿਆਂ ਤੋਂ ਉਤਾਂਹ ਚੁੱਕ ਕੇ ਕੌਮੀ ਸੋਝੀ ਪੈਦਾ ਕਰ ਦਿੱਤੀ।"

ਕੈਨੇਡਾ ਸਰਕਾਰ ਵੱਲੋਂ ਭਾਰਤੀਆਂ ਦੇ ਦਾਖਲੇ ਉੱਤੇ ਰੋਕਾਂ ਲਾਉਣ ਕਾਰਨ ਉਥੋਂ ਦੇ ਭਾਰਤੀਆਂ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। 1914 ਈਸਵੀ ਵਿੱਚ ਕਾਮਾਗਾਟਾਮਾਰੂ ਜਹਾਜ਼ ਦੀ ਘਟਨਾ ਵਾਪਰੀ। ਪੰਜਾਬ ਦਾ ਇੱਕ ਅਮੀਰ ਠੇਕੇਦਾਰ ਗੁਰਦਿੱਤ ਸਿੰਘ ਸਰਹਾਲੀ, ਗੁਰੂ ਨਾਨਕ ਜਹਾਜ਼ ਕੰਪਨੀ ਵੱਲੋਂ ਇੱਕ ਜਾਪਾਨੀ ਜਹਾਜ਼ 'ਕਾਮਾਗਾਟਾਮਾਰੂ' ਨੂੰ ਕਿਰਾਏ 'ਤੇ ਲੈ ਕੇ 374 ਮੁਸਾਫ਼ਿਰਾਂ ਨੂੰ ਲੈ ਕੇ ਹਾਂਗਕਾਂਗ ਤੋਂ 4 ਅਪ੍ਰੈਲ, 1914 ਨੂੰ ਚੱਲਿਆ ਅਤੇ 26 ਮਈ, 1914 ਈ. ਨੂੰ ਵਿਕਟੋਰੀਆ ਪਹੁੰਚਿਆ, ਜਿਥੇ ਕੈਨੇਡਾ ਦੇ ਅਧਿਕਾਰੀਆਂ ਨੇ ਉਨ੍ਹਾਂ ਮੁਸਾਫ਼ਿਰਾਂ ਨੂੰ ਉੱਤਰਨ ਨਾ ਦਿੱਤਾ। ਕੈਨੇਡਾ ਦੇ ਪ੍ਰਵਾਸੀ ਭਾਰਤੀਆਂ ਦੇ ਯਤਨਾਂ ਦੇ ਬਾਵਜੂਦ ਵੀ ਇਹ ਗੱਲ ਸਿਰੇ ਨਾ ਚੜ੍ਹੀ ਤੇ ਉਸ ਜਹਾਜ਼ ਨੂੰ 17 ਜੁਲਾਈ, 1914 ਈ. ਨੂੰ ਵਾਪਿਸ ਮੁੜਨਾ ਪਿਆ। ਕੈਨੇਡਾ ਦੇ ਭਾਰਤੀਆਂ ਵੱਲੋਂ 6,000 ਡਾਲਰ ਇਕੱਠਾ ਕਰਕੇ ਜਹਾਜ਼ ਦਾ ਕਿਰਾਇਆ ਭਰ ਦਿੱਤਾ ਗਿਆ। 21 ਅਪ੍ਰੈਲ, 1913 ਈ. ਨੂੰ ਕਾਇਮ ਹੋਈ ਗ਼ਦਰ ਪਾਰਟੀ ਦੇ ਆਗੂਆਂ ਵੱਲੋਂ ਇਸ ਜਹਾਜ਼ ਦੇ ਮੁਸਾਫਰਾਂ ਦੀ ਸਹਾਇਤਾ ਕੀਤੀ ਗਈ ਅਤੇ ਗਦਰ ਪਾਰਟੀ ਦਾ ਪਰਚਾਰ ਜਹਾਜ਼ ਦੇ ਮੁਸਾਫਰਾਂ ਵਿੱਚ ਕੀਤਾ ਗਿਆ। 29 ਸਤੰਬਰ, 1914 ਈ. ਨੂੰ ਜਦੋਂ ਇਹ ਜਹਾਜ ਬਜਬਜ ਦੇ ਘਾਟ ਤੇ ਲਗਾ ਤਾਂ ਅੰਗਰੇਜ਼ੀ ਸਰਕਾਰ ਦੀ ਪੁਲਸ ਇਨ੍ਹਾਂ ਦੇ ਸੁਆਗਤ ਲਈ ਤਿਆਰ ਖੜ੍ਹੀ ਸੀ। ਸਰਕਾਰ ਦਾ ਇਹ ਖਿਆਲ ਸੀ ਕਿ ਇਸ ਜਹਾਜ਼ ਦੇ ਮੁਸਾਫਰ ਹਿੰਦੁਸਤਾਨ ਵਿੱਚ ਗਦਰ ਮਚਾਉਣ ਲਈ ਆਏ ਹਨ। ਜਹਾਜ਼ ਦੀ ਤਲਾਸ਼ੀ ਲਈ ਗਈ, ਪਰ ਕੋਈ ਵੀ ਚੀਜ਼ ਅਜਿਹੀ ਨਾ ਮਿਲੀ, ਜਿਸ ਦੀ ਵਰਤੋਂ ਸਰਕਾਰ ਵਿਰੁੱਧ ਕੀਤੀ ਜਾ ਸਕਦੀ ਹੋਵੇ। ਬਾਬਾ ਗੁਰਦਿੱਤ ਸਿੰਘ ਦੇ ਕਹਿਣ ਉੱਤੇ ਜਿਹੜਾ ਵੀ ਗਦਰੀ ਸਾਹਿਤ ਜਾਂ ਹਥਿਆਰ ਜਹਾਜ਼ ਵਿੱਚ ਸਨ, ਉਹ ਪਹਿਲਾਂ ਹੀ ਸਮੁੰਦਰ ਵਿੱਚ ਸੁੱਟ ਦਿੱਤੇ ਗਏ ਸਨ। ਇਸ ਜਹਾਜ਼ ਦੇ ਮੁਸਾਫਰਾਂ ਨਾਲ ਬਜ ਬਜ ਦੇ ਘਾਟ ਦਾ ਖੂਨੀ ਸਾਕਾ ਵਾਪਰਿਆ, ਜੋ ਭਾਰਤ ਦੇ ਸੁਤੰਤਰਤਾ ਦੇ ਇਤਿਹਾਸ ਵਿੱਚ ਯਾਦਗਾਰੀ ਦੁਖਾਂਤ ਦੇ ਤੌਰ ਤੇ ਸਦਾ ਜਾਣਿਆ

---

[1] ਰਾਮ ਸਿੰਘ ਮਜੀਠਾ, *ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ*, ਭਾਗ ਪਹਿਲਾ, ਪੰਨਾ 103-104.

Namdhari Elibrary NamdhariElibrary@gmail com

ਜਾਂਦਾ ਰਹੇਗਾ।

ਜਹਾਜ਼ ਦੇ ਨਿਹੱਥੇ ਮੁਸਾਫਰਾਂ ਉੱਤੇ ਗੋਲੀਆਂ ਦੀ ਬਰਖਾ ਕੀਤੀ ਗਈ, [1]ਜਿਸ ਨਾਲ 19 ਮੁਸਾਫਰ ਤੇ ਇੱਕ ਵਿਅਕਤੀ ਬਾਹਰਲਾ ਮਾਰਿਆ ਗਿਆ, 96 ਫੜੇ ਗਏ ਤੇ ਉਨ੍ਹਾਂ ਨੂੰ ਜੇਲ੍ਹ ਬੰਦ ਕਰ ਦਿੱਤਾ ਗਿਆ। ਇਨ੍ਹਾਂ ਵਿੱਚੋਂ ਅਮਰ ਸਿੰਘ ਨੰਦ ਸਿੰਘ ਵਾਲਾ ਨੂੰ ਮੀਆਂ ਵਾਲੀ ਜੇਲ੍ਹ ਕੁੱਟ ਕੁੱਟ ਕੇ ਮਾਰ ਦਿੱਤਾ ਗਿਆ। ਦੋ ਸਿੰਘੀਆਂ ਨੂੰ ਲੰਮੀ ਸਜ਼ਾ ਦਿੱਤੀ ਗਈ। ਬਾਬਾ ਗੁਰਦਿੱਤ ਸਿੰਘ ਤੇ ਕੁਝ ਹੋਰ ਸਾਥੀ ਬਚ ਕੇ ਨਿਕਲ ਗਏ। ਬਾਬਾ ਗੁਰਦਿਤ ਸਿੰਘ ਗੁਪਤਵਾਸ ਵਿੱਚ ਚਲਾ ਗਿਆ। ਪਿਛੋਂ ਜਨਤਕ ਦਬਾਅ ਹੇਠ ਵਿਲੀਅਮ-ਵਿਨਸੈਂਟ ਦੀ ਪ੍ਰਧਾਨਗੀ ਹੇਠ ਪੜਤਾਲੀਆ ਕਮਿਸ਼ਨ ਨੀਅਤ ਕੀਤਾ। ਇਸ ਕਮਿਸ਼ਨ ਦੀ ਰਿਪੋਰਟ ਦੇ ਆਧਾਰ ਤੇ 33 ਜਣੇ ਜੇਲ੍ਹ ਵਿੱਚ ਰੱਖ ਕੇ ਸਭ ਰਿਹਾਅ ਕਰ ਦਿੱਤੇ ਗਏ। ਬਜ-ਬਜ ਦੇ ਘਾਟ ਦਾ ਇਹ ਖੂਨੀ ਸਾਕਾ ਭਾਰਤ ਦੇ ਸੁਤੰਤਰਤਾ ਸੰਗਰਾਮ ਦੇ ਇਤਿਹਾਸ ਦੀ ਇੱਕ ਅਭੁੱਲ ਘਟਨਾ ਹੈ।

ਇਸ ਸਮੇਂ ਪੰਜਾਬ ਦਾ ਲੈਫਟੀਨੈਂਟ ਗਵਰਨਰ ਮਾਈਕਲ ਓਡਵਾਈਰ ਸੀ। ਉਹ ਬੜਾ ਕਠੋਰ ਤੇ ਜਾਲਮ ਹਾਕਮ ਸੀ। ਉਸਨੇ ਆਪਣੇ ਵੱਲੋਂ ਲੋਕਾਂ ਨੂੰ ਦਬਾਉਣ, ਜੇਲ੍ਹਾਂ ਵਿੱਚ ਬੰਦ ਕਰਨ ਅਤੇ ਦੇਸ਼ ਭਗਤਾਂ ਉੱਤੇ ਮੁਕੱਦਮੇ ਚਲਾਉਣ ਅਤੇ ਸਜ਼ਾਵਾਂ ਦੇਣ ਦਾ ਦਮਨ ਚੱਕਰ ਪੂਰੇ ਜ਼ੋਰ ਨਾਲ ਚਲਾਈ ਰੱਖਿਆ। ਸਰਕਾਰੀ ਤੌਰ ਤੇ ਇਹ ਪਰਚਾਰ ਕੀਤਾ ਗਿਆ ਕਿ ਬਜ-ਬਜ ਦੇ ਘਾਟ ਉੱਤੇ ਫੜੇ ਗਏ ਬਾਹਰੋਂ ਆਏ ਵਿਅਕਤੀ ਦੇਸ਼ ਵਿੱਚ ਗੜਬੜ ਕਰਨ ਆਏ ਹਨ ਅਤੇ ਉਹ ਡਾਕੂ ਤੇ ਲੁਟੇਰੇ ਹਨ। ਇਨ੍ਹਾਂ ਵਿੱਚ ਪੰਜਾਬੀ ਸਿੱਖਾਂ ਦੀ ਗਿਣਤੀ ਵਧੇਰੇ ਸੀ। ਅਕਾਲ ਤਖ਼ਤ ਤੇ ਹੋਰ ਗੁਰਧਾਮਾਂ ਤੋਂ ਇਹ ਹੁਕਮਨਾਮੇ ਜਾਰੀ ਕੀਤੇ ਗਏ ਕਿ ਗਦਰੀ ਸਿੱਖ ਨਹੀਂ ਹਨ, ਨਾਸਤਕ ਹਨ।

## ਨਾਮਧਾਰੀਆਂ ਵੱਲੋਂ ਖੰਡਨ

ਹੋਰ ਸਭ ਸਿੱਖ ਸੰਸਥਾਵਾਂ ਤੇ ਤਖ਼ਤਾਂ ਦੇ ਮੁਖੀ, ਇਸ ਸੰਬੰਧ ਵਿੱਚ ਸਰਕਾਰੀ ਜਬਰ ਤੇ ਇਨ੍ਹਾਂ ਦੋਸ਼ਾਂ ਬਾਰੇ ਚੁੱਪ ਸਾਧੀ ਬੈਠੇ ਰਹੇ, ਪਰ ਸਿੱਖਾਂ ਵਿੱਚੋਂ ਨਾਮਧਾਰੀਆਂ ਨੇ ਸਰਕਾਰ ਵੱਲੋਂ ਇਨ੍ਹਾਂ ਗ਼ਦਰੀਆਂ ਉੱਤੇ ਲਾਏ ਗਏ ਦੋਸ਼ਾਂ ਦਾ ਡਟ ਕੇ ਵਿਰੋਧ ਕੀਤਾ।

[2]ਤਾਰਾ ਸਿੰਘ ਅਨਜਾਣ ਅਨੁਸਾਰ ਸਤਿਗੁਰੂ ਪਰਤਾਪ ਸਿੰਘ ਜੀ ਨੇ ਹੁਸ਼ਿਆਰਪੁਰ ਵਿਖੇ ਇਕੱਤਰਤਾ ਬੁਲਾ ਕੇ ਇਹ ਮਤਾ ਪਾਸ ਕਰਵਾਇਆ ਕਿ ਬਜਬਜ ਘਾਟ ਉੱਤੇ ਕੀਤਾ ਗਿਆ ਵਾਰ ਨਜਾਇਜ਼ ਸੀ। ਉਸ ਜਹਾਜ਼ ਵਿੱਚ ਸਵਾਰ ਬਹੁਤੇ ਸਿੱਖ ਸਨ। ਸਾਨੂੰ ਉਨ੍ਹਾਂ ਸ਼ਹੀਦਾਂ ਨਾਲ ਪੂਰਨ ਹਮਦਰਦੀ ਹੈ। ਇਹ ਮਤਾ ਭਾਵੇਂ ਸਰਕਾਰ ਤੋਂ ਡਰਦਿਆਂ ਅਖ਼ਬਾਰਾਂ ਵਿੱਚ ਨਾ ਛਪ ਸਕਿਆ। ਪਰ ਸਰਕਾਰ ਦੀਆਂ ਗੁਪਤ ਰਿਪੋਰਟਾਂ ਵਿੱਚ ਇਹ

---

[1] ਰਾਮ ਸਿੰਘ ਮਜੀਠਾ, *ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ*, ਭਾਗ ਪਹਿਲਾ, ਪੰਨਾ 112.

[2] *ਸਾਹਿਬ ਰੂਹੀ ਕਰੇਰਾ*, ਪੰਨਾ 59.

ਦੱਸਿਆ ਗਿਆ ਕਿ ਸਿੱਖਾਂ ਨੂੰ ਹੱਲਾ-ਸ਼ੇਰੀ ਦੇਣ ਵਾਲੇ ਸਤਿਗੁਰੂ ਪਰਤਾਪ ਸਿੰਘ ਜੀ ਹਨ। ਉਹ ਬਾਗ਼ੀ ਖਾਨਦਾਨ ਵਿੱਚੋਂ ਹਨ ਅਤੇ ਆਪ ਵੀ ਸਰਕਾਰ ਦੇ ਬਾਗ਼ੀ ਹਨ।

## ਪੰਜਾਬ ਵਿੱਚ ਗ਼ਦਰ ਲਹਿਰ

ਭਾਵੇਂ ਗ਼ਦਰ ਲਹਿਰ ਦਾ ਆਰੰਭ 21 ਅਪ੍ਰੈਲ, 1913 ਈ. ਨੂੰ ਅਮਰੀਕਾ ਦੇ ਐਸਟੋਰੀਆ ਰਾਜ ਵਿੱਚ ਹੋਇਆ, ਇਸ ਦਾ ਪਹਿਲਾ ਨਾਂ 'ਹਿੰਦੁਸਤਾਨ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ' ਸੀ। ਇਸ ਦੇ ਪਹਿਲੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਸਕੱਤਰ ਲਾਲਾ ਹਰਦਿਆਲ ਅਤੇ ਖਜ਼ਾਨਚੀ ਪੰਡਤ ਕਾਸ਼ੀ ਰਾਮ ਥਾਪੇ ਗਏ ਸਨ। ਛੇਤੀ ਹੀ ਬਹੁਤ ਸਾਰੇ ਹਿੰਦੁਸਤਾਨੀ ਮਜ਼ਦੂਰ ਤੇ ਬਾਬਾ ਜਵਾਲਾ ਸਿੰਘ ਵਰਗੇ ਵੱਡੇ ਫਾਰਮਾਂ ਦੇ ਮਾਲਕ ਇਸ ਦੇ ਮੈਂਬਰ ਬਣ ਗਏ। ਪਾਰਟੀ ਦਾ ਮੁੱਖ ਦਫਤਰ ਸਾਨਫਰਾਂਸਿਸਕੋ ਵਿਖੇ ਯੁਗਾਂਤਰ ਆਸ਼ਰਮ ਬਣਾਇਆ ਗਿਆ ਅਤੇ 1 ਨਵੰਬਰ, 1913 ਈ. ਨੂੰ ਪਾਰਟੀ ਦਾ ਸਪਤਾਹਿਕ ਅਖ਼ਬਾਰ 'ਗ਼ਦਰ' ਪ੍ਰਕਾਸ਼ਿਤ ਕੀਤਾ ਗਿਆ, ਜਿਸ ਨਾਲ ਇਸ ਪਾਰਟੀ ਦਾ ਨਾਮ ਹੀ ਗਦਰ ਪਾਰਟੀ ਪ੍ਰਸਿੱਧ ਹੋ ਗਿਆ। ਬਹੁਤ ਸਾਰੇ ਅਮਰੀਕਾ ਤੇ ਕੈਨੇਡਾ ਦੇ ਪ੍ਰਵਾਸੀ ਇਸ ਦੇ ਮੈਂਬਰ ਬਣ ਗਏ। ਗਦਰ ਪਾਰਟੀ ਦਾ ਮੁੱਖ ਨਿਸ਼ਾਨਾ ਸੀ, ਹਿੰਦੁਸਤਾਨ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਹਥਿਆਰਬੰਦ ਇਨਕਲਾਬ ਰਾਹੀਂ ਸੁਤੰਤਰ ਕਰਵਾਉਣਾ ਅਤੇ ਦੇਸ਼ ਵਿੱਚ ਲੋਕਤੰਤਰ ਕਾਇਮ ਕਰਨਾ ਸੀ। ਜਦੋਂ ਪਹਿਲਾ ਮਹਾਂਯੁੱਧ 28 ਜੁਲਾਈ, 1914 ਈ. ਨੂੰ ਸ਼ੁਰੂ ਹੋਇਆ ਤਾਂ ਅੰਗਰੇਜ਼ਾਂ ਨੂੰ ਇਸ ਯੁੱਧ ਵਿੱਚ ਫਸਿਆ ਜਾਣ ਕੇ ਵੱਡੀ ਗਿਣਤੀ ਵਿੱਚ ਗਦਰ ਪਾਰਟੀ ਦੇ ਹਜ਼ਾਰਾਂ ਮੈਂਬਰ ਵੱਖ-ਵੱਖ ਜਥਿਆਂ ਰਾਹੀਂ ਭਾਰਤ ਪਹੁੰਚ ਗਏ, ਜਿਨ੍ਹਾਂ ਦੀ ਗਿਣਤੀ ਲਗਭਗ 8000 ਦੱਸੀ ਜਾਂਦੀ ਹੈ, ਤਾਂ ਜੋ ਅੰਗਰੇਜ਼ਾਂ ਵਿਰੁੱਧ ਇਨਕਲਾਬੀ ਸੰਗਰਾਮ ਤੋਰਿਆ ਜਾ ਸਕੇ। ਫੌਜਾਂ ਨਾਲ ਤਾਲਮੇਲ ਕਾਇਮ ਕੀਤਾ ਗਿਆ ਅਤੇ 21 ਫਰਵਰੀ, 1915 ਈ. ਦੀ ਤਾਰੀਖ ਬਗਾਵਤ ਕਰਨ ਲਈ ਨਿਸ਼ਚਿਤ ਕੀਤੀ ਗਈ। ਕਰਤਾਰ ਸਿੰਘ ਸਰਾਭਾ, ਵਿਨਾਯਕ ਗਣੇਸ਼ ਪਿੰਗਲੇ, ਜਗਤ ਸਿੰਘ ਤੇ ਹੋਰ ਬਹੁਤ ਸਾਰੇ ਇਨਕਲਾਬੀ ਇਸ ਲਹਿਰ ਨੂੰ ਜਥੇਬੰਦ ਕਰਨ ਲਈ ਵੱਖ-ਵੱਖ ਫ਼ੌਜੀ ਛਾਉਣੀਆਂ ਵਿੱਚ ਗਏ। ਕੁਝ ਥਾਵਾਂ ਤੇ ਡਾਕੇ ਵੀ ਮਾਰੇ ਗਏ ਅਤੇ ਫੌਜਾਂ ਵਿੱਚ ਬਗਾਵਤ ਕਰਨ ਦੀ ਯੋਜਨਾ ਬਣਾਈ ਗਈ।

ਚੇਤੇ ਰੱਖਣ ਵਾਲੀ ਗੱਲ ਇਹ ਹੈ ਕਿ ਗ਼ਦਰ ਪਾਰਟੀ ਲਹਿਰ ਕੋਈ ਛੋਟਾ ਸਥਾਨਕ ਅੰਦੋਲਨ ਨਹੀਂ ਸੀ, ਸਗੋਂ ਇਸ ਲਹਿਰ ਦਾ ਕਿਰਦਾਰ ਅੰਤਰਰਾਸ਼ਟਰੀ ਬਣ ਚੁੱਕਾ ਸੀ ਅਤੇ ਇਸ ਦੀਆ ਸ਼ਾਖਾਵਾਂ ਅਮਰੀਕਾ, ਕੈਨੇਡਾ ਤੋਂ ਬਿਨਾਂ ਜਾਪਾਨ, ਚੀਨ, ਫਿਲੀਪਾਈਨਜ਼, ਇੰਡੋਨੇਸ਼ੀਆ, ਸਿਆਮ ਤੇ ਬਰਮਾ ਆਦਿ ਵਿੱਚ ਵੀ ਕਾਇਮ ਹੋ ਚੁੱਕੀਆਂ ਸਨ। 'ਗਦਰ' ਅਖ਼ਬਾਰ, ਜੋ ਗ਼ਦਰ ਲਹਿਰ ਦਾ ਮੁੱਖ ਪ੍ਰਵਕਤਾ ਸੀ, ਹਜ਼ਾਰਾਂ ਦੀ ਗਿਣਤੀ ਵਿੱਚ ਵੱਖ-ਵੱਖ ਦੇਸ਼ਾਂ ਵਿੱਚ ਜਿਥੇ ਵੀ ਹਿੰਦੁਸਤਾਨ ਦੇ ਵਾਸੀ ਰਹਿੰਦੇ ਸਨ, ਮੁਫਤ ਵੰਡਿਆ ਜਾਂਦਾ ਸੀ। ਉਰਦੂ ਤੋਂ ਬਿਨਾ ਪੰਜਾਬੀ, ਹਿੰਦੀ, ਸਿੰਧੀ, ਪਸ਼ਤੋ, ਗੁਜਰਾਤੀ ਤੇ ਹੋਰ ਜ਼ੁਬਾਨਾਂ ਵਿੱਚ ਵੀ 'ਗਦਰ' ਛਾਪਿਆ ਜਾਂਦਾ ਸੀ। ਭਾਰਤ ਦੀਆਂ ਆਜ਼ਾਦੀ ਦੀਆਂ ਲਹਿਰਾਂ ਵਿੱਚ ਗਦਰ ਪਾਰਟੀ ਤੇ 'ਗਦਰ' ਅਖ਼ਬਾਰ ਨੇ ਵੱਡੀ ਭੂਮਿਕਾ ਨੂੰ ਨਿਭਾਇਆ ਸੀ। ਭਾਰਤ ਦੀ

ਅੰਗਰੇਜ਼ ਸਰਕਾਰ ਵੀ ਅਵੇਸਲੀ ਨਹੀਂ ਸੀ ਬੈਠੀ। ਉਸਨੇ ਹਜ਼ਾਰਾਂ ਦੀ ਗਿਣਤੀ ਵਿੱਚ ਇਨਕਲਾਬੀਆਂ ਦੀ ਪਕੜ-ਪਕੜ ਸ਼ੁਰੂ ਕਰਕੇ ਬਹੁਤ ਸਾਰੇ ਦੇਸ਼-ਭਗਤਾਂ ਨੂੰ ਜੇਲ੍ਹਾਂ ਵਿੱਚ ਡੱਕ ਦਿੱਤਾ ਅਤੇ ਕਈ ਬਗਾਵਤ ਦੇ ਮੁਕੱਦਮੇ ਸ਼ੁਰੂ ਕੀਤੇ। ਇਹ ਮੁਕੱਦਮੇ ਸਾਜਿਸ਼ ਕੇਸਾਂ ਕਰਕੇ ਜਾਣੇ ਜਾਂਦੇ ਹਨ। ਪਰ ਜਦੋਂ ਸਰਕਾਰੀ ਜਾਸੂਸਾਂ ਖਾਸ ਕਰਕੇ ਕ੍ਰਿਪਾਲ ਸਿੰਘ ਬਰਾਤ ਰਾਹੀਂ ਇਸ ਦਾ ਪਤਾ ਸਰਕਾਰ ਨੂੰ ਲੱਗ ਗਿਆ ਤਾਂ ਪੂਰੀ ਕੋਸ਼ਿਸ਼ ਨਾਲ ਇਸ ਲਹਿਰ ਨੂੰ ਦਬਾਇਆ ਗਿਆ। ਸੈਂਟਰਲ ਜੇਲ੍ਹ ਲਾਹੌਰ ਵਿੱਚ ਸਪੈਸ਼ਲ ਅਦਾਲਤਾਂ ਰਾਹੀਂ ਖਾਸ ਗਦਰੀ ਮੁਕੱਦਮੇ ਚਲਾਏ ਗਏ ਅਤੇ ਬਹੁਤ ਸਾਰੇ ਦੇਸ਼-ਭਗਤਾਂ ਨੂੰ ਫ਼ਾਂਸੀਆਂ, ਉਮਰ ਕੈਦਾਂ ਤੇ ਕਾਲੇ ਪਾਣੀਆਂ ਦੀਆਂ ਸਜ਼ਾਵਾਂ ਸੁਣਾਈਆਂ ਗਈਆਂ। ਇਨ੍ਹਾਂ ਸਾਰੇ ਮੁਕੱਦਮਿਆਂ ਤੇ ਗਦਰ ਲਹਿਰ ਦਾ ਜ਼ਿਕਰ ਗਿਆਨੀ ਕੇਸਰ ਸਿੰਘ ਕੈਨੇਡਾ ਨੇ ਆਪਣੇ ਬਹੁਤ ਸਾਰੇ ਨਾਵਲਾਂ, ਵਿਸ਼ੇਸ਼ ਕਰਕੇ 'ਹਥਿਆਰਬੰਦ ਇਨਕਲਾਬ' ਵਰਗੇ ਵੱਡੇ ਮਹਾਂਕਾਵਿਕ ਆਕਾਰ ਵਾਲੇ ਨਾਵਲ ਵਿੱਚ ਕੀਤਾ ਹੈ। ਜਿਸ ਤੋਂ ਸਿੱਧ ਹੋ ਜਾਂਦਾ ਹੈ ਕਿ ਗਦਰ ਪਾਰਟੀ ਲਹਿਰ ਛੋਟੀ ਲਹਿਰ ਨਹੀਂ ਸੀ, ਸਗੋਂ ਇਸ ਦਾ ਭਾਰਤ ਦੇ ਕ੍ਰਾਂਤੀਕਾਰੀ ਰਾਸ਼ਟਰੀ ਸੰਗਰਾਮ ਵਿੱਚ ਪ੍ਰਮੁੱਖ ਸਥਾਨ ਹੈ।

## ਗਦਰ ਪਾਰਟੀ ਲਹਿਰ ਦਾ ਸਮੁੱਚਾ ਯੋਗਦਾਨ

ਗਦਰ ਪਾਰਟੀ ਲਹਿਰ ਦਾ ਭਾਰਤ ਦੇ ਸੁਤੰਤਰਤਾ ਸੰਗਰਾਮ ਵਿੱਚ ਬਹੁਤ ਵੱਡਾ ਯੋਗਦਾਨ ਹੈ। ਇਸ ਦੇ ਸਿਰਲੱਥ ਕੌਮੀ ਯੋਧਿਆਂ ਤੇ ਦੇਸ਼ ਭਗਤਾਂ ਨੇ ਬੇਮਿਸਾਲ ਕੁਰਬਾਨੀਆਂ ਕੀਤੀਆਂ। ਫਾਂਸੀਆਂ, ਕੈਦਾਂ, ਨਜ਼ਰਬੰਦੀਆਂ ਦੇ ਵੇਰਵੇ ਇਤਿਹਾਸਕ ਮਹੱਤਤਾ ਵਾਲੇ ਹਨ। ਰਾਮ ਸਿੰਘ ਮਜੀਠਾ ਨੇ ਗਦਰ ਪਾਰਟੀ ਦੀਆਂ ਕੁਰਬਾਨੀਆਂ ਬਾਰੇ ਨਿਮਨਲਿਖਤ ਵੇਰਵਾ ਦਿੱਤਾ ਹੈ :-

'ਕੁੱਲ ਬੰਦੇ ਜਿਨ੍ਹਾਂ ਨੂੰ ਫਾਂਸੀ ਦਿੱਤੀ ਗਈ ਜਾਂ ਮਾਰੇ ਗਏ ਜਾਂ ਅੰਡੇਮਾਨ ਵਿੱਚ ਭੁੱਖ ਹੜਤਾਲ ਨਾਲ ਸ਼ਹੀਦ ਹੋਏ, 145 ਸਨ, ਜਿਹੜੇ ਉਮਰ ਕੈਦ ਕੀਤੇ ਗਏ 306 ਅਤੇ ਜਿਨ੍ਹਾਂ ਨੂੰ ਹੋਰ ਘੱਟ ਸਜ਼ਾਵਾਂ ਹੋਈਆਂ 77, ਕੁੱਲ ਜੋੜ 528 ਹੈ। ਜਿਹੜਾ ਜੋੜ ਨਾ-ਮੁਕੰਮਲ ਖੋਜ 'ਤੇ ਆਧਾਰਤ ਹੈ। ਬੇਸ਼ਕ ਇਨ੍ਹਾਂ ਵਿੱਚ ਬਹੁ-ਗਿਣਤੀ ਸਿੱਖਾਂ ਦੀ ਸੀ, ਜਿਹੜੇ ਕਿ ਪੰਜਾਬ ਦੇ ਜ਼ਿਲ੍ਹਿਆਂ ਦੇ ਸਨ, ਪਰ ਹਿੰਦੂ ਤੇ ਮੁਸਲਮਾਨਾਂ ਨੇ ਵੀ ਇਸ ਵਿੱਚ ਖਾਸਾ ਹਿੱਸਾ ਪਾਇਆ ਹੈ, ਜਿਹੜਾ ਵਰਣਨਯੋਗ ਹੈ।"

"ਫੌਜੀਆਂ ਦੀ ਲਹਿਰ ਨੂੰ ਦੇਣ ਵੀ ਵਰਣਨਯੋਗ ਹੈ। ਉਨ੍ਹਾਂ ਵਿੱਚ 62 ਨੂੰ ਫਾਂਸੀ ਅਤੇ 190 ਨੂੰ ਉਮਰ ਕੈਦ, ਕਾਲਾ ਪਾਣੀ ਦੀ ਸਜ਼ਾ ਮਿਲੀ। ਇਨ੍ਹਾਂ ਵਿੱਚੋਂ ਬਹੁਤੇ ਪੰਜਵੀਂ ਲਾਈਟ ਇਨਫੈਂਟਰੀ ਸਿੰਘਾਪੁਰ (41 ਤੋਂ 125 ਤੱਕ) ਅਤੇ 130 ਬਲੋਚ ਦੇ 4 ਸ਼ਹੀਦ ਅਤੇ 59 ਉਮਰ ਕੈਦੀ ਸ਼ਾਮਲ ਹਨ।"[1]

ਭਾਰਤ ਦੇ ਸੁਤੰਤਰਤਾ ਸੰਗਰਾਮ ਦੇ ਇਤਿਹਾਸ ਵਿੱਚ ਗਦਰ ਲਹਿਰ ਦਾ ਯੋਗਦਾਨ, ਕੇਵਲ 1914-15 ਈ. ਦੀਆਂ ਇਤਿਹਾਸਕ ਘਟਨਾਵਾਂ ਤੱਕ ਹੀ ਸੀਮਿਤ ਨਹੀਂ ਰਿਹਾ,

[1] ਰਾਮ ਸਿੰਘ ਮਜੀਠਾ, *ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ*, ਭਾਗ-II, ਪੰਨਾ 437

ਸਗੋਂ ਗਦਰ ਪਾਰਟੀ ਅੰਦੋਲਨ ਦਾ ਸੁਤੰਤਰਤਾ ਸੰਗਰਾਮ ਦੀਆਂ ਅਗਾਮੀ ਕਾਲ ਵਿੱਚ ਉਭਰੀਆਂ ਲਹਿਰਾਂ ਨੂੰ ਜਨਮ ਦੇਣ ਵਿੱਚ ਵੀ ਬੜਾ ਵੱਡਾ ਹੱਥ ਹੈ, ਭਾਵੇਂ 1914-15 ਈ. ਵਿੱਚ ਗਦਰੀ ਇਨਕਲਾਬ ਸਫਲ ਨਾ ਹੋ ਸਕਿਆ, ਪਰ ਇਸ ਨੇ ਅਗਾਮੀ ਕਾਲ ਦੀਆਂ ਆਜ਼ਾਦੀ ਦੀਆਂ ਲਹਿਰਾਂ ਨੂੰ ਜਨਮ ਦੇਣ ਵਿੱਚ ਨਵੀਂ ਜਾਗ ਲਾ ਦਿੱਤੀ ਸੀ। ਅਮਰੀਕਾ ਵਿੱਚ ਵੀ ਗਦਰ ਪਾਰਟੀ ਨੂੰ ਨਵੇਂ ਸਿਰਿਓਂ ਜਥੇਬੰਦ ਕੀਤਾ ਗਿਆ ਅਤੇ 1917 ਈ. ਦੇ ਰੂਸੀ ਇਨਕਲਾਬ ਤੋਂ ਪ੍ਰਭਾਵਿਤ ਹੋ ਕੇ ਅਗਾਮੀ ਕਾਲ ਦੀਆਂ ਖੱਬੀਆਂ ਇਨਕਲਾਬੀ ਲਹਿਰਾਂ ਵਿੱਚ ਇਸ ਲਹਿਰ ਦਾ ਪ੍ਰਭਾਵ ਵਿਆਪਕ ਰੂਪ ਵਿੱਚ ਵੇਖਿਆ ਜਾ ਸਕਦਾ ਹੈ, ਜਿਸ ਬਾਰੇ ਵਰਨਣ ਅੱਗੇ ਜਾ ਕੇ ਢੁਕਵੇਂ ਪ੍ਰਕਰਨਾਂ ਵਿੱਚ ਕੀਤਾ ਜਾਵੇਗਾ। ਗਦਰ ਲਹਿਰ ਦਾ ਪ੍ਰਭਾਵ ਕਿਰਤੀ ਤੇ ਕਮਿਊਨਿਸਟ ਪਾਰਟੀ ਤੋਂ ਬਿਨਾਂ ਕਾਂਗਰਸ, ਸਮਾਜਵਾਦੀ ਪਾਰਟੀ ਤੇ ਆਜ਼ਾਦ ਹਿੰਦ ਫੌਜ ਤੇ 1946 ਦੀਆਂ ਨੇਵੀ ਦੀਆਂ ਬਗਾਵਤਾਂ ਤੱਕ ਵੇਖਿਆ ਜਾ ਸਕਦਾ ਹੈ।

## ਗਦਰ ਲਹਿਰ ਤੇ ਨਾਮਧਾਰੀ ਮੱਤ

ਇੱਥੇ ਵਰਣਨ ਕਰ ਦੇਣਾ ਉਚਿਤ ਪ੍ਰਤੀਤ ਹੁੰਦਾ ਹੈ ਕਿ ਗਦਰ ਲਹਿਰ ਦੇ ਬਾਨੀ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ, ਨਾਮਧਾਰੀ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਦੇ ਬਾਬਾ ਕੇਸਰ ਸਿੰਘ ਮਹਾਵਾ ਵਰਗੇ ਉੱਘੇ ਨਾਮਧਾਰੀ ਸੇਵਕਾਂ ਤੋਂ ਪ੍ਰਭਾਵਿਤ ਹੋਏ ਸਨ। ਗਦਰ ਪਾਰਟੀ ਵੱਲੋਂ ਸਮੇਂ-ਸਮੇਂ ਸਿਰ ਪ੍ਰਕਾਸ਼ਿਤ ਅਖਬਾਰ 'ਗਦਰ ਹਿੰਦੁਸਤਾਨ' ਅਤੇ 'ਗਦਰੀ ਗੂੰਜਾਂ' ਛਾਪੇ ਗਏ।• 'ਗਦਰੀ ਗੂੰਜਾਂ' ਦੀਆਂ ਕਵਿਤਾਵਾਂ ਵਿੱਚ ਥਾਂ-ਥਾਂ ਤੇ ਕੂਕਾ ਲਹਿਰ ਦੇ ਅਨੇਕ ਹਵਾਲੇ ਮਿਲ ਜਾਂਦੇ ਹਨ, ਜਿਨ੍ਹਾਂ ਵਿੱਚ ਨਾਮਧਾਰੀਆਂ ਦੇ ਸੁਤੰਤਰਤਾ ਸੰਗਰਾਮ ਬਾਰੇ ਪਾਏ ਗਏ ਯੋਗਦਾਨ ਦਾ ਬੜਾ ਸ਼ਰਧਾਪੂਰਵਕ ਵਰਣਨ ਕੀਤਾ ਗਿਆ ਹੈ ਅਤੇ ਉਸਨੂੰ ਤਤਕਾਲਿਕ ਸੁਤੰਤਰਤਾ-ਸੰਗਰਾਮ ਦੀਆਂ ਲਹਿਰਾਂ ਦੇ ਪ੍ਰੇਰਨਾ ਸਰੋਤ ਵਜੋਂ ਸਲਾਹਿਆ ਗਿਆ ਹੈ।

ਸਤਿਗੁਰੂ ਪਰਤਾਪ ਸਿੰਘ ਜੀ ਦੀ ਅਗਵਾਈ ਵਿੱਚ ਨਾਮਧਾਰੀ ਮੱਤ ਨੇ 1910 ਈ. ਤੋਂ 1920 ਈ. ਦੇ ਦਹਾਕੇ ਵਿੱਚ ਅਨੇਕ ਪੱਖਾਂ ਤੋਂ ਉਨਤੀ ਕੀਤੀ ਅਤੇ ਕਈ ਪੱਖਾਂ ਤੋਂ ਨਵੀਆਂ ਮੰਜ਼ਲਾਂ ਵੱਲ ਅੱਗੇ ਵਧਣ ਦਾ ਯਤਨ ਕੀਤਾ।

ਮੁੱਖ ਰੂਪ ਵਿੱਚ ਤਾਂ ਨਾਮਧਾਰੀ ਮੱਤ ਦਾ ਆਧਾਰ ਸਤਿਗੁਰੂ ਰਾਮ ਸਿੰਘ ਜੀ ਦੀ ਸਥਾਪਤ ਕੀਤੀ ਹੋਈ ਧਾਰਮਿਕ ਮਰਯਾਦਾ ਹੀ ਸੀ, ਜਿਸਨੇ ਆਚਰਣਕ ਤੌਰ 'ਤੇ ਨਾਮਧਾਰੀਆਂ ਦੇ ਆਦਰਸ਼ਕ ਕਿਰਦਾਰ ਨੂੰ ਹੋਰ ਮਜ਼ਬੂਤ ਕੀਤਾ। ਸਤਿਗੁਰੂ ਪਰਤਾਪ ਸਿੰਘ ਜੀ ਨੇ ਬਹੁਪੱਖੀ ਦਿਸ਼ਾਵਾਂ ਵੱਲ ਨਾਮਧਾਰੀਆਂ ਅੰਦਰ ਪ੍ਰੇਰਨਾ ਜਗਾਈ। ਸਤਿਗੁਰੂ ਜੀ ਦੇ ਧਾਰਮਿਕ ਦੀਵਾਨਾਂ ਦੀ ਮਰਯਾਦਾ ਨਿਰੰਤਰ ਜਾਰੀ ਰਹੀ। ਹੋਲੇ ਦੇ ਪੁਰਬ, ਨਿਮਾਣੀ ਦਾ ਮੇਲਾ ਅਤੇ ਸਤਿਗੁਰੂ ਜੀ ਵੱਖ-ਵੱਖ ਜ਼ਿਲ੍ਹਿਆਂ ਦਾ ਦੌਰਾ ਕਰਕੇ ਸਾਧ ਸੰਗਤ ਨੂੰ ਨਿਹਾਲ ਕਰਦੇ ਰਹੇ। ਇਸ ਕਾਲ ਵਿੱਚ ਬਹੁਤ ਸਾਰੇ ਉੱਚ ਕੋਟੀ ਦੇ ਸਾਧ ਸੰਤ ਜੋ

• ਪਿੰਡ ਭੈਣੀ ਰਾਈਆਂ ਦੇ ਨਾਮਧਾਰੀ ਸਿੰਘ ਭਾਈ ਹਜ਼ਾਰਾ ਸਿੰਘ ਜੋ ਫੌਜ ਵਿੱਚ ਸਨ, ਗਦਰ ਲਹਿਰ ਵਿੱਚ ਸ਼ਾਮਿਲ ਹੋਣ ਕਰਕੇ ਫਾਹੇ ਲਾਏ ਗਏ ਸਨ।

Namdhari Elibrary NamdhariElibrary@gmail.com

ਸਤਿਗੁਰੂ ਜੀ ਤੋਂ ਵਿਰੋਸਾਏ ਗਏ ਸਨ, ਆਪਣੀ-ਆਪਣੀ ਵਿੱਤ ਅਨੁਸਾਰ ਨਾਮਧਾਰੀ ਦੀਵਾਨ ਲਾਉਂਦੇ ਅਤੇ ਧਾਰਮਿਕ ਰਹਿਤ ਮਰਯਾਦਾ ਵਿੱਚ ਪੱਕੇ ਰਹਿਣ ਤੋਂ ਬਿਨਾਂ ਅੰਗਰੇਜ਼ ਸਾਮਰਾਜ ਵਿਰੁੱਧ ਆਵਾਜ਼ ਵੀ ਉਠਾਉਂਦੇ ਰਹੇ, ਤੇ ਸੁਤੰਤਰਤਾ ਸੰਗਰਾਮ ਦੀਆਂ ਲਹਿਰਾਂ ਨਾਲ ਸਹਿਯੋਗ ਵੀ ਕਰਦੇ ਰਹੇ। ਵਿਦੇਸ਼ੀ ਸਰਕਾਰ ਨਾਲ ਨਾ-ਮਿਲਵਰਤਣ ਦਾ ਵਰਤਾਰਾ ਲਗਾਤਾਰ ਚੱਲਦਾ ਹੀ ਰਿਹਾ। ਸਤਿਗੁਰੂ ਪਰਤਾਪ ਸਿੰਘ ਜੀ ਨੇ ਇਸ ਕਾਲ ਵਿੱਚ ਪਸ਼ੂ ਧਨ ਦੀ ਵ੍ਰਿਧੀ ਵੱਲ ਉਚੇਚਾ ਧਿਆਨ ਦਿੱਤਾ। ਚੰਗੀ ਨਸਲ ਦੇ ਘੋੜੇ, ਗਊਆਂ, ਮੱਝਾਂ ਦੀ ਨਸਲ ਸੁਧਾਰ ਨੂੰ ਆਪਣੇ ਧਰਮ-ਕਰਮ ਵਾਂਗ ਹੀ ਅਪਣਾ ਲਿਆ। ਆਪ ਨਿਯਮਿਤ ਤੌਰ ਤੇ ਹਰ ਸਾਲ ਮੁਕਤਸਰ, ਮਾਘੀ ਦੇ ਸਮੇਂ ਅਤੇ ਅੰਮ੍ਰਿਤਸਰ ਦੀਵਾਲੀ ਦੇ ਸਮੇਂ ਦਰਸ਼ਨ ਜ਼ਰੂਰ ਦਿੰਦੇ ਸਨ।

ਸੰਤ ਤਰਨ ਸਿੰਘ ਵਹਿਮੀ ਨੇ ਇਸ ਕਾਲ ਦੇ ਬਹੁਤ ਸਾਰੇ ਨਾਮਧਾਰੀ ਸੰਤਾਂ ਦਾ ਵਰਣਨ ਕੀਤਾ ਹੈ, ਜੋ ਪ੍ਰਮੁੱਖ ਹਸਤੀਆਂ ਵਜੋਂ ਨਾਮਧਾਰੀ ਪੰਥ ਦਾ ਸ਼ਿੰਗਾਰ ਸਨ ਅਤੇ ਆਪਣੇ-ਆਪਣੇ ਢੰਗ ਨਾਲ ਵੱਖ-ਵੱਖ ਥਾਵਾਂ 'ਤੇ ਦੀਵਾਨ ਲਾ ਕੇ ਨਾਮਧਾਰੀ ਸਤਿਗੁਰੂ ਅਤੇ ਨਾਮਧਾਰੀ ਪੰਥ ਦੀ ਸ਼ਾਨ ਅਤੇ ਸ਼ੋਭਾ ਵਿੱਚ ਕੇਵਲ ਵਾਧਾ ਹੀ ਨਹੀਂ ਸਨ ਕਰ ਰਹੇ, ਸਗੋਂ ਆਪਣੀ ਕਰਨੀ, ਕੀਰਤੀ ਅਤੇ ਪ੍ਰਚਾਰ ਰਾਹੀਂ ਨਾਮਧਾਰੀ ਪੰਥ ਵਿੱਚ ਲਗਾਤਾਰ ਵ੍ਰਿਧੀ (ਵਾਧਾ) ਕਰ ਰਹੇ ਸਨ। ਇਨ੍ਹਾਂ ਵਿੱਚੋਂ ਕੁਝ ਇੱਕ ਸੰਤ ਸਮੂਹ ਦੇ ਨਾਮ ਹਨ — ਸੰਤ ਮੰਗਲ ਸਿੰਘ 'ਅਰਸ਼ੀ ਫਰਿਸ਼ਤਾ', ਸੰਤ ਲਾਲ ਸਿੰਘ ਭੂਰੇ ਗਿੱਲ, ਸੰਤ ਆਲਾ ਸਿੰਘ, ਸੰਤ ਧਿਆਨ ਸਿੰਘ, ਸੰਤ ਕੇਸਰ ਸਿੰਘ ਚੂੰਪ, ਸੰਤ ਕੇਸਰ ਸਿੰਘ ਚਵਿੰਡੇ ਵਾਲੇ, ਸੰਤ ਕੇਸਰ ਸਿੰਘ ਮਹਾਵਾ, ਸੰਤ ਭਗਤ ਸਿੰਘ ਜੀ ਦਾਤੇਵਾਲ, ਸੂਬਾ ਮਾਤਾ ਹੁਕਮੀ ਆਦਿ।

Namdhari Elibrary NamdhariElibrary@gmail.com

ਅਧਿਆਇ 6

# ਸੁਤੰਤਰਤਾ ਸੰਗਰਾਮ ਦੇ ਨਵੇਂ ਦੌਰ ਦਾ ਆਰੰਭ (1919-1929)

## 1. ਸੁਤੰਤਰਤਾ ਸੰਗਰਾਮ ਦੇ ਨਵੇਂ ਦੌਰ ਦਾ ਆਰੰਭ

1919 ਈ. ਤੋਂ 1929 ਈ. ਦੇ ਦਹਾਕੇ ਨੂੰ ਸਮੁੱਚੇ ਭਾਰਤ ਦੀ ਕੌਮੀ ਜਾਗ੍ਰਿਤੀ ਦੇ ਉਥਾਨ ਦੇ ਨਵੇਂ ਦੌਰ ਦਾ ਆਰੰਭ ਮੰਨਿਆ ਜਾ ਸਕਦਾ ਹੈ। ਭਾਵੇਂ ਇਸ ਤੋਂ ਪੂਰਵਲੇ ਦਹਾਕੇ, 1910 ਤੋਂ 1919 ਵਿੱਚ ਭਾਰਤ ਦੀਆਂ ਆਜ਼ਾਦੀ ਦੀਆਂ ਲਹਿਰਾਂ ਪੂਰੇ ਜ਼ੋਰ-ਸ਼ੋਰ ਨਾਲ ਸਰਗਰਮ ਰਹੀਆਂ। ਇੰਡੀਅਨ ਨੈਸ਼ਨਲ ਕਾਂਗਰਸ ਭਾਵੇਂ ਆਪਣੇ ਸੁਧਾਰਵਾਦੀ ਸੁਭਾਅ ਦੁਆਰਾ ਅੰਗਰੇਜ਼ ਸਰਕਾਰ ਦੀ ਜੰਗ ਦੀ ਭਰਤੀ ਦੀ ਨੀਤੀ ਦਾ ਸਮਰਥਨ ਕਰਦੀ ਰਹੀ ਅਤੇ ਨਾਲੋਂ ਨਾਲ ਆਪਣੀਆਂ ਹੋਮ ਰੂਲ ਵਰਗੀਆਂ ਮੰਗਾਂ ਆਪਣੇ ਕੌਮੀ ਇਜਲਾਸਾਂ ਵਿੱਚ ਪੇਸ਼ ਕਰਦੀ ਰਹੀ ਸੀ। ਇਸ ਦੇ ਨਾਲ ਹੀ 1913-14 ਈ. ਤੋਂ ਬਾਅਦ ਗ਼ਦਰ ਪਾਰਟੀ ਨੇ ਹਥਿਆਰਬੰਦ ਸੰਘਰਸ਼ਾਂ ਦੁਆਰਾ ਅੰਗਰੇਜ਼ੀ ਸਰਕਾਰ ਵਿਰੁੱਧ ਹਥਿਆਰਬੰਦ ਬਗਾਵਤ ਦਾ ਝੰਡਾ ਬੁਲੰਦ ਕੀਤਾ ਅਤੇ ਦੇਸ਼ ਦੀ ਸੁਤੰਤਰਤਾ ਖ਼ਾਤਰ ਵੱਡੀਆਂ ਕੁਰਬਾਨੀਆਂ ਕੀਤੀਆਂ, ਜੋ ਭਾਰਤ ਦੇ ਸੁਤੰਤਰਤਾ ਸੰਗਰਾਮ ਦੇ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖੇ ਗਏ ਯਾਦਗਾਰੀ ਕਾਰਨਾਮੇ ਸਨ। ਇਨ੍ਹਾਂ ਕੌਮੀ ਲਹਿਰਾਂ ਨੂੰ ਦਬਾਉਣ ਲਈ ਮਾਈਕਲ ਓਡਵਾਇਰ ਵਰਗੇ ਕਠੋਰ ਤੇ ਹੈਂਕੜਬਾਜ਼ ਪੰਜਾਬ ਦੇ ਗਵਰਨਰ ਨੇ ਘੋਰ ਤਸ਼ੱਦਦ ਨੂੰ ਜਾਰੀ ਰੱਖ ਕੇ, ਇਨ੍ਹਾਂ ਨੂੰ ਦਬਾਉਣ ਦੇ ਸਿਰਤੋੜ ਯਤਨ ਕੀਤੇ। ਲੱਗਭਗ ਇੱਕ ਲੱਖ ਦੀ ਗਿਣਤੀ ਦੀ ਸੈਨਿਕਾਂ ਦੀ ਜੰਗੀ ਭਰਤੀ, ਜੋ ਵੱਖ-ਵੱਖ ਦੇਸ਼ਾਂ ਵਿੱਚ ਅੰਗਰੇਜ਼ਾਂ ਦੀ ਖ਼ਾਤਰ ਕਈ ਮੋਰਚਿਆਂ 'ਤੇ ਲੜੀ ਅਤੇ ਸੈਂਕੜਿਆਂ ਦੀ ਗਿਣਤੀ ਵਿੱਚ ਸੈਨਿਕ ਲੜਾਈ ਵਿੱਚ ਮਾਰੇ ਗਏ। ਪੰਜਾਬ ਦੇ ਲੋਕਾਂ ਨੂੰ, ਵਿਸ਼ੇਸ਼ ਕਰਕੇ, 11 ਨਵੰਬਰ, 1918 ਈ. ਦੇ ਪਹਿਲੇ ਵਿਸ਼ਵ ਯੁੱਧ ਦੀ ਸਮਾਪਤੀ ਤੋਂ ਪਿਛੋਂ ਕੌਮੀ ਨੇਤਾਵਾਂ ਅਤੇ ਫੌਜੀ ਸੈਨਿਕਾਂ ਨੂੰ ਇਹ ਆਸ ਸੀ ਕਿ ਅੰਗਰੇਜ਼ ਸਰਕਾਰ ਉਨ੍ਹਾਂ ਦੀਆਂ ਸੇਵਾਵਾਂ ਦਾ ਆਦਰ ਕਰੇਗੀ ਅਤੇ ਭਾਰਤੀ ਲੋਕਾਂ ਨੂੰ ਉਨ੍ਹਾਂ ਦੀਆਂ ਜੰਗੀ ਸੇਵਾਵਾਂ ਤੇ ਫੌਜੀ ਬਹਾਦਰੀ ਦੀਆਂ ਕਾਰਵਾਈਆਂ ਨੂੰ ਧਿਆਨ ਵਿੱਚ ਰੱਖਦੀ ਹੋਈ, ਲੋਕਾਂ ਨੂੰ ਕੁਝ ਰਿਆਇਤਾਂ ਦੇਵੇਗੀ। ਪਰ ਗੱਲ ਇਸ ਤੋਂ ਬਿਲਕੁਲ ਉਲਟ ਹੋਈ। ਪਿੰਡਾਂ ਵਿੱਚ ਪਰਤੇ ਫੌਜੀਆਂ ਨੂੰ ਲੋਕਾਂ ਨੇ ਸਰਕਾਰੀ ਅਫਸਰਾਂ ਵੱਲੋਂ ਉਨ੍ਹਾਂ ਉੱਤੇ ਢਾਹੇ ਗਏ ਤਸ਼ੱਦਦ ਬਾਰੇ ਦੱਸਿਆ ਕਿ

Namdhari Elibrary NamdhariElibrary@gmail.com

ਕਿਵੇਂ ਉਨ੍ਹਾਂ ਕੋਲੋਂ ਜ਼ਬਰਦਸਤੀ ਫੌਜੀ ਭਰਤੀ ਕਰਵਾਈ ਗਈ ਸੀ ਅਤੇ ਤੱਦੀ ਦੇ ਕੇ ਜੰਗੀ ਫੰਡ ਉਗਰਾਹਿਆ ਗਿਆ ਸੀ। ਸੈਂਕੜੇ ਦੇਸ਼ ਭਗਤਾਂ ਨੂੰ ਫਾਂਸੀਆਂ, ਕੈਦਾਂ ਅਤੇ ਨਜ਼ਰ ਬੰਦੀਆਂ ਦਾ ਸ਼ਿਕਾਰ ਹੋਣਾ ਪਿਆ। ਸਰਕਾਰੀ ਕਰ ਦੁਗਣੇ ਕਰ ਦਿੱਤੇ ਗਏ। ਜਿਨਸਾਂ ਦੀਆਂ ਕੀਮਤਾਂ ਅਸਮਾਨੀ ਚੜ੍ਹ ਗਈਆਂ। ਆਮ ਲੋਕਾਂ ਦਾ ਜਿਊਣਾ ਦੂਭਰ ਹੋ ਗਿਆ। ਇਨਫਲੂਐਂਜ਼ਾ ਦੀ ਮਹਾਂਮਾਰੀ ਨੇ ਇੱਕ ਲੱਖ ਬੰਦਿਆਂ ਨੂੰ ਮੌਤ ਦੀ ਗ੍ਰਾਹੀ ਬਣਾ ਲਿਆ, ਫਿਰ ਵਾਧਾ ਇਹ ਕਿ ਉਸ ਸਾਲ ਫ਼ਸਲਾਂ ਵੀ ਚੰਗੀਆਂ ਨਾ ਹੋਈਆਂ। ਸਾਰੇ ਸੂਬੇ ਵਿੱਚ ਨਿਰਾਸ਼ਾ ਦਾ ਦੌਰ ਦੌਰਾ ਸੀ, ਸੁਤੰਤਰਤਾ ਸੰਗਰਾਮ ਵਿਚ ਹਿੱਸਾ ਲੈਣ ਵਾਲਿਆਂ ਬਾਰੇ ਮਾਈਕਲ ਓਡਵਾਇਰ, ਜੋ ਸਭ ਤੋਂ ਜ਼ਾਲਮ ਹਾਕਮ ਸੀ, ਇਹ ਕਹਿੰਦਾ ਹੁੰਦਾ ਸੀ ਕਿ ਸਵਰਾਜ ਦੀ ਮੰਗ ਤਾਂ ਸ਼ਹਿਰੀ ਪੜ੍ਹੇ ਲਿਖੇ ਬੰਦਿਆਂ ਅਤੇ ਕੁਝ ਸਿਰ ਫਿਰੇ ਵਕੀਲਾਂ ਵੱਲੋਂ ਉਠਾਈ ਜਾ ਰਹੀ ਹੈ। (ਕੀ ਉਸਨੂੰ ਉਨ੍ਹਾਂ ਦੇਸ਼-ਭਗਤ ਗਦਰੀ ਯੋਧਿਆਂ ਦੀਆਂ ਕੁਰਬਾਨੀਆਂ ਭੁੱਲ ਗਈਆਂ ਸਨ, ਜਿਨ੍ਹਾਂ ਨੂੰ ਉਸਨੇ ਸਖ਼ਤ ਸਜ਼ਾਵਾਂ ਦੇਣ ਤੋਂ ਗੁਰੇਜ਼ ਨਹੀਂ ਸੀ ਕੀਤਾ ਅਤੇ ਜਿਨ੍ਹਾਂ ਨੇ ਉਸ ਦੀ ਨੀਂਦ ਹਰਾਮ ਕਰ ਛੱਡੀ ਸੀ ?) ਸਰਕਾਰ ਦੇ ਅਜਿਹੇ ਜ਼ੁਲਮ ਤਸ਼ੱਦਦ ਦੇ ਕਾਲੇ ਦਿਨਾਂ ਦੀ ਕੁੱਖ ਵਿੱਚੋਂ ਹੀ ਨਵੀਆਂ ਇਨਕਲਾਬੀ ਲਹਿਰਾਂ ਪੈਦਾ ਹੁੰਦੀਆਂ ਹਨ। ਪ੍ਰਸਿੱਧ ਇਨਕਲਾਬੀ ਰੂਸੀ ਨੇਤਾ ਲੈਨਿਨ ਦਾ ਕਥਨ ਹੈ ਕਿ ਪ੍ਰਤੀਗਾਮੀ ਜ਼ੁਲਮਾਂ ਦੇ ਦੌਰ ਦੀ ਕੁੱਖ ਵਿੱਚੋਂ ਹੀ ਇਨਕਲਾਬੀ ਸੰਭਾਵਨਾਵਾਂ ਜਨਮ ਲੈਂਦੀਆਂ ਹਨ। ਭਾਰਤ ਦੇ ਇਤਿਹਾਸ ਵਿਚ ਵੀ 1919 ਈ. ਵਿੱਚ ਅਜਿਹੀਆਂ ਕ੍ਰਾਂਤੀਕਾਰੀ ਸੰਭਾਵਨਾਵਾਂ ਦਾ ਦੌਰ ਆਰੰਭ ਹੋ ਚੁੱਕਾ ਸੀ।

ਬਰਤਾਨਵੀ ਸਰਕਾਰ ਨੇ ਲੋਕਾਂ ਦੇ ਜ਼ਖਮਾਂ ਉੱਤੇ ਮਲ੍ਹਮ ਲਾਉਣ ਦੀ ਥਾਂ ਰੌਲਟ ਐਕਟ ਲਾਗੂ ਕਰ ਦਿੱਤਾ ਸੀ, ਜਿਸ ਕਾਨੂੰਨ ਬਾਰੇ ਇਹ ਲੋਕ ਅਖਾਣ ਬਣ ਗਿਆ ਸੀ, 'ਨਾ ਦਲੀਲ, ਨਾ ਅਪੀਲ, ਨਾ ਵਕੀਲ।'

## 2. 1919 ਈ. ਦੀ ਖੂਨੀ ਵਿਸਾਖੀ

ਭਾਰਤ ਦੇ ਇਤਿਹਾਸ ਵਿਚ 13 ਅਪ੍ਰੈਲ, 1919 ਈ. ਦਾ ਜਲ੍ਹਿਆਂਵਾਲੇ ਬਾਗ ਦਾ ਖੂਨੀ ਹੱਤਿਆਕਾਂਡ ਬੜੀ ਵਿਸ਼ੇਸ਼ਤਾ ਦਾ ਧਾਰਨੀ ਹੈ, ਕਿਉਂ ਜੋ ਇਸ ਨਾਲ ਭਾਰਤ ਦੇ ਸਮੁੱਚੇ ਕੌਮੀ ਇਤਿਹਾਸ ਵਿੱਚ ਇੱਕ ਨਵਾਂ ਮੋੜ ਆਇਆ ਅਤੇ ਜੰਗੇ-ਆਜ਼ਾਦੀ ਨਵੇਂ ਦੌਰ ਵਿੱਚ ਦਾਖਲ ਹੋਈ। ਰੌਲਟ ਐਕਟ ਵਰਗੇ ਕਾਲੇ ਕਾਨੂੰਨ ਵਿਰੁੱਧ ਜ਼ਬਰਦਸਤ ਰੋਸ ਦੀ ਲਹਿਰ ਉਭਰੀ ਅਤੇ ਮਹਾਤਮਾ ਗਾਂਧੀ ਵਰਗੇ ਕੌਮੀ ਨੇਤਾ ਨੇ ਇਸ ਵਿਰੁੱਧ ਜ਼ਬਰਦਸਤ ਆਵਾਜ਼ ਉਠਾਈ, ਰਾਸ਼ਟਰ ਵਿਆਪੀ ਹੜਤਾਲਾਂ ਦਾ ਸੱਦਾ ਦਿੱਤਾ। ਦੂਜੇ ਬੰਨੇ ਮਾਈਕਲ ਓਡਵਾਈਰ ਵਰਗੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਵੀ ਇਸ ਲਹਿਰ ਨੂੰ ਦਬਾਉਣ ਲਈ ਸਖ਼ਤ ਕਦਮ ਚੁੱਕੇ। ਅਜਿਹਾ ਨਾਜ਼ੁਕ ਮੌਕਾ ਦੇਸ਼ ਦੇ ਇਤਿਹਾਸ ਵਿੱਚ ਪਹਿਲਾਂ ਕਦੇ ਨਹੀਂ ਸੀ ਆਇਆ। ਇਸ ਕੌਮੀ ਸੰਗਰਾਮ ਦਾ ਕੇਂਦਰ ਵੀ ਅੰਮ੍ਰਿਤਸਰ ਹੀ ਬਣ ਗਿਆ। ਇਸ ਸਮੇਂ ਤੱਕ ਇੰਡੀਅਨ ਨੈਸ਼ਨਲ ਕਾਂਗਰਸ ਵਰਗੀ ਜਥੇਬੰਦੀ, ਜੋ ਆਪਣੀਆਂ ਸਰਗਰਮੀਆਂ ਨੂੰ ਪਿਛਲੇ ਤਿੰਨਾਂ ਦਹਾਕਿਆਂ ਤੋਂ ਵੀ ਵਧੀਕ ਸਮੇਂ ਤੋਂ ਚਲਾ ਰਹੀ ਸੀ,

Namdhari Elibrary NamdhariElibrary@gmail.com

ਵਿੱਚ ਨਵੀਂ ਚੇਤਨਤਾ ਦਾ ਉਭਾਰ ਹੋਇਆ। ਮੋਤੀ ਲਾਲ ਨਹਿਰੂ, ਲਾਲਾ ਲਾਜਪਤ ਰਾਏ ਵਰਗੇ ਰਾਸ਼ਟਰੀ ਨੇਤਾ ਮਹਾਤਮਾ ਗਾਂਧੀ ਦੀ ਅਗਵਾਈ ਵਿੱਚ ਸਤਿਆਗ੍ਰਹਿ ਕਰਨ ਲਈ ਪੂਰੀ ਤਿਆਰੀ ਕਰਨ ਲੱਗੇ।

ਪੰਜਾਬ ਵਿੱਚ ਵੀ ਡਾਕਟਰ ਸਤਿਆਪਾਲ, ਡਾ. ਸੈਫੂਦੀਨ ਕਿਚਲੂ ਵਰਗੇ ਕੌਮੀ ਨੇਤਾ ਇਸ ਲਹਿਰ ਦੀ ਅਗਵਾਈ ਕਰ ਰਹੇ ਸਨ। ਇਥੇ ਚੇਤੇ ਕਰਵਾਇਆ ਜਾਂਦਾ ਹੈ ਕਿ ਮਹਾਤਮਾ ਗਾਂਧੀ ਜੀ ਨੇ ਕੌਮੀ ਸਤਿਆਗ੍ਰਹਿ ਤੇ ਅਹਿੰਸਾਵਾਦੀ ਅੰਦੋਲਨ ਦੇ ਮਾਰਗ ਨੂੰ ਪੂਰੀ ਤਰ੍ਹਾਂ ਅਪਣਾ ਲਿਆ ਸੀ।

ਇਥੇ ਨਾਮਧਾਰੀ ਮੱਤ ਦੇ ਸੁਤੰਤਰਤਾ ਸੰਗਰਾਮ ਦਾ ਵਰਣਨ ਕਰਨਾ ਵੀ ਜ਼ਰੂਰੀ ਪ੍ਰਤੀਤ ਹੁੰਦਾ ਹੈ। ਕਿਉਂ ਜੋ ਮਹਾਤਮਾ ਗਾਂਧੀ ਦੇ ਰਾਸ਼ਟਰੀ ਸੰਗਰਾਮ ਦੀ ਰੂਪ-ਰੇਖਾ ਨੂੰ ਉਸਾਰਨ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੀ ਚਲਾਈ ਹੋਈ ਨਾ-ਮਿਲਵਰਤਨ ਦੀ ਲਹਿਰ ਨੂੰ ਗਾਂਧੀ ਜੀ ਨੇ ਅਪਣਾ ਲਿਆ ਸੀ। ਇਸ ਦੌਰਾਨ ਬਹੁਤ ਸਾਰੇ ਨਾਮਧਾਰੀ ਮੱਤ ਦੇ ਅਨੁਆਈ ਅਤੇ ਮਹਾਰਾਜ ਗੁਰਦਿਆਲ ਸਿੰਘ ਤੇ ਮਹਾਰਾਜ ਨਿਹਾਲ ਸਿੰਘ, ਸੰਤ ਨਿਧਾਨ ਸਿੰਘ ਆਲਮ, ਮੰਗਲ ਸਿੰਘ ਅਰਸ਼ੀ ਫਰਿਸ਼ਤਾ, ਇੰਦਰ ਸਿੰਘ ਚਕਰਵਰਤੀ, ਪੰਡਿਤ ਮਨਸ਼ਾ ਸਿੰਘ ਭਰਥਲਾ ਅਤੇ ਵੱਡੀ ਗਿਣਤੀ ਵਿੱਚ ਨਾਮਧਾਰੀ ਇਸ ਲਹਿਰ ਵਿੱਚ ਸ਼ਾਮਲ ਹੋ ਕੇ ਇੰਡੀਅਨ ਨੈਸ਼ਨਲ ਕਾਂਗਰਸ ਨਾਲ ਆਪਣਾ ਪੱਕਾ ਨਾਤਾ ਜੋੜ ਚੁੱਕੇ ਸਨ। ਦੋਹਾਂ ਧਿਰਾਂ ਨਾਮਧਾਰੀ ਅਤੇ ਕਾਂਗਰਸੀ ਇਸ ਸਾਂਝੀ ਕੌਮੀ ਨੀਤੀ ਅਤੇ ਸੰਘਰਸ਼ ਦੇ ਇਸ ਅਹਿੰਸਾਵਾਦੀ ਸਰੂਪ ਨੂੰ ਸੱਚੇ ਦਿਲੋਂ ਅਪਣਾ ਚੁੱਕੇ ਸਨ। ਨਾਮਧਾਰੀਆਂ ਅਤੇ ਕਾਂਗਰਸੀਆਂ ਦੀ ਇਹ ਪੱਕੀ ਸਾਂਝ, 1947 ਈ. ਵਿੱਚ ਸੁਤੰਤਰਤਾ ਪ੍ਰਾਪਤੀ ਤੱਕ ਪੂਰੀ ਤਰ੍ਹਾਂ ਨਿਭੀ ਹੈ। ਸਗੋਂ, ਸੱਚ ਤਾਂ ਇਹ ਹੈ ਕਿ ਗਾਂਧੀ ਜੀ ਦੇ ਨਾ-ਮਿਲਵਰਤਨ ਦੇ ਅੰਦੋਲਨ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੀ ਨਿਰਧਾਰਿਤ ਨੀਤੀ ਦਾ ਹੀ ਸਮਰਥਨ ਤੇ ਦੁਹਰਾਓ ਵੇਖਿਆ ਜਾ ਸਕਦਾ ਹੈ।

ਪੰਜਾਬ ਦੇ ਗਵਰਨਰ ਵੱਲੋਂ ਗ਼ਦਰੀਆਂ ਅਤੇ ਹੋਰ ਦੇਸ਼ ਭਗਤਾਂ ਦੀਆਂ ਕ੍ਰਾਂਤੀਕਾਰੀ ਕਾਰਵਾਈਆਂ ਨੂੰ ਦਬਾਉਣ ਲਈ ਰੌਲਟ ਐਕਟ ਬਣਾਇਆ ਗਿਆ ਸੀ। ਇਸ ਲਈ ਪੰਜਾਬ ਅਤੇ ਵਿਸ਼ੇਸ਼ ਕਰਕੇ ਅੰਮ੍ਰਿਤਸਰ ਦੇ ਹਾਲਾਤ ਇਸ ਵਿਸਫੋਟਕ ਸਥਿਤੀ ਨੂੰ ਉਤਪੰਨ ਕਰਨ ਦਾ ਕਾਰਨ ਬਣੇ। 30 ਮਾਰਚ, 1919 ਈ. ਨੂੰ ਮਹਾਤਮਾ ਗਾਂਧੀ ਨੇ ਇਸ ਕਾਲੇ ਕਾਨੂੰਨ ਵਿਰੁੱਧ ਦੇਸ਼ ਵਿਆਪੀ ਹੜਤਾਲ ਦਾ ਸੱਦਾ ਦਿੱਤਾ ਜਿਸ ਨੂੰ ਦਿੱਲੀ ਅਤੇ ਹੋਰ ਨਗਰਾਂ ਵਿੱਚ ਭਰਵਾਂ ਹੁੰਗਾਰਾ ਮਿਲਿਆ। ਮਹਾਤਮਾ ਗਾਂਧੀ ਜੀ ਨੂੰ 6 ਅਪ੍ਰੈਲ, 1919 ਈ. ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਸੇ ਦਿਨ ਅੰਮ੍ਰਿਤਸਰ ਵਿਖੇ ਸ਼ਹਿਰ ਵਿੱਚ ਪੂਰਨ ਹੜਤਾਲ ਕੀਤੀ ਗਈ ਅਤੇ ਹਿੰਦੂ, ਮੁਸਲਿਮ, ਸਿੱਖਾਂ ਦੀ ਏਕਤਾ ਦਾ ਸ਼ਾਨਦਾਰ ਪ੍ਰਦਰਸ਼ਨ ਵੇਖਣ ਵਿੱਚ ਆਇਆ। ਪੰਜਾਬ ਦੇ ਗਵਰਨਰ ਨੇ ਇਸ ਸਾਰੀ ਸਥਿਤੀ ਨੂੰ ਧਿਆਨ ਵਿੱਚ ਰੱਖ ਕੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਆਦੇਸ਼ ਕੀਤਾ ਕਿ ਉਹ ਇਸ ਲਹਿਰ ਦੇ ਆਗੂਆਂ ਡਾ. ਸਤਪਾਲ ਤੇ ਡਾ. ਕਿਚਲੂ ਨੂੰ ਗ੍ਰਿਫਤਾਰ ਕਰ ਲਵੇ। 10 ਅਪ੍ਰੈਲ, 1919 ਈ. ਨੂੰ ਇਨ੍ਹਾਂ ਦੋਵਾਂ ਆਗੂਆਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਗਾਂਧੀ

Namdhari Elibrary NamdhariElibrary@gmail.com

ਜੀ ਤੇ ਇਨ੍ਹਾਂ ਆਗੂਆਂ ਦੀ ਰਿਹਾਈ ਲਈ 10 ਅਪ੍ਰੈਲ, 1919 ਈ. ਨੂੰ ਇੱਕ ਜ਼ਬਰਦਸਤ ਜਲੂਸ ਡਿਪਟੀ ਕਮਿਸ਼ਨਰ ਦੀ ਕੋਠੀ ਵੱਲ ਰਵਾਨਾ ਹੋਇਆ। ਪੁਲਿਸ ਦੇ ਦਸਤਿਆਂ ਨੇ ਇਨ੍ਹਾਂ ਨੂੰ ਅੱਗੇ ਜਾਣ ਤੋਂ ਰੋਕਿਆ, ਪਰ ਜੋਸ਼ ਵਿੱਚ ਆਏ ਲੋਕਾਂ ਦੀ ਦ੍ਰਿੜ੍ਹਤਾ ਅੱਗੇ ਜਦੋਂ ਪੁਲਸ ਦੀ ਪੇਸ਼ ਨਾ ਗਈ ਤਾਂ ਉਸਨੇ ਨਿਹੱਥੇ ਸ਼ਹਿਰੀਆਂ ਉੱਤੇ ਗੋਲੀ ਚਲਾ ਦਿੱਤੀ, ਜਿਸ ਨਾਲ 12 ਵਿਅਕਤੀ ਮਾਰੇ ਗਏ ਅਤੇ 20 ਜਖ਼ਮੀ ਹੋ ਗਏ। ਲੋਕਾਂ ਦੀ ਭੀੜ ਨੇ ਰੋਹ ਵਿੱਚ ਆ ਕੇ ਸਰਕਾਰੀ ਇਮਾਰਤਾਂ ਦੀ ਤੋੜ-ਫੋੜ ਕੀਤੀ ਅਤੇ ਅੰਗਰੇਜ਼ਾਂ ਤੋਂ ਬਦਲਾ ਲੈਣ ਦੀ ਭਾਵਨਾ ਅਧੀਨ 5 ਅੰਗਰੇਜ਼ਾਂ ਨੂੰ ਮਾਰ ਦਿੱਤਾ। ਕੂਚਾ ਕੌੜਿਆਂਵਾਲਾ ਵਿਖੇ, ਮਿਸ ਸ਼ੇਰਵੁਡ ਤੇ ਕਾਤਲਾਨਾ ਹਮਲਾ ਕੀਤਾ ਗਿਆ। ਹਾਲਾਤ ਨੂੰ ਵਿਗੜਦੇ ਦੇਖ ਕੇ ਅੰਮ੍ਰਿਤਸਰ ਸ਼ਹਿਰ ਵਿੱਚ ਮਾਰਸ਼ਲ ਲਾਅ (ਫੌਜੀ ਕਾਨੂੰਨ) ਲਾਗੂ ਕਰ ਦਿੱਤਾ ਗਿਆ ਅਤੇ 12 ਅਪ੍ਰੈਲ ਨੂੰ ਜਲੰਧਰ ਡਿਵੀਜਨ ਦੇ ਕਮਾਂਡਰ, ਜਨਰਲ ਡਾਇਰ ਨੂੰ ਸ਼ਹਿਰ ਦਾ ਪ੍ਰਬੰਧ ਸੌਂਪ ਦਿੱਤਾ ਗਿਆ। ਉਸਨੇ ਅੰਮ੍ਰਿਤਸਰ ਆ ਕੇ ਚਾਰ ਆਦਮੀਆਂ ਤੋਂ ਵੱਧ ਨੂੰ ਇਕੱਠੇ ਹੋਣ ਦੀ ਮਨਾਹੀ ਕਰ ਦਿੱਤੀ ਅਤੇ ਜਲਸੇ ਜਲੂਸਾਂ 'ਤੇ ਪਾਬੰਦੀ ਲਗਾ ਦਿੱਤੀ।

13 ਅਪ੍ਰੈਲ 1919 ਈ. ਵਿਸਾਖੀ ਦੇ ਸ਼ੁਭ ਦਿਹਾੜੇ, ਵੱਡੀ ਗਿਣਤੀ ਵਿੱਚ ਲੋਕ ਦਰਬਾਰ ਸਾਹਿਬ ਦੀ ਯਾਤਰਾ ਕਰਨ ਪਹੁੰਚੇ। ਉਧਰ ਦੂਜੇ ਬੰਨੇ, ਕਾਂਗਰਸ ਨੇ ਜਲਿਆਂਵਾਲਾ ਬਾਗ ਵਿੱਚ ਜਲਸਾ ਕਰਨ ਦਾ ਐਲਾਨ ਕਰ ਦਿੱਤਾ ਸੀ ਤਾਂ ਜੋ ਗ੍ਰਿਫਤਾਰ ਕੀਤੇ ਗਏ ਆਗੂਆਂ, ਡਾ. ਸਤਿਆਪਾਲ ਅਤੇ ਡਾ. ਕਿਚਲੂ, ਦੀ ਰਿਹਾਈ ਦੀ ਮੰਗ ਕੀਤੀ ਜਾਵੇ। ਜਨਰਲ ਡਾਇਰ ਫੌਜੀ ਦਸਤੇ ਲੈ ਕੇ ਜਲਿਆਂਵਾਲੇ ਬਾਗ ਪਹੁੰਚਿਆ। ਉਸਨੇ ਬਾਗ ਦੇ ਇਕੋ ਇੱਕ ਰਸਤੇ ਨੂੰ ਰੋਕ ਕੇ ਪਹੁੰਚਦਿਆਂ ਸਾਰ ਹੀ, ਬਿਨਾਂ ਤਾੜਨਾ ਕੀਤੇ, ਮਸ਼ੀਨ-ਗੰਨਾਂ ਨਾਲ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਜਲਸੇ ਵਿੱਚ ਲਗਭਗ 20-25 ਹਜ਼ਾਰ ਦੀ ਹਾਜਰੀ ਸੀ। 15 ਮਿੰਟ ਤੱਕ ਲਗਾਤਾਰ ਗੋਲੀ ਚਲਦੀ ਰਹੀ ਅਤੇ ਉਦੋਂ ਤੱਕ ਚਲਦੀ ਰਹੀ, ਜਦੋਂ ਤੱਕ ਸਾਰੇ ਰਾਊਂਡ ਖਤਮ ਨਾ ਹੋ ਗਏ। ਜਨਰਲ ਡਾਇਰ ਦੀ ਇਸ ਖੂਨੀ ਹੋਲੀ ਵਿੱਚ 379 ਵਿਅਕਤੀ ਸ਼ਹੀਦ ਹੋਏ ਅਤੇ 1200 ਦੇ ਲਗਭਗ ਜਖ਼ਮੀ ਹੋਏ। ਨਿਹੱਥੇ ਲੋਕਾਂ ਦੇ ਕੁਹਰਾਮ ਦੀ ਪਰਵਾਹ ਕਿਤੇ ਬਿਨਾਂ ਡਾਇਰ ਆਪਣੇ ਕੈਂਪ ਨੂੰ ਵਾਪਿਸ ਚਲਾ ਗਿਆ। ਇਸ ਤੋਂ ਪਿਛੋਂ ਸ਼ਹਿਰ ਦੇ ਲੋਕਾਂ ਉੱਤੇ ਬੜੀ ਸਖਤੀ ਕੀਤੀ ਗਈ। ਜਿਥੇ ਮਿਸ ਸ਼ੇਰਵੁੱਡ 'ਤੇ ਹਮਲਾ ਕੀਤਾ ਗਿਆ ਸੀ, ਉਥੇ ਫੌਜੀ ਪਹਿਰਾ ਲਾ ਕੇ ਲੋਕਾਂ ਨੂੰ ਪੇਟ ਭਾਰ ਰੀਂਘ ਕੇ ਲੰਘਣ ਲਈ ਮਜਬੂਰ ਕੀਤਾ ਗਿਆ, ਅਤੇ ਕਈ ਥਾਵਾਂ ਤੇ ਫੌਜੀਆਂ ਵੱਲੋਂ ਲੋਕਾਂ ਨੂੰ ਕੋੜੇ ਮਾਰੇ ਗਏ। ਸ਼ਹਿਰ ਦੀ ਬਿਜਲੀ ਤੇ ਪਾਣੀ ਦੀ ਸਪਲਾਈ ਬੰਦ ਕਰ ਦਿੱਤੀ ਗਈ।

ਅੰਮ੍ਰਿਤਸਰ ਦੇ ਇਸ ਖੂਨੀ ਸਾਕੇ ਦੀਆਂ ਖਬਰਾਂ ਨੇ ਕਈ ਹੋਰ ਸ਼ਹਿਰਾਂ ਵਿੱਚ ਤੋੜ ਫੋੜ ਦੀਆਂ ਘਟਨਾਵਾਂ ਵਿੱਚ ਵਾਧਾ ਕੀਤਾ ਅਤੇ ਲੋਕਾਂ ਨੂੰ ਸਰਕਾਰੀ ਜਬਰ ਤੇ ਜੁਲਮ ਦਾ ਸ਼ਿਕਾਰ ਬਣਾਇਆ ਗਿਆ। ਇਹ ਸਰਕਾਰੀ ਦਮਨ ਚੱਕਰ ਕਈ ਮਹੀਨਿਆਂ ਤੱਕ ਚੱਲਦਾ ਰਿਹਾ।

ਇਸ ਸਰਕਾਰੀ ਦਮਨ ਚੱਕਰ ਦਾ ਵਰਣਨ ਸਰਦਾਰ ਖੁਸ਼ਵੰਤ ਸਿੰਘ ਇਨ੍ਹਾਂ

ਸ਼ਬਦਾਂ ਰਾਹੀਂ ਕਰਦਾ ਹੈ, "ਅੰਮ੍ਰਿਤਸਰ ਵਿੱਚ, ਜਿਸ ਬਾਜ਼ਾਰ ਵਿੱਚ ਈਸਾਈ ਧਰਮ ਪ੍ਰਚਾਰਕ ਮਿਸ ਸ਼ੇਰਵੁਡ ਉੱਤੇ ਕਾਤਲਾਨਾ ਹਮਲਾ ਕੀਤਾ ਗਿਆ ਸੀ, ਉਸ ਬਾਜ਼ਾਰ ਵਿੱਚ ਲੋਕਾਂ ਨੂੰ ਪੇਟ ਭਾਰ ਰੀਂਗ ਕੇ ਲੰਘਣ ਲਈ ਮਜਬੂਰ ਕੀਤਾ ਗਿਆ। ਕਈ ਥਾਵਾਂ ਤੇ ਚੌਰਾਹਿਆਂ ਵਿੱਚ ਲੋਕਾਂ ਨੂੰ ਕੋੜੇ ਮਾਰੇ ਗਏ। ਲੋਕਾਂ ਦਾ ਸਾਮਾਨ, ਸਾਈਕਲ, ਰੇਹੜੇ, ਟਾਂਗੇ, ਸਰਕਾਰ ਨੇ ਆਪਣੇ ਕਬਜ਼ੇ ਵਿੱਚ ਲੈ ਲਏ ਅਤੇ ਸਪੈਸ਼ਲ ਅਦਾਲਤਾਂ ਰਾਹੀਂ 300 ਵਿਅਕਤੀਆਂ 'ਤੇ ਮੁਕੱਦਮੇ ਚਲਾ ਕੇ, 51 ਨੂੰ ਮੌਤ ਦੀ ਸਜ਼ਾ ਦਿੱਤੀ ਗਈ ਅਤੇ ਸੈਂਕੜਿਆਂ ਨੂੰ ਕੈਦ ਦੀ ਸਜ਼ਾ ਹੋਈ।"

ਲਾਹੌਰ ਦੀ ਹਾਲਤ ਅੰਮ੍ਰਿਤਸਰ ਨਾਲੋਂ ਵੀ ਵਧੇਰੇ ਭੈੜੀ ਸੀ। ਫੌਜੀ ਹਾਕਮਾਂ ਨੇ ਦੁਕਾਨਦਾਰਾਂ ਨੂੰ ਹੁਕਮ ਕੀਤਾ ਕਿ ਉਹ ਆਪਣੀਆਂ ਦੁਕਾਨਾਂ ਤੇ ਸਟੋਰ ਖੋਲ੍ਹ ਦੇਣ, ਨਹੀਂ ਤਾਂ ਉਨ੍ਹਾਂ ਨੂੰ ਗੋਲੀ ਨਾਲ ਉਡਾ ਦਿੱਤਾ ਜਾਵੇਗਾ। ਬਿਜਲੀ ਦੇ ਪੱਖੇ ਅਤੇ ਹੋਰ ਸਾਮਾਨ ਜ਼ਬਤ ਕਰਕੇ ਅੰਗਰੇਜ਼ ਫੌਜੀਆਂ ਦੇ ਰਿਹਾਇਸ਼ੀ ਸਥਾਨਾਂ 'ਤੇ ਪਹੁੰਚਾਇਆ ਗਿਆ। ਬਾਦਸ਼ਾਹੀ ਮਸਜਿਦ ਜਿੱਥੇ ਜਲਸੇ ਹੁੰਦੇ ਸਨ, ਵਿੱਚ ਸਿਰਫ਼ ਜੁੰਮੇ ਦੀ ਨਵਾਜ਼ ਪੜ੍ਹਨ ਦੀ ਹੀ ਆਗਿਆ ਦਿੱਤੀ ਗਈ ਸੀ। ਕਈ ਦਿਨ ਲੋਕਾਂ ਨੂੰ ਚੁਰਾਹਿਆਂ ਤੇ ਸੜਕਾਂ ਉੱਤੇ ਕੋੜੇ ਮਾਰ ਕੇ ਕੁਟਾਪਾ ਕੀਤਾ ਜਾਂਦਾ ਰਿਹਾ। ਪੜ੍ਹੇ-ਲਿਖੇ ਲੋਕ ਵਧੇਰੇ ਕਰੋਪੀ ਦਾ ਸ਼ਿਕਾਰ ਹੋਏ। ਲਾਹੌਰ ਦੇ ਵੱਖ-ਵੱਖ ਕਾਲਜਾਂ ਦੇ ਵਿਦਿਆਰਥੀਆਂ ਨੂੰ ਦਿਨ ਵਿੱਚ ਚਾਰ ਵਾਰ ਜਾ ਕੇ ਹਾਜ਼ਰੀ ਲਗਵਾਉਣੀ ਪੈਂਦੀ ਸੀ, ਕਈ ਵਾਰ ਤਾਂ ਉਨ੍ਹਾਂ ਨੂੰ ਆਪਣੇ ਕਾਲਜਾਂ ਤੋਂ ਚਾਰ-ਚਾਰ ਮੀਲ ਤੁਰ ਕੇ ਜਾਣਾ ਪੈਂਦਾ ਸੀ।

ਕਸੂਰ ਵਿਖੇ ਜਿੱਥੇ ਦੋ ਅੰਗਰੇਜ਼ਾਂ ਦਾ ਕਤਲ ਕੀਤਾ ਗਿਆ ਸੀ, ਸਮੂਹਿਕ ਜੁਰਮਾਨਾ ਲਾਇਆ ਗਿਆ ਅਤੇ ਸ਼ੱਕ ਹੋਣ ਤੇ ਚੁਰਾਹਿਆਂ ਤੇ ਬੈਂਤ ਮਾਰੇ ਜਾਂਦੇ ਸਨ। ਜਿਹੜਾ ਵੀ ਹਿੰਦੁਸਤਾਨੀ ਅੰਗਰੇਜ਼ਾਂ ਨੂੰ ਸਲਾਮ ਨਾ ਕਰਦਾ, ਉਸਨੂੰ ਜ਼ਮੀਨ ਤੇ ਨੱਕ ਨਾਲ ਲਕੀਰਾਂ ਕੱਢਣ ਲਈ ਮਜਬੂਰ ਕੀਤਾ ਜਾਂਦਾ। ਇੱਕ ਸਥਾਨਕ ਕਵੀ ਨੂੰ ਸਰਕਾਰ ਤੇ ਫੌਜੀ ਹਾਕਮ ਦੀ ਤਾਰੀਫ਼ ਵਿੱਚ ਨਜ਼ਮਾਂ ਲਿਖਣ ਲਈ ਹੁਕਮ ਚਾੜ੍ਹਿਆ ਗਿਆ। ਲੋਕਾਂ ਉੱਤੇ ਦਹਿਸ਼ਤ ਦਾ ਪ੍ਰਭਾਵ ਪਾਉਣ ਲਈ ਮੰਡੀਆਂ ਅਤੇ ਬਾਜ਼ਾਰਾਂ ਵਿੱਚ ਫਾਂਸੀਆਂ ਗੱਡ ਦਿੱਤੀਆਂ ਗਈਆਂ।

ਗੁਜਰਾਂਵਾਲਾ ਸ਼ਹਿਰ ਅਤੇ ਇਸ ਦੇ ਆਸ-ਪਾਸ ਦੇ ਪਿੰਡਾਂ ਉੱਤੇ ਹਵਾਈ ਜਹਾਜ਼ਾਂ ਰਾਹੀਂ ਬੰਬਾਂ ਅਤੇ ਗੋਲੀਆਂ ਦੀ ਬਰਖਾ ਕੀਤੀ ਗਈ। ਇਸ ਦਾ ਇੱਕ ਨਿਸ਼ਾਨਾ ਗੁਜਰਾਂਵਾਲਾ ਦੇ ਖਾਲਸਾ ਹਾਈ ਸਕੂਲ ਨੂੰ ਬਣਾਇਆ ਗਿਆ ਜਿੱਥੇ ਬਹੁਤ ਸਾਰੇ ਲੋਕ ਮੌਤ ਦਾ ਸ਼ਿਕਾਰ ਹੋਏ।

"ਹੋਰ ਸਥਾਨ ਜਿਹੜੇ ਇਸ ਸਰਕਾਰੀ ਤਸ਼ੱਦਦ ਦਾ ਸ਼ਿਕਾਰ ਹੋਏ, ਉਹ ਸਨ— ਵਜ਼ੀਰਾਬਾਦ, ਨਿਜ਼ਾਮਾਬਾਦ, ਅਕਾਲਗੜ੍ਹ, ਰਾਮ ਨਗਰ, ਹਾਫ਼ੀਜ਼ਾਬਾਦ, ਸ਼ੇਖੂਪੁਰਾ, ਚੂਹੜਕਾਨਾ, ਸਾਂਗਲਾ, ਮੋਮਨ, ਮੀਆਂਵਾਲੀ, ਨਵਾਂ ਪਿੰਡ, ਜਲਾਲਪੁਰ, ਗੋਜਰਾ, ਚੱਕ ਨੰ: 149 ਅਤੇ ਗੁਜਰਾਤ। ਸੌ ਹਫਤੇ, ਜਿਹੜਾ ਪੰਜਾਬ ਵਿੱਚ ਫੌਜੀ ਕਾਨੂੰਨ ਲਾਗੂ ਰਿਹਾ,

[1] ਖੁਸ਼ਵੰਤ ਸਿੰਘ, *ਏ ਹਿਸਟਰੀ ਆਫ ਦ ਸਿਖਸ*, ਭਾਗ ਦੂਜਾ, ਪੰਨਾ 165-166.

Namdhari Elibrary NamdhariElibrary@gmail.com

ਉਸ ਦੌਰਾਨ 1200 ਵਿਅਕਤੀ ਮਾਰੇ ਗਏ ਅਤੇ ਘੱਟ ਤੋਂ ਘੱਟ 3600 ਜ਼ਖਮੀ ਹੋਏ।"

ਪੰਜਾਬ ਦੇ ਗਵਰਨਰ ਮਾਈਕਲ ਓਡਵਾਇਰ (1912-1919) ਨੇ ਆਪਣੇ ਸ਼ਾਸਨ ਕਾਲ ਵਿੱਚ ਆਜ਼ਾਦੀ ਦੀਆਂ ਲੋਕ ਲਹਿਰਾਂ ਨੂੰ ਬੜੀ ਸਖਤੀ ਨਾਲ ਦਬਾਇਆ ਸੀ ਅਤੇ ਉਹ ਸਮਝਦਾ ਸੀ ਕਿ ਅਜਿਹੀ ਸਖਤੀ ਨਾਲ ਹੀ ਲੋਕ ਲਹਿਰਾਂ ਨੂੰ ਦਬਾ ਕੇ ਵਿਦੇਸ਼ੀ ਸਰਕਾਰ ਦੇ ਸਾਮਰਾਜੀ ਗਲਬੇ ਨੂੰ ਕਾਇਮ ਰੱਖਿਆ ਜਾ ਸਕਦਾ ਹੈ। ਉਸਦੇ ਨਿੱਜੀ ਜੀਵਨ ਤੇ ਕਈਆਂ ਨੇ ਟਿੱਪਣੀਆਂ ਕੀਤੀਆਂ ਹਨ। ਉਸਨੂੰ ਕਠੋਰ ਤੇ ਜ਼ਾਲਮ ਹਾਕਮ ਕਿਹਾ ਗਿਆ ਸੀ। ਰਾਮ ਸਿੰਘ ਮਜੀਠਾ ਨੇ ਲਾਰਡ ਮਾਂਟੇਗਿਊ ਦਾ ਹਵਾਲਾ ਦਿੰਦੇ ਹੋਏ, ਉਸਨੂੰ 'ਹੂਤ ਮੱਤੀਆ, ਖਰਵਾ ਆਇਰਲੈਂਡੀ' ਕਿਹਾ ਸੀ। "ਓਡਵਾਇਰ ਨੇ ਆਮ ਕਾਨੂੰਨੀ ਜ਼ਾਬਤੇ ਨੂੰ ਨਜ਼ਰੋਂ ਓਹਲੇ ਕਰਕੇ ਡੀਫੈਂਸ ਔਫ ਇੰਡੀਆ ਐਕਟ ਅਧੀਨ ਫੁਰਮਾਨਾਂ ਦੀ ਵਰਤੋਂ ਕਰਨ ਦੀ ਇੱਕ ਰਵਾਇਤ ਹੀ ਉਸਾਰ ਲਈ ਸੀ ਅਤੇ ਉਸਨੇ ਆਪਣਾ ਇਹ ਅਸੂਲ ਹੀ ਬਣਾ ਲਿਆ ਸੀ। ਉਹ ਪੰਜਾਬ ਦੀ ਹਰ ਗੱਲ ਨੂੰ ਬਗਾਵਤ ਦੀ ਨਜ਼ਰ ਨਾਲ ਹੀ ਵੇਖਦਾ ਸੀ।"[1]

28 ਫਰਵਰੀ, 1918 ਨੂੰ 'ਇਨਕਲਾਬ' ਨੇ ਲਿਖਿਆ :

"ਓਡਵਾਇਰ ਦੇ ਰਾਜ ਨੇ ਲੋਕਾਂ ਨੂੰ ਅਤਿਆਚਾਰਾਂ ਦੀਆਂ ਕਹਾਣੀਆਂ ਭੁਲਾ ਛੱਡੀਆਂ ਹਨ.... ਉਹਦੇ ਇੱਕ ਪੁਰਖੀ ਜਾਬਰਾਨਾ ਰਾਜ ਨੇ ਬਰਬਰੀਅਤ ਦੇ ਜ਼ਮਾਨੇ ਦੀਆਂ ਯਾਦਾਂ ਤਾਜ਼ਾ ਕਰਵਾ ਦਿੱਤੀਆਂ ਹਨ। ਉਹਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਉਸਨੇ ਪੰਜਾਬ ਦੀ ਸਿਆਸੀ ਜ਼ਿੰਦਗੀ ਦਾ ਖੁਰਾ ਖੋਜ ਨਹੀਂ ਰਹਿਣ ਦਿੱਤਾ।"

ਜਲ੍ਹਿਆਂਵਾਲੇ ਬਾਗ ਦੇ ਕੌਮੀ ਹਤਿਆਕਾਂਡ ਵਿੱਚ ਉਸ ਦੀਆਂ ਜਾਬਰਾਨਾ ਨੀਤੀਆਂ ਨੇ ਅਤਿ ਦਾ ਖੂਨੀ ਭਾਣਾ ਵਰਤਾ ਦਿੱਤਾ ਸੀ। ਪਰ ਪ੍ਰਸ਼ਨ ਉੱਠਦਾ ਹੈ ਕਿ ਕੀ ਉਹ ਅੰਗਰੇਜ਼ੀ ਸਰਕਾਰ ਦੇ ਸਾਮਰਾਜੀ ਹਿੱਤਾਂ ਦੀ ਰੱਖਿਆ ਕਰਨ ਵਿੱਚ ਸਫਲ ਹੋਇਆ ਸੀ। ਉਸ ਵੱਲੋਂ ਕੀਤੇ ਗਏ ਜਬਰ ਦੇ ਕਾਰਨ ਜਿਹੜੀ ਇਨਕਲਾਬੀ ਲੋਕ ਲਹਿਰ 1919 ਵਿੱਚ ਉੱਠ ਖੜ੍ਹੀ ਹੋਈ ਸੀ, ਉਹ ਛੇਤੀ ਦਬਣ ਵਾਲੀ ਨਹੀਂ ਸੀ। ਜਲ੍ਹਿਆਂਵਾਲੇ ਬਾਗ਼ ਦੇ ਇੱਕ ਚਸ਼ਮਦੀਦ ਗਵਾਹ, ਨੌਜਵਾਨ ਊਧਮ ਸਿੰਘ ਨੇ, ਜਿਹੜਾ ਪ੍ਰਭਾਵ ਉਸਦੇ ਸੰਵੇਦਨਸ਼ੀਲ ਮਨ ਉੱਤੇ ਪਿਆ, ਉਸੇ ਦੇ ਪ੍ਰਤੀਕਰਮ ਵਜੋਂ ਹੀ ਉਸਨੇ ਇੰਗਲੈਂਡ ਪਹੁੰਚ ਕੇ, 31 ਮਾਰਚ, 1940 ਈ. ਨੂੰ ਲੰਡਨ ਦੇ ਕੈਕਸਟਨ ਹਾਲ ਵਿੱਚ, ਮਾਈਕਲ ਓਡਵਾਇਰ ਨੂੰ ਉਸ ਸਮੇਂ ਗੋਲੀ ਦਾ ਨਿਸ਼ਾਨਾ ਬਣਾ ਕੇ ਮਾਰ ਦਿੱਤਾ, ਜਦੋਂ ਉਹ ਆਪਣੇ ਸ਼ਾਸਨ ਸਮੇਂ ਦੀਆਂ ਭਾਰਤ ਵਿਚਲੀਆਂ ਯਾਦਾਂ ਨੂੰ ਡੀਂਗਾਂ ਮਾਰ ਕੇ ਵਰਣਨ ਕਰ ਰਿਹਾ ਸੀ। ਅੱਜ ਵੀ ਭਾਰਤ ਦੇ ਲੋਕ ਓਡਵਾਇਰ ਨੂੰ ਤਾਂ ਤ੍ਰਿਸਕਾਰ ਦੀ ਦ੍ਰਿਸ਼ਟੀ ਨਾਲ ਵੇਖਦੇ ਹਨ, ਪਰ 31 ਜੁਲਾਈ 1940 ਈ. ਨੂੰ ਸ਼ਹੀਦ ਹੋਏ ਊਧਮ ਸਿੰਘ ਨੂੰ ਸ਼ਹੀਦ ਭਗਤ ਸਿੰਘ ਵਾਂਗ ਕੌਮੀ ਸ਼ਹੀਦ ਸਮਾਨ ਯਾਦ ਕਰਦੇ ਹਨ।

ਜਲ੍ਹਿਆਂਵਾਲੇ ਬਾਗ ਦੇ ਸ਼ਹੀਦੀ ਸਾਕੇ ਨੇ ਮਹਾਤਮਾ ਗਾਂਧੀ, ਰਵਿੰਦਰ ਨਾਥ ਟੈਗੋਰ

---

[1] ਰਾਮ ਸਿੰਘ ਮਜੀਠਾ, *ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ*, ਭਾਗ-1, ਪੰਨਾ 188-189.

Namdhari Elibrary NamdhariElibrary@gmail com

ਤੇ ਕਈ ਹੋਰ ਕੌਮੀ ਨੇਤਾਵਾਂ ਨੂੰ ਅੰਗਰੇਜ਼ੀ ਸਰਕਾਰ ਵੱਲੋਂ ਦਿੱਤੇ ਗਏ ਖਿਤਾਬਾਂ ਨੂੰ ਵਾਪਿਸ ਕਰਨ ਲਈ ਮਜਬੂਰ ਕਰ ਦਿੱਤਾ ਸੀ ਅਤੇ ਭਾਰਤ ਦੇ ਸੁਤੰਤਰਤਾ ਸੰਗਰਾਮ ਨੂੰ ਸ਼ਕਤੀ ਪ੍ਰਦਾਨ ਕੀਤੀ ਸੀ। ਦਸੰਬਰ 1919 ਈ. ਨੂੰ ਇੰਡੀਅਨ ਨੈਸ਼ਨਲ ਕਾਂਗਰਸ ਦਾ ਕੌਮੀ ਇਜਲਾਸ ਅੰਮ੍ਰਿਤਸਰ ਵਿਖੇ ਪੰਡਤ ਮੋਤੀ ਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਹੋਇਆ, ਜਿਸ ਵਿੱਚ ਪੰਜਾਬ ਦੇ ਲਾਲਾ ਹਰਕ੍ਰਿਸ਼ਨ ਲਾਲ, ਪੰਡਤ ਰਾਮ ਭਜ ਦੱਤ, ਡਾ. ਸਤਿਆਪਾਲ ਤੇ ਡਾ. ਸੈਫੂਦੀਨ ਕਿਚਲੂ ਆਦਿ ਨੇਤਾ ਸ਼ਾਮਲ ਹੋਏ। ਇਸ ਕੌਮੀ ਇਜਲਾਸ ਵਿੱਚ 36,000 ਲੋਕ ਸ਼ਾਮਲ ਹੋਏ ਅਤੇ ਕਈ ਮਹੱਤਵਪੂਰਨ ਮਤੇ ਪਾਸ ਕੀਤੇ ਗਏ। ਇੱਕ ਮਤੇ ਰਾਹੀਂ ਜਲ੍ਹਿਆਂਵਾਲੇ ਬਾਗ ਦੇ ਹੱਤਿਆਕਾਂਡ ਦੀ ਨਿੰਦਾ ਕੀਤੀ ਗਈ। ਜਨਰਲ ਡਾਇਰ ਤੇ ਲਾਰਡ ਚੇਮਸਫੋਰਡ ਨੂੰ ਅਹੁੱਦਿਆਂ ਤੋਂ ਹਟਾਉਣ, ਅਤੇ ਪ੍ਰੈਸ ਐਕਟ ਤੇ ਰੌਲਟ ਐਕਟ ਨੂੰ ਮਨਸੂਖ ਕਰਨ ਦੀ ਮੰਗ ਕੀਤੀ ਗਈ। ਇਸ ਸਮੇਂ ਤੋਂ ਜਲਿਆਂ ਵਾਲਾ ਬਾਗ ਸਮੁੱਚੇ ਤੌਰ ਤੇ ਸ਼ਹੀਦਾਂ ਦੀ ਕੌਮੀ ਯਾਦਗਾਰ ਵਜੋਂ ਜਾਣਿਆ ਜਾਣ ਲੱਗਾ। ਕਾਂਗਰਸ ਦੇ ਇਸ ਰਾਸ਼ਟਰੀ ਸਮਾਗਮ ਵਿੱਚ ਨਾਮਧਾਰੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਮਹਾਰਾਜ ਗੁਰਦਿਆਲ ਸਿੰਘ ਤੇ ਮਹਾਰਾਜ ਨਿਹਾਲ ਸਿੰਘ ਜੋ ਸਤਿਗੁਰੂ ਪਰਤਾਪ ਸਿੰਘ ਦੇ ਸਕੇ ਭਾਈ ਸਨ ਤੋਂ ਬਿਨਾਂ ਸੰਤ ਨਿਧਾਨ ਸਿੰਘ ਆਲਮ, ਮੰਗਲ ਸਿੰਘ ਅਰਸ਼ੀ ਫਰਿਸ਼ਤਾ ਅਤੇ ਕਈ ਹੋਰ ਸਿਰਕੱਢ ਨਾਮਧਾਰੀ ਕਾਂਗਰਸ ਵਿੱਚ ਸ਼ਾਮਲ ਹੋ ਕੇ ਸਰਗਰਮ ਹਿੱਸਾ ਪਾਉਣ ਲੱਗੇ।

## ਸ੍ਰੀ ਭੈਣੀ ਸਾਹਿਬ ਤੋਂ ਪੁਲਸ ਦੀ ਚੌਂਕੀ ਦਾ ਉਠਾਇਆ ਜਾਣਾ

ਜਿਵੇਂ ਕਿ ਉਪਰ ਸੰਕੇਤ ਕੀਤਾ ਗਿਆ ਹੈ, ਬਹੁਤ ਸਾਰੇ ਨਾਮਧਾਰੀ, ਜੋ ਰਾਜਨੀਤਿਕ ਤੌਰ 'ਤੇ ਪੂਰੀ ਤਰ੍ਹਾਂ ਜਾਗਰੂਕ ਸਨ ਅਤੇ ਭਾਰਤ ਦੀ ਸੁਤੰਤਰਤਾ ਲਈ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਨੂੰ ਤਿਆਰ ਸਨ, ਉਨ੍ਹਾਂ ਨੇ ਆਪਣਾ ਨਾਤਾ ਇੰਡੀਅਨ ਨੈਸ਼ਨਲ ਕਾਂਗਰਸ ਨਾਲ ਪੱਕੀ ਤਰ੍ਹਾਂ ਜੋੜ ਲਿਆ ਸੀ, ਅਤੇ ਰਾਜਨੀਤਿਕ ਮੈਦਾਨ ਅੰਦਰ ਪੂਰੀ ਤਰ੍ਹਾਂ ਸਰਗਰਮ ਹੋ ਗਏ ਸਨ। ਕਾਂਗਰਸ ਦੇ ਵੱਖ-ਵੱਖ ਥਾਵਾਂ 'ਤੇ ਹੋਏ ਜਲਸਿਆਂ ਵਿੱਚ ਉਨ੍ਹਾਂ ਨੇ ਸ੍ਰੀ ਭੈਣੀ ਸਾਹਿਬ ਤੋਂ ਪੁਲਸ ਦੀ ਚੌਕੀ ਉਠਾਉਣ ਲਈ ਮਤੇ ਪਾਸ ਕਰਵਾਏ ਸਨ।

ਅਜਿਹੀ ਹੀ ਇੱਕ ਰਾਜਨੀਤਿਕ ਇਕੱਤਰਤਾ, 1922 ਈ. ਵਿੱਚ ਪਿੰਡ ਸਿਆਹੜ ਵਿੱਚ ਹੋਈ, ਜਿਸ ਵਿੱਚ ਸ੍ਰੀ ਭੈਣੀ ਸਾਹਿਬ ਤੋਂ ਪੁਲਸ ਦੀ ਚੌਂਕੀ ਉਠਾਉਣ ਲਈ ਮਤਾ ਪਾਸ ਕੀਤਾ ਗਿਆ। ਪਰ ਵਿਦੇਸ਼ੀ ਸਰਕਾਰ ਹਾਲੀਂ ਵੀ ਜਬਰ ਦੀ ਨੀਤੀ ਉੱਤੇ ਅਮਲ ਕਰ ਰਹੀ ਸੀ। ਉਸਨੇ ਪਿੰਡ ਸਿਆਹੜ ਉੱਤੇ 7500 ਰੁਪਏ ਦਾ ਸਮੂਹਕ ਜੁਰਮਾਨਾ ਲਗਾ ਦਿੱਤਾ। ਇਸੇ ਤਰ੍ਹਾਂ ਦੀਆਂ ਹੋਰ ਕਾਨਫਰੰਸਾਂ, ਕਈ ਹੋਰ ਥਾਵਾਂ ਤੇ ਕੀਤੀਆਂ ਗਈਆਂ।

[1]ਤਾਰਾ ਸਿੰਘ ਅਨਜਾਣ ਨੇ ਇਨ੍ਹਾਂ ਦਾ ਬਿਓਰਾ ਇਸ ਤਰ੍ਹਾਂ ਦਿੱਤਾ ਹੈ, "17 ਤੋਂ 19 ਜਨਵਰੀ, 1920 ਤੱਕ ਸ੍ਰੀ ਸਤਿਗੁਰੂ ਜੀ ਨੇ ਮਲੇਰਕੋਟਲੇ ਦੇ ਸ਼ਹੀਦਾਂ ਦੀ ਯਾਦ ਵਿੱਚ ਮੁਠੱਡੇ (ਜਲੰਧਰ) ਮੇਲਾ ਕੀਤਾ। ਇੱਥੇ ਸਭ ਧਰਮਾਂ ਤੇ ਵਿਚਾਰਧਾਰਾਵਾਂ ਦੇ ਲੋਕ ਆਏ।

[1] ਤਾਰਾ ਸਿੰਘ ਅਨਜਾਣ, *ਨਾਮਧਾਰੀ ਇਤਿਹਾਸ ਸੰਖੇਪ*, ਪੰਨਾ 51.

Namdhari Elibrary NamdhariElibrary@gmail.com

ਸਤਿਗੁਰੂ ਜੀ ਨੂੰ ਜਲੂਸ ਦੀ ਸ਼ਕਲ ਵਿਚ ਫਿਲੌਰ ਤੋਂ ਸਤਿ ਸ੍ਰੀ ਅਕਾਲ, ਬੰਦੇ ਮਾਤਰਮ ਅੱਲਾ ਹੂ ਅਕਬਰ ਦੇ ਨਾਅਰਿਆਂ ਨਾਲ ਪੰਡਾਲ ਵਿੱਚ ਲਿਆਂਦਾ ਗਿਆ। [illegible] ਡਾ. ਸੈਫੂਦੀਨ ਕਿਚਲੂ, ਕੇਦਾਰਨਾਥ ਸਹਿਗਲ, ਕਿਸ਼ਨ ਸਿੰਘ ਤੇ [illegible] ਆਏ ਸਨ। ਏਥੇ ਨਾਮਧਾਰੀ ਸਿੱਖਾਂ ਉੱਤੇ ਅੰਗਰੇਜ਼ਾਂ ਦੀਆਂ ਜ਼ਿਆਦਤੀਆਂ ਤੇ ਸ੍ਰੀ ਭੈਣੀ ਸਾਹਿਬ ਪੁਲਸ ਚੌਕੀ ਬਾਰੇ ਵੇਰਵੇ ਸਹਿਤ ਦੱਸਿਆ ਗਿਆ। ਇਹੋ ਜਿਹੀਆਂ ਕਾਨਫਰੰਸਾਂ ਸਨਖੱਤਰੇ ਤੇ ਹੁਸ਼ਿਆਰਪੁਰ ਵੀ ਹੋਈਆਂ।"

ਸਿੱਟੇ ਵਜੋਂ 12 ਮਈ, 1923 ਈ. ਨੂੰ ਸਰਕਾਰ ਨੂੰ ਸ੍ਰੀ ਭੈਣੀ ਸਾਹਿਬ ਤੋਂ ਪੁਲਸ ਦੀ ਚੌਂਕੀ ਉਠਾਉਣੀ ਪਈ। ਇਸ ਅਵਸਰ ਉੱਤੇ ਡਿਪਟੀ ਕਮਿਸ਼ਨਰ, ਲੁਧਿਆਣਾ, ਪੀ.ਸੀ. ਹਿਲਟਨ ਨੇ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਭੇਜੇ ਗਏ ਪੱਤਰ ਵਿੱਚ ਜਿੱਥੇ ਇਸ ਚੌਂਕੀ ਨੂੰ ਉਠਾਉਣ ਦੀ ਸੂਚਨਾ ਦਿੱਤੀ, ਉੱਥੇ ਨਾਲ ਹੀ ਇਹ ਲਿਖਿਆ ਗਿਆ ਕਿ ਕਿਸੇ ਵੀ ਰਾਜਨੀਤਿਕ ਮਫਰੂਰ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਪਨਾਹ ਨਾ ਦਿੱਤੀ ਜਾਵੇ।

## ਨਾਮਧਾਰੀ ਮੱਤ ਤੇ ਰਿਆਸਤ ਨਾਭਾ ਦੇ ਸੰਬੰਧ

ਨਾਭਾਪਤੀ ਮਹਾਰਾਜਾ ਹੀਰਾ ਸਿੰਘ (1843-1911) ਬੜੇ ਪ੍ਰਤਾਪੀ, ਸੁਲਝੇ ਹੋਏ ਵਿਦਵਾਨ, ਪੰਥ ਹਿਤੈਸ਼ੀ ਸਨ, ਜਿਨ੍ਹਾਂ ਨੇ ਆਪਣੇ ਰਾਜ-ਕਾਲ ਵਿੱਚ ਬਹੁਤ ਮਹੱਤਵਪੂਰਨ ਕਾਰਜ ਕੀਤੇ। ਉਨ੍ਹਾਂ ਦੇ ਪੁੱਤਰ ਮਹਾਰਾਜਾ ਰਿਪੁਦਮਨ ਸਿੰਘ ਨੇ ਵੀ ਸਦਾ ਸਿੱਖ ਪੰਥ ਦੇ ਹਿੱਤਾਂ ਦੀ ਪੂਰਤੀ ਲਈ ਉੱਘੇ ਕਾਰਜ ਕੀਤੇ ਸਨ; 1909 ਈ. ਦੇ ਅਨੰਦ ਮੈਰਿਜ ਐਕਟ, ਗੁਰਦੁਆਰਾ ਰਕਾਬਗੰਜ ਦੀ ਕੰਧ ਢਾਹੁਣ ਅਤੇ ਮੁੜ ਉਸਾਰੀ ਕਰਵਾਉਣ ਵਿੱਚ ਉਨ੍ਹਾਂ ਦੀ ਦੇਣ ਬੜੀ ਉੱਘੀ ਮੰਨੀ ਜਾਂਦੀ ਹੈ। ਨਾਮਧਾਰੀ ਦਰਬਾਰ ਨਾਲ ਉਸਦਾ ਸੰਬੰਧ ਬੜਾ ਘਨਿਸ਼ਟ ਮੰਨਿਆ ਜਾਂਦਾ ਹੈ। ਨਾਮਧਾਰੀ ਸੂਬਾ, ਮਾਤਾ ਹੁਕਮੀ ਦੇ ਵਰ ਕਾਰਨ ਮਹਾਰਾਜਾ ਰਿਪੁਦਮਨ ਸਿੰਘ ਦੇ ਘਰ, ਮਹਾਰਾਣੀ ਸਰੋਜਿਨੀ ਦੇਵੀ ਦੇ ਉਦਰ ਤੋਂ 21 ਸਤੰਬਰ, 1919 ਈ. ਨੂੰ ਟਿੱਕਾ ਪ੍ਰਤਾਪ ਸਿੰਘ ਦਾ ਜਨਮ ਹੋਇਆ, ਜਿਸ ਦੇ ਜਨਮ ਦੀ ਖੁਸ਼ੀ ਵਿੱਚ ਮਹਾਰਾਜਾ ਰਿਪੁਦਮਨ ਸਿੰਘ ਨੇ ਨਾਮਧਾਰੀ ਦਰਬਾਰ ਨੂੰ [1]ਮਾਇਆ, ਘੋੜੇ, 1281 ਏਕੜ ਰਕਬੇ ਦੀ ਬੀੜ ਮੜਾਰਞੂ ਅਤੇ ਇੱਕ ਰੋਲਜ਼ ਰਾਈਸ ਕਾਰ ਭੇਟ ਕੀਤੀ। ਰਾਜੇ ਨੇ ਸਤਿਗੁਰੂ ਜੀ ਦੇ ਆਪਣੇ ਮਹਿਲਾਂ ਵਿੱਚ ਚਰਨ ਪਵਾਏ। ਉਸਨੇ ਆਪ ਵੀ ਭਜਨ ਲਿਆ, ਅੰਮ੍ਰਿਤ ਛਕਿਆ। ਇਹ ਸੁਣ ਕੇ ਸਿੰਘ ਸਭੀਆਂ ਨੇ ਰਾਜੇ ਦੇ ਨਾਮਧਾਰੀ ਹੋਣ ਦਾ ਅਖਬਾਰਾਂ ਵਿੱਚ ਰੌਲਾ ਪਾਇਆ। ਅਕਾਲੀ ਲਹਿਰ ਸਮੇਂ, ਮਹਾਰਾਜਾ ਰਿਪੁਦਮਨ ਸਿੰਘ ਨੂੰ ਗੱਦੀਓਂ ਉਤਾਰਣ ਦਾ ਇੱਕ ਕਾਰਨ ਉਸਦੇ ਨਾਮਧਾਰੀਆਂ ਨਾਲ ਇਹ ਘਨੇਰੇ ਸੰਬੰਧ ਵੀ ਹੋ ਸਕਦੇ ਹਨ।

## 1920 ਦਾ ਮੁਬਾਰਕ ਸਾਲ

1919 ਦਾ ਸਰਵ ਹਿੰਦ ਕਾਂਗਰਸ ਸੈਸ਼ਨ ਅੰਮ੍ਰਿਤਸਰ ਵਿਖੇ ਹੀ ਹੋਇਆ। ਜਿਸ

---

[1] ਤਾਰਾ ਸਿੰਘ ਅਨਜਾਣ, *ਸਾਹਿਬ ਕੁਣੀ ਕਹੋਰਾ*, ਪੰਨਾ 65.

Namdhari Elibrary NamdhariElibrary@gmail.com

ਵਿੱਚ ਨਾਮਧਾਰੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਮਹਾਰਾਜ ਗੁਰਦਿਆਲ ਸਿੰਘ ਤੇ ਹੋਰ ਨਾਮਧਾਰੀ ਬੁਲਾਰਿਆਂ ਵੱਲੋਂ ਨਾਮਧਾਰੀ ਇਤਿਹਾਸ ਦੇ ਉਸ ਦੁਖਦਾਈ ਪੱਖ ਨੂੰ ਪੇਸ਼ ਕੀਤਾ ਗਿਆ, ਜਿਸ ਦਾ ਕਿ ਅੰਗਰੇਜ਼ੀ ਹਕੂਮਤ ਦੇ ਜਬਰ ਨੂੰ ਨਾਮਧਾਰੀਆਂ ਨੇ ਬੜੇ ਸਬਰ ਨਾਲ ਸਹਿਆ ਸੀ।

1920 ਵਿੱਚ ਨਾਮਧਾਰੀ ਦਰਬਾਰ ਵੱਲੋਂ ਸ੍ਰੀ ਸਤਿਗੁਰੂ ਜੀ ਦੀ ਸਰਪ੍ਰਸਤੀ ਵਿੱਚ ਆਪਣਾ ਪਹਿਲਾ ਸਮਾਚਾਰ ਪੱਤਰ 'ਸਤਿਜੁਗ' ਪ੍ਰਕਾਸ਼ਤ ਕੀਤਾ ਗਿਆ। ਮਹਾਰਾਜਾ ਗੁਰਦਿਆਲ ਸਿੰਘ ਜੀ ਦੇ ਹੋਰ ਸਹਿਯੋਗੀ ਸਨ — ਨਿਰੰਕਾਰ ਸਿੰਘ ਚੇਤਨ, ਮੰਗਲ ਸਿੰਘ ਅਰਸ਼ੀ ਫਰਿਸ਼ਤਾ। ਇਸ ਤੋਂ ਇਲਾਵਾ ਸੰਤ ਨਿਧਾਨ ਸਿੰਘ ਆਲਮ ਤੇ ਸੰਤ ਇੰਦਰ ਸਿੰਘ ਚੱਕਰਵਰਤੀ ਵੀ ਸ਼ਾਮਿਲ ਸਨ।

'ਸਤਿਜੁਗ' ਵਿਸਾਖੀ ਦੇ ਵਿਸ਼ੇਸ਼ ਅੰਕ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੀ ਸੁਤੰਤਰਤਾ ਸੰਗਰਾਮ ਨੂੰ ਅਦੁੱਤੀ ਦੇਣ ਬਾਰੇ ਲਿਖਿਆ ਗਿਆ ਸੀ। ਸਿੰਘ ਸਭਾਵਾਂ ਵੱਲੋਂ ਇਸ ਦਾ ਵਿਰੋਧ ਕੀਤਾ ਗਿਆ।

"ਵਿਸਾਖੀ ਉੱਤੇ 'ਸਤਿਜੁਗ' ਵਿੱਚ ਸਤਿਗੁਰੂ ਰਾਮ ਸਿੰਘ ਦਾ ਨਾਂ ਪੜ੍ਹ ਕੇ ਸਿੰਘ ਸਭੀਆਂ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ। ਜੇਕਰ ਦੇਹਧਾਰੀ ਗੁਰੂ ਦਾ ਪਰਚਾਰ ਹੋਵੇ ਤਾਂ ਉਹਨਾਂ ਦੇ ਸਰਪ੍ਰਸਤ ਅੰਗਰੇਜ਼ ਦੀ ਨੀਤੀ ਨੂੰ ਖਤਰਾ ਸੀ। ਸੋ ਉਹਨਾਂ ਨੇ 'ਸਤਿਜੁਗ' ਵੇਚਣੋਂ ਰੋਕਿਆ। ਸਤਿਗੁਰੂ ਜੀ ਤੋਂ ਥਾਪਨਾ ਲੈ ਕੇ ਝੰਡਾ ਸਿੰਘ ਮਸਤਾਨਾ ਨਿੱਤਰਿਆ। ਉਸਨੇ ਪਰਕਰਮਾ ਵਿੱਚ ਪੜ੍ਹ-ਪੜ੍ਹ ਕੇ ਪਰਚੇ ਵੇਚੇ।"[1]

1920 ਦਾ ਸਾਲ ਨਾਮਧਾਰੀ ਇਤਿਹਾਸ ਵਿੱਚ ਇਸ ਕਾਰਨ ਵੀ ਗੌਰਵ ਦਾ ਧਾਰਨੀ ਹੈ, ਕਿਉਂ ਜੋ 22 ਨਵੰਬਰ, 1920 ਈ. ਵਾਲੇ ਸੁਭਾਗੇ ਦਿਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਜਨਮ ਸਤਿਗੁਰੂ ਪਰਤਾਪ ਸਿੰਘ ਤੇ ਮਾਤਾ ਭੁਪਿੰਦਰ ਕੌਰ ਦੇ ਗ੍ਰਹਿ ਵਿਖੇ ਹੋਇਆ। ਜਿਸ ਕਾਰਨ ਗੁਰੂ ਘਰ ਵਿੱਚ ਬੇਅੰਤ ਖੁਸ਼ੀਆਂ ਹੋਈਆਂ। ਆਪ ਜੀ ਦਾ ਸ਼ੁਭ ਨਾਮ ਜਗਜੀਤ ਸਿੰਘ ਰੱਖਿਆ ਗਿਆ।

ਮਾਤਾ ਭੁਪਿੰਦਰ ਕੌਰ ਜੀ ਦੀ ਸੁਲੱਖਣੀ ਕੁੱਖ ਤੋਂ ਦੂਜੇ ਬਾਲਕ ਮਹਾਰਾਜ (ਬਾਬਾ) ਬੀਰ ਸਿੰਘ ਦਾ ਜਨਮ 2 ਕੱਤਕ 1923 ਅਰਥਾਤ ਅਕਤੂਬਰ ਨੂੰ ਹੋਇਆ।

## ਗੁਰਦੁਆਰਾ ਸੁਧਾਰ ਅਰਥਾਤ ਅਕਾਲੀ ਲਹਿਰ ਤੇ ਨਾਮਧਾਰੀ ਮੱਤ

1920 ਦੇ ਦਹਾਕੇ ਵਿੱਚ ਪੰਜਾਬ ਵਿੱਚ ਸਭ ਤੋਂ ਵਰਣਨਯੋਗ ਲਹਿਰ ਗੁਰਦੁਆਰਾ ਸੁਧਾਰ ਲਹਿਰ ਜਾਂ ਅਕਾਲੀ ਲਹਿਰ ਹੈ, ਜਿਸ ਦੇ ਜਨਤਕ ਆਧਾਰ ਬੜੇ ਵਿਸ਼ਾਲ ਸਨ। ਜਿਸ ਦਾ ਭਾਰਤ ਦੀ ਕੌਮੀ ਲਹਿਰ ਦੇ ਇਤਿਹਾਸ ਵਿੱਚ ਉੱਚਾ ਸਥਾਨ ਮੰਨਿਆ ਜਾਂਦਾ ਹੈ। ਕਹਿਣ ਨੂੰ ਤਾਂ ਇਹ ਅੰਦੋਲਨ ਸਿੱਖ ਜਗਤ ਅਤੇ ਉਨ੍ਹਾਂ ਦੇ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਸੁਧਾਰਨ ਦੇ ਆਸ਼ੇ ਨੂੰ ਲੈ ਕੇ ਹੋਂਦ ਵਿੱਚ ਆਇਆ ਸੀ। ਪਰ ਇਸ ਦਾ ਸਮੁੱਚਾ ਸਰੂਪ ਤੇ ਕਿਰਦਾਰ ਕੌਮੀ ਲਹਿਰ ਵਾਲਾ ਸੀ। ਇਸ ਲਈ ਇਸ ਦਾ ਇਤਿਹਾਸਕ ਮਹੱਤਵ

---

[1] ਤਾਰਾ ਸਿੰਘ ਅਨਜਾਣ, *ਸਾਹਿਬ ਕੂਣੀ ਕਰੇਂਦਾ*, ਪੰਨਾ 66.

ਮੰਨਿਆ ਜਾਂਦਾ ਹੈ।

ਇਸ ਲਹਿਰ ਦੇ ਪੈਦਾ ਹੋਣ ਦੇ ਕਾਰਣਾਂ ਤੇ ਇਸ ਦੀ ਵਿਆਪਕਤਾ ਨੂੰ ਜਾਨਣ ਲਈ ਪੰਜਾਬ ਦੇ ਉਸ ਇਤਿਹਾਸਕ ਪਿਛੋਕੜ ਨੂੰ ਜਾਨਣਾ ਬੜਾ ਜ਼ਰੂਰੀ ਹੈ ਜੋ ਵਿਸ਼ੇਸ਼ ਕਰਕੇ ਸਿੱਖ ਧਰਮ ਤੇ ਸਿੱਖ ਰਾਜਨੀਤੀ ਨਾਲ ਸੰਬੰਧਤ ਸੀ। ਸਿੱਖ ਇਤਿਹਾਸ ਵਿੱਚ ਸਿੱਖ ਗੁਰਦੁਆਰਿਆਂ ਦਾ ਬੜਾ ਮਹੱਤਵ ਹੈ। 18ਵੀਂ ਸਦੀ ਵਿੱਚ ਮੁਗਲਾਂ ਅਤੇ ਪਠਾਣਾਂ.... ਅਬਦਾਲੀਆਂ ਵੱਲੋਂ ਜਿਹੜੀ ਗੁਰਦੁਆਰਿਆਂ ਦੀ ਬੇਹੁਰਮਤੀ ਕੀਤੀ ਗਈ, ਉਹ ਆਪਣੇ ਆਪ ਵਿੱਚ ਇੱਕ ਦਰਦਨਾਕ ਇਤਿਹਾਸ ਨੂੰ ਆਪਣੀ ਬੁੱਕਲ ਵਿੱਚ ਲਈ ਬੈਠੀ ਹੈ। ਉਸ ਸਮੇਂ ਦੇ ਮੁਸਲਮਾਨ ਹਾਕਮ ਇਹ ਸਮਝਦੇ ਸਨ ਕਿ ਗੁਰੂ ਸਾਹਿਬਾਨ ਤੋਂ ਬਿਨਾਂ ਸਿੱਖ ਆਪਣੇ ਗੁਰਦੁਆਰਿਆਂ ਦੇ ਇਤਿਹਾਸਕ ਸਥਾਨਾਂ ਤੋਂ ਆਤਮਿਕ ਸ਼ਕਤੀ ਪ੍ਰਾਪਤ ਕਰਦੇ ਸਨ। ਪੰਜਾਬ ਵਿੱਚ ਇਸਲਾਮੀ ਸ਼ਾਸਨ ਦੇ ਖਾਤਮੇ ਪਿਛੋਂ ਜਦੋਂ ਸਿੱਖਾਂ ਦੇ ਹੱਥ ਵਿੱਚ ਰਾਜਨੀਤਿਕ ਸ਼ਕਤੀ ਆਈ ਤਾਂ ਸਿੱਖ ਗੁਰਦੁਆਰਿਆਂ ਦਾ ਨਵ-ਨਿਰਮਾਣ ਕੀਤਾ ਗਿਆ। ਸਿੱਖ ਰਾਜ ਕਾਲ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਧਾਰਮਿਕ ਉਦਾਰਵਾਦੀ ਨੀਤੀ ਅਧੀਨ ਜਿਥੇ ਸਭ ਧਰਮਾਂ ਦੇ ਪਵਿੱਤਰ ਸਥਾਨਾਂ ਨੂੰ ਜਾਗੀਰਾਂ ਪ੍ਰਦਾਨ ਕੀਤੀਆਂ, ਉਥੇ ਸਿੱਖ ਗੁਰਦੁਆਰਿਆਂ ਦੇ ਨਵ-ਨਿਰਮਾਣ ਵੱਲ ਉਚੇਚਾ ਧਿਆਨ ਦਿੱਤਾ ਗਿਆ। ਮਹਾਰਾਜਾ ਸਾਹਿਬ ਦੀ ਫਰਾਖ਼ ਦਿਲੀ ਨੇ ਖੁਲ੍ਹੇ ਦਿਲ ਨਾਲ ਸਿੱਖ ਗੁਰਧਾਮਾਂ ਨੂੰ ਜਾਗੀਰਾਂ ਬਖਸ਼ੀਆਂ ਅਤੇ ਇਨ੍ਹਾਂ ਦੇ ਨਵ-ਨਿਰਮਾਣ ਤੇ ਸੁੰਦਰਤਾ ਵਿੱਚ ਵਾਧਾ ਕਰਨ ਲਈ ਵੱਡੀਆਂ ਰਕਮਾਂ ਮੁਹੱਈਆ ਕੀਤੀਆਂ। ਇਨ੍ਹਾਂ ਗੁਰੂਸਥਾਨਾਂ ਦਾ ਪ੍ਰਬੰਧ ਮਹੰਤਾਂ ਦੇ ਹੱਥ ਵਿੱਚ ਸੀ। ਜੋ ਪਿਛੋਂ ਜਾ ਕੇ ਖਾਨਦਾਨੀ ਰੂਪ ਧਾਰਨ ਕਰ ਗਿਆ। 1849 ਤੋਂ ਪਿਛੋਂ ਜਦੋਂ ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਹੋਇਆ ਤਾਂ ਸਿੱਖ ਰਾਜ ਕਾਲ ਦੀਆਂ ਇਹਨਾਂ ਗੁਰਧਾਮਾਂ ਨੂੰ ਬਖਸ਼ੀਆਂ ਹੋਈਆਂ ਜਾਗੀਰਾਂ ਉਸੇ ਤਰ੍ਹਾਂ ਹੀ ਕਾਇਮ ਰਹੀਆਂ। ਆਪਣੇ ਵਿਸ਼ੇਸ਼ ਹਿੱਤਾਂ ਨੂੰ ਮੁੱਖ ਰੱਖ ਕੇ ਗੁਰਦੁਆਰਿਆਂ ਦੀ ਮਹੰਤ ਸ਼੍ਰੇਣੀ ਅੰਗਰੇਜ਼ ਸਰਕਾਰ ਦੀ ਪਿੱਠੂ ਤੇ ਹੱਥ ਠੋਕਾ ਬਣ ਗਈ। ਜਿਸ ਦੀ ਪ੍ਰਤੱਖ ਮਿਸਾਲ ਨਾਮਧਾਰੀ ਗੁਰੂਆਂ ਵਿਸ਼ੇਸ਼ ਕਰਕੇ ਸਤਿਗੁਰੂ ਰਾਮ ਸਿੰਘ ਜੀ ਦੀ ਸਿੱਖ ਤਖਤਾਂ ਉੱਤੇ ਅਰਦਾਸ ਨਾ ਪਰਵਾਨ ਕਰਨ ਤੋਂ ਗਿਆਤ ਹੋ ਜਾਂਦੀ ਹੈ। ਆਪ ਜੀ ਨੂੰ ਅੰਮ੍ਰਿਤ ਪ੍ਰਚਾਰ ਕਰਨ ਸਮੇਂ ਭਾਈ ਰਾਏ ਸਿੰਘ ਨੂੰ ਉਚੇਚੇ ਤੌਰ ਤੇ ਭੇਜ ਕੇ ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਤੋਂ ਅੰਮ੍ਰਿਤ ਪ੍ਰਚਾਰ ਦੀ ਮਰਿਯਾਦਾ ਮੰਗਵਾਉਣੀ ਪਈ ਸੀ। ਸਿੱਖ ਗੁਰਦੁਆਰਿਆਂ ਦਾ ਪ੍ਰਬੰਧ ਦਿਨੋ-ਦਿਨ ਨਿਘਰਦਾ ਗਿਆ ਅਤੇ 1873 ਵਿੱਚ ਪੰਜਾਬ ਵਿੱਚ ਉਪਜੀ ਸਿੰਘ ਸਭਾ ਲਹਿਰ ਨੇ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਸੁਧਾਰਨ ਦਾ ਯਤਨ ਕੀਤਾ। ਸਿੰਘ ਸਭਾ ਲਹਿਰ ਤੇ ਖਾਲਸਾ ਦੀਵਾਨਾਂ ਨੇ ਸਿੱਖਾਂ ਵਿੱਚ ਜਾਗਰਤੀ ਜ਼ਰੂਰ ਲਿਆਂਦੀ, ਪਰ ਉਹ ਇੱਕ ਸੁਧਾਰਵਾਦੀ ਲਹਿਰ ਸੀ, ਜਿਸ ਨੇ ਸਰਕਾਰ ਦੀ ਸਰਪ੍ਰਸਤੀ ਵਿੱਚ ਰਹਿ ਕੇ ਸਿੱਖਾਂ ਲਈ ਕੁਝ ਰਿਆਇਤਾਂ ਲਿਆਉਣ ਦੀ ਨੀਤੀ ਬਣਾ ਰੱਖੀ ਸੀ। ਸਿੰਘ ਸਭਾ ਲਹਿਰ ਦੇ ਕਾਨੂੰਨੀ ਤੇ ਸਮਾਜਿਕ ਪੱਧਰ 'ਤੇ ਕੀਤੇ ਗਏ ਯਤਨ ਸਿੱਖ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਸੁਧਾਰ ਨਾ ਸਕੇ।

ਸਿੱਖ ਧਰਮ ਵਿੱਚ ਸ੍ਰੀ ਅਕਾਲ ਤਖਤ ਦੀ ਵੱਡੀ ਮਹਾਨਤਾ ਹੈ। ਪਰ ਇਹਨਾਂ ਗੁਰਧਾਮਾਂ ਦਾ ਪ੍ਰਬੰਧ ਅੰਗਰੇਜ਼ਾਂ ਵੱਲੋਂ ਮੁਕਰਰ ਕੀਤੇ ਗਏ ਸਰਬਰਾਹਾਂ ਦੇ ਹੱਥ ਸੀ, ਜੋ ਅੰਗਰੇਜ਼ ਸਰਕਾਰ ਦੀ ਰਾਸ਼ਟਰ-ਵਿਰੋਧੀ ਨੀਤੀ ਦੇ ਹੱਥ ਠੋਕੇ ਬਣੇ ਹੋਏ ਸਨ।

ਨਾਮਧਾਰੀਆਂ ਤੋਂ ਬਿਨਾਂ ਜਦੋਂ ਪੰਜਾਬ ਵਿੱਚ ਹੋਰ ਕੌਮੀ ਲਹਿਰਾਂ ਪੈਦਾ ਹੋਈਆਂ ਤਾਂ ਤਖਤਾਂ ਵੱਲੋਂ ਇਹਨਾਂ ਦਾ ਵਿਰੋਧ ਹੀ ਕੀਤਾ ਗਿਆ। 1914 ਦੇ ਕਾਮਾਗਾਟਾ ਮਾਰੂ ਅਰਥਾਤ ਬਜ-ਬਜ ਦੇ ਘਾਟ ਉੱਤੇ ਸ਼ਹੀਦ ਹੋਏ ਸਿੱਘਾਂ ਨੂੰ ਸਿੱਖ ਮੰਨਣ ਤੋਂ ਇਨਕਾਰ ਕੀਤਾ ਗਿਆ। ਉਨ੍ਹਾਂ ਦੀ ਮੁਕਤੀ ਲਈ ਕੋਈ ਅਰਦਾਸ ਨਾ ਕੀਤੀ ਗਈ। 1914 ਦੇ ਗ਼ਦਰ ਲਹਿਰ ਦੇ ਬਲਕਾਰ ਯੋਧਿਆਂ ਤੇ ਸ਼ਹੀਦਾਂ ਨੂੰ ਚੋਰ ਡਾਕੂ ਕਹਿ ਕੇ ਭੰਡਿਆ ਗਿਆ। ਪਰ ਸਭ ਤੋਂ ਸ਼ਰਮਨਾਕ ਗੱਲ ਜਿਹੜੀ ਸ੍ਰੀ ਅਕਾਲ ਤਖਤ ਦੇ ਸਰਬਰਾਹ ਅਰੂੜ ਸਿੰਘ ਨੇ ਕੀਤੀ ਉਹ ਜਲ੍ਹਿਆਂਵਾਲੇ ਬਾਗ ਦੇ ਹਤਿਆਰੇ ਜਨਰਲ ਡਾਇਰ ਨੂੰ ਅਕਾਲ ਤਖਤ ਤੋਂ ਸਿਰੋਪਾ ਪ੍ਰਦਾਨ ਕਰਨਾ ਸੀ। ਜਿਸ ਦੇ ਬੜੇ ਹਾਸੋਹੀਣੇ ਤੇ ਸ਼ਰਮਨਾਕ ਸਮਾਚਾਰ ਇਸ ਪ੍ਰਕਾਰ ਹਨ :-

ਸੋਹਨ ਸਿੰਘ ਜੋਸ਼ ਦੀ ਪੁਸਤਕ 'ਅਕਾਲੀ ਮੋਰਚਿਆਂ ਦੇ ਇਤਿਹਾਸ' ਵਿੱਚ ਇਸ ਘਟਨਾ ਦਾ ਵਰਣਨ ਇਸ ਤਰ੍ਹਾਂ ਦਿੱਤਾ ਗਿਆ ਹੈ :-

[1]"ਮਿਸਟਰ ਕੈਲਵਿਨ ਲਿਖਦਾ ਹੈ : ਜਦੋਂ ਉਹ (ਡਾਇਰ) ਅੰਮ੍ਰਿਤਸਰ ਮੁੜ ਕੇ ਵਾਪਸ ਆਇਆ ਤਾਂ ਉਸਨੂੰ ਤੇ ਬਿਰਗੇਡੀਅਰ ਮੇਜਰ ਕੈਪਟਨ ਬਰਿਗਜ਼ ਨੂੰ ਦਰਬਾਰ ਸਾਹਿਬ ਬੁਲਾਇਆ ਗਿਆ ਅਤੇ ਉਹ ਸਿੱਖ ਆਗੂਆਂ ਤੇ ਮੁਖੀ ਪੁਜਾਰੀਆਂ ਦੇ ਪਾਸ ਦਰਬਾਰ ਸਾਹਿਬ ਗਏ।"

"ਸਾਹਿਬ", ਉਹਨਾਂ ਨੇ ਆਖਿਆ, "ਤੁਹਾਨੂੰ ਸਿੱਖ ਬਣ ਜਾਣਾ ਚਾਹੀਦਾ ਹੈ। ਜਿਵੇਂ ਨਿਕਲਸਨ ਸਾਹਿਬ ਸਿੱਖ ਬਣ ਗਿਆ ਸੀ।"

"ਜਨਰਲ ਨੇ ਇਸ ਮਾਣ ਲਈ ਉਹਨਾਂ ਦਾ ਧੰਨਵਾਦ ਕੀਤਾ, ਪਰ ਉਸਨੇ ਇਤਰਾਜ਼ ਕੀਤਾ ਕਿ ਬਰਤਾਨਵੀ (ਬ੍ਰਿਟਿਸ਼) ਅਫਸਰ ਦੇ ਤੌਰ ਤੇ ਉਹ ਆਪਣੇ ਵਾਲ ਲੰਮੇ ਸਮੇਂ ਲਈ ਨਹੀਂ ਉਗਾ ਸਕਦਾ।"

ਅਰੂੜ ਸਿੰਘ ਹੱਸ ਪਿਆ : "ਅਸੀਂ ਤੁਹਾਨੂੰ ਲੰਮੇ ਵਾਲ ਨਾ ਰੱਖਣ ਦੀ ਛੋਟ ਦੇ ਦਿਆਂਗੇ" — ਉਸਨੇ ਅਗੋਂ ਆਖਿਆ।

ਜਨਰਲ ਡਾਇਰ ਨੇ ਇੱਕ ਹੋਰ ਇਤਰਾਜ਼ ਕੀਤਾ : "ਪਰ ਮੈਂ ਸਿਗਰਟ ਪੀਣਾ ਨਹੀਂ ਛੱਡ ਸਕਦਾ।"

"ਇਹ ਤੁਹਾਨੂੰ ਛੱਡ ਦੇਣਾ ਚਾਹੀਦਾ ਹੈ," ਅਰੂੜ ਸਿੰਘ ਨੇ ਆਖਿਆ।

"ਨਹੀਂ," ਜਨਰਲ ਨੇ ਆਖਿਆ, "ਮੈਨੂੰ ਬਹੁਤ ਅਫਸੋਸ ਹੈ, ਮੈਂ ਸਿਗਰਟ ਪੀਣਾ ਨਹੀਂ ਛੱਡ ਸਕਦਾ।"

ਪੁਜਾਰੀ ਨੇ ਇਹ ਰਿਆਇਤ ਦੇ ਦਿੱਤੀ : "ਅਸੀਂ ਤੁਹਾਨੂੰ ਹੌਲੀ-ਹੌਲੀ ਛੱਡ ਦੇਣ ਦੀ ਖੁਲ੍ਹ ਦੇ ਦਿਆਂਗੇ, ਇੱਕ ਸਿਗਰਟ ਇੱਕ ਸਾਲ ਵਿੱਚ।" "ਇਸ ਕਥਨ ਦਾ ਮੈਂ ਵਚਨ

---

[1] ਸੋਹਣ ਸਿੰਘ ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ,* ਪੰਨਾ 151.

ਦਿੰਦਾ ਹਾਂ", ਜਨਰਲ ਨੇ ਕਿਹਾ।

ਇਨ੍ਹਾਂ ਸਰਬਰਾਹਾਂ ਦੀਆਂ ਹੋਰ ਕਰਤੂਤਾਂ ਦਾ ਬਿਓਰਾ ਡਾ. ਏ.ਸੀ. ਅਰੋੜਾ ਇਸ ਪ੍ਰਕਾਰ ਪੇਸ਼ ਕਰਦਾ ਹੈ :

1881 ਤੋਂ ਗੁਰਦੁਆਰਿਆਂ ਦਾ ਪ੍ਰਬੰਧ ਅੰਗਰੇਜ਼ਾਂ ਅਧੀਨ ਸੀ। ਅੰਮ੍ਰਿਤਸਰ ਦੇ ਮੁੱਖ ਧਾਰਮਿਕ ਸਥਾਨ ਸ੍ਰੀ ਦਰਬਾਰ ਸਾਹਿਬ ਤੇ ਅਕਾਲ ਤਖ਼ਤ ਦੇ ਪ੍ਰਬੰਧਕ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਵੱਲੋਂ ਲਗਾਏ ਜਾਂਦੇ ਸਨ। ਜਿਨ੍ਹਾਂ ਨੂੰ ਅੰਗਰੇਜ਼ ਸਰਕਾਰ ਆਪਣੇ ਵਿਸ਼ੇਸ਼ ਹਿੱਤਾਂ ਅਨੁਸਾਰ ਆਜ਼ਾਦੀ ਦੀਆਂ ਕੌਮੀ ਲਹਿਰਾਂ ਵਿਰੁੱਧ ਵਰਤ ਰਹੀ ਸੀ। ਇਨ੍ਹਾਂ ਇਤਿਹਾਸਕ ਗੁਰਦੁਆਰਿਆਂ ਦੀ ਸੰਖਿਆ ਡਾ. ਏ. ਸੀ. ਅਰੋੜਾ ਅਨੁਸਾਰ 260 ਦੱਸੀ ਗਈ ਹੈ। ਸਿੱਖਾਂ ਦੇ ਸਰਵਉੱਚ ਸਥਾਨ ਅਕਾਲ ਤਖ਼ਤ ਸਾਹਿਬ ਦੇ ਪ੍ਰਬੰਧਕ ਅਰੂੜ ਸਿੰਘ ਵੱਲੋਂ ਇਸ ਪਵਿੱਤਰ ਸਥਾਨ ਦੀ ਦੁਰਵਰਤੋਂ ਦੇ ਅਨੇਕ ਉਦਾਹਰਣ ਮਿਲਦੇ ਹਨ।

ਇਹ ਮਹੰਤ ਗੁਰਦੁਆਰਿਆਂ ਦੇ ਚੜ੍ਹਾਵੇ ਦੀ ਰਕਮ ਨੂੰ ਆਪਣੀ ਨਿੱਜੀ ਸੰਪਤੀ ਸਮਝਦੇ ਸਨ ਅਤੇ ਐਸ਼ ਇਸ਼ਰਤ ਵਾਲਾ ਜੀਵਨ ਜਿਊਣ ਦੇ ਆਦੀ ਹੋ ਚੁੱਕੇ ਸਨ। ਇਥੋਂ ਤੱਕ ਕਿ ਗੁਰਦੁਆਰਿਆਂ ਵਿੱਚ ਵੇਸਵਾਵਾਂ ਦੇ ਨਾਚ ਵੀ ਕਰਵਾਏ ਜਾਣ ਲੱਗ ਪਏ ਸਨ। ਅੰਗਰੇਜ਼ ਸਰਕਾਰ ਵੱਲੋਂ ਇਨ੍ਹਾਂ ਮਹੰਤਾਂ ਨੂੰ ਕਈ ਬਖਸ਼ਿਸ਼ਾਂ ਅਤੇ ਰਿਆਇਤਾਂ ਦਿੱਤੀਆਂ ਗਈਆਂ ਸਨ। ਇਨ੍ਹਾਂ ਵਿੱਚੋਂ ਤਾਂ ਕਈ ਮਹੰਤਾਂ ਨੂੰ ਆਨਰੇਰੀ ਮੈਜਿਸਟਰੇਟ ਅਤੇ ਕਈ ਉੱਚ ਪਦਵੀਆਂ ਦਿੱਤੀਆਂ ਹੋਈਆਂ ਸਨ। ਸਰਕਾਰ ਇਨ੍ਹਾਂ ਮਹੰਤਾਂ ਦੀ ਪਿੱਠ ਠੋਕਦੀ ਸੀ ਅਤੇ ਇਹ ਮਹੰਤ ਗ਼ੋਰੀ ਸਰਕਾਰ ਦੀ ਹੱਥ-ਠੋਕਾ ਬਣੀ ਹੋਈ ਸੀ।

1907 ਈ. ਦੇ ਕਿਸਾਨ ਅੰਦੋਲਨ ਵਿੱਚ ਅਕਾਲ ਤਖ਼ਤ ਦੇ ਸਰਬਰਾਹ ਅਰੂੜ ਸਿੰਘ ਨੇ ਸਿੱਖਾਂ ਨੂੰ ਬ੍ਰਿਟਿਸ਼ ਸਰਕਾਰ ਪ੍ਰਤੀ ਵਫ਼ਾਦਾਰ ਰਹਿਣ ਦਾ ਆਦੇਸ਼ ਦਿੱਤਾ।

1914 ਈ. ਵਿੱਚ ਪਹਿਲਾ ਮਹਾਂਯੁੱਧ ਆਰੰਭ ਹੋਇਆ। ਅਰੂੜ ਸਿੰਘ ਨੇ ਹਰਿਮੰਦਿਰ ਸਾਹਿਬ ਵਿਖੇ ਅੰਗਰੇਜ਼ਾਂ ਦੀ ਜਿੱਤ ਦੀ ਅਰਦਾਸ ਵਜੋਂ ਅਖੰਡ ਪਾਠ ਕਰਵਾਇਆ ਅਤੇ 50,000 ਦੀ ਵੱਡੀ ਰਕਮ ਜੰਗੀ ਫੰਡ ਲਈ ਸਹਾਇਤਾ ਵਜੋਂ ਦਿੱਤੀ।

1914-15 ਈ. ਦੇ ਕਾਮਾਗਾਟਾ ਮਾਰੂ ਤੇ ਗਦਰ ਲਹਿਰ ਦੇ ਸਿੱਖ ਯੋਧਿਆਂ ਤੇ ਸ਼ਹੀਦਾਂ ਵਿਰੁੱਧ ਫਤਵੇ ਜਾਰੀ ਕੀਤੇ ਗਏ। ਸਭ ਤੋਂ ਸ਼ਰਮਨਾਕ ਗੱਲ ਜਲ੍ਹਿਆਂਵਾਲੇ ਬਾਗ ਦੇ ਹਤਿਆਰੇ ਜਨਰਲ ਡਾਇਰ ਨੂੰ ਅਕਾਲ ਤਖ਼ਤ ਤੋਂ ਸਿਰੋਪਾ ਪ੍ਰਦਾਨ ਕਰਨਾ ਸੀ।"[1]

ਇਨ੍ਹਾਂ ਕਾਰਨਾਂ ਸਦਕਾ ਸਿੱਖ ਜਗਤ ਵਿੱਚ ਇਨ੍ਹਾਂ ਮਹੰਤਾਂ ਵਿਰੁੱਧ ਤਿੱਖੀ ਰੋਸ ਦੀ ਲਹਿਰ ਦਾ ਜਾਗਣਾ ਕੁਦਰਤੀ ਹੀ ਸੀ। ਸਿੱਖ ਪੰਥ ਮਹੰਤਾਂ ਦੀ ਅਜਾਰਾਦਾਰੀ ਤੋਂ ਗੁਰਦੁਆਰਿਆਂ ਨੂੰ ਮੁਕਤ ਕਰਵਾ ਕੇ ਸਿੱਖਾਂ ਦੇ ਹੱਕੀ ਨੁਮਾਇੰਦਿਆਂ ਦੇ ਹਵਾਲੇ ਕਰਨਾ ਚਾਹੁੰਦਾ ਸੀ। ਇਹ ਸਨ ਕੁਝ ਮੁੱਖ ਕਾਰਨ ਜਿਸ ਦੇ ਸਿੱਟੇ ਵਜੋਂ 1920-21 ਦੀ ਅਕਾਲੀ ਲਹਿਰ ਦਾ ਜਨਮ ਹੋਇਆ। 1919 ਤੋਂ ਪਿਛੋਂ ਵਿਦੇਸ਼ੀ ਸਰਕਾਰ ਵਿਰੁੱਧ ਜਨਤਾ ਵਿੱਚ ਰੋਸ ਵੱਡੇ ਪੈਮਾਨੇ 'ਤੇ ਫੈਲ ਗਿਆ ਸੀ। 1919 ਦੇ ਅੰਮ੍ਰਿਤਸਰ ਦੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਇਜਲਾਸ ਨੇ ਵੀ ਨਵੀਂ ਜਾਗ੍ਰਿਤੀ ਲੈ ਆਂਦੀ। ਇਸ ਸਮੇਂ ਭਾਰਤੀ ਰਾਜਨੀਤੀ

[1] ਡਾ. ਏ. ਸੀ. ਅਰੋੜਾ, *ਪੰਜਾਬ ਦਾ ਇਤਿਹਾਸ*, ਪੰਨਾ 260.

Namdhari Elibrary NamdhariElibrary@gmail.com

ਵਿੱਚ ਮਹਾਤਮਾ ਗਾਂਧੀ ਜੀ ਦੀ ਅਹਿੰਸਾਵਾਦੀ ਤੇ ਸ਼ਾਂਤਮਈ ਅੰਦੋਲਨਾਂ ਦੀ ਸਤਿਆਗ੍ਰਹਿ ਦੀ ਲਹਿਰ ਸਾਰੇ ਦੇਸ਼ ਵਿੱਚ ਬਲਵਾਨ ਰੂਪ ਧਾਰਨ ਕਰ ਰਹੀ ਸੀ। ਇਸ ਦਾ ਵੱਡਾ ਪ੍ਰਭਾਵ 1920-21 ਦੀ ਅਕਾਲੀ ਲਹਿਰ ਉੱਤੇ ਵੀ ਵੇਖਿਆ ਜਾ ਸਕਦਾ ਹੈ। 1920 ਵਿੱਚ ਗੁਰਦੁਆਰਾ ਰਕਾਬਗੰਜ ਦੀ ਢਾਹੀ ਗਈ ਕੰਧ ਦੀ ਦੁਬਾਰਾ ਉਸਾਰੀ ਲਈ ਉਸ ਸਮੇਂ ਪ੍ਰਕਾਸ਼ਿਤ ਹੋਣ ਵਾਲੇ ਅਕਾਲੀ ਅਖ਼ਬਾਰ ਨੇ ਵੱਡੀ ਭੂਮਿਕਾ ਨੂੰ ਨਿਭਾਇਆ, ਜਿਸ ਕਾਰਨ ਇਸ ਗੁਰਦੁਆਰਾ ਸੁਧਾਰ ਲਹਿਰ ਨੂੰ 'ਅਕਾਲੀ ਲਹਿਰ' ਕਰਕੇ ਵੀ ਜਾਣਿਆ ਜਾਂਦਾ ਹੈ।

## ਸਿੱਖ ਲੀਗ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ

1920 ਵਿੱਚ ਗੁਰਦੁਆਰਾ ਸੁਧਾਰ ਲਹਿਰ ਜ਼ੋਰ ਫੜਨ ਲੱਗੀ। ਗੁਰਦੁਆਰਿਆਂ ਦੇ ਪੁਜਾਰੀ ਪੱਛੜੀਆਂ ਸ਼੍ਰੇਣੀਆਂ ਦੇ ਸਿੱਖਾਂ ਨੂੰ ਦਰਬਾਰ ਸਾਹਿਬ ਵਿੱਚ 9 ਵਜੇ ਤੋਂ ਪਹਿਲਾਂ ਮੱਥਾ ਟੇਕਣ ਦੀ ਆਗਿਆ ਨਹੀਂ ਸਨ ਦਿੰਦੇ। 12 ਅਕਤੂਬਰ 1920 ਨੂੰ ਜਲ੍ਹਿਆਂਵਾਲੇ ਬਾਗ ਵਿੱਚ ਸਿੱਖਾਂ ਦੀ ਇਕੱਤਰਤਾ ਹੋਈ, ਜਿਸ ਵਿੱਚ ਮਹੰਤਾਂ ਤੋਂ ਸ੍ਰੀ ਦਰਬਾਰ ਸਾਹਿਬ ਦਾ ਕਬਜ਼ਾ ਲੈਣ ਦਾ ਫ਼ੈਸਲਾ ਕੀਤਾ ਗਿਆ। ਇਸ ਵਿੱਚ ਬਹੁਤ ਸਾਰੇ ਵਿਅਕਤੀ ਪੱਛੜੀਆਂ ਸ਼੍ਰੇਣੀਆਂ ਅਰਥਾਤ ਦਲਿਤ ਵਰਗਾਂ ਵਿੱਚੋਂ ਸਨ। ਅਗਲੇ ਦਿਨ ਉਨ੍ਹਾਂ ਵੱਲੋਂ ਜੱਥਾ ਬਣਾ ਕੇ ਦਰਬਾਰ ਸਾਹਿਬ ਵਿੱਚ ਕੜਾਹ ਪ੍ਰਸਾਦ ਦੀ ਦੇਗ ਭੇਟਾ ਕਰਨ ਲਈ ਲਿਆਂਦੀ ਗਈ। ਪੁਜਾਰੀਆਂ ਨੇ ਅਰਦਾਸ ਕਰਨ ਤੋਂ ਨਾਂਹ ਕਰ ਦਿੱਤੀ। ਝਗੜਾ ਵੱਧਦਾ ਦੇਖ ਕੇ ਫੈਸਲਾ ਕੀਤਾ ਗਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਵਾਕ ਲਿਆ ਜਾਵੇ। ਜਦੋਂ ਵਾਕ ਲਿਆ ਗਿਆ ਤਾਂ ਹੁਕਮਨਾਮੇ ਦੇ ਸ਼ਬਦ ਸਨ :-

*ਨਿਰਗੁਣਿਆ ਨੋ ਆਪੇ ਬਖਸਿ ਲਏ*
*ਭਾਈ ਸਤਿਗੁਰ ਕੀ ਸੇਵਾ ਲਾਇ॥*

(ਗੁਰੂ ਗ੍ਰੰਥ ਸਾਹਿਬ, ਅੰਕ 638, ਸੋਰਠਿ ਮਹਲਾ ੩)

ਜਿਸ ਤੋਂ ਭਾਵ ਇਹ ਲਿਆ ਗਿਆ ਕਿ ਗੁਰਧਾਮਾਂ ਦੀ ਸੇਵਾ ਦਾ ਸਿੱਖ ਸੰਗਤ ਅਰਥਾਤ ਸਿੱਖ ਸਮੂਹ ਜਿਸ ਵਿੱਚ ਸਾਰੀਆਂ ਜਾਤੀਆਂ ਦੇ ਸਿੱਖ ਸ਼ਾਮਿਲ ਹਨ, ਨੂੰ ਸੇਵਾ ਕਰਨ ਦੀ ਆਗਿਆ ਹੈ। ਅਗਲੇ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਵੀ ਇਸੇ ਜੁਗਤ ਦੀ ਵਰਤੋਂ ਕੀਤੀ ਗਈ ਪਰ ਪੁਜਾਰੀ ਪਹਿਲਾਂ ਹੀ ਸਥਾਨ ਛੱਡ ਕੇ ਜਾ ਚੁੱਕੇ ਸਨ। ਇਹ ਗੁਰਦੁਆਰਾ ਸੁਧਾਰ ਲਹਿਰ ਦੀ ਪਹਿਲੀ ਸਫਲਤਾ ਸੀ। 18ਵੀਂ ਸਦੀ ਦੇ ਦਲ ਖਾਲਸਾ ਨੂੰ ਮੁੱਖ ਰਖ ਕੇ ਹੋਰ ਗੁਰਧਾਮਾਂ ਨੂੰ ਮਹੰਤਾਂ ਦੇ ਕਬਜ਼ਿਆਂ ਵਿੱਚੋਂ ਛੁਡਾਉਣ ਲਈ ਅਕਾਲੀ ਜਥੇ ਬਣਾਏ ਗਏ ਅਤੇ ਇਸ ਧਾਰਮਿਕ ਸੰਸਥਾ ਦਾ ਨਾਮ ਅਕਾਲੀ ਦਲ ਕਰਕੇ ਪ੍ਰਸਿੱਧ ਹੋਇਆ। ਅਕਾਲੀਆਂ ਦੀ ਇਸ ਕਾਮਯਾਬੀ ਨੂੰ ਸਿੱਖ-ਸੁਧਾਰਕਾਂ ਦੀ ਪਹਿਲੀ ਜਿੱਤ ਵਜੋਂ ਜਾਣਿਆ ਗਿਆ, ਮਹਾਤਮਾ ਗਾਂਧੀ ਜੀ ਵੱਲੋਂ ਉਚੇਚੇ ਰੂਪ ਵਿੱਚ ਤਾਰ ਰਾਹੀਂ ਇਸ ਸਫਲਤਾ ਬਾਰੇ ਇੰਝ ਲਿਖਿਆ ਗਿਆ :

"ਹਿੰਦੁਸਤਾਨ ਦੀ ਆਜ਼ਾਦੀ ਦੀ ਪਹਿਲੀ ਫੈਸਲਾਕੁੰਨ ਜੰਗ ਜਿੱਤ ਲਈ ਗਈ ਹੈ। ਵਧਾਈ ਹੋਵੇ।" (ਮਹਾਤਮਾ ਗਾਂਧੀ)

ਦੂਜੇ ਸ਼ਬਦਾਂ ਵਿੱਚ, ਇਸ ਗੁਰਦੁਆਰਾ ਸੁਧਾਰ ਲਹਿਰ ਨੂੰ ਭਾਰਤ ਦੇ ਸੁਤੰਤਰਤਾ ਸੰਗਰਾਮ ਦੇ ਅੰਗ ਵਜੋਂ ਵੀ ਮਾਨਤਾ ਪ੍ਰਾਪਤ ਹੋ ਗਈ।

## ਪ੍ਰਮੁੱਖ ਸਿੱਖ ਸੰਸਥਾਵਾਂ ਦੀ ਸਥਾਪਨਾ

1919 ਤੱਕ ਸਿੱਖਾਂ ਦੀ ਇੱਕੋ-ਇੱਕ ਸੰਸਥਾ ਚੀਫ਼ ਖਾਲਸਾ ਦੀਵਾਨ ਹੀ ਸੀ, ਜਿਸ ਉੱਤੇ ਸਿੱਖ ਸਰਦਾਰਾਂ ਤੇ ਜਾਗੀਰਦਾਰਾਂ ਦਾ ਕਬਜਾ ਸੀ।

ਸੋਹਨ ਸਿੰਘ ਜੋਸ਼ ਅਨੁਸਾਰ, [1]"ਇਸ ਕੇਂਦਰੀ ਜਥੇਬੰਦੀ ਉੱਤੇ ਖਾਨਦਾਨੀ ਸਰਦਾਰਾਂ ਅਤੇ ਧਨਾਢ ਸਿੱਖਾਂ ਦਾ ਕਬਜਾ ਸੀ। ......ਸਰਕਾਰ ਨਾਲ ਹਰ ਤਰ੍ਹਾਂ ਮਿਲਵਰਤਨ ਕਰਨਾ ਅਤੇ ਆਪਣੇ ਲਈ ਤੇ ਸਿੱਖਾਂ ਲਈ ਕੁਛ ਅਹੁਦੇ ਲੈਣਾ ਤੇ ਫਾਇਦੇ ਉਠਾਣਾ - ਏਹੋ ਹੀ ਚੀਫ ਖਾਲਸਾ ਦੀਵਾਨ ਦਾ ਵੱਡਾ ਮਨੋਰਥ ਸੀ।" ਚੀਫ ਖਾਲਸਾ ਦੀਵਾਨ ਸਿੱਖਾਂ ਦੀ ਪੜ੍ਹੀ-ਲਿਖੀ ਉੱਚ ਮੱਧ ਸ਼੍ਰੇਣੀ ਦੀ ਪ੍ਰਤੀਨਿਧ ਸੰਸਥਾ ਸੀ, ਜਿਸਨੇ ਬਹੁਤ ਸਾਰੇ ਸਕੂਲ ਅਤੇ ਕਾਲਜ ਖੋਲ੍ਹ ਕੇ ਸਿੱਖਾਂ ਵਿੱਚ ਵਿੱਦਿਅਕ ਆਦਰਸ਼ਾਂ ਦੀ ਪੂਰਤੀ ਕੀਤੀ। ਦੇਸ਼ ਦੀਆਂ ਕੌਮੀ ਲਹਿਰਾਂ ਨਾਲ ਇਸ ਦਾ ਸੰਬੰਧ ਬੜਾ ਓਪਰਾ-ਓਪਰਾ ਤੇ ਮੂੰਹ ਰੱਖਵਾਂ ਹੀ ਸੀ।

ਰਾਸ਼ਟਰਵਾਦੀ ਵਿਚਾਰਾਂ ਵਾਲੇ ਸਿੱਖਾਂ ਨੇ 1919 ਦੀਆਂ ਸਰਦੀਆਂ ਵਿੱਚ ਅੰਮ੍ਰਿਤਸਰ ਵਿਖੇ ਸਿੱਖ ਲੀਗ ਸਥਾਪਤ ਕਰਕੇ ਸਿੱਖਾਂ ਦੇ ਮਾਮਲਿਆਂ ਵਿੱਚ ਸਿੰਘ ਸਭਾ ਤੇ ਚੀਫ ਖਾਲਸਾ ਦੀਵਾਨ ਦੇ ਏਕਾਧਿਕਾਰ ਨੂੰ ਤੋੜ ਦਿੱਤਾ।[2] 1920 ਵਿੱਚ ਸਿੱਖ ਲੀਗ ਦਾ ਦੂਜਾ ਇਜਲਾਸ ਲਾਹੌਰ ਦੇ ਬਰੈਡਲਾ ਹਾਲ ਵਿੱਚ ਹੋਇਆ, ਜਿਸ ਵਿੱਚ ਮਹਾਤਮਾ ਗਾਂਧੀ ਜੀ ਵੀ ਸ਼ਾਮਲ ਹੋਏ। ਸ. ਖੜਕ ਸਿੰਘ ਦੀ ਪ੍ਰਧਾਨਗੀ ਵਿੱਚ ਪੰਜਾਬ ਦੇ ਸਿੱਖਾਂ ਨੇ ਨਾ-ਮਿਲਵਰਤਨ ਦਾ ਮਤਾ ਪਾਸ ਕਰ ਦਿੱਤਾ। ਚੀਫ ਖਾਲਸਾ ਦੀਵਾਨ ਤੇ ਸਰਕਾਰੀ ਆਦਮੀਆਂ ਨੇ ਸਖਤ ਵਿਰੋਧਤਾ ਕੀਤੀ ਤੇ ਫਸਾਦ ਕਰਾਉਣ ਦੀ ਕੋਸ਼ਿਸ਼ ਕੀਤੀ। ਫੇਕਤ, ਭਾਰੀ ਬਹੁਸੰਮਤੀ ਨਾਲ ਨਾ-ਮਿਲਵਰਤਨ ਦਾ ਮਤਾ ਪਾਸ ਹੋ ਗਿਆ ਅਤੇ ਅੰਗਰੇਜ਼ੀ ਸਰਕਾਰ ਨਾਲ ਸ਼ਾਂਤਮਈ ਲੜਾਈ ਦਾ ਮੁੱਢ ਬੱਝ ਗਿਆ।"

ਇਹ ਸੀ ਰਾਜਨੀਤਿਕ ਪਿਛੋਕੜ ਜਿਸ ਨੇ ਅਕਾਲੀ ਲਹਿਰ ਜਾਂ ਗੁਰਦੁਆਰਾ ਸੁਧਾਰ ਲਹਿਰ ਦੀ ਸ਼ਾਂਤਮਈ ਲਹਿਰ ਦੀ ਨੀਤੀ ਨੂੰ ਆਪਣੇ ਮਾਰਗ-ਦਰਸ਼ਨ ਵਜੋਂ ਪ੍ਰਵਾਨ ਕਰ ਲਿਆ।

ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ ਨੂੰ ਸੁਧਾਰਨ ਲਈ 36 ਮੈਂਬਰਾਂ ਦੀ ਕਮੇਟੀ ਬਣਾਈ। 15 ਨਵੰਬਰ, 1920 ਨੂੰ ਅਕਾਲ ਤਖਤ ਵਿਖੇ ਸਿੱਖਾਂ ਦੀ ਇੱਕ ਹੋਰ ਇਕੱਤਰਤਾ ਬੁਲਾਈ ਗਈ, ਜਿਸ ਵਿੱਚ 175 ਮੈਂਬਰਾਂ ਦੀ ਕਮੇਟੀ ਦੀ ਚੋਣ ਕੀਤੀ ਗਈ, ਜਿਸਦਾ ਨਾਂ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਰੱਖਿਆ ਗਿਆ, ਜਿਸ ਵਿੱਚ ਸਰਕਾਰ ਵੱਲੋਂ ਬਣਾਈ ਗਈ ਗੁਰਦੁਆਰਾ ਸੁਧਾਰ ਕਮੇਟੀ ਦੇ 36 ਮੈਂਬਰਾਂ ਨੂੰ ਸ਼ਾਮਿਲ

---

[1] ਸੋਹਨ ਸਿੰਘ ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ*, ਪੰਨਾ 17.

[2] ਰਾਮ ਸਿੰਘ ਮਜੀਠਾ, *ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ*, ਪੰਨਾ 222.

Namdhari Elibrary NamdhariElibrary@gmail.com

ਕਰ ਲਿਆ ਗਿਆ। 12 ਦਸੰਬਰ, 1920 ਈ. ਨੂੰ ਹੋਈ ਮੀਟਿੰਗ ਵਿੱਚ ਸਰਦਾਰ ਸੁੰਦਰ ਸਿੰਘ ਮਜੀਠੀਆ ਇਸ ਕਮੇਟੀ ਦੇ ਪ੍ਰਧਾਨ, ਹਰਬੰਸ ਸਿੰਘ ਅਟਾਰੀ ਉਪ-ਪ੍ਰਧਾਨ ਤੇ ਸੁੰਦਰ ਸਿੰਘ ਰਾਮਗੜ੍ਹੀਆ ਸਕੱਤਰ ਨਿਯੁਕਤ ਹੋਏ।

ਜੋਸ਼ੀਲੇ ਸਿੱਖਾਂ ਨੇ ਗੁਰਦੁਆਰਿਆਂ ਦੇ ਅੜੀਅਲ ਮਹੰਤਾਂ ਤੋਂ ਗੁਰਦੁਆਰਿਆਂ ਨੂੰ ਆਜ਼ਾਦ ਕਰਾਉਣ ਲਈ ਵੱਖਰੀ ਜਥੇਬੰਦੀ ਬਣਾ ਲਈ, ਜਿਸ ਦਾ ਨਾਂ ਸ਼੍ਰੋਮਣੀ ਅਕਾਲੀ ਦਲ ਰੱਖਿਆ ਗਿਆ ਜਿਸ ਦਾ ਮੁੱਖ ਨਿਸ਼ਾਨਾ ਸੀ ਸਿੱਖਾਂ ਦੇ ਜਥੇ ਬਣਾ ਕੇ ਮਹੰਤਾਂ ਤੋਂ ਕਬਜ਼ਾ ਛੁਡਾਉਣ ਲਈ ਸੰਘਰਸ਼ ਦੀ ਤਿਆਰੀ ਕਰਨਾ ਸੀ। ਇਹ ਸੀ ਉਹ ਪਿਛੋਕੜ ਜਿਸ ਦੀ ਪਿੱਠ ਭੂਮੀ ਤੋਂ ਅਕਾਲੀ ਲਹਿਰ ਦੇ ਸੰਗਰਾਮ ਦਾ ਜਨਮ ਹੋਇਆ। ਇਹ ਨਿਸ਼ਾਨਾ ਪਹਿਲਾਂ ਹੀ ਮਿੱਥ ਲਿਆ ਗਿਆ ਸੀ ਕਿ ਇਹ ਅੰਦੋਲਨ ਸ਼ਾਂਤਮਈ ਹੋਵੇਗਾ ਤੇ ਨਾਲੋ-ਨਾਲ ਅੰਗਰੇਜ਼ ਸਰਕਾਰ ਨਾਲ ਨਾ ਮਿਲਵਰਤਨ ਵੀ ਜਾਰੀ ਰਹੇਗਾ। ਇਹੋ ਕਾਰਨ ਸੀ ਕਿ ਇਹ ਅਕਾਲੀ ਲਹਿਰ ਪੂਰਨ ਤੌਰ ਤੇ ਕੌਮੀ ਸੰਗਰਾਮ ਦਾ ਪ੍ਰਮੁੱਖ ਅੰਗ ਬਣ ਗਈ ਅਤੇ ਵੱਖ-ਵੱਖ ਸੰਸਥਾਵਾਂ ਵੱਲੋਂ ਇਸ ਨੂੰ ਭਰਪੂਰ ਸਮਰਥਨ ਮਿਲਿਆ।

## ਅਕਾਲੀ ਲਹਿਰ ਦੇ ਪ੍ਰਮੁੱਖ ਮੋਰਚੇ

### ਤਰਨ ਤਾਰਨ ਦਾ ਮੋਰਚਾ

ਸ੍ਰੀ ਗੁਰੂ ਅਰਜਨ ਦੇਵ ਜੀ ਨੇ 1587 ਵਿੱਚ ਇੱਕ ਵਿਸ਼ਾਲ ਸਰੋਵਰ ਬਣਾਉਣਾ ਆਰੰਭ ਕੀਤਾ ਅਤੇ 1593 ਨੂੰ ਇਸ ਸਥਾਨ 'ਤੇ ਤਰਨਤਾਰਨ ਦਾ ਨਗਰ ਵਸਾਇਆ ਗਿਆ। ਇਸ ਸਥਾਨ ਦੀ ਚੋਣ ਗੁਰੂ ਅਰਜਨ ਦੇਵ ਜੀ ਦੀ ਦੂਰਦਰਸ਼ਤਾ ਦੀ ਸਾਖੀ ਭਰਦੀ ਹੈ। ਕਿਉਂ ਜੋ ਇਹ ਸਥਾਨ ਦਿੱਲੀ ਤੋਂ ਲਾਹੌਰ ਨੂੰ ਜਾਣ ਵਾਲੇ ਸ਼ਾਹੀ ਮਾਰਗ[1] ਉੱਤੇ ਵਾਕਿਆ ਸੀ। ਸ੍ਰੀ ਹਰਿਮੰਦਰ ਸਾਹਿਬ ਤੋਂ ਪਿਛੋਂ ਏਸੇ ਸਥਾਨ ਦੀ ਮਹਾਨਤਾ ਮੰਨੀ ਜਾਂਦੀ ਹੈ, ਜਿਥੇ ਹਰ ਮੱਸਿਆ ਨੂੰ ਭਾਰੀ ਮੇਲਾ ਲੱਗਦਾ ਹੈ।

24 ਜਨਵਰੀ 1921 ਨੂੰ ਸ੍ਰੀ ਅਕਾਲ ਤਖਤ ਵਿਖੇ ਜਦੋਂ ਦੀਵਾਨ ਵਿੱਚ ਤਰਨ ਤਾਰਨ ਦੇ ਪੁਜਾਰੀਆਂ ਦੀਆਂ ਕਰਤੂਤਾਂ ਦਾ ਬਿਆਨ ਕੀਤਾ ਗਿਆ ਤਾਂ ਫੈਸਲਾ ਹੋਇਆ ਕਿ ਇਸ ਗੁਰਦੁਆਰੇ ਨੂੰ ਆਜ਼ਾਦ ਕਰਵਾਇਆ ਜਾਵੇ। 25 ਜਨਵਰੀ, 1921 ਨੂੰ ਜਥੇਦਾਰ ਤੇਜਾ ਸਿੰਘ ਭੁੱਚਰ ਦੀ ਅਗਵਾਈ ਵਿੱਚ 40 ਸਿੰਘਾਂ ਦਾ ਜਥਾ ਤਰਨਤਾਰਨ ਪੁੱਜਾ। ਪੁਜਾਰੀਆਂ ਨਾਲ ਗੱਲਬਾਤ ਰਾਹੀਂ ਸਮਝੌਤੇ ਦੀਆਂ ਕੁਝ ਸ਼ਰਤਾਂ ਵੀ ਤੈਅ ਹੋਈਆਂ। ਪਰ ਉਸੇ ਸ਼ਾਮ ਜਦੋਂ ਜਥਾ ਦਰਬਾਰ ਸਾਹਿਬ ਦੇ ਸਥਾਨ 'ਤੇ ਸ਼ਬਦ ਕੀਰਤਨ ਕਰ ਰਿਹਾ ਸੀ ਤਾਂ ਪੁਜਾਰੀਆਂ ਨੇ ਜਥੇ ਉੱਤੇ ਹੱਲਾ ਬੋਲ ਦਿੱਤਾ। ਸਿੰਘਾਂ ਵੱਲੋਂ ਸ਼ਾਂਤਮਈ ਰਹਿਣ ਦੀ ਪਾਬੰਦੀ ਸੀ। 25 ਜਨਵਰੀ ਨੂੰ ਹੀ ਇਸ ਹਮਲੇ ਵਿੱਚ ਦੋ ਸਿੰਘਾਂ ਹਜ਼ਾਰਾ ਸਿੰਘ ਅਲਾਦੀਨਪੁਰ ਅਤੇ ਹੁਕਮ ਸਿੰਘ (ਵਸਾਊਕੋਟ) ਜ਼ਖਮਾਂ ਦੀ ਤਾਬ ਨਾ ਝੱਲਦੇ ਹੋਏ ਸ਼ਹੀਦੀਆਂ ਪਾ ਗਏ। ਇਹ ਗੁਰਦੁਆਰਾ ਸੁਧਾਰ ਲਹਿਰ ਦੀਆਂ ਪਹਿਲੀਆਂ ਸ਼ਹੀਦੀਆਂ

[1] ਇਹ ਸ਼ਾਹੀ ਮਾਰਗ ਮੁਗ਼ਲ ਕਾਲ ਵਿੱਚ ਸ਼ੇਰ ਸ਼ਾਹ ਸੂਰੀ ਵੱਲੋਂ ਬਣਵਾਇਆ ਗਿਆ ਸੀ, ਜਿਸ ਉਪਰ ਹਰ ਨੌਂ ਕੋਹ 'ਤੇ ਸਰਾਂ ਅਤੇ ਹਰ ਤਿੰਨ ਕੋਹ 'ਤੇ ਖੂਹੀ ਲਗਵਾਈ ਗਈ ਸੀ।

Namdhari Elibrary NamdhariElibrary@gmail com

ਸਨ। ਇਸ ਹਾਦਸੇ ਬਾਰੇ ਮੁਕੱਦਮਾ ਚਲਾਇਆ ਗਿਆ ਅਤੇ ਦੋਹਾਂ ਧਿਰਾਂ ਦੇ ਬੰਦਿਆਂ ਨੂੰ ਸਜ਼ਾਵਾਂ ਹੋਈਆਂ। ਜਿਸ ਦੇ ਵੇਰਵੇ[1] ਰਾਮ ਸਿੰਘ ਮਜੀਠਾ ਨੇ ਦਿੱਤੇ ਹਨ। ਸਿੱਟੇ ਵਜੋਂ 15 ਪੁਜਾਰੀਆਂ ਨੂੰ ਨੌ-ਨੌਂ ਮਹੀਨੇ ਅਤੇ 15 ਅਕਾਲੀਆਂ ਨੂੰ ਛੇ-ਛੇ ਮਹੀਨੇ ਸਜ਼ਾਵਾਂ ਭੁਗਤਣੀਆਂ ਪਈਆਂ। ਇਸ ਮੁਕੱਦਮੇ ਵਿੱਚੋਂ ਭਾਈ ਮੋਹਨ ਸਿੰਘ ਵੈਦ ਅਤੇ ਹੈਡਮਾਸਟਰ ਮਹਿਤਾਬ ਸਿੰਘ ਨੂੰ ਬਰੀ ਕਰ ਦਿੱਤਾ ਗਿਆ। ਪਰ ਦਰਬਾਰ ਸਾਹਿਬ ਤਰਨਤਾਰਨ ਉੱਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਬਜ਼ੇ ਤੋਂ ਮਿਲੀ ਸਫਲਤਾ ਨੇ ਸਿੰਘਾਂ ਦੇ ਹੌਸਲੇ ਵਧਾ ਦਿੱਤੇ ਅਤੇ ਉਨ੍ਹਾਂ ਨੇ 14 ਫਰਵਰੀ, 1921 ਨੂੰ ਨੌਰੰਗਾਬਾਦ ਦੇ ਗੁਰਦੁਆਰੇ ਨੂੰ ਆਜ਼ਾਦ ਕਰਵਾ ਲਿਆ ਅਤੇ ਉਸੇ ਦਿਨ ਹੀ ਭਾਈ ਮੋਹਨ ਸਿੰਘ ਵੈਦ ਨੇ ਖਡੂਰ ਸਾਹਿਬ ਜਾ ਕੇ ਉੱਥੇ ਦੇ ਪੁਜਾਰੀਆਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਾਤਹਿਤ ਕੰਮ ਕਰਨ ਦੀ ਪ੍ਰਵਾਨਗੀ ਲੈ ਲਈ।

## ਸ਼ਹੀਦੀ ਸਾਕਾ ਨਨਕਾਣਾ ਸਾਹਿਬ

ਗੁਰਦੁਆਰਾ ਸੁਧਾਰ ਲਹਿਰ ਦੇ ਇਤਿਹਾਸ ਵਿੱਚ ਗੁਰਦੁਆਰਾ ਜਨਮ ਸਥਾਨ ਸ੍ਰੀ ਗੁਰੂ ਨਾਨਕ ਦੇਵ ਜੀ ਨਨਕਾਣਾ ਸਾਹਿਬ ਵਿਖੇ 21 ਫਰਵਰੀ, 1921 ਨੂੰ ਵਾਪਰੇ ਖ਼ੂਨੀ ਹੱਤਿਆਕਾਂਡ ਨੇ 1919 ਦੇ ਜਲ੍ਹਿਆਂਵਾਲੇ ਬਾਗ਼ ਦੇ ਖ਼ੂਨੀ ਸਾਕੇ ਅਤੇ 17-18 ਜਨਵਰੀ, 1872 ਦੇ ਮਲੇਰਕੋਟਲੇ ਦੇ ਸ਼ਹੀਦੀ ਸਾਕੇ ਦੀ ਯਾਦ ਤਾਜ਼ਾ ਕਰਵਾ ਦਿੱਤੀ। ਉੱਥੇ ਇਨ੍ਹਾਂ ਤਿੰਨਾਂ ਖ਼ੂਨੀ ਸਾਕਿਆਂ ਵਿੱਚ ਇੱਕ ਵੱਡਾ ਅੰਤਰ ਇਹ ਹੈ ਕਿ ਮਲੇਰਕੋਟਲਾ ਤੇ ਜਲ੍ਹਿਆਂਵਾਲਾ ਬਾਗ ਦੇ ਹਤਿਆਰੇ ਐਲ. ਕਾਵਨ ਤੇ ਜਨਰਲ ਡਾਇਰ ਅੰਗਰੇਜ਼ ਸਨ, ਉੱਥੇ ਨਨਕਾਣਾ ਸਾਹਿਬ ਦੇ ਦਰਦਨਾਕ ਖ਼ੂਨੀ ਕਾਂਡ ਦਾ ਹਤਿਆਰਾ ਗੁਰਦੁਆਰੇ ਦਾ ਮਹੰਤ ਨਰਾਇਣ ਦਾਸ ਹਿੰਦੁਸਤਾਨੀ ਸੀ ਤੇ ਉਸਦੀ ਜੁੰਡਲੀ ਵਿੱਚ ਪ੍ਰਸਿੱਧ ਗੁੰਡੇ ਸ਼ਾਮਿਲ ਸਨ। ਪਰ ਦੂਜੇ ਬੰਨੇ, ਇਸ ਕਤਲੇਆਮ ਵਿੱਚ ਸ਼ਹੀਦ ਹੋਣ ਵਾਲੇ ਸਾਰੇ ਸ਼ਹੀਦ ਬੇਗੁਨਾਹ ਸੈਂਕੜੇ ਦਰਸ਼ਨਾਰਥੀ ਸਨ, ਜੋ ਗੁਰੂ ਨਾਨਕ ਦੇਵ ਜੀ ਦੇ ਜਨਮ ਸਥਾਨ ਦੀ ਉਸ ਪਵਿੱਤਰ ਮਿੱਟੀ ਨੂੰ ਨਮਸਕਾਰ ਕਰਨ ਆਏ ਸਨ, ਜਿਸਨੇ ਗੁਰੂ ਨਾਨਕ ਦੇਵ ਜੀ ਦੇ ਨੂਰੀ ਚਾਨਣ ਅਤੇ ਮਧੁਰ ਬਾਣੀ ਦੇ ਸੰਗੀਤ ਦੇ ਘਰ-ਘਰ ਗੁਰੂ-ਸ਼ਬਦ ਦੇ ਕੀਰਤਨ ਤੇ ਵਿਸਾਖੀ ਵਰਗੇ ਪੁਰਬ ਦੀਆਂ ਖੁਸ਼ੀਆਂ ਨੂੰ ਥੋੜ੍ਹੇ ਸਮੇਂ ਵਿੱਚ ਸਾਰੇ ਦੇਸ਼ ਵਿੱਚ ਫੈਲਾ ਦਿੱਤਾ ਸੀ। ਇਹ ਜਬਰ ਅਤੇ ਜ਼ੁਲਮ ਦੇ ਟਾਕਰੇ ਉੱਤੇ ਸ਼ਾਂਤਮਈ ਜਬਰ ਦੀ ਟੱਕਰ ਦਾ ਉਹ ਅਭੁੱਲ ਦੁਖਾਂਤ ਸੀ, ਜਿਸਨੇ ਅਕਾਲੀ ਦਲ ਦੇ ਸ਼ਾਂਤਮਈ ਅੰਦੋਲਨ ਦੀ ਸ਼ਾਨ ਨੂੰ ਦੁਬਾਲਾ ਕਰ ਦਿੱਤਾ ਸੀ ਅਤੇ ਜਿਸ ਦੇ ਪ੍ਰਭਾਵ ਨੇ ਅਕਾਲੀ ਲਹਿਰ ਦੀ ਕੌਮੀ ਮਹੱਤਤਾ ਨੂੰ ਸਾਰੇ ਭਾਰਤ ਵਿੱਚ ਉਜਾਗਰ ਕਰ ਦਿੱਤਾ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦੇ ਪੁਰਬ ਸਮੇਂ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਧਾਲੂ ਇਸ ਪਵਿੱਤਰ ਸਥਾਨ 'ਤੇ ਆ ਕੇ ਮੱਥਾ ਟੇਕਣ ਨੂੰ ਆਪਣਾ ਸੁਭਾਗ ਸਮਝਾਂ

[1] ਰਾਮ ਸਿੰਘ ਮਜੀਠਾ, *ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ*, ਭਾਗ ਪਹਿਲਾ ਪੰਨਾ 224.

Namdhari Elibrary NamdhariElibrary@gmail.com

ਸਨ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਇਸ ਗੁਰਧਾਮ ਨੂੰ ਜੋ ਜਾਗੀਰਾਂ ਤੇ ਜ਼ਮੀਨਾਂ ਇਸ ਦੇ ਨਾਮ ਸਨ ਅਤੇ ਜਿਹੜਾ ਚੜ੍ਹਾਵਾ ਚੜ੍ਹਦਾ ਸੀ, ਉਸ ਦੇ ਵੇਰਵੇ ਰਾਮ ਸਿੰਘ ਮਜੀਠਾ ਨੇ ਇਸ ਪ੍ਰਕਾਰ ਦਿੱਤੇ ਹਨ :

| | |
|---|---|
| 'ਨਨਕਾਣਾ ਸਾਹਿਬ ਐਸਟੇਟ ਦਾ ਸਮੁੱਚਾ ਰਕਬਾ | 17675 ਏਕੜ |
| ਨਨਕਾਣਾ ਸਾਹਿਬ ਸ਼ਹਿਰ ਬਸਤੀਆਂ, ਸਰਕਾਰੀ ਇਮਾਰਤਾਂ, ਸਟੇਸ਼ਨ, ਰੇਲਵੇ ਲਾਈਨ, ਸੜਕਾਂ, ਰਸਤੇ 'ਤੇ ਰਾਜਬਾਹਾਂ ਹੇਠ ਰਕਬਾ | 1592 ਏਕੜ |
| ਅਸਟੇਟ ਦੇ ਬਾਗਾਂ ਦਾ ਰਕਬਾ | 310 ਏਕੜ |
| ਨਨਕਾਣਾ ਸਾਹਿਬ ਤੋਂ ਬਾਹਰ ਦੀਆਂ ਜ਼ਮੀਨਾਂ ਜੋ ਗੁਰਦੁਆਰੇ ਦੇ ਨਾਮ ਸਨ | 750 ਏਕੜ |

ਇਸ ਅਸਥਾਨ ਦੀ ਸੇਵਾ ਪੁਰਾਤਨ ਸਮੇਂ ਤੋਂ ਹੀ ਉਦਾਸੀ ਸਾਧੂ ਕਰਦੇ ਆਏ ਸਨ। ਸਮੇਂ ਦੇ ਪ੍ਰਭਾਵ ਨਾਲ ਇਸ ਜ਼ਮੀਨ ਵਿੱਚ ਦੀ ਨਹਿਰ ਨਿਕਲ ਜਾਣ ਨਾਲ ਜ਼ਮੀਨ ਦੀ ਆਮਦਨ ਲੱਖਾਂ ਰੁਪਏ ਹੋ ਗਈ। ਗੁਰਦੁਆਰੇ ਦਾ ਚੜ੍ਹਾਵਾ ਵੀ ਲੱਖਾਂ ਤੱਕ ਪੁੱਜਦਾ ਸੀ। ਇਹ ਉਦਾਸੀ ਸਾਧੂ ਕਿਸੇ ਨੂੰ ਭੀ ਜੁਆਬਦੇਹ ਨਹੀਂ ਸਨ ਤੇ ਨਾ ਇਹਨਾਂ ਦੇ ਸਿਰ 'ਤੇ ਕੋਈ ਕੁੰਡਾ ਹੀ ਸੀ, ਜਿਸ ਦੀ ਇਹ ਪਰਵਾਹ ਕਰਦੇ। ਇਤਨੀ ਬੜੀ ਰਿਆਸਤ ਦੇ ਹੁੰਦੇ ਹੋਏ ਤੇ ਖੁਦ-ਮੁਖਤਾਰ ਹੁੰਦੇ ਹੋਏ ਕੁਦਰਤੀ ਗੱਲ ਸੀ ਕਿ ਇਹ ਲੋਕ ਆਚਰਣਹੀਨ ਹੋਣ ਤੇ ਮਾਸ ਸ਼ਰਾਬ ਵਿੱਚ ਖੱਚਤ ਹੋ ਜਾਣ।"[1]

ਏਨੀ ਵੱਡੀ ਮਿਲਖ ਦੀ ਮਾਲਕੀ ਅਤੇ ਮਾਇਆ ਦੇ ਢੇਰਾਂ ਦੇ ਕਬਜ਼ੇ ਨੇ ਉਸਦੀ ਮੱਤ ਤੇ ਬੁੱਧੀ ਮਲੀਨ ਕਰ ਦਿੱਤੀ ਸੀ। ਮਹੰਤ ਨਰਾਇਣ ਦਾਸ ਦੇ ਬਹੁਤ ਹੀ ਸ਼ਰਮਨਾਕ ਕੁਕਰਮਾਂ ਅਤੇ ਇਸ ਪਵਿੱਤਰ ਸਥਾਨ ਉੱਤੇ ਮਹੰਤ ਦੇ ਪਾਲਤੂ ਮੁੰਡਿਆਂ ਵੱਲੋਂ ਕੀਤੇ ਗਏ ਅੱਤਿਆਚਾਰਾਂ ਅਤੇ ਬੁਰੇ ਕੰਮਾਂ ਦਾ ਕੱਚਾ ਚਿੱਠਾ ਸੋਹਣ ਸਿੰਘ ਜੋਸ਼ ਨੇ ਵੀ ਵੇਰਵੇ ਸਹਿਤ ਬਿਆਨ ਕੀਤਾ ਹੈ। ਸਿੱਖਾਂ ਦੀਆਂ ਕਈ ਇਕੱਤਰਤਾਵਾਂ ਵਿੱਚ ਇਸ ਬਾਰੇ ਮਤੇ ਪਾਸ ਕੀਤੇ ਗਏ ਪਰ ਸਰਕਾਰ ਅਤੇ ਅਭਿਮਾਨੀ ਮਹੰਤ ਨੇ ਸਭ ਕੁਝ ਅਣਸੁਣਿਆ ਕਰ ਦਿੱਤਾ। ਜਥੇਦਾਰ ਲਛਮਣ ਸਿੰਘ ਧਾਰੋਵਾਲ ਦੀ ਅਗਵਾਈ ਵਿੱਚ ਇੱਕ ਜਥਾ ਇਸ ਪਵਿੱਤਰ ਗੁਰਧਾਮ ਨੂੰ ਮਹੰਤ ਦੇ ਕਬਜ਼ੇ ਤੋਂ ਆਜ਼ਾਦ ਕਰਵਾਉਣ ਲਈ ਅਤੇ ਇਸ ਧਰਮ ਸਥਾਨ ਦੇ ਦਰਸ਼ਨ ਕਰਨ ਲਈ ਚਲਿਆ, ਜਿਸ ਨਾਲ ਹੋਰ ਪਿੰਡਾਂ ਵਿੱਚੋਂ ਸਿੰਘ ਨਾਲ ਰਲਦੇ ਗਏ। ਜਥੇ ਦੇ ਨਨਕਾਣਾ ਸਾਹਿਬ ਪਹੁੰਚਣ ਉੱਤੇ ਸ. ਦਲੀਪ ਸਿੰਘ ਨੇ ਜੋ ਮਹੰਤ ਦਾ ਜਾਣੂ ਸੀ, ਜਥੇ ਨੂੰ ਗੁਰਦੁਆਰੇ ਦੇ ਦਰਸ਼ਨ ਕਰਨ ਤੋਂ ਬਿਨਾਂ ਵਾਪਸ ਪਰਤਣ ਦਾ ਕਿਸੇ ਰਾਹੀਂ ਸੰਦੇਸ਼ਾ ਭੇਜਿਆ। ਪਰ ਉਹਨਾਂ ਵਿੱਚੋਂ ਸ. ਟਹਿਲ ਸਿੰਘ ਨੇ ਇੰਝ ਵਚਨ ਕੀਤਾ, '"ਅੱਜ ਗੁਰੂ ਹਰਿ ਰਾਏ ਜੀ ਦਾ ਜਨਮ ਦਿਨ ਹੈ। ਇਥੇ ਹੁਣ ਪਹੁੰਚੇ ਹੋਏ ਹਾਂ। ਚਲੋ ਗੁਰਦੁਆਰੇ ਦੇ ਦਰਸ਼ਨ ਕਰਦੇ ਚਲੀਏ। ਮਹੰਤ ਸਾਨੂੰ ਕਤਲ ਹੀ ਕਰ ਦੇਵੇਗਾ ਨਾ? ਕੋਈ

[1] ਰਾਮ ਸਿੰਘ ਮਜੀਠਾ, *ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ*, ਭਾਗ ਪਹਿਲਾ, ਪੰਨਾ 224-225.

Namdhari Elibrary NamdhariElibrary@gmail com

ਗੱਲ ਨਹੀਂ। ਜਦੋਂ ਅਸੀਂ ਕੋਈ ਹਥਿਆਰ ਨਹੀਂ ਚੁਕਣਾ, ਸ਼ਾਂਤਮਈ ਰਹਿਣਾ ਏ, ਮੁਕਾਬਲਾ ਨਹੀਂ ਕਰਨਾ ਅਤੇ ਭੜਕਾਹਟ ਪੈਦਾ ਕਰਨ ਲਈ ਕੋਈ ਗੱਲ ਨਹੀਂ ਕਰਨੀ, ਮੱਥਾ ਟੇਕ ਕੇ ਵਾਪਸ ਆ ਜਾਣਾ ਏ ਤਾਂ ਫੇਰ ਝਗੜਾ ਕਿਉਂ ਹੋਊ?"

ਜਦੋਂ ਜਥਾ ਗੁਰਦੁਆਰੇ ਦੇ ਅੰਦਰ ਦਾਖਲ ਹੋਇਆ ਸ਼ਬਦ ਪੜ੍ਹਦਾ ਹੋਇਆ ਗਿਆ ਤਾਂ ਭਾਈ ਲਛਮਣ ਸਿੰਘ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਜਾ ਬੈਠਾ ਅਤੇ ਬਾਕੀ ਸਿੰਘ ਬੈਠ ਕੇ ਸ਼ਬਦ ਪੜ੍ਹਨ ਲਈ ਬੈਠ ਗਏ ਤਾਂ ਮਹੰਤ ਦੇ ਗੁੰਡਿਆਂ ਨੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ ਅਤੇ ਤਲਵਾਰਾਂ ਤੇ ਛਵੀਆਂ ਨਾਲ ਵੱਢ-ਟੁੱਕ ਸ਼ੁਰੂ ਕਰ ਦਿੱਤੀ। ਭਾਈ ਦਲੀਪ ਸਿੰਘ ਜੋ ਆਪਣੇ ਆਪ ਨੂੰ ਮਹੰਤ ਦਾ ਜਾਣੂੰ ਦੱਸਦਾ ਸੀ, ਜਦੋਂ ਗੁਰਦੁਆਰੇ ਅੰਦਰ ਮਹੰਤ ਨੂੰ ਸਮਝਾਉਣ ਤੇ ਰੋਕਣ ਲਈ ਗਿਆ ਤਾਂ ਮਹੰਤ, ਜੋ ਕਿ ਘੋੜੇ ਉੱਤੇ ਚੜ੍ਹ ਕੇ ਇਸ ਮੁਹਿੰਮ ਦੀ ਅਗਵਾਈ ਕਰ ਰਿਹਾ ਸੀ, ਉਸ ਕੋਲ ਆ ਕੇ ਮਹੰਤ ਨੇ ਇਹ ਸ਼ਬਦ ਕਹਿ ਕੇ ਕਿ "ਤੂੰ ਵੀ ਤਾਂ ਸਿੱਖ ਹੈਂ।" ਆਪਣੇ ਪਿਸਤੌਲ ਵਿੱਚੋਂ ਗੋਲੀ ਚਲਾ ਕੇ ਦਲੀਪ ਸਿੰਘ ਨੂੰ ਵੀ ਸ਼ਹੀਦ ਕਰ ਦਿੱਤਾ। ਜਥੇਦਾਰ ਲੱਛਮਣ ਸਿੰਘ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠਾ ਹੀ ਸ਼ਹੀਦ ਕਰ ਦਿੱਤਾ ਗਿਆ ਅਤੇ ਸਿੰਘਾਂ ਦੇ ਖੂਨ ਦੇ ਪਿਆਸੇ ਮਹੰਤ ਨੇ ਗੋਲੀਆਂ, ਛੱਵੀਆਂ ਤੇ ਗੰਡਾਸਿਆਂ ਨਾਲ ਜਿਹੜਾ ਵੀ ਗੁਰਸਿੱਖ ਅੰਦਰ ਸੀ, ਉਸਨੂੰ ਪਾਰ ਬੁਲਾਇਆ ਅਤੇ ਲੱਕੜਾਂ ਦੇ ਢੇਰ ਉੱਤੇ ਮਿੱਟੀ ਦਾ ਤੇਲ ਪਾ ਕੇ ਉੱਥੇ ਲੋਥਾਂ ਤੇ ਵਢੇ ਟੁਕੇ ਸਿੰਘਾਂ ਦੇ ਸਰੀਰਾਂ ਨੂੰ ਅਗਨ ਭੇਟ ਕਰ ਦਿੱਤਾ। ਇਸ ਖੂਨੀ ਕਤਲੇਆਮ ਦੀਆਂ ਖਬਰਾਂ ਸਾਰੇ ਆਲੇ-ਦੁਆਲੇ ਵਿੱਚ ਫੈਲੀਆਂ ਅਤੇ ਸਰਦਾਰ ਉੱਤਮ ਸਿੰਘ ਕਾਰਖਾਨੇ ਵਾਲਿਆਂ ਨੇ ਅਫਸਰਾਂ ਤੇ ਸ਼੍ਰੋਮਣੀ ਕਮੇਟੀ ਅਤੇ ਹੋਰ ਸਾਰੀਆਂ ਜਥੇਬੰਦੀਆਂ ਨੂੰ ਤਾਰਾਂ ਭੇਜ ਦਿੱਤੀਆਂ। ਜਥੇਦਾਰ ਕਰਤਾਰ ਸਿੰਘ ਝੱਬਰ ਵੱਡੇ ਜਥੇ ਨੂੰ ਲੈ ਕੇ ਜਿਸ ਵਿੱਚ 2200 ਦੇ ਲਗਭਗ ਸਿੰਘ ਸ਼ਾਮਿਲ ਸਨ, ਗੁਰਦੁਆਰੇ ਉੱਤੇ ਕਬਜਾ ਕਰਨ ਲਈ ਅੱਗੇ ਵਧਿਆ ਤਾਂ ਸਰਕਾਰੀ ਅਫਸਰਾਂ ਡਿਪਟੀ ਕਮਿਸ਼ਨਰ ਕਰੀ ਅਤੇ ਕਮਿਸ਼ਨਰ ਕਿੰਗ ਨੇ ਜਥੇ ਨੂੰ ਅੱਗੇ ਜਾਣ ਤੋਂ ਰੋਕਿਆ। ਪਰ ਸਿੰਘਾਂ ਦੇ ਜੋਸ਼ ਅੱਗੇ ਉਸਨੂੰ ਝੁਕਣਾ ਪਿਆ ਤਾਂ ਮਹੰਤ ਨੇ ਕਿਹਾ ਕਿ ਮੈਂ ਕਿਸੇ ਵਿਅਕਤੀ ਨੂੰ ਚਾਬੀਆਂ ਦੇਣ ਨੂੰ ਤਿਆਰ ਨਹੀਂ ਹਾਂ, ਕਿਸੇ ਸੰਸਥਾ ਨੂੰ ਦੇ ਸਕਦਾ ਹਾਂ। ਉਸੇ ਸਮੇਂ ਸੱਤਾਂ ਮੈਂਬਰਾਂ ਦੀ ਇੱਕ ਕਮੇਟੀ ਬਣਾਈ ਗਈ, ਜਿਸਦੇ ਮੁੱਖੀ ਸ. ਹਰਬੰਸ ਸਿੰਘ ਅਟਾਰੀ ਸਨ। ਅਫਸਰਾਂ ਨੇ ਚਾਬੀਆਂ ਸ. ਹਰਬੰਸ ਸਿੰਘ ਅਟਾਰੀ ਦੇ ਹਵਾਲੇ ਕਰ ਦਿੱਤੀਆਂ ਅਤੇ ਫੌਜੀ ਦਸਤੇ ਉਥੋਂ ਹਟਾ ਲਏ ਗਏ। ਅੰਦਰ ਦਾ ਦ੍ਰਿਸ਼ ਬੜਾ ਭੈਦਾਇਕ ਸੀ। ਥਾਂ-ਥਾਂ 'ਤੇ ਸ਼ਹੀਦਾਂ ਦਾ ਖੂਨ ਡੁੱਲਿਆ ਹੋਇਆ ਸੀ। ਅੱਧ ਸੜੀਆਂ ਲਾਸ਼ਾਂ ਅਤੇ ਇੱਕ ਸਿੰਘ ਦੀ ਲਾਸ਼ ਦਰੱਖਤ ਨਾਲ ਲਟਕ ਰਹੀ ਸੀ, ਜਿਸ ਨੂੰ ਉਥੇ ਹੀ ਸਾੜ ਦਿੱਤਾ ਗਿਆ ਸੀ। ਇਸ ਤੋਂ ਪਿਛੋਂ ਭਾਈ ਜੋਧ ਸਿੰਘ ਜੀ ਨੇ ਜੋ ਉਸ ਵਕਤ ਗੁਰੂ ਨਾਨਕ ਖਾਲਸਾ ਕਾਲਜ ਗੁਜਰਾਂਵਾਲੇ ਦੇ ਪ੍ਰਿੰਸੀਪਲ ਸਨ ਅਰਦਾਸ ਕੀਤੀ ਅਤੇ ਸ਼ਹੀਦਾਂ ਦਾ ਸਸਕਾਰ ਕਰ ਦਿੱਤਾ ਗਿਆ। ਰਾਮ ਸਿੰਘ ਮਜੀਠਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਗਿਣਤੀ 130 ਦੱਸਦਾ ਹੈ। ਤਰਨ ਸਿੰਘ ਵਹਿਮੀ ਅਨੁਸਾਰ ਇਨ੍ਹਾਂ ਵਿੱਚੋਂ 13 ਨਾਮਧਾਰੀ ਸਿੰਘ ਵੀ ਸਨ। ਇੱਥੇ ਇਹ ਵੀ ਚੇਤੇ

[1] ਸੋਹਣ ਸਿੰਘ ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ*, ਪੰਨਾ 65.

Namdhari Elibrary NamdhariElibrary@gmail com

ਕਰਵਾਇਆ ਜਾਂਦਾ ਹੈ ਕਿ ਕੁਝ ਚਿਰ ਪਹਿਲਾਂ ਨਨਕਾਣਾ ਸਾਹਿਬ ਦੇ ਗੁਰੂ ਨਾਨਕ ਜੀ ਦੇ ਪ੍ਰਕਾਸ਼ ਪੁਰਬ ਉੱਤੇ ਮਹੰਤ ਨਰਾਇਣ ਦਾਸ ਤੇ ਕਿਰਪਾ ਰਾਮ ਦੋਵਾਂ ਨੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਦੀਵਾਨ ਵਿੱਚ ਹਾਜਰ ਹੋ ਕੇ ਗੁਰਦੁਆਰੇ ਦੀਆਂ ਚਾਬੀਆਂ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਦੇਣੀਆਂ ਚਾਹੀਆਂ ਤਾਂ ਸਤਿਗੁਰੂ ਪਰਤਾਪ ਸਿੰਘ ਜੀ ਨੇ ਸਾਫ਼ ਇਨਕਾਰ ਕਰ ਦਿੱਤਾ ਸੀ ਤੇ ਇਹ ਵਚਨ ਕੀਤਾ ਸੀ ਕਿ ਅਸੀਂ ਤਾਂ ਸਤਿਗੁਰੂ ਰਾਮ ਸਿੰਘ ਜੀ ਦੀ ਭੈਣੀ ਸਾਹਿਬ ਵਿਖੇ ਸਥਾਪਤ ਲੋਹ ਦੇ ਹੀ ਸੇਵਕ ਹਾਂ। ਸਾਡੇ ਲਈ ਇਹੋ ਸੇਵਾ ਹੀ ਕਾਫ਼ੀ ਹੈ।

## ਗੁਰੂ ਕੇ ਬਾਗ ਦਾ ਮੋਰਚਾ

1921 ਵਿੱਚ ਹੀ ਗੁਰੂ ਕੇ ਬਾਗ ਦਾ ਅਗਸਤ-ਸਤੰਬਰ ਦਾ ਮੋਰਚਾ ਅਕਾਲੀ ਲਹਿਰ ਦੇ ਇਤਿਹਾਸ ਵਿੱਚ ਵੱਡੀ ਮਹਾਨਤਾ ਰੱਖਦਾ ਹੈ। ਇਹ ਗੁਰਦੁਆਰਾ ਗੁਰੂ ਅਰਜਨ ਦੇਵ ਜੀ ਦੀ ਯਾਦ ਵਿੱਚ ਸਥਾਪਤ ਕੀਤਾ ਗਿਆ ਸੀ। ਇਸ ਦਾ ਪ੍ਰਬੰਧਕ ਮਹੰਤ ਸੁੰਦਰ ਦਾਸ ਸੀ। ਇਸ ਗੁਰਦੁਆਰੇ ਨਾਲ 524 ਕਨਾਲ ਜ਼ਮੀਨ ਦਾ ਟੁਕੜਾ ਵੀ ਸੀ, ਜਿਸ ਵਿੱਚ ਕਿੱਕਰ ਤੇ ਹੋਰ ਰੁੱਖ ਲੱਗੇ ਹੋਏ ਸਨ, ਜੋ ਲੰਗਰ ਲਈ ਬਾਲਣ ਦੀ ਪੂਰਤੀ ਕਰਦੇ ਸਨ। ਸਿੰਘਾਂ ਦੇ ਇੱਕ ਪ੍ਰਤੀਨਿਧੀ ਮੰਡਲ ਨਾਲ ਮਹੰਤ ਸੁੰਦਰ ਦਾਸ ਨੇ ਸਮਝੌਤਾ ਕਰ ਲਿਆ ਤੇ ਉਸਨੂੰ ਗੁਰਦੁਆਰੇ ਦੇ ਸੇਵਾਦਾਰ ਵਜੋਂ ਪ੍ਰਵਾਨ ਕਰ ਲਿਆ ਗਿਆ, ਪਰ ਜਦੋਂ ਗੁਰਦੁਆਰੇ ਦੇ ਅਕਾਲੀ ਸੇਵਾਦਾਰ ਬਾਗ ਵਿੱਚੋਂ ਲੱਕੜ ਕੱਟਣ ਗਏ ਤਾਂ ਮਹੰਤ ਨੇ ਪੁਲਿਸ ਵਿੱਚ ਰਿਪੋਰਟ ਕਰ ਦਿੱਤੀ। ਇਸ ਤੋਂ ਮੋਰਚੇ ਦਾ ਆਰੰਭ ਹੋ ਗਿਆ। ਕਈ ਦਿਨਾਂ ਤੱਕ ਅਕਾਲ ਤਖਤ ਸਾਹਿਬ ਤੋਂ 100-100 ਦਾ ਜਥਾ ਗੁਰਦੁਆਰੇ ਦੇ ਕਬਜ਼ੇ ਨੂੰ ਪੱਕਾ ਕਰਨ ਲਈ ਜਾਂਦਾ ਰਿਹਾ ਅਤੇ ਪੁਲਿਸ ਕੇਵਲ ਜਥੇ ਨੂੰ ਰੋਕਦੀ ਹੀ ਨਾ ਰਹਿੰਦੀ ਸਗੋਂ ਜਥੇ ਦੇ ਆਦਮੀਆਂ 'ਤੇ ਬੇਰਹਿਮੀ ਨਾਲ ਕੁੱਟ ਮਾਰ ਵੀ ਕਰਦੀ ਰਹੀ। ਪੁਲਿਸ ਦੇ ਨਿਰਦੈਤਾ ਨਾਲ ਕੀਤੇ ਵਹਿਸ਼ਿਆਨਾ ਤਸ਼ੱਦਦ ਦੇ ਸਾਹਮਣੇ ਸਿੰਘਾਂ ਨੇ ਸ਼ਾਨਦਾਰ, ਸ਼ਾਂਤਮਈ ਅੰਦੋਲਨ ਦੀ ਮਿਸਾਲ ਪੇਸ਼ ਕੀਤੀ। ਪੁਲਿਸ ਦੇ ਇਸ ਤਸ਼ੱਦਦ ਅਤੇ ਸਿੱਖਾਂ ਦੀ ਅਦੁੱਤੀ ਸਹਿਣ ਸ਼ਕਤੀ ਨੂੰ ਦੇਖਣ ਲਈ ਕਈ ਉੱਘੇ ਕਾਂਗਰਸ ਤੇ ਹੋਰ ਰਾਜਸੀ ਜਮਾਤਾਂ ਦੇ ਨੇਤਾ ਉੱਥੇ ਪੁੱਜਦੇ ਰਹੇ। ਇਥੋਂ ਤੱਕ ਕੇ ਸ੍ਰੀ ਸੀ.ਐਫ. ਐਂਡਰੀਓ (ਈਸਾਈ ਮਿਸ਼ਨਰੀ) ਨੇ ਵੀ ਆਪਣੀਆਂ ਅੱਖਾਂ ਨਾਲ ਇਸ ਕਠੋਰ ਜ਼ੁਲਮ ਨੂੰ ਆ ਕੇ ਦੇਖਿਆ ਤੇ ਪੰਜਾਬ ਦੇ ਗਵਰਨਰ ਐਡਵਰਡ ਮੈਕਲੈਗਨ ਨੂੰ ਇਸ ਜ਼ੁਲਮ ਨੂੰ ਰੋਕਣ ਲਈ ਕਿਹਾ। 13 ਸਤੰਬਰ 1921 ਨੂੰ ਪੰਜਾਬ ਦੇ ਗਵਰਨਰ ਨੇ ਆਪਣੀ ਅੱਖੀਂ ਇਹ ਸਭ ਕੁਝ ਦੇਖਿਆ ਤੇ ਉਸਨੇ ਇਸ ਤਸ਼ੱਦਦ ਨੂੰ ਰੋਕ ਦਿੱਤਾ, ਫੇਰ ਇੱਕ ਇੰਜੀਨੀਅਰ ਸਰ ਗੰਗਾ ਰਾਮ ਨੇ ਇਸ ਜ਼ਮੀਨ ਨੂੰ ਇੱਕ ਸਾਲ ਲਈ ਠੇਕੇ 'ਤੇ ਲੈ ਲਿਆ ਤੇ ਇਹ ਮੋਰਚਾ ਸਰ ਹੋ ਗਿਆ।

ਇਸ ਮੋਰਚੇ ਦੇ ਦੌਰਾਨ 5605 ਸਿੰਘਾਂ ਨੇ ਗ੍ਰਿਫਤਾਰੀਆਂ ਦਿੱਤੀਆਂ ਅਤੇ 936 ਜ਼ਖਮੀ ਹੋਏ ਸਿੰਘਾਂ ਦਾ ਹਸਪਤਾਲਾਂ ਵਿੱਚ ਇਲਾਜ ਕੀਤਾ ਗਿਆ। ਇਸ ਮੋਰਚੇ ਉੱਤੇ ਰੋਜ਼ 3000/- ਰੁਪਈਆ ਖਰਚ ਹੁੰਦਾ ਸੀ। ਇਹ ਮੋਰਚਾ 17 ਨਵੰਬਰ, 1922

ਨੂੰ ਸਰ ਹੋ ਗਿਆ।

ਜਦੋਂ ਇਸ ਮੋਰਚੇ ਦੇ ਕੈਦੀਆਂ ਨੂੰ ਇੱਕ ਸਪੈਸ਼ਲ ਰੇਲਗੱਡੀ ਰਾਹੀਂ ਨੌਸ਼ਹਿਰੇ ਲਿਜਾਇਆ ਜਾ ਰਿਹਾ ਸੀ ਤਾਂ ਪੰਜਾ ਸਾਹਿਬ ਦੀ ਸੰਗਤ ਨੇ ਇਨ੍ਹਾਂ ਕੈਦੀਆਂ ਦੀ ਟਹਿਲ ਸੇਵਾ ਲਈ ਹਸਨ ਅਬਦਾਲ ਦੇ ਸਟੇਸ਼ਨ 'ਤੇ ਚੱਲਦੀ ਗੱਡੀ ਨੂੰ ਰੋਕਣ ਲਈ ਰੇਲਵੇ ਲਾਈਨ ਉੱਤੇ ਧਰਨਾ ਮਾਰ ਲਿਆ, ਜਿਸ ਵਿੱਚ ਦੋ ਸਿੰਘ ਭਾਈ ਪਰਤਾਪ ਸਿੰਘ ਤੇ ਭਾਈ ਕਰਮ ਸਿੰਘ ਗੱਡੀ ਥੱਲੇ ਆ ਕੇ ਸ਼ਹੀਦੀਆਂ ਪਾ ਗਏ। ਇਸ ਤਰ੍ਹਾਂ ਬੜੀ ਬਹਾਦਰੀ ਨਾਲ ਮੌਤ ਦੀ ਪਰਵਾਹ ਨਾ ਕਰਦਿਆਂ ਹੋਇਆਂ ਬੇਮਿਸਾਲ ਬਹਾਦਰੀ ਅਤੇ ਕੁਰਬਾਨੀ ਦੀ ਅਦੁੱਤੀ ਉਦਾਹਰਣ ਨੂੰ ਪੇਸ਼ ਕੀਤਾ। ਇਸ ਘਟਨਾ ਨੂੰ ਸਿੱਖ ਇਤਿਹਾਸ ਵਿੱਚ ਪੰਜਾ ਸਾਹਿਬ ਦੇ ਸ਼ਹੀਦੀ ਸਾਕੇ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ।

ਨਵੰਬਰ-ਦਸੰਬਰ 1920 ਈ. ਤੋਂ ਅਕਾਲੀ ਜਥਿਆਂ ਨੇ ਵੱਖ-ਵੱਖ ਗੁਰਦੁਆਰਿਆਂ ਵਿੱਚ ਜਾ ਕੇ ਮਹੰਤਾਂ ਵਿਰੁੱਧ ਕਾਰਵਾਈ ਕਰਨੀ ਆਰੰਭ ਕਰ ਦਿੱਤੀ ਸੀ ਅਤੇ ਕੁਝ ਹੀ ਮਹੀਨਿਆਂ ਵਿੱਚ ਉਨ੍ਹਾਂ ਨੇ ਕਈ ਗੁਰਦੁਆਰਿਆਂ ਉੱਤੇ ਅਧਿਕਾਰ ਕਰ ਲਿਆ। ਜਿਨ੍ਹਾਂ ਵਿੱਚੋਂ ਬਾਬੇ ਦੀ ਬੇਰ ਸਾਹਿਬ (ਸਿਆਲਕੋਟ), ਖਡੂਰ ਸਾਹਿਬ, ਗੁਰਦੁਆਰਾ ਹੁਨਾਰ (ਜ਼ਿਲ੍ਹਾ ਸਿਆਲਕੋਟ), ਗੋਇੰਦਵਾਲ, ਗੁਰੂਸਰ ਸਤਲਾਣੀ (ਅੰਮ੍ਰਿਤਸਰ), ਖਰਾਸੌਦਾ (ਚੂਹੜਕਾਣਾ), ਵਜ਼ੀਰਾਬਾਦ (ਗੁਜਰਾਤ), ਹੋਠੀਆਂ (ਗੁਰਦਾਸਪੁਰ), ਕਮਾਲੀਆ (ਮਿੰਟਗੁਮਰੀ) ਅਤੇ ਹੋਰ ਵੀ ਕਈ ਗੁਰਦੁਆਰਿਆਂ 'ਤੇ ਕਬਜ਼ੇ ਕਰ ਲਏ ਗਏ।

## ਜੈਤੋ ਦਾ ਮੋਰਚਾ

ਰਿਆਸਤ ਨਾਭਾ ਦਾ ਹੁਕਮਰਾਨ ਮਹਾਰਾਜਾ ਰਿਪੁਦਮਨ ਸਿੰਘ ਆਪਣੇ ਪਿਤਾ ਮਹਾਰਾਜਾ ਹੀਰਾ ਸਿੰਘ ਸਮਾਨ ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਸਦਾ ਤਤਪਰ ਰਹਿੰਦਾ ਸੀ। ਇਸ ਲਈ ਉਹ ਸਿੱਖ ਜਗਤ ਵਿੱਚ ਬੜਾ ਹਰਮਨ ਪਿਆਰਾ ਸੀ। 1909 ਦੇ ਆਨੰਦ ਮੈਰਿਜ ਐਕਟ ਨੂੰ ਪ੍ਰਵਾਨ ਕਰਾਉਣ ਅਤੇ ਗੁਰਦੁਆਰਾ ਰਕਾਬ ਗੰਜ ਦੀ ਢਾਹੀ ਗਈ ਕੰਧ ਨੂੰ ਦੋਬਾਰਾ ਬਣਾਉਣ ਵਿੱਚ ਉਸਦਾ ਵੱਡਾ ਹੱਥ ਸੀ। ਅਕਾਲੀ ਲਹਿਰ ਸਮੇਂ ਵੀ ਉਸ ਦੀ ਹਮਦਰਦੀ ਸਿੱਖ ਪੰਥ ਦੇ ਹਿੱਤਾਂ ਨਾਲ ਸਦਾ ਜੁੜੀ ਰਹੀ ਸੀ। [1]"ਉਸਨੇ ਨਨਕਾਣਾ ਸਾਹਿਬ ਸਾਕਾ ਦੇ ਸ਼ਹੀਦਾਂ ਦੇ ਸਨਮਾਨ ਵਿੱਚ ਸ਼ਹੀਦੀ ਦਿਵਸ ਮਨਾਇਆ ਸੀ ਅਤੇ ਗੁਰੂ ਕਾ ਬਾਗ ਮੋਰਚੇ ਦੌਰਾਨ ਅਕਾਲੀਆਂ ਦੀ ਗੁਪਤ ਰੂਪ ਵਿੱਚ ਸਹਾਇਤਾ ਕੀਤੀ ਸੀ।" ਇਸ ਤੋਂ ਬਿਨਾਂ ਆਪਣੇ ਸਪੁੱਤਰ ਟਿੱਕਾ ਪਰਤਾਪ ਸਿੰਘ ਦੇ ਜਨਮ ਸਮੇਂ ਉਸਨੇ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਭਮਾਰਸੀ ਦੀ ਬੀੜ ਇੱਕ ਕਾਰ ਅਤੇ ਨਕਦ ਰਕਮ ਵੀ ਭੇਟ ਕੀਤੀ ਸੀ। ਇਸ ਲਈ ਅੰਗਰੇਜ਼ੀ ਸਰਕਾਰ ਦੀਆ ਅੱਖਾਂ ਵਿੱਚ ਉਹ ਸਦਾ ਰੜਕਦਾ ਸੀ। ਪਟਿਆਲੇ ਦੇ ਮਹਾਰਾਜਾ ਭੁਪਿੰਦਰ ਸਿੰਘ ਨਾਲ ਉਸ ਦੀ ਜਾਤੀ ਦੁਸ਼ਮਣੀ ਸੀ, ਜੋ ਸਦਾ ਅਕਾਲੀਆਂ ਤੇ ਨਾਮਧਾਰੀਆਂ ਦੇ ਵਿਰੁੱਧ ਰਿਹਾ ਸੀ। ਇਸ ਸਾਰੇ ਪਿਛੋਕੜ ਨੂੰ ਮੁੱਖ ਰੱਖ ਕੇ ਅਕਾਲੀ ਲਹਿਰ ਦੇ ਭਖਦੇ ਸਮੇਂ ਹੀ ਅੰਗਰੇਜ਼ ਸਰਕਾਰ ਨੇ ਉਸਨੂੰ 9 ਜੁਲਾਈ, 1923 ਨੂੰ ਗੱਦੀਓਂ

[1] ਡਾ. ਏ. ਸੀ. ਅਰੋੜਾ, *ਪੰਜਾਬ ਦਾ ਇਤਿਹਾਸ (1799-1966)*, ਪੰਨਾ 264.

ਉਤਾਰ ਦਿੱਤਾ, ਜਿਸ ਨਾਲ ਸਿੱਖ ਪੰਥ ਵਿੱਚ ਬੜਾ ਰੋਸ ਫੈਲ ਗਿਆ ਅਤੇ ਉਸ ਦੀ ਬਹਾਲੀ ਲਈ ਸਿੱਖਾਂ ਵੱਲੋਂ ਥਾਂ-ਥਾਂ ਤੇ ਗੁਰਮਤੇ ਪਾਸ ਕੀਤੇ ਗਏ ਅਤੇ ਅਖ਼ਬਾਰਾਂ ਨੇ ਵੀ ਉਸ ਦੀ ਬਹਾਲੀ ਲਈ ਲੇਖ ਪ੍ਰਕਾਸ਼ਿਤ ਕੀਤੇ। ਅੰਗਰੇਜ਼ ਸਰਕਾਰ ਨੇ ਇਸ ਜਨਤਕ ਆਵਾਜ਼ ਦੀ ਪ੍ਰਵਾਹ ਨਾ ਕਰਦੇ ਹੋਏ ਇੱਕ ਅੰਗਰੇਜ਼ ਅਫ਼ਸਰ ਮਿਸਟਰ ਵਿਲਸਨ ਜਾਨਸਟਨ ਨੂੰ ਰਿਆਸਤ ਦਾ ਪ੍ਰਸਾਸ਼ਕ ਨਿਯੁਕਤ ਕਰ ਦਿੱਤਾ। ਉਸਦੇ ਰਿਆਸਤ ਦੇ ਇੱਕ ਹੋਰ ਅਹਿਲਕਾਰ ਗੁਰਦਿਆਲ ਸਿੰਘ ਜਿਸ ਨੂੰ ਸਿੱਖ ਜਨਤਾ 'ਗੁਰਦਿਆਲੂ' ਕਰਕੇ ਬੁਲਾਉਂਦੀ ਸੀ, ਉਪ ਪ੍ਰਸਾਸ਼ਕ ਅਤੇ ਮਿਸਟਰ ਸੈਨ ਨੂੰ ਸਕੱਤਰ ਨਿਯੁਕਤ ਕਰ ਦਿੱਤਾ ਗਿਆ। ਮਹਾਰਾਜਾ ਦੀ ਰਾਜਗੱਦੀ ਉੱਤੇ ਬਹਾਲੀ ਲਈ ਬਹੁਤ ਸਾਰੀਆਂ ਥਾਵਾਂ 'ਤੇ ਪਾਠ ਰਖੇ ਗਏ ਅਤੇ ਮਤੇ ਪਾਸ ਕੀਤੇ ਗਏ। ਇੱਕ ਅਖੰਡ ਪਾਠ ਗੁਰਦੁਆਰਾ ਜੈਤੋ ਵਿਖੇ 25 ਅਗਸਤ, 1923 ਨੂੰ ਰਖਿਆ ਗਿਆ, ਜਿਸਨੂੰ ਨਾਜਮ ਨੇ ਪਾਠੀ ਇੰਦਰ ਸਿੰਘ ਮੌੜ ਨੂੰ ਪਾਠ ਕਰਦਿਆਂ ਨੂੰ ਗ੍ਰਿਫਤਾਰ ਕਰਕੇ ਅਖੰਡ ਪਾਠ ਨੂੰ ਭੰਗ ਕਰ ਦਿੱਤਾ। ਜਿਸਦੇ ਪ੍ਰਤੀਕਰਮ ਵਜੋਂ ਜੈਤੋ ਦੇ ਮੋਰਚੇ ਦਾ ਆਰੰਭ ਹੋਇਆ ਤੇ 25-25 ਦੇ ਜਥੇ ਸ੍ਰੀ ਅਕਾਲ ਤਖਤ ਤੋਂ ਜੈਤੋ ਨੂੰ ਜਾਣ ਲੱਗੇ ਤਾਂ ਜੋ ਗੁਰਦੁਆਰਾ ਗੰਗਸਰ ਵਿਖੇ ਅਖੰਡ ਪਾਠ ਰੱਖਿਆ ਜਾਵੇ ਅਤੇ ਮਹਾਰਾਜਾ ਨਾਭੇ ਦੀ ਬਹਾਲੀ ਲਈ ਮੋਰਚਾ ਜਾਰੀ ਰੱਖਿਆ ਜਾਵੇ। ਪੁਲਿਸ ਜਥੇ ਨੂੰ ਗੁਰਦੁਆਰੇ ਦੇ ਅੰਦਰ ਨਾ ਜਾਣ ਦਿੰਦੀ ਤੇ ਬਾਹਰ ਹੀ ਰੋਕ ਕੇ ਗੁਰਦੁਆਰੇ 'ਚੋਂ ਬਾਹਰ ਦੂਰ-ਦੁਰਾਡੇ ਛੱਡ ਆਉਂਦੀ। ਪਰ ਜਥਿਆਂ ਦਾ ਜੈਤੋ ਜਾਣਾ ਜਾਰੀ ਰਿਹਾ। 25 ਤੋਂ ਬਾਅਦ 100-100 ਦੇ ਜਥੇ ਜਾਂਦੇ ਰਹੇ। 10 ਫਰਵਰੀ, 1924 ਨੂੰ ਸ੍ਰੀ ਅਕਾਲ ਤਖਤ ਤੋਂ 500 ਦਾ ਸ਼ਹੀਦੀ ਜਥਾ ਜੈਤੋ ਲਈ ਰਵਾਨਾ ਹੋਇਆ, ਜਿਸਨੇ ਪਿੰਡਾਂ ਵਿੱਚੋਂ ਹੋ ਕੇ ਜੈਤੋ ਪੁੱਜਣਾ ਸੀ। ਇਸ ਜਥੇ ਵਿੱਚ ਪੰਜਾਬ ਦੇ ਬਹੁਤ ਸਾਰੇ ਪਿੰਡਾਂ ਵਿੱਚੋਂ ਸਿੰਘ ਸ਼ਾਮਲ ਹੋਏ ਸਨ। ਪਿੰਡਾਂ ਵਿੱਚੋਂ ਲੰਘਦਾ ਹੋਇਆ ਇਹ ਜਥਾ ਜਿੱਥੇ ਵੀ ਜਾਂਦਾ, ਹਿੰਦੂ, ਮੁਸਲਮਾਨ, ਸਿੱਖ ਸਾਰੇ ਰਲ ਕੇ ਇਨ੍ਹਾਂ ਦਾ ਭਰਪੂਰ ਸਵਾਗਤ ਕਰਦੇ। ਇਹਨਾਂ ਨੂੰ ਲੰਗਰ ਪਾਣੀ ਛਕਾਉਂਦੇ ਅਤੇ ਗਲਾਂ ਵਿੱਚ ਹਾਰ ਪਾ ਕੇ ਅੱਗੇ ਤੋਰ ਦਿੰਦੇ। 21 ਫਰਵਰੀ, 1924 ਨੂੰ ਜਦੋਂ ਇਹ ਜਥਾ ਜੈਤੋ ਪੁੱਜਾ ਤਾਂ ਰਿਆਸਤ ਦੀ ਪੁਲਿਸ ਵੱਲੋਂ ਇਨ੍ਹਾਂ ਤੇ ਗੋਲੀ ਚਲਾਈ ਗਈ,[1] ਜਿਸ ਨਾਲ 90 ਅਕਾਲੀ ਸ਼ਹੀਦ ਹੋ ਗਏ ਅਤੇ 200 ਜ਼ਖਮੀ ਹੋਏ। ਇਸ ਕਰੂਰ ਕਾਰਵਾਈ ਦੀ ਸਾਰੇ ਦੇਸ਼ ਵਿੱਚ ਨਿੰਦਾ ਕੀਤੀ ਗਈ। ਇਸ ਪਿਛੋਂ ਵੀ ਅਕਾਲੀਆਂ ਦੇ ਜਥੇ ਅਸਾਧਾਰਨ ਹਿੰਮਤ ਅਤੇ ਨਿਡਰਤਾ ਨਾਲ ਜੈਤੋ ਨੂੰ ਜਾਂਦੇ ਰਹੇ। ਇੱਕ ਜਥਾ ਕੈਨੇਡਾ ਤੋਂ ਵੀ ਆਇਆ, ਜਿਸ ਵਿੱਚ 14 ਸਿੱਖ ਸ਼ਿੰਘਾਈ ਦੇ, 4 ਹਾਂਗਕਾਂਗ ਦੇ ਅਤੇ 10 ਸਿੰਘਾਪੁਰ ਦੇ ਵੀ ਸ਼ਾਮਲ ਸਨ।"

"ਜੈਤੋ ਦੇ ਗੋਲੀ ਕਾਂਡ ਕਾਰਨ ਅਕਾਲੀਆਂ ਲਈ ਸਾਰੇ ਦੇਸ਼ ਵਿੱਚ ਹਮਦਰਦੀ ਜਾਗ ਪਈ ਅਤੇ ਸਿੱਖ ਸੁਤੰਤਰਤਾ ਸੰਗਰਾਮ ਨਾਲ ਹੋਰ ਵੀ ਘਨੇਰੀ ਭਾਂਤ ਜੁੜ ਗਏ।"

"ਇਸ ਮੋਰਚੇ ਨਾਲ ਇੰਡੀਅਨ ਨੈਸ਼ਨਲ ਕਾਂਗਰਸ ਨੇ ਵੀ ਪੂਰਨ ਹਮਦਰਦੀ ਪ੍ਰਗਟਾਈ ਅਤੇ ਜੈਤੋ ਵਿੱਚ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਵਿੱਚ ਪੰਡਿਤ ਜਵਾਹਰ

[1] ਡਾ. ਏ. ਸੀ. ਅਰੋੜਾ, *ਪੰਜਾਬ ਦਾ ਇਤਿਹਾਸ (1799-1966)*, ਪੰਨਾ 265.

Namdhari Elibrary NamdhariElibrary@gmail com

ਲਾਲ ਨਹਿਰੂ ਵੀ ਸ਼ਾਮਲ ਸਨ।"

ਇਹ ਮੋਰਚਾ 21 ਜੁਲਾਈ 1925 ਈ. ਤੱਕ ਚਲਦਾ ਰਿਹਾ।

ਰਾਮ ਸਿੰਘ ਮਜੀਠਾ ਦੇ ਸ਼ਬਦਾਂ ਵਿੱਚ, "ਜੈਤੋ ਦਾ ਮੋਰਚਾ ਮਹਾਰਾਜਾ ਨਾਭਾ ਦੀ ਤਖਤ ਤੇ ਬਹਾਲੀ ਵਾਸਤੇ ਰੱਖਿਆ ਗਿਆ ਅਖੰਡ ਪਾਠ ਪੁਲਿਸ ਵੱਲੋਂ ਖੰਡਨ ਕਰ ਦੇਣ ਨਾਲ ਸ਼ੁਰੂ ਹੋਇਆ ਸੀ। ਇਸ ਵਿੱਚ ਸੈਂਕੜੇ ਸਿੰਘ ਸ਼ਹੀਦ ਹੋਏ। ਲੱਖਾਂ ਰੁਪਏ ਜੁਰਮਾਨਾ ਭਰਿਆ। ਸੈਂਕੜੇ ਬਲਕਿ ਹਜ਼ਾਰਾਂ ਕੈਦ ਹੋਏ। ਸੈਂਕੜਿਆਂ ਦੀਆਂ ਜ਼ਾਇਦਾਦਾਂ ਜ਼ਬਤ ਹੋਈਆਂ। ਸੈਂਕੜੇ ਜਲਾਵਤਨ ਹੋਏ। ਸੈਂਕੜਿਆਂ ਦੇ ਜਿਸਮ ਸਦਾ ਵਾਸਤੇ ਨਕਾਰਾ ਹੋ ਗਏ। ਮਹਾਰਾਜਾ ਨਾਭਾ ਦੀ ਬਹਾਲੀ ਦਾ ਅਸਲ ਮੁੱਦਾ ਤਾਂ ਗਵਾਚ ਗਿਆ। ਝਗੜਾ ਕੇਵਲ ਅਖੰਡ ਪਾਠ ਰੱਖਣ ਜਾਂ ਨਾ ਰੱਖਣ ਦੇਣ ਦਾ ਬਣ ਕੇ ਰਹਿ ਗਿਆ। ਆਖਰ ਸਰਕਾਰ ਵੱਲੋਂ ਅਖੰਡ ਪਾਠ ਰੱਖ ਲੈਣ ਦੀ ਖੁੱਲ੍ਹ ਕਰ ਦੇਣ ਨਾਲ, ਮੋਰਚਾ ਜਿੱਤ ਲਿਆ ਕਹਿ ਕੇ ਖਤਮ ਕਰ ਦਿੱਤਾ ਗਿਆ। ਅਸਲ ਮੁੱਦਾ ਕਿਸੇ ਪੁੱਛਿਆ ਹੀ ਨਾ। ਏਨੀਆਂ ਕੁਰਬਾਨੀਆਂ ਕਰਕੇ ਕੌਮ, ਜ਼ਖਮ ਚੱਟਦੇ ਫੱਟੜ ਸ਼ੇਰ ਵਾਂਗ ਚੁੱਪ ਕਰਕੇ ਬਹਿ ਗਈ, ਜਿਵੇਂ ਜਿੱਤ ਹਾਰ ਦਾ ਪਤਾ ਈ ਨਾ ਲੱਗ ਰਿਹਾ ਹੋਵੇ।

ਇਹ ਮੋਰਚਾ ਇਸ ਅਕਾਲੀ ਲਹਿਰ ਦਾ ਆਖਰੀ ਮੋਰਚਾ ਸੀ। ਇਸ ਨੇ ਪੰਜ ਸਾਲ ਅੰਗਰੇਜ਼ ਸਰਕਾਰ ਦੀ ਨੀਂਦ ਹਰਾਮ ਕਰ ਛੱਡੀ ਸੀ। ਆਖਰ ਕਮਜ਼ੋਰੀ, ਮਾਯੂਸੀ, ਆਪਸੀ ਫੁੱਟ, ਸਰਕਾਰ ਦੀਆਂ ਕੁਟਲ ਨੀਤੀਆਂ ਅਤੇ ਲੀਡਰਾਂ ਦੀ ਲੋਕਾਂ ਨਾਲ ਗ਼ਦਾਰੀ ਨਾਲ ਖਤਮ ਹੋਇਆ।"

## ਅਕਾਲੀ ਲਹਿਰ ਤੇ ਨਾਮਧਾਰੀ ਮੱਤ

ਸਤਿਗੁਰੂ ਪਰਤਾਪ ਸਿੰਘ ਜੀ ਦੇ ਵਿਸ਼ਾਲ ਹਿਰਦੇ ਵਿੱਚ ਭਾਰਤ ਦੇ ਸੁਤੰਤਰਤਾ ਸੰਗਰਾਮ ਅਤੇ ਸਿੱਖ ਪੰਥ ਦੀ ਏਕਤਾ ਤੇ ਚੜ੍ਹਦੀਕਲਾ ਲਈ ਸਦਾ ਹਮਦਰਦੀ ਬਣੀ ਰਹੀ ਹੈ। ਅਕਾਲੀ ਲਹਿਰ ਸਮੇਂ ਵੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਪੰਥ ਨਾਲ ਹੀ ਸਹਿਮਤੀ ਪ੍ਰਗਟਾਈ ਹੈ। ਜਦੋਂ ਨਨਕਾਣੇ ਸਾਹਿਬ ਦੇ ਸ਼ਹੀਦੀ ਸਾਕੇ ਤੋਂ ਕੁਝ ਚਿਰ ਪਹਿਲਾਂ ਮਹੰਤ ਨਰਾਇਣ ਦਾਸ ਨੇ ਸਤਿਗੁਰੂ ਜੀ ਦੇ ਦੀਵਾਨ ਵਿੱਚ ਹਾਜ਼ਰੀ ਭਰ ਕੇ ਗੁਰਦੁਆਰਾ ਜਨਮ ਸਥਾਨ ਦੀਆਂ ਚਾਬੀਆਂ ਸਤਿਗੁਰੂ ਜੀ ਨੂੰ ਸੌਂਪਣੀਆਂ ਚਾਹੀਆਂ ਸਨ ਤਾਂ ਸਤਿਗੁਰੂ ਜੀ ਨੇ ਚਾਬੀਆਂ ਲੈਣ ਤੋਂ ਸਾਫ ਨਾਹ ਕਰ ਦਿੱਤੀ ਸੀ। ਆਪ ਨਾਮਧਾਰੀ ਪੰਥ ਦੀ ਸੇਵਾ ਸੰਭਾਲ ਤੋਂ ਬਿਨਾਂ ਹੋਰ ਕਿਸੇ ਸਿਰ ਦਰਦੀ ਨੂੰ ਸਹੇੜਨਾ ਨਹੀਂ ਸਨ ਚਾਹੁੰਦੇ। ਦੂਜੇ 1919 ਤੋਂ ਹੀ ਆਪ ਇੰਡੀਅਨ ਨੈਸ਼ਨਲ ਕਾਂਗਰਸ ਅਤੇ ਹੋਰ ਰਾਜਨੀਤਿਕ ਦਲਾਂ ਜੋ ਆਜ਼ਾਦੀ ਦੇ ਸੰਗਰਾਮ ਲਈ ਤਤਪਰ ਸਨ, ਨਾਲ ਪੂਰੀ ਹਮਦਰਦੀ ਰੱਖਦੇ ਸਨ। ਜੇਕਰ ਸਮੇਂ-ਸਮੇਂ ਸਿਰ ਇੰਡੀਅਨ ਨੈਸ਼ਨਲ ਕਾਂਗਰਸ ਅਕਾਲੀ ਲਹਿਰ ਦਾ

---

[1] ਖੁਸ਼ਵੰਤ ਸਿੰਘ, *ਏ ਹਿਸਟਰੀ ਆਫ ਦ ਸਿੱਖਸ ਜਿਲਦ-2 (1839-1988)*, ਪੰਨਾ 210.

[2] ਉਹੀ, ਪੰਨਾ 209.

[3] ਰਾਮ ਸਿੰਘ ਮਜੀਠਾ, *ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ*, ਭਾਗ ਪਹਿਲਾ, ਪੰਨਾ 261.

Namdhari Elibrary NamdhariElibrary@gmail.com

ਸਮਰਥਨ ਕਰ ਰਹੀ ਸੀ ਤਾਂ ਸਤਿਗੁਰੂ ਪਰਤਾਪ ਸਿੰਘ ਜੀ ਤੇ ਨਾਮਧਾਰੀ ਪੰਥ ਵੀ ਉਸ ਵਿੱਚ ਸ਼ਾਮਿਲ ਸੀ। ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਵਿੱਚ ਵੀ ਨਾਮਧਾਰੀ ਸਿੰਘਾਂ ਨੇ ਸ਼ਹੀਦੀਆਂ ਪਾਈਆਂ ਸਨ।

ਜਦੋਂ ਜੈਤੋ ਦਾ ਮੋਰਚਾ ਆਪਣੇ ਪੂਰੇ ਜੋਬਨ ਵਿੱਚ ਚਲਾਇਆ ਜਾ ਰਿਹਾ ਸੀ ਅਤੇ ਸਮੁੱਚਾ ਪੰਥ ਜਾਲਮ ਨਾਜਮ ਨੂੰ 'ਗੁਰਦਿਆਲੂ' ਕਹਿ ਕੇ ਬੁਲਾਉਂਦਾ ਸੀ, ਤਾਂ ਨਾਭਾ ਦੀ ਤਤਕਾਲਿਕ ਸਰਕਾਰ ਵੱਲੋਂ ਸਤਿਗੁਰੂ ਪਰਤਾਪ ਸਿੰਘ ਜੀ ਉਪਰ ਜ਼ੋਰ ਪਾਇਆ ਗਿਆ ਕਿ ਉਹ ਗੁਰਦਿਆਲੂ ਨੂੰ ਇੱਕ ਵਾਰ ਗੁਰਦਿਆਲ ਸਿੰਘ ਕਹਿ ਦੇਣ। ਅਜਿਹਾ ਨਾ ਕਰਕੇ ਉਨ੍ਹਾਂ ਦੀ ਭਮਾਰਸੀ ਵਾਲੀ ਬੀੜ ਉਨ੍ਹਾਂ ਕੋਲੋਂ ਵਾਪਸ ਲਈ ਜਾਵੇਗੀ ਤਾਂ ਸਤਿਗੁਰੂ ਪਰਤਾਪ ਸਿੰਘ ਜੀ ਨੇ ਨਿਰਭੈ ਹੋ ਕੇ ਉੱਤਰ ਦਿੱਤਾ ਸੀ ਕਿ ਸਾਡੇ ਕੋਲ ਬੀੜ ਰਹੇ ਨਾ ਰਹੇ ਅਸੀਂ ਉਸਨੂੰ 'ਗੁਰਦਿਆਲੂ' ਹੀ ਕਹਾਂਗੇ ਤੇ ਸਮੁੱਚੇ ਸਿੱਖ ਪੰਥ ਦੇ ਹਿੱਤਾਂ ਨਾਲੋਂ ਨਾਤਾ ਤੋੜ ਨਹੀਂ ਸਕਦੇ।

ਬੱਬਰ ਅਕਾਲੀ ਲਹਿਰ ਜੋ ਅਕਾਲੀ ਲਹਿਰ ਦੇ ਮੁਖਬਰਾਂ ਅਤੇ ਗਦਾਰਾਂ ਨੂੰ ਸੋਧਣ ਲਈ ਹੋਂਦ ਵਿੱਚ ਆਈ ਸੀ, ਦੇ ਬਹੁਤ ਸਾਰੇ ਬੱਬਰ ਆਪਣੇ ਗੁਪਤ ਵਾਸ ਦੇ ਸਮੇਂ ਸ੍ਰੀ ਭੈਣੀ ਸਾਹਿਬ ਵਿਖੇ ਸ਼ਰਨ ਲੈਂਦੇ ਰਹੇ।

ਸੰਨ 1932 ਈ. ਨੂੰ ਪ੍ਰਸਿੱਧ ਬੱਬਰ ਅਕਾਲੀ ਨੇਤਾ ਰਤਨ ਸਿੰਘ ਰੱਕੜਾਂ ਨੂੰ ਸ੍ਰੀ ਭੈਣੀ ਸਾਹਿਬ ਵਿੱਚੋਂ ਪੁਲੀਸ ਦੀ ਭਾਰੀ ਨਫਰੀ ਦੇ ਘੇਰੇ ਵਿੱਚੋਂ ਡੇਰਾ ਸ੍ਰੀ ਭੈਣੀ ਸਾਹਿਬ ਦੇ ਜਥੇਦਾਰ ਗੁਰਮੁਖ ਸਿੰਘ ਝੱਬਰ ਨੇ ਸੁਰੱਖਿਅਤ ਲੰਘਾ ਦਿੱਤਾ।

ਅਕਾਲੀ ਲਹਿਰ ਦੀ ਸਮੁੱਚੀ ਪ੍ਰਾਪਤੀ ਤੇ ਕੌਮੀ ਲਹਿਰ ਵਜੋਂ ਉਸ ਦੇ ਯੋਗਦਾਨ ਸੰਬੰਧੀ ਸੋਹਣ ਸਿੰਘ ਜੋਸ਼ ਇਸ ਤਰ੍ਹਾਂ ਉਲੇਖ ਕਰਦੇ ਹਨ :

ਗੁਰਦੁਆਰਾ ਸੁਧਾਰ ਲਹਿਰ ਅੰਗਰੇਜ਼ ਰਾਜ ਦੇ ਖਿਲਾਫ ਸਭ ਤੋਂ ਵੱਡੀ ਸ਼ਾਂਤਮਈ ਤਹਿਰੀਕ ਸੀ। ਇਸ ਨੇ ਇਹ ਸਿੱਧ ਕਰ ਦਿੱਤਾ ਕਿ ਸ਼ਾਂਤਮਈ ਸਤਿਆਗ੍ਰਹਿ ਉਹ ਤਾਕਤਵਰ ਹਥਿਆਰ ਹੈ, ਜਿਸ ਨਾਲ ਅੰਗਰੇਜ਼ ਸਾਮਰਾਜ ਜੇਹੇ ਹੈਂਕੜਬਾਜ ਤੇ ਜਾਬਰ ਰਾਜ ਨੂੰ ਝੁਕਾਇਆ ਜਾ ਸਕਦਾ ਹੈ।

ਇਸ ਲਹਿਰ ਨੇ ਹੋਰ ਬਹੁਤ ਸਾਰੀਆਂ ਕੌਮੀ ਲਹਿਰਾਂ ਅਤੇ ਸਮਾਚਾਰ ਪੱਤਰਾਂ ਦੀ ਹਮਦਰਦੀ ਨੂੰ ਆਪਣੇ ਨਾਲ ਜੋੜ ਲਿਆ ਅਤੇ ਨਨਕਾਣਾ ਸਾਹਿਬ, ਗੁਰੂ ਕੇ ਬਾਗ ਅਤੇ ਜੈਤੋ ਦੇ ਮੋਰਚਿਆਂ ਦੀ ਚਰਚਾ ਸਾਰੀ ਦੁਨੀਆਂ ਵਿੱਚ ਹੋਈ, ਜਿਸ ਕਾਰਨ ਅਕਾਲੀ ਲਹਿਰ ਨੂੰ ਅੰਤਰਰਾਸ਼ਟਰੀ ਮਹੱਤਵ ਪ੍ਰਾਪਤ ਹੋ ਗਿਆ। ਇਸ ਤੱਥ ਦੀ ਪੁਸ਼ਟੀ ਇਸ ਗੱਲ ਤੋਂ ਵੀ ਹੋ ਜਾਂਦੀ ਹੈ ਕਿ ਜੈਤੋ ਦੇ ਮੋਰਚੇ ਵਿੱਚ ਕੈਨੇਡਾ, ਅਮਰੀਕਾ, ਮਲਾਇਆ ਤੇ ਹੋਰ ਦੇਸ਼ਾਂ ਤੋਂ ਵੀ ਜਥੇ ਇਸ ਦੀ ਹਮਾਇਤ ਲਈ ਪੁੱਜੇ ਸਨ।

ਇਸ ਲਹਿਰ ਨੇ ਮਹਾਤਮਾ ਗਾਂਧੀ ਦੇ ਸ਼ਾਂਤਮਈ ਸਤਿਆਗ੍ਰਹਿ ਦੇ ਸਿਧਾਂਤ ਨੂੰ ਪਹਿਲੀ ਵਾਰ ਅਮਲੀ ਜਾਮਾ ਪਹਿਨਾਇਆ।

ਇਸ ਲਹਿਰ ਨੇ ਲਿਖਣ, ਬੋਲਣ ਤੇ ਛਾਪਣ ਦੀ ਆਜ਼ਾਦੀ ਨੂੰ ਹੋਰ ਪਰਪੱਕ ਕੀਤਾ ਅਤੇ ਇਸ ਲਹਿਰ ਦੇ ਅਨੁਭਵ ਤੋਂ ਸਿੱਖ ਗੁਰਧਾਮਾਂ ਨੂੰ ਮਾਨਤਾ ਤੇ ਸਰਕਾਰੀ ਕੰਟਰੋਲ

ਤੋਂ ਮੁਕਤ ਕਰਕੇ ਹੁਣ ਵੱਡੇ ਕੌਮੀ ਗੁਰਦੁਆਰੇ ਅਰਥਾਤ ਦੇਸ਼ ਨੂੰ ਵਿਦੇਸ਼ੀ ਗੁਲਾਮੀ ਤੋਂ ਆਜ਼ਾਦ ਕਰਵਾਉਣ ਲਈ ਤਿਆਰ ਬਰ ਤਿਆਰ ਕਰ ਦਿੱਤਾ। ਇਸ ਲਹਿਰ ਦੌਰਾਨ ਸਾਡੇ ਉੱਤੇ ਜੋ ਜ਼ੁਲਮ ਢਾਹੇ ਗਏ ਹਨ, ਉਹਨਾਂ ਨੇ ਸਾਨੂੰ ਸਿੱਖਿਆ ਦਿੱਤੀ ਕਿ ਬਦੇਸ਼ੀ ਹਕੂਮਤ ਦੇ ਅਧੀਨ ਗੁਲਾਮ ਰਹਿਣਾ ਭੈੜੇ ਤੋਂ ਭੈੜਾ ਪਾਪ ਹੈ।

ਰਾਮ ਸਿੰਘ ਮਜੀਠਾ ਗੁਰਦੁਆਰਾ ਸੁਧਾਰ ਲਹਿਰ ਦੀਆਂ ਕੁਰਬਾਨੀਆਂ ਅਤੇ ਯੋਗਦਾਨ ਬਾਰੇ ਇੰਝ ਲਿਖਦਾ ਹੈ। [1]"ਅੰਗਰੇਜ਼ ਸਰਕਾਰ ਨੇ ਸ਼ਾਂਤਮਈ ਅਕਾਲੀ ਲਹਿਰ 'ਤੇ ਜ਼ਾਲਮਾਨਾ ਹੱਦ ਤੱਕ ਤਸ਼ੱਦਦ ਕੀਤਾ। ਇਸ ਲਹਿਰ ਵਿੱਚ 30,000 ਅਕਾਲੀ ਗ੍ਰਿਫਤਾਰ ਕੀਤੇ ਗਏ, 474 ਸ਼ਹੀਦ ਹੋਏ, 2000 ਜ਼ਖਮੀ ਹੋਏ, ਕਈਆਂ ਦੇ ਅੰਗ ਭੰਗ ਹੋਏ। ਬਹੁਤ ਸਾਰੇ ਜੀਵਨ ਭਰ ਲਈ ਨਕਾਰਾ ਹੋ ਗਏ। ਲਗਭਗ 16 ਲੱਖ ਰੁਪਏ ਜੁਰਮਾਨਾ ਵਸੂਲ ਕੀਤਾ ਗਿਆ। ਬਹੁਤ ਸਾਰੇ ਪਿੰਡਾਂ ਵਿੱਚ ਚੌਕੀਆਂ ਬਿਠਾਈਆਂ ਗਈਆਂ। ਜਿਨ੍ਹਾਂ ਨੇ ਰੋਜ਼ ਦੇ ਕੰਮ ਵਿੱਚ ਲੋਕਾਂ ਨੂੰ ਤੰਗ ਕੀਤਾ ਅਤੇ ਦਹਿਸ਼ਤ ਫੈਲਾਉਣ ਦਾ ਕੰਮ ਕੀਤਾ। ਸਿੱਖ ਫੌਜੀ ਸਿਪਾਹੀਆਂ ਨੂੰ ਕਾਲੀ ਪੱਗ ਬੰਨ੍ਹਣ ਤੇ ਕ੍ਰਿਪਾਨ ਰੱਖਣ ਕਰਕੇ ਕੋਰਟ ਮਾਰਸ਼ਲ ਕੀਤਾ ਗਿਆ। 602 ਪੈਨਸ਼ਨੀਆਂ ਦੀ ਪੈਨਸ਼ਨ ਜ਼ਬਤ ਕੀਤੀ ਗਈ। 658 ਨੂੰ ਵੱਖ-ਵੱਖ ਮਿਆਦ ਦੀ ਕੈਦ ਦੀ ਸਜ਼ਾ ਦਿੱਤੀ ਗਈ। ਅਕਾਲੀਆਂ ਦਾ ਬਲ ਤੋੜਨ ਵਾਸਤੇ ਜੇਲ੍ਹਾਂ ਵਿੱਚ ਇੰਤਹਾ ਦਰਜੇ ਦਾ ਤਸ਼ੱਦਦ ਕੀਤਾ ਗਿਆ। 1920 ਤੋਂ 1925 ਤੱਕ ਅਕਾਲੀ ਲਹਿਰ ਉੱਤੇ ਲੇਖ ਲਿਖਣ ਕਰਕੇ 107 ਅਖ਼ਬਾਰਾਂ ਉੱਤੇ ਜੁਰਮਾਨੇ, ਜ਼ਮਾਨਤਾਂ ਦੀ ਜ਼ਬਤੀ ਅਤੇ ਐਡੀਟਰਾਂ ਨੂੰ ਕੈਦ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ।"

---

[1] ਰਾਮ ਸਿੰਘ ਮਜੀਠਾ, *ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ*, ਭਾਗ ਪਹਿਲਾ, ਪੰਨਾ 211.

Namdhari Elibrary NamdhariElibrary@gmail.com

ਅਧਿਆਇ 7

# ਇਸ ਸਮੇਂ ਦੀਆਂ ਕੁਝ ਹੋਰ ਪ੍ਰਮੁੱਖ ਘਟਨਾਵਾਂ

## 1. ਬੀੜ ਦਾ ਆਬਾਦ ਕਰਨਾ

ਮਾਤਾ ਹੁਕਮੀ, ਮਾਤਾ ਗੁਰਦੇਈ ਅਤੇ ਮਾਤਾ ਕਿਸ਼ਨੀ ਨਾਮਧਾਰੀ ਵੀਰਾਂਗਣਾਂ ਸਨ, ਜੋ ਸਤਿਗੁਰੂ ਜੀ ਦੀ ਦੱਸੀ ਹੋਈ ਮਰਿਆਦਾ ਅਨੁਸਾਰ ਆਪਣਾ ਜੀਵਨ ਬਤੀਤ ਕਰ ਰਹੀਆਂ ਸਨ। ਇਹ ਤਿੰਨੇ ਮਾਤਾਵਾਂ ਸਿਰ ਤੇ ਸਿੱਧੀ ਦਸਤਾਰ ਬੰਨਦੀਆਂ ਅਤੇ ਰਲ ਕੇ ਮਨੋਹਰ ਕੀਰਤਨ ਕਰਦੀਆਂ ਸਨ। ਇਹ ਮਾਤਾ ਹੁਕਮੀ ਜਿਸਨੂੰ 'ਮਹਾਤਮਾ' ਕਰਕੇ ਵੀ ਲੋਕ ਯਾਦ ਕਰਦੇ ਸਨ, ਉਹ ਬੀਬੀ ਹੀ ਸੀ, ਜਿਸਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਇਸਤਰੀਆਂ ਵਿੱਚੋਂ ਸਭ ਤੋਂ ਪਹਿਲਾ ਸੂਬਾ ਥਾਪਿਆ ਸੀ।

ਇਨ੍ਹਾਂ ਮਾਤਾਵਾਂ ਦੇ ਜੀਵਨ ਚਰਿੱਤਰ ਤੋਂ ਪ੍ਰਭਾਵਿਤ ਹੋ ਕੇ ਨਾਭੇ ਦੀ ਮਹਾਰਾਣੀ ਸਰੋਜਿਨੀ ਨੇ ਪੁੱਤਰ ਦੀ ਦਾਤ ਲਈ ਬੇਨਤੀ ਕੀਤੀ। ਮਾਤਾ ਹੁਕਮੀ ਦੇ ਵਰ ਸਦਕਾ ਮਹਾਰਾਜਾ ਰਿਪੁਦਮਨ ਸਿੰਘ ਦੇ ਘਰ ਟਿੱਕਾ ਪਰਤਾਪ ਸਿੰਘ ਦਾ ਜਨਮ 5 ਅੱਸੂ 1976 ਬਿਕਰਮੀ, 21 ਸਤੰਬਰ 1919 ਈ. ਨੂੰ ਨਾਭਾ ਵਿਖੇ ਹੋਇਆ। ਸਪੁੱਤਰ ਦੇ ਜਨਮ ਦੀ ਖੁਸ਼ੀ ਵਿੱਚ ਮਹਾਰਾਜਾ ਰਿਪੁਦਮਨ ਸਿੰਘ ਨੇ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਆਪਣੇ ਗ੍ਰਹਿ ਵਿਖੇ ਦਰਸ਼ਨ ਦੇਣ ਲਈ ਬੇਨਤੀ ਕੀਤੀ ਅਤੇ ਆਪ ਜੀ ਤੋਂ ਅੰਮ੍ਰਿਤਪਾਨ ਅਤੇ ਨਾਮ ਦੀ ਦਾਤ ਵੀ ਪ੍ਰਾਪਤ ਕੀਤੀ। ਇਹ ਟਿਕਾ ਪਰਤਾਪ ਸਿੰਘ ਦਾ ਨਾਂ ਵੀ ਸਤਿਗੁਰੂ ਜੀ ਦੇ ਸ਼ੁੱਭ ਨਾਮ ਤੋਂ ਪ੍ਰਭਾਵਿਤ ਹੋ ਕੇ ਰਖਿਆ ਗਿਆ ਸੀ। ਮਹਾਰਾਜਾ ਰਿਪੁਦਮਨ ਸਿੰਘ ਨੇ ਪੁੱਤਰ ਦੇ ਜਨਮ ਦੀ ਖੁਸ਼ੀ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਇੱਕ ਰੋਲਜ਼ ਰਾਈਸ ਕਾਰ, ਬਹੁਤ ਸਾਰੀ ਨਕਦ ਰਾਸ਼ੀ, ਕੁਝ ਘੋੜੇ, 1281 ਏਕੜ ਦੀ ਬੀੜ ਦੀ ਭੂਮੀ ਜੋ ਭਮਾਰਸੀ ਦੀ ਬੀੜ ਕਰਕੇ ਜਾਣੀ ਜਾਂਦੀ ਸੀ, ਭੇਟ ਕੀਤੀ। ਇਸ ਬੀੜ ਦੇ ਆਸ-ਪਾਸ ਦੇ ਪਿੰਡ ਜੋ ਇਸ ਭੂਮੀ ਦੀ ਕਈ ਪ੍ਰਕਾਰ ਦੀ ਵਰਤੋਂ ਕਰਦੇ ਸਨ, ਨਾਮਧਾਰੀਆਂ ਦੇ ਏਥੇ ਆ ਜਾਣ ਕਾਰਨ ਦਿਲੋਂ ਖੁਸ਼ ਵੀ ਨਹੀਂ ਸਨ।

ਸਤਿਗੁਰੂ ਜੀ ਨੇ ਸ਼ੇਖੂਪੁਰੇ ਤੇ ਗੁਜਰਾਂਵਾਲੇ ਦੇ ਦੌਰਿਆਂ ਸਮੇਂ ਅਤੇ ਨਿਮਾਣੀ ਤੇ ਮੁਕਤਸਰ ਵਾਲੇ ਮੇਲਿਆਂ ਤੇ ਇਹ ਐਲਾਨ ਕਰ ਦਿੱਤਾ ਸੀ ਕਿ ਅਸੀਂ ਮਡਾਰਤੂ ਵਾਲੀ ਬੀੜ ਨੂੰ ਆਬਾਦ ਕਰਨਾ ਹੈ। 1922 ਵਿੱਚ ਸਤਿਗੁਰੂ ਜੀ ਨੇ ਗਰਮੀਆਂ ਦੀ ਰੁੱਤੇ ਇਸ ਬੀੜ ਵਿੱਚ ਡੇਰਾ ਆ ਲਾਇਆ ਅਤੇ ਆਪਣੇ ਸਿੰਘ ਸੇਵਕਾਂ ਨੂੰ ਵੀ ਉਥੇ ਪੁੱਜਣ ਲਈ

Namdhari Elibrary NamdhariElibrary@gmail com

ਆਦੇਸ਼ ਕਰ ਦਿੱਤਾ।

ਸਤਿਗੁਰੂ ਜੀ ਜੰਗਲ ਵਿੱਚ ਮੰਗਲ ਰਚਨ ਲੱਗੇ। ਕੱਖਾਂ ਕਾਨਿਆਂ ਦੀਆਂ ਝੁਗੀਆਂ ਬਣਾਈਆਂ ਗਈਆਂ ਅਤੇ ਪਾਠਾਂ ਦਾ ਪ੍ਰਵਾਹ ਵੀ ਜਾਰੀ ਕੀਤਾ। ਨਿਤ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਅਤੇ ਸ਼ਾਮ ਦਾ ਦੀਵਾਨ ਵੀ ਸਜਦਾ। ਸਤਿਗੁਰੂ ਜੀ ਆਪ ਕਹੀ ਫੜ ਕੇ ਜ਼ਮੀਨ ਨੂੰ ਪੱਧਰ ਵੀ ਕਰਦੇ, ਹਥੀਂ ਹੱਲ ਵੀ ਵਾਹੁੰਦੇ। ਸਤਿਗੁਰੂ ਜੀ ਦੇ ਸਿੱਖ ਸੇਵਕ ਵੀ ਇਸ ਭੂਮੀ ਨੂੰ ਆਬਾਦ ਕਰਨ ਵਿੱਚ ਸਤਿਗੁਰੂ ਜੀ ਦੀ ਮੱਦਦ ਕਰਦੇ। ਨਾਮ ਬਾਣੀ ਤੇ ਕਥਾ-ਕੀਰਤਨ ਦੇ ਅਥਾਹ ਪ੍ਰਵਾਹ ਦੇ ਨਾਲ-ਨਾਲ ਸੁੱਚੀ ਕਿਰਤ ਵੀ ਕੀਤੀ ਜਾਂਦੀ। ਮਾਤਾ ਜੀਵਨ ਕੌਰ ਤੇ ਫਤਿਹ ਕੌਰ ਸ੍ਰੀ ਭੈਣੀ ਸਾਹਿਬ ਲੰਗਰ ਦੀ ਸੇਵਾ ਕਰਦੀਆਂ। ਮਾਤਾ ਭੁਪਿੰਦਰ ਕੌਰ ਜੀ ਏਥੇ ਸਤਿਗੁਰੂ ਜੀ ਅਤੇ ਆਈ ਸੰਗਤ ਦੀ ਸੇਵਾ ਕਰਦੇ। ਇਸ ਬੀੜ ਨੂੰ ਆਬਾਦ ਕਰਨ ਦਾ ਉਦੇਸ਼ ਨਿਰਧਨ ਅਤੇ ਬੇਜ਼ਮੀਨੇ ਸਿੱਖਾਂ ਨੂੰ ਭੂਮੀ ਪ੍ਰਦਾਨ ਕਰਨਾ ਸੀ। ਪਰ ਇਹ ਸਾਰਾ ਕਾਰਜ ਸਖਤ ਮਿਹਨਤ, ਮੁਸ਼ੱਕਤ ਨਾਲ ਹੀ ਸਿਰੇ ਚੜ੍ਹਨਾ ਸੀ।

ਇਸ ਸਮੇਂ ਦੇ ਕੁਝ ਸਿੱਖਾਂ ਦੇ ਪ੍ਰਤੀਕਰਮ ਜੋ ਬੀੜ ਵਿੱਚ ਹਾਜਰ ਸਨ, ਬੜੇ ਭਿੰਨ-ਭਿੰਨ ਤੇ ਰੋਚਕਤਾ ਭਰਪੂਰ ਹਨ। ਤਰਨ ਸਿੰਘ ਵਹਿਮੀ ਅਨੁਸਾਰ, [1]"ਪਿਛਲੇ ਪਹਿਰ ਕਥਾ ਤੇ ਰਾਤ ਕੀਰਤਨ ਸਭ ਸਾਧ ਰਲ ਕਰਦੇ, ਦਿਨੇ ਵਿਹਲ ਵੇਲੇ ਵੱਖ-ਵੱਖ ਵਿਹਾਰ ਕਰਦੇ।

ਸੁੱਖ ਰਹਿਣ ਤਾਂ ਕਈ ਕਹਿੰਦੇ। ਘਰੋਂ ਸੰਗਤ ਵਿੱਚ ਸੁੱਖ ਆਰਾਮ ਲੈਣ ਨਿਕਲੇ ਸਾਂ। ਏਥੇ ਵਿਹਲ ਹੋਣ ਤੇ ਬਹਿਣਾ ਵੀ ਨਹੀਂ ਮਿਲਦਾ। ਜਾਂ ਹੱਥ ਜਾਂ ਮੂੰਹ ਹਲਾਣਾ ਪੈਂਦਾ ਏ ਤੇ ਥੋੜ੍ਹਾ ਸੌਣਾ ਮਿਲਦਾ ਏ। ਪਾਠ, ਕਥਾ ਕੀਰਤਨ, ਇਸ਼ਨਾਨ ਦਾ ਵੇਲਾ ਵਾਰਾ ਹੀ ਸਿਰ ਚੜ੍ਹਿਆ ਰਹਿੰਦਾ। ਕਈ ਕਹਿੰਦੇ ਬੜੇ ਲਾਹੇ ਦੇ ਦਿਨ ਹਨ। ਨਾਲ ਸੇਵਾ ਨਾਲੇ ਕੀਰਤਨ, ਕਥਾ, ਇਸ਼ਨਾਨ ਪਾਠਾਂ ਦਾ ਠਾਠ ਬਣਿਆ ਹੈ। ਇਹੋ ਜਿਹੇ ਦਿਨ ਨਿਤ ਨਿਤ ਨਹੀਂ ਮਿਲਦੇ। ਜੋ ਸਤਿਗੁਰੂ ਜੀ "ਹੁਕਮ ਕਰ ਕੀਨੇ ਨਿਹਾਲ" ਵਾਕ ਸਤਿਗੁਰੂ ਜੀ ਸਾਥੋਂ ਮਨਾ ਸਾਡਾ ਭਲਾ ਕਰ ਰਹੇ ਹਨ। ਘਰ ਕਾਰ ਕਰ ਮਰ ਹੁਣ ਭੀ ਝਟ ਆਰਾਮ ਨਹੀਂ ਮਿਲਦਾ। ਏਥੇ ਸਾਧ ਸੰਗਤ ਤੇ ਸਤਿਗੁਰੂ ਜੀ ਦੇ ਦਰਸ਼ਨ ਤੇ ਪਦਾਰਥ ਵੱਧ ਮਿਲਦੇ ਹਨ।"

ਬੀੜ ਦੀ ਆਬਾਦਕਾਰੀ ਤੇ ਇਸ ਕਾਰਜ ਦੇ ਸੰਪੂਰਨ ਹੋਣ ਅਤੇ ਸਮੁੱਚੀ ਪ੍ਰਾਪਤੀ ਬਾਰੇ ਤਾਰਾ ਸਿੰਘ ਅਨਜਾਣ ਨੇ ਇਸ ਦਾ ਲੇਖਾ-ਜੋਖਾ ਇਸ ਤਰ੍ਹਾਂ ਕੀਤਾ ਹੈ, [2]"ਸਤਿਗੁਰੂ ਜੀ ਨੇ 60 ਘੁਮਾਂ ਜ਼ਮੀਨ ਸ੍ਰੀ ਭੈਣੀ ਸਾਹਿਬ ਦੇ ਲੋਹ ਲੰਗਰ ਵਾਸਤੇ ਰੱਖੀ। ਆਪ ਨੇ ਬੀੜ ਦੀ ਬਾਕੀ ਸਾਰੀ ਜ਼ਮੀਨ, ਬੇਜ਼ਮੀਨੇ, ਲੋੜਵੰਦ ਥੁੜੇ ਹੋਏ ਸਿੱਖ ਪਰਵਾਰਾਂ ਨੂੰ, ਸਾਢੇ ਤਿੰਨ ਘੁਮਾਂ ਤੋਂ ਦਸ ਘੁਮਾਂ, ਘਰ ਪ੍ਰਤੀ ਦੇ ਕੇ ਵੰਡੀ। ਇਸ ਨਾਲ 115-120 ਹੋਰ, ਨਾਮਧਾਰੀ ਕਿਰਤੀ ਪਰਿਵਾਰ ਸੌਖੀ ਰੋਟੀ ਖਾਣ ਜੋਗੇ ਹੋ ਗਏ।"

ਸਤਿਗੁਰੂ ਪਰਤਾਪ ਸਿੰਘ ਜੀ ਦਾ ਇਹ ਇੱਕ ਅਦੁੱਤੀ ਕਾਰਨਾਮਾ ਸੀ। ਜਿਸ ਵਿੱਚ ਆਪਨੇ ਸਿੱਖਾਂ ਦੇ ਪਦਾਰਥਕ ਤੇ ਪਰਮਾਰਥਕ ਦੋਵੇਂ ਪੱਖਾਂ ਦਾ ਹੀ ਉਧਾਰ ਕੀਤਾ

---

[1] ਤਰਨ ਸਿੰਘ ਵਹਿਮੀ, *ਜਸ ਜੀਵਨ*, ਭਾਗ-2, ਪੰਨਾ 18.

[2] ਤਾਰਾ ਸਿੰਘ ਅਨਜਾਣ, *ਸਾਹਿਬ ਕੁਈ ਕਹੋਰਾ*, ਪੰਨਾ 75.

ਹੈ। ਇਹ ਹੱਥੀਂ ਕਿਰਤ ਕਰਨ ਅਤੇ ਵੰਡ ਛਕਣ ਦਾ ਇੱਕ ਸੁਨਹਿਰੀ ਉਦਾਹਰਣ ਹੈ। ਜੋ ਇਸ ਗੁਰੂਵਾਕ ਨੂੰ ਸਾਕਾਰ ਕਰ ਰਿਹਾ ਹੈ : ਸਤਿਗੁਰੂ ਸਿੱਖ ਦਾ ਹਲਤ ਪਲਤ ਸੁਆਰੇ।

ਭੈਣੀ ਨੂੰ ਆਬਾਦ ਕਰਨ ਦੇ ਸਮੇਂ ਦੀਆਂ ਕੁਝ ਘਟਨਾਵਾਂ ਵਿਸ਼ੇਸ਼ ਤੌਰ ਤੇ ਵਰਨਣਯੋਗ ਹਨ। ਸੰਤ ਹਰਨਾਮ ਸਿੰਘ ਕਿਲੇ ਵਾਲੇ ਸਤਿਗੁਰੂ ਰਾਮ ਸਿੰਘ ਜੀ ਦੇ ਬਹੁਤ ਹੀ ਸ਼ਰਧਾਵਾਨ ਅਨੁਆਈ ਸਨ। ਉਨ੍ਹਾਂ ਨੇ ਜਦੋਂ ਭੈਣੀ ਵਿਖੇ ਦਰਸ਼ਨ ਦਿੱਤੇ ਤਾਂ ਸਤਿਗੁਰੂ ਜੀ ਨੇ ਉਚੇਚੇ ਤੌਰ ਤੇ ਆਪਣੀ ਕਾਰ ਭੇਜ ਕੇ ਉਨ੍ਹਾਂ ਨੂੰ ਗੋਬਿੰਦਗੜ੍ਹ ਤੋਂ ਲੈ ਕੇ ਆਂਦਾ। ਮਾਤਾ ਭੁਪਿੰਦਰ ਕੌਰ ਜੀ ਨੇ ਉਨ੍ਹਾਂ ਨੂੰ ਮੱਥਾ ਨਾ ਟੇਕਿਆ ਤਾਂ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਨਾਰਾਜ਼ਗੀ ਵੀ ਪ੍ਰਗਟ ਕੀਤੀ। ਸੰਤ ਜੀ ਨੇ ਕੁਝ ਦਿਨ ਭੈਣੀ ਵਿਖੇ ਟਿਕਾਣਾ ਕੀਤਾ ਪਰ ਫੇਰ ਸਤਿਗੁਰੂ ਜੀ ਨਾਲ ਨਾਮਧਾਰੀ ਅਰਦਾਸ ਬਾਰੇ ਕੁਝ ਮਤਭੇਦ ਹੋਣ ਕਾਰਨ ਉਥੋਂ ਆਪਣੇ ਸੇਵਕਾਂ ਸਮੇਤ ਚਲੇ ਗਏ। ਸਤਿਗੁਰੂ ਜੀ ਨੇ ਇਸ ਗੱਲ ਦਾ ਉਚੇਚੇ ਤੌਰ ਤੇ ਜ਼ਿਕਰ ਕੀਤਾ ਕਿ ਸਤਿਗੁਰੂ ਰਾਮ ਸਿੰਘ ਜੀ ਦਾ ਰੰਗੂਨ ਤੋਂ ਭੇਜੇ ਇੱਕ ਹੁਕਮਨਾਮੇ ਵਿੱਚ ਸਤਿਗੁਰੂ ਹਰੀ ਸਿੰਘ ਬਾਰੇ ਇਹ ਫ਼ੁਰਮਾਨ ਸੀ ਕਿ "ਮੇਰੇ ਧੱਕੇ ਨੂੰ ਇਹ ਬਖਸ਼ ਦੇਵੇਗਾ ਪਰ ਇਹਦੇ ਧੱਕੇ ਨੂੰ ਮੈਂ ਨਹੀਂ ਬਖਸ਼ ਸਕਦਾ।" ਸਤਿਗੁਰੂ ਹਰੀ ਸਿੰਘ ਜੀ ਨੇ ਜਿਸ ਔਖੀ ਘੜੀ ਨਾਮਧਾਰੀ ਪੰਥ ਤੇ ਬਾਗ ਨੂੰ ਅਨੇਕ ਮੁਸ਼ਕਲਾਂ ਝੱਲ ਕੇ ਵੀ ਹਰਾ ਭਰਾ ਰਖਿਆ ਉਹ ਆਪਣੇ ਆਪ ਵਿੱਚ ਨਾਮਧਾਰੀ ਪੰਥ ਦੇ ਇਤਿਹਾਸ ਦਾ ਅਭੁੱਲ ਤੇ ਅਮੁੱਲ ਕਾਰਨਾਮਾ ਹੈ। "ਇਹੋ ਕਾਰਨ ਹੈ ਕਿ ਸਤਿਗੁਰੂ ਪਰਤਾਪ ਸਿੰਘ ਜੀ ਨੇ ਜਿਥੇ ਸੰਤ ਹਰਨਾਮ ਸਿੰਘ ਜੀ ਦੇ ਆਉਣ ਸਮੇਂ ਉਚੇਚੇ ਤੌਰ ਤੇ ਗੋਬਿੰਦਗੜ੍ਹ ਆਪਣੀ ਕਾਰ ਸੰਤ ਜੀ ਦੇ ਸਵਾਗਤ ਲਈ ਭੇਜੀ ਸੀ ਉਥੇ ਉਨ੍ਹਾਂ ਦੇ ਜਾਣ ਸਮੇਂ ਆਪ ਜੀ ਨੇ ਚੁੱਪ ਸਾਧ ਕੇ ਮੁਖ ਮੋੜ ਲਿਆ ਸੀ।'

## 2. ਅਮਲੋਹ ਦੇ ਕਿਰਪਾ ਰਾਮ ਦਾ ਉਧਾਰ

ਕਿਰਪਾ ਰਾਮ ਅਮਲੋਹ ਵਿਖੇ ਦੁਕਾਨਦਾਰੀ ਕਰਦਾ ਸੀ। ਹੁੱਕੇ ਤੇ ਤੰਮਾਕੂ ਦੀ ਆਮ ਵਰਤੋਂ ਕਰਦਾ ਸੀ। ਇਥੋਂ ਤੱਕ ਕੇ ਇੱਕ ਹੁੱਕੇ ਦੀ ਨੜੀ ਚੁਬਾਰੇ ਤੋਂ ਥਲੇ ਤੱਕ ਲੰਮੀ ਸੀ। ਹੋਰ ਵੀ ਵੱਖ-ਵੱਖ ਚਾਂਦੀ, ਪਿੱਤਲ ਦੇ ਹੁੱਕੇ ਆਉਣ ਵਾਲੇ ਗਾਹਕਾਂ ਲਈ ਰੱਖੇ ਹੁੰਦੇ ਸਨ। ਇੱਕ ਦਿਨ ਸਤਿਗੁਰੂ ਜੀ ਪਾਠਾਂ ਲਈ ਨਾਰੀਅਲ ਲੈਣ ਲਈ ਅਮਲੋਹ ਗਏ। ਕਿਰਪਾ ਰਾਮ ਨੇ ਕਿਹਾ ਮੈਂ ਲੈ ਦਿੰਦਾ ਹਾਂ। ਸਤਿਗੁਰੂ ਜੀ ਨੇ ਬਚਨ ਕੀਤਾ "ਹੁੱਕਾ ਛੱਡ ਦੇ ਤੇ ਭਜਨ ਲੈ" ਉਹ ਭੈਣੀ ਵਿੱਚ ਆ ਕੇ ਸਤਿਗੁਰੂ ਜੀ ਦੇ ਦੀਵਾਨਾਂ ਵਿੱਚ ਹਾਜ਼ਰੀ ਭਰਨ ਲੱਗਾ। ਇੱਕ ਵਾਰ ਫਿਰ ਉਸ ਦੇ ਮਨ ਵਿੱਚ ਕਮਜ਼ੋਰੀ ਆ ਗਈ। ਉਹ ਚੋਰੀ ਤੰਮਾਕੂ ਦਾ ਸੇਵਨ ਕਰਨ ਲੱਗ ਪਿਆ। ਉਸਨੂੰ ਇੱਕ ਰਾਤ ਸ਼ਹੀਦਾਂ ਵੱਲੋਂ ਮਾਰ ਪਈ। ਉਸਨੇ ਸਤਿਗੁਰੂ ਜੀ ਅੱਗੇ ਆ ਕੇ ਪਰਾਸਚਿਤ ਕੀਤਾ। ਸਤਿਗੁਰੂ ਜੀ ਨੇ ਉਸਦਾ ਨਾਮ ਕਿਰਪਾ ਸਿੰਘ ਰੱਖ ਦਿੱਤਾ ਅਤੇ ਉਹ ਭੈਣੀ ਸਾਹਿਬ ਸਤਿਗੁਰਾਂ ਦੇ ਦਰਸ਼ਨਾਂ ਲਈ ਜਾਂਦਾ ਰਿਹਾ। ਉਸ ਦੇ ਦਿਹਾਂਤ ਪਿਛੋਂ ਉਸ ਦੀ ਪਤਨੀ ਮਾਲਣ ਨੇ ਆਪਣੀ ਬਹੁਤ ਸਾਰੀ ਸੰਪਤੀ ਅਤੇ ਨਕਦ ਰਾਸ਼ੀ ਜਿਸ ਦਾ ਵੇਰਵਾ ਤਰਨ ਸਿੰਘ ਵਹਿਮੀ ਜੀ ਨੇ ਦਿੱਤਾ ਹੈ, ਸਤਿਗੁਰੂ ਜੀ ਦੇ

Namdhari Elibrary NamdhariElibrary@gmail com

ਅਰਪਣ ਕਰ ਦਿੱਤੀ। ਵਹਿਮੀ ਜੀ ਅਨੁਸਾਰ ਕਿਰਪਾ ਰਾਮ ਦੇ ਦਿਹਾਂਤ ਸਮੇਂ ਸਤਿਗੁਰੂ ਜੀ ਨੂੰ ਅਮਲੋਹ ਸੱਦ 1 ਘੋੜੀ, 4 ਗਊਆਂ, 1 ਊਠਣੀ, 700 ਚਾਂਦੀ ਦੇ ਰੁਪਏ ਸ੍ਰੀ ਭੈਣੀ ਸਾਹਿਬ ਦੇ ਲੰਗਰ ਦੇ ਅਰਪਣ ਕੀਤੇ। ਵਹਿਮੀ ਜੀ ਅਨੁਸਾਰ ਮਾਲਣ ਦਾ ਦੇਹਾਂਤ ਵੀ ਸ੍ਰੀ ਭੈਣੀ ਸਾਹਿਬ ਵਿਖੇ ਹੋਇਆ।

3. ਰਾਵਲਪਿੰਡੀ ਵਾਲੇ ਸ. ਆਤਮਾ ਸਿੰਘ ਅਤੇ ਉਨ੍ਹਾਂ ਦੀ ਪਤਨੀ ਲੀਲਾਵੰਤੀ ਸਤਿਗੁਰੂ ਜੀ ਦੇ ਅਨਿਨ ਸੇਵਕਾਂ ਵਿੱਚੋਂ ਸਨ। ਸ਼ਿਮਲੇ ਤੋਂ ਆਉਂਦੇ ਹੋਏ ਉਨ੍ਹਾਂ ਦੀ ਕਾਰ ਇੱਕ ਨਾਲੇ ਵਿੱਚ ਜਾ ਪਈ। ਸਤਿਗੁਰੂ ਜੀ ਦੀ ਕਿਰਪਾ ਦੁਆਰਾ ਉਹ ਨਦੀ ਵਿੱਚ ਡੁੱਬਣੋਂ ਬਚ ਗਏ। ਸਤਿਗੁਰੂ ਜੀ ਨੇ ਆਪ ਉਨ੍ਹਾਂ ਦੀ ਬਹੁੜੀ ਕੀਤੀ ਸੀ। ਬੀੜ ਵਿੱਚ ਉਹ ਕਈ ਦਿਨ ਰਹਿ ਕੇ ਸੇਵਾ ਕਰਦੇ ਰਹੇ। ਇੱਕ ਦਿਨ ਸਤਿਗੁਰੂ ਜੀ ਅਖਾੜਾ ਗੋਡ ਕੇ ਕੁਸ਼ਤੀਆਂ ਕਰ ਰਹੇ ਸਨ। ਆਤਮਾ ਸਿੰਘ ਖੜ੍ਹਾ ਰਿਹਾ। ਅਖੀਰ ਸਤਿਗੁਰੂ ਜੀ ਨਾਲ ਦਸਤ ਪੰਜਾ ਲੈ ਕੇ ਘੁਲਣ ਲਈ ਤਿਆਰ ਹੋ ਗਿਆ ਅਤੇ ਸਤਿਗੁਰੂ ਜੀ ਦੇ ਸਰੀਰ ਨੂੰ ਘੁੱਟ ਕੇ ਜੱਫੀ ਪਾ ਲਈ ਕਹਿਣ ਲੱਗਾ 'ਬੱਸ ਇਹੋ ਹੀ ਮੇਰੀ ਮਨਸ਼ਾ ਸੀ।'

ਇਸੇ ਤਰ੍ਹਾਂ 'ਜੀਅ ਨਾਲ ਸੰਭਾਲਣ ਵਾਲੇ ਉਪਕਾਰ' ਕਈ ਹੋਰਾਂ ਉੱਤੇ ਵੀ ਕੀਤੇ ਸਨ। ਕੁਝ ਘਟਨਾਵਾਂ ਦਾ ਵੇਰਵਾ ਤਾਰਾ ਸਿੰਘ ਅਨਜਾਣ ਨੇ ਇਸ ਤਰ੍ਹਾਂ ਦਿੱਤਾ ਹੈ। "ਸੰਤ ਜਵੰਦ ਸਿੰਘ ਜਿੰਦਾ ਸ਼ਹੀਦ ਦੀ ਸੰਗਤ ਨਾਲ ਮੱਲ ਸਿੰਘ ਮਜ਼੍ਹਬੀ ਵੀ ਭਜਨ ਲੈ ਕੇ ਨਾਮਧਾਰੀ ਬਣ ਗਿਆ। ਉਹ ਡੇਰੇ ਆ ਗਿਆ ਅਤੇ ਪਸ਼ੂ ਡੰਗਰ ਚਰਾਉਣ ਦੀ ਸੇਵਾ ਕਰਨ ਲੱਗਾ। ਉਹ ਅੰਮ੍ਰਿਤ ਵੇਲੇ ਉਠ ਕੇ, ਇਸ਼ਨਾਨ ਪਾਣੀ ਕਰਕੇ ਵੈਰਾਗਮਈ ਹੋਇਆ, ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਵਿੱਚ ਗਾਇਆ ਕਰਦਾ ਸੀ ਕਿ :

ਕਦੋਂ ਪਾਵੇਂਗਾ ਵਤਨ ਨੂੰ ਫੇਰੀਆਂ, ਸਤਿਗੁਰੂ ਚੀਨੀ ਵਾਲਿਆ।
ਸਾਨੂੰ ਨਿੱਤ ਨੇ ਉਡੀਕਾਂ ਤੇਰੀਆਂ, ਸਤਿਗੁਰੂ ਚੀਨੀ ਵਾਲਿਆ।

ਉਸ ਦੀ ਅੰਮ੍ਰਿਤ ਵੇਲੇ, ਸ਼ਾਂਤ ਵਾਤਾਵਰਨ ਵਿੱਚ ਦੂਰ-ਦੂਰ ਤੱਕ ਸੁਣਾਈ ਦਿੰਦੀ ਆਵਾਜ਼ ਹਰ ਇੱਕ ਨੂੰ ਧੂਹ ਪਾਉਂਦੀ ਸੀ। ਉਹ ਗੁਰੂ ਦਰਸ ਦੀ ਸਵਾਂਤੀ ਬੂੰਦ ਦਾ ਪਿਆਸਾ ਪਪੀਹਾ ਸੀ।

ਇੱਕ ਵਾਰ, ਨੀਲੋਂ ਨਹਿਰ ਵਿੱਚ, ਕੰਢੇ ਲਾਗੇ ਹੀ ਮੱਲਾ ਨ੍ਹਾ ਰਿਹਾ ਸੀ। ਇੱਕ ਮੋੜ ਨੇ ਪਲਸੇਟਾ ਮਾਰਿਆ, ਉਹ ਉਸ ਦੇ ਪਲਸੇਟੇ ਥੱਲੇ ਆਇਆ, ਡੁੱਬ ਗਿਆ। ਸਤਿਗੁਰੂ ਜੀ ਨਹਿਰ ਦੇ ਦੂਸਰੇ ਕਿਨਾਰੇ ਖੜੇ ਸਨ। ਉਹਨਾਂ ਸਣੇ ਕੱਪੜਿਆਂ ਨਹਿਰ ਵਿੱਚ ਛਾਲ ਮਾਰ ਦਿੱਤੀ। ਉਸਨੂੰ ਮੋੜ ਥਲਿਓਂ ਧੂਹ ਕੇ ਬਾਹਰ ਖੱਚ ਕੇ ਮੂਧਾ ਲਿਟਾ ਕੇ, ਨੱਪ ਘੁੱਟ ਕੇ ਅੰਦਰੋਂ ਪਾਣੀ ਕੱਢ ਕੇ ਹੋਸ਼ ਵਿੱਚ ਲਿਆਂਦਾ। ਆਪ ਨੇ ਬੰਬੀਹੇ ਦੀ ਕੂਕ ਵਾਲੇ ਨੂੰ ਐਗੇ ਹੋ ਕੇ ਬਚਾ ਲਿਆ ਸੀ।"

"ਪੰਡਿਤ ਮਨਸ਼ਾ ਸਿੰਘ ਤੇ ਉਸਤਾਦ ਹਰਨਾਮ ਸਿੰਘ ਨਥਾਣੀਆਂ ਭਰਥਲੇ ਤੋਂ ਸ੍ਰੀ ਭੈਣੀ ਸਾਹਿਬ ਆ ਰਹੇ ਸਨ। ਰਸਤੇ ਵਿੱਚ ਨੀਲੋਂ ਨਹਿਰ ਪੈਂਦੀ ਸੀ; ਪੁਲ ਤੋਂ ਆਉਂਦਿਆਂ ਵਲਾ ਸੀ। ਉਹ ਕੁਝ ਤਰਨਾ ਵੀ ਜਾਣਦੇ ਸਨ। ਦੋਵੇਂ ਭਾਰੇ ਸਰੀਰ ਵਾਲੇ ਸਨ। ਲਾਲਚ

[1] ਤਾਰਾ ਸਿੰਘ ਅਨਜਾਣ, *ਸਾਹਿਬ ਕੁਟੀ ਕਪੋਰਾ*, ਪੰਨਾ 75-76.

Namdhari Elibrary NamdhariElibrary@gmail com

ਕਰ ਬੈਠੇ, ਠਿਲ ਕੇ ਸਿੱਧੇ ਪਾਰ ਹੋਣ ਲਈ ਨਹਿਰ ਵਿੱਚ ਛਾਲ ਮਾਰ ਦਿੱਤੀ। ਉਹ ਤਰਦੇ ਹੋਏ ਜਦੋਂ ਅੱਧ ਵਿੱਚ ਪਹੁੰਚੇ ਤੇ ਪੰਡਿਤ ਜੀ ਨੂੰ ਸਾਹ ਚੜ੍ਹ ਗਿਆ। ਅੱਗੇ ਵਧਣਾ ਔਖਾ ਹੋ ਗਿਆ। ਉਸਤਾਦ ਨਥਾਣੀਏ ਨੇ ਕਿਹਾ ਉਸਨੇ, ਉਸਦੇ ਮੋਢੇ ਨੂੰ ਹੱਥ ਪਾ ਲਿਆ। ਦੋਵੇਂ ਭਾਰੇ ਤਾਂ ਸਨ ਹੀ, ਤੋਲ ਸਾਵਾਂ ਨਾ ਬਣਿਆ ਤੇ ਲੱਗੇ ਗੋਤੇ ਖਾਣ। ਸਤਿਗੁਰੂ ਜੀ ਕੰਢੇ ਉੱਤੇ ਬੈਠੇ ਬੰਦਗੀ ਕਰ ਰਹੇ ਸਨ। ਪਾਣੀ ਵਿੱਚ ਗੋਤੇ ਖਾਂਦਿਆਂ ਦੀ ਆਵਾਜ਼ ਸੁਣ ਕੇ ਉਨ੍ਹਾਂ ਨੇ ਨੇਤਰ ਖੋਲ੍ਹੇ। ਦੋ ਸਿੱਖਾਂ ਨੂੰ ਸਾਹਮਣੇ ਡੁੱਬਦਿਆਂ ਵੇਖ ਕੇ ਨਾ ਆਰ ਵੇਖਿਆ ਨਾ ਪਾਰ, ਤਾਂ ਝੱਟ ਛਲਾਂਗ ਲਾ ਕੇ, ਤਰ ਕੇ ਉਹਨਾਂ ਕੋਲ ਪਹੁੰਚ ਗਏ। ਆਪ ਬਲਿਊਂ ਦੀ ਹੋਏ, ਜੁਗਤ ਨਾਲ ਦੋਹਾਂ ਨੂੰ ਉਭਾਰ ਕੇ ਉੱਤੇ ਕੀਤਾ, ਹੌਂਸਲਾ ਦਿੱਤਾ ਕਿ 'ਘਬਰਾਉ ਨਾ', ਹਿੰਮਤ ਕਰੋ, ਮੇਰੇ ਮੋਢੇ ਤੇ ਹੱਥ ਰੱਖੋ ਅਤੇ ਪੈਰ ਹਿਲਾਈ ਜਾਉ। ਆਪ ਵਧੀਆ ਤੈਰਾਕ ਤਾਂ ਸਨ ਹੀ ਤਰੀਕਾ ਆਪ ਨੇ ਉਹਨਾਂ ਨੂੰ ਵੀ ਦੱਸ ਦਿੱਤਾ ਸੀ। ਸਤਿਗੁਰੂ ਜੀ ਦੇ ਮੋਢੇ ਦੇ ਸਹਾਰੇ ਨਾਲ, ਉਹ ਨਹਿਰ ਪਾਰ ਕਰਨ ਵਿੱਚ ਕਾਮਯਾਬ ਹੋ ਗਏ। ਉਹਨਾਂ ਨੇ ਨਵਾਂ ਜੀਵਨ ਦੇਣ ਵਾਲੇ ਸਤਿਗੁਰੂ ਜੀ ਦਾ ਕੋਟਾਨ-ਕੋਟ ਧੰਨਵਾਦ ਕੀਤਾ।"

## ਪ੍ਰਸਿੱਧ ਸਿੱਖ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਦਾ ਸਨਮਾਨ

ਗਿਆਨੀ ਗਿਆਨ ਸਿੰਘ (15 ਅਪ੍ਰੈਲ 1822 - 24 ਸਤੰਬਰ 1921) ਪੰਜਾਬ ਅਤੇ ਵਿਸ਼ੇਸ਼ ਕਰਕੇ ਸਿੱਖ ਇਤਿਹਾਸ ਦੇ ਮਹਾਨ ਖੋਜੀ ਵਿਦਵਾਨ ਅਤੇ ਪ੍ਰਮੁੱਖ ਸਿੱਖ ਇਤਿਹਾਸਕਾਰ ਸਨ। ਉਨ੍ਹਾਂ ਦੀਆਂ ਰਚਨਾਵਾਂ 'ਪੰਥ ਪ੍ਰਕਾਸ਼' (ਬ੍ਰਜਭਾਸ਼ਾ ਦਾ ਕਾਵਿ ਗ੍ਰੰਥ) ਅਤੇ 'ਤਵਾਰੀਖ਼ ਗੁਰੂ ਖਾਲਸਾ' ਦੋ ਭਾਗ ਪੰਜਾਬੀ ਵਾਰਤਕ ਦੇ ਸੁਪ੍ਰਸਿੱਧ ਗ੍ਰੰਥ ਹਨ, ਇਨ੍ਹਾਂ ਤੋਂ ਬਿਨਾਂ ਵੀ ਆਪ ਜੀ ਦੀਆਂ ਕਈ ਹੋਰ ਰਚਨਾਵਾਂ 'ਨਿਰਮਲ ਪੰਥ ਪ੍ਰਦੀਪਕਾ', 'ਤਵਾਰੀਖ਼ ਅੰਮ੍ਰਿਤਸਰ', 'ਤਵਾਰੀਖ਼ ਲਾਹੌਰ' ਆਦਿ ਪ੍ਰਾਪਤ ਹਨ।

ਆਪ ਜੀ ਦਾ ਜਨਮ ਸ਼ਹੀਦ ਭਾਈ ਮਨੀ ਸਿੰਘ ਦੇ ਪਰਿਵਾਰ ਦੀ ਪੰਜਵੀਂ ਪੀੜ੍ਹੀ ਵਿੱਚ ਪਿੰਡ ਲੌਂਗੋਵਾਲ (ਜ਼ਿਲ੍ਹਾ ਸੰਗਰੂਰ) ਭਾਈ ਭਾਗ ਸਿੰਘ ਅਤੇ ਮਾਤਾ ਦੇਸਾਂ ਦੇ ਗ੍ਰਹਿ ਵਿਖੇ 15 ਅਪ੍ਰੈਲ, 1822 ਨੂੰ ਹੋਇਆ। ਬਚਪਨ ਵਿੱਚ ਹੀ ਆਪ ਜੀ ਨੂੰ ਸਿੱਖ ਧਰਮ ਗ੍ਰੰਥ ਪੜ੍ਹਨ ਤੇ ਵਾਚਣ ਦਾ ਸ਼ੌਕ ਸੀ। ਆਪ ਜੀ ਨੇ ਭਾਈ ਭੋਲਾ ਸਿੰਘ ਤੋਂ ਗੁਰਬਾਣੀ ਅਤੇ ਪੰਡਤ ਆਤਮਾ ਰਾਮ ਤੋਂ ਸੰਸਕ੍ਰਿਤ ਦਾ ਗਿਆਨ ਪ੍ਰਾਪਤ ਕੀਤਾ। ਸੁਰੀਲੀ ਸੁਰ ਵਿੱਚ ਆਪ ਗੁਰਬਾਣੀ ਦਾ ਪਾਠ ਕਰਦੇ ਸਨ। 12 ਸਾਲ ਦੀ ਉਮਰ ਵਿੱਚ ਆਪ ਜੀ ਨੂੰ ਉਨ੍ਹਾਂ ਦਾ ਮਾਮਾ ਕਰਮ ਸਿੰਘ ਜੋ ਲਾਹੌਰ ਦਰਬਾਰ ਵਿੱਚ ਮੁਲਾਜ਼ਮ ਸੀ, ਲਾਹੌਰ ਲੈ ਆਏ। ਸਰਦਾਰ ਧੰਨਾ ਸਿੰਘ ਮਲਵਈ ਰਾਹੀਂ ਆਪ ਮਹਾਰਾਜਾ ਰਣਜੀਤ ਸਿੰਘ ਨੂੰ ਰੋਜ਼ ਸੁਖਮਨੀ ਸਾਹਿਬ ਦਾ ਪਾਠ ਸੁਣਾਇਆ ਕਰਦੇ ਸਨ। ਇਸ ਸਮੇਂ ਆਪ ਜੀ ਨੂੰ ਖਾਲਸਾ ਰਾਜ ਦੀ ਚੜ੍ਹਦੀਕਲਾ ਅਤੇ ਸਿੱਖ ਇਤਿਹਾਸ ਦੀ ਬਹੁਤ ਸਾਰੀ ਜਾਣਕਾਰੀ ਹੋ ਗਈ। 1845 ਵਿੱਚ ਆਪ ਜੀ ਦੇ ਮਾਮਾ ਸੂਬੇਦਾਰ ਕਰਮ ਸਿੰਘ ਦੇ ਦੇਹਾਂਤ ਪਿਛੋਂ ਆਪ ਨੂੰ ਪਟਿਆਲਾ ਦੇ ਮਾਲ ਮਹਿਕਮੇ ਵਿੱਚ ਨੌਕਰੀ ਮਿਲ ਗਈ। 1849 ਵਿੱਚ ਆਪ ਜੀਂਦ ਵਿਖੇ ਇੱਕ ਵਿਦਰੋਹ ਨੂੰ ਦਬਾਉਣ ਦੇ ਸੰਗਰਾਮ ਵਿੱਚ ਪੱਟ ਵਿੱਚ ਗੋਲੀ ਲੱਗਣ ਕਾਰਨ ਜ਼ਖਮੀ ਹੋ ਗਏ ਅਤੇ ਨੌਕਰੀ ਵਿੱਚੋਂ

Namdhari Elibrary NamdhariElibrary@gmail.com

ਕੱਢੇ ਗਏ। ਕੁਝ ਸਮੇਂ ਪਟਿਆਲਾ ਵਿਖੇ ਆਪ ਜੀ ਨੇ ਗ੍ਰੰਥੀ ਦੀ ਸੇਵਾ ਵੀ ਨਿਭਾਈ। ਆਪ ਪ੍ਰਸਿੱਧ ਵਿਦਵਾਨ ਪੰਡਤ ਤਾਰਾ ਸਿੰਘ ਨਰੋਤਮ (ਕਰਤਾ ਗੁਰੂ ਗਰਾਹਬ ਕੋਸ਼) ਨੂੰ ਆਪਣਾ ਵਿੱਦਿਆ ਗੁਰੂ ਮੰਨਦੇ ਸਨ। 1873 ਵਿੱਚ ਅੰਮ੍ਰਿਤਸਰ ਵਿੱਚ ਸਿੰਘ ਸਭਾ ਦੇ ਬਣਨ ਸਮੇਂ ਆਪ ਸਿੰਘ ਸਭਾ ਦੇ ਸਕੱਤਰ ਚੁਣੇ ਗਏ। 1891 ਵਿੱਚ ਆਪ ਜੀ ਨੇ ਆਪਣੀਆਂ ਸਾਰੀਆਂ ਪੁਸਤਕਾਂ ਪ੍ਰਕਾਸ਼ਿਤ ਕਰਨ ਦੇ ਅਧਿਕਾਰ ਖਾਲਸਾ ਟ੍ਰੈਕਟ ਸੁਸਾਇਟੀ ਨੂੰ 12 ਰੁਪਏ ਮਹੀਨਾ ਪ੍ਰਾਪਤ ਕਰਨ ਉੱਤੇ ਦੇ ਦਿੱਤੇ। ਜਿਸ ਕਾਰਨ ਬਾਅਦ ਵਿੱਚ ਉਨ੍ਹਾਂ ਨੂੰ ਬੜਾ ਪਛਤਾਉਣਾ ਵੀ ਪਿਆ। ਕਿਉਂ ਜੋ ਸੁਸਾਇਟੀ ਵੱਲੋਂ ਆਪ ਜੀ ਦੇ ਗ੍ਰੰਥਾਂ ਵਿੱਚ ਬਹੁਤ ਸਾਰੇ ਵਾਧੇ-ਘਾਟੇ ਕਰ ਦਿੱਤੇ ਗਏ ਸਨ, ਜਿਸਦਾ ਆਪ ਜੀ ਨੂੰ ਬੜਾ ਖੇਦ ਸੀ। ਆਪ ਜੀ ਦਾ ਦਿਹਾਂਤ 24 ਸਤੰਬਰ 1921 ਨੂੰ ਨਾਭਾ ਵਿਖੇ ਹੋਇਆ।

ਭਾਵੇਂ ਆਪ ਜੀ ਦਾ ਦ੍ਰਿਸ਼ਟੀਕੋਣ ਸਿੱਖ ਇਤਿਹਾਸਕਾਰ ਦੇ ਤੌਰ 'ਤੇ ਸੰਪ੍ਰਦਾਈ ਸੀ, ਪਰ ਆਪ ਨੇ ਕਈ ਇਤਿਹਾਸਕ ਸਥਾਨਾਂ ਦੀ ਯਾਤਰਾ ਤੋਂ ਜੋ ਨਿੱਗਰ ਜਾਣਕਾਰੀ ਪ੍ਰਾਪਤ ਕੀਤੀ, ਉਸ ਤੋਂ ਆਪ ਜੀ ਦਾ ਦ੍ਰਿਸ਼ਟੀਕੋਣ ਬੜਾ ਯਥਾਰਥਮੁਖੀ, ਉਦਾਰ ਤੇ ਵਿਵੇਕਸ਼ੀਲ ਸੀ।

ਨਾਮਧਾਰੀ ਮੱਤ ਬਾਰੇ ਉਨ੍ਹਾਂ ਦਾ ਦ੍ਰਿਸ਼ਟੀਕੋਣ ਬੜਾ ਸੁਹਿਰਦ ਤੇ ਉਦਾਰ ਸੀ। ਜਦੋਂ ਵਿਰੋਧੀਆਂ ਵੱਲੋਂ ਇਹ ਗੱਲ ਧੁਮਾਈ ਗਈ ਕਿ ਨਾਮਧਾਰੀ ਮੁਸਲਮਾਨੀ ਕਲਾਮ ਪੜ੍ਹਦੇ ਹਨ ਤਾਂ ਆਪ ਨੇ ਭੈਣੀ ਸਾਹਿਬ ਜਾ ਕੇ ਨਿੱਜੀ ਜਾਣਕਾਰੀ ਪ੍ਰਾਪਤ ਕੀਤੀ ਅਤੇ ਨਾਮਧਾਰੀ ਮੱਤ ਬਾਰੇ 24 ਕਬਿੱਤ ਲਿਖੇ। ਜਿਨ੍ਹਾਂ ਵਿੱਚ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦੀ ਮਹਿਮਾ ਅਤੇ ਪੰਥ ਦੀਆਂ ਵਿਸ਼ੇਸ਼ ਕਾਰਵਾਈਆਂ ਤੇ ਪ੍ਰਤੀਕਰਮਾਂ ਦੀ ਮਹਿਮਾ ਕੀਤੀ ਗਈ ਹੈ। ਆਪ ਜੀ ਦਾ ਕਥਨ ਹੈ ਕਿ ਆਪ ਜੀ ਨੇ ਮਲੇਰਕੋਟਲੇ ਦੇ 1872 ਦੇ ਸ਼ਹੀਦੀ ਸਾਕੇ ਨੂੰ ਆਪਣੀ ਅੱਖੀਂ ਵੇਖਿਆ ਸੀ ਅਤੇ ਜਿਸ ਤਰ੍ਹਾਂ ਹੱਸਦੇ ਹੋਏ ਚੜ੍ਹਦੀਕਲਾ ਵਿੱਚ ਰਹਿ ਕੇ ਸਿੰਘਾਂ ਨੇ ਤੋਪਾਂ ਅੱਗੇ ਖਲੋ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ, ਉਨ੍ਹਾਂ ਦੀ ਗਿਆਨੀ ਜੀ ਨੇ ਬਹੁਤ ਪ੍ਰਸੰਸਾ ਕੀਤੀ ਹੈ। ਖਾਲਸਾ ਟਰੈਕਟ ਸੁਸਾਇਟੀ ਵੱਲੋਂ ਇਕਰਾਰਨਾਮਾ ਤੋੜਨ ਅਤੇ ਆਪ ਜੀ ਦੇ ਗ੍ਰੰਥਾਂ ਵਿੱਚ ਭੰਨ-ਤੋੜ ਕਰਨ ਦਾ ਗਿਆਨੀ ਜੀ ਨੂੰ ਬੜਾ ਰੰਜ ਸੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਤ ਇੰਦਰ ਸਿੰਘ ਚੱਕਰਵਰਤੀ ਜੀ ਨੂੰ ਵਿਸ਼ੇਸ਼ ਤੌਰ ਤੇ ਗਿਆਨੀ ਗਿਆਨ ਸਿੰਘ ਦਾ ਸਨਮਾਨ ਕਰਨ ਲਈ ਨਾਭੇ ਭੇਜਿਆ। ਇਸ ਘਟਨਾ ਦਾ ਵਰਨਣ ਸੰਤ ਤਰਨ ਸਿੰਘ ਵਹਿਮੀ ਇਸ ਤਰ੍ਹਾਂ ਕਰਦੇ ਹਨ। "ਸਤਿਗੁਰੂ ਜੀ ਸੰਤ ਇੰਦਰ ਸਿੰਘ ਜੀ ਚਕ੍ਰਵਰਤੀ ਜੀ ਨੂੰ 101 ਰੁਪਏ ਅਤੇ ਰੇਸ਼ਮੀ ਦਸਤਾਰ, ਉਨ ਦੀ ਸਫੈਦ ਦੁੱਧ ਵਰਗੀ ਮਾਲਾ, ਪਊਏ, ਗੜਵਾ ਦੇ ਕੇ ਗਿਆਨੀ ਗਿਆਨ ਸਿੰਘ ਜੀ ਪਾਸ ਨਾਭੇ ਭੇਜਿਆ ਅਤੇ ਧੰਨਵਾਦ ਵੀ ਕਰਨਾ ਕਿਹਾ, ਸੰਤ ਜੀ ਜਾ ਕੇ ਸਤਿਗੁਰੂ ਜੀ ਵੱਲੋਂ ਗਿਆਨੀ ਜੀ ਦਾ ਭੇਟਾ ਧਰ ਧੰਨਵਾਦ ਕੀਤਾ। ਪੰਥ ਪ੍ਰਕਾਸ਼ ਸਿੱਖ ਇਤਿਹਾਸ ਤੇ ਖਾਲਸਾ ਤਵਾਰੀਖ ਲਿਖਣ ਦਾ, ਤਾਂ ਗਿਆਨੀ ਜੀ ਪ੍ਰੇਮ ਆਂਸੂ ਵਹਾਂਦਿਆਂ ਕਿਹਾ, ਮੇਰੀ ਇਹ ਸਦਾ ਖਾਹਿਸ਼ ਰਹੀ ਹੈ ਕਿ ਪੰਥ ਮੇਰੀ ਮਿਹਨਤ ਦਾ ਮੁੱਲ ਅੰਕਿਤ ਕਰਕੇ ਮੇਰੀ ਰਚਨਾ 'ਤੇ ਪ੍ਰਸੰਨ

Namdhari Elibrary NamdhariElibrary@gmail.com

ਹੋ ਕੇ ਇਸ ਦੀ ਕਦਰ-ਕੀਮਤ ਪਾਵੇ, ਪਰ ਸਿੱਖ ਪੰਥ ਦੇ ਕਿਸੇ ਹਿੱਸੇ ਨੇ ਇਸ ਪਾਸੇ ਧਿਆਨ ਨਾ ਦਿੱਤਾ। ਅੱਜ ਮੇਰੀ ਉਹ ਚਾਹਨਾ, ਉਹ ਖਾਹਸ਼, ਉਹ ਇੱਛਾ ਨਾਮਧਾਰੀ ਪੰਥ ਦੇ ਮਾਲੀ ਨੇ ਪੂਰੀ ਕਰ ਦਿੱਤੀ ਹੈ। ਅੱਜ ਮੇਰਾ ਰੋਮ-ਰੋਮ ਪ੍ਰਸੰਨ ਹੈ। ਹੁਣ ਮੈਂ ਖੁਸ਼ੀ-ਖੁਸ਼ੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਹਾਜ਼ਰ ਹੋ ਸਕਾਂਗਾ। ਨਹੀਂ ਤੇ ਅੰਗਰੇਜ਼ੀ ਸਰਕਾਰ ਦੇ ਬਣਾਏ ਖਾਲਸੇ ਸਿੰਘ ਸਭੀਆਂ ਤੇ ਚੀਫ-ਖਾਲਸੀਆਂ ਨੇ ਮੇਰੇ ਲਿਖੇ ਪੁਸਤਕ ਪਹਿਲੇ ਤੇ ਕਿਤਨਾ ਚਿਰ ਛਾਪੇ ਹੀ ਨਾ, ਫੇਰ ਆਪਣੀ ਮਰਜ਼ੀ ਨਾਲ ਮੇਰੇ ਨਾਮ ਨਾਲ ਕਈ ਅਯੋਗ ਦੋਹਰੇ ਤੇ ਸਾਖੀਆਂ ਲਿਖ ਵਿੱਚ ਪਾਈਆਂ ਹਨ। ਅੱਛਾ, ਹੁਣ ਭਲਾ ਹੋਇਆ ਜੁ ਉਸ ਸਤਿਗੁਰੂ ਜੀ ਦਾ ਘਰ ਮੈਨੂੰ ਜਾਣਦਾ ਹੈ, ਜਿਸ ਦਾ ਮੈਂ ਇਤਿਹਾਸ ਲਿਖਿਆ ਹੈ ਤੇ ਦਰਸ਼ਨ ਕੁਝ ਦਿਨ ਕੀਤਾ ਹੈ।"

## ਸਤਿਜੁਗ ਦਾ ਪ੍ਰਕਾਸ਼ਨ

1920 ਵਿੱਚ ਨਾਮਧਾਰੀ ਪੰਥ ਦੀ ਪ੍ਰਤੀਨਿਧਤਾ ਕਰਨ ਵਾਲਾ ਵਿਸ਼ੇਸ਼ ਪੱਤਰ 'ਸਤਿਜੁਗ' ਦਾ ਪ੍ਰਕਾਸ਼ਨ ਸ਼ੁਰੂ ਹੋਇਆ, ਜਿਸ ਦੇ 1923 ਈ. ਦੇ ਬਸੰਤ ਅੰਕ ਵਿੱਚ ਸੰਤ ਨਿਧਾਨ ਸਿੰਘ ਆਲਮ ਦਾ ਲੇਖ ਬਾਰਵਾਂ ਜਾਮਾਂ ਸਤਿਗੁਰੂ ਪ੍ਰਕਾਸ਼ਿਤ ਹੋਇਆ। ਜਿਸ ਦਾ ਕੁਝ ਸਿੱਖ ਹਲਕਿਆਂ ਵੱਲੋਂ ਵਿਰੋਧ ਕੀਤਾ ਗਿਆ ਅਤੇ ਉਸ ਦੀ ਜ਼ਮਾਨਤ ਵੀ ਜਬਤ ਕਰਾ ਦਿੱਤੀ ਗਈ। ਪਰ ਫੇਰ ਵੀ ਕੁਝ ਨਿਰਭੈ ਨਾਮਧਾਰੀ ਸਿੱਖਾਂ ਨੇ ਅੰਮ੍ਰਿਤਸਰ, ਲਾਹੌਰ ਅਤੇ ਹੋਰ ਕਈ ਥਾਵਾਂ ਤੇ ਹੋਕਾ ਦੇ ਦੇ ਕੇ ਇਸ ਪੱਤਰ ਨੂੰ ਲੋਕਾਂ ਤੱਕ ਪਹੁੰਚਾਇਆ। ਫਿਰ ਇੱਕ ਹੋਰ ਪੱਤਰ "ਕੂਕਾ" 1923 ਈ. ਵਿੱਚ ਪ੍ਰਕਾਸ਼ਿਤ ਹੋਇਆ, ਜਿਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਤੇ ਸਤਿਗੁਰੂ ਬਾਲਕ ਸਿੰਘ ਜੀ ਦੇ ਮਿਲਾਪ ਦੀ ਇੱਕ ਸੁੰਦਰ ਤਸਵੀਰ ਛਪੀ ਸੀ, ਜਿਸ ਦਾ ਵੀ ਵਿਰੋਧ ਕੀਤਾ ਗਿਆ। ਇਹ ਤਸਵੀਰ ਥਾਈਲੈਂਡ ਤੋਂ ਵਿਸ਼ੇਸ਼ ਤੌਰ ਤੇ ਛਪਵਾ ਕੇ ਨਾਮਧਾਰੀ ਸੰਗਤਾਂ ਵਿੱਚ ਵੰਡੀ ਗਈ ਸੀ। ਹੁਣ ਤੱਕ ਸਤਿਜੁਗ ਹੀ ਨਾਮਧਾਰੀ ਪੰਥ ਦਾ ਮੁੱਖ ਪ੍ਰਵਕਤਾ ਚੱਲਿਆ ਆ ਰਿਹਾ ਹੈ, ਜਿਸ ਦੇ ਕਈ ਵਿਸ਼ੇਸ਼ ਬਸੰਤ ਅੰਕ ਹਰ ਸਾਲ ਪ੍ਰਕਾਸ਼ਿਤ ਹੁੰਦੇ ਰਹੇ ਹਨ।

## ਤਰਨ ਤਾਰਨ ਵਿੱਚ ਝਗੜਾ

1923 ਈ. ਵਿੱਚ ਹਾੜ ਦੀ ਚੋਦੇ ਨਾਮਧਾਰੀਆਂ ਦਾ ਪ੍ਰਕਰਮਾ ਵਿੱਚ ਆਪਣੇ ਬੁੰਗੇ ਦੇ ਸਾਹਮਣੇ ਦੀਵਾਨ ਸੀ, ਜਿਸ ਵਿੱਚ ਸ਼ਬਦ ਕੀਰਤਨ ਦਾ ਪ੍ਰਵਾਹ ਚੱਲ ਰਿਹਾ ਸੀ। ਕੁਝ ਅਕਾਲੀ ਸਿੰਘਾਂ ਨੇ ਆ ਕੇ ਦੀਵਾਨ ਵਿੱਚ ਵਿਘਨ ਪਾਇਆ ਅਤੇ ਗੱਲ ਲੜਾਈ ਤੱਕ ਪਹੁੰਚ ਗਈ। ਨਾਮਧਾਰੀਆਂ ਨੇ ਆਪਣੇ ਬੁੰਗੇ ਦੇ ਅੰਦਰ ਦੀਵਾਨ ਲਾ ਕੇ ਸ਼ਬਦ ਕੀਰਤਨ ਸ਼ੁਰੂ ਕੀਤਾ, ਪਰ ਦੂਜੇ ਧੜੇ ਵਾਲੇ ਉਥੇ ਵੀ ਪਹੁੰਚ ਗਏ। ਕੁਝ ਸਿੰਘਾਂ ਨੂੰ ਫੱਟੜ ਵੀ ਕਰ ਗਏ। ਆਲਿਮ ਜੀ ਨੂੰ ਇੱਕ ਸਿੰਘ ਨੇ ਉੱਤੇ ਲੇਟ ਕੇ ਸੱਟ ਪੇਟੋਂ ਬਚਾ ਲਿਆ। ਕੁਝ ਮਾਈਆਂ ਨੇ ਕੋਠਿਆਂ ਤੋਂ ਇੱਟਾਂ-ਵੱਟੇ ਵੀ ਚਲਾਏ। ਅਗਲੇ ਦਿਨ ਕੁਝ ਫੱਟੜ

[1] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ-2, ਪੰਨਾ 23-24.

ਨਾਮਧਾਰੀਆਂ ਦਾ ਜਲੂਸ ਤਰਨਤਾਰਨ ਵਿੱਚੋਂ ਕੱਢਿਆ ਗਿਆ ਅਤੇ ਲੋਕਾਂ ਨੂੰ ਇਹ ਦੱਸਿਆ ਗਿਆ ਕਿ ਗੁਰੂ ਦੇ ਬਾਗ ਦੇ ਮੋਰਚੇ ਵਿੱਚ ਸ਼ਾਂਤ ਰਹਿਣ ਵਾਲੇ ਅਕਾਲੀ ਹੁਣ ਕਿਵੇਂ ਅਹਿੰਸਾ ਦਾ ਤਿਆਗ ਕਰਕੇ ਡਾਂਗ ਸੋਟੇ 'ਤੇ ਆ ਗਏ ਹਨ। ਅਗਲੇ ਦਿਨ ਹੋਰ ਉੱਥੇ ਨਾਮਧਾਰੀ ਅਤੇ ਸਤਿਗੁਰੂ ਪਰਤਾਪ ਸਿੰਘ ਜੀ ਵੀ ਪਹੁੰਚ ਗਏ। ਉਹਨਾਂ ਨੇ ਮਾਹੌਲ ਨੂੰ ਸ਼ਾਂਤ ਕੀਤਾ ਅਤੇ ਕਿਹਾ ਸਾਨੂੰ ਸਬਰ ਨਾਲ ਸਭ ਕੁਝ ਜਰਨਾ ਚਾਹੀਦਾ ਹੈ। ਇਹ ਅੰਗਰੇਜ਼ ਸਰਕਾਰ ਦੇ ਏਜੰਟਾਂ ਦੀ ਚਾਲ ਹੈ ਕਿ ਸਿੱਖਾਂ ਵਿੱਚ ਦੁਫੇੜ ਪਾਈ ਜਾਵੇ।

ਸਤਿਗੁਰੂ ਪਰਤਾਪ ਸਿੰਘ ਜੀ ਦੀ ਸਦਾ ਇਹ ਇੱਛਾ ਤੇ ਨੀਤੀ ਰਹੀ ਹੈ ਕਿ ਸਿੱਖ ਸਮਾਜ ਦੇ ਸਾਰੇ ਫਿਰਕਿਆਂ ਨੂੰ ਪਰਸਪਰ ਤੌਰ ਤੇ ਜੋੜਿਆ ਜਾਵੇ, ਹਰ ਕੋਈ ਆਪਣੇ ਮੱਤ ਦਾ ਪ੍ਰਚਾਰ ਕਰੇ ਅਤੇ ਦੂਜਿਆਂ ਦਾ ਵਿਰੋਧ ਨਾ ਕਰੇ। ਇਹੋ ਹੀ ਇੱਕ ਉੱਤਮ ਨੀਤੀ ਸੀ ਜੋ ਸਾਰੇ ਸਿੱਖ ਪੰਥ ਵਿੱਚ ਏਕਤਾ ਲਿਆ ਸਕਦੀ ਸੀ।

1923 ਵਿੱਚ ਹੀ ਨਿਮਾਣੀ ਦੇ ਮੇਲੇ ਦੀ ਇੱਕ ਹੋਰ ਘਟਨਾ ਵਰਨਣਯੋਗ ਹੈ। ਸਤਿਗੁਰੂ ਜੀ ਦੇ ਦੀਵਾਨ ਵਿੱਚ ਚੰਬਾ ਜ਼ਿਲ੍ਹਾ ਅੰਮ੍ਰਿਤਸਰ ਦੀ ਇੱਕ ਮਾਈ ਦਾਨੀ ਨੇ ਹਾਜ਼ਰ ਹੋ ਕੇ ਅਰਜ਼ ਕੀਤੀ। [1]“ਮੈਂ ਬੇਸਮਝੀ ਸਮੇਂ ਧੀ ਮਾਰੀ ਸੀ ਉਸ ਦੋਸ਼ ਦਾ ਡਰ ਲਗਦੈ। ਮੈਂ ਹਰ ਸਜ਼ਾ ਭੁਗਤਣ ਨੂੰ ਤਿਆਰ ਹਾਂ, ਜੋ ਆਪ ਦਾ ਹੁਕਮ ਹੋਵੇ।” ਸਤਿਗੁਰੂ ਜੀ ਨੇ ਬਚਨ ਕੀਤਾ, [2]“ਮਾਤਾ ਜੀ ਤੁਸੀਂ ਤਾਂ ਸਾਨੂੰ ਮੱਤ ਦੇਣ ਲਈ ਖੜ੍ਹੇ ਹੋ ਕਿ ਇਸ ਤਰ੍ਹਾਂ ਦੋਸ਼ ਮੰਨੀਦੇ। ਨਹੀਂ ਤੇ ਜੋ ਗੁਰਵਾਕ – ‘ਪਿਛਲੇ ਅਉਗਣ ਬਖਸ ਲਏ ਪ੍ਰਭੁ’ ਅਨੁਸਾਰ ਸਿੱਖ ਗੁਰੂ ਦੀ ਸ਼ਰਨ ਆਉਂਦਾ ਹੈ ਤੇ ਅਗੋਂ ਲਈ ਸੁਧਰਨ ਦਾ ਨੇਮ ਕਰਦਾ ਹੈ। ਉਸ ਦੇ ਪਿਛਲੇ ਦੋਸ਼ ਸਭ ਬਖਸ਼ੇ ਜਾਂਦੇ ਹਨ। ਤੁਹਾਨੂੰ ਮਾਤਾ ਜੀ ਉਹ ਦੋਸ਼ ਕੋਈ ਨਹੀਂ ਲੱਗਦਾ ਹੁਣ।” ਤਰਨ ਸਿੰਘ ਵਹਿਮੀ ਅਨੁਸਾਰ ਉਸ ਸਮੇਂ ਦੀਵਾਨ ਵਿੱਚ ਜ਼ਿਲ੍ਹੇ ਦਾ ਪੁਲਸ ਕਪਤਾਨ ਮਿ. ਡਾਨਲਡ ਬੈਠਾ ਸੀ। ਸਤਿਗੁਰੂ ਜੀ ਨਾਲ ਉਸ ਦੀ ਜੋ ਵਾਰਤਾਲਾਪ ਹੋਈ, ਉਹ ਵਿਸ਼ੇਸ਼ ਤੌਰ ਤੇ ਵਰਨਣਯੋਗ ਹੈ। ਉਸਨੇ ਸਤਿਗੁਰੂ ਜੀ ਪਾਸ ਆ ਕੇ ਕਿਹਾ, [3]“ਤੁਹਾਡੇ ਵਿੱਚ ਕੀ ਸ਼ਕਤੀ ਹੈ। ਏਡਾ ਸੱਚ ਆਪੇ ਪਏ ਸਿੱਖ ਬੋਲਦੇ ਹਨ। ਸਾਡੇ ਕੋਲ ਝੂਠ ਹੀ ਬੋਲਦੇ ਹਨ ਲੋਕ, ਕਈ ਤਾੜਨਾ ਤੇ ਢੰਗ ਵਰਤਦਿਆਂ ਭੀ। ਤਾਂ ਸਤਿਗੁਰੂ ਜੀ ਉੱਤਰ ਦਿੱਤਾ, “ਅਸੀਂ ਸੱਚ ਬੋਲਣ ਵਾਲੇ ਨੂੰ ਮਾਫ਼ ਕਰਦੇ ਹਾਂ ਤੇ ਝੂਠ ਬੋਲਣ ਵਾਲੇ ਨੂੰ ਡੰਨਦੇ ਹਾਂ ਤੁਸੀਂ ਸੱਚ ਬੋਲਣ ਵਾਲੇ ਨੂੰ ਸਜ਼ਾ ਦਿੰਦੇ ਹੋ।” ਇੱਕ ਮੌਲਵੀ ਨੇ ਉਸ ਸਮੇਂ ਕੁਰਾਨ ਸ਼ਰੀਫ ਦਾ ਹਵਾਲਾ ਦੇ ਕੇ ਇਹ ਕਿਹਾ ਕਿ ਜਿਸ ਤਰ੍ਹਾਂ ਨਸੂਏ ਨੇ ਪਾਤਸ਼ਾਹ ਦੇ ਜਨਾਨ-ਖਾਨੇ ਵਿੱਚ ਰਹਿੰਦਿਆਂ ਭੇਸ ਬਦਲਾ ਤਲਾਸ਼ੀ ਹੋਣ ਸਮੇਂ ਸੱਚੇ ਦਿਲੋਂ ਤੋਬਾ ਕੀਤੀ ਤੇ ਉਸ ਦਾ ਪਰਦਾ ਰਿਹਾ ਸੀ। ਏਸੇ ਤਰ੍ਹਾਂ ਕੀਤੇ ਗੁਨਾਹਾਂ ਦਾ ਪ੍ਰਾਸ਼ਚਿਤ ਕਰ ਕੇ ਕੀਤੇ ਗੁਨਾਹਾਂ ਨੂੰ ਬਖਸ਼ਾਉਣਾ ਚਾਹੀਦਾ ਹੈ।

---

[1] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ–2, ਪੰਨਾ 43.
[2] ਉਹੀ, ਪੰਨਾ 43.
[3] ਉਹੀ, ਪੰਨਾ 43.

Namdhari Elibrary NamdhariElibrary@gmail.com

## ਨਾਮਧਾਰੀ ਦਰਬਾਰ ਦੀ ਸਥਾਪਨਾ

ਪਹਿਲੇ ਸੰਸਾਰ ਯੁੱਧ ਦੇ 1918 ਈ. ਵਿੱਚ ਖ਼ਾਤਮੇ ਉੱਤੇ ਦੇਸ਼ ਵਿੱਚ ਨਵੀਆਂ ਰਾਜਨੀਤਿਕ ਸਰਗਰਮੀਆਂ ਵੇਖਣ ਵਿੱਚ ਆਈਆਂ। ਹਰ ਰਾਜਨੀਤਿਕ, ਸਮਾਜਿਕ ਤੇ ਧਾਰਮਿਕ ਲਹਿਰ ਇਨ੍ਹਾਂ ਨਵੀਆਂ ਸੰਭਾਵਨਾਵਾਂ ਦਾ ਲਾਭ ਉਠਾਉਣਾ ਚਾਹੁੰਦੀ ਸੀ ਅਤੇ ਨਵੇਂ-ਨਵੇਂ ਪ੍ਰੋਗਰਾਮ ਉਲੀਕੇ ਜਾ ਰਹੇ ਸਨ। ਇਸ ਦੌਰ ਵਿੱਚ ਨਾਮਧਾਰੀ ਪੰਥ ਵੀ ਪਿੱਛੇ ਨਹੀਂ ਸੀ ਰਿਹਾ। ਮਹਾਰਾਜ ਗੁਰਦਿਆਲ ਸਿੰਘ ਨੇ ਇਸ ਸਮੇਂ ਬੜਾ ਉਤਸ਼ਾਹ ਪੂਰਵਕ ਕਾਰਜ ਨਿਭਾਇਆ। ਮਹਾਰਾਜ ਗੁਰਦਿਆਲ ਸਿੰਘ ਜੀ ਦੀ ਅਗਵਾਈ ਵਿੱਚ 'ਸ੍ਰਿਸ਼ਟੀ ਸੁਧਾਰਕ ਨਾਮਧਾਰੀ ਸੇਵਕ ਜਥਾ' ਕਾਇਮ ਕੀਤਾ ਗਿਆ, ਜਿਸ ਦਾ ਉਦੇਸ਼ ਧਰਮ ਪ੍ਰਚਾਰ, ਸਮਾਜਿਕ ਸੁਧਾਰ ਅਤੇ ਰਾਜਨੀਤਿਕ ਜਾਗ੍ਰਿਤੀ ਫੈਲਾਉਣਾ ਹੀ ਸੀ। ਨਾਮਧਾਰੀ ਪੰਥ ਨੇ ਸਰਕਾਰੀ ਵਿੱਦਿਅਕ ਸੰਸਥਾਵਾਂ ਦਾ ਆਰੰਭ ਤੋਂ ਹੀ ਬਾਈਕਾਟ ਕੀਤਾ ਹੋਇਆ ਸੀ। ਪਰ, ਦੇਸ਼ ਦੀਆਂ ਰਾਜਨੀਤਿਕ, ਸਮਾਜਿਕ ਹਾਲਤਾਂ ਨੂੰ ਮੁੱਖ ਰੱਖ ਕੇ ਨਾਮਧਾਰੀ ਪੰਥ ਵਿੱਚ ਵੀ ਜਾਗ੍ਰਿਤੀ ਲਿਆਉਣੀ ਜ਼ਰੂਰੀ ਸੀ।

ਇਸ "ਸ੍ਰਿਸ਼ਟੀ ਸੁਧਾਰਕ ਨਾਮਧਾਰੀ ਸੇਵਕ ਜਥੇ' ਵੱਲੋਂ ਸਨਖੱਤਰਾ, ਜ਼ਿਲ੍ਹਾ ਸਿਆਲਕੋਟ ਵਿਖੇ ਇੱਕ ਵਿੱਦਿਅਕ ਆਸ਼ਰਮ ਕਾਇਮ ਕੀਤਾ ਗਿਆ। ਜਿਸ ਵਿੱਚ ਆਲੇ-ਦੁਆਲੇ ਦੇ ਪਿੰਡਾਂ ਦੇ ਲੜਕਿਆਂ ਨੂੰ ਦਾਖਲ ਕੀਤਾ ਗਿਆ ਅਤੇ ਧੰਨੀਆਂ ਦੇ ਬੂਟ ਸਿੰਘ ਨੂੰ ਜੋ ਗੁਰਮੁਖੀ, ਹਿੰਦੀ, ਉਰਦੂ, ਫ਼ਾਰਸੀ, ਅੰਗਰੇਜ਼ੀ ਦਾ ਜਾਣਕਾਰ ਸੀ, ਨੂੰ ਅਧਿਆਪਕ ਵਜੋਂ ਰੱਖਿਆ ਗਿਆ। ਆਲੇ-ਦੁਆਲੇ ਦੇ ਪਿੰਡਾਂ ਦੇ ਲੜਕਿਆਂ ਨੂੰ ਇਸ ਆਸ਼ਰਮ ਵਿੱਚ ਦਾਖਲ ਕੀਤਾ ਗਿਆ ਅਤੇ ਸਾਂਝਾ ਲੰਗਰ ਚਲਾਇਆ ਗਿਆ। ਇਹ ਸੰਸਥਾ ਕਈ ਸਾਲ ਬੜੇ ਜੋਸ਼ ਤੇ ਉਤਸ਼ਾਹ ਨਾਲ ਕਾਰਜ ਕਰਦੀ ਰਹੀ। ਮਹਾਰਾਜ ਗੁਰਦਿਆਲ ਸਿੰਘ ਤੋਂ ਬਿਨਾਂ ਸਰਬ ਸ੍ਰੀ ਟਹਿਲ ਸਿੰਘ ਸਦੋਵਾਲ, ਸੰਤ ਨਿਧਾਨ ਸਿੰਘ ਆਲਿਮ, ਅਣਖਾ ਸਿੰਘ ਦਾਤੇਵਾਲ, ਪੰਡਤ ਅਮਰ ਸਿੰਘ (ਭੈਣੀ ਸਾਹਿਬ), ਸੰਤ ਮੰਗਲ ਸਿੰਘ ਵਡੂਹੀ ਚੱਕ, ਹਰਨਾਮ ਸਿੰਘ ਰਾਗੀ ਚਵਿੰਡਾ, ਪੰਡਤ ਬਸੰਤ ਸਿੰਘ ਪਧਾਣਾ, ਮੁਨਸ਼ਾ ਸਿੰਘ ਠਟਾ, ਗੁਰਬਖਸ਼ ਸਿੰਘ ਅਰੂਪ, ਸੁਦਾਗਰ ਸਿੰਘ ਕਿਆਮਪੁਰ, ਮਨਸ਼ਾ ਸਿੰਘ ਕੌਮੀ ਭਰਥਲਾ ਆਦਿ ਸੱਜਣਾਂ ਨੇ ਸੰਸਥਾ ਨੂੰ ਭਰਪੂਰ ਯੋਗਦਾਨ ਦਿੱਤਾ।

ਪਰ ਤਰਨ ਸਿੰਘ ਵਹਿਮੀ ਅਨੁਸਾਰ ਇਹ ਵਿਦਿਆਲਾ 5-6 ਸਾਲ ਹੀ ਚੱਲਿਆ ਅਤੇ ਇਹ ਸ੍ਰਿਸ਼ਟੀ ਸੁਧਾਰਕ ਜਥੇ ਦਾ ਕਾਰਜ 1921 ਵਿੱਚ ਨਾਮਧਾਰੀ ਦਰਬਾਰ ਦੇ ਸਥਾਪਿਤ ਹੋਣ ਨਾਲ ਬਹੁਤਾ ਚਿਰ ਸਰਗਰਮ ਨਾ ਰਹਿ ਸਕਿਆ।"

ਨਾਮਧਾਰੀ ਮੱਤ ਦੀਆਂ ਧਾਰਮਿਕ, ਸਮਾਜਿਕ ਅਤੇ ਜਥੇਬੰਦਕ ਕਾਰਵਾਈਆਂ ਨੂੰ ਹੋਰ ਵਿਉਂਤਬੰਦ ਤੇ ਸੁਚਾਰੂ ਰੂਪ ਨਾਲ ਚਲਾਉਣ ਲਈ ਸਤਿਗੁਰੂ ਪਰਤਾਪ ਸਿੰਘ ਜੀ ਨੇ 1921 ਵਿੱਚ 31 ਮੈਂਬਰੀ ਨਾਮਧਾਰੀ ਦਰਬਾਰ ਕਾਇਮ ਕੀਤਾ ਗਿਆ, ਜਿਸਨੇ ਸ੍ਰਿਸ਼ਟੀ ਸੁਧਾਰਕ ਨਾਮਧਾਰੀ ਸੇਵਕ ਜਥੇ ਦੀਆਂ ਕਾਰਵਾਈਆਂ ਨੂੰ ਵੀ ਆਪਣੇ ਨਾਲ

[1] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ-2, ਪੰਨਾ 48-49.

Namdhari Elibrary NamdhariElibrary@gmail.com

ਜੋੜ ਲਿਆ। ਇਸ ਨਾਮਧਾਰੀ ਦਰਬਾਰ ਦਾ ਮਨੋਰਥ ਨਾਮਧਾਰੀ ਪੰਥ ਦੀਆਂ ਧਾਰਮਿਕ, ਸਮਾਜਿਕ, ਰਾਜਨੀਤਿਕ ਅਤੇ ਹੋਰ ਪੰਥਕ ਸਭਿਆਚਾਰਕ ਕਾਰਵਾਈਆਂ ਨੂੰ ਵਿਆਪਕ ਪੱਧਰ ਉੱਤੇ ਚਲਾਉਣਾ ਅਤੇ ਅਗਵਾਈ ਪ੍ਰਦਾਨ ਕਰਨਾ ਸੀ। ਨਾਮਧਾਰੀ ਦਰਬਾਰ ਦਾ ਉਦੇਸ਼ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਨੀਤੀਆਂ ਤੇ ਹੁਕਮਾਂ ਨੂੰ ਲਾਗੂ ਕਰਨਾ ਅਤੇ ਨਾਮਧਾਰੀ ਪੰਥ ਦੇ ਵਾਧੇ ਲਈ ਪੰਥਕ ਕਾਰਵਾਈਆਂ ਨੂੰ ਨਿਭਾਉਣਾ ਸੀ। ਨਾਮਧਾਰੀ ਦਰਬਾਰ ਦੇ ਮੈਂਬਰ ਹੇਠ ਲਿਖੇ ਸੱਜਣ ਸਨ :-

'ਮਹਾਰਾਜ ਗੁਰਦਿਆਲ ਸਿੰਘ, ਮੁੱਖ, ਨਿਧਾਨ ਸਿੰਘ ਆਲਮ, ਮੰਗਲ ਸਿੰਘ ਅਰਸ਼ੀ ਫ਼ਰਿਸ਼ਤਾ, ਹਰਨਾਮ ਸਿੰਘ ਰਾਗੀ, ਪੰਡਤ ਬਸੰਤ ਸਿੰਘ, ਇੰਦਰ ਸਿੰਘ ਚਕਰਵਰਤੀ, ਬੂੰਦਾ ਸਿੰਘ ਖਾਨਪੁਰ, ਪੰਡਤ ਅਮਰ ਸਿੰਘ, ਸੂਰਤ ਸਿੰਘ ਭਿਕਸ਼ੂ, ਗੁਰਬਖ਼ਸ਼ ਸਿੰਘ ਚੱਕ ਕੂਕਿਆਂ, ਮਨਸ਼ਾ ਸਿੰਘ ਬੁਰਥਲਾ, ਵਰਿਆਮ ਸਿੰਘ ਮੌਲੀ ਵਾਲੇ, ਕੇਸਰ ਸਿੰਘ ਢਵਿੰਡਾ, ਦਇਆ ਸਿੰਘ ਕੱਕੜ, ਅਰਬੇਲ ਸਿੰਘ, ਬਿਸ਼ਨ ਸਿੰਘ ਭਦੌੜ, ਭਗਤ ਸਿੰਘ ਦਾਤੇਵਾਲਾ, ਮਸਤਾਨ ਸਿੰਘ ਰਾਇਸਰ, ਖੇਮ ਸਿੰਘ ਮਹੂਵਾਲ, ਖ਼ਜ਼ਾਨ ਸਿੰਘ ਮਜ਼ਬੀ, ਆਤਮਾ ਸਿੰਘ, ਟਹਿਲ ਸਿੰਘ ਸਦੋਵਾਲ, ਈਸ਼ਰ ਸਿੰਘ ਖਾਨਪੁਰ, ਧਾਰਾ ਸਿੰਘ ਜੀਆ ਬੱਗਾ, ਲਾਲ ਸਿੰਘ ਢਿੱਲਵਾਂ, ਅਣਖਾ ਸਿੰਘ ਦਾਤੇਵਾਲ। ਇਨ੍ਹਾਂ ਮੈਂਬਰਾਂ ਵਿੱਚ 'ਸ੍ਰਿਸ਼ਟੀ ਸੁਧਾਰਕ ਨਾਮਧਾਰੀ ਜਥੇ' ਦੇ ਮੈਂਬਰ ਵੀ ਸ਼ਾਮਲ ਸਨ।

ਦਰਬਾਰ ਦੇ ਮੁੱਢਲੇ ਖਰਚਿਆਂ ਲਈ ਗੁਰੂ ਘਰ ਦੇ ਖ਼ਜ਼ਾਨੇ ਵਿੱਚੋਂ 10,000 ਰੁਪਏ ਦਿੱਤੇ ਗਏ ਸਨ। ਨਾਮਧਾਰੀ ਦਰਬਾਰ ਦਾ ਸ੍ਰੀ ਭੈਣੀ ਸਾਹਿਬ ਵਿਖੇ ਮੁੱਖ ਕੇਂਦਰ ਕਾਇਮ ਕੀਤਾ ਗਿਆ ਅਤੇ 'ਸਤਿਜੁਗ' ਦੇ ਪ੍ਰਕਾਸ਼ਨ ਉੱਤੇ 10,000 ਦੀ ਰਕਮ ਵੱਖ ਕੱਢੀ ਗਈ।

ਕਈ ਪਾਬੰਦੀਆਂ, ਜ਼ਬਤੀਆਂ ਅਤੇ ਜ਼ਮਾਨਤਾਂ ਭਰਨ ਦੇ ਬਾਵਜੂਦ 'ਸਤਿਜੁਗ' ਸਪਤਾਹਿਕ ਪੱਤਰ ਦੇ ਰੂਪ ਵਿੱਚ ਵਰਤਮਾਨ ਸਮੇਂ ਤੱਕ ਵੀ ਲਗਾਤਾਰ ਪ੍ਰਕਾਸ਼ਿਤ ਹੁੰਦਾ ਆ ਰਿਹਾ ਹੈ। ਨਾਮਧਾਰੀ ਦਰਬਾਰ ਸੰਸਥਾ ਦੇ ਰੂਪ ਵਿੱਚ ਵਰਤਮਾਨ ਸਮੇਂ ਵੀ ਕਾਰਜਸ਼ੀਲ ਹੈ।

'ਸਤਿਜੁਗ' ਦੇ ਬਸੰਤ ਅੰਕ ਨਿਰੰਤਰ ਛਪਦੇ ਰਹੇ ਹਨ, ਜਿਨ੍ਹਾਂ ਵਿੱਚ ਅੱਜ ਵੀ ਨਾਮਧਾਰੀ ਇਤਿਹਾਸ ਦੀ ਵੱਡਮੁੱਲੀ ਸਰੋਤ-ਸਮੱਗਰੀ ਅੱਜ ਵੀ ਨਾਮਧਾਰੀ ਇਤਿਹਾਸ ਅਰਥਾਤ ਤਵਾਰੀਖ਼ ਸੰਤ ਖਾਲਸਾ ਦਾ ਮੁੱਖ ਸਰੋਤ ਬਣਿਆ ਆ ਰਿਹਾ ਹੈ। 'ਸਤਿਜੁਗ' ਦੇ ਵਿਸ਼ੇਸ਼ ਸੁਚਤਰਿਤ ਅੰਕ ਅੱਜ ਵੀ ਨਾਮਧਾਰੀ ਪੰਥ ਦਾ ਵਡਮੁੱਲਾ ਇਤਿਹਾਸਕ ਸਰਮਾਇਆ ਹਨ।

## ਮਾਤਾ ਭੁਪਿੰਦਰ ਕੌਰ ਜੀ ਦੀ ਸਿਹਤ ਵਿੱਚ ਵਿਗਾੜ

ਕਈ ਦਿਨ ਬਾਹਰ ਰਹਿਣ ਪਿਛੋਂ ਕਈ ਥਾਵਾਂ ਤੇ ਸੰਗਤਾਂ ਨੂੰ ਦਰਸ਼ਨ ਦੀਦਾਰ ਦੇ ਕੇ ਜਦੋਂ ਸਤਿਗੁਰੂ ਜੀ ਭੈਣੀ ਸਾਹਿਬ ਪਹੁੰਚੇ ਤਾਂ ਮਾਤਾ ਭੁਪਿੰਦਰ ਕੌਰ ਜੀ ਨੇ ਉਨ੍ਹਾਂ

[1] ਤਾਰਾ ਸਿੰਘ ਅਨਜਾਣ, *ਸਾਹਿਬ ਕੂਨੀ ਕਹੋਰਾ*, ਪੰਨਾ 69.

ਦੇ ਚਰਨ ਪਰਸੇ। ਸਤਿਗੁਰੂ ਜੀ ਨੇ ਮਾਤਾ ਭੁਪਿੰਦਰ ਕੌਰ ਜੀ ਦੇ ਚਿਹਰੇ ਤੋਂ ਇਹ ਅਨੁਮਾਨ ਸਹਿਜੇ ਹੀ ਲਾ ਲਿਆ ਕਿ ਉਹ ਕਿਸੇ ਅਸਾਧ ਰੋਗ (ਤਪਦਿਕ) ਦਾ ਸ਼ਿਕਾਰ ਹੋ ਗਏ ਹਨ। ਆਪ ਜੀ ਨੇ ਮਾਤਾ ਜੀਵਨ ਕੌਰ ਜੀ ਨੂੰ ਇਹ ਆਦੇਸ਼ ਕੀਤਾ ਕਿ ਭੁਪਿੰਦਰ ਕੌਰ ਜੀ ਦੀ ਮਾਤਾ ਰਾਮ ਕੌਰ (ਅੰਬੋ ਜੀ) ਨੂੰ ਬੁਲਾ ਕੇ ਉਨ੍ਹਾਂ ਦਾ ਵੱਖਰਾ ਡੇਰਾ ਰਾਮਸਰ ਵਿਖੇ ਕਰ ਦਿੱਤਾ ਜਾਵੇ। ਛੋਟੇ ਸਾਹਿਬਜ਼ਾਦੇ ਬਾਬਾ ਬੀਰ ਸਿੰਘ ਨੂੰ ਅੱਗੇ ਤੋਂ ਬੱਕਰੀ ਦੇ ਦੁੱਧ ਉੱਤੇ ਰੱਖਿਆ ਗਿਆ ਅਤੇ ਦੋਹਾਂ ਸਾਹਿਬਜ਼ਾਦਿਆਂ ਨੂੰ ਮਾਤਾ ਜੀ ਦੀ ਇੱਛਾ ਅਨੁਸਾਰ ਜਦੋਂ ਉਹ ਚਾਹੁਣ ਉਨ੍ਹਾਂ ਕੋਲ ਭੇਜ ਦਿੱਤਾ ਜਾਵੇ।

ਇਨ੍ਹਾਂ ਦਿਨਾਂ ਵਿੱਚ ਹੀ ਸ੍ਰੀ ਸਤਿਗੁਰੂ ਜੀ ਕੁਝ ਉਪਰਾਮ ਸਨ। ਆਪ ਜੀ ਨੇ ਭੈਣੀ ਸਾਹਿਬ ਤੋਂ ਦੂਰ ਜਾ ਕੇ ਤਪ ਸਾਧਨਾ ਦਾ ਮਨ ਬਣਾ ਲਿਆ। ਆਪ ਸਤਿਗੁਰੂ ਰਾਮ ਸਿੰਘ ਜੀ ਬਾਰੇ ਵੀ ਖੋਜ ਪੜਤਾਲ ਕਰਨਾ ਚਾਹੁੰਦੇ ਸਨ, ਜਿਨ੍ਹਾਂ ਬਾਰੇ ਇਹ ਖਿਆਲ ਕੀਤਾ ਜਾਂਦਾ ਸੀ ਕਿ ਆਪ ਮਰਗੋਈ ਤੋਂ ਰੂਸ ਚਲੇ ਗਏ ਸਨ।

ਆਪ ਇਕੱਲੇ ਹੀ ਕਛਹਿਰੇ, ਪਰਨਾ ਅਤੇ ਛੋਟੀ ਸੈਂਚੀ ਲੈ ਭੈਣੀ ਸਾਹਿਬ ਤੋਂ ਨਿਕਲ ਤੁਰੇ, ਜਦੋਂ ਭਾਈ ਵਜੀਰ ਸਿੰਘ ਨੂੰ ਪਤਾ ਲੱਗਾ ਤਾਂ ਉਹ ਵੀ ਮਗਰ ਹੋ ਤੁਰੇ। ਆਪ ਜੀ ਦੇ ਚਲੇ ਜਾਣ ਦਾ ਪਤਾ ਜਦ ਸੰਤ ਧਾਰਾ ਸਿੰਘ ਲਾਂਗਰੀ, ਸੰਤ ਮਸਤਾਨ ਸਿੰਘ ਤੇ ਸੰਤ ਬਹਾਦਰ ਸਿੰਘ ਨੂੰ ਲੱਗਾ ਤਾਂ ਉਹ ਵੀ ਸਤਿਗੁਰੂ ਜੀ ਨੂੰ ਲੁਧਿਆਣੇ ਜਾ ਮਿਲੇ। ਲੁਧਿਆਣੇ ਧਰਮਸ਼ਾਲਾ ਵਿੱਚ ਕੁਝ ਦਿਨ ਨਿਵਾਸ ਰੱਖ ਕੇ ਆਪ ਸਰਹੰਦ ਤੇ ਰੋਪੜ ਤੋਂ ਹੁੰਦੇ ਹੋਏ ਮੰਡੀ ਸੁਕੇਤ ਵੱਲ ਜਾ ਪਹੁੰਚੇ। ਉੱਥੇ ਜਾ ਕੇ ਪਤਾ ਲੱਗਾ ਕਿ ਇੱਕ ਡਾਕੇ ਦੇ ਸਿਲਸਿਲੇ ਵਿੱਚ ਪੁਲੀਸ ਪੰਜਾਬੀਆਂ 'ਤੇ ਸ਼ੱਕ ਕਰ ਰਹੀ ਹੈ। ਸਤਿਗੁਰੂ ਜੀ ਵਾਪਸ ਰੋਪੜ ਆ ਕੇ ਕਿਸ਼ਤੀ ਵਿੱਚ ਸਵਾਰ ਹੋ ਕੇ ਨਹਿਰੋ ਨਹਿਰ ਆਪਣੇ ਤਪ ਸਥਾਨ 'ਤੇ ਆ ਬਿਰਾਜੇ।

ਮਾਤਾ ਭੁਪਿੰਦਰ ਕੌਰ ਜੀ ਦੀ ਸਿਹਤ ਦਿਨੋਂ-ਦਿਨ ਵਿਗੜਦੀ ਜਾ ਰਹੀ ਸੀ। ਉਨ੍ਹਾਂ ਦੀ ਇਹ ਤੀਬਰ ਇੱਛਾ ਸੀ ਕਿ ਸਤਿਗੁਰੂ ਜੀ ਉਨ੍ਹਾਂ ਨੂੰ ਦਰਸ਼ਨ ਦੇਣ ਦੀ ਕਿਰਪਾ ਕਰਨ। ਇੱਕ ਦਿਨ ਰਾਤ ਨੂੰ ਸਤਿਗੁਰੂ ਜੀ ਲਾਲ ਚੀਰਾ ਬੰਨ੍ਹ ਕੇ ਹੱਥ ਵਿੱਚ ਖੂੰਡਾ ਪਕੜ ਰਵਾਂ-ਰਵੀਂ ਸ੍ਰੀ ਭੈਣੀ ਸਾਹਿਬ ਪਹੁੰਚ ਗਏ। ਮਾਤਾ ਭੁਪਿੰਦਰ ਕੌਰ ਤੇ ਉਨ੍ਹਾਂ ਦੀ ਮਾਤਾ ਰਾਮ ਕੌਰ ਜੀ ਤਾਂ ਰਾਤ ਔਖੀਆਂ ਵਿੱਚ ਹੀ ਬਤੀਤ ਕਰਦੀਆਂ ਸਨ। ਪਹਿਲਾਂ ਤਾਂ ਉਹ ਕਿਸੇ ਓਪਰੇ ਮਰਦ ਨੂੰ ਦੇਖ ਕੇ ਡਰ ਗਈਆਂ, ਪਰ ਜਦੋਂ ਸਤਿਗੁਰੂ ਜੀ ਨੇ ਖੰਘੂਰਾ ਮਾਰਿਆ ਤਾਂ ਉਨ੍ਹਾਂ ਨੂੰ ਉਸੇ ਵੇਲੇ ਅਪਾਰ ਖੁਸ਼ੀ ਹੋਈ। ਸਤਿਗੁਰੂ ਜੀ ਨੇ ਮਾਤਾ ਭੁਪਿੰਦਰ ਕੌਰ ਜੀ ਦੇ ਮਸਤਕ ਨੂੰ ਛੋਹਿਆ, ਉਨ੍ਹਾਂ ਨੂੰ ਹੌਸਲਾ ਦਿੱਤਾ। ਤਾਂ ਉਥੋਂ ਤੁਰਨ ਲੱਗਿਆਂ ਮਾਤਾ ਭੁਪਿੰਦਰ ਕੌਰ ਜੀ ਦੇ ਨੈਣਾਂ ਦੀਆਂ ਮੋਤੀ ਲੜੀਆਂ ਨੇ ਸਤਿਗੁਰੂ ਜੀ ਨੂੰ ਆਪਣੀ ਵੈਰਾਗਮਈ ਦਸ਼ਾ ਦਾ ਅਨੁਭਵ ਕਰਵਾ ਦਿੱਤਾ। ਸਤਿਗੁਰੂ ਜੀ ਆਪਣੇ ਡੇਰੇ ਉੱਤੇ ਆਏ ਉਨ੍ਹਾਂ ਦਾ ਸ੍ਰੀ ਭੈਣੀ ਸਾਹਿਬ ਵਿਖੇ ਮਾਤਾ ਭੁਪਿੰਦਰ ਕੌਰ ਜੀ ਨੂੰ ਦਰਸ਼ਨ ਦੇਣ ਬਾਰੇ ਹੋਰ ਕਿਸੇ ਨੂੰ ਕੋਈ ਪਤਾ ਨਹੀਂ ਸੀ। ਅਗਲੇ ਦਿਨ ਸਤਿਗੁਰੂ ਜੀ ਹੁਸ਼ਿਆਰਪੁਰ ਗੜਦੀਵਾਲੇ

Namdhari Elibrary NamdhariElibrary@gmail.com

ਜਾ ਪਹੁੰਚੇ। ਉੱਥੇ ਉਨ੍ਹਾਂ ਨੇ ਕੁੱਝ ਚਿਰ ਲਈ ਡੇਰਾ ਕੀਤਾ, ਜਿਸ ਦੇ ਵੇਰਵੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਜੀਵਨੀਕਾਰਾਂ ਨੇ ਦਿੱਤੇ ਹਨ। ਜਦੋਂ ਆਪ ਜੀ ਨੂੰ ਮਾਤਾ ਜੀਵਨ ਕੌਰ ਜੀ ਨੇ ਇੱਕ ਸਿੱਖ ਨੂੰ ਭੇਜ ਕੇ ਮਾਤਾ ਭੁਪਿੰਦਰ ਕੌਰ ਜੀ ਦੀ ਹਾਲਤ ਬਾਰੇ ਦੱਸ ਕੇ ਸੱਦ ਭੇਜਿਆ ਤਾਂ ਸਤਿਗੁਰੂ ਜੀ ਨੇ ਭੈਣੀ ਸਾਹਿਬ ਆ ਕੇ ਮਾਤਾ ਭੁਪਿੰਦਰ ਕੌਰ ਜੀ ਨੂੰ ਆਖਰੀ ਦਰਸ਼ਨ ਦਿੱਤੇ।

ਮਾਤਾ ਭੁਪਿੰਦਰ ਕੌਰ ਜੀ ਦਾ ਅਕਾਲ ਚਲਾਣਾ 29 ਭਾਦਰੋਂ 1981 ਬਿ: (14 ਸਤੰਬਰ 1924 ਈ.) ਨੂੰ ਹੋਇਆ। ਮਾਤਾ ਜੀ ਦੀ ਦੇਹ ਦਾ ਸਸਕਾਰ ਕਰਕੇ ਤੀਸਰੇ ਦਿਨ ਬਿਭੂਤੀ ਤੇ ਅਸਤੀਆਂ ਦਾ ਨੀਲੋਂ ਨਹਿਰ ਵਿੱਚ ਜਲ ਪ੍ਰਵਾਹ ਕੀਤਾ ਗਿਆ।

## ਸ੍ਰੀ ਭੈਣੀ ਸਾਹਿਬ ਵਿਖੇ ਵਿਦਿਆਲਾ ਅਤੇ ਵਰਕਸ਼ਾਪ ਦੀ ਸਥਾਪਨਾ

1925 ਵਿੱਚ ਜਦੋਂ ਬਾਬਾ ਜਗਜੀਤ ਸਿੰਘ ਜੀ 5 ਸਾਲ ਦੇ ਹੋਏ ਤਾਂ ਉਨ੍ਹਾਂ ਦੀ ਸਿੱਖਿਆ ਦਾ ਪ੍ਰਬੰਧ ਮਾਸਟਰ ਬਲਵੰਤ ਸਿੰਘ ਨੂੰ ਸੌਂਪਿਆ ਗਿਆ ਅਤੇ ਕੁਝ ਹੋਰ ਬੱਚੇ ਵੀ ਪੜ੍ਹਨ ਲਈ ਲਾਏ ਗਏ। ਜਦੋਂ ਬੱਚਿਆਂ ਦੀ ਗਿਣਤੀ 50-60 ਹੋ ਗਈ ਤਾਂ ਉਨ੍ਹਾਂ ਲਈ ਪੱਕਾ ਸਕੂਲ ਪਾ ਦਿੱਤਾ ਗਿਆ ਅਤੇ ਕੁਝ ਹੋਰ ਅਧਿਆਪਕਾਂ ਦੀ ਸੇਵਾ ਲਾਈ ਗਈ, ਜਿਨ੍ਹਾਂ ਵਿੱਚੋਂ ਕੁਝ ਇੱਕ ਦੇ ਨਾਮ ਹਨ : ਪੰਡਤ ਹਰਬੰਸ ਲਾਲ ਹਿੰਦੀ ਪੜ੍ਹਾਉਣ ਲਈ, ਬਾਲਕ ਰਾਮ ਅੰਗਰੇਜ਼ੀ ਪੜ੍ਹਾਉਣ ਲਈ, ਪੰਡਤ ਲੱਛਮੀ ਨਰਾਇਣ ਹਿੰਦੀ ਅਤੇ ਜੋਗ ਵਿੱਦਿਆ ਲਈ, ਸੰਗੀਤ ਦੀ ਸਿੱਖਿਆ ਲਈ ਭਾਈ ਹਰਨਾਮ ਸਿੰਘ ਚਵਿੰਡਾ ਅਤੇ ਕੁਝ ਹੋਰ ਗੁਣੀ ਗਾਇਕ ਰਹਿਮਤ ਖਾਂ, ਊਧੋ ਖਾਂ, ਤਬਲਾ ਸਿਖਾਉਣ ਲਈ ਤਾਬਾ ਤੇ ਨਸੀਰ, ਚਿੱਤਰਕਲਾ ਸਿਖਾਉਣ ਲਈ ਸੁਹਾਵਾ ਸਿੰਘ ਲਗਾਏ ਗਏ। ਇਨ੍ਹਾਂ ਤੋਂ ਬਿਨਾਂ ਗੁਰਦਿਆਲ ਸਿੰਘ ਅੰਗਰੇਜ਼ੀ ਸਿਖਾਉਣ ਲਈ ਅਤੇ ਮਸਤਾਨ ਸਿੰਘ ਪੰਜਾਬੀ ਪੜ੍ਹਾਉਣ ਲਈ ਲਿਆਂਦੇ ਗਏ। ਸ. ਕੇਹਰ ਸਿੰਘ ਖੇਡਾਂ ਕਰਾਉਣ ਤੇ ਸਿਖਾਉਣ ਲਈ, ਨੱਥਾ ਸਿੰਘ 'ਜਾਚਕ' ਜੋ ਕਵੀ ਸੀ, ਗੁਜਰਾਂਵਾਲੇ ਤੋਂ ਗਤਕਾ ਸਿਖਾਉਣ ਲਈ ਲਗਾਇਆ ਗਿਆ।

ਸਤਿਗੁਰੂ ਰਾਮ ਸਿੰਘ ਤੋਂ ਵਰੋਸਾਏ ਸਵਾਮੀ ਤਖਤ ਸਿੰਘ ਜੀ ਕੂਕਾ-ਇਤਿਹਾਸ ਦੀਆਂ ਵਰਣਨਯੋਗ ਘਟਨਾਵਾਂ ਬਾਰੇ ਬੱਚਿਆਂ ਨੂੰ ਦੱਸਿਆ ਕਰਦੇ ਸਨ। ਸਾਬਕਾ ਆਈ.ਸੀ.ਐਸ. ਮਹਿਤਾ ਭੋਲਾ ਨਾਥ ਬੱਚਿਆਂ ਨੂੰ ਅੰਗਰੇਜ਼ੀ ਸਿੱਖਿਆ ਦੇ ਨਾਲ-ਨਾਲ ਦੇਸ਼-ਭਗਤੀ ਦੀ ਜਾਗ ਵੀ ਲਾਉਂਦੇ ਸਨ।

ਇਸ ਵਿਦਿਆਲੇ ਵਿੱਚ ਲੰਗਰ ਤਿਆਰ ਕਰਨ ਅਤੇ ਹੋਰ ਦਸਤਕਾਰੀ ਚੀਜ਼ਾਂ ਵਸਤਾਂ ਬਣਾਉਣ ਦੀ ਸਿਖਲਾਈ ਵੀ ਦਿੱਤੀ ਜਾਂਦੀ ਸੀ। ਸਤਿਗੁਰੂ ਜੀ ਆਪ ਜਦੋਂ ਭੈਣੀ ਸਾਹਿਬ ਹੁੰਦੇ ਤਾਂ ਬੱਚਿਆਂ ਨੂੰ ਫਲ ਅਤੇ ਬਦਾਮ ਆਦਿ ਕਈ ਵਸਤਾਂ ਆਪਣੇ ਹੱਥੀਂ ਵੰਡਦੇ ਸਨ। ਕਾਲਾ ਸਿੰਘ ਲੋਹੇ ਦਾ ਕੰਮ ਅਤੇ ਮਾਸਟਰ ਸੁਹਾਵਾ ਸਿੰਘ ਲੱਕੜ ਦਾ ਕੰਮ ਸਿਖਾਉਂਦੇ ਸਨ।

ਸ੍ਰੀ ਤਰਨ ਸਿੰਘ ਵਹਿਮੀ ਅਨੁਸਾਰ ਇਹ ਵਿਦਿਆਲਾ 10-12 ਸਾਲ ਤੱਕ

Namdhari Elibrary NamdhariElibrary@gmail.com

ਚਲਦਾ ਰਿਹਾ। ਇਸ ਸਮੇਂ ਸਤਿਗੁਰੂ ਜੀ ਨੇ ਸੰਤ ਸੰਤੋਖ ਸਿੰਘ ਬਾਹੂਵਾਲ ਦੇ ਗ੍ਰੰਥ 'ਸਤਿਗੁਰੂ ਬਿਲਾਸ' ਦੇ ਖਰੜੇ ਦਾ ਨਵੇਂ ਸਿਰਿਉਂ ਉਤਾਰਾ ਕਰਵਾਇਆ। ਸੰਤ ਸੰਤੋਖ ਸਿੰਘ ਬਾਹੂਵਾਲ ਦਾ ਇਹ ਗ੍ਰੰਥ ਨਾਮਧਾਰੀ ਇਤਿਹਾਸ ਦਾ ਸਰੋਤ ਗ੍ਰੰਥ ਹੈ, ਜਿਸ ਨੂੰ ਹੁਣ ਦੋ ਜਿਲਦਾਂ ਵਿੱਚ ਜਸਵਿੰਦਰ ਸਿੰਘ ਇਤਿਹਾਸਕਾਰ ਦੀ ਸੰਪਾਦਨਾ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਰਪ੍ਰਸਤੀ ਹੇਠ ਨਾਮਧਾਰੀ ਦਰਬਾਰ ਵੱਲੋਂ 2002 ਭਾਗ ਪਹਿਲਾ ਅਤੇ 2004 ਵਿੱਚ ਦੂਜਾ ਭਾਗ ਪ੍ਰਕਾਸ਼ਿਤ ਕਰ ਦਿੱਤਾ ਗਿਆ ਹੈ।

ਸ੍ਰੀ ਭੈਣੀ ਸਾਹਿਬ ਦੇ ਖੁੱਲ੍ਹੇ, ਪੇਂਡੂ ਅਤੇ ਕੁਦਰਤੀ ਵਾਤਾਵਰਣ ਵਿੱਚ ਇਹ ਵਿੱਦਿਅਕ ਆਸ਼ਰਮ ਗੁਰੂਦੇਵ ਰਵਿੰਦਰ ਨਾਥ ਟੈਗੋਰ ਦੇ ਸ਼ਾਂਤੀ ਨਿਕੇਤਨ ਦੀ ਯਾਦ ਕਰਵਾਉਂਦਾ ਹੈ।

## ਰਾਜਨੀਤਿਕ ਸਰਗਰਮੀਆਂ

1919 ਈ. ਦੇ ਜਲ੍ਹਿਆਂਵਾਲੇ ਬਾਗ ਦੇ ਕੌਮੀ ਹੱਤਿਆਕਾਂਡ ਨੇ ਰਾਜਨੀਤਿਕ ਸਰਗਰਮੀਆਂ ਦੇ ਪਿੜ ਨੂੰ ਮਘਾ ਦਿੱਤਾ ਸੀ। 1919 ਤੋਂ ਲੈ ਕੇ 1928-29 ਦੇ ਸਾਈਮਨ ਕਮਿਸ਼ਨ ਦੇ ਆਉਣ ਤੱਕ ਕਈ ਰਾਜਸੀ ਅੰਦੋਲਨਾਂ ਨੇ ਪੰਜਾਬ ਦੇ ਲੋਕਾਂ ਨੂੰ ਆਪਣੇ ਨਾਲ ਜੋੜੀ ਰੱਖਿਆ ਤੇ ਇਹ ਸਭ ਰਾਜਨੀਤਿਕ ਕਾਰਵਾਈਆਂ ਵਿਕੇਂਦ੍ਰਿਤਰੀਆਂ ਨਾ ਰਹਿ ਕੇ ਲੋਕ ਲਹਿਰਾਂ ਦਾ ਰੂਪ ਧਾਰਨ ਕਰ ਗਈਆਂ।

1920 ਤੋਂ 1925 ਤੱਕ ਗੁਰਦੁਆਰਾ ਸੁਧਾਰ ਲਹਿਰ ਜਿਸਨੂੰ ਦੂਜੇ ਸ਼ਬਦਾਂ ਵਿੱਚ ਅਕਾਲੀ ਲਹਿਰ ਕਿਹਾ ਜਾਂਦਾ ਹੈ, ਨੇ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਸੁਤੰਤਰ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਲਿਆਉਣ ਤੱਕ ਬੜਾ ਸ਼ਾਨਦਾਰ ਕਾਰਜ ਨਿਭਾਇਆ। ਇਹ ਸ਼ਾਂਤਮਈ ਅਤੇ ਅਹਿੰਸਾਵਾਦੀ ਅੰਦੋਲਨ ਕੌਮੀ ਰੂਪ ਧਾਰਨ ਕਰ ਗਏ ਅਤੇ ਮਹਾਤਮਾ ਗਾਂਧੀ ਅਤੇ ਪੰਡਿਤ ਜਵਾਹਰ ਲਾਲ ਨਹਿਰੂ ਵਰਗੇ ਕੌਮੀ ਨੇਤਾਵਾਂ ਵੱਲੋਂ ਵੀ ਇਸ ਲਹਿਰ ਦੀ ਹਮਾਇਤ ਕੀਤੀ ਗਈ।

ਇਸ ਦੌਰਾਨ ਤੁਰਕੀ ਦੇ ਸੁਲਤਾਨ ਨੂੰ ਜੋ ਮੁਸਲਮਾਨ ਜਗਤ ਵਿੱਚ ਖਲੀਫ਼ਾ ਜਾਂ ਧਾਰਮਿਕ ਆਗੂ ਦੇ ਤੌਰ 'ਤੇ ਜਾਣਿਆ ਜਾਂਦਾ ਸੀ ਬਰਤਾਨਵੀ ਸਾਮਰਾਜੀਆਂ ਵੱਲੋਂ ਉਸ ਦੇ ਅਧਿਕਾਰਾਂ ਨੂੰ ਘਟਾ ਦਿੱਤਾ ਗਿਆ ਜਿਸ ਕਾਰਨ ਖਿਲਾਫ਼ਤ ਲਹਿਰ ਦਾ ਜਨਮ ਹੋਇਆ। ਭਾਰਤ ਵਿੱਚ ਅਤੇ ਪੰਜਾਬ ਵਿੱਚ ਵੀ ਇਹ ਲਹਿਰ ਜ਼ੋਰ ਪਕੜ ਗਈ। ਪੰਜਾਬ ਵਿੱਚ ਇਸ ਦੇ ਆਗੂ ਸਨ : ਡਾ. ਸੈਫ਼ੂਦੀਨ ਕਿਚਲੂ, ਜ਼ਫਰ ਅਲੀ ਖਾਂ, ਲਾਲ ਖਾਂ, ਆਗਾ ਮੁਹੰਮਦ ਸਫ਼ਦਰ ਅਤੇ ਸੈਯਦ ਹਬੀਬ ਸ਼ਾਹ। ਭਾਰਤ ਵਿੱਚ ਇਸ ਲਹਿਰ ਦੇ ਸੰਚਾਲਕ ਸ਼ੌਕਤ ਅਲੀ, ਮੁਹੰਮਦ ਅਲੀ, ਅਬੁਲ ਕਲਾਮ ਆਜ਼ਾਦ ਅਤੇ ਹਕੀਮ ਅਜਮਲ ਖਾਂ ਵਰਗੇ ਪ੍ਰਸਿੱਧ ਨੇਤਾ ਸਨ। ਇਸ ਲਹਿਰ ਦਾ ਕਾਂਗਰਸ ਅਤੇ ਮਹਾਤਮਾ ਗਾਂਧੀ ਤੇ ਲੋਕਮਾਨਯ ਤਿਲਕ ਵੱਲੋਂ ਸਮਰਥਨ ਕੀਤਾ ਗਿਆ। ਇਹ ਇੱਕ ਪ੍ਰਕਾਰ ਦਾ ਰਾਸ਼ਟਰੀ ਅੰਦੋਲਨ ਵੀ ਬਣ ਗਿਆ ਸੀ ਕਿਉਂ ਜੁ ਸਭ ਧਰਮਾਂ ਦੇ ਲੋਕਾਂ ਨੇ ਇਸ ਵਿੱਚ

Namdhari Elibrary NamdhariElibrary@gmail.com

ਵੱਧ ਚੜ੍ਹ ਕੇ ਹਿੱਸਾ ਲਿਆ। ਭਾਰਤ ਦੀ ਆਮ ਜਨਤਾ ਤਾਂ ਇਸ ਲਹਿਰ ਨੂੰ ਅੰਗਰੇਜ਼ ਸਰਕਾਰ ਵਿਰੁੱਧ ਹੀ ਖਿਲਾਫ਼ਤ ਦੀ ਲਹਿਰ ਸਮਝਦੀ ਸੀ।

ਸ਼ਾਂਤਮਈ ਅਤੇ ਅਹਿੰਸਾਵਾਦੀ ਲਹਿਰਾਂ ਦੇ ਟਾਕਰੇ ਵਿੱਚ ਪੰਜਾਬ ਵਿੱਚ ਕੁਝ ਕ੍ਰਾਂਤੀਕਾਰੀ ਲਹਿਰਾਂ ਦਾ ਜਨਮ ਵੀ ਹੋਇਆ। ਜਿਨ੍ਹਾਂ ਵਿੱਚ ਬੱਬਰ ਅਕਾਲੀ ਲਹਿਰ, ਕਿਰਤੀ ਪਾਰਟੀ, ਨੌਜਵਾਨ ਭਾਰਤ ਸਭਾ ਅਤੇ ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕ ਆਰਮੀ ਆਦਿ ਲਹਿਰਾਂ ਦਾ ਵਰਨਣ ਕੀਤਾ ਜਾ ਸਕਦਾ ਹੈ।

## ਬੱਬਰ ਅਕਾਲੀ ਲਹਿਰ (1921-1926)

ਬੱਬਰ ਅਕਾਲੀ ਲਹਿਰ 1921-1926 ਤੱਕ ਬੜੇ ਜ਼ੋਰ-ਸ਼ੋਰ ਅਤੇ ਉਤਸ਼ਾਹ ਨਾਲ ਕਰਮਸ਼ੀਲ ਰਹੀ। ਬੱਬਰ ਅਕਾਲੀਆਂ ਦਾ ਮਨੋਰਥ ਤਾਂ ਨਨਕਾਣਾ ਸਾਹਿਬ ਤੇ ਹੋਰ ਅਕਾਲੀ ਲਹਿਰ ਦੇ ਪੰਥਕ ਗ਼ਦਾਰਾਂ ਅਤੇ ਟੋਡੀਆਂ ਨੂੰ ਸੋਧਣਾ ਸੀ। ਅਗਸਤ 1921 ਵਿੱਚ ਹੁਸ਼ਿਆਰਪੁਰ ਵਿਖੇ ਸਿੱਖ ਵਿੱਦਿਅਕ ਕਾਨਫਰੰਸ ਦੇ ਸਮੇਂ ਬੱਬਰ ਲਹਿਰ ਦੇ ਅਕਾਲੀ ਜਥੇ ਹੋਂਦ ਵਿੱਚ ਆਏ। ਕਿਸ਼ਨ ਸਿੰਘ ਗੜਗੱਜ, ਮਾਸਟਰ ਮੋਤਾ ਸਿੰਘ, ਦਲੀਪ ਸਿੰਘ ਗੋਸਲ, ਨੰਦ ਸਿੰਘ ਤੇ ਧਰਮ ਸਿੰਘ, ਬਾਬੂ ਸੰਤਾ ਸਿੰਘ ਇਸ ਲਹਿਰ ਦੇ ਪ੍ਰਮੁੱਖ ਨੇਤਾ ਸਨ। ਜਿਨ੍ਹਾਂ ਦਾ ਉਦੇਸ਼ ਹਥਿਆਰਬੰਦ ਜਥੇ ਤਿਆਰ ਕਰਕੇ ਗ਼ਦਾਰਾਂ ਅਤੇ ਟੋਡੀਆਂ ਨੂੰ ਸੋਧਣਾ ਸੀ। ਫੌਜੀਆਂ ਵਿੱਚ ਪ੍ਰਚਾਰ ਕਰਕੇ ਉਨ੍ਹਾਂ ਦੇ ਸਹਿਯੋਗ ਨਾਲ ਅੰਗਰੇਜ਼ਾਂ ਵਿਰੁੱਧ ਬਗਾਵਤ ਕਰਨਾ ਸੀ। ਬੱਬਰਾਂ ਦਾ ਕਰਮ ਖੇਤਰ ਵਧੇਰੇ ਕਰਕੇ ਦੁਆਬਾ ਹੁਸ਼ਿਆਰਪੁਰ, ਜਲੰਧਰ ਤੇ ਕਪੂਰਥਲਾ ਦੇ ਜ਼ਿਲ੍ਹੇ ਸਨ। ਬੱਬਰ ਗ਼ਦਰ ਲਹਿਰ ਤੋਂ ਵਧੇਰੇ ਪ੍ਰਭਾਵਿਤ ਹੋਏ ਸਨ ਅਤੇ ਦ੍ਰਿੜ ਆਚਰਣ ਦੇ ਧਾਰਨੀ ਸਨ। [1]"ਬੱਬਰ ਅਕਾਲੀਆਂ ਦੀ ਆਪਣੀ ਹੀ ਪੱਕੀ ਮਰਿਆਦਾ ਸੀ। ਪਰਿਵਾਰਕ ਮੈਂਬਰਾਂ ਨੂੰ ਇਹ ਹਦਾਇਤ ਕੀਤੀ ਗਈ ਸੀ ਕਿ ਉਹ ਹਥਿਆਰਬੰਦ ਜਥਿਆਂ ਵਿੱਚ ਨਾ ਸ਼ਾਮਲ ਹੋਣ, ਇਸ ਲਹਿਰ ਦੀ ਬਾਹਰ ਰਹਿ ਕੇ ਮੱਦਦ ਕਰਨ। ਮੈਂਬਰਾਂ ਨੂੰ ਨੇਮ ਨਾਲ ਗੁਰਬਾਣੀ ਪੜ੍ਹਨ ਦਾ ਹੁਕਮ ਸੀ। ਕਿਸੇ ਵਿਰੁੱਧ ਨਿੱਜੀ ਦੁਸ਼ਮਣੀ ਕਾਰਨ ਬਦਲਾ ਲੈਣ ਉੱਤੇ ਪਾਬੰਦੀ ਸੀ। ਕਿਸੇ ਇਸਤਰੀ ਵੱਲ ਮੈਲੀ ਅੱਖ ਨਾਲ ਵੇਖਣ ਤੋਂ ਮਨਾਹੀ ਸੀ ਅਤੇ ਕੇਵਲ ਉਸੇ ਨਕਦ ਰਕਮ ਜਾਂ ਵਸਤੂ ਨੂੰ ਲੈਣ ਦੀ ਆਗਿਆ ਸੀ, ਜਿਸ ਬਾਰੇ ਫੈਸਲਾ ਕੀਤਾ ਗਿਆ ਸੀ।"

ਬੱਬਰ ਦੀਵਾਨ ਲਾਉਂਦੇ ਰਹੇ ਅਤੇ ਜੋਸ਼ੀਲਾ ਪ੍ਰਚਾਰ ਕਰਦੇ ਰਹੇ। ਉਨ੍ਹਾਂ ਨੇ 'ਦੁਆਬਾ' ਨਾਂ ਦਾ ਅਖਬਾਰ ਵੀ ਚਲਾਇਆ। ਬੱਬਰਾਂ ਦੀਆਂ ਕਾਰਵਾਈਆਂ ਨੂੰ ਰੋਕਣ ਲਈ ਸਰਕਾਰ ਨੇ ਵਿਸ਼ੇਸ਼ ਪੁਲਿਸ ਦੇ ਜਥੇ ਭੇਜੇ। ਕਈ ਥਾਵਾਂ 'ਤੇ ਬੱਬਰਾਂ ਦੇ ਅਤੇ ਪੁਲਿਸ ਦੇ ਮੁਕਾਬਲੇ ਹੋਏ। ਬੱਬਰਾਂ ਉੱਤੇ ਸੈਂਟਰਲ ਜੇਲ੍ਹ ਲਾਹੌਰ ਵਿੱਚ ਕਈ ਮੁਕੱਦਮੇ ਚਲਾਏ ਗਏ ਅਤੇ ਉਨ੍ਹਾਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ।

---
[1] *ਦੀ ਇਨਸਾਈਕਲੋਪੀਡੀਆ ਆਫ ਸਿੱਖਿਜ਼ਮ*, ਭਾਗ ਪਹਿਲਾ, ਪੰਨਾ 237.

Namdhari Elibrary NamdhariElibrary@gmail.com

ਰਾਮ ਸਿੰਘ ਮਜੀਠਾ ਅਨੁਸਾਰ, "[1]53 ਬੱਬਰਾਂ ਨੂੰ ਫਾਂਸੀ ਦੀ ਸਜਾ ਹੋਈ। 36 ਬੱਬਰਾਂ ਨੂੰ ਕਾਲੇ ਪਾਣੀ ਭੇਜਿਆ ਗਿਆ ਅਤੇ ਕਈਆਂ ਨੂੰ ਵੱਖ-ਵੱਖ ਸਮੇਂ ਲਈ ਕੈਦ ਦੀ ਸਜ਼ਾ ਹੋਈ।"

ਸਿੱਖ ਇਨਸਾਈਕਲੋਪੀਡੀਆ ਅਨੁਸਾਰ, "[2]ਭਾਵੇਂ ਬੱਬਰ ਅਕਾਲੀ ਜਥੇ ਆਪਣੀ ਹੋਂਦ ਨੂੰ ਕਾਇਮ ਨਾ ਰੱਖ ਸਕੇ, ਪਰ ਇਸ ਨੇ ਸਿੱਖ ਇਤਿਹਾਸ ਅਤੇ ਕੌਮੀ ਸੰਗਰਾਮ ਉੱਤੇ ਅਮਿੱਟ ਛਾਪ ਛੱਡੀ ਹੈ।"

ਨਾਮਧਾਰੀ ਸਰੋਤਾਂ ਅਨੁਸਾਰ ਬੱਬਰ ਭੈਣੀ ਸਾਹਿਬ ਵਿਖੇ ਵੀ ਆ ਕੇ ਰੈਣ ਵਸੇਰਾ ਕਰਦੇ ਅਤੇ ਇਸ ਸਥਾਨ ਦਾ ਆਪਣੇ ਗੁਪਤ ਵਾਸ ਵਜੋਂ ਲਾਭ ਉਠਾਉਂਦੇ ਰਹੇ ਹਨ।

## ਕਿਰਤੀ ਪਾਰਟੀ

ਵੀਹਵੀਂ ਸਦੀ ਦੇ ਤੀਜੇ ਦਹਾਕੇ ਦੇ ਅੰਤ ਵਿੱਚ ਮਜ਼ਦੂਰਾਂ ਕਿਸਾਨਾਂ ਦੀ ਇਨਕਲਾਬੀ ਜਥੇਬੰਦੀ ਕਿਰਤੀ ਪਾਰਟੀ ਦਾ ਜਨਮ ਹੋਇਆ। ਇਸ ਦਾ ਮੁੱਖ ਆਧਾਰ ਤਾਂ 1914-15 ਦੀ ਸਾਨਫਰਾਂਸਿਸਕੋ ਵਿਖੇ ਕਾਇਮ ਹੋਈ ਗ਼ਦਰ ਪਾਰਟੀ ਹੀ ਸੀ। ਪੰਜਾਬ ਵਿੱਚ ਗਦਰ ਲਹਿਰ ਦੇ ਅਸਫ਼ਲ ਰਹਿਣ ਦੇ ਕਾਰਨ ਅਮਰੀਕਾ ਵਿੱਚ ਹੀ ਇਸ ਦਾ ਪੁਨਰਗਠਨ ਕੀਤਾ ਗਿਆ। ਗ਼ਦਰ ਪਾਰਟੀ ਦੇ ਆਇਰਲੈਂਡ ਦੇ ਦੇਸ਼ ਭਗਤਾਂ ਮੈਕਸੀਕੋ ਤੇ ਹੋਰ ਦੇਸ਼ਾਂ ਦੀਆਂ ਇਨਕਲਾਬੀ ਜਥੇਬੰਦੀਆਂ ਨਾਲ ਦੋਸਤਾਨਾ ਸੰਬੰਧ ਸਨ। 1917 ਵਿੱਚ ਰੂਸ ਵਿੱਚ ਬਾਲਸ਼ਵਿਕ ਇਨਕਲਾਬ ਦੇ ਸਫ਼ਲ ਹੋਣ ਨਾਲ ਸੰਸਾਰ ਵਿੱਚ ਪਹਿਲੀ ਮਜ਼ਦੂਰ ਹਕੂਮਤ ਕਾਇਮ ਹੋਈ, ਜਿਸਦਾ ਸੰਸਾਰ 'ਤੇ ਵਿਸ਼ੇਸ਼ ਕਰਕੇ ਰੂਸ ਦੇ ਇਤਿਹਾਸ ਵਿੱਚ ਵਿਸ਼ੇਸ਼ ਮਹੱਤਵ ਹੈ। ਗ਼ਦਰ ਪਾਰਟੀ ਦੇ ਕਰਤਿਆਂ-ਧਰਤਿਆਂ ਨੇ ਜਦੋਂ ਭਾਰਤ ਵਿੱਚ ਤੇ ਵਿਸ਼ੇਸ਼ ਕਰਕੇ ਪੰਜਾਬ ਵਿੱਚ ਗਦਰ ਲਹਿਰ ਦੇ ਅਸਫ਼ਲ ਰਹਿਣ ਬਾਰੇ ਡੂੰਘੀ ਸੋਚ ਵਿਚਾਰ ਕੀਤੀ ਤਾਂ ਕੁਝ ਉੱਘੇ ਨੇਤਾਵਾਂ ਭਾਈ ਸੰਤੋਖ ਸਿੰਘ ਕੈਨੇਡੀਅਨ ਅਤੇ ਹਰਨਾਮ ਸਿੰਘ ਟੁੰਡੀਲਾਟ ਆਦਿ ਨੂੰ ਰੂਸ ਭੇਜਿਆ ਗਿਆ ਤਾਂ ਕਿ ਉਥੋਂ ਦੀ ਨਵੀਂ ਬਣੀ ਸੋਵੀਅਤ ਸਰਕਾਰ ਅਤੇ ਸੰਸਾਰ ਭਰ ਦੀ ਅੰਤਰਰਾਸ਼ਟਰੀ ਕਮਿਊਨਿਸਟ ਜਥੇਬੰਦੀ ਕੁਮਿੰਟਰਨ ਨਾਲ ਸੰਬੰਧ ਜੋੜੇ ਜਾਣ। ਉਥੋਂ ਅਗਵਾਈ ਲੈ ਕੇ ਪੰਜਾਬ ਵਿੱਚ 1926 ਵਿੱਚ ਕਿਰਤੀ ਪਾਰਟੀ ਨੂੰ ਕਾਇਮ ਕੀਤਾ ਗਿਆ। ਜਿਸ ਦਾ ਉਦੇਸ਼ ਹਥਿਆਰਬੰਦ ਇਨਕਲਾਬ ਰਾਹੀਂ ਭਾਰਤ ਵਿੱਚ ਲੋਕਤੰਤਰ ਅਤੇ ਸਮਾਜਵਾਦੀ ਵਿਚਾਰਾਂ ਦਾ ਪ੍ਰਚਾਰ ਕਰਨਾ ਸੀ। ਇਸੇ ਪਾਰਟੀ ਨੇ ਆਪਣਾ ਪਹਿਲਾ 'ਕਿਰਤੀ' ਨਾਂ ਦਾ ਅਖ਼ਬਾਰ ਜਾਰੀ ਕੀਤਾ, ਜਿਸ ਤੋਂ ਇਸ ਪਾਰਟੀ ਦਾ ਨਾਂ ਹੀ ਕਿਰਤੀ ਪਾਰਟੀ ਪੈ ਗਿਆ। ਇਸ ਪਾਰਟੀ ਨੇ ਮਜ਼ਦੂਰਾਂ ਤੇ ਕਿਸਾਨਾਂ ਵਿੱਚ ਇਨਕਲਾਬੀ ਅਤੇ ਸਮਾਜਵਾਦੀ ਵਿਚਾਰਧਾਰਾ ਨੂੰ ਫੈਲਾਉਣ ਵਿੱਚ ਉਘਾ ਰੋਲ

---

[1] *ਦੀ ਇਨਸਾਈਕਲੋਪੀਡੀਆ ਆਫ ਸਿੱਖਿਜ਼ਮ*, ਭਾਗ ਪਹਿਲਾ, ਪੰਨਾ 238.

[2] ਰਾਮ ਸਿੰਘ ਮਜੀਠਾ, *ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ*, ਭਾਗ ਪਹਿਲਾ, ਪੰਨਾ 390.

Namdhari Elibrary NamdhariElibrary@gmail.com

ਅਦਾ ਕੀਤਾ। ਭਾਈ ਸੰਤੋਖ ਸਿੰਘ ਦੇ ਦਿਹਾਂਤ ਪਿਛੋਂ 'ਕਿਰਤੀ' ਅਖ਼ਬਾਰ ਦੇ ਮੁੱਖ ਸੰਪਾਦਕ ਦਾ ਕਾਰਜ ਸੋਹਣ ਸਿੰਘ ਜੋਸ਼ ਨੂੰ ਸੌਂਪਿਆ ਗਿਆ। ਰਾਮ ਸਿੰਘ ਮਜੀਠਾ ਅਨੁਸਾਰ ਇਸ ਪਾਰਟੀ ਨੂੰ ਮਾਇਕ ਸਹਾਇਤਾ ਗਦਰ ਪਾਰਟੀ ਵੱਲੋਂ ਪ੍ਰਾਪਤ ਹੁੰਦੀ ਸੀ ਅਤੇ ਅਗਵਾਈ ਸੋਵੀਅਤ ਰੂਸ ਦੇ ਨੇਤਾਵਾਂ ਕੋਲੋਂ। ਇਸ ਪਾਰਟੀ ਨੇ ਅੰਤਰਰਾਸ਼ਟਰੀ ਕਮਿਊਨਿਸਟ ਜਥੇਬੰਦੀ ਕੁਮਿੰਟਰਨ ਜਾਂ ਤੀਜੀ ਇੰਟਰਨੈਸ਼ਨਲ ਨਾਲ ਸੰਬੰਧ ਜੋੜ ਲਏ ਸਨ। ਸਰਦਾਰ ਭਗਤ ਸਿੰਘ ਵੱਲੋਂ ਸਥਾਪਿਤ ਕੀਤੀ ਗਈ ਭਾਰਤ ਨੌਜਵਾਨ ਸਭਾ ਅਤੇ ਸੋਸ਼ਲਿਸਟ ਰੀਪਬਲਿਕ ਜਥੇਬੰਦੀ ਨਾਲ ਮਿਲ ਕੇ ਕਿਰਤੀ ਪਾਰਟੀ ਕੰਮ ਕਰਦੀ ਰਹੀ।

ਪਾਰਟੀ ਦੀਆਂ ਕਈ ਸ਼ਾਖਾਵਾਂ — ਕਲਕੱਤਾ, ਕਾਨਪੁਰ, ਮੇਰਠ, ਕਾਬਲ, ਪੇਸ਼ਾਵਰ ਵਿੱਚ ਸਥਾਪਤ ਕੀਤੀਆਂ ਗਈਆਂ ਸਨ।

ਕਾਬਲ ਵਿੱਚ ਮੌਲਵੀ ਬਰਕਤੁਲਾ, ਰਾਜਾ ਮਹਿੰਦਰ ਪ੍ਰਤਾਪ ਸਿੰਘ ਜੋ ਕਾਬਲ ਵਿੱਚ ਬਣੀ ਗਦਰ ਪਾਰਟੀ ਦੀ ਅਸਥਾਈ ਸਰਕਾਰ ਦੇ ਨੇਤਾ ਸਨ ਮਾਸਟਰ ਊਧਮ ਸਿੰਘ ਕਸੇਲ ਅਤੇ ਗੁਰਮੁਖ ਸਿੰਘ ਲਲਤੋਂ ਨੇ ਬੜਾ ਉੱਘਾ ਕੰਮ ਕੀਤਾ ਅਤੇ ਸੋਵੀਅਤ ਰੂਸ ਨਾਲ ਤਾਲਮੇਲ ਰੱਖਣ ਲਈ ਕਾਬਲ ਦਾ ਇਹ ਕੇਂਦਰ ਬੜਾ ਸਹਾਈ ਸਿੱਧ ਹੋਇਆ। ਸੰਤ ਬਾਬਾ ਵਿਸਾਖਾ ਸਿੰਘ ਦੀ ਪ੍ਰਧਾਨਗੀ ਵਿੱਚ ਕਿਰਤੀ ਪਾਰਟੀ ਵੱਲੋਂ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦੀ ਸਥਾਪਨਾ ਕੀਤੀ ਗਈ, ਜਿਸ ਦਾ ਉਦੇਸ਼ ਸ਼ਹੀਦ ਹੋਏ ਜਾਂ ਜੇਲਾਂ ਵਿੱਚ ਕੈਦ ਵਰਕਰਾਂ ਦੇ ਪਰਿਵਾਰਾਂ ਦੀ ਆਰਥਿਕ ਸਹਾਇਤਾ ਕਰਨਾ ਸੀ। ਇਸ ਕਮੇਟੀ ਦਾ ਦਫਤਰ ਅੰਮ੍ਰਿਤਸਰ ਵਿਖੇ ਬ੍ਰਹਮ ਬੂਟਾ ਅਖਾੜਾ ਦੇ ਨੇੜੇ ਸੀ।

ਇਹੋ ਸੰਸਥਾ ਹੀ ਹੁਣ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੀ ਵਡੇਰੀ ਸੀ। ਕਿਰਤੀ ਪਾਰਟੀ ਨੇ ਕਾਂਗਰਸ ਸੋਸ਼ਲਿਸਟ ਪਾਰਟੀ ਦੇ ਰੂਪ ਵਿੱਚ ਕਾਰਜ ਕੀਤਾ ਅਤੇ 1935-36 ਵਿੱਚ ਕਿਸਾਨ ਸਭਾਵਾਂ ਨੂੰ ਜਥੇਬੰਦ ਕੀਤਾ। ਕਿਰਤੀ ਪਾਰਟੀ ਦੇ ਬਹੁਤ ਸਾਰੇ ਮੈਂਬਰ ਇਨਕਲਾਬੀ ਵਿਚਾਰਧਾਰਾ ਦੇ ਸਮਰਥਕ ਸਨ। ਇਹ ਕਿਰਤੀ ਕਿਸਾਨ ਪਾਰਟੀ ਕਾਂਗਰਸ ਸੋਸ਼ਲਿਸਟ ਪਾਰਟੀ ਦੇ ਰੂਪ ਵਿੱਚ ਵੀ ਸਰਗਰਮ ਰਹੀ ਹੈ ਅਤੇ ਕਿਸਾਨਾਂ ਦੀਆਂ ਮੰਗਾਂ ਮਨਵਾਉਣ ਖਾਤਰ ਇਸ ਨੇ ਕਈ ਮੋਰਚੇ ਲਗਾਏ ਹਨ। ਲਾਹੌਰ, ਲਾਇਲਪੁਰ ਅਤੇ ਹੋਰ ਥਾਵਾਂ 'ਤੇ ਇਸ ਨੇ ਕਈ ਵੱਡੀਆਂ ਕਾਨਫਰੰਸਾਂ ਵੀ ਕੀਤੀਆਂ। ਜੂਨ 1942 ਤੱਕ ਕਿਰਤੀ ਪਾਰਟੀ ਸੁਤੰਤਰ ਸੰਸਥਾ ਦੇ ਰੂਪ ਵਿੱਚ ਕੰਮ ਕਰਦੀ ਰਹੀ, ਪਰ ਫੇਰ ਇਸਦੇ ਬਹੁਤ ਸਾਰੇ ਕਾਰਕੁੰਨ ਭਾਰਤੀ ਕਮਿਊਨਿਸਟ ਪਾਰਟੀ ਵਿੱਚ ਸ਼ਾਮਿਲ ਹੋ ਗਏ। ਮੁੱਖ ਰੂਪ ਵਿੱਚ ਕਿਰਤੀ ਪਾਰਟੀ ਕਮਿਊਨਿਸਟ ਵਿਚਾਰਧਾਰਾ ਅਰਥਾਤ ਸਮਾਜਵਾਦੀ ਆਦਰਸ਼ਾਂ ਵਿੱਚ ਵਿਸ਼ਵਾਸ ਰੱਖਦੀ ਸੀ। ਕਿਰਤੀ ਪਾਰਟੀ ਨੂੰ ਪੰਜਾਬ ਅਤੇ ਉੱਤਰੀ ਭਾਰਤ ਵਿੱਚ ਸਾਮਵਾਦੀ ਵਿਚਾਰਧਾਰਾ ਦੇ ਮੁੱਖ ਅੰਗ ਵਜੋਂ ਪ੍ਰਵਾਨ ਕੀਤਾ ਜਾਂਦਾ ਰਿਹਾ ਹੈ।

Namdhari Elibrary NamdhariElibrary@gmail.com

1941 ਵਿੱਚ ਨੇਤਾ ਜੀ ਸੁਭਾਸ਼ ਚੰਦਰ ਬੋਸ ਨੂੰ ਕਾਬਲ ਤੱਕ ਪਹੁੰਚਾਉਣ ਤੇ ਉਥੋਂ ਜਰਮਨੀ ਪਹੁੰਚਾਉਣ ਵਿੱਚ ਕਿਰਤੀ ਪਾਰਟੀ ਦੇ ਵਰਕਰਾਂ ਅੱਛਰ ਸਿੰਘ ਛੀਨਾ ਤੇ ਰਾਮ ਕ੍ਰਿਸ਼ਨ ਦਾ ਵਿਸ਼ੇਸ਼ ਹੱਥ ਸੀ। ਸੱਚ ਤਾਂ ਇਹ ਹੈ ਕਿ ਗਦਰ ਪਾਰਟੀ ਦਾ ਤਾਣਾ ਬਾਣਾ ਹੀ ਜਾਪਾਨ, ਸਿੰਘਾਪੁਰ, ਮਲਾਇਆ, ਇੰਡੋਨੇਸ਼ੀਆ, ਥਾਈਲੈਂਡ ਅਤੇ ਬਰਮਾ ਵਿੱਚ ਪਸਰਿਆ ਹੋਇਆ ਸੀ। ਇਨ੍ਹਾਂ ਗਦਰੀ ਸੂਰਬੀਰਾਂ ਦੀ ਵਾਹੀ ਹੋਈ ਧਰਤੀ ਉੱਤੇ 1942 ਵਿੱਚ ਹੀ ਰਾਸ ਬਿਹਾਰੀ ਬੋਸ ਅਤੇ ਹੋਰ ਗਦਰੀ ਯੋਧਿਆਂ ਦੇ ਸਹਿਯੋਗ ਨਾਲ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਆਜ਼ਾਦ ਹਿੰਦ ਫੌਜ ਕਾਇਮ ਕੀਤੀ ਸੀ। ਕਿਰਤੀ ਪਾਰਟੀ ਇਨਕਲਾਬੀ ਅਤੇ ਸਮਾਜਵਾਦੀ ਵਿਚਾਰਧਾਰਾ ਦੀ ਪ੍ਰਤੀਨਿਧਤਾ ਕਰਦੀ ਸੀ, ਪਰ ਇਹ ਕਾਂਗਰਸ ਅਤੇ ਹੋਰ ਰਾਜਨੀਤਿਕ ਪਾਰਟੀਆਂ ਨੂੰ ਵੀ ਆਪਣਾ ਪੂਰਨ ਸਹਿਯੋਗ ਦਿੰਦੀ ਸੀ। ਇਨ੍ਹਾਂ ਪਾਰਟੀਆ ਵਿੱਚ ਕਿਰਤੀ ਪਾਰਟੀ ਦੇ ਮੈਂਬਰ ਅਗਾਂਹਵਧੂ ਗਰੁੱਪ ਵਜੋਂ ਕੰਮ ਕਰਦੇ ਸਨ।

ਕਿਰਤੀ ਪਾਰਟੀ ਦੇ ਯਤਨਾਂ ਸਦਕਾ ਹੀ ਪੰਜਾਬ ਵਿੱਚ ਬਾਬਾ ਜਵਾਲਾ ਸਿੰਘ ਦੀ ਪ੍ਰਧਾਨਗੀ ਹੇਠ ਕਿਸਾਨ ਸਭਾ ਹੋਂਦ ਵਿੱਚ ਆਈ, ਜਿਸਨੇ ਪੰਜਾਬ ਦੇ ਕਿਸਾਨਾਂ ਦੇ ਮਸਲਿਆਂ ਨੂੰ ਹੱਲ ਕਰਨ ਲਈ ਜ਼ਬਰਦਸਤ ਸੰਘਰਸ਼ ਕੀਤਾ। ਅਸੀਂ ਪਹਿਲਾਂ ਵੀ ਜ਼ਿਕਰ ਕਰ ਰਹੇ ਹਾਂ ਕਿ ਕਿਰਤੀ ਪਾਰਟੀ ਨੇ ਆਪਣੀ ਸੁਤੰਤਰ ਹਸਤੀ ਨੂੰ ਸਮਾਪਤ ਕਰਕੇ ਭਾਰਤੀ ਕਮਿਊਨਿਸਟ ਪਾਰਟੀ ਵਿੱਚ ਆਪਣੇ ਆਪ ਨੂੰ ਸ਼ਾਮਲ ਕਰ ਲਿਆ ਸੀ।

## ਨੌਜੁਆਨ ਭਾਰਤ ਸਭਾ ਤੇ ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕ ਆਰਮੀ

ਇਹ ਦੋਵੇਂ ਇਨਕਲਾਬੀ ਜਥੇਬੰਦੀਆਂ 1926 ਤੋਂ ਹੀ ਸਰਗਰਮ ਹੋਈਆਂ। ਇਹਨਾਂ ਵਿੱਚ ਵਧੇਰੇ ਭਾਗ ਸਰਦਾਰ ਭਗਤ ਸਿੰਘ ਅਤੇ ਉਸ ਦੇ ਨੌਜੁਆਨ ਸਾਥੀਆਂ ਦਾ ਸੀ। ਜੋ ਸ਼ਾਂਤਮਈ ਅੰਦੋਲਨਾਂ ਅਤੇ ਸਤਿਆਗ੍ਰਹਿਆਂ ਦੀ ਥਾਂ ਇਨਕਲਾਬੀ ਕਾਰਵਾਈਆਂ ਵਿੱਚ ਵਧੇਰੇ ਵਿਸ਼ਵਾਸ ਰੱਖਦੇ ਸਨ। 1917 ਦੇ ਰੂਸੀ ਇਨਕਲਾਬ ਤੇ ਸਮਾਜਵਾਦੀ ਵਿਚਾਰਾਂ ਦਾ ਇਨ੍ਹਾਂ ਉੱਤੇ ਵਧੇਰੇ ਪ੍ਰਭਾਵ ਸੀ। ਬਚਪਨ ਤੋਂ ਹੀ ਸਰਦਾਰ ਭਗਤ ਸਿੰਘ ਰਾਜਸੀ ਸਰਗਰਮੀਆਂ ਵਿੱਚ ਵਧੇਰੇ ਭਾਗ ਲੈਣ ਵਾਲੇ ਪਰਵਾਰ ਵਿੱਚੋਂ ਹੋਣ ਕਾਰਨ ਸਿਆਸੀ ਅਤੇ ਇਨਕਲਾਬੀ ਰੁਚੀਆਂ ਤੋਂ ਵਧੇਰੇ ਪ੍ਰਭਾਵਿਤ ਸੀ। ਭਗਤ ਸਿੰਘ ਉੱਤੇ ਕੂਕਾ ਅਤੇ ਗ਼ਦਰ ਲਹਿਰ ਦਾ ਵਿਆਪਕ ਪ੍ਰਭਾਵ ਸੀ, ਜਿਸਦਾ ਸਬੂਤ ਇਸ ਗੱਲ ਤੋਂ ਮਿਲਦਾ ਹੈ ਕਿ ਮਲੇਰਕੋਟਲੇ ਦੇ ਨਾਮਧਾਰੀ ਸ਼ਹੀਦਾਂ ਦੀ ਯਾਦ ਵਿੱਚ ਮੂੰਠਡੇ ਵਿਖੇ ਹੋਏ ਉਪਰ-ਵਰਣਿਤ ਸਮਾਗਮ ਵਿੱਚ 14 ਸਾਲ ਦੀ ਉਮਰ ਵਿੱਚ ਭਗਤ ਸਿੰਘ ਨੇ ਆਪਣੇ ਪਿਤਾ ਕਿਸ਼ਨ ਸਿੰਘ ਸਮੇਤ ਹਾਜ਼ਰੀ ਭਰੀ। ਫਿਰ ਸੋਹਣ ਸਿੰਘ ਜੋਸ਼ ਦੀ ਸੰਪਾਦਨਾ ਵਿੱਚ ਛਪਦੇ 'ਕਿਰਤੀ' ਪੱਤਰ ਵਿੱਚ ਭਗਤ ਸਿੰਘ ਨੇ ਕੂਕਾ ਲਹਿਰ ਬਾਰੇ ਵੀ ਲਿਖਿਆ ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਸਰਦਾਰ ਭਗਤ ਸਿੰਘ ਕੂਕਾ ਲਹਿਰ ਨੂੰ ਇਨਕਲਾਬੀ

ਲਹਿਰ ਵਜੋਂ ਪਰਵਾਨ ਕਰਦਾ ਹੈ। ਗ਼ਦਰ ਪਾਰਟੀ ਤੇ ਬੱਬਰ ਅਕਾਲੀ ਲਹਿਰ ਨੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਇਨਕਲਾਬੀ ਰੁਚੀਆਂ ਵੱਲ ਮੋੜ ਦਿੱਤਾ ਸੀ। 1926 ਵਿੱਚ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੇ ਮਿਲ ਕੇ ਭਾਰਤ ਨੌਜਵਾਨ ਸਭਾ ਨੂੰ ਜਥੇਬੰਦ ਕੀਤਾ, ਜਿਸ ਦੀਆਂ ਸ਼ਾਖਾਵਾਂ ਦੇਸ਼ ਦੇ ਕਈ ਸ਼ਹਿਰਾਂ ਵਿੱਚ ਕਾਇਮ ਹੋ ਗਈਆਂ। ਸਰਦਾਰ ਭਗਤ ਸਿੰਘ ਤੇ ਉਸ ਦੇ ਸਾਥੀਆਂ ਦਾ ਬੰਗਾਲ ਤੇ ਹੋਰ ਪ੍ਰਾਂਤਾਂ ਦੇ ਨੌਜੁਆਨ ਆਗੂਆਂ ਨਾਲ ਬਲਵਾਨ ਤਾਲਮੇਲ ਸੀ। 1927 ਦੇ ਕਲਕੱਤਾ ਕਾਂਗਰਸ ਸੈਸ਼ਨ ਵਿੱਚ ਸਰਦਾਰ ਭਗਤ ਸਿੰਘ ਸ਼ਾਮਿਲ ਹੋਏ ਅਤੇ ਬੰਗਾਲੀ ਦੇਸ਼ ਭਗਤਾਂ ਤੋਂ ਉਨ੍ਹਾਂ ਨੇ ਬੰਬ ਬਣਾਉਣ ਦੀ ਜਾਣਕਾਰੀ ਪ੍ਰਾਪਤ ਕੀਤੀ। ਨੌਜੁਆਨ ਭਾਰਤ ਸਭਾ ਵਿੱਚ ਰਾਜਗੁਰੂ, ਸੁਖਦੇਵ, ਚੰਦਰਸ਼ੇਖਰ ਆਜ਼ਾਦ, ਯਸ਼ਪਾਲ, ਬੀ.ਕੇ. ਦੱਤ, ਐਮ.ਏ. ਮਜੀਦ, ਕੇਦਾਰ ਨਾਥ ਸਹਿਗਲ ਆਦਿ ਨੌਜੁਆਨ ਸ਼ਾਮਿਲ ਸਨ। ਕਿਰਤੀ ਪਾਰਟੀ ਨਾਲ ਵੀ ਨੌਜੁਆਨ ਭਾਰਤ ਸਭਾ ਦੇ ਗੂੜ੍ਹੇ ਸੰਬੰਧ ਸਨ। ਨੌਜੁਆਨ ਭਾਰਤ ਸਭਾ ਦਾ ਮੁੱਖ ਉਦੇਸ਼ ਦੇਸ਼ ਵਿੱਚ ਸੁਤੰਤਰ ਗਣਤੰਤਰ ਅਤੇ ਮਜ਼ਦੂਰ ਕਿਸਾਨ ਰਾਜ ਨੂੰ ਕਾਇਮ ਕਰਨਾ ਸੀ। 1928 ਵਿੱਚ ਸਾਈਮਨ ਕਮਿਸ਼ਨ ਜਿਸ ਦੇ ਸਾਰੇ ਮੈਂਬਰ ਅੰਗਰੇਜ਼ ਸਨ ਅਤੇ ਜਿਸਨੂੰ ਭਾਰਤ ਵਿੱਚ ਸੰਵਿਧਾਨਕ ਸੁਧਾਰਾਂ ਬਾਰੇ ਰਿਪੋਰਟ ਦੇਣ ਲਈ ਭੇਜਿਆ ਗਿਆ ਸੀ, ਲੋਕਾਂ ਨੇ ਜਿਥੇ ਵੀ ਸਾਈਮਨ ਗਿਆ ਉਸਦਾ ਵਿਰੋਧ ਕੀਤਾ ਅਤੇ ਸਾਈਮਨ ਵਾਪਸ ਜਾਓ ਦੇ ਨਾਅਰੇ ਲਗਾਏ। 30 ਅਕਤੂਬਰ 1928 ਨੂੰ ਜਦੋਂ ਸਾਈਮਨ ਕਮਿਸ਼ਨ ਲਾਹੌਰ ਪੁੱਜਾ ਤਾਂ ਲੋਕਾਂ ਨੇ ਇਕੱਠੇ ਹੋ ਕੇ ਉਸਦਾ ਵਿਰੋਧ ਕੀਤਾ। ਸਰਕਾਰ ਵੱਲੋਂ ਇਸ ਜਲੂਸ ਉੱਤੇ ਲਾਠੀਚਾਰਜ ਕੀਤਾ ਗਿਆ ਅਤੇ ਲਾਲਾ ਲਾਜਪਤ ਰਾਏ ਜ਼ਖਮੀ ਹੋ ਗਏ ਅਤੇ 17 ਨਵੰਬਰ, 1928 ਨੂੰ ਸੱਟਾਂ ਦੀ ਤਾਬ ਨਾ ਸਹਾਰਦੇ ਹੋਏ ਪਰਲੋਕ ਸਿਧਾਰ ਗਏ। ਭਗਤ ਸਿੰਘ ਤੇ ਉਸ ਦੇ ਸਾਥੀਆਂ ਨੇ ਇਸ ਦਾ ਬਦਲਾ ਲੈਣ ਲਈ ਸੁਪਰਡੰਟ ਪੁਲਿਸ ਜੇ.ਪੀ. ਸਾਂਡਰਸ ਨੂੰ ਮਾਰ ਦਿੱਤਾ। ਮਰਨ ਤੋਂ ਪਹਿਲਾਂ ਲਾਲਾ ਲਾਜਪਤਰਾਏ ਨੇ ਇਹ ਕਿਹਾ ਸੀ ਕਿ ਮੇਰੇ ਸਰੀਰ 'ਤੇ ਲੱਗੀ ਇੱਕ-ਇੱਕ ਲਾਠੀ ਬਰਤਾਨਵੀ ਸਰਕਾਰ ਦੇ ਕਫ਼ਨ 'ਤੇ ਲੱਗੀ ਇੱਕ-ਇੱਕ ਕਿਲ ਸਾਬਤ ਹੋਵੇਗੀ। ਭਗਤ ਸਿੰਘ ਗੁਪਤਵਾਸ ਵਿੱਚ ਰਹਿ ਕੇ 'ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕਨ ਐਸੋਸੀਏਸ਼ਨ' ਵਿੱਚ ਸ਼ਾਮਿਲ ਹੋ ਗਿਆ, ਜਿਸਦਾ ਉਦੇਸ਼ ਸੀ ਕਿ ਪ੍ਰਚਾਰ ਨਾਲੋਂ ਇਨਕਲਾਬੀ ਕਾਰਵਾਈ ਦਾ ਵਧੇਰੇ ਅਸਰ ਹੁੰਦਾ ਹੈ। ਨੌਜੁਆਨ ਭਾਰਤ ਸਭਾ ਵੱਲੋਂ ਕੁਝ ਟ੍ਰੈਕਟ ਵੀ ਛਾਪੇ ਗਏ, ਜਿਨ੍ਹਾਂ ਵਿੱਚ ਲਾਲਾ ਹਰਦਿਆਲ ਦਾ 'ਦ ਵੈਲਥ ਆਫ ਨੇਸ਼ਨਜ਼' (ਕੌਮ ਦਾ ਸਰਮਾਇਆ), ਸਮੇਡਲੇ ਦਾ 'ਇੰਡੀਆ ਇਨ ਦਾ ਨੇਕਸਟ ਵਾਰ' (ਭਾਰਤ ਆਗਾਮੀ ਜੰਗ ਵਿੱਚ), ਪ੍ਰਿੰ. ਛਬੀਲ ਦਾਸ ਦਾ 'ਭਾਰਤ ਮਾਤਾ ਕਾ ਦਰਸ਼ਨ' ਸ਼ਾਮਲ ਸਨ।

[1]"18 ਅਪ੍ਰੈਲ 1929 ਨੂੰ ਭਗਤ ਸਿੰਘ ਅਤੇ ਬੀ.ਕੇ. ਦੱਤ ਨੇ ਦਿੱਲੀ ਵਿੱਚ ਕੇਂਦਰੀ ਲੈਜਿਸਲੇਟਿਵ ਅਸੈਂਬਲੀ ਹਾਲ ਵਿੱਚ ਪਬਲਿਕ ਸੇਫ਼ਟੀ ਬਿਲ ਪਾਸ ਹੋਣ ਦੇ

[1] ਡਾ. ਏ. ਸੀ. ਅਰੋੜਾ, *ਪੰਜਾਬ ਦਾ ਇਤਿਹਾਸ (1799-1966)*, ਪੰਨਾ 270.

Namdhari Elibrary NamdhariElibrary@gmail.com

ਵਿਰੋਧ ਵਜੋਂ ਦੋ ਬੰਬ ਸੁੱਟੇ। ਇਨ੍ਹਾਂ ਨਾਲ ਕੋਈ ਜਾਨੀ ਨੁਕਸਾਨ ਨਾ ਹੋਇਆ। ਅਸਲ ਵਿੱਚ ਬੰਬ ਸੁੱਟਣ ਦਾ ਉਦੇਸ਼ ਕਿਸੇ ਨੂੰ ਮਾਰਨਾ ਨਹੀਂ ਸੀ, ਸਗੋਂ ਸਰਕਾਰ ਦੀ ਦਮਨਕਾਰੀ ਨੀਤੀ ਦਾ ਵਿਰੋਧ ਕਰਨਾ ਸੀ ਜਾਂ "ਬੋਲਿਆਂ ਦੀ ਸੁਣਨ ਸ਼ਕਤੀ ਠੀਕ ਕਰਨਾ ਸੀ" ਇਸ ਪਿਛੋਂ ਉਨ੍ਹਾਂ ਦੋਹਾਂ ਨੇ ਆਪਣੇ-ਆਪ ਨੂੰ ਗ੍ਰਿਫਤਾਰ ਹੋਣ ਲਈ ਪੇਸ਼ ਕਰ ਦਿੱਤਾ। ਪੁਲੀਸ ਨੂੰ ਲਾਹੌਰ, ਅੰਮ੍ਰਿਤਸਰ ਆਦਿ ਸ਼ਹਿਰਾਂ ਵਿੱਚ ਤਲਾਸ਼ੀਆਂ ਦੌਰਾਨ ਲਾਹੌਰ ਵਿੱਚ ਬੰਬ ਬਣਾਉਣ ਦੀ ਫੈਕਟਰੀ ਦਾ ਪਤਾ ਲੱਗਾ ਅਤੇ ਸੁਖਦੇਵ, ਕਿਸ਼ੋਰੀ ਲਾਲ ਅਤੇ ਹੰਸ ਰਾਜ ਵੋਹਰਾ ਆਦਿ ਗ੍ਰਿਫਤਾਰ ਕਰ ਲਏ ਗਏ। ਇਨ੍ਹਾਂ ਸਭ ਉੱਤੇ ਸਰਕਾਰ ਵਿਰੁੱਧ ਸਾਜਸ਼ ਕਰਨ ਦਾ ਮੁਕੱਦਮਾ ਚਲਾਇਆ ਗਿਆ। ਅਦਾਲਤ ਨੇ ਅਕਤੂਬਰ 1930 ਈ. ਵਿੱਚ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਮੌਤ ਦੀ ਸਜ਼ਾ ਦੇਣ ਦਾ ਫੈਸਲਾ ਸੁਣਾਇਆ ਅਤੇ 23 ਮਾਰਚ, 1931 ਈ. ਨੂੰ ਨੌਜੁਆਨ ਭਾਰਤ ਸਭਾ ਦੇ ਇਨ੍ਹਾਂ ਤਿੰਨਾਂ ਯੋਧਿਆਂ ਨੂੰ ਫਾਂਸੀ ਦਿੱਤੀ ਗਈ।"

ਇਨ੍ਹਾਂ ਨੌਜੁਆਨਾਂ ਦੀ ਸ਼ਹਾਦਤ ਨੇ ਭਾਰਤ ਦੇ ਸੁਤੰਤਰਤਾ ਸੰਗਰਾਮ ਦੀ ਲੋਕ ਲਹਿਰ ਨੂੰ ਬੜਾ ਬਲ ਬਖਸ਼ਿਆ। ਇਨ੍ਹਾਂ ਨੌਜੁਆਨਾਂ ਦੀ ਅਮਰ ਗਾਥਾ ਹੁਣ ਵੀ ਭਾਰਤੀ ਜਨ ਜੀਵਨ ਦਾ ਅਨਿਖੜਵਾਂ ਅੰਗ ਬਣੀ ਹੋਈ ਹੈ।

## ਨਾਮਧਾਰੀ ਸਮਾਜ ਦਾ ਯੋਗਦਾਨ

ਇਸ ਸਮੇਂ ਕਾਂਗਰਸ ਅਤੇ ਹੋਰ ਜਥੇਬੰਦੀਆਂ ਵੱਲੋਂ ਆਪਣੇ-ਆਪਣੇ ਢੰਗ ਨਾਲ ਸੁਤੰਤਰਤਾ ਸੰਗਰਾਮ ਵਿੱਚ ਵੱਧ-ਚੜ੍ਹ ਕੇ ਹਿੱਸਾ ਪਾਇਆ ਜਾ ਰਿਹਾ ਸੀ। ਇਸ ਸਮੇਂ ਕਾਂਗਰਸ ਅਤੇ ਹੋਰ ਰਾਜਨੀਤਿਕ ਪਾਰਟੀਆਂ ਵੱਲੋਂ ਸੁਤੰਤਰਤਾ ਪ੍ਰਾਪਤੀ ਦੀਆਂ ਲਹਿਰਾਂ ਆਪਣੇ-ਆਪਣੇ ਢੰਗ ਨਾਲ ਕੰਮ ਕਰ ਰਹੀਆਂ ਸਨ। 1925 ਈ. ਵਿੱਚ ਬ੍ਰੈਡਲਾ ਹਾਲ ਵਿਖੇ ਕਾਂਗਰਸ ਨੇ ਆਪਣਾ ਹੈੱਡ ਕੁਆਟਰ ਸਥਾਪਿਤ ਕੀਤਾ ਅਤੇ ਵਿਦੇਸ਼ੀ ਮਾਲ ਦਾ ਤਿਆਗ ਕਰਨ ਦੀ ਲਹਿਰ ਜ਼ੋਰ ਪਕੜ ਰਹੀ ਸੀ। ਨਾਮਧਾਰੀਆਂ ਵੱਲੋਂ ਕਾਂਗਰਸ ਨਾਲ ਮਿਲ ਕੇ ਮਹਾਰਾਜ ਨਿਹਾਲ ਸਿੰਘ, ਮਹਾਰਾਜ ਗੁਰਦਿਆਲ ਸਿੰਘ, ਪੰਡਿਤ ਬਸੰਤ ਸਿੰਘ, ਸੰਤ ਨਿਧਾਨ ਸਿੰਘ ਆਲਿਮ, ਸੰਤ ਇੰਦਰ ਸਿੰਘ ਚੱਕਰਵਰਤੀ, ਪੰਡਤ ਮਨਸਾ ਸਿੰਘ ਕੌਮੀ, ਅਟਖਾ ਸਿੰਘ ਦਾਤੇਵਾਲ, ਸੰਤ ਮੰਗਲ ਸਿੰਘ ਢੜ੍ਹੀ ਚੱਕ, ਮਾਸਟਰ ਗੁਰਬਖਸ਼ ਸਿੰਘ ਅਰੂਪ, ਪੰਡਿਤ ਅਮਰ ਸਿੰਘ, ਮਿਹਰ ਸਿੰਘ ਸਿਆਹਤ, ਰਤਨ ਸਿੰਘ ਕੂਕਾ, ਜੰਗ ਸਿੰਘ ਬਿਲਗਾ, ਮੂਲਾ ਸਿੰਘ ਭੰਵਰਕੇ, ਭਗਤ ਸਿੰਘ ਧਰਤੀ ਧਕੇਲ, ਹਰਨਾਮ ਸਿੰਘ ਰਾਗੀ ਚਵਿੰਡਾ ਜ਼ਿਲ੍ਹਾ ਅੰਮ੍ਰਿਤਸਰ, ਊਧਮ ਸਿੰਘ ਮੱਖੀ ਭਾਈ ਲਾਲ ਸਿੰਘ, ਭਾਈ ਕੋਟ ਆਦਿ ਨਾਮਧਾਰੀਆਂ ਨੇ ਗ੍ਰਿਫਤਾਰੀਆਂ ਦਿੱਤੀਆਂ। ਬਹੁਤ ਸਾਰੇ ਨਾਮਧਾਰੀ ਕਾਂਗਰਸ ਕਲਕੱਤਾ ਸੈਸ਼ਨ ਵਿੱਚ ਵੀ ਮਹਾਰਾਜ ਗੁਰਦਿਆਲ ਸਿੰਘ ਜੀ ਦੀ ਅਗਵਾਈ ਵਿੱਚ ਸ਼ਾਮਿਲ ਹੋਏ ਜਿਥੇ ਉਨ੍ਹਾਂ ਨੇ ਨਾਮਧਾਰੀਆਂ ਦੀਆਂ ਕੁਰਬਾਨੀਆਂ ਦਾ ਜਥਾ ਯੋਗ ਵਰਨਣ ਕੀਤਾ। ਇੱਕ ਵਾਰ ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਨਾਮਧਾਰੀਆਂ ਵੱਲੋਂ ਕਾਂਗਰਸ ਨਾਲ ਮਿਲ ਕੇ ਕੰਮ ਕਰਨ ਲਈ ਪੁੱਛਿਆ ਗਿਆ ਤਾਂ ਆਪ ਜੀ ਦਾ

Namdhari Elibrary NamdhariElibrary@gmail.com

ਉੱਤਰ ਸੀ, "ਕਿ ਕੌਮ ਤੇ ਕਾਂਗਰਸ ਨਾਲ ਮਿਲ ਕਰੋ, ਪਰ ਜਿਥੇ ਨਾਮਧਾਰੀ ਮਰਿਆਦਾ ਦਾ ਹਰਜ ਹੋਵੇ ਉਥੋਂ ਹੱਟ ਕੇ ਰਵੇ।" ਇਸ ਤੋਂ ਇਲਾਵਾ ਸਤਿਗੁਰੂ ਜੀ ਨੇ ਮਹਾਰਾਜ ਗੁਰਦਿਆਲ ਸਿੰਘ ਜੀ ਨੂੰ ਆਪਣੀ ਸਿਹਤ ਵੱਲ ਧਿਆਨ ਦੇਣ ਲਈ ਵੀ ਕਿਹਾ। ਮਹਾਰਾਜ ਗੁਰਦਿਆਲ ਸਿੰਘ ਜੀ 1929 ਈ. (18 ਭਾਦਰੋਂ 1986 ਬਿਕਰਮੀ) ਨੂੰ ਅਨੇਕ ਨਾਮਧਾਰੀਆਂ ਨੂੰ ਦੇਸ਼-ਭਗਤੀ ਅਤੇ ਸੁਤੰਤਰਤਾ ਪ੍ਰਾਪਤੀ ਦੇ ਸੰਗਰਾਮ ਵਿੱਚ ਉਤਸ਼ਾਹ ਅਤੇ ਪ੍ਰੇਰਨਾ ਜਗਾ ਕੇ ਸਵਰਗਵਾਸ ਕਰ ਗਏ।

Namdhari Elibrary NamdhariElibrary@gmail.com

ਅਧਿਆਇ 8

# 1929 ਈ. ਦਾ ਲਾਹੌਰ ਕਾਂਗਰਸ ਸੈਸ਼ਨ ਤੇ ਨਾਮਧਾਰੀਆਂ ਦਾ ਸ਼ਾਨਦਾਰ ਯੋਗਦਾਨ

## ਨਾਮਧਾਰੀ ਤੇ ਕਾਂਗਰਸ

ਨਾਮਧਾਰੀ ਤੇ ਕਾਂਗਰਸ ਦੋਵੇਂ ਜਥੇਬੰਦੀਆਂ ਸੁਤੰਤਰਤਾ ਸੰਗਰਾਮੀ ਸਨ ਅਤੇ ਦੋਹਾਂ ਦੇ ਸੰਬੰਧ ਹੀ ਪਹਿਲੇ ਮਹਾਂਯੁੱਧ ਤੋਂ ਪਿਛੋਂ ਇੱਕ ਦੂਜੇ ਨਾਲ ਘਨੇਰੇ ਹੋ ਰਹੇ ਸਨ। 1857 ਵਿੱਚ ਹੀ ਸਤਿਗੁਰੂ ਰਾਮ ਸਿੰਘ ਜੀ ਨੇ ਸੰਤ ਖਾਲਸਾ ਨੂੰ ਪ੍ਰਕਾਸ਼ ਵਿੱਚ ਲਿਆਉਣ ਸਮੇਂ ਵਿਦੇਸ਼ੀ ਗੁਲਾਮੀ ਵਿਰੁੱਧ ਸੁਤੰਤਰਤਾ ਦਾ ਸਫੇਦ ਪਰਚਮ ਝੁਲਾ ਦਿੱਤਾ ਸੀ। ਨਾਮਧਾਰੀ ਮੰਤ ਦੇ ਪ੍ਰਗਟ ਹੋਣ ਦੇ ਸਮੇਂ ਤੋਂ ਹੀ ਸਤਿਗੁਰੂ ਰਾਮ ਸਿੰਘ ਜੀ ਨੇ ਜਿਥੇ ਧਾਰਮਿਕ ਅਤੇ ਰਾਜਨੀਤਿਕ ਖੇਤਰ ਵਿੱਚ ਸੁਧਾਰਾਂ ਦੇ ਅਨੇਕ ਯਤਨ ਆਰੰਭ ਕੀਤੇ, ਉਥੇ ਵਿਦੇਸ਼ੀ ਸਰਕਾਰ ਨੂੰ ਸਰਬਪੱਖੀ ਨਾ-ਮਿਲਵਰਤਨ ਦੇਣ ਕਾਰਨ ਸੁਤੰਤਰਤਾ ਦੀ ਨਵੀਂ ਲਹਿਰ ਚਲਾ ਦਿੱਤੀ, ਜੋ ਨਿਰੰਤਰ ਪਹਿਲੇ ਸੰਸਾਰ ਯੁੱਧ ਦੇ ਖਾਤਮੇ ਤੱਕ ਆਪਣੇ ਢੰਗ ਨਾਲ ਅੰਗਰੇਜ਼ ਸਰਕਾਰ ਵਿਰੋਧੀ ਦੂਜੀਆਂ ਧਾਰਮਿਕ ਅਤੇ ਰਾਜਨੀਤਿਕ ਜਥੇਬੰਦੀਆਂ ਨਾਲ ਮਿਲ ਕੇ ਚਲਦੀ ਰਹੀ। ਪਰ 1920 ਨੂੰ ਜਦੋਂ ਕਾਂਗਰਸ ਨੇ ਮਹਾਤਮਾ ਗਾਂਧੀ ਜੀ ਦੀ ਅਗਵਾਈ ਵਿੱਚ ਨਾ-ਮਿਲਵਰਤਨ ਦੀ ਲਹਿਰ ਆਰੰਭ ਕੀਤੀ ਤਾਂ ਉਨ੍ਹਾਂ ਨੇ ਬਹੁਤ ਸਾਰੀ ਪ੍ਰੇਰਨਾ ਸਤਿਗੁਰੂ ਰਾਮ ਸਿੰਘ ਜੀ ਸਮੇਂ ਚਲਾਈ ਗਈ ਨਾ-ਮਿਲਵਰਤਨ ਲਹਿਰ ਤੋਂ ਹਾਸਿਲ ਕੀਤੀ। ਇਸ ਦੌਰਾਨ ਬਹੁਤ ਸਾਰੇ ਨਾਮਧਾਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਅਗਵਾਈ ਵਿੱਚ ਕਾਂਗਰਸ ਦੇ ਜਲਸਿਆਂ ਅਤੇ ਹੋਰ ਕਾਰਵਾਈਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲੱਗੇ। ਕਾਂਗਰਸ ਨਾਲ ਮਿਲਵਰਤਨ ਤੇ ਸਹਿਯੋਗ ਦੇ ਸਿੱਟੇ ਵਜੋਂ ਹੀ ਸ੍ਰੀ ਭੈਣੀ ਸਾਹਿਬ ਵਿਖੇ ਪੁਲਿਸ ਦੀ ਚੌਕੀ ਨੂੰ ਹਟਾਉਣ ਦੇ ਮਤੇ ਬਹੁਤ ਸਾਰੇ ਜਲਸਿਆਂ ਵਿੱਚ ਪਾਸ ਕੀਤੇ ਗਏ। ਤਾਂ ਸਰਕਾਰ ਨੂੰ ਮਜਬੂਰ ਹੋ ਕੇ ਪੁਲੀਸ ਦੀ ਉਹ ਚੌਕੀ ਜੋ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਖੇ ਬਿਠਾਈ ਗਈ ਸੀ, ਲਗਭਗ ਅੱਧੀ ਸਦੀ ਪਿਛੋਂ ਉਥੋਂ ਹਟਾਉਣੀ ਪਈ।

ਗੁਰਦੁਆਰਾ ਸੁਧਾਰ ਲਹਿਰ ਅਰਥਾਤ 'ਅਕਾਲੀ ਲਹਿਰ' ਸਮੇਂ ਵੀ ਕਾਂਗਰਸ ਨੇ ਖੁੱਲ੍ਹੇ ਤੌਰ ਤੇ ਅਕਾਲੀਆਂ ਦੇ ਸ਼ਾਂਤਮਈ ਅੰਦੋਲਨ ਦੀ ਹਮਾਇਤ ਕੀਤੀ ਅਤੇ ਅਕਾਲੀ ਲਹਿਰ ਦੀ ਸਫਲਤਾ ਨੂੰ ਦੇਸ਼ ਦੀ ਆਜ਼ਾਦੀ ਦੀ ਪਹਿਲੀ ਜਿੱਤ ਆਖਿਆ।

ਨਾਮਧਾਰੀਆਂ ਦੇ ਅਕਾਲੀ ਲਹਿਰ ਨੂੰ ਦਿੱਤੇ ਗਏ ਸਮਰਥਨ ਦਾ ਅਸੀਂ ਕਈ ਥਾਵਾਂ 'ਤੇ ਵਰਨਣ ਕਰ ਆਏ ਹਾਂ। 1925 ਵਿੱਚ ਜਦੋਂ ਕਾਂਗਰਸ ਨੇ ਲਾਹੌਰ ਦੇ ਬ੍ਰੈਡਲਾ ਹਾਲ ਵਿੱਚ ਆਪਣਾ ਮੁੱਖ ਦਫਤਰ ਸਥਾਪਿਤ ਕਰ ਲਿਆ ਤਾਂ ਮਹਾਰਾਜ ਨਿਹਾਲ ਸਿੰਘ ਤੇ ਮਹਾਰਾਜ ਗੁਰਦਿਆਲ ਸਿੰਘ ਜੀ ਦੀ ਅਗਵਾਈ ਵਿੱਚ ਬਹੁਤ ਸਾਰੇ ਨਾਮਧਾਰੀਆਂ ਨੇ ਕਾਂਗਰਸ ਦਾ ਵੱਧ ਚੜ੍ਹ ਕੇ ਸਾਥ ਦਿੱਤਾ ਅਤੇ ਕਈ ਪ੍ਰਕਾਰ ਦੀਆਂ ਪਾਬੰਦੀਆਂ ਨੂੰ ਸਹਿੰਦੇ ਹੋਏ ਕਾਂਗਰਸ ਦਾ ਸਮਰਥਨ ਜਾਰੀ ਰੱਖਿਆ। ਸਤਿਗੁਰੂ ਪਰਤਾਪ ਸਿੰਘ ਜੀ ਦਾ ਹੁਕਮ ਸੀ ਕਿ ਨਾਮਧਾਰੀ ਕਾਂਗਰਸ ਦੇ ਰਾਜਨੀਤਿਕ ਕਾਰਜਾਂ ਵਿੱਚ ਜੀਓ ਸਦਕੇ ਖੁੱਲ੍ਹ-ਦਿਲੀ ਨਾਲ ਹਿੱਸਾ ਲੈਣ ਪਰ ਆਪਣੀ ਧਾਰਮਿਕ ਮਰਿਆਦਾ ਤੋਂ ਲਾਂਭੇ ਵੀ ਨਾ ਜਾਣ।

## ਲਾਹੌਰ ਕਾਂਗਰਸ ਸੈਸ਼ਨ 1929

1929 ਈ. ਦੇ ਅੰਤਲੇ ਦਿਨਾਂ ਵਿੱਚ ਸਰਬ-ਹਿੰਦ ਕੌਮੀ ਕਾਂਗਰਸ ਦਾ ਵਿਸ਼ੇਸ਼ ਸਮਾਗਮ ਲਾਹੌਰ ਵਿਖੇ ਹੋਇਆ। ਇਸ ਸੰਮੇਲਨ ਦੇ ਪ੍ਰਧਾਨ ਪੰਡਿਤ ਜਵਾਹਰ ਲਾਲ ਨਹਿਰੂ ਸਨ। ਇਸ ਸਮਾਗਮ ਦੀ ਇਤਿਹਾਸਕ ਮਹੱਤਤਾ ਮੰਨੀ ਜਾਂਦੀ ਹੈ, ਕਿਉਂ ਜੁ ਕਾਂਗਰਸ ਨੇ, ਜੋ ਪਹਿਲਾਂ ਕੇਵਲ ਬਰਤਾਨਵੀ ਸਰਕਾਰ ਅਧੀਨ ਸੀਮਤ ਰਾਜ-ਪ੍ਰਬੰਧ (Dominion Status) ਦੀ ਮੰਗ ਕਰਦੀ ਰਹੀ ਸੀ, ਹੁਣ ਪੂਰਨ ਆਜ਼ਾਦੀ ਦੇ ਮਤੇ ਨੂੰ ਪ੍ਰਵਾਨ ਕਰ ਲਿਆ ਸੀ, ਜੋ ਇਸੇ ਲਾਹੌਰ ਕਾਂਗਰਸ ਸੈਸ਼ਨ ਵਿੱਚ ਸਰਵ-ਸੰਮਤੀ ਨਾਲ ਪਾਸ ਹੋਇਆ।

ਇਸ ਤੋਂ ਪਹਿਲਾਂ ਪੂਰਨ ਆਜ਼ਾਦੀ ਦੀ ਮੰਗ ਕੁਝ ਉੱਘੀਆਂ ਰਾਜਸੀ ਜਥੇਬੰਦੀਆਂ ਜਿਵੇਂ 1913-14 ਵਿੱਚ ਸਥਾਪਤ ਹੋਈ ਗ਼ਦਰ ਪਾਰਟੀ ਵੱਲੋਂ ਕੀਤੀ ਗਈ ਸੀ, ਜੋ ਭਾਰਤ ਵਿੱਚ ਸੁਤੰਤਰ ਲੋਕ-ਰਾਜ (ਗਣਤੰਤਰ) ਸਥਾਪਿਤ ਕਰਨਾ ਚਾਹੁੰਦੀ ਸੀ।

ਰਾਮ ਸਿੰਘ ਮਜੀਠਾ ਅਨੁਸਾਰ, "ਇਹ ਪੰਜਾਬ ਵਿੱਚ 1907 ਦੀ ਕਿਸਾਨ ਲਹਿਰ, 1914 ਦੀ ਕਾਮਾਗਾਟਾਮਾਰੂ ਅਤੇ ਗ਼ਦਰ ਪਾਰਟੀ ਸੰਗਰਾਮ, ਜਲ੍ਹਿਆਂਵਾਲਾ ਬਾਗ ਤੇ ਮਾਰਸ਼ਲ ਲਾਅ 1919, ਅਕਾਲੀ ਮੋਰਚੇ 1920-25, ਬੱਬਰ ਅਕਾਲੀ ਲਹਿਰ 1922-26, ਕਿਰਤੀ ਪਾਰਟੀ 1926, ਭਾਰਤ ਸਭਾ 1927-1929, ਰਿਆਸਤੀ ਪ੍ਰਜਾ ਮੰਡਲ ਅਤੇ ਕਿਸਾਨ ਤਹਿਰੀਕਾਂ ਦੀ ਜਿੱਤ ਸੀ, ਜਿਨ੍ਹਾਂ ਕਾਰਨ ਕਾਂਗਰਸ ਦੇ (ਇੱਕ ਧੜੇ ਦੇ) ਨਾ ਚਾਹੁੰਦਿਆਂ ਭੀ ਪੂਰਨ ਆਜ਼ਾਦੀ ਦਾ ਰੈਜ਼ੋਲਿਊਸ਼ਨ ਪਾਸ ਹੋਇਆ।"[1]

ਇਹ ਕਾਂਗਰਸ ਸੰਮੇਲਨ ਉਸ ਸਮੇਂ ਹੋਇਆ ਜਦੋਂ ਸਾਰਾ ਸੰਸਾਰ ਵੱਡੇ ਆਰਥਿਕ ਮੰਦਵਾੜੇ ਦਾ ਸ਼ਿਕਾਰ ਸੀ। ਇਸ ਕਾਂਗਰਸ ਸੰਮੇਲਨ ਦਾ ਆਗਾਮੀ ਕਾਲ ਦੇ ਸੁਤੰਤਰਤਾ ਸੰਗਰਾਮ ਉੱਤੇ ਬੜਾ ਡੂੰਘਾ ਅਤੇ ਵਿਆਪਕ ਪ੍ਰਭਾਵ ਪਿਆ।

---

[1] ਰਾਮ ਸਿੰਘ ਮਜੀਠਾ, *ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ*, ਭਾਗ ਪਹਿਲਾ, ਪੰਨਾ 186.

Namdhari Elibrary NamdhariElibrary@gmail.com

## ਸਿੱਖ ਨੇਤਾਵਾਂ ਵਿੱਚ ਕਾਂਗਰਸ ਸੰਮੇਲਨ ਵਿੱਚ ਸ਼ਾਮਿਲ ਹੋਣ ਬਾਰੇ ਮਤਭੇਦ

ਇਸ ਸਮੇਂ ਸਿੱਖ ਨੇਤਾ ਦੋ ਧੜਿਆਂ ਵਿੱਚ ਵੰਡੇ ਗਏ ਸਨ। ਬਾਬਾ ਖੜਕ ਸਿੰਘ ਨੇ ਲਾਹੌਰ ਕਾਂਗਰਸ ਸੈਸ਼ਨ ਵਿੱਚ ਸਿੱਖਾਂ ਦੇ ਸ਼ਾਮਲ ਹੋਣ ਦਾ ਵਿਰੋਧ ਕੀਤਾ ਪਰ ਦੂਜਾ ਧੜਾ ਮਾਸਟਰ ਤਾਰਾ ਸਿੰਘ ਅਤੇ ਉਸ ਦੇ ਸਾਥੀ ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਅਤੇ ਸਰਦੂਲ ਸਿੰਘ ਕਵੀਸ਼ਰ ਆਦਿ ਦਾ ਵਿਚਾਰ ਸੀ ਕਿ ਸਿੱਖਾਂ ਨੂੰ ਰਾਸ਼ਟਰੀ ਧਾਰਾ ਵਿੱਚ ਸ਼ਾਮਿਲ ਰਹਿਣਾ ਚਾਹੀਦਾ ਹੈ। ਭਾਵੇਂ ਨਹਿਰੂ ਰਿਪੋਰਟ ਨੂੰ ਉਨ੍ਹਾਂ ਵੀ ਸਵੀਕਾਰ ਨਹੀਂ ਸੀ ਕੀਤਾ। ਮੋਤੀ ਲਾਲ ਨਹਿਰੂ ਵੱਲੋਂ ਤਿਆਰ ਕੀਤੀ ਗਈ ਰਿਪੋਰਟ ਵਿੱਚ ਸਰਕਾਰ ਤੋਂ ਆਸਟਰੇਲੀਆ ਤੇ ਕੈਨੇਡਾ ਵਰਗੇ ਡੋਮੀਨੀਅਨ ਸਟੇਟਸ ਦੀ ਹੀ ਮੰਗ ਉੱਤੇ ਜ਼ੋਰ ਦਿੱਤਾ ਗਿਆ ਸੀ, ਪਰ ਕਾਂਗਰਸ ਦਾ ਗਰਮ-ਦਲ ਧੜਾ ਪੂਰਨ ਆਜ਼ਾਦੀ ਦੀ ਮੰਗ ਉੱਤੇ ਤੁਲਿਆ ਹੋਇਆ ਸੀ, ਕਿਉਂ ਜੁ ਉਸ ਸਮੇਂ ਦੀਆਂ ਮਜ਼ਦੂਰ ਕਿਸਾਨ ਲਹਿਰਾਂ ਇਨਕਲਾਬੀ ਜੋਸ਼ ਨਾਲ ਅੱਗੇ ਵੱਧ ਰਹੀਆਂ ਸਨ। ਕਾਂਗਰਸ ਦੇ ਗਰਮ ਤੇ ਨਰਮ ਦਲਾਂ ਦੇ ਦ੍ਰਿਸ਼ਟੀਕੋਣ ਨੂੰ ਮੁੱਖ ਰੱਖ ਕੇ ਇਸ ਸਮੇਂ ਦੀ ਸਿੱਖ ਸਿਆਸਤ ਵੀ ਦੋ ਧੜਿਆਂ ਵਿੱਚ ਵੰਡੀ ਹੋਈ ਸੀ, ਜਿਸਦਾ ਜ਼ਿਕਰ ਅਸੀਂ ਉੱਪਰ ਕਰ ਆਏ ਹਾਂ।

ਲਾਹੌਰ ਕਾਂਗਰਸ ਸੈਸ਼ਨ ਸਮੇਂ ਬਾਬਾ ਖੜਕ ਸਿੰਘ ਨੇ ਵੱਖਰਾ ਸਿੱਖ ਸੰਮੇਲਨ ਬੁਲਾ ਲਿਆ ਸੀ, ਜਿਸ ਵਿੱਚ ਹਿੱਸਾ ਲੈਣ ਲਈ ਕਈ ਹਜ਼ਾਰ ਸਿੱਖ ਸੰਗਤਾਂ ਲਾਹੌਰ ਪੁੱਜ ਗਈਆਂ ਸਨ। ਬਾਬਾ ਖੜਕ ਸਿੰਘ ਨੇ ਐਲਾਨ ਕਰਕੇ ਸਿੱਖਾਂ ਨੂੰ ਕਾਂਗਰਸ ਸੈਸ਼ਨ ਵਿੱਚ ਜਾਣ ਤੋਂ ਵਰਜ ਦਿੱਤਾ ਪਰ ਦੂਜੇ ਬੰਨੇ ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਆਦਿ ਦੇਸ਼ ਭਗਤਾਂ ਦਾ ਵਿਚਾਰ ਸੀ ਕਿ ਸਿੱਖਾਂ ਨੂੰ ਨਹਿਰੂ ਰਿਪੋਰਟ ਦਾ ਵਿਰੋਧ ਤਾਂ ਕਰਨਾ ਚਾਹੀਦਾ ਹੈ ਪਰ ਕਾਂਗਰਸ ਸੈਸ਼ਨ ਦਾ ਬਾਈਕਾਟ ਨਹੀਂ ਕਰਨਾ ਚਾਹੀਦਾ।

ਨਹਿਰੂ ਰਿਪੋਰਟ ਬਾਰੇ "[1]ਪ੍ਰੋ. ਪਿਆਰਾ ਸਿੰਘ ਪਦਮ (ਸੰਖੇਪ ਸਿੱਖ ਇਤਿਹਾਸ) ਅਨੁਸਾਰ ਸਿੱਖ ਨੇਤਾ ਤਿੰਨ ਭਾਗਾਂ ਵਿੱਚ ਵੰਡੇ ਹੋਏ ਸਨ। ਸ੍ਰ. ਮੰਗਲ ਸਿੰਘ ਨਹਿਰੂ ਰਿਪੋਰਟ ਦੇ ਹੱਕ ਵਿੱਚ ਸਨ, ਮਾਸਟਰ ਤਾਰਾ ਸਿੰਘ ਵਿਰੋਧ ਵਿੱਚ ਅਤੇ ਬਾਬਾ ਖੜਕ ਸਿੰਘ ਵਧੇਰੇ ਹੀ ਨਾਰਾਜ਼ ਸਨ ਅਤੇ ਉਹ ਕਾਂਗਰਸ ਦਾ ਹੀ ਬਾਈਕਾਟ ਕਰਨਾ ਚਾਹੁੰਦੇ ਸਨ।"

ਨਹਿਰੂ ਰਿਪੋਰਟ ਬਾਰੇ ਸ. ਖੁਸ਼ਵੰਤ ਸਿੰਘ ਲਿਖਦਾ ਹੈ, "[2]ਨਹਿਰੂ ਰਿਪੋਰਟ ਰਾਜਨੀਤਿਕ ਸੌਦਾਬਾਜ਼ੀ ਬਾਰੇ ਬੜੀ ਪ੍ਰਭਾਵਸ਼ਾਲੀ ਮਸ਼ਕ ਸੀ। ਪਰ ਮੁਸਲਮਾਨਾਂ ਨੇ ਇਸ ਦਾ ਥੋੜ੍ਹਾ ਜਿਹਾ ਨੋਟਿਸ ਵੀ ਨਾ ਲਿਆ ਅਤੇ ਸਿੱਖਾਂ ਨੇ ਇਸ ਨੂੰ ਰੱਦ ਕਰ ਦਿੱਤਾ। ਇਸ ਰਿਪੋਰਟ ਤੋਂ ਬਾਬਾ ਖੜਕ ਸਿੰਘ ਦਾ ਦਲ ਏਨਾ ਨਿਰਾਸ਼ ਸੀ ਕਿ ਉਸਨੇ ਕਾਂਗਰਸ ਨਾਲੋਂ ਨਾਤਾ ਤੋੜ ਲਿਆ। ਦੂਜਾ, ਮਾਸਟਰ ਤਾਰਾ ਸਿੰਘ ਦਾ ਧੜਾ, ਇਸ ਨੂੰ ਰੱਦ ਕਰਨ ਦੇ ਹੱਕ ਵਿੱਚ ਤਾਂ ਸੀ ਪਰ ਉਸਨੇ ਕਾਂਗਰਸ ਨਾਲ ਰਾਸ਼ਟਰੀ ਦਲ ਹੋਣ ਕਾਰਨ ਆਪਣਾ ਰਿਸ਼ਤਾ ਜੋੜੀ ਰੱਖਿਆ। ਇਸ ਪ੍ਰਕਾਰ ਨਹਿਰੂ ਰਿਪੋਰਟ ਤਾਂ ਕਾਂਗਰਸ ਦੇ ਸੰਗ੍ਰਹਾਲੇ ਦੇ ਦਫਤਰ

[1] ਤਾਰਾ ਸਿੰਘ ਅਨਜਾਣ, *ਸਾਹਿਬ ਕੁਈ ਨ ਹੋਇਆ*, ਪੰਨਾ 104.

[2] ਖੁਸ਼ਵੰਤ ਸਿੰਘ, *ਏ ਹਿਸਟਰੀ ਆਫ ਦਾ ਸਿੱਖਸ*, ਭਾਗ-2 (1839-1988), ਪੰਨਾ 228.

Namdhari Elibrary NamdhariElibrary@gmail.com

ਦਾਖਲ ਹੋ ਕੇ ਆਪਣੇ ਆਪ ਹੀ ਦਫਨਾਈ ਗਈ।"

ਸਿੱਖ ਐਨਸਾਈਕਲੋਪੀਡੀਆ ਅਨੁਸਾਰ, [1]"ਬਾਬਾ ਖੜਕ ਸਿੰਘ (1868-1963) ਸਿੱਖਾਂ ਦਾ ਪੜ੍ਹਿਆ-ਲਿਖਿਆ, ਸੂਝਵਾਨ ਅਤੇ ਸੁਤੰਤਰ ਵਿਚਾਰਧਾਰਾ ਵਾਲਾ ਆਗੂ ਸੀ। ਉਸਨੇ ਸਿੱਖ ਰਾਜਨੀਤੀ ਵਿੱਚ ਚੀਫ ਖ਼ਾਲਸਾ ਦੀਵਾਨ ਦੀਆਂ ਸਿਆਲਕੋਟ ਅਤੇ ਤਰਨਤਾਰਨ ਦੀਆਂ ਸਿੱਖ ਵਿੱਦਿਅਕ ਕਾਨਫਰੰਸਾਂ ਤੋਂ ਭਾਗ ਲੈਣਾ ਸ਼ੁਰੂ ਕੀਤਾ ਅਤੇ ਆਪਣੀ ਦਲੇਰੀ ਅਤੇ ਕੁਰਬਾਨੀ ਦੇ ਕਈ ਉਦਾਹਰਣ ਪੇਸ਼ ਕੀਤੇ। ਉਹ ਤਰਨਤਾਰਨ ਦੇ ਵਿੱਦਿਅਕ ਸੰਮੇਲਨ ਵਿੱਚ ਕਾਨਫਰੰਸ ਦਾ ਪ੍ਰਧਾਨ ਹੋਣ ਦੇ ਨਾਤੇ ਪੈਦਲ ਹੀ ਪ੍ਰਧਾਨ ਦੇ ਜਲੂਸ ਵਿੱਚ ਗਿਆ ਅਤੇ ਛੇ ਘੋੜਿਆਂ ਵਾਲੀ ਬੱਗੀ ਦੀ ਰੀਤੀ ਨੂੰ ਤਿਆਗ ਦਿੱਤਾ। ਉਸਨੇ ਪਹਿਲੇ ਮਹਾਂਯੁੱਧ ਵਿੱਚ ਅੰਗਰੇਜ਼ਾਂ ਦੀ ਜਿੱਤ ਬਾਰੇ ਵਧਾਈ ਦੇਣ ਦਾ ਮਤਾ ਪਾਸ ਨਾ ਹੋਣ ਦਿੱਤਾ। ਉਹ 1920 ਵਿੱਚ ਕਾਇਮ ਹੋਈ ਸੈਂਟਰਲ ਸਿੱਖ ਲੀਗ ਦਾ ਪ੍ਰਧਾਨ ਬਣਿਆ ਅਤੇ ਮਹਾਤਮਾ ਗਾਂਧੀ ਵੱਲੋਂ ਚਲਾਈ ਗਈ ਨਾ-ਮਿਲਵਰਤਣ ਲਹਿਰ ਵਿੱਚ ਸ਼ਾਮਿਲ ਹੋਇਆ। 1921 ਵਿੱਚ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਬਣਿਆ ਅਤੇ 1922 ਵਿੱਚ ਉਹ ਪ੍ਰਦੇਸ਼ ਕਾਂਗਰਸ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ। 1921-22 ਵਿੱਚ ਉਸਨੇ ਅੰਗਰੇਜ਼ ਅਧਿਕਾਰੀਆਂ ਵੱਲੋਂ ਸ੍ਰੀ ਦਰਬਾਰ ਸਾਹਿਬ ਦੇ ਤੋਸ਼ੇਖਾਨੇ ਦੀਆਂ ਕੁੰਜੀਆਂ ਹਾਸਲ ਕੀਤੀਆਂ। ਇਸ ਤੋਂ ਪਿਛੋਂ ਉਹ ਕਈ ਵਾਰ ਕੈਦ ਹੋਇਆ। ਨਿਰਾ ਏਨਾ ਹੀ ਨਹੀਂ, ਸਗੋਂ ਇੱਕ ਵਾਰ ਡੇਰਾ ਗਾਜ਼ੀ ਖਾਂ ਦੀ ਜੇਲ੍ਹ ਵਿੱਚ ਉਸਨੇ ਰਾਜਸੀ ਕੈਦੀਆਂ ਦੀਆਂ ਮੰਗਾਂ ਨਾ ਮੰਨੀਆਂ ਜਾਣ ਉੱਤੇ ਰੋਸ ਵਜੋਂ ਕਾਫ਼ੀ ਸਮਾਂ ਸਾਰੇ ਕੱਪੜੇ ਉਤਾਰ ਕੇ ਇੱਕ ਕੱਛਹਿਰੇ ਨਾਲ ਹੀ ਜੇਲ੍ਹ ਦੀ ਕੈਦ ਕੱਟੀ। ਉਹ ਨਹਿਰੂ ਰਿਪੋਰਟ ਦਾ ਸਖ਼ਤ ਵਿਰੋਧੀ ਸੀ ਅਤੇ ਸਿੱਖਾਂ ਦਾ ਬੇਤਾਜ ਬਾਦਸ਼ਾਹ ਕਰਕੇ ਜਾਣਿਆ ਜਾਂਦਾ ਸੀ। ਉਸਨੇ 1929 ਦੇ ਕਾਂਗਰਸ ਸੈਸ਼ਨ ਦਾ ਸਿੱਖਾਂ ਨੂੰ ਬਾਈਕਾਟ ਕਰਨ ਦਾ ਸੱਦਾ ਦਿੱਤਾ ਅਤੇ ਵੱਖਰਾ ਸਿੱਖਾਂ ਦਾ ਸੰਮੇਲਨ ਕੀਤਾ ਜਿਸ ਵਿੱਚ ਹਜ਼ਾਰਾਂ ਸਿੱਖ ਸ਼ਾਮਿਲ ਹੋਏ। ਭਾਵੇਂ ਉਹ 1929 ਦੇ ਕਾਂਗਰਸ ਸੈਸ਼ਨ ਵਿੱਚ ਸ਼ਾਮਿਲ ਨਾ ਹੋਇਆ, ਪਰ ਫਿਰ ਵੀ ਉਹ ਸੁਤੰਤਰਤਾ ਸੰਗਰਾਮ ਅਤੇ ਸਿੱਖਾਂ ਦੇ ਹੱਕਾਂ ਲਈ ਲੜਦਾ ਰਿਹਾ।"

ਬਾਬਾ ਗੁਰਦਿੱਤ ਸਿੰਘ ਦਾ ਬਿਆਨ ਜੋ ਉਸਨੇ ਗੁਰੂ ਨਾਨਕ ਸਰਬ-ਸੰਪ੍ਰਦਾਏ ਕਾਨਫਰੰਸ (ਭੈਣੀ ਸਾਹਿਬ) ਵਿੱਚ ਦਿੱਤਾ, ਉਹ ਉਚੇਚੇ ਧਿਆਨ ਦੀ ਮੰਗ ਕਰਦਾ ਹੈ।

"ਜਦ ਸੰਨ 1929 ਨੂੰ ਆਲ ਇੰਡੀਆ ਕਾਂਗਰਸ ਦਾ ਸਮਾਗਮ ਲਾਹੌਰ ਹੋਇਆ, ਤਾਂ ਅਸੀਂ ਦੇਖਿਆ ਕਿ ਅਕਾਲੀ ਸਿੱਖਾਂ ਦੇ ਬੇਤਾਜ ਬਾਦਸ਼ਾਹ ਦੇ ਹੁਕਮ ਨਾਲ ਲਗਭਗ ਪੌਣਾ ਲੱਖ ਅਕਾਲੀ, ਜੋ ਪਿੰਡਾਂ ਵਿੱਚੋਂ ਆਏ ਸਨ, ਕਿਲ੍ਹੇ ਦੇ ਆਸ-ਪਾਸ ਲੁੱਕ ਛਿਪ ਕੇ ਦਿਨ ਕਟ ਰਹੇ ਸਨ। ਕਿਉਂਕਿ ਉਨ੍ਹਾਂ ਦੇ ਬਾਦਸ਼ਾਹ ਸ੍ਰੀਮਾਨ ਸਰਦਾਰ ਖੜਕ ਸਿੰਘ ਜੀ ਦਾ ਹੁਕਮ ਸੀ ਕਿ ਜੋ ਕਾਂਗਰਸ ਵਿੱਚ ਜਾਵੇਗਾ ਉਹ ਸਿੱਖ ਨਹੀਂ ਰਹੇਗਾ। ਸੋ, ਸਾਨੂੰ ਇਹ ਗੱਲ ਬੁਰੀ ਮਹਿਸੂਸ ਹੋਈ। ਅਸਾਂ ਅਕਾਲੀ ਜਥਿਆਂ ਵਿੱਚ ਹੋਕਾ ਦੇਣਾ ਸ਼ੁਰੂ ਕਰ ਦਿੱਤਾ

[1] *ਦ ਐਨਸਾਈਕਲੋਪੀਡੀਆ ਆਫ ਸਿੱਖਇਜ਼ਮ*, ਪੰਨਾ 493-494.

Namdhari Elibrary NamdhariElibrary@gmail.com

ਕਿ ਜਿਹੜਾ ਕਾਂਗਰਸ ਵਿੱਚ ਨਾ ਜਾਊ ਉਹ ਸਿੱਖ ਨਹੀਂ। ਇਹ ਸੁਣ ਕੇ ਹਜ਼ਾਰਾਂ ਅਕਾਲੀ ਕਾਂਗਰਸ ਦੇ ਪੰਡਾਲ ਵੱਲ ਤੁਰ ਪਏ।"[1]

ਇਨ੍ਹਾਂ ਹਜ਼ਾਰਾਂ ਦੀ ਗਿਣਤੀ ਵਿੱਚ ਕਾਂਗਰਸ ਸੰਮੇਲਨ ਵਿੱਚ ਸ਼ਾਮਿਲ ਹੋਏ ਸਿੱਖਾਂ ਨੂੰ ਲੰਗਰ ਛਕਾਉਣ ਦੀ ਸੇਵਾ ਮਾਤਾ ਜੀਵਨ ਕੌਰ ਜੀ ਦੀ ਅਗਵਾਈ ਵਿੱਚ ਚਲਾਏ ਜਾ ਰਹੇ ਨਾਮਧਾਰੀ ਲੰਗਰ ਨੇ ਕੀਤੀ।

## ਕਾਂਗਰਸ ਸੈਸ਼ਨ ਨੂੰ ਸਫ਼ਲ ਬਣਾਉਣ ਲਈ ਨਾਮਧਾਰੀਆਂ ਦਾ ਯੋਗਦਾਨ

ਜਿਥੇ ਅਕਾਲੀ ਨੇਤਾ ਬਾਬਾ ਖੜਕ ਸਿੰਘ ਨੇ ਲਾਹੌਰ ਕਾਂਗਰਸ ਸੈਸ਼ਨ ਵਿੱਚ ਸ਼ਾਮਿਲ ਨਾ ਹੋਣ ਦਾ ਸੱਦਾ ਸਿੱਖਾਂ ਨੂੰ ਦਿੱਤਾ ਅਤੇ ਸਿੱਖਾਂ ਦਾ ਉਨ੍ਹਾਂ ਹੀ ਦਿਨਾਂ ਵਿੱਚ ਸਮਾਂਨੰਤਰ ਇਜਲਾਸ ਬੁਲਾ ਲਿਆ, ਉਥੇ ਮਾਸਟਰ ਤਾਰਾ ਸਿੰਘ, ਸਰਦੂਲ ਸਿੰਘ ਕਵੀਸ਼ਰ ਅਤੇ ਤੇਜਾ ਸਿੰਘ ਚੂਹੜ ਦੇ ਅਕਾਲੀ ਧੜੇ ਨੇ ਕਾਂਗਰਸ ਨਾਲ ਆਪਣਾ ਸੰਬੰਧ ਜੋੜੀ ਰੱਖਿਆ, ਪਰ ਇਸ ਕਾਂਗਰਸ ਸੰਮੇਲਨ ਨੂੰ ਕਾਮਯਾਬ ਕਰਨ ਲਈ ਨਾਮਧਾਰੀਆਂ ਦਾ ਯੋਗਦਾਨ ਬਹੁਤ ਮਹੱਤਵਪੂਰਨ ਸੀ। ਇੱਕ ਵਾਰ ਤਾਂ ਇਹ ਡਰ ਸੀ ਕਿ ਅਕਾਲੀ ਨੇਤਾਵਾਂ ਵੱਲੋਂ ਕਾਂਗਰਸ ਸੈਸ਼ਨ ਦੇ ਬਾਈਕਾਟ ਕਰਨ ਸਦਕਾ ਇਸ ਸੈਸ਼ਨ ਵਿੱਚ ਸਿੱਖਾਂ ਦੀ ਪ੍ਰਤੀਨਿਧਤਾ ਬੜੀ ਘੱਟ ਰਹੇਗੀ ਅਤੇ ਕਾਂਗਰਸ ਦੇ ਕੌਮੀ ਨੇਤਾ ਇਹ ਪ੍ਰਭਾਵ ਲੈ ਕੇ ਜਾਣਗੇ ਕਿ ਸਿੱਖ ਕਾਂਗਰਸ ਦਾ ਪੂਰਾ ਸਮਰਥਨ ਨਹੀਂ ਕਰ ਰਹੇ ਪਰ ਸਤਿਗੁਰੂ ਪਰਤਾਪ ਸਿੰਘ ਜੀ ਦੀ ਦਾਨਾਈ ਸੂਝ-ਬੂਝ ਅਤੇ ਵਿਵਹਾਰਿਕ ਨੀਤੀ ਨੇ ਇਸ ਕਾਂਗਰਸ ਸੈਸ਼ਨ ਨੂੰ ਕਾਮਯਾਬ ਕਰਨ ਲਈ ਬਹੁਤ ਵੱਡਾ ਯੋਗਦਾਨ ਦਿੱਤਾ।

ਸਤਿਗੁਰੂ ਪਰਤਾਪ ਸਿੰਘ ਜੀ ਇਨ੍ਹਾਂ ਦਿਨਾਂ ਵਿੱਚ ਲਾਹੌਰ ਵਿੱਚ ਰਹਿ ਕੇ ਹੀ ਆਪਣੇ ਧਾਰਮਿਕ ਨੇਮ-ਕਰਮ ਨੂੰ ਨਿਭਾ ਵੀ ਰਹੇ ਸਨ ਅਤੇ ਸਮੁੱਚੇ ਨਾਮਧਾਰੀ ਪੰਥ ਨੂੰ ਇਸ ਕਾਂਗਰਸ ਸੰਮੇਲਨ ਨੂੰ ਕਾਮਯਾਬ ਕਰਨ ਲਈ ਖਾਸ ਆਦੇਸ਼ ਵੀ ਦੇ ਰਹੇ ਸਨ। ਆਪ ਜੀ ਨੇ ਪਹਿਲਾਂ ਹੀ ਨਾਮਧਾਰੀ ਸੂਬਿਆਂ ਨੂੰ ਸੰਦੇਸ਼ ਭੇਜ ਕੇ ਇਸ ਕਾਂਗਰਸ ਸੈਸ਼ਨ ਨੂੰ ਸਫਲ ਬਣਾਉਣ ਲਈ ਸੁਚੇਤ ਕਰ ਦਿੱਤਾ ਸੀ। ਲੰਗਰ ਅਤੇ ਪ੍ਰਧਾਨ ਜਵਾਹਰ ਲਾਲ ਨਹਿਰੂ ਦੇ ਜਲੂਸ ਦੀ ਸ਼ਾਨ ਨੂੰ ਦਰਸ਼ਨੀ ਬਣਾਉਣ ਦੇ ਸੰਕੇਤ ਦੇ ਦਿੱਤੇ ਸਨ ਅਤੇ ਬਹੁਤ ਸਾਰੇ ਉੱਘੇ ਨਾਮਧਾਰੀ ਸੂਬਿਆਂ ਦੀਆਂ ਡਿਊਟੀਆਂ ਲਗਾ ਛੱਡੀਆਂ ਸਨ।

## ਨਾਮਧਾਰੀ ਲੰਗਰ ਦੀ ਸ਼ੋਭਾ

ਮਾਤਾ ਜੀਵਨ ਕੌਰ ਦੀ ਅਗਵਾਈ ਵਿੱਚ ਕਾਂਗਰਸ ਸੈਸ਼ਨ ਦੇ ਮੰਡਪਾਂ ਦੇ ਨੇੜੇ ਹੀ ਨਾਮਧਾਰੀ ਲੰਗਰ ਦੇ ਸ਼ਾਮਿਆਨੇ ਲਗਾਏ ਗਏ ਸਨ। ਲੰਗਰ ਦਾ ਸਮੁੱਚਾ ਪ੍ਰਬੰਧ ਮਾਤਾ ਜੀਵਨ ਕੌਰ ਦੀ ਨਿਗਰਾਨੀ ਵਿੱਚ ਚੱਲ ਰਿਹਾ ਸੀ। ਲੰਗਰ ਦੀ ਰਸਦ ਲਾਹੌਰ ਦੇ ਪੱਥਰਾਂ ਦੇ ਕਾਰਖਾਨੇ ਦੇ ਮਾਲਕ ਬਾਬਾ ਧਿਆਨ ਸਿੰਘ ਵੱਲੋਂ ਦਿੱਤੀ ਗਈ ਅਤੇ ਸ਼ਾਮਿਆਨਿਆਂ ਦੀ ਸੇਵਾ ਸ. ਆਤਮਾ ਸਿੰਘ ਨੇ ਕੀਤੀ। ਇਸ ਲੰਗਰ ਵਿੱਚੋਂ ਹਜ਼ਾਰਾਂ ਕਾਂਗਰਸੀਆਂ ਅਤੇ

[1] ਸੰਤ ਇੰਦਰ ਸਿੰਘ ਚਕ੍ਰਵਰਤੀ, *ਅਟੱਲ ਪ੍ਰਤਾਪੀ*, ਪੰਨਾ 23.

Namdhari Elibrary NamdhariElibrary@gmail.com

ਗੈਰ-ਕਾਂਗਰਸੀਆਂ ਜੋ ਸੰਮੇਲਨ ਵਿੱਚ ਭਾਗ ਲੈਣ ਆਏ ਸਨ ਨੇ ਪ੍ਰਸ਼ਾਦਾ ਛਕਿਆ ਅਤੇ ਨਾਮਧਾਰੀਆਂ ਦੇ ਲੰਗਰ ਦੇ ਇਸ ਆਦਰਸ਼ਕ ਪ੍ਰਬੰਧ ਦੀ ਸ਼ਲਾਘਾ ਕੀਤੀ। ਇਥੋਂ ਤੱਕ ਕਿ ਬਾਬਾ ਖੜਕ ਸਿੰਘ ਵੱਲੋਂ ਬੁਲਾਏ ਗਏ ਸਿੱਖ ਸੰਮੇਲਨ ਲਈ ਆਏ ਬਹੁਤ ਸਾਰੇ ਸਿੱਖਾਂ ਨੇ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਦੀ ਬੇਨਤੀ ਉੱਤੇ ਕਾਂਗਰਸ ਦੇ ਸੰਮੇਲਨ ਵਿੱਚ ਭਾਗ ਲਿਆ ਅਤੇ ਉਨ੍ਹਾਂ ਹਜ਼ਾਰਾਂ ਸਿੱਖ ਸੰਗਤਾਂ ਨੂੰ ਵੀ ਨਾਮਧਾਰੀ ਲੰਗਰ ਵੱਲੋਂ ਖੁਲ੍ਹੇ ਦਿਲ ਨਾਲ ਪ੍ਰਸ਼ਾਦਾ ਛਕਾਇਆ ਗਿਆ।

## ਕਾਂਗਰਸ ਦੇ ਪ੍ਰਧਾਨ ਦਾ ਜਲੂਸ

ਕਾਂਗਰਸ ਸੈਸ਼ਨ ਦੇ ਪ੍ਰਧਾਨ ਪੰਡਿਤ ਜਵਾਹਰ ਲਾਲ ਨਹਿਰੂ ਦੇ ਜਲੂਸ ਵਿੱਚ ਸ਼ਾਮਿਲ ਹੋਣ ਲਈ ਨਾਮਧਾਰੀ ਸੂਬਿਆਂ ਤੇ ਸੰਗਤਾਂ ਨੂੰ ਪਹਿਲਾਂ ਹੀ ਸੰਦੇਸ਼ ਭੇਜੇ ਗਏ ਸਨ। ਮਹਾਰਾਜ ਨਿਹਾਲ ਸਿੰਘ ਦੀ ਅਗਵਾਈ ਵਿੱਚ ਸ. ਆਤਮਾ ਸਿੰਘ ਅਤੇ ਸ. ਦਇਆ ਸਿੰਘ ਨੇ ਨਾਮਧਾਰੀਆਂ ਦੇ ਜਲੂਸ ਵਿੱਚ ਸ਼ਾਮਿਲ ਹੋਣ ਨੂੰ ਅਨੁਸ਼ਾਸਿਤ ਢੰਗ ਨਾਲ ਜੱਥੇਬੰਦ ਕੀਤਾ। ਪੰਡਿਤ ਨਹਿਰੂ ਦੇ ਜਲੂਸ ਵਿੱਚ ਨਾਮਧਾਰੀਆਂ ਵੱਲੋਂ ਸੌ ਘੋੜਿਆਂ ਉੱਤੇ ਅਸਵਾਰ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਨਾਮਧਾਰੀ ਬਾਣੇ ਵਿੱਚ ਨਾਮਧਾਰੀ ਜਲੂਸ ਵਿੱਚ ਨਾਅਰੇ ਗਜਾਉਂਦੇ ਹੋਏ ਜਾ ਰਹੇ ਸਨ। ਉਨ੍ਹਾਂ ਦੇ ਪੀਲੇ ਬਿੱਲਿਆਂ ਉੱਤੇ 'ਨਾਮਧਾਰੀ ਦੇਸ਼-ਸੇਵਕ ਜਥਾ' ਲਿਖਿਆ ਹੋਇਆ ਸੀ। ਉਹ ਹੰਸਾਂ ਵਰਗੇ ਬਾਣੇ ਵਿੱਚ ਜਲੂਸ ਦੀ ਸ਼ਾਨ ਨੂੰ ਵਧਾ ਰਹੇ ਸਨ। ਜਿਨ੍ਹਾਂ ਨਾਮਧਾਰੀ ਸੱਜਣਾਂ ਨੇ ਇਸ ਸੰਮੇਲਨ ਦੀ ਕਾਮਯਾਬੀ ਲਈ ਅਣਥੱਕ ਯਤਨ ਕੀਤੇ ਉਨ੍ਹਾਂ ਵਿੱਚ ਕੁਝ ਇਹ ਉੱਘੇ ਸੱਜਣ ਸ਼ਾਮਿਲ ਸਨ :

[1]"ਸੰਤ ਨਿਧਾਨ ਸਿੰਘ ਆਲਿਮ, ਸੰਤ ਮੰਗਲ ਸਿੰਘ ਫਤੂਹੀ ਚੱਕ, ਪੰਡਿਤ ਬਸੰਤ ਸਿੰਘ ਜੀ, ਮਾਸਟਰ ਗੁਰਬਖਸ਼ ਸਿੰਘ ਜੀ, ਮਨਸਾ ਸਿੰਘ ਕੌਮੀ ਭਰਥਲਾ, ਮੁਨਸ਼ਾ ਸਿੰਘ ਠੱਟਾ, ਜ਼ਿਲ੍ਹਾ ਲਾਹੌਰ ਭੰਬਿਆਂ ਦੇ ਦੋਨੋਂ ਭਾਈ ਨਰੈਣ ਸਿੰਘ ਤੇ ਭਾਨ ਸਿੰਘ, ਊਧਮ ਸਿੰਘ ਜੀ ਮੱਖੀ, ਜੰਗ ਸਿੰਘ ਜੀ ਬਿਲਗਾ, ਅਣਖਾ ਸਿੰਘ ਜੀ ਦਾਤੇ ਵਾਲ, ਸੂ. ਲਛਮਣ ਸਿੰਘ ਫਤੇਵਾਲ, ਸੰਤ ਇੰਦਰ ਸਿੰਘ ਜੀ ਚੱਕਰਵਰਤੀ, ਪੰਡਿਤ ਅਮਰ ਸਿੰਘ ਆਦਿ।"

ਲਾਹੌਰ ਕਾਂਗਰਸ ਸੈਸ਼ਨ ਦੀ ਸਮੁੱਚੀ ਪ੍ਰਾਪਤੀ ਬਾਰੇ ਰਾਮ ਸਿੰਘ ਮਜੀਠਾ ਲਿਖਦਾ ਹੈ : '"31 ਦਸੰਬਰ 1929 ਦੀ ਠੀਕ ਅੱਧੀ ਰਾਤ ਨੂੰ ਹਿੰਦੁਸਤਾਨ ਦੀ ਪੂਰਨ ਆਜ਼ਾਦੀ ਦਾ ਮਸ਼ਹੂਰ ਰੈਜ਼ੋਲਿਊਸ਼ਨ ਪਾਸ ਕੀਤਾ ਗਿਆ। ਪੰਡਤ ਜਵਾਹਰ ਲਾਲ ਨਹਿਰੂ ਨੇ ਆਪਣੇ ਪ੍ਰਧਾਨਗੀ ਐਡਰੈਸ ਵਿੱਚ ਲੋਕਾਂ ਦੇ ਲਤਾੜੂ ਮੁਹਾਣ ਨੂੰ ਦੱਸਦੇ ਹੋਏ ਇਸ ਤਰ੍ਹਾਂ ਐਲਾਨ ਕੀਤਾ :

"ਮੈਂ ਖੁਲ੍ਹੇ ਦਿਲ ਨਾਲ ਮੰਨਦਾ ਹਾਂ ਕਿ ਮੈਂ ਸੋਸ਼ਲਿਸਟ ਹਾਂ। ਮੈਂ ਲੋਕਰਾਜੀ ਹਾਂ। ਮੈਨੂੰ ਬਾਦਸ਼ਾਹਾਂ ਅਤੇ ਸ਼ਹਿਜ਼ਾਦਿਆਂ ਉੱਤੇ ਕੋਈ ਵਿਸ਼ਵਾਸ ਨਹੀਂ ਅਤੇ ਨਾ ਉਸ ਰਵਾਜ ਉੱਤੇ ਵਿਸ਼ਵਾਸ ਹੈ, ਜਿਹੜਾ ਹੁਣ ਦੇ ਵਕਤ ਦੇ ਕਾਰਖਾਨਿਆਂ ਦੇ ਬਾਦਸ਼ਾਹ ਪੈਦਾ ਕਰਦਾ ਹੈ।"

[1] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ ਦੂਜਾ, ਪੰਨਾ 222.

Namdhari Elibrary NamdhariElibrary@gmail.com

[1]"ਕਾਂਗਰਸ ਦੇ ਲਾਹੌਰ ਵਾਲੇ 1929 ਦੇ ਸੈਸ਼ਨ ਨੇ ਕੌਮ ਨੂੰ ਆਵਾਜ਼ ਦਿੱਤੀ ਕਿ ਬੜੀ ਵੱਡੀ ਅਤੇ ਮਜ਼ਬੂਤ ਲੜਾਈ ਵਾਸਤੇ ਤਿਆਰ ਰਹੇ ਤਾਂਕਿ ਪੂਰਨ ਆਜ਼ਾਦੀ ਪ੍ਰਾਪਤ ਕੀਤੀ ਜਾ ਸਕੇ। 26 ਜਨਵਰੀ ਆਜ਼ਾਦੀ ਦੇ ਦਿਨ ਦੇ ਤੌਰ ਤੇ ਨੀਅਤ ਕੀਤਾ ਗਿਆ ਸੀ ਤਾਂ ਕਿ ਉਸ ਦਿਨ ਮੀਟਿੰਗਾਂ, ਰੈਲੀਆਂ ਕੀਤੀਆਂ ਜਾਣ ਅਤੇ ਆਜ਼ਾਦੀ ਵਾਸਤੇ ਕੁਰਬਾਨੀਆਂ ਕਰਨ ਦੇ ਹਲਫ ਲਏ ਜਾਣ। ਆਜ਼ਾਦੀ ਤੋਂ ਬਾਅਦ, ਇਹੀ 26 ਜਨਵਰੀ ਦਾ ਦਿਨ ਹੀ ਰੀਪਬਲਿਕ ਡੇ ਦੇ ਤੌਰ 'ਤੇ ਮਨਾਇਆ ਜਾਂਦਾ ਹੈ।"

ਲਾਹੌਰ ਕਾਂਗਰਸ ਸੈਸ਼ਨ ਨਾਲ ਸਰਬ ਹਿੰਦ ਕਾਂਗਰਸ ਅਤੇ ਨਾਮਧਾਰੀ ਸਮਾਜ ਦਾ ਪੱਕਾ ਗੱਠ-ਚਿੜ੍ਹਾਵਾ ਹੋ ਗਿਆ, ਜੋ 15 ਅਗਸਤ 1947 ਤੱਕ ਪੂਰਨ ਆਜ਼ਾਦੀ ਦੀ ਪ੍ਰਾਪਤੀ ਤੱਕ ਨਿਭਿਆ।

---

[1] ਰਾਮ ਸਿੰਘ ਮਜੀਠਾ, *ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ*, ਭਾਗ ਪਹਿਲਾ, ਪੰਨਾ 186-187.

Namdhari Elibrary NamdhariElibrary@gmail.com

ਅਧਿਆਇ 9

# ਨਾਮਧਾਰੀ ਪੰਥ ਦੀ ਜੋਬਨ-ਰੁੱਤ ਦਾ ਸਮਾਂ

1930 ਤੋਂ ਦੂਜੇ ਮਹਾਂਯੁੱਧ ਦੇ ਆਰੰਭ ਹੋਣ ਤੱਕ ਦੇਸ਼ ਵਿੱਚ ਰਾਜਸੀ ਸਰਗਰਮੀਆਂ ਪੂਰੇ ਜੋਸ਼ ਵਿੱਚ ਚਲਾਈਆਂ ਜਾ ਰਹੀਆਂ ਸਨ। ਮਹਾਤਮਾ ਗਾਂਧੀ ਜੀ ਵੱਲੋਂ ਚਲਾਈ ਗਈ ਵਿਅਕਤੀਗਤ ਸਤਿਆਗ੍ਰਹਿ ਲਹਿਰ ਦਾ ਪੰਜਾਬ ਵਿੱਚ ਵੀ ਅਸਰ ਹੋਇਆ। ਇਸੇ ਸਮੇਂ 1931-32 ਵਿੱਚ ਲੰਡਨ ਵਿੱਚ ਗੋਲਮੇਜ਼ ਕਾਨਫਰੰਸਾਂ ਕੀਤੀਆਂ ਗਈਆਂ ਜਿਨ੍ਹਾਂ ਦਾ ਉਦੇਸ਼ ਫੈਡਰਲ ਅਰਥਾਤ ਗਣਰਾਜੀ ਢਾਂਚੇ ਵਿੱਚ ਸੂਬਿਆਂ ਦੀਆਂ ਸੰਵਿਧਾਨਕ ਚੋਣਾਂ ਕਰਵਾਉਣਾ ਸੀ ਤਾਂ ਜੋ ਰਾਜਨੀਤਿਕ ਤੌਰ ਤੇ ਇਹ ਅਹਿਸਾਸ ਜਾਗ ਪਵੇ ਕਿ ਕੇਂਦਰ ਅਤੇ ਪ੍ਰਾਂਤਾਂ ਅੰਦਰ ਰਾਜ ਪ੍ਰਬੰਧ ਵਿੱਚ ਲੋਕਾਂ ਨੂੰ ਪ੍ਰਤੀਨਿਧਤਾ ਦਿੱਤੀ ਜਾ ਰਹੀ ਹੈ। 1935-36 ਵਿੱਚ ਰਾਜਨੀਤਿਕ ਕਾਰਵਾਈਆਂ ਤੇਜ਼ ਹੋ ਰਹੀਆਂ ਸਨ ਪੰਜਾਬ ਵੀ ਇਨ੍ਹਾਂ ਕਾਰਵਾਈਆਂ ਵਿੱਚ ਹਿੱਸਾ ਲੈਣ ਵਿੱਚ ਪਿੱਛੇ ਨਹੀਂ ਸੀ ਰਿਹਾ। 1937 ਦੀਆਂ ਚੋਣਾਂ ਵਿੱਚ ਜਿਥੇ ਕਾਂਗਰਸ ਸੱਤ ਸੂਬਿਆਂ ਵਿੱਚ ਆਪਣੇ ਮੰਤਰੀ-ਮੰਡਲ ਬਣਾਉਣ ਵਿੱਚ ਕਾਮਯਾਬ ਹੋ ਗਈ ਉਥੇ ਪੰਜਾਬ ਵਿੱਚ ਇਸਦਾ ਮੰਤਰੀ-ਮੰਡਲ ਨਾ ਬਣ ਸਕਿਆ। ਯੂਨੀਅਨਿਸਟ ਪਾਰਟੀ ਜੋ ਵੱਡੇ ਜ਼ਿਮੀਂਦਾਰਾਂ ਦੀ ਪਾਰਟੀ ਸੀ, ਆਪਣੀ ਸਰਕਾਰ ਬਣਾਉਣ ਵਿੱਚ ਸਫਲ ਹੋ ਗਈ। ਉਸਨੂੰ ਪੰਜਾਬ ਲੈਜਿਸਲੇਟਿਵ ਕੌਂਸਲ (ਵਿਧਾਨ ਸਭਾ) ਵਿੱਚ 175 ਵਿੱਚੋਂ 95 ਸੀਟਾਂ ਪ੍ਰਾਪਤ ਹੋਈਆਂ।

## ਨਾਮਧਾਰੀਆਂ ਦੀਆਂ ਰਾਜਸੀ ਸਰਗਰਮੀਆਂ

ਸਤਿਗੁਰੂ ਪਰਤਾਪ ਸਿੰਘ ਜੀ ਦੀ ਅਗਵਾਈ ਵਿੱਚ ਬਹੁਤ ਸਾਰੇ ਨਾਮਧਾਰੀ ਕਾਂਗਰਸ ਤੇ ਹੋਰ ਰਾਜਸੀ ਪਾਰਟੀਆਂ ਨਾਲ ਸਹਿਯੋਗ ਦੇ ਕੇ ਸੁਤੰਤਰਤਾ ਸੰਗਰਾਮ ਵਿੱਚ ਆਪਣਾ ਵਰਨਣਯੋਗ ਹਿੱਸਾ ਪਾ ਰਹੇ ਸਨ। ਬਹੁਤ ਸਾਰੇ ਨਾਮਧਾਰੀ ਸਿੰਘਾਂ ਦੀਆਂ ਇਨ੍ਹਾਂ ਦੇਸ਼-ਭਗਤੀ ਦੀਆਂ ਕਾਰਵਾਈਆਂ ਤੇ ਕੁਰਬਾਨੀਆਂ ਦਾ ਜ਼ਿਕਰ ਪੁਸਤਕ 'ਜੱਸ ਜੀਵਨ' (ਭਾਗ ਦੂਜਾ) ਵਿੱਚ ਕੀਤਾ ਗਿਆ ਹੈ।

'ਮਹਾਰਾਜ ਨਿਹਾਲ ਸਿੰਘ ਜੀ ਸ਼ਰਾਬ ਦੇ ਠੇਕਿਆਂ ਤੇ ਪਿਕਟਿੰਗ ਕਰਦੇ ਹੋਏ ਗ੍ਰਿਫਤਾਰ ਹੋਏ ਅਤੇ ਛੇ ਮਹੀਨੇ ਦੀ ਸਜ਼ਾ ਗੁਜਰਾਤ ਜੇਲ੍ਹ ਵਿੱਚ ਕਟੀ। ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਨੇ ਆਪਣੇ ਜੋਸ਼ੀਲੇ ਭਾਸ਼ਣਾਂ ਕਾਰਨ ਇੱਕ ਸਾਲ ਦੀ ਕੈਦ ਅਟਕ ਜੇਲ੍ਹ

[1] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ ਦੂਜਾ, ਪੰਨਾ 225-26.

Namdhari Elibrary NamdhariElibrary@gmail.com

ਵਿੱਚ ਕੱਟੀ। ਸੰਤ ਨਰਾਇਣ ਸਿੰਘ ਨੇ ਸੁਤੰਤਰਤਾ ਦੀ ਲਹਿਰ ਵਿੱਚ ਸਰਗਰਮ ਭਾਗ ਲਿਆ ਅਤੇ ਕਈ ਵਾਰ (ਗਾਂਧੀ ਜੀ ਦੀ ਲੂਣ ਦੀ ਲਹਿਰ ਵਿੱਚ) ਦੋ ਮਹੀਨੇ ਅਤੇ ਫਿਰ ਲਾਲਾ ਲਾਜਪਤ ਰਾਏ ਨਾਲ ਸਹਿਯੋਗ ਦੇਣ ਕਾਰਨ 1922 ਈ. ਵਿੱਚ ਦੋ ਸਾਲ ਕੈਦ ਕੱਟੀ ਅਤੇ ਉਨ੍ਹਾਂ ਦਾ ਮਕਾਨ ਵੀ ਸਰਕਾਰ ਨੇ ਨਿਲਾਮ ਕਰ ਦਿੱਤਾ। ਸਾਈਮਨ ਕਮੀਸ਼ਨ ਜਲੂਸ ਵਿੱਚ ਲਾਠੀ-ਚਾਰਜ ਸਮੇਂ ਸੱਟਾਂ ਖਾਧੀਆਂ।

ਪੰਡਿਤ ਮਨਸਾ ਸਿੰਘ ਭਰਥਲਾ (ਜ਼ਿਲ੍ਹਾ ਲੁਧਿਆਣਾ) ਨੇ ਇੱਕ ਵਾਰ ਤਿੰਨ ਸਾਲ ਅਤੇ ਇੱਕ ਵਾਰ ਚਾਰ ਸਾਲ ਅਰਥਾਤ ਸੱਤ ਸਾਲ ਦੀ ਕੈਦ ਕੱਟੀ। ਮਨਸ਼ਾ ਸਿੰਘ ਨੇ ਹੀ ਗੁਜਰਾਂਵਾਲੇ ਤੋਂ ਸੰਤ ਨੌਧ ਸਿੰਘ ਦੀ ਅਗਵਾਈ ਵਿੱਚ ਜਥਾ ਬਣਾ ਕੇ ਲਾਹੌਰ ਦੇ ਬਾਜ਼ਾਰਾਂ ਵਿੱਚ ਢੋਲਕ-ਟੈਣਿਆਂ ਨਾਲ 'ਹੁਣ ਚੁਕ ਲੈ ਫਰੰਗੀਆ ਡੇਰਾ ਤੂੰ ਕਰ ਲਿਆ ਰਾਜ ਬਥੇਰਾ' ਗਾਉਂਦੇ ਹੋਏ ਗ੍ਰਿਫਤਾਰੀਆਂ ਦਿੱਤੀਆਂ ਤੇ ਕੈਦਾਂ ਕੱਟੀਆਂ।

ਇਹ ਹਵਾਲੇ ਕੇਵਲ ਨਾਮਮਾਤਰ ਹੀ ਦਿੱਤੇ ਜਾ ਰਹੇ ਹਨ। ਹੋਰ ਵੀ ਅਨੇਕ ਨਾਮਧਾਰੀਆਂ ਨੇ ਸੁਤੰਤਰਤਾ-ਸੰਗਰਾਮ ਵਿੱਚ ਹਿੱਸਾ ਲਿਆ, ਜਿਨ੍ਹਾਂ ਦੇ ਵੇਰਵੇ ਪ੍ਰਾਪਤ ਨਹੀਂ ਹੋ ਸਕੇ। ਜਮਸ਼ੇਰ (ਲਾਹੌਰ) ਪਿੰਡ ਦੇ ਨਾਮਧਾਰੀ ਸਾਉਣ ਸਿੰਘ ਨੇ ਫੌਜੀ ਬਹਾਦਰੀ ਬਦਲੇ ਅੰਗਰੇਜ਼ ਸਰਕਾਰ ਤੋਂ ਇਨਾਮ ਵਜੋਂ ਮਿਲਦੀ ਭੂਮੀ ਲੈਣ ਤੋਂ ਇਨਕਾਰ ਕਰ ਦਿੱਤਾ।

## 1931 ਵਿੱਚ ਸਰਦਾਰ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ ਸ਼ਹੀਦੀ ਦਾ ਪ੍ਰਭਾਵ

ਭਾਰਤ ਨੌਜਵਾਨ ਸਭਾ ਅਤੇ ਹਿੰਦੁਸਤਾਨ ਰਿਪਬਲਿਕ ਸੋਸ਼ਲਿਸਟ ਆਰਮੀ ਦੇ ਇਨਕਲਾਬੀ ਕਾਰਜਾਂ ਨੇ ਦੇਸ਼ ਵਿੱਚ ਜਾਗਰਤੀ ਲਿਆਉਣ ਵਿੱਚ ਅਤੇ ਆਜ਼ਾਦੀ ਦੀ ਲਹਿਰ ਨੂੰ ਜੋਸ਼ੀਲਾ ਮੋੜ ਦੇਣ ਵਿੱਚ ਬਹੁਤ ਵੱਡਾ ਹਿੱਸਾ ਪਾਇਆ। 1931 ਵਿੱਚ 23 ਮਾਰਚ ਨੂੰ ਸਰਦਾਰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੌਜਵਾਨ ਦੇਸ਼ ਭਗਤਾਂ ਦੀ ਸ਼ਹੀਦੀ ਨੇ ਦੇਸ਼ ਭਰ ਵਿੱਚ ਇਨਕਲਾਬੀ ਕਾਰਵਾਈਆਂ ਨੂੰ ਨਵਾਂ ਮੋੜ ਅਤੇ ਹਲੂਣਾ ਦਿੱਤਾ। ਕਿਰਤੀ ਕਿਸਾਨ ਪਾਰਟੀ ਮਜ਼ਦੂਰਾਂ ਦੀਆਂ ਜਥੇਬੰਦੀਆਂ ਅਤੇ ਬਾਬਾ ਜਵਾਲਾ ਸਿੰਘ ਦੀ ਅਗਵਾਈ ਵਿੱਚ ਬਣੀਆਂ ਕਿਸਾਨ ਸਭਾਵਾਂ ਨੇ ਮਜ਼ਦੂਰਾਂ, ਕਿਸਾਨਾਂ ਦੀਆਂ ਮੰਗਾਂ ਦੀ ਪ੍ਰਾਪਤੀ ਲਈ ਵੱਡੇ-ਵੱਡੇ ਅੰਦੋਲਨ ਚਲਾਏ ਅਤੇ ਸਰਕਾਰ ਵਿਰੁੱਧ ਆਪਣੀਆਂ ਮੰਗਾਂ ਦੀ ਪ੍ਰਾਪਤੀ ਲਈ ਕਈ ਮੋਰਚੇ ਲਾਏ। ਇਨ੍ਹਾਂ ਇਨਕਲਾਬੀ ਜਥੇਬੰਦੀਆਂ ਨੇ ਮਿਲ ਕੇ ਕਾਂਗਰਸ ਸੋਸ਼ਲਿਸਟ ਪਾਰਟੀ ਨੂੰ ਜਥੇਬੰਦ ਕੀਤਾ, ਜਿਸ ਨੇ ਕਾਂਗਰਸ ਵਿੱਚ ਨਵਾਂ ਜੋਸ਼ ਤੇ ਉਤਸ਼ਾਹ ਭਰਿਆ ਅਤੇ ਪੰਡਿਤ ਜਵਾਹਰ ਲਾਲ ਨਹਿਰੂ ਅਤੇ ਸੁਭਾਸ਼ ਚੰਦਰ ਬੋਸ ਵਰਗੇ ਸੁਤੰਤਰਤਾ ਸੰਗਰਾਮੀਆਂ ਦੀ ਅਗਵਾਈ ਵਿੱਚ ਉੱਘਾ ਯੋਗਦਾਨ ਪਾਇਆ।

ਸ. ਰਾਮ ਸਿੰਘ ਮਜੀਠਾ ਅਨੁਸਾਰ ਇਸ ਦੌਰ ਵਿੱਚ ਸਰਕਾਰ ਵੱਲੋਂ ਦਮਨਕਾਰੀ ਨੀਤੀ ਅਪਣਾਈ ਗਈ ਅਤੇ ਲੋਕ-ਲਹਿਰਾਂ ਉੱਤੇ ਤਸ਼ੱਦਦ ਕੀਤਾ ਗਿਆ ਪਰ ਇਹ ਸਭ

Namdhari Elibrary NamdhariElibrary@gmail.com

ਸਰਕਾਰੀ ਦਮਨ-ਚੱਕਰ ਦੇ ਹੁੰਦਿਆਂ ਹੋਇਆਂ ਵੀ 1936-37 ਵਿੱਚ ਸੈਂਟਰਲ ਲੈਜਿਸਲੇਟਿਵ ਕੌਂਸਲ ਵਿੱਚ ਕਾਂਗਰਸ ਨੇ ਅੱਧੀਆਂ ਤੋਂ ਵੱਧ ਸੀਟਾਂ ਹਾਸਲ ਕੀਤੀਆਂ।

ਉੱਤਰ-ਪੱਛਮੀ ਸਰਹੱਦੀ ਸੂਬੇ (N.W.F.P.) ਵਿੱਚ ਸਰਕਾਰੀ ਦਮਨ-ਚੱਕਰ ਦੇ ਬਾਵਜੂਦ ਸੁਤੰਤਰਤਾ ਸੰਗਰਾਮ ਦੀ ਲਹਿਰ ਮਜ਼ਬੂਤ ਆਧਾਰਾਂ 'ਤੇ ਕਾਰਜ ਕਰ ਰਹੀ ਸੀ। ਮੁਸਲਿਮ ਪਠਾਣਾਂ ਦੇ ਇਸ ਸਰਹੱਦੀ ਸੂਬੇ ਵਿੱਚ ਖਾਂ ਅਬਦੁਲ ਗਫਾਰ ਖਾਂ (ਸਰਹੱਦੀ ਗਾਂਧੀ) ਦੀ ਅਗਵਾਈ ਵਿੱਚ ਅਹਰਾਰ ਜਥੇਬੰਦੀ ਅਤੇ 'ਸੁਰਖ-ਪੋਸ਼ ਲਾਲ-ਕੁੜਤੀ ਲਹਿਰ' ਪੂਰੀ ਤਰ੍ਹਾਂ ਸਰਗਰਮ ਸੀ।

1931 ਦੇ ਕਰਾਚੀ ਕਾਂਗਰਸ ਸੈਸ਼ਨ ਵਿੱਚ ਬਹੁਤ ਸਾਰੇ ਮਤੇ ਆਜ਼ਾਦੀ ਦੀ ਲਹਿਰ ਨੂੰ ਮਜ਼ਬੂਤ ਕਰਨ ਵਾਲੇ ਪਾਸ ਕੀਤੇ ਗਏ। ਨਾਲ ਹੀ ਮਜ਼ਦੂਰ ਕਿਸਾਨ ਅੰਦੋਲਨ ਵੀ ਜ਼ੋਰ ਪਕੜ ਗਿਆ। ਬਾਬਾ ਜਵਾਲਾ ਸਿੰਘ ਦੀ ਪ੍ਰਧਾਨਗੀ ਵਿੱਚ ਕਿਸਾਨ ਸਭਾਵਾਂ ਵੀ ਪੂਰੇ ਜੋਸ਼ ਨਾਲ ਕਿਸਾਨ ਮੰਗਾਂ ਲਈ ਅੰਦੋਲਨ ਕਰ ਰਹੀਆਂ ਸਨ। ਇਸ ਦਾ ਇੱਕ ਉਦਾਹਰਣ ਰਾਮ ਸਿੰਘ ਮਜੀਠਾ ਨੇ ਪਿੰਡ ਬਿਲਗਾ, ਜ਼ਿਲ੍ਹਾ ਜਲੰਧਰ ਵਿੱਚ ਹੋਏ ਵੱਡੇ ਸੰਮੇਲਨ ਦਾ ਦਿੱਤਾ ਹੈ।

[1]'ਜਲੰਧਰ ਜ਼ਿਲ੍ਹੇ ਦੇ ਬਿਲਗਾ ਪਿੰਡ ਵਿੱਚ ਜ਼ਿਮੀਂਦਾਰਾਂ ਨੇ ਇੱਕ ਸਾਲ ਵਾਸਤੇ ਜ਼ਮੀਨੀ ਮਾਮਲਾ ਬੰਦ ਕਰ ਛੱਡਿਆ। ਉਜਾਗਰ ਸਿੰਘ ਬਿਲਗਾ ਉੱਤੇ ਦੋ ਕੇਸ ਚੱਲੇ, ਜਿਨ੍ਹਾਂ ਵਿੱਚ ਉਸਨੂੰ ਛੇ-ਛੇ ਮਹੀਨੇ ਕੈਦ ਹੋਈ। ਇੱਕ ਬਹੁਤ ਵੱਡੀ ਕਾਨਫਰੰਸ ਫਰੰਟੀਅਰ ਗਾਂਧੀ ਖਾਨ ਅਬਦੁਲ ਗੁਫਾਰ ਖਾਂ ਦੀ ਪ੍ਰਧਾਨਗੀ ਹੇਠ 24 ਅਗਸਤ, 1931 ਨੂੰ ਬਿਲਗੇ ਵਿੱਚ ਹੋਈ। ਇਸ ਕਾਨਫਰੰਸ ਵਿੱਚ ਲਗਭਗ ਇੱਕ ਲੱਖ ਦੀ ਹਾਜ਼ਰੀ ਹੋਈ ਅਤੇ ਇਹ ਪਿੰਡ ਪੰਜਾਬ ਦੀ ਬਾਰਦੋਲੀ ਕਰਕੇ ਜਾਣਿਆ ਗਿਆ।

ਬਾਬੇ ਕਰਮ ਸਿੰਘ ਨੇ ਜਲੰਧਰ ਦੇ ਡਿਪਟੀ ਕਮਿਸ਼ਨਰ ਦੇ ਦਫਤਰ ਉੱਤੇ ਤਰੰਗਾ ਝੰਡਾ ਝੁਲਾਇਆ। ਪਿੰਡ ਬੰਡਾਲਾ, ਜ਼ਿਲ੍ਹਾ ਜਲੰਧਰ ਦੇ ਹਰਕਿਸ਼ਨ ਸਿੰਘ ਸੁਰਜੀਤ ਨੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਦੇ ਦਫਤਰ ਉੱਤੇ ਤਿਰੰਗਾ ਝੰਡਾ ਝੁਲਾਇਆ। ਉਹ ਉਸ ਵਕਤ ਵਿਦਿਆਰਥੀ ਸੀ।

ਬਹੁਤ ਸਾਰੇ ਜਥਿਆਂ ਨੇ ਸਰ ਜੌਹਨ ਲਾਰੈਂਸ ਦੇ ਬੁੱਤ ਨੂੰ ਢਾਹੁਣ ਵਾਸਤੇ ਪਿੰਡਾਂ ਤੋਂ ਚਾਲੇ ਪਾਏ। ਇਹ ਬੁੱਤ ਮਾਲ ਰੋਡ ਲਾਹੌਰ ਉੱਤੇ ਸੀ। ਇਸ ਉੱਤੇ ਲਿਖਿਆ ਸੀ, "Will you be governed by Pen or Sword?" ਭਾਵ ਤੁਹਾਡੇ ਤੇ ਕਲਮ ਜਾਂ ਤਲਵਾਰ ਵਿੱਚੋਂ ਕਾਹਦੇ ਨਾਲ ਹਕੂਮਤ ਕਰੀਏ? ਇਹ ਚੀਜ਼ ਕੌਮ ਵਾਸਤੇ ਹੱਦ ਦਰਜੇ ਦੀ ਜ਼ਲੀਲਕੁਨ ਅਤੇ ਬੇਇੱਜ਼ਤੀ ਵਾਲੀ ਸੀ। ਬਿਲਗਾ ਅਤੇ ਕਾਲਾ ਸੰਘਾ ਪਿੰਡ ਰਿਆਸਤ ਕਪੂਰਥਲਾ ਨੇ ਇੱਕ ਇੱਕ ਜਥਾ ਇਹ ਕਾਲਖ ਧੋਣ ਵਾਸਤੇ ਭੇਜਿਆ। ਆਖਰ ਵਿੱਚ ਇਹ ਕਾਲਖ ਹਟਾ ਦਿੱਤੀ ਗਈ।

ਰਾਮ ਸਿੰਘ ਮਜੀਠਾ ਇਸ ਸਮੇਂ ਦੇ ਸਰਕਾਰੀ ਦਮਨ ਅਤੇ ਸੁਤੰਤਰਤਾ ਲਹਿਰ ਦੀ

---

[1] ਰਾਮ ਸਿੰਘ ਮਜੀਠਾ, *ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ*, ਭਾਗ ਪਹਿਲਾ, ਪੰਨਾ 199.

Namdhari Elibrary NamdhariElibrary@gmail com

ਪ੍ਰਗਤੀ ਬਾਰੇ ਇਸ ਤਰ੍ਹਾਂ ਲਿਖਦਾ ਹੈ। "ਤਸ਼ੱਦਦ, ਆਜ਼ਾਦੀ ਦੀ ਲਹਿਰ ਨੂੰ ਦਬਾਉਣ ਵਿੱਚ, ਬੁਰੀ ਤਰ੍ਹਾਂ ਫੇਲ ਹੋਇਆ। ਆਜ਼ਾਦੀ ਦੀ ਲਹਿਰ ਬਹੁਤ ਮਜ਼ਬੂਤ ਹੋਈ।"[1]

ਸੈਂਟਰਲ ਅਸੈਂਬਲੀ ਦੀਆਂ 1937 ਦੀਆਂ ਚੋਣਾਂ ਵਿੱਚ ਕਾਂਗਰਸ ਨੇ ਅੱਧੀਆਂ ਤੋਂ ਵੱਧ ਸੀਟਾਂ ਤੇ ਅੱਧੀਆਂ ਤੋਂ ਵੱਧ ਵੋਟਾਂ ਹਾਸਿਲ ਕਰ ਲਈਆਂ।

1937 ਵਿੱਚ ਸੂਬਾਈ ਅਸੈਂਬਲੀ ਦੀਆਂ ਚੋਣਾਂ ਵਿੱਚ ਕਾਂਗਰਸ ਨੇ 11 ਸੂਬਿਆਂ ਵਿੱਚੋਂ 7 ਸੂਬਿਆਂ ਦੀਆਂ ਅਸੈਂਬਲੀਆਂ ਵਿੱਚ ਬਹੁਮਤ ਪ੍ਰਾਪਤ ਕੀਤਾ ਅਤੇ ਆਪਣੀਆਂ ਵਜ਼ਾਰਤਾਂ ਬਣਾਈਆਂ। ਕਾਂਗਰਸ ਫਰੰਟੀਅਰ ਉੱਤਰ-ਪੱਛਮੀ ਸਰਹੱਦੀ ਸੂਬਾ ਵਿੱਚ ਵਜ਼ਾਰਤ ਬਣਾਉਣ ਵਿੱਚ ਕਾਮਯਾਬ ਹੋ ਗਈ, ਜਿਹੜਾ ਕਿ ਮੁਸਲਮਾਨਾਂ ਦੀ ਆਬਾਦੀ ਵਾਲਾ ਸੂਬਾ ਸੀ। ਬਾਅਦ ਵਿੱਚ ਇਹ ਅਸਾਮ ਅਤੇ ਸਿੰਧ ਵਿੱਚ ਵੀ ਕੋਲੀਸ਼ਨ ਵਜ਼ਾਰਤਾਂ ਬਣਾਉਣ ਵਿੱਚ ਕਾਮਯਾਬ ਹੋ ਗਈ। ਨਾਨ-ਕਾਂਗਰਸ ਵਜ਼ਾਰਤਾਂ ਸਿਰਫ਼ ਪੰਜਾਬ ਅਤੇ ਬੰਗਾਲ ਦੇ ਦੋ ਸੂਬਿਆਂ ਵਿੱਚ ਹੀ ਰਹਿ ਗਈਆਂ। ਪੰਜਾਬ ਵਿੱਚ ਯੂਨੀਅਨਿਸਟ ਪਾਰਟੀ ਦੀ ਵਜ਼ਾਰਤ ਬਣੀ ਜਿਹੜੀ ਕਿ ਅੰਗਰੇਜ਼ ਪੱਖੀ ਸੀ। ਇਸ ਤਰ੍ਹਾਂ ਕਾਂਗਰਸ ਨੇ ਮੁਲਕ ਦੇ ਬਹੁਤ ਵੱਡੇ ਹਿੱਸੇ ਉੱਤੇ ਆਪਣੀ ਤਾਕਤ ਦਾ ਮੁਜ਼ਾਹਰਾ ਕੀਤਾ ਅਤੇ ਆਪਣੀਆਂ ਵਜ਼ਾਰਤਾਂ ਬਣਾ ਲਈਆਂ।

## ਸਤਿਗੁਰੂ ਪਰਤਾਪ ਸਿੰਘ ਜੀ ਦੇ ਯਾਦਗਾਰੀ ਸਮਾਗਮ

1930 ਦੇ ਦਹਾਕੇ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਬਈ ਯਾਦਗਾਰੀ ਸਮਾਗਮ ਰਚੇ, ਜਿਨ੍ਹਾਂ ਦਾ ਉਦੇਸ਼ ਗੁਰਮਤਿ ਦੀ ਸਦੀਆਂ ਤੋਂ ਸਥਾਪਿਤ ਪਰੰਪਰਾਵਾਂ ਨੂੰ ਕਾਇਮ ਰੱਖਣਾ ਅਤੇ ਉਨ੍ਹਾਂ ਵਿੱਚ ਨਵਾਂ ਵਾਧਾ ਅਤੇ ਵਿਕਾਸ ਕਰਨਾ ਸੀ। ਸਤਿਗੁਰੂ ਪਰਤਾਪ ਸਿੰਘ ਜੀ ਦੀ ਸਦਾ ਇਹ ਇੱਛਾ ਰਹੀ ਕਿ ਉਹ ਸਿੱਖੀ ਦੀਆਂ ਰੀਤਾਂ ਤੇ ਰਵਾਇਤਾਂ ਨੂੰ, ਜੋ ਪਹਿਲੇ ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਚਲੀਆਂ ਆ ਰਹੀਆਂ ਹਨ, ਨਾ ਕੇਵਲ ਸੁਰੱਖਿਅਤ ਹੀ ਰੱਖਿਆ ਜਾਵੇ, ਸਗੋਂ ਉਨ੍ਹਾਂ ਵਿੱਚ ਸਮੇਂ ਸਿਰ ਨਵਾਂ ਵਾਧਾ ਵੀ ਕੀਤਾ ਜਾਵੇ। ਆਦਿ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ ਦੀ ਬਾਣੀ ਨੂੰ ਸ਼ੁੱਧ ਸਰੂਪ ਵਿੱਚ ਲਿਖਿਆ, ਪੜ੍ਹਿਆ ਅਤੇ ਗਾਇਆ ਜਾਵੇ। ਇਨ੍ਹਾਂ ਪਵਿੱਤਰ ਗ੍ਰੰਥਾਂ ਦੇ ਪਾਠ ਦੀ ਵਿਧੀ ਨੂੰ ਵੀ ਸਥਿਰ ਅਤੇ ਸ਼ਰਧਾ ਪੂਰਵਕ ਚੱਲਦਾ ਰੱਖਿਆ ਜਾਵੇ।

ਸਿੱਖ ਗੁਰੂ ਸਾਹਿਬਾਨ ਨੇ ਜਿਥੇ ਗੁਰਬਾਣੀ ਦੀ ਦਾਤ ਆਪਣੇ ਸਿੱਖਾਂ ਨੂੰ ਬਖ਼ਸ਼ੀ ਉਥੇ ਨਾਲ ਹੀ ਉਸ ਦੀਆਂ ਗਾਇਕੀ ਦੀਆਂ ਰਵਾਇਤਾਂ ਦੀ ਸਾਂਭ-ਸੰਭਾਲ ਕਰਕੇ ਉਸ ਦੀ ਸ਼ੁੱਧਤਾ ਨੂੰ ਕਾਇਮ ਰੱਖਦਿਆਂ ਹੋਇਆਂ ਉਨ੍ਹਾਂ ਵਿੱਚ ਨਵਾਂ ਵਾਧਾ ਕੀਤਾ। ਗੁਰੂ ਸਾਹਿਬਾਨ ਨੇ ਗੁਰਬਾਣੀ ਤੇ ਸੰਗੀਤ ਦਾ ਅਟੁੱਟ ਰਿਸ਼ਤਾ ਜੋੜਿਆ ਅਤੇ ਦੋਹਾਂ ਨੂੰ ਇੱਕ ਦੂਜੇ ਦੇ ਪੂਰਕ ਬਣਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਧਿਐਨ ਤੋਂ ਇਹ ਗੱਲ ਸਹਿਜ ਰੂਪ ਵਿੱਚ ਹੀ ਸਿੱਧ ਹੋ ਜਾਂਦੀ ਹੈ ਕਿ ਬਾਣੀ ਤੇ ਸੰਗੀਤ ਦੋਵੇਂ ਇੱਕ ਦੂਜੇ ਨੂੰ ਪਰਣਾਏ ਹੋਏ

[1] ਰਾਮ ਸਿੰਘ ਮਜੀਠਾ, *ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ*, ਭਾਗ ਪਹਿਲਾ, ਪੰਨਾ 203.

Namdhari Elibrary NamdhariElibrary@gmail com

ਹਨ, ਪਰ ਸਮਾਂ ਪਾ ਕੇ ਗੁਰਮਤਿ ਸੰਗੀਤ ਵਿੱਚ ਕਈ ਗਲਤ ਤੇ ਅਪ੍ਰਵਾਨਿਤ ਪ੍ਰਵਿਰਤੀਆਂ ਆ ਗਈਆਂ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਪੁਰਾਤਨ ਹੱਥ-ਲਿਖਤ ਗ੍ਰੰਥਾਂ ਤੋਂ ਬਾਣੀ ਦੇ ਸ਼ਬਦ-ਜੋਤਾਂ ਨੂੰ ਨਵੇਂ ਸਿਰਿਓਂ ਸੋਧ ਕੇ ਪੱਥਰ ਦੇ ਛਾਪੇ ਰਾਹੀਂ ਇਹਨਾਂ ਨੂੰ ਦੁਬਾਰਾ ਛਪਵਾਇਆ। ਗੁਰਬਾਣੀ ਦੇ ਗਾਇਨ ਸੰਬੰਧੀ ਨਾਮੀ-ਗਰਾਮੀ ਰਾਗੀਆਂ ਤੇ ਰਬਾਬੀਆਂ ਨੂੰ ਆਪਣੇ ਦਰਬਾਰ ਨਾਲ ਜੋੜਿਆ। ਉਨ੍ਹਾਂ ਨੂੰ ਉਤਸ਼ਾਹ ਦਿੱਤਾ ਅਤੇ ਉਹਨਾਂ ਦੁਆਰਾ ਨਵੇਂ ਗਾਇਕਾਂ ਨੂੰ ਸਿੱਖੀ ਦੀ ਮਰਿਆਦਾ ਨਾਲ ਜੋੜਿਆ। ਗੁਰਬਾਣੀ ਦਾ ਸ਼ੁੱਧ ਪਾਠ ਕਰਨ ਵਾਲੇ ਅਤੇ ਗੁਰਬਾਣੀ ਦੇ ਕੀਰਤਨ ਕਾਰਾਂ ਨੂੰ ਨਵੇਂ ਸਿਰਿਓਂ ਸਨਾਤਨ ਪਰੰਪਰਾ ਨਾਲ ਜੋੜ ਕੇ ਇਸ ਵਿੱਚ ਨਵੇਂ ਸੁਧਾਰ ਕੀਤੇ।

ਗੁਰਬਾਣੀ ਦੇ ਸ਼ੁੱਧ ਪਾਠ ਅਤੇ ਰਾਗਾਂ ਅਨੁਸਾਰ ਗਾਇਨ ਦੇ ਨਾਲ-ਨਾਲ ਉਨ੍ਹਾਂ ਸਾਜ਼ਾਂ ਨੂੰ ਵੀ ਸ਼ਬਦ ਕੀਰਤਨ ਦਾ ਅੰਗ ਬਣਾਈ ਰੱਖਿਆ, ਜੋ ਕਈ ਸਦੀਆਂ ਤੋਂ ਤਾਰਦਾਰ ਸਾਜ਼ਾਂ ਦੇ ਰੂਪ ਵਿੱਚ ਪ੍ਰਚਲਿਤ ਰਹੇ ਸਨ। ਇਸੇ ਪਰੰਪਰਾ ਅਨੁਸਾਰ ਹੀ ਸਿੱਖਾਂ ਵਿੱਚ ਗ੍ਰੰਥੀਆਂ, ਰਾਗੀਆਂ, ਰਬਾਬੀਆਂ, ਢਾਡੀਆਂ ਤੇ ਪ੍ਰਚਾਰਕਾਂ ਦੇ ਨਵੇਂ ਜਥੇ ਸਮੇਂ-ਸਮੇਂ ਸਿਰ ਤਿਆਰ ਹੁੰਦੇ ਰਹੇ। ਗੁਰਮਤਿ ਸੰਗੀਤ ਵਿੱਚ ਗਾਇਨ ਵਿਧੀ ਦੀ ਦ੍ਰਿਸ਼ਟੀ ਤੋਂ ਕਈ ਸ਼ੈਲੀਆਂ ਪ੍ਰਚਲਿਤ ਰਹੀਆਂ। ਨਾਮਧਾਰੀਆਂ ਵਿੱਚ ਵੀ ਜੋਟੀਆਂ ਦੇ ਸ਼ਬਦਾਂ ਤੋਂ ਲੈ ਕੇ ਰਾਗਾਂ ਤੇ ਪਰੰਪਰਾ ਤੋਂ ਚਲੀਆਂ ਆ ਰਹੀਆਂ ਧੁਨੀਆਂ ਅਨੁਸਾਰ ਗੁਰਬਾਣੀ ਦਾ ਗਾਇਨ ਕੀਤਾ ਜਾਂਦਾ ਰਿਹਾ। ਵਿਸ਼ੇਸ਼ਤਾ ਵਾਲੀ ਗੱਲ ਇਹ ਹੈ ਕਿ ਜਿੱਥੇ ਆਦਿ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਕਈ ਦਾਰਸ਼ਨਿਕ ਪਰੰਪਰਾਵਾਂ ਪੁਰਾਣਿਕ ਤੇ ਮਿਥਿਹਾਸਕ ਹਵਾਲਿਆਂ ਕਾਰਨ ਗੁਰਬਾਣੀ ਦਾ ਪਾਠ ਆਮ ਜਨ-ਸਾਧਾਰਨ ਨੂੰ ਕੁਝ ਕਠਿਨ ਪ੍ਰਤੀਤ ਹੁੰਦਾ ਹੈ, ਉੱਥੇ ਗੁਰਸ਼ਬਦਾਂ ਦੇ ਗਾਇਨ ਦੁਆਰਾ ਉਸ ਦੇ ਕਈ ਲੁਕਵੇਂ ਤੇ ਸੰਕੇਤਕ ਪੱਖ ਆਪਣੇ ਆਪ ਹੀ ਸਪੱਸ਼ਟ ਹੋ ਜਾਂਦੇ ਹਨ ਅਤੇ ਰਚਨਾ ਦਾ ਦੂਹਰਾ ਪ੍ਰਭਾਵ ਸਰੋਤਿਆਂ ਦੇ ਮਨਾਂ ਉੱਤੇ ਪੈਂਦਾ ਹੈ। ਇਸੇ ਦ੍ਰਿਸ਼ਟੀਕੋਣ ਨੂੰ ਮੁੱਖ ਰਖਕੇ ਸਤਿਗੁਰੂ ਪਰਤਾਪ ਸਿੰਘ ਜੀ ਨੇ 1933 ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਗੁਰਮਤਿ ਸੰਗੀਤ-ਸੰਮੇਲਨ ਦਾ ਵਿਸ਼ੇਸ਼ ਆਯੋਜਨ ਕੀਤਾ। ਵੱਖ-ਵੱਖ ਥਾਵਾਂ ਦੇ ਪ੍ਰਸਿੱਧ ਗਾਇਕਾਂ, ਕੀਰਤਨਕਾਰਾਂ, ਸਾਜ਼ਿੰਦਿਆਂ ਤੇ ਪਖਾਵਜੀਆਂ ਨੂੰ ਖਾਸ ਤੌਰ ਤੇ ਸੱਦਾ-ਪੱਤਰ ਭੇਜ ਕੇ ਬੁਲਾਇਆ ਗਿਆ ਅਤੇ ਇਸ ਵਿਸ਼ੇਸ਼ ਗੁਰਮਤਿ ਸੰਗੀਤ-ਸੰਮੇਲਨ ਵਿੱਚ ਉਚੇਰੇ ਪੁਰਸਕਾਰਾਂ ਤੇ ਇਨਾਮਾਂ ਦਾ ਵੀ ਐਲਾਨ ਕਰ ਦਿੱਤਾ ਗਿਆ। ਇੱਕ ਸ਼ਾਨਦਾਰ ਗੁਰਮਤਿ ਸੰਗੀਤ-ਸੰਮੇਲਨ 8-9 ਅੱਸੂ, 1933 ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਰਖਿਆ ਗਿਆ। ਇਸ ਸਮਾਗਮ ਵਿੱਚ ਬਹੁਤ ਸਾਰੇ ਗੁਰਬਾਣੀ ਦੇ ਪ੍ਰੇਮੀਆਂ ਤੇ ਗੁਰਮਤਿ-ਸੰਗੀਤ ਨਾਲ ਵਿਸ਼ੇਸ਼ ਰੁਚੀ ਰੱਖਣ ਵਾਲੇ ਪਤਵੰਤੇ ਸੱਜਣਾਂ ਅਤੇ ਗੁਰਬਾਣੀ ਦੇ ਚੋਟੀ ਦੇ ਗਾਇਕਾਂ ਅਰਥਾਤ ਕੀਰਤਨਕਾਰਾਂ ਨੂੰ ਵਿਸ਼ੇਸ਼ ਸੱਦਾ ਪੱਤਰ ਭੇਜ ਕੇ ਅਤੇ ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇ ਕੇ ਬੁਲਾਇਆ ਗਿਆ।

ਗੁਰਮਤਿ ਸੰਗੀਤ-ਸੰਮੇਲਨ ਦੇ ਗਾਇਕਾਂ ਤੇ ਕੀਰਤਨਕਾਰਾਂ ਲਈ ਹੇਠ ਲਿਖੇ ਨੇਮਾਂ ਨੂੰ ਨਿਭਾਉਣ ਦੀ ਤਾਕੀਦ ਕੀਤੀ ਗਈ :

1. ਗੁਰਬਾਣੀ ਦਾ ਜਿਹੜਾ ਸ਼ਬਦ ਜਿਸ ਰਾਗ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ

Namdhari Elibrary NamdhariElibrary@gmail com

ਵਿੱਚ ਅੰਕਿਤ ਹੈ, ਉਸ ਦਾ ਗਾਇਨ ਉਸੇ ਰਾਗ ਵਿੱਚ ਹੀ ਕਰਨਾ ਹੋਵੇਗਾ।

2. ਗਾਇਨ ਸਮੇਂ ਕੇਵਲ ਤਾਰ-ਦਾਰ ਸਾਜਾਂ ਸਿਤਾਰ, ਰਬਾਬ, ਸਾਰੰਦਾ, ਤਾਊਸ, ਵੀਣਾ, ਸਰੋਦ ਆਦਿ ਪੁਰਾਤਨ ਸਾਜਾਂ ਦਾ ਹੀ ਪ੍ਰਯੋਗ ਕੀਤਾ ਜਾਵੇ। ਹਾਰਮੋਨੀਅਮ ਤੇ ਸਾਰੰਗੀ ਦੀ ਵਰਤੋਂ ਵਿਵਰਜਿਤ ਕੀਤੀ ਗਈ।
3. ਇਸ ਇਨਾਮੀ ਮੁਕਾਬਲੇ ਦੀ ਚੋਣ ਲਈ ਭਾਈ ਕਾਨ੍ਹ ਸਿੰਘ ਨਾਭਾ, ਸਰਦਾਰ ਮੁਕੰਦ ਸਿੰਘ ਰਾਈਸ ਸ਼ਿਮਲਾ, ਸੰਤ ਹੀਰਾ ਸਿੰਘ ਲਲਿਆਣੀ, ਬਾਬਾ ਨਿਹਾਲ ਸਿੰਘ ਪਟਿਆਲਾ ਨਿਰਣਾਇਕ (ਜੱਜ) ਥਾਪੇ ਗਏ। ਇਹ ਸਾਰੇ ਸੱਜਣ ਗੁਰਬਾਣੀ ਦੇ ਖੋਜੀ ਅਤੇ ਗੁਰਮਤਿ-ਸੰਗੀਤ ਦੀਆਂ ਰੀਤੀਆਂ ਤੇ ਰਵਾਇਤਾਂ ਤੋਂ ਭਲੀ ਪ੍ਰਕਾਰ ਪਰਿਚਿਤ ਸਨ।
4. ਇਸ ਸਮਾਗਮ ਉੱਤੇ ਦਰਸ਼ਨ ਦੇਣ ਵਾਲੀਆਂ ਉੱਘੀਆਂ ਹਸਤੀਆਂ ਨੂੰ ਬੁਲਾਇਆ ਗਿਆ। ਸੰਤ ਤਰਨ ਸਿੰਘ ਵਹਿਮੀ ਅਨੁਸਾਰ ਕੁਝ ਸੱਜਣ ਹੇਠ ਲਿਖੇ ਸਨ :

"[1]ਭਾਈ ਅਰਜਨ ਸਿੰਘ ਬਾਗੜੀਆ, ਮਾਸਟਰ ਤਾਰਾ ਸਿੰਘ, ਗਿਆਨੀ ਸ਼ੇਰ ਸਿੰਘ ਐਡੀਟਰ 'ਸੇਵਕ', ਪ੍ਰੋ. ਗੰਗਾ ਸਿੰਘ ਐਡੀਟਰ 'ਅੰਮ੍ਰਿਤ' ਰਸਾਲਾ, ਗਿਆਨੀ ਹੀਰਾ ਸਿੰਘ ਦਰਦ ਐਡੀਟਰ 'ਫੁਲਵਾੜੀ', ਸ੍ਰ. ਅਵਤਾਰ ਸਿੰਘ ਅਜ਼ਾਦ ਐਡੀਟਰ 'ਪ੍ਰੀਤਮ' ਤੇ 'ਫਤੇਹ', ਸ.ਸ. ਚਰਨ ਸਿੰਘ ਸ਼ਹੀਦ ਐਡੀਟਰ 'ਮੌਜੀ', ਸ੍ਰ. ਗੁਪਾਲ ਸਿੰਘ ਜੀ ਕੌਮੀ, ਸ੍ਰ. ਨਰੈਣ ਸਿੰਘ ਜੀ ਨਵੀਂ ਦਿੱਲੀ, ਸ੍ਰ. ਸ਼ਿੰਗਾਰਾ ਸਿੰਘ ਮਿਊਂਸਪਲ ਕਮਿਸ਼ਨਰ ਲਖਨਊ, ਸ੍ਰ. ਅਮਰ ਸਿੰਘ ਓਵਰਸੀਅਰ ਸ਼ਿਮਲਾ, ਸ੍ਰ. ਅਰੂੜ ਸਿੰਘ ਐਸ.ਡੀ.ਓ. ਸ਼ਿਮਲਾ ਆਦਿ ਸੱਜਣ ਸ਼ਾਮਿਲ ਸਨ। ਇਸ ਸੰਮੇਲਨ ਵਿੱਚ ਪੰਜਾਬੀ ਦੇ ਪ੍ਰਸਿੱਧ ਕਵੀ ਲਾਲਾ ਧਨੀ ਰਾਮ ਚਾਤ੍ਰਿਕ, ਸ੍ਰ. ਵਿਧਾਤਾ ਸਿੰਘ ਤੀਰ, ਗਿਆਨੀ ਹਰਿੰਦਰ ਸਿੰਘ ਰੂਪ ਵੀ ਸ਼ਾਮਿਲ ਹੋਏ। ਇਸ ਤੋਂ ਇਲਾਵਾ ਸ੍ਰ. ਗੁਰਬਖਸ਼ ਸਿੰਘ ਸਮਸ਼ੇਰ, ਸ. ਜੁਗਿੰਦਰ ਸਿੰਘ, ਡਾ. ਗੋਕਲ ਚੰਦ ਨਾਰੰਗ, ਸ੍ਰੀ ਮਾਨ ਦੇਵ, ਸ੍ਰੀ ਮਾਨ ਇੰਦਰ, ਸ੍ਰੀ ਵਚਿਤਰ ਜੀ, ਸ੍ਰੀ ਸਾਹਿਬ ਮਹਾਰਾਜ ਜੀ, ਬਾਬਾ ਸਾਵਣ ਸਿੰਘ ਡੇਰਾ ਬਾਬਾ ਜੈਮਲ ਸਿੰਘ ਬਿਆਸ ਵਾਲੇ, ਸੁਆਮੀ ਸੁਤੰਤਰਤਾ ਨੰਦ। ਰਾਗੀਆਂ ਵਿੱਚੋਂ ਭਾਈ ਸੁੱਧ ਸਿੰਘ ਜੀ, ਪ੍ਰਧਾਨ ਸਿੰਘ ਸਰਗੋਧਾ, ਪ੍ਰੋ. ਸੁੰਦਰ ਸਿੰਘ, ਸਮੁੰਦ ਸਿੰਘ ਨਨਕਾਣੇ ਵਾਲੇ, ਪ੍ਰੋ. ਗੁਰਮੁਖ ਸਿੰਘ ਸੁਹਾਣੇ ਵਾਲੇ, ਪੰਡਿਤ ਨੱਥੂ ਰਾਮ ਤਰਨ ਤਾਰਨ, ਅੰਮ੍ਰਿਤਸਰ ਦੇ ਪ੍ਰਸਿੱਧ ਰਾਗੀ ਭਾਈ ਲਾਲ ਤੇ ਸੁੰਦਰ ਆਦਿ ਰਾਗ-ਪ੍ਰੇਮੀ, ਪਾਰਖੂ ਅਤੇ ਸਰੋਤੇ ਆਏ।"

ਲੁਧਿਆਣੇ ਦੇ ਡਿਪਟੀ ਕਮਿਸ਼ਨਰ ਤੇ ਹੋਰ ਸਰਕਾਰੀ ਅਹਿਲਕਾਰਾਂ ਨੇ ਵੀ ਹਾਜਰੀ ਭਰੀ ਅਤੇ ਸੰਗੀਤ ਦਾ ਰਸ ਮਾਣਿਆ। ਇਸ ਗੁਰਮਤਿ ਸੰਗੀਤ ਸੰਮੇਲਨ ਦੇ

[1] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ ਦੂਜਾ, ਪੰਨਾ 295.

ਇਨਾਮ ਜੇਤੂਆਂ ਵਿੱਚੋਂ ਸਨ :

1. "ਭਾਈ ਹਰਨਾਮ ਸਿੰਘ ਠੱਟਾ ਟਿੱਬਾ (ਰਿਆਸਤ ਕਪੂਰਥਲਾ) ਨੂੰ ਪਹਿਲਾ ਇਨਾਮ – ਘੋੜੀ ਤੇ 500 ਰੁਪਏ'
2. ਭਾਈ ਲਾਲ ਜੀ ਰਬਾਬੀ (ਅੰਮ੍ਰਿਤਸਰ) ਨੂੰ ਦੂਜਾ ਇਨਾਮ – ਮੱਝ ਤੇ 250 ਰੁਪਏ
3. ਭਾਈ ਸੁੰਦਰ ਸਿੰਘ ਅੰਮ੍ਰਿਤਸਰ ਨੂੰ ਤੀਜਾ ਇਨਾਮ – ਗਊ ਤੇ 100 ਰੁਪਏ।

ਇਸ ਸੰਮੇਲਨ ਵਿਚ ਆਉਣ ਵਾਲੇ ਹਰ ਕੀਰਤਨਕਾਰ ਨੂੰ ਆਉਣ-ਜਾਣ ਦਾ ਕਿਰਾਇਆ ਅਤੇ ਇੱਕ-ਇੱਕ ਗਊ ਦਿੱਤੀ ਗਈ। ਸਭ ਨੂੰ ਆਦਰ ਸਹਿਤ ਵਿਦਾਇਗੀ ਦਿੱਤੀ ਗਈ। ਜਥੇਦਾਰ ਗੁਰਮੁਖ ਸਿੰਘ ਤੰਬਰ ਨੇ ਗੁਰਮਤਿ ਸੰਗੀਤ-ਸੰਮੇਲਨ ਦੇ ਸਾਰੇ ਪ੍ਰਬੰਧ ਨੂੰ ਸਫਲਤਾ ਸਹਿਤ ਨਿਭਾਇਆ।

ਭਾਈ ਲਾਲ ਦੇ ਸੁਝਾਅ ਅਨੁਸਾਰ ਅੰਮ੍ਰਿਤਸਰ ਤੋਂ ਜੋੜੀ ਵਾਲੇ ਭਾਈ ਤਾਬਾ, ਭਾਈ ਮੱਲੂ (ਮੀਆਂ ਮਲੰਗ), ਪਖਾਵਜੀ ਬੁਲਾਏ ਗਏ ਸਨ। ਸਤਿਗੁਰੂ ਜੀ ਨੇ ਸਭ ਨੂੰ ਇਨਾਮੋਂ ਉਪਰ ਸਿਰੋਪਾ, ਦੁਸ਼ਾਲੇ, ਚਾਦਰਾਂ, ਸੂੰਚੇ ਤੇ ਦੇਸੀ ਥਾਨ ਦਿਲ ਖੋਲ੍ਹ ਹੱਸ-ਹੱਸ ਬਖਸ਼ੇ।

ਸਤਿਗੁਰੂ ਜੀ ਦਾ ਫੁਰਮਾਨ ਸੀ, "ਚਿਤ ਕਰਦਾ ਏ ਗੁਣੀਆਂ ਨੂੰ ਆਪਣਾ ਸਭ ਕੁਝ ਵੰਡ ਦੇਈਏ ਤੇ ਕਹਿੰਦੇ ਜਿੰਨਾਂ ਖੁੱਲ੍ਹਾ ਗਵਾ ਦੇਂਦੇ ਹਾਂ, ਉਤਨੀ ਬਹੁਤੀ ਖੁਸ਼ੀ ਪ੍ਰਾਪਤ ਹੁੰਦੀ ਏ ਮੈਨੂੰ।"[1]

ਇਸ ਸੰਮੇਲਨ ਦੇ ਵਿੱਚ ਸੰਤ ਇੰਦਰ ਸਿੰਘ ਚਕ੍ਰਵਰਤੀ ਨੇ ਮੰਚ ਸੰਚਾਲਨ ਦੇ ਕਾਰਜ ਨੂੰ ਨਿਭਾਇਆ। ਉਨ੍ਹਾਂ ਵੱਲੋਂ ਹੀ ਰਾਮਪੁਰ ਕਟਾਣੀ ਤੇ ਹੋਰ ਨੇੜੇ ਦੇ ਪਿੰਡਾਂ ਦੇ ਸੇਵਕਾਂ ਤੇ ਸ਼ਰਧਾਲੂਆਂ ਜਿਨ੍ਹਾਂ ਨੇ ਇਸ ਸੰਮੇਲਨ ਨੂੰ ਸਫਲ ਬਣਾਉਣ ਲਈ ਖਿੜੇ ਮੱਥੇ ਸੇਵਾ ਕੀਤੀ, ਉਨ੍ਹਾਂ ਸਭ ਦਾ ਧੰਨਵਾਦ ਕੀਤਾ ਗਿਆ।

## ਸਤਿਗੁਰੂ ਪਰਤਾਪ ਸਿੰਘ ਜੀ ਦਾ ਸਿਆਮ ਦਾ ਵਿਦੇਸ਼ੀ ਦੌਰਾ

ਨਵੰਬਰ 1933 ਈ. ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੈਂਕੋਕ ਦੇ ਸਿੱਖਾਂ ਦੀ ਬੇਨਤੀ ਉੱਤੇ ਸਿਆਮ ਦਾ ਦੌਰਾ ਕਰਨਾ ਪ੍ਰਵਾਨ ਕਰ ਲਿਆ। ਆਪ ਨੇ ਨਵੰਬਰ 1933 ਵਿੱਚ ਆਪਣੇ ਸ਼ਰਧਾਲੂ ਸਿੱਖਾਂ ਨੂੰ ਨਾਲ ਲੈ ਕੇ ਉਥੋਂ ਦੀ ਸੰਗਤ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ। ਰਸਤੇ ਵਿੱਚ ਜਾਂਦੇ ਹੋਏ ਲਖਨਊ, ਕਲਕੱਤੇ ਤੇ ਸਿਆਮ ਵਿੱਚ ਪਹੁੰਚ ਕੇ ਸਤਿਗੁਰੂ ਜੀ ਨੇ ਅਨੁਭਵ ਕੀਤਾ ਕਿ ਹਰ ਥਾਂ 'ਤੇ ਸਿੱਖ ਸੰਗਤ ਧੜੇਬਾਜੀਆਂ ਦਾ ਸ਼ਿਕਾਰ ਹੈ। ਸਤਿਗੁਰੂ ਜੀ ਜਿਥੇ-ਜਿਥੇ ਵੀ ਜਾਂਦੇ ਗੁਰਸਿੱਖਾਂ ਨੂੰ ਵੱਖ-ਵੱਖ ਰਹਿਣ ਦੀ ਥਾਂ ਏਕਤਾ ਦੇ ਸੂਤਰ ਵਿੱਚ ਪਰੋ ਦੇਣ ਦਾ ਯਤਨ ਕਰਦੇ। ਸਿਆਮ ਵਿੱਚ ਪਹੁੰਚ ਕੇ ਵੀ ਸਤਿਗੁਰੂ ਜੀ ਨੇ ਆਪਣੇ ਦੀਵਾਨਾਂ ਵਿੱਚ ਸਮੂਹ ਸਿੱਖਾਂ ਨੂੰ ਏਕਤਾ ਕਰਨ ਦੀ ਪ੍ਰੇਰਨਾ ਦਿੱਤੀ, ਨਾਮਧਾਰੀ ਸੰਗਤ ਤੇ ਸਿੰਘ ਸਭਾਈਆਂ ਦਾ ਮਿਲਾਪ ਕਰਵਾਇਆ। ਸਤਿਗੁਰੂ ਜੀ ਦੇ ਦੀਵਾਨਾਂ ਵਿੱਚ

[1] ਸੰਤ ਇੰਦਰ ਸਿੰਘ ਚਕ੍ਰਵਰਤੀ, *ਅੱਟਲ ਪ੍ਰਤਾਪੀ*, ਪੰਨਾ 18.

[2] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ ਦੂਜਾ, ਪੰਨਾ 296.

Namdhari Elibrary NamdhariElibrary@gmail.com

ਸਭ ਸਿੱਖ ਤੇ ਹੋਰ ਗੈਰ-ਸਿੱਖ ਜਨਤਾ ਇਕੱਤਰ ਹੁੰਦੀ ਅਤੇ ਸਤਿਗੁਰੂ ਜੀ ਦੇ ਪ੍ਰਵਚਨਾਂ ਤੇ ਗੁਰੂ ਕੀਰਤਨ ਦੇ ਇਲਾਹੀ ਰੰਗ ਨੂੰ ਮਾਣ ਕੇ ਧੰਨ-ਧੰਨ ਕਰਦੀ। ਸਿਆਮ (ਹੁਣ ਥਾਈਲੈਂਡ) ਦੇ ਸਿੱਖਾਂ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਨੇ ਗੁਰਸਿੱਖੀ ਦੀ ਉਹ ਜੋਤ ਜਗਾ ਦਿੱਤੀ ਕਿ ਉਥੋਂ ਦੇ ਸਿੱਖਾਂ ਨੂੰ ਨਿਵਾਜਣ ਅਤੇ ਉਨ੍ਹਾਂ ਵਿੱਚ ਆਤਮਿਕ ਠੰਢ ਵਰਤਾਉਣ ਲਈ ਆਪ ਜੀ ਨੇ ਇਸ ਦੇਸ਼ ਦੇ ਕਈ ਦੌਰੇ ਕੀਤੇ। ਜਿਨ੍ਹਾਂ ਦੇ ਵੇਰਵਿਆਂ ਬਾਰੇ ਅੱਗੇ ਜਾ ਕੇ ਢੁੱਕਵੇਂ ਪ੍ਰਕਰਣ ਵਿੱਚ ਜ਼ਿਕਰ ਕੀਤਾ ਜਾਵੇਗਾ। ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਤੇ ਸ਼ਾਮ ਦੇ ਦੀਵਾਨ ਸਮੇਂ ਸੰਗਤਾਂ ਗੁਰੂ ਕੀਰਤਨ ਤੇ ਸਤਿਗੁਰੂ ਦੇ ਪ੍ਰਵਚਨਾਂ ਦਾ ਆਨੰਦ ਮਾਣਦੀਆਂ। ਸਤਿਗੁਰੂ ਜੀ ਦੇ ਬਹੁਤ ਸਾਰੇ ਹਜ਼ੂਰੀ ਸੇਵਕ ਤੇ ਨਿਕਟਵਰਤੀ ਸੱਜਣ ਇਸ ਵਿਦੇਸ਼ੀ ਦੌਰੇ ਵਿੱਚ ਸਤਿਗੁਰੂ ਜੀ ਦੇ ਨਾਲ ਸਨ। ਵਾਪਸੀ ਸਮੇਂ ਬਰਮਾ ਵਿੱਚ ਸਭ ਨੇ ਉਨ੍ਹਾਂ ਸਥਾਨਾਂ ਦੇ ਦਰਸਨ ਕੀਤੇ, ਜਿਨ੍ਹਾਂ ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਸ਼ਾਹੀ ਕੈਦੀ ਦੇ ਰੂਪ ਵਿੱਚ ਕਈ ਸਾਲ ਗੁਜ਼ਾਰੇ ਸਨ। ਉਨ੍ਹਾਂ ਸਥਾਨਾਂ ਦੀ ਵੀ ਨਿਸ਼ਾਨਦੇਹੀ ਕੀਤੀ ਗਈ ਜਿਥੇ ਪੰਜਾਬ ਵਿੱਚੋਂ ਨਾਮਧਾਰੀ ਜਾ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਦੇ ਅਤੇ ਚੋਰੀ-ਛਿਪੇ ਹੁਕਮਨਾਮੇ ਲਿਆਉਂਦੇ ਸਨ।

## ਸਤਿਗੁਰੂ ਪਰਤਾਪ ਸਿੰਘ ਜੀ ਦਾ ਮਹਾਨ ਇਤਿਹਾਸਕ ਕਾਰਨਾਮਾ

ਸਤਿਗੁਰੂ ਪਰਤਾਪ ਸਿੰਘ ਜੀ ਵੱਲੋਂ ਕਰਵਾਇਆ ਗਿਆ ਗੁਰੂ ਨਾਨਕ ਨਾਮ-ਲੇਵਾ ਸਰਬ ਸੰਪਰਦਾਵਾਂ ਦਾ ਏਕਤਾ ਸੰਮੇਲਨ ਸਮੁੱਚੇ ਸਿੱਖ ਇਤਿਹਾਸ ਵਿੱਚ ਵਿਲੱਖਣ ਮਹਾਨਤਾ ਰੱਖਦਾ ਹੈ। ਜਿਵੇਂ ਕਿਸੇ ਸਮੇਂ ਬੋਧੀਆਂ ਦੇ ਮਹਾਂ ਸੰਘ ਜੁੜਦੇ ਰਹੇ ਅਤੇ ਉਹਨਾਂ ਦੇ ਵੱਖ-ਵੱਖ ਫਿਰਕਿਆਂ ਵਿੱਚ ਇਕਸੁਰਤਾ ਉਤਪੰਨ ਕੀਤੀ ਜਾਂਦੀ ਰਹੀ, ਤਿਵੇਂ ਹੀ ਸਿੱਖ ਇਤਿਹਾਸ ਵਿੱਚ ਇਸ ਨਿਵੇਕਲੇ ਸੰਮੇਲਨ ਦਾ ਮਹੱਤਵ ਹੈ। ਜਿਵੇਂ ਅਠਾਰਵੀਂ ਸਦੀ ਵਿੱਚ ਦਲ ਖਾਲਸੇ ਦੇ ਏਕਤਾ ਸੰਮੇਲਨ ਜੁੜਦੇ ਰਹੇ ਅਤੇ ਸਭ ਮਿਸਲਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਉੱਤੇ ਪਾਸ ਕੀਤੇ ਗਏ ਗੁਰਮਤੇ ਇੱਕ ਸੂਤਰ ਵਿੱਚ ਬੰਨਦੇ ਰਹੇ ਤਿਵੇਂ ਹੀ ਸਤਿਗੁਰੂ ਪਰਤਾਪ ਸਿੰਘ ਦਾ ਇਹ ਯਤਨ ਵੱਡੀ ਮਹਾਨਤਾ ਤੇ ਗੌਰਵ ਵਾਲਾ ਹੈ। ਜਿਵੇਂ ਉਪਰ ਸੰਕੇਤ ਕੀਤਾ ਗਿਆ ਹੈ ਕਿ ਸਤਿਗੁਰੂ ਜੀ ਸਮੂਹ ਸਿੱਖ ਸੰਪਰਦਾਵਾਂ ਵਿੱਚ ਏਕਤਾ ਕਰਨਾ ਲੋਚਦੇ ਸਨ। ਸਤਿਗੁਰੂ ਪਰਤਾਪ ਸਿੰਘ ਜੀ ਦਾ ਵਿਚਾਰ ਸੀ ਕਿ ਗੁਰੂ ਨਾਨਕ ਦੇ ਸਿੱਖੀ ਬ੍ਰਿਛ ਦੀਆਂ ਅਨੇਕ ਟਹਿਣੀਆਂ ਅਤੇ ਸ਼ਾਖਾਵਾਂ ਹਨ, ਇਨ੍ਹਾਂ ਵਿਭਿੰਨ ਸੰਪਰਦਾਵਾਂ ਵਿੱਚ ਬਾਹਰੀ ਤੌਰ ਤੇ ਭਾਵੇਂ ਵਖੇਵੇਂ ਨਜ਼ਰੀ ਪੈਂਦੇ ਹਨ, ਪਰ ਇਨ੍ਹਾਂ ਸਭ ਵਿੱਚ ਗੁਰੂ ਨਾਨਕ ਦੇਵ ਜੀ ਦੀ ਅਖੰਡ ਜੋਤੀ ਹੀ ਪ੍ਰਜਵਲਿਤ ਹੈ, ਜਿਸ ਨੂੰ ਸੂਖਮ ਭਾਵੀ ਤੇ ਸੰਵੇਦਨਸ਼ੀਲ ਧਾਰਮਿਕ ਤੇ ਅਧਿਆਤਮਕ ਤੌਰ ਤੇ ਜਾਗੇ ਹੋਏ ਵਿਅਕਤੀ ਹੀ ਲਖ ਤੇ ਪੇਖ ਸਕਦੇ ਹਨ। ਗੁਰੂ ਨਾਨਕ ਦੇ ਪਵਿੱਤਰ ਨਾਮ ਨਾਲ ਜੁੜੀਆਂ ਅਨੇਕ ਸੰਪਰਦਾਵਾਂ ਦਾ ਮੁੱਢ ਤੇ ਜੜ੍ਹਾਂ ਇਕੋ ਹੀ ਹਨ। ਸਤਿਗੁਰੂ ਜੀ ਸਮੁੱਚੇ ਸਿੱਖ ਜਗਤ ਨੂੰ ਇਸ ਏਕਤਾ ਰੂਪੀ ਮੰਡਲ ਵਿੱਚ ਜੁੜੇ ਸਿੱਖ ਸਮੂਹ ਨੂੰ ਅਜਿਹੇ ਆਦਰਸ਼ਕ ਬੰਧਨ ਵਿੱਚ ਜੋੜਨਾ ਲੋਚਦੇ ਸਨ, ਜਿਸ ਵਿੱਚ 'ਸਭੇ ਸਾਂਝੀਵਾਲ ਸਦਾਇਨ' ਦਾ ਏਕਤਾ-ਸੂਤਰ ਪ੍ਰਧਾਨ ਹੋਵੇ।

ਗੁਰੂ ਨਾਨਕ ਨਾਮ-ਲੇਵਾ ਸਿੱਖ ਸੰਪਰਦਾਵਾਂ ਦਾ ਅਜਿਹਾ ਇੱਕ ਏਕਤਾ ਸੰਮੇਲਨ 13, 14, 15 ਅਕਤੂਬਰ, 1934 ਈ. (28, 29, 30 ਅੱਸੂ, 1991 ਬਿਕਰਮੀ) ਨੂੰ ਸ੍ਰੀ ਭੈਣੀ ਸਾਹਿਬ ਵਿਖੇ ਰੱਖਿਆ ਗਿਆ, ਜਿਸ ਦੀ ਵਿਸ਼ੇਸ਼ ਤਿਆਰੀ ਲਈ ਪਹਿਲਾਂ ਕਈ ਵਿਸ਼ੇਸ਼ ਇਕੱਤਰਤਾਵਾਂ ਕੀਤੀਆਂ ਗਈਆਂ। ਅੰਮ੍ਰਿਤਸਰ ਦੀ ਇੱਕ ਤਿਆਰੀ ਇਕੱਤਰਤਾ ਵੱਡਾ ਅਖਾੜਾ ਚੌਕ ਪ੍ਰਾਗਦਾਸ ਕਟੜਾ ਰਾਮਗੜੀਆ ਵਿੱਚ ਪ੍ਰੋ. ਤੇਜਾ ਸਿੰਘ (ਖਾਲਸਾ ਕਾਲਜ ਅੰਮ੍ਰਿਤਸਰ) ਦੀ ਪ੍ਰਧਾਨਗੀ ਹੇਠ ਹੋਈ। ਇਸ ਇਕੱਤਰਤਾ ਵਿੱਚ ਇਸ ਸੰਮੇਲਨ ਦੇ ਉਦੇਸ਼ਾਂ ਬਾਰੇ ਵਿਚਾਰ ਕੀਤੇ ਗਏ। ਇਸ ਦੀ ਮਹੱਤਤਾ ਤੇ ਪ੍ਰਕਾਸ਼ ਪਾਉਂਦੇ ਹੋਏ ਇਸ ਵਿੱਚ ਉਘੀਆਂ ਪੰਥਕ ਤੇ ਧਾਰਮਿਕ ਹਸਤੀਆਂ ਨੂੰ ਇਸ ਸੰਮੇਲਨ 'ਤੇ ਪਹੁੰਚਣ ਲਈ ਵਿਸ਼ੇਸ਼ ਤੌਰ ਤੇ ਬੇਨਤੀ ਕੀਤੀ ਗਈ। ਸੰਤ ਇੰਦਰ ਸਿੰਘ ਚੱਕਰਵਰਤੀ ਜੋ ਇਸ ਸੰਮੇਲਨ ਦੇ ਸੰਚਾਲਕਾਂ ਵਿੱਚੋਂ ਸਨ, ਨੇ ਸਤਿਗੁਰੂ ਜੀ ਦੇ ਆਦੇਸ਼ਾਂ ਅਨੁਸਾਰ ਬਹੁਤ ਸਾਰੇ ਪ੍ਰਸਿੱਧ ਵਿਅਕਤੀਆਂ ਨੂੰ ਵਿਸ਼ੇਸ਼ ਚਿੱਠੀ-ਪੱਤਰਾਂ ਰਾਹੀਂ ਇਸ ਸੰਮੇਲਨ ਵਿੱਚ ਪੁੱਜਣ ਲਈ ਬੇਨਤੀ ਕੀਤੀ। ਅੰਮ੍ਰਿਤਸਰ ਦੀ ਇਸ ਇਕੱਤਰਤਾ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਤੋਂ ਬਿਨਾਂ ਪ੍ਰੋ. ਗੰਗਾ ਸਿੰਘ, ਭਾਈ ਮੋਹਨ ਸਿੰਘ ਵੈਦ, ਗਿਆਨੀ ਸ਼ੇਰ ਸਿੰਘ, ਗੋਪਾਲ ਸਿੰਘ ਕੌਮੀ, ਲਾਲਾ ਧਨੀ ਰਾਮ ਚਾਤ੍ਰਿਕ, ਚਰਨ ਸਿੰਘ ਸ਼ਹੀਦ, ਅਵਤਾਰ ਸਿੰਘ ਆਜ਼ਾਦ, ਗਿਆਨੀ ਠਾਕੁਰ ਸਿੰਘ, ਸ੍ਰ. ਦਲੀਪ ਸਿੰਘ ਮੀਤ ਪ੍ਰਧਾਨ ਦਰਬਾਰ ਸਾਹਿਬ ਕਮੇਟੀ ਅਤੇ ਕਈ ਹੋਰ ਪਤਵੰਤੇ ਸੱਜਣ ਸ਼ਾਮਿਲ ਹੋਏ। ਨਾਮਧਾਰੀ ਦਰਬਾਰ ਵੱਲੋਂ ਸੰਤ ਇੰਦਰ ਸਿੰਘ ਚੱਕਰਵਰਤੀ ਤੋਂ ਬਿਨਾਂ ਸ੍ਰ. ਲਛਮਣ ਸਿੰਘ ਜੀ ਪ੍ਰਧਾਨ ਨਾਮਧਾਰੀ ਦਰਬਾਰ, ਸ੍ਰ. ਆਤਮਾ ਸਿੰਘ, ਸੰਤ ਨਿਧਾਨ ਸਿੰਘ ਆਲਿਮ, ਸੰਤ ਮੰਗਲ ਸਿੰਘ, ਸੰਤ ਨਰੈਣ ਸਿੰਘ ਗੁਜਰਾਂਵਾਲੇ, ਸੰਤ ਤਰਨ ਸਿੰਘ ਵਹਿਮੀ, ਸ੍ਰ. ਦਯਾ ਸਿੰਘ ਕੱਕੜ ਆਦਿ ਸਭ ਹਾਜ਼ਰ ਸਨ। ਇੱਕ ਵਿਸ਼ੇਸ਼ ਉਪ-ਕਮੇਟੀ ਇਸ ਕਾਨਫਰੰਸ ਨੂੰ ਸਫਲ ਬਣਾਉਣ ਲਈ ਬਣਾਈ ਗਈ ਜਿਸ ਦੇ ਮੈਂਬਰ ਸਨ ਪ੍ਰੋ. ਤੇਜਾ ਸਿੰਘ, ਭਾਈ ਮੋਹਨ ਸਿੰਘ ਵੈਦ, ਸ੍ਰ. ਲਛਮਣ ਸਿੰਘ ਤੇ ਸੰਤ ਨਿਧਾਨ ਸਿੰਘ ਆਲਿਮ ਆਦਿ।

ਸਤਿਗੁਰੂ ਪਰਤਾਪ ਸਿੰਘ ਜੀ ਨੇ ਸਫੇਦ ਉੱਨ ਦੀ ਮਾਲਾ ਬਣਾਉਣ ਵਾਲਿਆਂ ਨੂੰ ਵਿਸ਼ੇਸ਼ ਤੌਰ ਤੇ ਅਖਵਾ ਭੇਜਿਆ ਕਿ ਉਹ ਚੋਖੀ ਗਿਣਤੀ ਵਿੱਚ ਸੁੰਦਰ ਮਾਲਾਵਾਂ ਬਣਾ ਕੇ ਲਿਆਉਣ।

## ਗੁਰੂ ਨਾਨਕ ਨਾਮ-ਲੇਵਾ ਸੰਪਰਦਾਵਾਂ ਦਾ ਵਿਸ਼ੇਸ਼ ਸਮਾਗਮ 14-15 ਅਕਤੂਬਰ, 1934

ਇਸ ਸੰਮੇਲਨ ਨੂੰ ਸਫਲ ਬਣਾਉਣ ਲਈ ਬਹੁਤ ਸਾਰੇ ਨਾਮਧਾਰੀ ਸੱਜਣਾਂ ਦੀ ਸੇਵਾ ਲਗਾਈ ਗਈ, ਜਿਹੜੇ ਸੱਜਣ ਇਸ ਸੰਮੇਲਨ ਲਈ ਆਏ, ਉਨ੍ਹਾਂ ਨੂੰ ਲੁਧਿਆਣੇ ਤੋਂ ਸ੍ਰੀ ਭੈਣੀ ਸਾਹਿਬ ਲੈ ਕੇ ਜਾਣ ਦਾ ਉਚੇਚਾ ਪ੍ਰਬੰਧ ਕੀਤਾ ਗਿਆ ਸੀ। ਇਸ ਸੰਮੇਲਨ ਦੇ ਪ੍ਰਧਾਨ ਭਾਈ ਅਰਜਨ ਸਿੰਘ ਬਾਗੜੀਆਂ ਦੇ ਨਾਲ ਜਦੋਂ ਕੁਝ ਪ੍ਰਸਿੱਧ ਹਸਤੀਆਂ ਭਾਈ ਕਾਨ੍ਹ ਸਿੰਘ ਨਾਭਾ, ਭਾਈ ਮੋਹਨ ਸਿੰਘ ਵੈਦ, ਸ੍ਰ. ਸੁੰਦਰ ਸਿੰਘ ਮਜੀਠਾ, ਪ੍ਰਿੰ. ਜੋਧ ਸਿੰਘ ਤੇ

Namdhari Elibrary NamdhariElibrary@gmail com

ਟਿੱਕਾ ਅਰਦਮਨ ਸਿੰਘ ਕਾਰਾਂ ਰਾਹੀਂ ਭੈਣੀ ਸਾਹਿਬ ਪਹੁੰਚੇ ਤਾਂ ਸਾਰੇ ਰਸਤੇ ਵਿੱਚ ਨਾਮਧਾਰੀ ਸੱਜਣਾਂ ਨੇ ਦੋ ਪੰਕਤੀਆਂ ਵਿੱਚ ਖੜ੍ਹ ਕੇ ਜੈਕਾਰੇ ਬੁਲਾ ਕੇ ਉਨ੍ਹਾਂ ਦਾ ਸਵਾਗਤ ਕੀਤਾ।

ਕੁਝ ਸੰਪਰਦਾਵਾਂ ਦੇ ਮੁਖੀਆਂ ਵੱਲੋਂ ਨਾਮਧਾਰੀ ਅਰਦਾਸ ਅਤੇ ਕਈ ਹੋਰ ਗੱਲਾਂ ਬਾਰੇ ਇਤਰਾਜ਼ ਕੀਤੇ ਜਾਂਦੇ ਸਨ। ਸਤਿਗੁਰੂ ਪਰਤਾਪ ਸਿੰਘ ਜੀ ਨੇ ਵੱਡੀ ਉਦਾਰਤਾ ਦਰਸਾ ਕੇ ਸਭ ਸਮੱਸਿਆਵਾਂ ਦਾ ਸਮਾਧਾਨ ਕਰ ਲਿਆ ਅਤੇ ਸਾਰੇ ਪ੍ਰਬੰਧ ਪਹਿਲਾਂ ਹੀ ਕਰ ਲਏ ਗਏ ਸਨ।

ਗੁਰੂ ਨਾਨਕ ਨਾਮ-ਲੇਵਾ ਸੰਪਰਦਾਵਾਂ ਦਾ ਇਹ ਵਿਸ਼ੇਸ਼ ਸੰਮੇਲਨ ਦੋ ਦਿਨ ਚਲਦਾ ਰਿਹਾ। ਇਸ ਸੰਮੇਲਨ ਵਿੱਚ ਸਿੱਖ ਜਗਤ ਤੇ ਵਿਸ਼ੇਸ਼ ਸੰਪਰਦਾਵਾਂ ਵੱਲੋਂ ਮਿਲ ਕੇ ਚੱਲਣ ਲਈ ਦੋ ਦਿਨ ਭਰਪੂਰ ਵਿਚਾਰਾਂ ਹੋਈਆਂ। ਨਾਮਧਾਰੀ ਵਿਦਿਆਲੇ ਦੇ ਵਿਦਿਆਰਥੀਆਂ ਨੇ ਮਨੋਹਰ ਕੀਰਤਨ ਰਾਹੀਂ ਸਰੋਤਿਆਂ ਨੂੰ ਨਿਹਾਲ ਕੀਤਾ। ਦੋ ਦਿਨ ਭਰਪੂਰ ਵਿਚਾਰਾਂ ਹੋਈਆਂ ਅਤੇ ਕੁਝ ਮਤੇ ਵੀ ਇਸ ਸੰਮੇਲਨ ਰਾਹੀਂ ਪਾਸ ਕੀਤੇ ਗਏ।

**ਪਹਿਲਾ ਮਤਾ** :- ਸਤਿਗੁਰੂ ਨਾਨਕ ਨਾਮ-ਲੇਵਾ ਆਪੋ ਆਪਣੇ ਜਥਿਆਂ ਗੁਰਦੁਆਰਿਆਂ ਵਿੱਚ ਕਥਾ ਕੀਰਤਨ ਦੁਆਰਾ, ਮੁੱਖ ਤੌਰ ਤੇ ਗੁਰਬਾਣੀ ਦਾ ਹੀ ਪ੍ਰਚਾਰ ਕਰਨ। ਇਹ ਮਤਾ ਪ੍ਰਿੰ. ਜੋਧ ਸਿੰਘ ਵੱਲੋਂ ਪੇਸ਼ ਕੀਤਾ ਗਿਆ ਅਤੇ ਮਹੰਤ ਕਿਸ਼ਨ ਸਿੰਘ ਐਡੀਟਰ ਨਿਰਮਲ ਸਮਾਚਾਰ ਨੇ ਇਸ ਦੀ ਪ੍ਰੋੜ੍ਹਤਾ ਕੀਤੀ।

**ਦੂਜਾ ਮਤਾ** :- ਦੂਜਾ ਮਤਾ ਸੰਤ ਇੰਦਰ ਸਿੰਘ ਚਕ੍ਰਵਰਤੀ ਨੇ ਪੇਸ਼ ਕੀਤਾ, ਜਿਸਦੀ ਪ੍ਰੋੜ੍ਹਤਾ ਗਿਆਨੀ ਹਰਚਰਨ ਸਿੰਘ ਨੇ ਕੀਤੀ। ਇਸ ਮਤੇ ਵਿੱਚ ਸਤਿਗੁਰੂ ਨਾਨਕ ਪੰਥੀ ਰਾਗੀਆਂ, ਪਰਚਾਰਕਾਂ ਤੇ ਲੇਖਕਾਂ ਨੂੰ ਆਪਣੇ ਮੱਤ ਦਾ ਪ੍ਰਚਾਰ ਮੰਡਨ ਰੂਪ ਵਿੱਚ ਕਰਨ ਲਈ ਕਿਹਾ ਗਿਆ ਅਤੇ ਦੂਸਰੇ ਮੱਤ ਦਾ ਖੰਡਨ ਕਰਨ ਤੋਂ ਸੰਕੋਚ ਕਰਨ ਲਈ ਬੇਨਤੀ ਕੀਤੀ ਗਈ।

**ਤੀਸਰਾ ਮਤਾ** :- ਇਹ ਮਤਾ ਮਾਸਟਰ ਤਾਰਾ ਸਿੰਘ ਵੱਲੋਂ ਪੇਸ਼ ਕੀਤਾ ਗਿਆ ਅਤੇ ਇਸ ਦੀ ਪ੍ਰੋੜ੍ਹਤਾ ਪ੍ਰਿੰ. ਤੇਜਾ ਸਿੰਘ ਨੇ ਕੀਤੀ। ਇਸ ਮਤੇ ਵਿੱਚ ਕਿਹਾ ਗਿਆ ਕਿ ਸਭ ਗੁਰਦੁਆਰਾ ਕਮੇਟੀਆਂ, ਗੁਰਦੁਆਰਿਆਂ ਦੇ ਰਾਗੀ, ਗ੍ਰੰਥੀ, ਮੈਨੇਜਰ, ਸੇਵਕ ਆਦਿ ਮੁਕੱਰਰ ਕਰਨ ਸਮੇਂ ਜੋਗ ਅਧਿਕਾਰੀ ਨੂੰ ਉਸੇ ਸੰਪਰਦਾਇ ਵਿੱਚ ਨਿਯੁਕਤ ਕਰਨ ਜਿਸ ਸੰਪਰਦਾਇ ਪਾਸ ਪਹਿਲਾਂ ਉੱਥੋਂ ਦਾ ਪ੍ਰਬੰਧ ਹੋਵੇ।

**ਚੌਥਾ ਮਤਾ** :- ਇਹ ਮਤਾ ਸ੍ਰ. ਦਲੀਪ ਸਿੰਘ ਦੁਆਬਾ ਨੇ ਪੇਸ਼ ਕੀਤਾ ਅਤੇ ਇਸ ਦੀ ਪ੍ਰੋੜ੍ਹਤਾ ਭਾਈ ਮੋਹਨ ਸਿੰਘ ਵੈਦ ਨੇ ਕੀਤੀ। ਗੁਰਦੁਆਰਾ ਬੈਂਕੋਕ ਕਮੇਟੀ ਵੱਲੋਂ ਸਭ ਸੱਜਣਾਂ, ਜੱਥੇਦਾਰਾਂ ਦਸਤਖ਼ਤ ਕਰਨ ਵਾਲਿਆਂ ਨੂੰ ਏਕਤਾ ਵਧਾਉਣ ਲਈ ਇਤਿਹਾਸਕ ਗੁਰਦੁਆਰਿਆਂ ਤੋਂ ਬਿਨਾਂ ਬਾਕੀ ਗੁਰਦੁਆਰਾ ਐਕਟ ਦੀ ਦਫ਼ਾ 7 ਦੇ ਅਧੀਨ ਝਗੜੇ ਤਿਆਗ ਦੇਣ ਦੀ ਬੇਨਤੀ ਕੀਤੀ ਗਈ।

**ਪੰਜਵਾਂ ਮਤਾ** :- ਇਸ ਮਤੇ ਨੂੰ ਸੰਮੇਲਨ ਦੇ ਪ੍ਰਧਾਨ ਭਾਈ ਅਰਜਨ ਸਿੰਘ ਬਾਗੜੀਆਂ ਨੇ ਪੇਸ਼ ਕਰਦੇ ਹੋਏ, ਕਾਨਫਰੰਸ ਦੇ ਆਪਣੇ ਛੋਹੇ ਕਾਰਜਾਂ ਨੂੰ ਤੋੜ ਚੜ੍ਹਾਉਣ ਲਈ ਤੇ ਚਲਦੇ ਮੁਕੱਦਮਿਆਂ ਦਾ ਨਿਪਟਾਰਾ ਕਰਾਉਣ ਲਈ ਹੇਠ ਲਿਖੀ ਕਾਰਜਕਾਰਨੀ

Namdhari Elibrary NamdhariElibrary@gmail.com

ਦਾ ਐਲਾਨ ਕੀਤਾ :-

ਭਾਈ ਅਰਜਨ ਸਿੰਘ ਬਾਗੜੀਆਂ, ਨਿਰਮਲੇ ਮਾਨ ਸਿੰਘ ਸ਼ਾਸਤਰੀ, ਮਹੰਤ ਸਵਾਮੀ ਰਾਮ ਕੁਮਾਰ ਤੀਰਥ ਮਹੰਤ, ਸੇਵਾ ਪੰਥੀ ਗੁਰਬਖਸ਼ ਸਿੰਘ, ਪੰਡਤ ਨਿਹਚਲ ਸਿੰਘ ਮੰਡਲ ਬਹਾਉਦੀਨ, ਸ੍ਰ. ਆਤਮਾ ਸਿੰਘ, ਸੰਤ ਨਿਧਾਨ ਸਿੰਘ ਆਲਿਮ, ਸਰ ਸੁੰਦਰ ਸਿੰਘ ਮਜੀਠਾ ਚੀਫ ਖਾਲਸਾ ਦਿਵਾਨ, ਪ੍ਰੋ. ਜੋਧ ਸਿੰਘ ਸ਼੍ਰੋਮਣੀ ਕਮੇਟੀ, ਪ੍ਰਿੰ. ਗੰਗਾ ਸਿੰਘ, ਭਾਈ ਮੋਹਨ ਸਿੰਘ ਵੈਦ, ਗਿਆਨੀ ਸ਼ੇਰ ਸਿੰਘ ਤੇ ਗੁਰਮੁਖ ਸਿੰਘ ਮੁਸਾਫਿਰ। ਇਸ ਕਾਰਜਕਾਰਨੀ ਦੇ ਕਨਵੀਨਰ ਗਿਆਨੀ ਗੁਰਮੁਖ ਸਿੰਘ ਮੁਸਾਫਿਰ ਥਾਪੇ ਗਏ।

ਵਿਦਾਇਗੀ ਸਮੇਂ ਸਤਿਗੁਰੂ ਜੀ ਵੱਲੋਂ 150 ਪਤਵੰਤੇ ਸੱਜਣਾਂ ਨੂੰ ਸਿਰੋਪੇ ਅਤੇ ਮਾਇਆ ਭੇਟ ਕੀਤੀ ਗਈ, ਪਰ ਕਾਨਫਰੰਸ ਦੇ ਪ੍ਰਧਾਨ ਭਾਈ ਅਰਜਨ ਸਿੰਘ ਬਾਗੜੀਆਂ ਵੱਲੋਂ ਸਤਿਗੁਰੂ ਪਰਤਾਪ ਸਿੰਘ ਜੀ ਦਾ ਧੰਨਵਾਦ ਕਰਕੇ ਸਿਰੋਪੇ ਤਾਂ ਸਵੀਕਾਰ ਕਰ ਲਏ ਗਏ, ਪਰ ਨਕਦ ਰਕਮਾਂ ਗੁਰੂ ਦੇ ਲੰਗਰ ਵਿੱਚ ਪਾਉਣ ਲਈ ਬੇਨਤੀ ਕੀਤੀ ਗਈ। ਸੰਤ ਇੰਦਰ ਸਿੰਘ ਚਕ੍ਰਵਰਤੀ ਅਨੁਸਾਰ, "ਇਸ ਸੰਮੇਲਨ ਉੱਤੇ 70 ਹਜ਼ਾਰ ਰੁਪਏ ਖਰਚ ਹੋਏ।'[1] ਤਾਰਾ ਸਿੰਘ ਅਨਜਾਣ ਅਨੁਸਾਰ ਇਸ ਸੰਮੇਲਨ ਤੇ ਸੰਗਤਾਂ ਦੀ ਹਾਜ਼ਰੀ 50-60 ਹਜ਼ਾਰ ਸੀ। ਇਸ ਸੰਮੇਲਨ ਸਮੇਂ 105 ਸਾਧਾਰਨ ਪਾਠਾਂ ਦੇ ਭੋਗ ਪਾਏ ਗਏ। ਜਦੋਂ ਸੰਮੇਲਨ ਦੇ ਪ੍ਰਤੀਨਿਧਾਂ ਨੇ ਗੁਰੂ ਘਰ ਦੀ ਮਾਇਆ ਲੈਣੀ ਸਵੀਕਾਰ ਨਾ ਕੀਤੀ ਅਤੇ ਉਸ ਨੂੰ ਗੁਰੂ ਦੇ ਲੰਗਰ ਵਿੱਚ ਪਾਉਣ ਦੀ ਬੇਨਤੀ ਕੀਤੀ ਗਈ ਤਾਂ ਸਤਿਗੁਰੂ ਜੀ ਦਾ ਫੁਰਮਾਨ ਸੀ ਕਿ, "[2]ਪਰਉਪਕਾਰ ਤੇ ਪੰਥਕ ਭਲਾਈ ਲਈ ਖਰਚੀ ਮਾਇਆ ਵੀ ਲੇਖੇ ਹੀ ਲੱਗਦੀ ਹੈ।" ਇਸ ਸੰਮੇਲਨ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਵੀ ਜਥੇਦਾਰ ਗੁਰਮੁਖ ਸਿੰਘ ਝੱਬਰ ਨੂੰ ਸੌਂਪੀ ਗਈ ਸੀ।

ਗੁਰੂ ਨਾਨਕ ਸਰਬ ਸੰਪ੍ਰਦਾਇ ਦੇ ਏਕਤਾ ਸੰਮੇਲਨ ਦੀਆਂ ਕਾਰਵਾਈਆਂ ਨੂੰ ਜਾਰੀ ਰੱਖਣ ਲਈ ਵੀ ਅਗੇਂ ਕਈ ਉਦਮ ਹੁੰਦੇ ਰਹੇ ਤਾਂ ਜੋ ਇਸ ਸਿੱਖ ਏਕਤਾ ਦੀ ਲਹਿਰ ਨੂੰ ਹੋਰ ਵਿਸ਼ਾਲ ਬਣਾਇਆ ਜਾ ਸਕੇ। ਇਸ ਉਦੇਸ਼ ਦੀ ਪੂਰਤੀ ਲਈ ਗੁਜਰਾਂਵਾਲੇ ਵਿਖੇ ਇੱਕ ਭਰਵਾਂ ਸੰਮੇਲਨ ਕੀਤਾ ਗਿਆ। "[3]ਕਾਨਫਰੰਸ ਦਾ ਅਗਲਾ ਇਜਲਾਸ 19, 20, 21, 22 ਅਪ੍ਰੈਲ 1935 ਨੂੰ ਗੁਜਰਾਂਵਾਲੇ ਰੱਖਿਆ ਗਿਆ। ਇਸ ਦਾ ਉੱਦਮ ਸ੍ਰ. ਆਤਮਾ ਸਿੰਘ, ਸੰਤ ਨਿਧਾਨ ਸਿੰਘ ਆਲਿਮ, ਸ੍ਰ. ਸੁੰਦਰ ਸਿੰਘ ਮਜੀਠਾ, ਭਾਈ ਮੋਹਨ ਸਿੰਘ ਵੈਦ ਆਦਿ ਨੇ ਕੀਤਾ। ਪ੍ਰਧਾਨਗੀ ਸ੍ਰ. ਕਰਤਾਰ ਸਿੰਘ ਵਕੀਲ ਨੇ ਕੀਤੀ ਸੀ। ਇਸ ਸਮਾਗਮ ਸਮੇਂ ਨਿਕਲੇ ਜਲੂਸ ਵਿੱਚ ਸਭ ਸੰਪਰਦਾਵਾਂ ਦੇ ਲੋਕ ਸ਼ਾਮਲ ਸਨ। ਹੱਥਾਂ ਵਿੱਚ ਫੜੇ ਸਫੈਦ ਝੰਡੇ ਤੇ ਲਿਖਿਆ ਹੋਇਆ ਸੀ :

ਜੁਗ ਜੁਗ ਝੰਡਾ ਝੂਲੇ, ਸਤਿਗੁਰੂ ਨਾਨਕ ਦਾ।
ਸਭ ਜਗ ਧਰਮ ਕਬੂਲੇ ਸਤਿਗੁਰੂ ਨਾਨਕ ਦਾ।

[1] ਸੰਤ ਇੰਦਰ ਸਿੰਘ ਚਕ੍ਰਵਰਤੀ, *ਅੱਟਲ ਪ੍ਰਤਾਪੀ*, ਪੰਨਾ 19.

[2] ਤਾਰਾ ਸਿੰਘ ਅਨਜਾਣ, *ਸਾਹਿਬ ਗੁਣੀ ਗਹੇਰਾ*, ਪੰਨਾ 121.

[3] ਉਹੀ, ਪੰਨਾ 123.

ਸਤਿਗੁਰੂ ਜੀ ਇੱਕ ਪਾਸੇ ਏਕਤਾ, ਇਤਫ਼ਾਕ ਲਈ ਸਮਾਗਮ ਕਰਨ ਤੇ ਉਹਨਾਂ ਵਿੱਚ ਸ਼ਾਮਲ ਹੋਣਾ ਆਪਣਾ ਨਿਜ ਦਾ ਆਦਰਸ਼ ਵਾਲਾ ਕਾਰਜ ਸਮਝਦੇ ਸਨ। ਦੂਜੇ ਪਾਸੇ ਨਾਮ ਜਪ ਕੇ ਮਨ ਨੂੰ ਟਿਕਾਈ ਰੱਖਣ ਦੀ ਪ੍ਰੇਰਨਾ ਵੀ ਦਿੰਦੇ ਸਨ।"

## ਰਾਵਲਪਿੰਡੀ ਦੀ ਸਿੱਖ ਵਿਦਿਅਕ ਕਾਨਫਰੰਸ

ਸ੍ਰ. ਆਤਮਾ ਸਿੰਘ ਦੇ ਉੱਦਮ ਅਤੇ ਯਤਨਾਂ ਸਦਕਾ 1934 ਵਿੱਚ ਸਿੱਖ ਵਿੱਦਿਅਕ ਸੰਮੇਲਨ ਦੀ ਕਾਨਫਰੰਸ ਰਾਵਲਪਿੰਡੀ ਵਿਖੇ ਹੋਈ। ਸ੍ਰ. ਆਤਮਾ ਸਿੰਘ ਦੀ ਬੇਨਤੀ ਉੱਤੇ ਸਤਿਗੁਰੂ ਜੀ ਨੇ ਇਸ ਕਾਨਫਰੰਸ ਨੂੰ ਸਫਲ ਬਣਾਉਣ ਲਈ ਆਪਣੇ ਕਈ ਸੇਵਕ ਤੇ ਪ੍ਰਚਾਰਕ ਰਾਵਲਪਿੰਡੀ ਭੇਜ ਦਿੱਤੇ ਸਨ। ਇਸ ਕਾਨਫਰੰਸ ਦੇ ਪ੍ਰਧਾਨ ਪਿਸ਼ਾਵਰ ਦੇ ਸ੍ਰ. ਰਾਜਾ ਸਿੰਘ (ਐਮ.ਏ., ਐਲ.ਐਲ.ਬੀ.) ਸਨ। ਸ੍ਰ. ਆਤਮਾ ਸਿੰਘ ਜੀ ਵੱਲੋਂ ਉਚੇਚੀਆਂ ਸਫੈਦ ਵਰਦੀਆਂ ਸਵਾਈਆਂ ਗਈਆਂ। ਨਾਮਧਾਰੀ ਸੱਜਣ ਸਫੈਦ ਉੱਨ ਦੀ ਮਾਲਾ ਪਹਿਨ ਕੇ ਅਤੇ ਪੀਲੇ ਪਟਕੇ ਬੰਨ੍ਹ ਜਲੂਸ ਵਿੱਚ ਸ਼ਾਮਿਲ ਹੋ ਕੇ ਕਾਨਫਰੰਸ ਦੀ ਸ਼ੋਭਾ ਵਧਾ ਰਹੇ ਸਨ। ਸ੍ਰ. ਆਤਮਾ ਸਿੰਘ ਕਾਨਫਰੰਸ ਦੇ ਪ੍ਰਧਾਨ ਦੇ ਨਾਲ ਅੱਗੇ ਚੱਲ ਕੇ ਜਲੂਸ ਦੀ ਅਗਵਾਈ ਕਰ ਰਹੇ ਸਨ।

## ਸਤਿਗੁਰੂ ਜੀ ਦਾ ਨੁਸ਼ਹਿਰੇ ਜਾ ਕੇ ਸ੍ਰ. ਗੁਰਬਖਸ਼ ਸਿੰਘ 'ਪ੍ਰੀਤਲੜੀ' ਨੂੰ ਮਿਲਣਾ

ਰਾਵਲਪਿੰਡੀ ਤੋਂ ਬਾਅਦ ਅਕਾਲੀ ਫੂਲਾ ਸਿੰਘ ਦੀ ਸਮਾਧ ਤੋਂ ਹੁੰਦੇ ਹੋਏ ਆਪ ਨੁਸ਼ਹਿਰੇ ਸ੍ਰ. ਗੁਰਬਖਸ਼ ਸਿੰਘ (ਪ੍ਰੀਤਲੜੀ) ਦੇ ਨਿਵਾਸ 'ਤੇ ਪੁੱਜੇ, ਜੋ ਉਥੇ ਰੇਲਵੇ ਇੰਜੀਨੀਅਰ ਸਨ। ਸ੍ਰ. ਗੁਰਬਖਸ਼ ਸਿੰਘ ਉਸ ਵੇਲੇ ਘਰ ਵਿੱਚ ਨਹੀਂ ਸਨ, ਜਦੋਂ ਉਨ੍ਹਾਂ ਨੂੰ ਕਿਸੇ ਨੇ ਖ਼ਬਰ ਦਿੱਤੀ ਕਿ ਆਪ ਜੀ ਦੇ ਨਿਵਾਸ ਸਥਾਨ 'ਤੇ ਇੱਕ ਤੇਜ ਪ੍ਰਤਾਪੀ ਮਹਾਂਪੁਰਸ਼ ਆਏ ਹਨ ਤਾਂ ਉਹ ਘਰ ਪਹੁੰਚੇ। ਸ੍ਰ. ਗੁਰਬਖਸ਼ ਸਿੰਘ ਅਦਬ ਸਤਿਕਾਰ ਸਭ ਦਾ ਕਰਦੇ ਸਨ, ਪਰ ਕਿਸੇ ਨੂੰ ਅੱਗੇ ਨਿਊਂ ਕੇ ਨਹੀਂ ਮਿਲਦੇ ਸਨ। ਜਦੋਂ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਆਉਂਦਿਆਂ ਦੇਖਿਆ ਤਾਂ ਅਗਲਵਾਂਢੀ ਹੋ ਕੇ ਘੁੱਟ ਕੇ ਆਪਣੀ ਗਲਵੱਕੜੀ ਵਿੱਚ ਲੈ ਲਿਆ। ਤਰਨ ਸਿੰਘ ਵਹਿਮੀ ਅਨੁਸਾਰ ਸਤਿਗੁਰੂ ਜੀ ਨੇ ਸਰਦਾਰ ਗੁਰਬਖਸ਼ ਸਿੰਘ ਨਾਲ ਕਈ ਵਿਚਾਰ ਸਾਂਝੇ ਕੀਤੇ। "ਕਈ ਤਰ੍ਹਾਂ ਦੇ ਦੇਸ਼ ਦੇ ਲੋਕਾਂ ਦੇ ਵਰਤਾਓ ਤੇ ਦੇਸ਼ ਦੀ ਹਾਲਤ, ਅਖ਼ਬਾਰਾਂ ਦੇ ਵਿਚਾਰਾਂ ਦੇ ਬਚਨ ਕਰਦੇ। ਗੁਰਬਖਸ਼ ਸਿੰਘ ਦਾ ਮਨ ਮੋਹ ਕੇ ਚਲੇ ਗਏ।"[1]

ਪੰਜਾਬੀ ਦੇ ਇਸ ਮਹਾਨ ਸਾਹਿਤਕਾਰ ਦੇ ਸਨੇਹ ਪੂਰਵਕ ਸੰਬੰਧ ਨਾਮਧਾਰੀ ਸਤਿਗੁਰਾਂ ਤੇ ਨਾਮਧਾਰੀ ਮੱਤ ਨਾਲ ਜੀਵਨ ਭਰ ਬਣੇ ਰਹੇ ਸਨ।

## ਹਿੰਦੀ ਦੇ ਰਾਸ਼ਟਰੀ ਕਵੀ ਮੈਥਲੀਸ਼ਰਨ ਗੁਪਤ ਨੂੰ ਨਿਵਾਜਣਾ

1936 ਵਿੱਚ ਜਦੋਂ ਸਤਿਗੁਰੂ ਪਰਤਾਪ ਸਿੰਘ ਜੀ ਕਈ ਥਾਵਾਂ ਦੀ ਯਾਤਰਾ ਕਰਦੇ

[1] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ ਦੂਜਾ, ਪੰਨਾ 333.

Namdhari Elibrary NamdhariElibrary@gmail.com

ਹੋਏ ਅਤੇ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰਦੇ ਹੋਏ ਝਾਂਸੀ ਤੋਂ ਚਿਰਗਾਉਂ ਪਹੁੰਚੇ ਤਾਂ ਆਪ ਹਿੰਦੀ ਦੇ ਮਹਾਨ ਰਾਸ਼ਟਰੀ ਕਵੀ ਮੈਥਲੀਸ਼ਰਨ ਗੁਪਤ ਨੂੰ ਮਿਲਣ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਪਹੁੰਚੇ। ਸਤਿਗੁਰੂ ਪਰਤਾਪ ਸਿੰਘ ਜੀ ਸਦਾ ਗੁਣਵਾਨ ਪੁਰਸ਼ਾਂ, ਲੇਖਕਾਂ ਅਤੇ ਕਵੀਆਂ ਦਾ ਸਤਿਕਾਰ ਕਰਦੇ ਸਨ। ਸਾਰੇ ਪਰਿਵਾਰ ਨੇ ਆਪ ਜੀ ਦੇ ਦਰਸ਼ਨ ਕਰਕੇ ਖੁਸ਼ੀ ਮਨਾਈ। ਸਤਿਗੁਰੂ ਜੀ ਨੇ ਉਸਦੀ ਸਿੱਖ ਗੁਰੂਆਂ ਬਾਰੇ ਪੁਸਤਕ 'ਗੁਰੂਕੁਲ' ਲਿਖਣ ਦੀ ਪ੍ਰਸੰਸਾ ਕੀਤੀ। ਪਰ ਉਸ ਦਾ ਮਨ ਭਰ ਆਇਆ, ਵੈਰਾਗ ਵਿੱਚ ਆ ਗਿਆ ਕਿ ਕਿਸੇ ਨੇ ਉਸ ਦੀ ਕਦਰ ਨਹੀਂ ਕੀਤੀ। ਉਸਦੇ ਨੇਤਰ ਛਲਕ ਪਏ। ਸਤਿਗੁਰੂ ਜੀ ਨੇ ਦਿਲਬਰੀ ਦਿੱਤੀ। ਉਸਨੇ ਆਪ ਨੂੰ ਆਪਣੀਆਂ ਪੁਸਤਕਾਂ 'ਗੁਰੂਕੁਲ' ਤੇ 'ਸਾਕੇਤ' ਭੇਟ ਕੀਤੀਆਂ। ਆਪ ਤੋਂ ਨਾਮਧਾਰੀ ਇਤਿਹਾਸ ਸੁਣਿਆ। ਸਤਿਗੁਰੂ ਜੀ ਨੇ ਚੱਕਰਵਰਤੀ ਰਾਹੀਂ ਮਾਇਆ ਤੇ ਬਸਤਰ ਭੇਜ ਕੇ ਇਸ ਰਾਸ਼ਟਰੀ ਕਵੀ ਦਾ ਸਨਮਾਨ ਕੀਤਾ।

## ਪਸ਼ੂ ਧਨ ਨਾਲ ਪ੍ਰੇਮ

ਸਤਿਗੁਰੂ ਪਰਤਾਪ ਸਿੰਘ ਜੀ ਨੇ ਜੀਵਨ ਭਰ ਉੱਤਮ ਨਸਲ ਦੇ ਘੋੜਿਆਂ, ਮੱਝਾਂ ਅਤੇ ਗਊਆਂ ਬਾਰੇ ਸਦਾ ਮੋਹ ਤੇ ਉਤਸ਼ਾਹ ਦਰਸਾਇਆ ਹੈ। ਆਪ ਚੰਗੀ ਨਸਲ ਦੇ ਘੋੜੇ ਰਖਦੇ ਅਤੇ ਇਨਾਮੀ ਘੋੜ-ਦੌੜਾਂ ਵਿੱਚ ਵੀ ਦਿਲਚਸਪੀ ਰੱਖਦੇ ਸਨ। ਆਪ ਜੀ ਦੇ ਬਹੁਤ ਸਾਰੇ ਘੋੜੇ ਘੋੜ-ਦੌੜਾਂ ਵਿੱਚ ਇਨਾਮ ਜਿੱਤਦੇ ਰਹੇ। ਆਪ ਇਸ ਆਮਦਨ ਦਾ ਸਾਰਾ ਭਾਗ ਲੰਗਰ ਵਿੱਚ ਪਾ ਦਿੰਦੇ ਸਨ। ਘੋੜਿਆਂ ਸਮਾਨ ਆਪ ਚੰਗੀ ਨਸਲ ਦੀਆਂ ਮੱਝਾਂ ਅਤੇ ਗਊਆਂ ਵੱਲ ਵੀ ਉਚੇਰਾ ਧਿਆਨ ਦਿੰਦੇ ਅਤੇ ਉਨ੍ਹਾਂ ਦੀਆਂ ਉੱਤਮ ਨਸਲਾਂ ਦੇ ਅੱਗੋਂ ਵਾਧੇ ਲਈ ਸਦਾ ਤਤਪਰ ਰਹਿੰਦੇ। ਆਪ ਉਨ੍ਹਾਂ ਘੋੜਿਆਂ ਤੇ ਮੱਝਾਂ, ਗਾਵਾਂ ਦੇ ਪਾਲਕਾਂ ਤੇ ਮਾਲਕਾਂ ਦੇ ਵੀ ਕਦਰਦਾਨ ਸਨ। ਇਨ੍ਹਾਂ ਦੇ ਪਸ਼ੂ ਧਨ ਦੇ ਪ੍ਰੇਮ ਸੰਬੰਧੀ ਕਈ ਘਟਨਾਵਾਂ ਬੜੀਆਂ ਰੌਚਿਕ ਹਨ, ਜਿਨ੍ਹਾਂ ਦੇ ਕੁਝ ਵੇਰਵੇ ਆਪ ਜੀ ਦੇ ਜੀਵਨੀਕਾਰਾਂ ਨੇ ਦਿੱਤੇ ਹਨ।

1936 ਵਿੱਚ ਸਿੰਧ ਮੁਲਤਾਨ ਅਤੇ ਪੰਜਨਦ ਦੇ ਦੌਰੇ ਸਮੇਂ ਸਤਿਗੁਰੂ ਜੀ ਰਾਜਨਪੁਰ ਦੇ ਛੋਟੇ ਥਾਣੇਦਾਰ ਮਨਜ਼ੂਰ ਹੁਸੈਨਸ਼ਾਹ ਨੂੰ ਮਿਲੇ ਜੋ ਚੰਗੀ ਨਸਲ ਦੇ ਘੋੜਿਆਂ ਦਾ ਪਾਰਖੂ ਸੀ। ਆਪ ਉਸਦੇ ਘੋੜਿਆਂ ਨੂੰ ਵੇਖ ਕੇ ਪ੍ਰਸੰਨ ਹੋਏ। ਉਸਨੇ ਅਗੋਂ ਭਾਗ ਬਸੰਤੀ ਦੇ ਖਾਨ ਬਹਾਦਰ ਦੀ ਦੱਸ ਪਾਈ, ਜਿਸਨੂੰ ਸਤਿਗੁਰੂ ਜੀ ਪਹਿਲਾਂ ਤੋਂ ਹੀ ਜਾਣਦੇ ਸਨ। ਉਹ ਵੀ ਘੋੜ ਦੌੜਾਂ ਵਿੱਚ ਰੁਚੀ ਰੱਖਦਾ ਸੀ। ਸਤਿਗੁਰੂ ਜੀ ਕਾਰ ਰਾਹੀਂ ਉਸ ਦੇ ਘਰ ਦੇ ਦਰਵਾਜੇ ਅੱਗੇ ਪਹੁੰਚੇ। ਜਦੋਂ ਖਾਨ ਬਹਾਦਰ ਨੂੰ ਖਬਰ ਹੋਈ ਤਾਂ ਉਹ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਖੁਸ਼ੀ ਵਿੱਚ ਏਨਾ ਖੀਵਾ ਹੋ ਗਿਆ ਕਿ ਉਸ ਦੀ ਮਨੋ ਦਸ਼ਾ ਪ੍ਰੇਮ ਅਨੁਰਾਗ ਦਾ ਸਾਕਾਰ ਸਰੂਪ ਬਣ ਗਈ। ਤਰਨ ਸਿੰਘ ਵਹਿਮੀ ਨੇ ਉਸ ਸਮੇਂ ਦੀ ਉਸਦੀ ਵਿਸਮਾਦੀ ਮਨੋਦਸ਼ਾ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਹੈ :–

[1]"ਖਾਨ ਬਹਾਦਰ ਦਰਸ਼ਨ ਕਰਦਿਆਂ ਬਾਹਵਾਂ ਖਲ੍ਹਾਰ ਕੇ, "ਮੇਰੇ ਪੀਰਾਨ-ਸਿਰ

[1] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ ਦੂਜਾ।

Namdhari Elibrary NamdhariElibrary@gmail.com

ਪੀਰ ਆਏ। ਮੇਰੇ ਗੁਰੂ ਨਾਨਕ ਆਏ। ਮੇਰੀਆਂ ਅੱਖੀਆਂ ਦੇ ਚਾਨਣ ਆਏ," ਆਂਹਦੇ ਪ੍ਰੇਮ ਵਿੱਚ ਮਸਤ ਹੋਏ ਸਤਿਗੁਰੂ ਜੀ ਨੂੰ ਆ ਜੱਫੀ ਵਿੱਚ ਲਿਆ ਤੇ ਵੈਰਾਗੀ ਨੇਤਰਾਂ ਵਿੱਚੋਂ ਮੋਤੀ ਕਿਰਦੇ ਰਹੇ। ਜਿਸ ਜਿਸ ਡਿੱਠਾ ਸੋ ਭੀ ਮਸਤ ਹੋ ਖੜਾ ਬੜਾ ਅਸਚਰਜ ਹੋ ਰਿਹਾ...। ਖਾਨ ਬਹਾਦਰ ਸਤਿਗੁਰੂ ਜੀ ਦੇ ਚਰਨਾਂ ਤੇ ਹੱਥ ਲਾ-ਲਾ ਚੁੰਮਦੇ ਤੇ ਆਪਣੇ ਮਸਤਕ ਪਿੰਡੇ ਤੇ ਹੱਥ ਫੇਰਦੇ। ਕਦੇ ਮੁੱਖ ਸਤਿਗੁਰੂ ਜੀ ਦੇ ਵੱਲ ਤੱਕਦੇ ਕਦੇ ਸਾਹਮਣੇ ਖੜੋ ਸਤਿਗੁਰੂ ਜੀ ਦੇ ਮੁੱਖ ਵੱਲ ਤੱਕ ਕਹਿੰਦੇ, ਸੁਭਾਨ ਅੱਲਾ! ਸੁਭਾਨ ਅੱਲਾ! ਅੱਜ ਮੇਰੇ ਘਰ ਮੰਦਰ ਅਰਸ਼ਾਂ ਤੋਂ ਭੀ ਉੱਚੇ ਹੋ ਗਏ ਹਨ। ਅੱਜ ਮੈਂ ਆਪਣੇ ਮਹਿਬੂਬ ਦੇ ਦਰਸ਼ਨ ਆਪਣੇ ਘਰ ਕਰ ਰਿਹਾ ਹਾਂ। ਮੇਰੇ ਜਿਹਾ ਕੌਣ ਵੱਡ ਭਾਗਾ ਹੈ, ਅੱਜ ਮੈਂ ਹੌਜ਼ ਕੌਸਰ ਤੋਂ 'ਆਬੇ-ਹਯਾਤ ਪੀ ਰਿਹਾ ਹਾਂ।"

## ਨਾਮਧਾਰੀ ਸਾਹਿਤ ਉੱਤੇ ਪਾਬੰਦੀ

1936 ਵਿੱਚ 'ਸਤਿਜੁਗ' ਦਾ ਵਿਸ਼ੇਸ਼ ਬਸੰਤ ਅੰਕ ਪ੍ਰਕਾਸ਼ਿਤ ਹੋਇਆ, ਜਿਸ ਵਿੱਚ ਨਾਮਧਾਰੀ ਇਤਿਹਾਸ ਸੰਬੰਧੀ ਬਹੁਤ ਸਾਰੀਆਂ ਤਸਵੀਰਾਂ ਛਪੀਆਂ, ਜਿਨ੍ਹਾਂ ਰਾਹੀਂ ਨਾਮਧਾਰੀਆਂ ਦੀਆਂ ਕੁਰਬਾਨੀਆਂ ਅਤੇ ਵਿਦੇਸ਼ੀ ਸਰਕਾਰ ਦੇ ਜ਼ਬਰ ਦਾ ਵਰਨਣ ਕੀਤਾ ਗਿਆ ਸੀ। ਵਿਦੇਸ਼ੀ ਗੁਲਾਮੀ ਵਿਰੁੱਧ ਸੁਤੰਤਰਤਾ ਪ੍ਰਾਪਤੀ ਲਈ ਕੀਤੇ ਜਾਂਦੇ ਯਤਨਾਂ ਦੀ ਸ਼ਲਾਘਾ ਕੀਤੀ ਗਈ ਸੀ।

ਕਵੀ ਹਰਨਾਮ ਸਿੰਘ ਬਗਲੀਵਾਲਾ ਦੀ ਕਾਵਿ-ਰਚਨਾ 'ਸੰਤ ਖਾਲਸਾ' ਵੀ ਇਸੇ ਸਮੇਂ ਪ੍ਰਕਾਸ਼ਿਤ ਹੋਈ, ਜਿਸ ਵਿੱਚ ਸਮੁੱਚੇ ਨਾਮਧਾਰੀ ਇਤਿਹਾਸ ਨੂੰ ਸੁਖੈਨ ਬੈਂਤਾਂ ਵਿੱਚ ਰਚਿਆ ਗਿਆ ਸੀ, ਪਰ ਨਾਮਧਾਰੀ ਮਤ ਦੇ ਵਿਰੋਧੀਆਂ ਨੂੰ ਇਹਨਾਂ ਰਚਨਾਵਾਂ ਦੀ ਸਮੱਗਰੀ ਹਜ਼ਮ ਨਾ ਹੋ ਸਕੀ, ਹਾਲਾਂਕਿ ਇਨ੍ਹਾਂ ਪੁਸਤਕਾਂ ਵਿੱਚ ਕਿਸੇ ਹੋਰ ਮੱਤ ਦਾ ਖੰਡਣ ਨਹੀਂ ਕੀਤਾ ਗਿਆ ਸੀ। ਸਤਿਗੁਰੂ ਪਰਤਾਪ ਸਿੰਘ ਜੀ ਦਾ ਤਾਂ ਆਰੰਭ ਤੋਂ ਹੀ ਇਹ ਦ੍ਰਿਸ਼ਟੀਕੋਣ ਰਿਹਾ ਹੈ ਕਿ ਆਪਣੇ ਮੱਤ ਦਾ ਮੰਡਣ ਕਰੋ ਅਤੇ ਕਿਸੇ ਹੋਰ ਮੱਤ ਦਾ ਖੰਡਨ ਨਾ ਕਰੋ। ਇਹ ਪੁਸਤਕਾਂ ਸ਼ੇਖੂਪੁਰੇ ਦੇ ਬਸੰਤ ਮੇਲੇ ਉੱਤੇ ਸਾਧ ਸੰਗਤ ਵਿੱਚ ਵੰਡੀਆਂ ਗਈਆਂ, ਪਰ ਨਾਮਧਾਰੀ ਮੱਤ ਦੇ ਵਿਰੋਧੀ ਇਨ੍ਹਾਂ ਰਚਨਾਵਾਂ ਨੂੰ ਹਜ਼ਮ ਨਾ ਕਰ ਸਕੇ ਅਤੇ ਉਨ੍ਹਾਂ ਨੇ ਸਰਕਾਰੀ ਅਧਿਕਾਰੀਆਂ ਕੋਲ ਸ਼ਿਕਾਇਤ ਕਰਕੇ ਇਨ੍ਹਾਂ ਰਚਨਾਵਾਂ ਨੂੰ ਸਰਕਾਰ ਵਿਰੋਧੀ ਦੱਸ ਕੇ ਜ਼ਬਤ ਕਰਵਾ ਦਿੱਤਾ।

ਇਸ ਦੌਰਾਨ ਵਿਰੋਧੀਆਂ ਵੱਲੋਂ ਸਤਿਗੁਰੂ ਰਾਮ ਸਿੰਘ ਜੀ ਦੇ ਕੁਝ ਹੁਕਮਨਾਮੇ ਵੀ ਛਪਵਾਏ ਗਏ, ਜੋ ਅਸਲੀ ਨਹੀਂ ਸਨ ਅਤੇ ਉਨ੍ਹਾਂ ਵਿੱਚ ਬਹੁਤ ਸਾਰੀਆਂ ਗਲਤ ਗੱਲਾਂ ਲਿਖ ਦਿੱਤੀਆਂ ਗਈਆਂ ਸਨ। ਸਤਿਗੁਰੂ ਪਰਤਾਪ ਸਿੰਘ ਜੀ ਨੇ ਨਾਮਧਾਰੀ ਸਾਧ ਸੰਗਤ ਤੇ ਆਮ ਜਨਤਾ ਨੂੰ ਇਸ ਬਾਰੇ ਸੁਚੇਤ ਕਰ ਦਿੱਤਾ। ਇਨ੍ਹਾਂ ਹੁਕਮਨਾਮਿਆਂ ਨੂੰ ਛਪਵਾਉਣ ਵਿੱਚ ਟਹਿਲ ਸਿੰਘ ਦਾ ਹੱਥ ਸੀ, ਜਿਸ ਨੂੰ ਨਾਮਧਾਰੀ ਪੰਥ ਵਿਚੋਂ ਛੇਕਿਆ ਜਾ ਚੁੱਕਾ ਸੀ।

Namdhari Elibrary NamdhariElibrary@gmail.com

## ਨਾਮਧਾਰੀਆਂ ਨੂੰ ਅਨੁਸ਼ਾਸਨ ਵਿੱਚ ਰਹਿਣ ਦੀ ਪ੍ਰੇਰਨਾ

ਸਤਿਗੁਰੂ ਪਰਤਾਪ ਸਿੰਘ ਜੀ ਆਪਣੇ ਸਿੱਖ ਸੇਵਕਾਂ ਨੂੰ ਸੁੱਚ ਸੋਧ ਰੱਖਣ, ਨਾਮ ਜਪਣ ਅਤੇ ਸਾਦਾ ਜੀਵਨ ਗੁਜ਼ਾਰਨ ਲਈ ਸਦਾ ਆਦੇਸ਼ ਦਿੰਦੇ ਸਨ। ਇਸਤਰੀਆਂ ਦੇ ਸੁਧਾਰ ਸੰਬੰਧੀ ਆਪ ਜੀ ਨੇ ਹੋਰ ਕਦਮ ਚੁੱਕੇ ਅਤੇ ਨਿੱਜੀ ਤੌਰ ਤੇ ਘਰਾਂ ਵਿੱਚ ਅਨੰਦ ਕਾਰਜ ਕਰਨ ਦੀ ਥਾਂ ਸਮੂਹਕ ਦੀਵਾਨਾਂ ਵਿੱਚ ਸ਼ਾਦੀਆਂ ਕਰਨ ਲਈ ਆਦੇਸ਼ ਕੀਤਾ। ਫਿਰ ਵੀ ਲੋਕ ਵਿਆਹਾਂ ਤੇ ਵਾਧਰ ਖਰਚ ਕਰ ਦਿੰਦੇ ਸਨ। ਸਤਿਗੁਰੂ ਜੀ ਨੇ ਆਦੇਸ਼ ਜਾਰੀ ਕੀਤਾ ਕਿ ਅੱਗੇ ਤੋਂ ਨਾਮਧਾਰੀਆਂ ਦੇ ਵਿਆਹ ਗੁਰੂ ਕੇ ਦੀਵਾਨਾਂ ਵਿੱਚ ਹੋਇਆ ਕਰਨਗੇ ਅਤੇ ਲੰਗਰ ਪਾਣੀ ਅਤੇ ਹੋਰ ਸਾਰਾ ਖਰਚਾ ਗੁਰੂ ਦੇ ਲੰਗਰ ਵਿੱਚੋਂ ਹੀ ਕੀਤਾ ਜਾਵੇਗਾ। ਇਸਤਰੀਆਂ ਦੇ ਘੁੰਡ ਕੱਢਣ ਬਾਰੇ ਬਿਲਕੁਲ ਰੋਕ ਲਾ ਦਿੱਤੀ। ਉਨ੍ਹਾਂ ਨੂੰ ਬਰਾਬਰੀ ਦਾ ਦਰਜਾ ਬਖਸ਼ਿਆ। ਨਾਮਧਾਰੀ ਸਮਾਜ ਵਿੱਚ ਜੋ ਵੀ ਸਤਿਗੁਰੂ ਜੀ ਦੇ ਇਹਨਾਂ ਹੁਕਮਾਂ ਦੀ ਪਾਲਣਾ ਨਾ ਕਰਦਾ, ਉਸਨੂੰ ਡੰਡ ਵੀ ਲਾਇਆ ਜਾਂਦਾ ਸੀ।

## 1937 ਦੀਆਂ ਸੂਬਾਈ ਚੋਣਾਂ

ਆਪਣੀਆਂ ਨਿਯਮਤ, ਧਾਰਮਿਕ ਕਾਰਵਾਈਆਂ ਵਿੱਚ ਸਤਿਗੁਰੂ ਜੀ ਕਦੀ ਵੀ ਢਿਲ ਨਹੀਂ ਸਨ ਪੈਣ ਦਿੰਦੇ। ਇਨ੍ਹਾਂ ਨੂੰ ਪੂਰੇ ਉਤਸ਼ਾਹ ਨਾਲ ਜਾਰੀ ਰੱਖਦੇ ਸਨ। ਨਾਮ ਬਾਣੀ ਅਤੇ ਕਥਾ ਕੀਰਤਨ ਦਾ ਪ੍ਰਵਾਹ ਸਤਿਗੁਰੂ ਜੀ ਦੇ ਹਜ਼ੂਰੀ ਦੀਵਾਨਾਂ ਵਿੱਚ ਸਦਾ ਚੱਲਦਾ ਰਹਿੰਦਾ ਸੀ। ਨਾਮਧਾਰੀ ਸਾਧ ਸੰਗਤ ਨੂੰ ਸਤਿਗੁਰੂ ਜੀ ਵੱਲੋਂ ਸਦਾ ਅਗਵਾਈ ਤੇ ਉਤਸ਼ਾਹ ਮਿਲਦਾ। ਇਹੋ ਇੱਕ ਪਰਪਾਟੀ ਸੀ ਗੁਰਸਿੱਖਾਂ ਦੇ ਆਚਰਣ ਨੂੰ ਸੱਚ ਦੇ ਸਹਿਜ ਮਾਰਗ ਉੱਤੇ ਚਲਾ ਕੇ ਉਨ੍ਹਾਂ ਦੀ ਆਤਮਿਕ ਸ਼ਕਤੀ ਨੂੰ ਬਲਵਾਨ ਕਰ ਕੇ ਗੁਰਸਿੱਖਾਂ ਦੇ ਧਰਮ-ਕਰਮ ਨੂੰ ਦ੍ਰਿੜ੍ਹ ਕਰਵਾ ਕੇ ਸਾਰਥਕ ਸਮਾਜਿਕ ਜੀਵਨ ਵਿੱਚ ਨਵਾਂ ਸੰਤੁਲਨ ਸਥਾਪਿਤ ਕਰਨ ਦੀ — ਪਰ, ਸਤਿਗੁਰੂ ਜੀ ਆਪਣੇ ਸਿੱਖਾਂ ਨੂੰ ਰਾਜਨੀਤਿਕ ਪੱਖ ਤੋਂ ਵੀ ਕੌਮੀ ਲਹਿਰਾਂ ਨਾਲ ਜੋੜਦੇ ਰਹਿੰਦੇ ਸਨ।

1937 ਦੀਆਂ ਸੂਬਾਈ ਚੋਣਾਂ ਵਿੱਚ ਸਤਿਗੁਰੂ ਜੀ ਵੱਲੋਂ ਨਾਮਧਾਰੀ ਪ੍ਰਤੀਨਿਧ ਬੋਰਡ ਬਣਾਇਆ ਗਿਆ ਜਿਸ ਦਾ ਉਦੇਸ਼ ਨਾਮਧਾਰੀ ਸਾਧ ਸੰਗਤ ਨੂੰ ਵੋਟ ਪਾਉਣ ਬਾਰੇ ਅਗਵਾਈ ਦੇਣਾ ਸੀ। ਪ੍ਰਤੀਨਿਧ ਬੋਰਡ ਵੱਲੋਂ ਇਹ ਸੁਝਾਅ ਦਿੱਤਾ ਗਿਆ ਕਿ ਕੋਈ ਵੀ ਨਾਮਧਾਰੀ ਵੋਟਰ ਕਿਸੇ ਉਮੀਦਵਾਰ ਦੀ ਸਵਾਰੀ ਨਾ ਵਰਤੇ ਅਤੇ ਘਰੋਂ ਪ੍ਰਸ਼ਾਦਾ ਛਕ ਕੇ ਪੈਦਲ ਜਾ ਕੇ ਵੋਟ ਪਾ ਕੇ ਆਵੇ।

ਸ਼ੇਖੂਪੁਰ ਬੇਦਾਦ ਦੇ ਹੋਲੇ ਵਿੱਚ ਚੋਣਾਂ ਦੇ ਨਤੀਜਿਆਂ ਉੱਤੇ ਵਿਚਾਰ ਕੀਤੀ ਗਈ ਅਤੇ ਅੱਗੇ ਤੋਂ ਕਾਂਗਰਸ ਦਾ ਸਮਰਥਣ ਕਰਨ ਦਾ ਨਿਰਣਾ ਲਿਆ ਗਿਆ।

ਨਾਮਧਾਰੀ ਦਸਤਕਾਰੀ ਆਸ਼ਰਮ ਖੋਲ੍ਹਣ ਦਾ ਵੀ ਫੈਸਲਾ ਕੀਤਾ ਗਿਆ, ਜਿਸ ਬਾਰੇ ਅਗਲੇਰੀ ਕਾਰਵਾਈ ਕਰਨ ਲਈ ਸਰਵ ਸ੍ਰੀ ਮਹਾਰਾਜ ਨਿਹਾਲ ਸਿੰਘ, ਸੰਤ ਲਛਮਣ ਸਿੰਘ, ਸੇਠ ਗੁਰਮੁਖ ਸਿੰਘ, ਗੁਰਬਖਸ਼ ਸਿੰਘ ਬਰੇਲੀ, ਦਇਆ ਸਿੰਘ, ਆਤਮਾ ਸਿੰਘ, ਜੈਮਲ ਸਿੰਘ, ਗੁਰਮੁਖ ਸਿੰਘ ਛੱਬਰ, ਮਾਸਟਰ ਬਲਵੰਤ ਸਿੰਘ, ਆਸਾ ਸਿੰਘ,

Namdhari Elibrary NamdhariElibrary@gmail.com

ਸ਼ਿੰਗਾਰਾ ਸਿੰਘ ਆਦਿ ਦੀ ਜ਼ਿੰਮੇਵਾਰੀ ਲਾਈ ਗਈ। ਇਸ ਦਾ ਉਦੇਸ਼ ਸੁਦੇਸ਼ੀ ਵਸਤਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਨਾ ਸੀ।

ਇੱਕ ਹੋਰ ਮਤੇ ਰਾਹੀਂ ਨਾਮਧਾਰੀ ਪਰਚਾਰਕਾਂ ਦੀ ਸਿੱਖਿਆ-ਦੀਖਿਆ ਲਈ ਵਿਸ਼ੇਸ਼ ਸੱਜਣਾਂ ਸਰਵਸ੍ਰੀ ਨਿਧਾਨ ਸਿੰਘ ਆਲਮ, ਇੰਦਰ ਸਿੰਘ ਚਕਰਵਰਤੀ, ਮੰਗਲ ਸਿੰਘ ਅਰਸ਼ੀ ਫਰਿਸ਼ਤਾ, ਹਜ਼ੂਰਾ ਸਿੰਘ ਭੂਰੀ ਵਾਲੇ, ਮਨਸ਼ਾ ਸਿੰਘ ਕੌਮੀ, ਸ੍ਰ. ਆਤਮਾ ਸਿੰਘ ਅਤੇ ਸਰਦਾਰਨੀ ਲੀਲਾਵੰਤੀ ਦੀ ਡਿਊਟੀ ਲਗਾਈ ਗਈ।

1937 ਦੀਆਂ ਚੋਣਾਂ ਵਿੱਚ ਸ੍ਰ. ਆਤਮਾ ਸਿੰਘ ਨੇ ਵੀ ਚੋਣ ਲੜੀ ਸੀ।

## ਭੈਣੀ ਸਾਹਿਬ ਵਿਖੇ ਅਲੌਕਿਕ ਹਵਨ-ਯੱਗ

ਅਗਸਤ 1937 ਈ. ਵਿੱਚ ਉਸ ਸਮੇਂ ਦੀ ਪੰਜਾਬ ਸਰਕਾਰ ਵੱਲੋਂ ਕੁਝ ਅਫਸਰਾਂ, ਕਰਮਚਾਰੀਆਂ ਅਤੇ ਉੱਦਮੀਆਂ ਦੇ ਸੁਝਾਅ ਉੱਤੇ ਪੰਜਾਬ ਦੀ ਰਾਜਧਾਨੀ ਲਾਹੌਰ ਵਿਖੇ ਇੱਕ ਵੱਡਾ ਬੁੱਚੜ-ਖਾਨਾ ਖੋਲ੍ਹਣ ਦਾ ਐਲਾਨ ਕੀਤਾ ਗਿਆ ਜਿਸ ਵਿੱਚ ਨਵੀਨ ਮਸ਼ੀਨਰੀ ਦੀ ਵਰਤੋਂ ਰਾਹੀਂ, ਇਕੋ ਸਮੇਂ ਇੱਕ ਹਜ਼ਾਰ ਪਸ਼ੂਆਂ ਨੂੰ ਬਧ ਕਰਨ ਦੀ ਤਜਵੀਜ਼ ਸੀ। ਇਸ ਵਿੱਚ ਗਊਆਂ ਨੂੰ ਬੱਧ ਕਰਨਾ ਵੀ ਸ਼ਾਮਲ ਸੀ। ਇਸ ਸਮਾਚਾਰ ਨੇ ਪੰਜਾਬ ਦੇ ਲੋਕਾਂ ਵਿਸ਼ੇਸ਼ ਕਰਕੇ ਹਿੰਦੂ, ਸਿੱਖਾਂ ਜੋ 'ਗਊ ਗਰੀਬ ਦੀ ਰੱਖਿਆ' ਨੂੰ ਆਪਣਾ ਧਰਮ ਸਮਝਦੇ ਸਨ, ਨੇ ਹਾ-ਹਾ ਕਾਰ ਮਚਾ ਦਿੱਤੀ। ਪੰਜਾਬ ਵਿੱਚ ਛਪਦੇ ਉੱਘੇ ਸਮਾਚਾਰ ਪੱਤਰ ਨੇ ਅਜਿਹੇ ਬੁੱਚੜਖਾਨੇ ਦੇ ਖੋਲ੍ਹਣ ਵਿਰੁੱਧ ਆਵਾਜ਼ ਉਠਾਈ।

ਸਤਿਗੁਰੂ ਪਰਤਾਪ ਸਿੰਘ ਜੀ ਨੇ ਇਸ ਖਤਰਨਾਕ ਯੋਜਨਾ ਨੂੰ ਰੋਕਣ ਲਈ ਸਨਾਤਨੀ ਹਵਨ-ਯੱਗ ਦੀ ਵਿਧੀ ਰਾਹੀਂ ਇਸ ਅਨਹੋਣੀ ਨੂੰ ਰੋਕਣ ਲਈ ਸ੍ਰੀ ਭੈਣੀ ਸਾਹਿਬ ਵਿਖੇ ਵੱਡਾ ਹਵਨ-ਯੱਗ ਰਚਨ ਦਾ ਪ੍ਰੋਗਰਾਮ ਬਣਾਇਆ। ਸ੍ਰੀ ਭੈਣੀ ਸਾਹਿਬ ਵਿਖੇ ਇਹ ਹਵਨ-ਯੱਗ 9 ਸਤੰਬਰ 1937 ਨੂੰ ਆਰੰਭ ਹੋਇਆ ਅਤੇ 18 ਸਤੰਬਰ ਨੂੰ ਵਿਧੀਗਤ ਢੰਗ ਨਾਲ ਸੰਪੂਰਨ ਹੋਇਆ।

ਸ੍ਰੀ ਰਾਮਸਰ ਵਿਖੇ ਵਿਸ਼ਾਲ ਹਵਨ ਕੁੰਡ ਬਣਾਇਆ ਗਿਆ, ਜਿਸ ਵਿੱਚ ਹਵਨ ਸਮੱਗਰੀ ਨੂੰ ਸਵੈਚਾਲਿਤ ਢੰਗ ਨਾਲ ਪ੍ਰਜਵੱਲਤ ਰੱਖਣ ਲਈ ਸੂਬਾ ਗੰਡਾ ਸਿੰਘ (ਮਿਸਤਰੀ) ਅਤੇ ਉਸ ਦੇ ਭਾਈ ਹਜ਼ੂਰ ਸਿੰਘ ਵੱਲੋਂ ਵਿਉਂਤ ਬਣਾਈ ਗਈ। ਇਕੋ ਸਮੇਂ ਇਸ ਹਵਨ ਕੁੰਡ ਦੁਆਲੇ 96 ਪਾਠੀ ਇਕੋ ਸਮੇਂ ਬੈਠ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਰਚਿਤ 'ਵਾਰ ਸ੍ਰੀ ਭਗਉਤੀ ਜੀ ਕੀ ਪਾਤਸ਼ਾਹੀ ੧੦ (ਚੰਡੀ ਦੀ ਵਾਰ) ਦਾ ਪਾਠ ਪੂਰਨ ਸੋਧ ਵਿੱਚ ਬੈਠ ਕੇ ਕਰਦੇ ਸਨ ਅਤੇ ਧੂਪ ਸਮੱਗਰੀ ਤੇ ਹੋਰ ਸਭ ਪ੍ਰਬੰਧ ਨੂੰ ਸੁਚਾਰੂ ਰੱਖਣ ਲਈ ਕਈ ਪਹਿਰੇਦਾਰਾਂ ਦੀ ਸੇਵਾ ਲਗਾਈ ਗਈ ਸੀ।

ਇਹ ਹਵਨ-ਯੱਗ 9 ਸਤੰਬਰ, 1937 ਈ. ਨੂੰ 12 ਪਾਤਸ਼ਾਹੀਆਂ ਦੀ ਅਰਦਾਸ ਕਰਕੇ ਆਰੰਭ ਹੋਇਆ ਅਤੇ 18 ਸਤੰਬਰ ਨੂੰ ਇਹ ਮਹਾਨ ਯੱਗ ਸੰਪੂਰਨ ਹੋਇਆ। ਇਸ ਹਵਨ-ਯੱਗ ਦੀ ਸ਼ੋਭਾ ਸੁਣ ਕੇ ਦੂਰੋਂ-ਦੂਰੋਂ ਕਈ ਸੱਜਣ, ਅਖਬਾਰਾਂ ਦੇ ਸੰਪਾਦਕ ਤੇ ਹੋਰ ਪ੍ਰਤਿਸ਼ਠ ਵਿਅਕਤੀ ਹਵਨ-ਯੱਗ ਦੇ ਇਸ ਅਲੌਕਿਕ ਦ੍ਰਿਸ਼ ਦੇ ਦਰਸ਼ਨ ਕਰਨ

Namdhari Elibrary NamdhariElibrary@gmail.com

ਲਈ ਸ੍ਰੀ ਭੈਣੀ ਸਾਹਿਬ ਆਏ। ਰਾਮਸਰ ਵਿਖੇ ਹੀ ਇੱਕ ਬੰਨੇ ਮਾਈਆਂ ਸੋਧ ਰੱਖ ਕੇ ਮਾਲਾ ਰਾਹੀਂ ਗੁਰਮੰਤਰ ਦਾ ਭਜਨ ਕਰ ਰਹੀਆਂ ਸਨ। ਪਾਠੀਆਂ ਦਾ ਲੰਗਰ ਵੀ ਬੋਹੜਾਂ, ਪਿੱਪਲਾਂ ਦੀ ਛਾਵੇਂ ਵਰਤਦਾ ਸੀ। ਮਾਤਾ ਜੀਵਨ ਕੌਰ ਤੇ ਫਤਹਿ ਕੌਰ ਅਤੇ ਗੁਰੂ ਕੇ ਸਾਹਿਬਜ਼ਾਦੇ ਬਾਬਾ ਜਗਜੀਤ ਸਿੰਘ ਤੇ ਬਾਬਾ ਬੀਰ ਸਿੰਘ ਲੰਗਰ ਵਰਤਾਉਂਦੇ ਤੇ ਭਾਂਡਿਆਂ ਦੀ ਸੇਵਾ ਕਰ ਰਹੇ ਸਨ। [1]"ਹਰ ਪਾਠੀ ਆਪਣੀ ਰੌਲ ਵੇਲੇ ਅਕਾਲ ਪੁਰਖ ਅੱਗੇ, ਮਹਾਂਮਲੇਸ਼ ਦੇ ਨਾਸ ਅਤੇ ਗਊ ਗਰੀਬ ਦੀ ਰੱਖਿਆ ਲਈ ਬੈਠਣ ਤੋਂ ਪਹਿਲਾਂ ਅਤੇ ਉਠਣ ਵੇਲੇ, ਅਰਦਾਸਾ ਕਰਦਾ ਸੀ।" 18 ਸਤੰਬਰ ਨੂੰ ਇਹ ਪਵਿੱਤਰ ਹਵਨ-ਯੱਗ ਸੰਪੂਰਨ ਹੋਇਆ। ਇਸ ਵਿੱਚ ਚੰਡੀ ਦੀ ਵਾਰ ਦੇ ਸਵਾ ਲੱਖ ਪਾਠ ਕੀਤੇ ਗਏ ਸਨ, ਪਰ ਕੁਝ ਲੇਖਕ (ਤਾਰਾ ਸਿੰਘ ਅਨਜਾਣ ਤੇ ਤਰਨ ਸਿੰਘ ਵਹਿਮੀ) ਪਾਠਾਂ ਦੀ ਕੁੱਲ ਗਿਣਤੀ ਇੱਕ ਲੱਖ ਸਤਾਈ ਹਜ਼ਾਰ (1,27,000) ਦੱਸਦੇ ਹਨ। ਬੀਬੀ ਬੇਅੰਤ ਕੌਰ ਦੇ ਸ਼ਬਦਾਂ ਵਿੱਚ, [2]"ਇਸ ਹਵਨ ਯਗ ਦੇ ਸੰਪੂਰਨ ਹੋਣ ਨਾਲ ਬਰਤਾਨਵੀ ਸਰਕਾਰ ਦੀਆਂ ਨੀਹਾਂ ਹਿੱਲ ਗਈਆਂ, ਜਿਸ ਨੇ ਇਸ ਯੋਜਨਾ ਨੂੰ ਅਮਲ ਵਿੱਚ ਲਿਆਉਣ ਨੂੰ ਰੱਦ ਕਰ ਦਿੱਤਾ। ਇਹ ਸਤਿਗੁਰੂ ਪਰਤਾਪ ਸਿੰਘ ਜੀ ਦੇ ਉੱਚ ਅਧਿਆਤਮਕ ਪ੍ਰਕਾਸ਼ ਦਾ ਪ੍ਰਤੱਖ ਪ੍ਰਮਾਣ ਸੀ।" ਪਰ ਸ੍ਰੀ ਸਤਿਗੁਰੂ ਜੀ ਦੇ ਸਕੱਤ੍ਰ ਸ. ਗੁਰਦੇਵ ਸਿੰਘ ਮਾਂਗਟ ਦੀ ਨਿੱਜੀ ਨੋਟ ਬੁੱਕ ਅਨੁਸਾਰ ਇਹ ਮਹਾਨ ਯੱਗ 21 ਭਾਦੋਂ 1994 ਤੋਂ ਆਰੰਭ ਹੋ ਕੇ ਹਾੜ 1995 ਬਿਕ੍ਰਮੀ ਸੰਮਤ ਤੱਕ ਜਾਰੀ ਰਿਹਾ। ਇਸ ਦੌਰਾਨ ਕੁੱਲ 355307 ਚੰਡੀ ਦੀ ਵਾਰ ਦੇ ਪਾਠ ਹੋਏ।[3]

ਸਤਿਗੁਰੂ ਪਰਤਾਪ ਸਿੰਘ ਜੀ ਗੁਰਬਾਣੀ ਦਾ ਪਾਠ ਕਰਨ ਸਮੇਂ ਕਈ ਵਾਰ ਵੈਰਾਗਵਾਨ ਹੋ ਜਾਂਦੇ ਸਨ। ਆਪ ਸਦਾ ਗੁਰਬਾਣੀ ਦਾ ਪਾਠ ਸ਼ੁੱਧ ਉਚਾਰਣ ਰਾਹੀਂ ਕਰਦੇ ਅਤੇ ਹੋਰਨਾਂ ਨੂੰ ਵੀ ਅਜਿਹਾ ਕਰਨ ਦਾ ਉਪਦੇਸ਼ ਦਿੰਦੇ। ਆਪ ਜੀ ਦੇ ਗੁਰਬਾਣੀ ਦਾ ਪਾਠ ਕਰਨ ਦਾ ਇੱਕ ਬੜਾ ਰੌਚਿਕ ਹਵਾਲਾ ਤਰਨ ਸਿੰਘ ਵਹਿਮੀ ਨੇ ਦਿੱਤਾ ਹੈ। ਸਤਿਗੁਰੂ ਜੀ ਵੀ [4]"ਰੌਲ ਵਿੱਚ ਲਗਦੇ। ਇੱਕ ਦਿਨ ਆਪ ਗਉੜੀ ਬੈਰਾਗਣਿ ਮ: ੪ ਦਾ ਸ਼ਬਦ ਪੜ੍ਹਦੇ ਜਦੋਂ 'ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ॥ ਹਮ ਰੁਲਤੇ ਫਿਰਤੇ ਕੋਈ ਬਾਤ ਨਾ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥' ਤੁਕ ਤੇ ਅੱਪੜੇ ਤਾਂ ਆਪ ਦਾ ਵੈਰਾਗ ਵਹਿ ਤੁਰਿਆ। ਮੈਂ ਨੇੜੇ ਖੜਾ ਦੇਖ ਰਿਹਾ ਸਾਂ। ਤੇ ਮਨ ਵਿੱਚ ਧਾਰੀ ਸੀ ਕਿ ਜੇ ਗਲਾ ਹੀ ਰੁਕ ਗਿਆ ਜਾਂ ਨੇਤਰ ਹੀ ਬਹੁਤ ਬਰਸਨ ਕਾਰਨ ਪਾਠ ਸਤਿਗੁਰੂ ਜੀ ਦਾ ਕਰਨਾ ਕੁਝ ਰੁਕਦਾ ਜਾਪਿਆ ਤਾਂ ਤੁਰਤ ਤੁਕ ਫੜ ਲਵਾਂਗਾ। ਪਰ ਸਤਿਗੁਰੂ ਜੀ ਗਲੇ ਰੁਕਦੇ ਤੇ ਨੇਤਰੀਂ ਬਰਸਦੀ ਰੁਮਾਲੀ ਨਾਲ ਨੇਤਰ ਮੁੱਖ ਦਾੜ੍ਹਾ ਭੀ ਪੂੰਝੀ ਤੇ ਸਵਾਰੀ ਗਏ ਤੇ ਪਾਠ ਵੀ ਨਾ ਰੁਕਣ ਦਿੱਤਾ ਤੇ ਵਰਤ ਵਖਾਇਆ ਸੀ ਕਿ ਇਸ ਤਰ੍ਹਾਂ ਚਿਤ ਲਾ ਕੇ ਗੁਰਬਾਣੀ ਪੜ੍ਹੀਦੀ, ਵਰਤੀਂਦੀ ਤੇ ਕਮਾਈਦੀ ਏ।"

---

[1] ਤਾਰਾ ਸਿੰਘ ਅਨਜਾਣ, *ਸਾਹਿਬ ਲਈ ਲਹੇਰਾ*, ਪੰਨਾ 130.

[2] ਬੀਬੀ ਬੇਅੰਤ ਕੌਰ, *ਦੀ ਨਾਮਧਾਰੀ ਸਿੱਖਸ*, ਪੰਨਾ 38.

[3] ਵੇਰਵਾ ਅੰਤਿਕਾ 1.

[4] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ ਦੂਜਾ, ਪੰਨਾ 429.

Namdhari Elibrary NamdhariElibrary@gmail.com

ਅਧਿਆਇ 10

# ਸੁਤੰਤਰਤਾ ਸੰਗਰਾਮ ਦਾ ਹੰਗਾਮੀ ਦੌਰ

1938 ਤੋਂ 1947 ਤੱਕ ਦਾ ਸਮਾਂ ਭਾਰਤ ਦੇ ਸੁਤੰਤਰਤਾ ਸੰਗਰਾਮ ਦਾ ਹੰਗਾਮੀ ਦੌਰ ਸੀ, ਜਿਸ ਵਿੱਚ ਭਾਰਤ ਦੇ ਇਤਿਹਾਸ ਵਿੱਚ ਲੋਕ ਅੰਦੋਲਨਾਂ, ਰਾਜਨੀਤਕ ਸਰਗਰਮੀਆਂ, ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਗੱਠਜੋੜਾਂ ਅਤੇ ਮੁਸਲਿਮ ਲੀਗ ਦੀ ਸਿਆਸਤ ਨੇ ਇੱਕ ਅਜਿਹਾ ਮੋੜ ਕੱਟਿਆ ਜੋ ਅੰਤ ਵਿੱਚ ਜਾ ਕੇ ਅਖੰਡ ਭਾਰਤ ਦੇ ਬਟਵਾਰੇ ਦਾ ਕਾਰਨ ਬਣਿਆ। ਦੇਸ਼ ਵਿੱਚ ਤੇ ਵਿਦੇਸ਼ਾਂ ਵਿੱਚ ਭਾਰਤ ਦੀ ਸੁਤੰਤਰਤਾ ਦਾ ਸੰਗਰਾਮ ਸਫ਼ਲਤਾ ਦੇ ਅੰਤਿਮ ਪੜਾਅ ਵੱਲ ਅੱਗੇ ਵੱਧ ਰਿਹਾ ਸੀ।

ਸਤੰਬਰ 1939 ਵਿੱਚ ਦੂਜਾ ਸੰਸਾਰ ਯੁੱਧ ਆਰੰਭ ਹੋਇਆ, ਜਿਸ ਵਿੱਚ ਬਰਤਾਨੀਆ ਵੀ ਇੱਕ ਧਿਰ ਸੀ। ਜੋ ਹਿਟਲਰ (ਜਰਮਨੀ), ਮੁਸੋਲੀਨੀ (ਇਟਲੀ) ਅਤੇ ਟੋਜੋ (ਜਾਪਾਨ) ਦੀਆਂ ਫਾਸ਼ੀਵਾਦੀ ਸ਼ਕਤੀਆਂ ਵਿਰੁੱਧ ਮਿੱਤਰ ਸ਼ਕਤੀਆਂ (ਬਰਤਾਨੀਆ, ਫਰਾਂਸ ਤੇ ਅਮਰੀਕਾ ਅਤੇ ਪਿਛੋਂ ਜਾ ਕੇ ਸੋਵੀਅਤ ਯੂਨੀਅਨ) ਜੰਗੀ ਮੋਰਚੇ ਦਾ ਦੂਜਾ ਧੜਾ ਸੀ। 1939 ਤੋਂ 1945 ਤੱਕ ਇਸ ਦੂਜੇ ਮਹਾਂਯੁੱਧ ਦੇ ਸਮੇਂ ਸੰਸਾਰ ਦੇ ਇਤਿਹਾਸ ਵਿੱਚ ਤਬਾਹੀ ਦੇ ਅਦਭੁਤ-ਪੂਰਵ ਦ੍ਰਿਸ਼ ਦੇਖਣ ਵਿੱਚ ਆਏ। ਇਸ ਸੰਸਾਰ ਵਿਆਪੀ ਮਹਾਂ-ਯੁੱਧ ਦੇ ਵੇਰਵੇ ਦੇਣੇ ਇੱਥੇ ਸਾਡਾ ਮਨੋਰਥ ਨਹੀਂ ਹੈ। ਕੇਵਲ ਇੰਨਾ ਕਿਹਾ ਜਾ ਸਕਦਾ ਹੈ ਕਿ ਬਰਤਾਨੀਆ ਅਰਥਾਤ ਅੰਗਰੇਜ਼ਾਂ ਦੇ ਯੁੱਧ ਵਿੱਚ ਫਸੇ ਹੋਣ ਕਾਰਨ ਭਾਰਤ ਦੇ ਸੁਤੰਤਰਤਾ ਸੰਗਰਾਮ ਦੇ ਹੱਕ ਵਿੱਚ ਇਹ ਇੱਕ ਉਚਿਤ ਮੌਕਾ ਸੀ, ਜਿਸ ਵਿੱਚ ਵਿਦੇਸ਼ੀ ਸਰਕਾਰ ਨੂੰ ਵੱਡੀ ਸੱਟ ਮਾਰ ਕੇ ਭਾਰਤ ਨੂੰ ਸੁਤੰਤਰ ਕਰਵਾਇਆ ਜਾ ਸਕਦਾ ਸੀ। ਦੂਜੇ ਬੰਨੇ ਅੰਗਰੇਜ਼ੀ ਸਰਕਾਰ ਵੀ ਕੋਈ ਘੱਟ ਸ਼ਕਤੀਸ਼ਾਲੀ ਨਹੀਂ ਸੀ ਅਤੇ ਉਹ ਯੁੱਧ ਜਿੱਤਣ ਲਈ ਹਰ ਲੋੜੀਂਦੇ ਸਾਧਨ ਜੋੜ ਰਹੀ ਸੀ। ਭਾਵੇਂ ਕਾਂਗਰਸ ਤੇ ਹੋਰ ਰਾਜਨੀਤਿਕ ਪਾਰਟੀਆਂ ਭਾਰਤ ਦੀ ਵਿਦੇਸ਼ੀ ਸਰਕਾਰ ਦੇ ਵਿਰੁੱਧ ਮੋਰਚਾਬੰਦੀ ਕਰ ਰਹੀਆਂ ਸਨ ਫਿਰ ਵੀ ਅੰਗਰੇਜ਼ ਸਰਕਾਰ ਇਸ ਗੱਲ ਤੋਂ ਅਨਜਾਣ ਨਹੀਂ ਸੀ ਕਿ ਭਾਰਤ ਵਿੱਚੋਂ ਫੌਜੀ ਭਰਤੀ ਤੇ ਜੰਗ ਦੇ ਹੋਰ ਅਨੇਕ ਸਾਧਨ ਵੱਡੀ ਮਾਤਰਾ ਵਿੱਚ ਪ੍ਰਾਪਤ ਹੋ ਸਕਦੇ ਹਨ। [1]ਅੰਗਰੇਜ਼ ਵਾਇਸਰਾਏ ਲਾਰਡ ਲਿਨਲਿਥਗੋ ਨੇ ਸਤੰਬਰ 1939 ਵਿੱਚ ਭਾਰਤ ਦੇ ਰਾਜਨੀਤਕ ਆਗੂਆਂ ਅਤੇ ਕਾਂਗਰਸ ਦੇ ਮੰਤਰੀ ਮੰਡਲ ਦੀ ਸਲਾਹ ਲਏ ਬਿਨਾਂ ਹੀ ਭਾਰਤ ਨੂੰ ਯੁੱਧ ਗ੍ਰਸਤ ਦੇਸ਼ ਘੋਸ਼ਿਤ ਕਰ ਦਿੱਤਾ, ਜਿਸ ਕਾਰਨ ਰੋਸ ਵਜੋਂ ਕਾਂਗਰਸ ਨੇ ਆਪਣੇ ਸੂਬਾਈ

---

[1] ਡਾ. ਏ.ਸੀ. ਅਰੋੜਾ, *ਪੰਜਾਬ ਦਾ ਇਤਿਹਾਸ (1799-1966)*, ਭਾਗ ਦੂਜਾ, ਪੰਨਾ 272.

ਮੰਤਰੀ-ਮੰਡਲਾਂ ਤੋਂ ਅਸਤੀਫ਼ੇ ਦੇ ਦਿੱਤੇ। ਪੰਜਾਬ ਲੈਜਿਸਲੇਟਿਵ ਕੌਂਸਲ ਦੇ ਕਾਂਗਰਸੀ ਮੈਂਬਰਾਂ ਨੇ ਵੀ ਪੰਜਾਬ ਅਸੈਂਬਲੀ ਦੇ ਸੈਸ਼ਨਾਂ ਵਿੱਚ ਨਾ ਜਾਣ ਦਾ ਫੈਸਲਾ ਕਰ ਲਿਆ। ਪਰ ਪੰਜਾਬ ਦੀ ਯੂਨੀਅਨਿਸਟ ਸਰਕਾਰ ਜੋ ਬ੍ਰਿਟਿਸ਼ ਸਰਕਾਰ ਪੱਖੀ ਸੀ ਨੇ ਜੰਗੀ ਭਰਤੀ ਤੇ ਜੰਗ ਦੇ ਹੋਰ ਸਾਧਨ ਜੁਟਾਉਣ ਦੇ ਲਈ ਸਰਕਾਰ ਦੀ ਸਹਾਇਤਾ ਪੂਰੇ ਜ਼ੋਰ-ਸ਼ੋਰ ਨਾਲ ਕੀਤੀ।

ਇੱਕ ਵਾਰ ਜਦੋਂ ਪੰਜਾਬ ਦੇ ਗਵਰਨਰ ਮਿਸਟਰ ਕਰੇਕ ਨੇ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਜੰਗੀ ਭਰਤੀ ਤੇ ਹੋਰ ਸਹਾਇਤਾ ਦੇਣ ਬਾਰੇ ਕਿਹਾ ਤਾਂ ਉਨ੍ਹਾਂ ਨੇ ਦੋ-ਟੁੱਕ ਜਵਾਬ ਦੇ ਦਿੱਤਾ ਕਿ ਅਸੀਂ ਇਸ ਮਾਮਲੇ ਵਿੱਚ ਤੁਹਾਡੀ ਸਹਾਇਤਾ ਬਿਲਕੁਲ ਨਹੀਂ ਕਰ ਸਕਦੇ। ਸਤਿਗੁਰੂ ਪਰਤਾਪ ਸਿੰਘ ਜੀ ਤਾਂ ਪਹਿਲਾਂ ਹੀ ਆਪਣਾ ਪੱਕਾ ਸੰਬੰਧ ਕਾਂਗਰਸ ਨਾਲ ਜੋੜ ਚੁੱਕੇ ਸਨ ਤੇ ਆਪ ਸਦਾ ਕਾਂਗਰਸ ਦੇ ਦ੍ਰਿਸ਼ਟੀਕੋਣ ਦਾ ਸਮਰਥਨ ਕਰਦੇ ਰਹੇ।

## ਸਟੇਟ ਪੀਪਲਜ਼ ਕਾਂਗਰਸ ਦਾ ਲੁਧਿਆਣਾ ਸੰਮੇਲਨ

17 ਫਰਵਰੀ, 1939 ਨੂੰ ਸਟੇਟ ਪੀਪਲਜ਼ ਕਾਂਗਰਸ ਦਾ ਲੁਧਿਆਣਾ ਵਿਖੇ ਸੰਮੇਲਨ ਹੋਇਆ। ਸਟੇਟ ਪੀਪਲਜ਼ ਕਾਂਗਰਸ ਦਾ ਆਰੰਭ 1927 ਵਿੱਚ ਹੋਇਆ ਸੀ, ਉਸ ਸਮੇਂ ਦੇ ਭਾਰਤ ਵਿੱਚ ਬਹੁਤ ਸਾਰੇ ਇਲਾਕੇ ਤਾਂ ਅੰਗਰੇਜ਼ੀ ਸਰਕਾਰ ਦੇ ਅਧੀਨ ਸਨ, ਪਰ ਇਸ ਤੋਂ ਬਿਨਾਂ ਭਾਰਤ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਦੇਸੀ ਰਿਆਸਤਾਂ ਸਨ, ਜਿਨ੍ਹਾਂ ਦੇ ਹੁਕਮਰਾਨ ਇਨ੍ਹਾਂ ਰਿਆਸਤਾਂ ਦੇ ਰਾਜੇ ਮਹਾਰਾਜੇ ਸਨ, ਜੋ ਮਨਮਰਜ਼ੀ ਤੇ ਧੱਕੇਸ਼ਾਹੀ ਨਾਲ ਹਕੂਮਤ ਕਰਦੇ ਸਨ। ਇਨ੍ਹਾਂ ਦੇਸੀ ਰਿਆਸਤਾਂ ਦੇ ਲੋਕਾਂ ਨੂੰ ਕੋਈ ਵੀ ਰਾਜਨੀਤਕ ਤੇ ਨਾਗਰਿਕ ਅਧਿਕਾਰ ਪ੍ਰਾਪਤ ਨਹੀਂ ਸਨ। ਪੰਜਾਬ ਵਿੱਚ ਵੀ ਰਿਆਸਤੀ ਪਰਜਾ ਮੰਡਲ ਦਾ ਆਰੰਭ ਪਟਿਆਲਾ ਤੋਂ ਹੋਇਆ, ਜਿਸ ਦੇ ਮੋਢੀ ਸ੍ਰ. ਸੇਵਾ ਸਿੰਘ ਠੀਕਰੀਵਾਲਾ ਅਤੇ ਭਗਵਾਨ ਸਿੰਘ ਲੌਂਗੋਵਾਲ ਸਨ। ਪੰਜਾਬ ਵਿੱਚ ਵੀ ਕਾਂਗਰਸ, ਅਕਾਲੀ ਤੇ ਹੋਰ ਲੋਕਾਂ ਦੇ ਹੱਕਾਂ ਦੀ ਪ੍ਰਾਪਤੀ ਕਰਨ ਵਾਲੇ ਰਾਜਨੀਤਕ ਦਲ ਪਰਜਾ ਮੰਡਲ ਦੇ ਵਿੱਚ ਸ਼ਾਮਿਲ ਸਨ।

17 ਫਰਵਰੀ, 1939 ਈ. ਨੂੰ ਸਟੇਟ ਪੀਪਲਜ਼ ਕਾਂਗਰਸ ਦਾ ਸੰਮੇਲਨ ਪੰਡਿਤ ਜਵਾਹਰ ਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਲੁਧਿਆਣਾ ਵਿਖੇ ਹੋਇਆ। ਸਤਿਗੁਰੂ ਪਰਤਾਪ ਸਿੰਘ ਦੀ ਰਹਿਨੁਮਾਈ ਵਿੱਚ ਨਾਮਧਾਰੀ ਪੰਥ ਦਾ ਇਸ ਸੰਮੇਲਨ ਨੂੰ ਕਾਮਯਾਬ ਕਰਨ ਵਿੱਚ ਬਹੁਤ ਵੱਡਾ ਹੱਥ ਸੀ। ਸੈਂਕੜਿਆਂ ਦੀ ਗਿਣਤੀ ਵਿੱਚ ਨਾਮਧਾਰੀ ਆਪਣੇ ਸਫੈਦ ਬਾਣੇ ਵਿੱਚ ਇਸ ਸੰਮੇਲਨ ਦੇ ਪ੍ਰਧਾਨ ਪੰਡਿਤ ਜਵਾਹਰ ਲਾਲ ਨਹਿਰੂ ਦੇ ਪ੍ਰਧਾਨਗੀ ਜਲੂਸ ਵਿੱਚ ਸ਼ਾਮਲ ਹੋਏ। ਜਲੂਸ ਦੀ ਸ਼ਾਨ ਨੂੰ ਦੋਬਾਲਾ ਕਰਨ ਲਈ ਸੈਂਕੜੇ ਘੋੜੇ ਸਤਿਗੁਰੂ ਪਰਤਾਪ ਸਿੰਘ ਜੀ ਵੱਲੋਂ ਭੇਜੇ ਗਏ। ਪੰਡਿਤ ਜਵਾਹਰ ਲਾਲ ਦੇ ਨਾਲ ਸਤਿਗੁਰੂ ਪਰਤਾਪ ਸਿੰਘ, ਡਾ. ਸੈਫੂਦੀਨ ਕਿਚਲੂ, ਡਾ. ਪਟਾਭੀ ਸੀਤਾ ਰਮਈਆ ਤੇ ਮਾਸਟਰ ਤਾਰਾ ਸਿੰਘ ਆਦਿ ਨੇਤਾ ਜਲੂਸ ਦੀ ਅਗਵਾਈ ਕਰ ਰਹੇ ਸਨ। ਕਰਮ ਸਿੰਘ ਧੂਤ

Namdhari Elibrary NamdhariElibrary@gmail com

(ਪ੍ਰਧਾਨ ਰਿਆਸਤੀ ਪਰਜਾ ਮੰਡਲ) ਵੀ ਜਲੂਸ ਦੇ ਮੋਹਰੀਆਂ ਵਿੱਚ ਸ਼ਾਮਲ ਸੀ। ਰਿਆਸਤੀ ਪਰਜਾ ਮੰਡਲ ਦੀ ਇਸ ਇਤਿਹਾਸਕ ਕਾਨਫਰੰਸ ਬਾਰੇ ਡਾ. ਏ.ਸੀ. ਅਰੋੜਾ ਇਸ ਤਰ੍ਹਾਂ ਲਿਖਦਾ ਹੈ :

"[1]ਆਲ ਇੰਡੀਆ ਸਟੇਟਸ ਪੀਪਲਜ਼ ਕਾਨਫਰੰਸ ਦਾ ਛੇਵਾਂ ਸੈਸ਼ਨ 17 ਫਰਵਰੀ, 1939 ਈ. ਵਿੱਚ ਜਵਾਹਰ ਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਲੁਧਿਆਣਾ ਵਿਖੇ ਹੋਇਆ। ਪੰਜਾਬ ਰਿਆਸਤੀ ਪਰਜਾ ਮੰਡਲ ਦੇ ਕਾਰਜਕਰਤਾਵਾਂ ਨੇ ਇਸ ਸੈਸ਼ਨ ਲਈ ਸਾਰੇ ਪ੍ਰਬੰਧ ਕੀਤੇ। ਕਾਨਫਰੰਸ ਪੰਡਾਲ ਦਾ ਨਾਂ 'ਸੇਵਾ ਸਿੰਘ ਨਗਰ' ਰਖਿਆ ਗਿਆ ਅਤੇ ਇਸ ਵਿੱਚ ਪਟਿਆਲਾ, ਨਾਭਾ, ਫ਼ਰੀਦਕੋਟ, ਮਲੇਰਕੋਟਲਾ ਅਤੇ ਕਲਸੀਆਂ ਦੇ ਪ੍ਰਤੀਨਿਧ ਅਤੇ ਰਿਆਸਤਾਂ ਦੇ ਹਜ਼ਾਰਾਂ ਹੋਰ ਲੋਕ ਸ਼ਾਮਲ ਹੋਏ। ਪੰਡਿਤ ਨਹਿਰੂ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਰਿਆਸਤਾਂ ਵਿੱਚ ਨਾਗਰਿਕ ਅਧਿਕਾਰਾਂ ਦੀ ਲੋੜ ਉੱਤੇ ਜ਼ੋਰ ਦਿੱਤਾ ਅਤੇ ਪ੍ਰਜਾ ਮੰਡਲ ਦਾ ਅੰਤਿਮ ਟੀਚਾ ਜ਼ਿੰਮੇਵਾਰ ਸਾਸ਼ਨ ਦੀ ਸਥਾਪਨਾ ਦੱਸਿਆ। ਕਾਨਫਰੰਸ ਵਿੱਚ ਦੋ ਮਤੇ ਵੀ ਪਾਸ ਕੀਤੇ ਗਏ — ਇੱਕ ਜ਼ਿੰਮੇਵਾਰ ਸਾਸ਼ਨ ਸੰਬੰਧੀ ਅਤੇ ਦੂਜਾ ਦਮਨਕਾਰੀ ਨੀਤੀਆਂ ਤਿਆਗ ਕੇ ਲੋਕਾਂ ਦੇ ਨਾਗਰਿਕ ਅਧਿਕਾਰ ਬਹਾਲ ਕਰਨ ਸੰਬੰਧੀ ਸੀ।"

## ਪੰਡਿਤ ਜਵਾਹਰ ਲਾਲ ਤੇ ਹੋਰ ਕਾਂਗਰਸੀ ਨੇਤਾਵਾਂ ਦਾ ਸ੍ਰੀ ਭੈਣੀ ਸਾਹਿਬ ਵਿਖੇ ਸ਼ਾਨਦਾਰ ਸਵਾਗਤ

18 ਫਰਵਰੀ, 1939 ਨੂੰ ਪੰਡਿਤ ਜਵਾਹਰ ਲਾਲ ਨਹਿਰੂ ਜੀ ਨੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਸੱਦੇ ਉੱਤੇ ਸ੍ਰੀ ਭੈਣੀ ਸਾਹਿਬ ਦੀ ਯਾਤਰਾ ਕਰਨਾ ਪ੍ਰਵਾਨ ਕਰ ਲਿਆ। ਉਨ੍ਹਾਂ ਦੇ ਨਾਲ ਹੋਰ ਵੀ ਬਹੁਤ ਸਾਰੇ ਉੱਘੇ ਨੇਤਾ ਡਾ. ਪਟਾਭੀ ਸੀਤਾ ਰਮੱਈਆ, ਡਾ. ਸੈਫੁਦੀਨ ਕਿਚਲੂ, ਮਾਸਟਰ ਤਾਰਾ ਸਿੰਘ, ਮੌਲਾਨਾ ਹਬੀਬਰੁਲ ਰਹਿਮਾਨ, ਪੰਡਿਤ ਮੁਨੀ ਲਾਲ ਕਾਲੀਆ ਆਦਿ ਸਨ। ਥਾਂ-ਥਾਂ ਤੇ ਸੜਕ ਉੱਤੇ ਸਵਾਗਤੀ ਦਰਵਾਜ਼ੇ ਬਣਾ ਕੇ ਪਿੰਡਾਂ ਦੇ ਲੋਕਾਂ ਨੇ ਨਹਿਰੂ ਜੀ ਦਾ ਸੁਆਗਤ ਕੀਤਾ। ਮੰਗਲੀਆਂ ਤੇ ਸਦਾਨਾਂ ਪਿੰਡਾਂ ਦੇ ਲੋਕਾਂ ਨੇ ਪੰਡਿਤ ਜਵਾਹਰ ਲਾਲ ਨਹਿਰੂ ਜ਼ਿੰਦਾਬਾਦ ਦੇ ਨਾਅਰੇ ਲਾਉਂਦੇ ਹੋਏ ਮਾਇਆ ਦੀਆਂ ਥੈਲੀਆਂ ਵੀ ਭੇਟ ਕੀਤੀਆਂ। ਸਤਿਗੁਰੂ ਜੀ ਦੇ ਆਦੇਸ਼ ਅਨੁਸਾਰ ਮਹਾਰਾਜ ਨਿਹਾਲ ਸਿੰਘ, ਸ੍ਰ. ਦਯਾ ਸਿੰਘ, ਸ੍ਰ. ਆਤਮਾ ਸਿੰਘ, ਸ੍ਰ. ਹਜ਼ੂਰਾ ਸਿੰਘ ਤੇ ਕਈ ਹੋਰ ਨਾਮਧਾਰੀ ਪਤਵੰਤੇ ਵੀਹ (20) ਘੋੜਿਆਂ 'ਤੇ ਸਵਾਰ ਹੋ ਕੇ ਅਗਲਵਾੜੀ ਰਾਮਪੁਰ ਕਟਾਣੀ ਦੇ ਅੱਡੇ ਉੱਤੇ ਪਹੁੰਚੇ। ਉਥੋਂ ਤੋਂ ਲੈ ਕੇ ਭੈਣੀ ਸਾਹਿਬ ਤੱਕ ਦੋਵੇਂ ਬੰਨੇ ਸੈਂਕੜਿਆਂ ਦੀ ਗਿਣਤੀ ਵਿੱਚ ਨਾਮਧਾਰੀ ਸੱਜਣ ਦੋਹੀਂ ਪਾਸੀਂ ਕਤਾਰਾਂ ਵਿੱਚ ਖੜੇ ਨਾਅਰਿਆਂ ਦੀ ਗੂੰਜ ਵਿੱਚ ਇਹਨਾਂ ਲੀਡਰਾਂ ਨੂੰ ਜੀ ਆਇਆਂ ਕਹਿ ਰਹੇ ਸਨ। ਸ੍ਰੀ ਭੈਣੀ ਸਾਹਿਬ ਪੁੱਜ ਕੇ ਸਤਿਗੁਰੂ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਤਪ-ਸਥਾਨ ਵਾਲੇ ਬਤੇ ਦੇ ਦਰਸ਼ਨ ਕਰਵਾਏ ਅਤੇ ਫਿਰ

[1] ਡਾ. ਏ.ਸੀ. ਅਰੋੜਾ, *ਪੰਜਾਬ ਦਾ ਇਤਿਹਾਸ (1799–1966)*, ਭਾਗ ਦੂਜਾ, ਪੰਨਾ 272.

Namdhari Elibrary NamdhariElibrary@gmail.com

ਲੰਗਰ ਦੀ ਉਸ ਲੋਹ ਬਾਰੇ ਦੱਸਿਆ, ਜੋ ਸਤਿਗੁਰੂ ਰਾਮ ਸਿੰਘ ਨੇ ਆਪਣੇ ਹੱਥੀਂ ਬੀਤੀ ਸੀ। ਜੋ ਉਦੋਂ ਤੋਂ ਲੈ ਕੇ ਸਦਾ ਵਰਤ ਲੰਗਰ ਦੇ ਰੂਪ ਵਿੱਚ ਆਏ ਗਏ ਯਾਤਰੀਆਂ ਦੀ ਸੇਵਾ ਕਰ ਰਹੀ ਸੀ। ਸਤਿਗੁਰੂ ਜੀ ਨੇ ਉਸ ਪੁਲੀਸ ਚੌਕੀ ਬਾਰੇ ਦੱਸਿਆ, ਜਿੱਥੇ 50 ਸਾਲ ਤੋਂ ਵੱਧ ਪੁਲੀਸ ਦੀ ਗਾਰਦ ਇਨ੍ਹਾਂ ਪਵਿੱਤਰ ਸਥਾਨਾਂ ਦੇ ਦਰਸ਼ਨ ਕਰਨ ਆਏ ਯਾਤਰੂਆਂ ਨੂੰ ਤੰਗ ਕਰਦੀ ਰਹੀ ਸੀ। ਪਰ ਇਸ ਜਬਰ ਦੇ ਹੁੰਦਿਆਂ ਵੀ ਸਤਿਗੁਰੂ ਹਰੀ ਸਿੰਘ ਦੀ ਅਗਵਾਈ ਵਿੱਚ ਨਾਮਧਾਰੀਆਂ ਨੇ ਇਸ ਜ਼ੁਲਮ ਦਾ ਟਾਕਰਾ ਸਬਰ ਨਾਲ ਕੀਤਾ ਅਤੇ ਪਾਠਾਂ ਤੇ ਕਥਾ ਕੀਰਤਨ ਦੀ ਮਰਿਆਦਾ ਨੂੰ ਨਿਰੰਤਰ ਜਾਰੀ ਰੱਖਿਆ। ਜਦੋਂ ਸਤਿਗੁਰੂ ਜੀ ਮਲੇਰਕੋਟਲੇ ਤੇ ਹੋਰ ਥਾਵਾਂ ਦੇ ਨਾਮਧਾਰੀ ਸ਼ਹੀਦਾਂ ਬਾਰੇ ਦੱਸ ਰਹੇ ਸਨ ਤਾਂ ਆਪ ਦਾ ਗਲਾ ਭਰ ਆਇਆ ਜਵਾਹਰ ਲਾਲ ਜੀ ਦੇ ਨੇਤਰ ਵੀ ਸੇਜਲ ਹੋ ਗਏ।

ਰਾਮਸਰ ਦੇ ਸਥਾਨ ਤੇ ਵਿਸ਼ਾਲ ਪੰਡਾਲ ਸੱਜ ਰਿਹਾ ਸੀ, ਜਿਸ ਵਿੱਚ ਮਾਸਟਰ ਤਾਰਾ ਸਿੰਘ ਜੀ ਤੇ ਹੋਰ ਨੇਤਾ ਤਕਰੀਰਾਂ ਕਰ ਰਹੇ ਸਨ। ਇਸ ਸੁਆਗਤੀ ਸਭਾ ਵਿੱਚ ਬਾਬਾ ਜਗਜੀਤ ਸਿੰਘ ਤੇ ਬਾਬਾ ਬੀਰ ਸਿੰਘ ਨੇ ਗੁਰਬਾਣੀ ਸ਼ਬਦਾਂ ਦਾ ਮਨੋਹਰ ਕੀਰਤਨ ਕੀਤਾ। ਪੰਡਿਤ ਜੀ ਜੋ ਇੱਕ ਸ੍ਰੇਸ਼ਟ ਕਲਾ ਪਾਰਖੂ ਵੀ ਸਨ ਦੇ ਪੁੱਛਣ ਉੱਤੇ ਕਿ ਇਨ੍ਹਾਂ ਨੇ ਇਹ ਸੰਗੀਤ ਦੀ ਸਿੱਖਿਆ ਕਿਨ੍ਹਾਂ ਤੋਂ ਪ੍ਰਾਪਤ ਕੀਤੀ ਹੈ ਤਾਂ ਸਤਿਗੁਰੂ ਜੀ ਨੇ ਦੱਸਿਆ ਕਿ ਗੁਰੂ ਘਰ ਕੀਰਤਨ ਤੇ ਗੁਰਬਾਣੀ ਦਾ ਅਥਾਹ ਸੋਮਾ ਹੈ, ਜਿਸ ਵਿੱਚ ਸੰਗੀਤਕਾਰ ਅਤੇ ਕੀਰਤਨਕਾਰ ਗੁਰੂ ਦੇ ਦਰਬਾਰ ਦੀ ਸਦਾ ਹਾਜਰੀ ਭਰਦੇ ਹਨ। ਇਸ ਲਈ ਗੁਰੂ ਘਰ ਵਿੱਚ ਕੀਰਤਨ ਦੀ ਮਰਿਆਦਾ ਤੇ ਪੁਰਾਤਨ ਗਾਇਨ ਦੀਆਂ ਰੀਤਾਂ ਦਾ ਅਥਾਹ ਭੰਡਾਰ ਹੈ, ਜਿਸ ਵਿੱਚ ਕਲਾ ਸਾਧਕ ਨਿਤ ਵਾਧਾ ਕਰਦੇ ਰਹਿੰਦੇ ਹਨ। ਇਸ ਯਾਦਗਾਰੀ ਸੰਮੇਲਨ ਵਿੱਚ ਸੰਤ ਨਿਧਾਨ ਸਿੰਘ ਆਲਮ ਨੇ ਸੁਆਗਤੀ ਭਾਸ਼ਣ ਪੜ੍ਹਿਆ ਅਤੇ ਸੰਤ ਇੰਦਰ ਸਿੰਘ ਚੱਕਰਵਰਤੀ ਨੇ ਸਮਾਗਮ ਦੀ ਕਾਰਵਾਈ ਨੂੰ ਅੱਗੇ ਤੋਰਿਆ। ਤਰਨ ਸਿੰਘ ਵਹਿਮੀ ਅਨੁਸਾਰ ਇਸ ਸਮਾਗਮ ਵਿੱਚ ਦਸ ਹਜ਼ਾਰ ਲੋਕ ਹਾਜ਼ਰ ਸਨ। ਇਸ ਸੰਮੇਲਨ ਵਿੱਚ ਸਰਵ ਸ੍ਰੀ ਸੋਹਣ ਸਿੰਘ ਜੋਸ਼, ਲਾਲਾ ਦੇਵ ਰਾਜ ਸੇਠੀ, ਮਿਸ ਅਗਾਥਾ ਹੈਰੀਸਨ, ਸ੍ਰ. ਕਰਮ ਸਿੰਘ ਧੂਤ ਤੇ ਕਈ ਹੋਰ ਕਾਂਗਰਸੀ ਨੇਤਾਵਾਂ ਨੇ ਭਾਸ਼ਣ ਦਿੱਤੇ।

ਸਤਿਗੁਰੂ ਪਰਤਾਪ ਸਿੰਘ ਜੀ ਨੇ ਸਭ ਉੱਘੇ ਲੀਡਰਾਂ ਦੇ ਗਲਾਂ ਵਿੱਚ ਉੱਨ ਦੀਆਂ ਮਾਲਾਵਾਂ ਪਹਿਨਾਈਆਂ ਅਤੇ ਖੁਸ਼ੀ-ਖੁਸ਼ੀ ਸਭ ਨੂੰ ਵਿਦਾ ਕੀਤਾ। ਪੰਡਤ ਨਹਿਰੂ ਜੀ ਦੀ ਭੈਣੀ ਸਾਹਿਬ ਦੀ ਇਸ ਯਾਤਰਾ ਨਾਲ ਸਰਬ ਹਿੰਦ ਕਾਂਗਰਸ ਤੇ ਨਾਮਧਾਰੀ ਪੰਥ ਦੇ ਸੰਬੰਧ ਹੋਰ ਵੀ ਗੂੜ੍ਹੇ ਅਤੇ ਪੱਕੇ ਹੋ ਗਏ।

## ਪੰਜਾਬ ਵਿੱਚ ਕਿਸਾਨ ਮੋਰਚੇ

ਕਾਂਗਰਸ ਦੇ ਲਖਨਊ ਸਮਾਗਮ ਵੇਲੇ 11 ਅਪ੍ਰੈਲ, 1936 ਨੂੰ ਸਰਬ-ਹਿੰਦ ਕਿਸਾਨ ਸਭਾ ਹੋਂਦ ਵਿੱਚ ਆਈ ਅਤੇ ਏਥੇ ਹੀ ਸੂਬਾ ਪੱਧਰ ਦੀਆਂ ਕਿਸਾਨ ਸਭਾਵਾਂ ਜਥੇਬੰਦ ਕਰਨ ਦਾ ਫੈਸਲਾ ਲਿਆ ਗਿਆ।

ਵਿਸ਼ਵ ਵਿਆਪੀ ਆਰਥਿਕ ਮੰਦਵਾੜੇ ਕਾਰਨ ਛੋਟੇ ਕਿਸਾਨਾਂ ਅਤੇ ਮੁਜਾਰਿਆਂ

Namdhari Elibrary NamdhariElibrary@gmail.com

ਦੀ ਹਾਲਤ ਦਿਨੋਂ-ਦਿਨ ਨਿਘਰਦੀ ਜਾ ਰਹੀ ਸੀ। ਜ਼ਮੀਨ ਦੇ ਮਾਲੀਏ ਤੇ ਹੋਰ ਟੈਕਸਾਂ ਨੂੰ ਘਟਾਉਣ ਦੀ ਥਾਂ ਪੰਜਾਬ ਸਰਕਾਰ ਇਨ੍ਹਾਂ ਵਿੱਚ ਹੋਰ ਵਾਧੇ ਕਰ ਰਹੀ ਸੀ। ਖੇਤੀ ਪ੍ਰਧਾਨ ਸੂਬਾ ਹੋਣ ਕਾਰਨ ਪੰਜਾਬ ਦੀ ਔਧੀ ਤੋਂ ਵੀ ਵਧੇਰੇ ਵਸੋਂ ਕਿਸਾਨੀ ਕਿੱਤੇ ਉੱਤੇ ਹੀ ਨਿਰਭਰ ਕਰ ਰਹੀ ਸੀ। 1907 ਦੀ 'ਪਗੜੀ ਸੰਭਾਲ ਜੱਟਾ' ਲਹਿਰ ਨੇ ਕਿਸਾਨਾਂ ਵਿੱਚ ਜਾਗਰਤੀ ਲੈ ਆਂਦੀ ਸੀ ਤੇ ਪੰਜਾਬ ਦੇ ਕਿਸਾਨ ਰਾਜਨੀਤਕ ਲਹਿਰਾਂ ਤੇ ਸੁਤੰਤਰਤਾ ਸੰਗਰਾਮ ਨੂੰ ਚਲਦਾ ਰੱਖਣ ਵਿੱਚ ਵੱਧ ਤੋਂ ਵੱਧ ਹਿੱਸਾ ਪਾਉਂਦੇ ਆ ਰਹੇ ਸਨ।

ਬਰੈਡਲਾ ਹਾਲ ਲਾਹੌਰ ਵਿੱਚ 13 ਜ਼ਿਲ੍ਹਿਆਂ ਦੇ ਕਿਸਾਨ ਪ੍ਰਤੀਨਿਧਾਂ ਨੇ 7 ਮਾਰਚ 1937 ਨੂੰ ਪੰਜਾਬ ਕਿਸਾਨ ਸਭਾ ਕਾਇਮ ਕੀਤੀ, ਜਿਸ ਦੇ ਮੁੱਖ ਅਹੁੱਦੇਦਾਰ ਬਾਬਾ ਜਵਾਲਾ ਸਿੰਘ (ਪ੍ਰਧਾਨ), ਬੀ.ਪੀ.ਐਲ. ਬੇਦੀ (ਮੁੱਖ ਸਕੱਤਰ); ਕਰਤਾਰ ਸਿੰਘ ਗਿੱਲ (ਜਨਰਲ ਸਕੱਤਰ); ਅਤੇ ਉਜਾਗਰ ਸਿੰਘ ਬਿਲਗਾ (ਆਰਗੇਨਾਈਜ਼ਿੰਗ ਸਕੱਤਰ) ਚੁਣੇ ਗਏ। ਬਾਬਾ ਜਵਾਲਾ ਸਿੰਘ ਜੋ ਪੁਰਾਣਾ ਗਦਰੀ ਨੇਤਾ ਸੀ ਅਤੇ ਜਿਸ ਨੂੰ ਅਮਰੀਕਾ ਵਿੱਚ 'ਆਲੂਆਂ ਦਾ ਬਾਦਸ਼ਾਹ' (Potato King) ਕਰਕੇ ਜਾਣਿਆ ਜਾਂਦਾ ਸੀ ਦੇ ਯਤਨਾਂ ਸਦਕਾ ਕਿਸਾਨ ਸਭਾਵਾਂ ਦੇ ਨਾਲ-ਨਾਲ ਮੁਜਾਰਿਆਂ ਤੇ ਖੇਤ ਮਜ਼ਦੂਰਾਂ ਨੂੰ ਜਥੇਬੰਦ ਕਰ ਲਿਆ ਗਿਆ। 9 ਮਈ 1938 ਨੂੰ ਪੰਜਾਬ ਕਿਸਾਨ ਸਭਾ ਦੇ ਪ੍ਰਧਾਨ ਬਾਬਾ ਜਵਾਲਾ ਸਿੰਘ ਇੱਕ ਸੜਕ ਹਾਦਸੇ ਵਿੱਚ ਅਕਾਲ ਚਲਾਣਾ ਕਰ ਗਏ।

ਕਿਸਾਨਾਂ ਦੀਆਂ ਮੁੱਖ ਮੰਗਾਂ ਸਨ :

1. ਜਗੀਰਦਾਰੀ ਦਾ ਖਾਤਮਾ
2. ਜ਼ਮੀਨ ਹਲਵਾਹਕ ਨੂੰ
3. ਕਿਸਾਨੀ ਕਰਜ਼ੇ ਦੀ ਮਨਸੂਖੀ
4. ਜ਼ਮੀਨੀ ਮਾਮਲੇ ਤੇ ਨਹਿਰੀ ਆਬਿਆਨੇ ਵਿੱਚ ਕਟੌਤੀ
5. ਮਲਬਾ, ਚਾਹੀ ਰੇਟ ਤੇ ਪੇਸ਼ਾਵਰ ਟੈਕਸ ਦਾ ਖਾਤਮਾ।

ਪੰਜਾਬ ਕਿਸਾਨ ਸਭਾ ਵੱਲੋਂ ਇਹਨਾਂ ਮੰਗਾਂ ਦੀ ਪ੍ਰਾਪਤੀ ਲਈ ਕਈ ਅੰਦੋਲਨ ਚਲਾਏ ਗਏ ਅਤੇ ਕਈ ਮੋਰਚੇ ਲਗਾਏ ਗਏ, ਜਿਨ੍ਹਾਂ ਦਾ ਵਿਸਥਾਰ ਪੂਰਵਕ ਵਰਣਨ ਰਾਮ ਸਿੰਘ ਮਜੀਠਾ ਨੇ ਆਪਣੀ ਪੁਸਤਕ 'ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ' ਭਾਗ ਦੂਜਾ ਦੇ ਕਾਂਡ ਚੌਥੇ ਵਿੱਚ ਕੀਤਾ ਹੈ। ਇੱਥੇ ਕੇਵਲ ਕੁਝ ਮਹੱਤਵਪੂਰਨ ਮੋਰਚਿਆਂ ਦਾ ਜ਼ਿਕਰ ਹੀ ਕੀਤਾ ਜਾਂਦਾ ਹੈ :

### 1. ਅੰਮ੍ਰਿਤਸਰ ਦਾ ਕਿਸਾਨ ਮੋਰਚਾ

ਅੰਮ੍ਰਿਤਸਰ ਵਿੱਚ ਦਫਾ 144 ਲਾਗੂ ਕੀਤੀ ਗਈ, ਕਿਸਾਨ ਐਕਸ਼ਨ ਕਮੇਟੀ ਵੱਲੋਂ ਫੈਸਲਾ ਕੀਤਾ ਗਿਆ ਕਿ ਦਫਾ 144 ਤੋੜ ਕੇ ਡਿਪਟੀ ਕਮਿਸ਼ਨਰ ਨੂੰ ਕਿਸਾਨਾਂ ਦੀਆਂ ਮੰਗਾਂ ਬਾਰੇ ਯਾਦ-ਪੱਤਰ ਦਿੱਤਾ ਜਾਵੇ। ਬਾਬਾ ਹਰਨਾਮ ਸਿੰਘ ਕਸੇਲ, ਜਥੇਦਾਰ ਊਧਮ ਸਿੰਘ ਨਾਗੋਕੇ ਦੀ ਪ੍ਰਧਾਨਗੀ ਹੇਠ ਜਲ੍ਹਿਆਂਵਾਲਾ ਬਾਗ ਵਿੱਚੋਂ ਇੱਕ ਸ਼ਾਨਦਾਰ ਜਲੂਸ (ਮੁਜ਼ਾਹਰਾ) ਉੱਚੇ ਪੁਲ ਤੱਕ ਆ ਰਿਹਾ ਸੀ। ਜਦੋਂ ਇਹ ਜਲੂਸ ਉੱਚੇ ਪੁਲ 'ਤੇ ਪਹੁੰਚਿਆ

ਤਾਂ ਰਾਮ ਸਿੰਘ ਮਜੀਠਾ ਦੇ ਸ਼ਬਦਾਂ ਵਿੱਚ, "ਭੰਡਾਰੀ ਪੁਲ ਤੇ ਬਾਹਲੀ ਵੱਡੀ ਗਿਣਤੀ ਵਿੱਚ ਪੁਲੀਸ ਨੇ ਜਲੂਸ ਨੂੰ ਰੋਕਿਆ। ਉਨ੍ਹਾਂ ਉਪਰ ਅੰਨ੍ਹਾ ਲਾਠੀ ਚਾਰਜ ਕੀਤਾ। 300 ਤੋਂ ਉੱਪਰ ਕਿਸਾਨ ਜ਼ਖਮੀ ਹੋਏ। ਬਾਬਾ ਸੋਹਨ ਸਿੰਘ ਭਕਨਾ, ਊਧਮ ਸਿੰਘ ਨਾਗੋਕੇ, ਦਰਸ਼ਨ ਸਿੰਘ ਫੇਰੂਮਾਨ, ਫੌਜਾ ਸਿੰਘ ਭੁੱਲਰ, ਰਾਮ ਸਿੰਘ ਮਜੀਠਾ, ਜਸਵੰਤ ਸਿੰਘ ਕੈਰੋਂ, ਗਹਿਲ ਸਿੰਘ ਛੱਜਲਵੱਡੀ, ਹਰਨਾਮ ਸਿੰਘ ਕਸੇਲ, ਦਇਆ ਸਿੰਘ, ਗੋਪਾਲ ਸਿੰਘ ਤੇ ਰਤਨ ਸਿੰਘ ਕਿਸਾਨ ਆਗੂਆਂ ਸਮੇਤ 145 ਕਿਸਾਨ ਗ੍ਰਿਫਤਾਰ ਕੀਤੇ ਗਏ।"[1]

ਹਰ ਰੋਜ਼ 25 ਕਿਸਾਨਾਂ ਦਾ ਜਥਾ ਕਈ ਦਿਨਾਂ ਤੱਕ ਗ੍ਰਿਫਤਾਰੀਆਂ ਦਿੰਦਾ ਰਿਹਾ। ਅਖੀਰ 9 ਅਗਸਤ, 1938 ਨੂੰ ਸਰਕਾਰੀ ਅਧਿਕਾਰੀਆਂ ਵੱਲੋਂ ਇਹ ਵਿਸ਼ਵਾਸ ਦਿਵਾਉਣ ਤੇ ਕਿ ਜ਼ਮੀਨੀ ਮਾਮਲੇ ਵਿੱਚ ਕੋਈ ਵਾਧਾ ਨਹੀਂ ਹੋਵੇਗਾ, ਇਹ ਮੋਰਚਾ ਕਾਮਯਾਬੀ ਨਾਲ ਸਮਾਪਤ ਹੋਇਆ। ਇਸ ਵਿੱਚ ਲਗਭਗ 1100 ਕਿਸਾਨਾਂ ਨੇ ਗ੍ਰਿਫਤਾਰੀਆਂ ਦਿੱਤੀਆਂ ਅਤੇ ਇਸ ਮੋਰਚੇ ਦੇ ਬਹੁਤ ਸਾਰੇ ਆਗੂਆਂ ਨੂੰ ਪਿੰਡਾਂ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ।

**2. ਲਾਹੌਰ ਕਿਸਾਨ ਮੋਰਚਾ**

ਜ਼ਿਲ੍ਹਾ ਲਾਹੌਰ ਦੇ ਕਿਸਾਨਾਂ ਵੱਲੋਂ ਇਹ ਮੋਰਚਾ ਜ਼ਮੀਨ ਦੇ ਨਵੇਂ ਬੰਦੋਬਸਤ ਨੂੰ ਅੱਗੇ ਪਾਉਣ ਲਈ ਲਗਾਇਆ ਗਿਆ। 23 ਮਾਰਚ, 1939 ਨੂੰ 144 ਦਫਾ ਤੋੜ ਕੇ ਜੋਗਰਾਜ ਦੀ ਅਗਵਾਈ ਵਿੱਚ 374 ਕਿਸਾਨਾਂ ਨੇ ਗ੍ਰਿਫਤਾਰੀਆਂ ਦਿੱਤੀਆਂ। ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਜਥੇ ਪੈਦਲ ਮਾਰਚ ਕਰਦੇ ਹੋਏ ਇਸ ਮੋਰਚੇ ਵਿੱਚ ਗ੍ਰਿਫਤਾਰੀਆਂ ਦਿੰਦੇ ਰਹੇ। ਜਿਨ੍ਹਾਂ ਨੂੰ ਇੱਕ ਸਾਲ ਜਾਂ ਛੇ ਮਹੀਨੇ ਦੀ ਕੈਦ ਦੀ ਸਜ਼ਾ ਸੁਣਾ ਕੇ ਜੇਲ੍ਹਾਂ ਵਿੱਚ ਭੇਜ ਦਿੱਤਾ ਜਾਂਦਾ ਸੀ। ਪਿਛੋਂ ਜਾ ਕੇ ਪੰਜਾਬ ਕਿਸਾਨ ਸਭਾ ਨੇ ਇਸ ਮੋਰਚੇ ਨੂੰ ਅਪਣਾ ਲਿਆ। ਇਹ ਮੋਰਚਾ ਵੀ 4 ਸਤੰਬਰ, 1939 ਤੱਕ ਪੰਜ ਮਹੀਨੇ ਜਾਰੀ ਰਿਹਾ। 4 ਸਤੰਬਰ 1939 ਨੂੰ ਪੰਜਾਬ ਦੇ ਵਜ਼ੀਰ-ਏ-ਆਜ਼ਮ ਸਿਕੰਦਰ ਹਯਾਤ ਖਾਂ ਦੇ ਵਿਸ਼ਵਾਸ ਦਿਵਾਉਣ ਤੇ ਮੋਰਚਾ ਵਾਪਸ ਲੈ ਲਿਆ ਗਿਆ। ਪਰ ਇਸ ਮੋਰਚੇ ਵਿੱਚ ਗ੍ਰਿਫਤਾਰ ਕੀਤੇ ਗਏ ਵਿਅਕਤੀ ਦਿੱਤੀਆਂ ਹੋਈਆਂ ਸਜ਼ਾਵਾਂ ਭੁਗਤ ਕੇ ਹੀ ਰਿਹਾਅ ਹੋਏ। ਇਸ ਮੋਰਚੇ ਦੇ ਆਗੂ ਜੋਗਰਾਜ ਅਤੇ ਟਹਿਲ ਸਿੰਘ ਛੰਗਾਲੀ ਸਨ ਅਤੇ ਬਹੁਤ ਸਾਰੇ ਕਿਸਾਨ ਆਗੂ ਬਾਬਾ ਸੋਹਣ ਸਿੰਘ ਭਕਨਾ, ਚੈਨ ਸਿੰਘ ਚੈਨ, ਚੰਨਣ ਸਿੰਘ ਪੂਤ, ਚੰਨਣ ਸਿੰਘ ਤੁਗਲਵਾਲਾ, ਤੇਜਾ ਸਿੰਘ ਚੂਹੜਕਾਨਾ, ਰਾਮ ਸਿੰਘ ਮਜੀਠਾ ਅਤੇ ਹੋਰ ਕਈ ਪੂਰੀਆਂ ਸਜ਼ਾਵਾਂ ਭੁਗਤ ਕੇ ਹੀ ਰਿਹਾਅ ਹੋਏ। ਇਨ੍ਹਾਂ ਕਿਸਾਨ ਮੋਰਚਿਆਂ ਨੇ ਪੰਜਾਬ ਦੇ ਲੋਕਾਂ ਵਿੱਚ ਰਾਜਨੀਤਕ ਜਾਗਰਿਤੀ ਲਿਆਉਣ ਅਤੇ ਆਜ਼ਾਦੀ ਦੇ ਸੰਗਰਾਮ ਨੂੰ ਹੋਰ ਬਲ ਬਖਸ਼ਿਆ। 1943 ਵਿੱਚ ਭਕਨਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸਰਬ ਹਿੰਦ ਕਿਸਾਨ ਸਭਾ ਦਾ ਵਿਸ਼ੇਸ਼ ਸਮਾਗਮ ਪ੍ਰਧਾਨ ਬੰਕਿਮ ਚੰਦਰ ਮੁਖਰਜੀ ਅਤੇ ਜਨਰਲ ਸਕੱਤਰ ਸਵਾਮੀ ਸਹਿਜਾ ਨੰਦ ਸਰਸਵਤੀ ਦੀ

[1] ਰਾਮ ਸਿੰਘ ਮਜੀਠਾ, *ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ*, ਭਾਗ ਪਹਿਲਾ, ਪੰਨਾ 154.

Namdhari Elibrary NamdhariElibrary@gmail.com

ਅਗਵਾਈ ਵਿੱਚ ਹੋਇਆ। 22 ਜੂਨ, 1941 ਨੂੰ ਹਿਟਲਰ (ਜਰਮਨੀ) ਦੇ ਸੋਵੀਅਤ ਯੂਨੀਅਨ 'ਤੇ ਹਮਲਾ ਕਰਨ ਨਾਲ ਜੰਗ ਦੀ ਸਥਿਤੀ ਬਦਲ ਗਈ। ਹਿੰਦੁਸਤਾਨ ਦੀ ਕਿਰਤੀ ਅਤੇ ਕਮਿਊਨਿਸਟ ਪਾਰਟੀ ਨੂੰ ਸੰਸਾਰ ਦੇ ਸ਼੍ਰੋਮਣੀ ਸਮਾਜਵਾਦੀ ਦੇਸ਼ ਸੋਵੀਅਤ ਯੂਨੀਅਨ ਨੂੰ ਬਚਾਉਣ ਦਾ ਫਿਕਰ ਹੋਇਆ। ਪੰਜਾਬ ਵਿੱਚ ਵੀ ਇਸ ਸਮੇਂ ਤੱਕ ਬਹੁਤ ਸਾਰੇ ਜੇਲ੍ਹਾਂ ਵਿੱਚ ਨਜ਼ਰਬੰਦ ਕਮਿਊਨਿਸਟ ਆਗੂਆਂ ਨੂੰ ਰਿਹਾਅ ਕਰ ਦਿੱਤਾ ਗਿਆ।

ਇਹਨਾਂ ਸਤਰਾਂ ਦੇ ਲੇਖਕ ਨੂੰ ਹੁਣ ਤੱਕ ਇਹ ਯਾਦ ਹੈ ਕਿ 74 ਸਾਲਾ ਬਾਬਾ ਸੋਹਣ ਸਿੰਘ ਭਕਨਾ ਜੋ ਉਨ੍ਹਾਂ ਦਿਨਾਂ ਵਿੱਚ ਰਿਹਾਅ ਹੋ ਕੇ ਆਏ ਸਨ, ਕਾਨਫਰੰਸ ਦੇ ਪੰਡਾਲ ਵਿੱਚ ਜੰਗੇ ਆਜ਼ਾਦੀ ਦਾ ਅਖ਼ਬਾਰ ਦੁਆਨੀ-ਦੁਆਨੀ ਨੂੰ ਫਿਰ ਕੇ ਵੇਚ ਰਹੇ ਸਨ।

ਦੂਜੇ ਮਹਾਂਯੁੱਧ ਦੇ ਖਾਤਮੇ ਪਿਛੋਂ ਕਿਸਾਨ ਅੰਦੋਲਨ ਮੁੜ ਤੇਜ਼ ਹੋ ਗਿਆ। ਸਰਕਾਰ ਨੇ ਨਹਿਰਾਂ ਦੇ ਮੋਘਿਆਂ ਨੂੰ ਛੋਟਾ ਕਰਨ ਦੀ ਸਕੀਮ ਬਣਾਈ ਅਤੇ 1946 ਵਿੱਚ ਹਰਸਾ ਛੀਨਾ ਕਿਸਾਨ ਮੋਰਚਾ ਅੱਛਰ ਸਿੰਘ ਛੀਨਾ ਦੀ ਪ੍ਰਧਾਨਗੀ ਵਿੱਚ ਲਗਾਇਆ ਗਿਆ ਜੋ ਕਈ ਮਹੀਨਿਆਂ ਤੱਕ ਚਲਦਾ ਰਿਹਾ ਅਤੇ ਹਜ਼ਾਰਾਂ ਕਿਸਾਨਾਂ ਨੇ ਇਸ ਮੋਰਚੇ ਵਿੱਚ ਗ੍ਰਿਫਤਾਰੀਆਂ ਦਿੱਤੀਆਂ। 1947 ਵਿੱਚ ਪੰਜਾਬ ਵਿੱਚ ਫਿਰਕੂ ਫਸਾਦ ਸ਼ੁਰੂ ਹੋਣ ਕਾਰਨ ਇਹ ਮੋਰਚਾ ਵਾਪਸ ਲੈ ਲਿਆ ਗਿਆ।

ਪੰਜਾਬ ਵਿੱਚ ਚਲਾਏ ਗਏ ਇਨ੍ਹਾਂ ਕਿਸਾਨ ਅੰਦੋਲਨਾਂ ਤੇ ਮੋਰਚਿਆਂ ਨੇ ਰਾਜਨੀਤਕ ਚੇਤੰਨਤਾ ਨੂੰ ਫੈਲਾਇਆ ਅਤੇ ਭਾਰਤ ਦੀ ਆਜ਼ਾਦੀ ਦੀ ਲਹਿਰ ਵਿੱਚ ਵੀ ਇਹ ਅੰਦੋਲਨ ਬੜੇ ਸਹਾਇਕ ਸਿੱਧ ਹੋਏ। ਇਹਨਾਂ ਕਿਸਾਨ ਅੰਦੋਲਨਾਂ ਦਾ ਯੋਗਦਾਨ ਵੀ ਸੁਤੰਤਰਤਾ ਸੰਗਰਾਮ ਵਿੱਚ ਅਭੁੱਲ ਤੇ ਨਾ ਭੁਲਾਉਣ ਯੋਗ ਹੈ। ਵਾਸਤਵ ਵਿੱਚ ਇਹ ਮੋਰਚੇ ਲੋਕ ਸੰਗਰਾਮ ਹੀ ਸਨ, ਜਿਨ੍ਹਾਂ ਦੇ ਫਲਸਰੂਪ ਭਾਰਤ ਦਾ ਸੁਤੰਤਰਤਾ ਸੰਗਰਾਮ ਹੋਰ ਸ਼ਕਤੀਸ਼ਾਲੀ ਹੋਇਆ।

## 1940 ਦੇ ਦਹਾਕੇ ਦੀਆਂ ਹੋਰ ਜਨਤਕ ਲਹਿਰਾਂ

9 ਸਤੰਬਰ, 1939 ਵਿੱਚ ਦੂਜੇ ਮਹਾਂਯੁੱਧ ਦੇ ਆਰੰਭ ਹੋ ਜਾਣ ਨਾਲ ਭਾਰਤ ਦੀ ਅੰਗਰੇਜ਼ੀ ਸਰਕਾਰ ਨੇ ਵੱਡੀ ਗਿਣਤੀ ਵਿੱਚ ਵੱਖ-ਵੱਖ ਰਾਜਨੀਤਕ ਪਾਰਟੀਆਂ ਦੇ ਉਨ੍ਹਾਂ ਆਗੂਆਂ ਨੂੰ ਵੱਖ-ਵੱਖ ਜੇਲ੍ਹਾਂ ਵਿੱਚ ਨਜ਼ਰਬੰਦ ਕਰ ਦਿੱਤਾ, ਜੋ ਹਿੰਦ ਸਰਕਾਰ ਵੱਲੋਂ ਭਾਰਤ ਨੂੰ ਯੁੱਧ ਦੀ ਭੱਠੀ ਵਿੱਚ ਜ਼ੋਰ ਧੰਗਾਣੇ ਸ਼ਾਮਲ ਕਰ ਲੈਣ ਦਾ ਵਿਰੋਧ ਕਰ ਰਹੇ ਸਨ। ਭਾਰਤ ਲਈ ਇਹ ਕੋਈ ਕੌਮੀ ਯੁੱਧ ਨਹੀਂ ਸੀ, ਸਗੋਂ ਇਹ ਤਾਂ ਵਿਦੇਸ਼ੀ ਤਾਕਤਾਂ ਬਰਤਾਨੀਆ, ਫਰਾਂਸ ਤੇ ਹੋਰ ਮਿੱਤਰ ਸ਼ਕਤੀਆਂ ਵੱਲੋਂ ਜੰਗੀ ਮੋਰਚਿਆਂ ਵਿੱਚ ਭਾਰਤੀ ਨੌਜਵਾਨਾਂ ਨੂੰ ਭਰਤੀ ਕਰਕੇ ਯੁੱਧ ਵਿੱਚ ਤੋਪਾਂ ਦਾ ਖਾਜਾ ਬਣਾਉਣ ਵਾਲੀ ਗੱਲ ਸੀ। ਜਿਹੜੇ ਨੌਜਵਾਨਾਂ ਨੂੰ ਵਿਦੇਸ਼ੀ ਸਰਕਾਰ ਨੇ ਆਪਣੀ ਫੌਜ ਵਿੱਚ ਭਰਤੀ ਕਰ ਲਿਆ, ਉਹ ਭਾੜੇ ਦੇ ਸੈਨਿਕਾਂ ਤੋਂ ਵੱਧ ਹੋਰ ਕੁਝ ਵੀ ਨਹੀਂ ਸਨ। ਬੇਕਾਰ ਲੋਕਾਂ ਨੂੰ ਫੌਜਾਂ ਵਿੱਚ ਰੁਜ਼ਗਾਰ ਮਿਲਣ ਨਾਲ ਕੁਝ ਤਸੱਲੀ ਤਾਂ ਹੋ ਜਾਂਦੀ ਸੀ, ਪਰ ਇਹ ਸਭ ਕੁਝ ਬੇਗਾਨਿਆਂ ਦੀ ਖਾਤਰ ਜਾਨਾਂ ਵਾਰਨ ਵਾਲੀ ਗੱਲ ਸੀ। ਕਈ ਵਿਦੇਸ਼ੀ ਸਰਕਾਰ ਦੇ ਪਿੱਠੂ ਖਿਤਾਬਾਂ, ਇਨਾਮਾਂ ਦੀ ਲਾਲਸਾ

Namdhari Elibrary NamdhariElibrary@gmail.com

ਅਧੀਨ ਫੌਜੀ ਭਰਤੀ ਕਰਵਾ ਰਹੇ ਸਨ। ਪਰ ਸਾਰੀਆਂ ਰਾਸ਼ਟਰੀ ਪੱਧਰ ਦੀਆਂ ਕੌਮੀ ਜਥੇਬੰਦੀਆਂ ਜੰਗ ਦਾ ਵਿਰੋਧ ਕਰ ਰਹੀਆਂ ਸਨ। ਏਸੇ ਦੌਰਾਨ ਮਹਾਤਮਾ ਗਾਂਧੀ ਨੇ 1941 ਵਿੱਚ ਵਿਅਕਤੀਗਤ ਸਤਿਆਗ੍ਰਹਿ ਆਰੰਭ ਕੀਤਾ, ਜਿਸ ਵਿੱਚ ਇਕੱਲਾ-ਇਕੱਲਾ ਵਿਅਕਤੀ ਸਰਕਾਰ ਵਿਰੁੱਧ ਭਾਸ਼ਣ ਦੇ ਕੇ ਗ੍ਰਿਫਤਾਰੀ ਦਿੰਦਾ ਸੀ। ਇੱਕ ਅਨੁਮਾਨ ਅਨੁਸਾਰ ਕੁੱਲ 25000 ਵਿੱਚੋਂ ਪੰਜਾਬ ਦੇ 1372 ਵਿਅਕਤੀਆਂ ਨੇ ਵੀ ਗ੍ਰਿਫਤਾਰੀਆਂ ਦਿੱਤੀਆਂ।

## 1942 ਦਾ ਭਾਰਤ ਛੱਡੋ ਅੰਦੋਲਨ

8 ਅਗਸਤ, 1942 ਨੂੰ ਸਰਬ-ਹਿੰਦ ਕਾਂਗਰਸ ਨੇ ਬੰਬਈ ਦੇ ਆਪਣੇ ਇਤਿਹਾਸਕ ਸੰਮੇਲਨ ਵਿੱਚ 'ਅੰਗਰੇਜ਼ੋ ਭਾਰਤ ਛੱਡੋ' ਅਤੇ ਪੂਰਨ ਆਜ਼ਾਦੀ ਦੀ ਪ੍ਰਾਪਤੀ ਲਈ 'ਕਰੋ ਜਾਂ ਮਰੋ' ਦਾ ਐਲਾਨ ਕਰ ਦਿੱਤਾ। ਇਸ ਨਾਲ ਸਾਰੇ ਭਾਰਤ ਵਿੱਚ ਵਿਦੇਸ਼ੀ ਸਰਕਾਰ ਵਿਰੁੱਧ ਲਹਿਰ ਨਵੇਂ ਜ਼ੋਰ-ਸ਼ੋਰ ਨਾਲ ਫੈਲ ਗਈ। ਬਰਤਾਨਵੀ ਸਰਕਾਰ ਨੇ ਲੋਕਾਂ ਦੇ ਇਸ ਉਭਾਰ ਨੂੰ ਸ਼ਾਂਤ ਕਰਨ ਲਈ ਮਾਰਚ 1942 ਵਿੱਚ ਸਰ ਸਟੈਫੋਰਡ ਕ੍ਰਿਪਸ ਨੂੰ ਭਾਰਤ ਭੇਜਿਆ, ਜਿਸ ਨੂੰ ਅਸਫ਼ਲ ਵਾਪਿਸ ਮੁੜਨਾ ਪਿਆ। ਇਸ 'ਭਾਰਤ ਛੱਡੋ' ਅੰਦੋਲਨ ਵਿੱਚ ਕਈ ਕਾਰਨਾਂ ਸਦਕਾ ਇਸ ਲਹਿਰ ਦਾ ਪ੍ਰਭਾਵ ਪੰਜਾਬ ਵਿੱਚ ਮੱਠਾ ਰਿਹਾ, ਫਿਰ ਵੀ ਪੰਜਾਬ ਵਿੱਚ 2500 ਦੇ ਕਰੀਬ ਗ੍ਰਿਫਤਾਰੀਆਂ ਦਿੱਤੀਆਂ ਗਈਆਂ। ਪੰਜਾਬ ਦੀ ਯੂਨੀਅਨਿਸਟ ਸਰਕਾਰ ਨੇ ਕਈ ਕਾਲੇ ਕਾਨੂੰਨ ਪਾਸ ਕੀਤੇ। ਇਥੋਂ ਤੱਕ ਕਿ ਵਿਦਿਆਰਥੀਆਂ ਨੂੰ ਵੀ ਨਹੀਂ ਸੀ ਬਖਸ਼ਿਆ ਗਿਆ। 'ਭਾਰਤ ਛੱਡੋ' ਅੰਦੋਲਨ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਕਾਲਜਾਂ 'ਚੋਂ ਕੱਢਿਆ ਜਾ ਸਕਦਾ ਸੀ, ਪਰੀਖਿਆ ਦੇਣ ਤੋਂ ਰੋਕਿਆ ਜਾ ਸਕਦਾ ਸੀ ਅਤੇ ਸਰਕਾਰੀ ਨੌਕਰੀਆਂ ਲਈ ਅਯੋਗ ਕਰਾਰ ਦਿੱਤਾ ਜਾ ਸਕਦਾ ਸੀ। ਭਾਰਤ ਛੱਡੋ ਲਹਿਰ ਨੇ ਜਿੱਥੇ ਅੰਗਰੇਜ਼ੀ ਸਰਕਾਰ ਨੂੰ ਘਬਰਾਹਟ ਵਿੱਚ ਪਾਈ ਰੱਖਿਆ, ਕਾਂਗਰਸ ਦੇ ਵੱਡੇ ਨੇਤਾ ਸਰਵਸ੍ਰੀ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ, ਸਰਦਾਰ ਪਟੇਲ, ਅਬੁਲ ਕਲਾਮ ਆਜ਼ਾਦ, ਪੱਟਾਭੀ ਸੀਤਾ ਰਮੱਈਆ ਅਤੇ ਕਾਂਗਰਸ ਦੇ ਦੂਜੇ ਪ੍ਰਸਿੱਧ ਨੇਤਾਵਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਪਰ ਬੰਬਈ, ਬਿਹਾਰ, ਬੰਗਾਲ, ਯੂ.ਪੀ. ਅਤੇ ਕੁਝ ਹੋਰ ਸੂਬਿਆਂ ਵਿੱਚ ਇਸ ਲਹਿਰ ਨੇ ਕਾਫ਼ੀ ਜ਼ੋਰ ਪਕੜ ਲਿਆ। [1]ਡਾ. ਈਸ਼ਵਰੀ ਪ੍ਰਸਾਦ ਅਤੇ ਸੁਬੇਦਾਰ ਦੇ ਕਥਨ ਅਨੁਸਾਰ, "ਅਗਸਤ ਦੀ ਕ੍ਰਾਂਤੀ ਨਾਲ ਆਧੁਨਿਕ ਭਾਰਤ ਦੇ ਇਤਿਹਾਸ ਵਿੱਚ ਇੱਕ ਨਵੇਂ ਯੁਗ ਦਾ ਆਰੰਭ ਹੋਇਆ। ਇਹ ਸਰਕਾਰ ਦੀ ਤਾਨਾਸ਼ਾਹੀ ਤੇ ਅੱਤਿਆਚਾਰਾਂ ਦੇ ਵਿਰੁੱਧ ਲੋਕਾਂ ਦਾ ਵਿਦਰੋਹ ਸੀ ਅਤੇ ਇਸ ਦੀ ਤੁਲਨਾ ਫਰਾਂਸ ਦੇ ਇਤਿਹਾਸ ਵਿੱਚ ਬੈਸਟਾਈਲ ਦੇ ਪਤਨ ਨਾਲ ਜਾਂ ਰੂਸ ਦੀ ਅਕਤੂਬਰ ਕ੍ਰਾਂਤੀ ਨਾਲ ਕੀਤੀ ਜਾ ਸਕਦੀ ਹੈ।"

---

[1] ਡਾ. ਏ.ਸੀ. ਅਰੋੜਾ, *ਪੰਜਾਬ ਦਾ ਇਤਿਹਾਸ – 1799-1966*, ਭਾਗ ਦੂਜਾ, ਪੰਨਾ 275.

Namdhari Elibrary NamdhariElibrary@gmail.com

## ਆਜ਼ਾਦ ਹਿੰਦ ਫ਼ੌਜ

ਭਾਰਤ ਦੇ ਸੁਤੰਤਰਤਾ ਸੰਗਰਾਮ ਵਿੱਚ ਜਿਹੜੀਆਂ ਆਜ਼ਾਦੀ ਦੀਆਂ ਲਹਿਰਾਂ ਵਿਦੇਸ਼ਾਂ ਵਿੱਚ ਚੱਲੀਆਂ, ਉਨ੍ਹਾਂ ਵਿੱਚ ਆਜ਼ਾਦ ਹਿੰਦ ਫ਼ੌਜ ਦਾ ਮਹੱਤਵਪੂਰਨ ਸਥਾਨ ਹੈ। ਹਿੰਦੁਸਤਾਨ ਦੀਆਂ ਆਜ਼ਾਦੀ ਦੀਆਂ ਲਹਿਰਾਂ ਇੱਕ ਦੂਜੇ ਨਾਲ ਜੁੜੀਆਂ ਹੋਈਆਂ ਹਨ। 1913-14 ਦੀ ਗ਼ਦਰ ਪਾਰਟੀ ਦੀਆਂ ਸ਼ਾਖਾਵਾਂ ਬਹੁਤ ਸਾਰੇ ਦੱਖਣ ਪੂਰਬ ਏਸ਼ੀਆ ਤੇ ਹੋਰ ਦੇਸ਼ਾਂ ਵਿੱਚ ਫੈਲੀਆਂ ਹੋਈਆਂ ਸਨ, ਜਦੋਂ ਪੰਜਾਬ ਵਿੱਚ ਗ਼ਦਰ ਲਹਿਰ 1915 ਵਿੱਚ ਸਫ਼ਲ ਨਾ ਹੋ ਸਕੀ ਤਾਂ ਗ਼ਦਰ ਪਾਰਟੀ ਦੇ ਬਹੁਤ ਸਾਰੇ ਕਾਰਕੁੰਨ ਭਾਰਤ ਆਉਣ ਦੀ ਥਾਂ ਦੱਖਣ ਪੂਰਬ ਏਸ਼ੀਆ ਵਿੱਚ ਹੀ ਵੱਸ ਗਏ ਸਨ। ਉਨ੍ਹਾਂ ਨੇ ਹੀ ਦੱਖਣ ਪੂਰਬ ਏਸ਼ੀਆ ਵਿੱਚ ਆਜ਼ਾਦ ਹਿੰਦ ਫ਼ੌਜ ਦੀ ਹੋਂਦ ਨੂੰ ਸੰਭਵ ਬਣਾਇਆ ਅਤੇ ਉਸੇ ਦੇ ਬੀਜੇ ਹੋਏ ਬੀਜਾਂ ਸਦਕਾ 1942-43 ਵਿੱਚ ਆਜ਼ਾਦ ਹਿੰਦ ਫ਼ੌਜ ਦਾ ਜਨਮ ਹੋਇਆ।

ਦੂਜੇ ਮਹਾਂਯੁੱਧ ਵਿੱਚ ਜਿਥੇ-ਜਿਥੇ ਵੀ ਅੰਗਰੇਜ਼ੀ ਫ਼ੌਜਾਂ ਨੂੰ ਜਰਮਨੀ ਅਤੇ ਇਟਲੀ ਹਥੋਂ ਅਤੇ ਦੱਖਣ-ਪੂਰਬ ਏਸ਼ੀਆ ਵਿੱਚ ਜਾਪਾਨ ਹਥੋਂ ਹਾਰ ਦਾ ਮੂੰਹ ਦੇਖਣਾ ਪਿਆ, ਉਥੇ ਬਹੁਤ ਸਾਰੇ ਅੰਗਰੇਜ਼ੀ ਫ਼ੌਜ ਦੇ ਭਾਰਤੀ ਸੈਨਿਕ ਯੂਰਪ ਤੇ ਦੱਖਣ ਪੂਰਬ ਏਸ਼ੀਆ ਵਿੱਚ ਜੰਗੀ ਕੈਦੀ ਬਣਾਏ ਗਏ। ਭਾਰਤੀ ਸੈਨਾ ਦੇ ਇਹਨਾਂ ਗ੍ਰਿਫਤਾਰ ਕੀਤੇ ਗਏ ਜੰਗੀ ਕੈਦੀਆਂ ਨੇ ਹੀ ਆਜ਼ਾਦ ਹਿੰਦ ਫ਼ੌਜ ਨੂੰ ਜਥੇਬੰਦ ਕਰਨ ਵਿੱਚ ਮਹੱਤਵਪੂਰਨ ਕਰਤੱਵ ਨੂੰ ਨਿਭਾਇਆ। ਯੂਰਪ ਦੇ ਪੱਛਮੀ ਮੋਰਚੇ ਵਿੱਚ ਲਿਬੀਆ ਦੀ ਹਾਰ ਪਿਛੋਂ ਭਾਰਤੀ ਸੈਨਾ ਦੇ ਜੰਗੀ ਕੈਦੀ ਇਟਲੀ ਦੇ ਜੰਗੀ ਕੈਦੀਆਂ ਦੇ ਕੈਂਪ ਵਿੱਚ ਨਜ਼ਰਬੰਦ ਸਨ। ਭਾਰਤ ਦੇ ਪ੍ਰਸਿੱਧ ਸੁਤੰਤਰਤਾ ਸੰਗਰਾਮੀ ਸਰਦਾਰ ਅਜੀਤ ਸਿੰਘ ਨੇ ਇਟਲੀ ਵਿੱਚ ਜਾ ਕੇ ਆਜ਼ਾਦ ਹਿੰਦ ਫ਼ੌਜ ਦੀ ਨੀਂਹ ਰੱਖੀ। [1]"16-17 ਜਨਵਰੀ, 1941 ਨੂੰ ਸੁਭਾਸ਼ ਚੰਦਰ ਬੋਸ ਕਿਰਤੀ ਪਾਰਟੀ ਦੇ ਕਾਮਰੇਡ ਭਗਤ ਰਾਮ ਦੇ ਸਹਿਯੋਗ ਨਾਲ ਗੁਪਤਵਾਸ ਵਿੱਚ ਕਲਕੱਤੇ ਤੋਂ ਕਾਬਲ ਪਹੁੰਚ ਗਏ ਅਤੇ ਉਥੋਂ ਸੋਵੀਅਤ ਯੂਨੀਅਨ ਜਾਣ ਦੀ ਥਾਂ ਉਨ੍ਹਾਂ ਨੂੰ ਮਜਬੂਰੀ ਦੀ ਹਾਲਤ ਵਿੱਚ ਇਟਲੀ ਜਾਣਾ ਪਿਆ।" ਜਿਥੋਂ ਉਨ੍ਹਾਂ ਨੇ ਜਰਮਨੀ ਪਹੁੰਚ ਕੇ ਆਜ਼ਾਦ ਹਿੰਦ ਫ਼ੌਜ ਦੀ ਕਮਾਂਡ ਸੰਭਾਲ ਲਈ ਅਤੇ ਦੂਜੇ ਮਹਾਂਯੁੱਧ ਦੇ ਦੌਰਾਨ ਭਾਰਤੀ ਜੰਗੀ ਕੈਦੀਆਂ ਦੁਆਰਾ ਆਜ਼ਾਦ ਹਿੰਦ ਫ਼ੌਜ ਨੂੰ ਜਥੇਬੰਦ ਕਰ ਲਿਆ ਗਿਆ। ਇਸੇ ਤਰ੍ਹਾਂ, ਦੱਖਣ ਪੂਰਬ ਏਸ਼ੀਆ ਵਿੱਚ ਆਜ਼ਾਦ ਹਿੰਦ ਫ਼ੌਜ ਦੇ ਪੁਰਾਣੇ ਗ਼ਦਰੀ ਆਗੂ ਰਾਸ ਬਿਹਾਰੀ ਬੋਸ, ਜਿਸ ਨੇ 1911 ਵਿੱਚ ਹਾਰਡਿੰਗ ਉੱਤੇ ਬੰਬ ਸੁੱਟਿਆ ਸੀ, ਦੇਹਰਾਦੂਨ ਫੋਰੈਸਟ ਰਿਸਰਚ ਇੰਸਟੀਚਿਊਟ ਦੇ ਕੈਮੀਕਲ ਅਡਵਾਈਜ਼ਰ ਪ੍ਰੋ. ਪੂਰਨ ਸਿੰਘ ਦੇ ਯਤਨਾਂ ਸਦਕਾ ਫਰਜ਼ੀ ਨਾਂ ਉੱਤੇ ਰਾਹਦਾਰੀ ਪ੍ਰਾਪਤ ਕਰਕੇ ਜਾਪਾਨ ਪਹੁੰਚ ਗਏ ਸਨ। ਰਾਸ ਬਿਹਾਰੀ ਬੋਸ ਅਤੇ ਅੰਗਰੇਜ਼ੀ ਸੈਨਾ ਦੇ ਭਾਰਤੀ ਜੰਗੀ ਕੈਦੀਆਂ ਵੱਲੋਂ ਜਾਪਾਨ ਸਰਕਾਰ ਨਾਲ ਗੱਲਬਾਤ ਕਰਕੇ ਕੈਪਟਨ ਮੋਹਨ ਸਿੰਘ (ਜਿਸਨੂੰ ਜਨਰਲ ਮੋਹਨ ਸਿੰਘ ਕਰਕੇ ਜਾਣਿਆ ਜਾਂਦਾ ਹੈ) ਅਤੇ ਕੈਪਟਨ ਮੁਹੰਮਦ

[1] ਰਾਮ ਸਿੰਘ ਮਜੀਠਾ, *ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ*, ਭਾਗ ਪਹਿਲਾ, ਪੰਨਾ 269.

Namdhari Elibrary NamdhariElibrary@gmail.com

ਅਕਰਮ ਖਾਂ ਤੇ ਜਮਾਂਦਾਰ ਸਾਧੂ ਸਿੰਘ ਨੇ ਆਜ਼ਾਦ ਹਿੰਦ ਫ਼ੌਜ ਦੀ ਨੀਂਹ ਸਿੰਗਾਪੁਰ ਵਿੱਚ ਰੱਖੀ। ਪੁਰਾਣੇ ਗ਼ਦਰੀ ਯੋਧਿਆਂ ਬਾਬਾ ਅਮਰ ਸਿੰਘ, ਚੰਦਾ ਸਿੰਘ ਅਤੇ ਬਾਬਾ ਹਰੀ ਸਿੰਘ ਉਸਮਾਨ ਦੀ ਵੀ ਆਜ਼ਾਦ ਹਿੰਦ ਫ਼ੌਜ ਨੂੰ ਕਾਇਮ ਕਰਨ ਵਿੱਚ ਬੜੀ ਵੱਡੀ ਭੂਮਿਕਾ ਸੀ।

ਬੈਂਕੌਕ ਵਿੱਚ ਗਿਆਨੀ ਪ੍ਰੀਤਮ ਸਿੰਘ ਅਤੇ ਪ੍ਰੋ. ਸਤਿਆਨੰਦ ਪੁਰੀ ਅਤੇ ਨਰਾਇਣ ਸਿੰਘ ਸ਼ਗੁਫਤਾ ਨੇ 'ਇੰਡੀਅਨ ਇੰਡੀਪੇਂਡੈਂਸ ਲੀਗ' ਨਾਂ ਦੀ ਜਥੇਬੰਦੀ ਕਾਇਮ ਕਰ ਲਈ ਸੀ, ਜਿਸਦਾ ਆਜ਼ਾਦ ਹਿੰਦ ਫ਼ੌਜ ਨੂੰ ਸੰਗਠਿਤ ਕਰਨ ਵਿੱਚ ਬੜਾ ਵੱਡਾ ਹੱਥ ਸੀ। ਜਨਰਲ ਮੋਹਨ ਸਿੰਘ ਦੇ ਜਾਪਾਨੀਆਂ ਨਾਲ ਮਤਭੇਦ ਹੋਣ ਕਾਰਨ ਆਜ਼ਾਦ ਹਿੰਦ ਫ਼ੌਜ ਦਾ ਬਹੁਤਾ ਕਾਰਜ ਰਾਸ ਬਿਹਾਰੀ ਬੋਸ, ਗਿਆਨੀ ਪ੍ਰੀਤਮ ਸਿੰਘ, ਸਤਿਆਨੰਦ ਪੁਰੀ ਆਦਿ ਨੂੰ ਨਿਭਾਉਣਾ ਪਿਆ। 2 ਜੁਲਾਈ, 1943 ਨੂੰ ਸੁਭਾਸ਼ ਚੰਦਰ ਬੋਸ ਜਰਮਨੀ ਤੋਂ ਡੁਬਕਣੀ ਕਿਸ਼ਤੀ ਰਾਹੀਂ ਜਾਪਾਨ ਵਿੱਚ ਜਨਰਲ ਟੋਜੋ ਨੂੰ ਮਿਲ ਕੇ ਸਿੰਗਾਪੁਰ ਪਹੁੰਚ ਗਏ ਅਤੇ ਉਨ੍ਹਾਂ ਨੇ 4 ਜੁਲਾਈ, 1943 ਨੂੰ ਇੰਡੀਅਨ ਇੰਡੀਪੇਂਡੈਂਸ ਲੀਗ ਦੇ ਪ੍ਰਧਾਨ ਦੇ ਅਹੁਦੇ ਨੂੰ ਸੰਭਾਲ ਲਿਆ।

ਭਾਰਤ ਨੂੰ ਸੁਤੰਤਰ ਕਰਵਾਉਣ ਲਈ ਭਾਰਤੀ ਲੋਕਾਂ ਦੇ ਦਿਲ ਵਿੱਚ ਬੜਾ ਚਾਹ ਤੇ ਉਤਸ਼ਾਹ ਸੀ, ਇਸ ਲਈ ਛੇਤੀ ਹੀ ਆਜ਼ਾਦ ਹਿੰਦ ਫ਼ੌਜ ਵਿੱਚ 70-80 ਹਜ਼ਾਰ ਸੈਨਿਕ ਭਰਤੀ ਹੋ ਗਏ। ਨੇਤਾ ਜੀ ਦੀ ਅਗਵਾਈ ਹੇਠ ਹੀ ਆਰਜ਼ੀ ਭਾਰਤੀ ਸਰਕਾਰ ਕਾਇਮ ਕੀਤੀ ਗਈ, ਜਿਸਨੂੰ ਕਈ ਦੇਸ਼ਾਂ ਨੇ ਮਾਨਤਾ ਵੀ ਦੇ ਦਿੱਤੀ। ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਅਗਵਾਈ ਵਿੱਚ ਆਜ਼ਾਦ ਹਿੰਦ ਫ਼ੌਜ ਦਾ ਬਹੁਤ ਛੇਤੀ ਵਿਸਥਾਰ ਹੋਇਆ। 'ਬੰਦੇ ਮਾਤਰਮ' ਅਤੇ 'ਜੈ ਹਿੰਦ' ਆਜ਼ਾਦ ਹਿੰਦ ਫ਼ੌਜ ਦੇ ਮੁੱਖ ਨਾਅਰੇ ਸਨ। ਆਜ਼ਾਦ ਹਿੰਦ ਫ਼ੌਜ ਵਿੱਚ ਹਿੰਦੂ, ਮੁਸਲਮਾਨ, ਸਿੱਖ ਅਤੇ ਈਸਾਈਆਂ ਦਾ ਕੋਈ ਵਿਤਕਰਾ ਨਹੀਂ ਸੀ। ਭਾਰਤ ਦੀ ਕੌਮੀ ਏਕਤਾ ਦੀ ਆਜ਼ਾਦ ਹਿੰਦ ਫ਼ੌਜ ਪ੍ਰਤੀਕ ਬਣ ਗਈ ਸੀ।

ਪ੍ਰਸਿੱਧ ਗ਼ਦਰੀ ਲੇਖਕ ਗਿਆਨੀ ਕੇਸਰ ਸਿੰਘ ਕਨੇਡਾ ਨੇ 'ਲਹਿਰ ਵਧਦੀ ਗਈ', 'ਇੱਕ ਮਾਂਗ ਸੰਧੂਰੀ', 'ਹਥਿਆਰ ਬੰਦ ਇਨਕਲਾਬ', 'ਬਾਬਾ ਹਰੀ ਸਿੰਘ ਉਸਮਾਨ', 'ਜੰਗੀ ਕੈਦੀ' ਆਦਿ ਨਾਵਲਾਂ ਅਤੇ ਆਪਣੀ ਸਵੈ-ਜੀਵਨੀ ਅਤੇ 'ਮੇਰੀ ਆਜ਼ਾਦ ਹਿੰਦ ਫ਼ੌਜ ਦੀ ਡਾਇਰੀ' ਵਿੱਚ ਆਜ਼ਾਦ ਹਿੰਦ ਫ਼ੌਜ ਦੇ ਬੀਰ ਭਾਵੀ ਤੇ ਅਦੁੱਤੀ ਕਾਰਨਾਮਿਆਂ ਦੇ ਬਹੁਤ ਸਾਰੇ ਵੇਰਵੇ ਦਿੱਤੇ ਹਨ। ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਭਾਰਤੀਆਂ ਵਿੱਚ ਆਜ਼ਾਦੀ ਹਾਸਿਲ ਕਰਨ ਲਈ ਕਿੰਨਾ ਜੋਸ਼ ਅਤੇ ਉਤਸ਼ਾਹ ਸੀ। ਅਗਸਤ 1945 ਵਿੱਚ ਜਾਪਾਨ ਦੀ ਹਾਰ ਨਾਲ ਆਜ਼ਾਦ ਹਿੰਦ ਫ਼ੌਜ ਦਾ ਕਾਰਜ ਵੀ ਭਾਵੇਂ ਪੂਰੀ ਤਰ੍ਹਾਂ ਨੇਪਰੇ ਨਾ ਚੜ੍ਹ ਸਕਿਆ, ਪਰ ਇਸਦਾ ਰਚਿਆ ਇਤਿਹਾਸ ਆਜ਼ਾਦ ਹਿੰਦ ਫ਼ੌਜ ਦਾ ਸ਼ਾਨਦਾਰ ਕਾਰਨਾਮਾ ਹੈ। ਆਜ਼ਾਦ ਹਿੰਦ ਫ਼ੌਜ ਦੇ ਸੈਨਿਕ ਇੰਫਾਲ ਦੇ ਮੋਰਚਿਆਂ ਤੱਕ ਆ ਕੇ ਅੰਗਰੇਜ਼ੀ ਸੈਨਾ ਵਿਰੁੱਧ ਲੜੇ ਸਨ। ਪਰ ਜਾਪਾਨ ਦੀ ਹਾਰ ਪਿਛੋਂ ਆਜ਼ਾਦ ਹਿੰਦ ਫ਼ੌਜ ਦੇ ਸੈਨਿਕਾਂ ਨੂੰ ਮੁੜ ਪਿਛਾਂਹ ਵੱਲ ਮੁੜਨਾ ਪਿਆ।

17 ਅਗਸਤ, 1945 ਨੂੰ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਆਜ਼ਾਦ ਹਿੰਦ ਫ਼ੌਜ ਦੇ ਸੈਨਿਕਾਂ ਨੂੰ ਸਿੰਗਾਪੁਰ ਵਿਖੇ ਆਪਣਾ ਅੰਤਿਮ ਸੰਦੇਸ਼ ਦਿੱਤਾ, ਜਿਸਦੇ ਸ਼ਬਦ ਸਨ :

Namdhari Elibrary NamdhariElibrary@gmail.com

[1]"ਦੋਸਤੋ! ਆਪਣੀ ਮਾਤ-ਭੂਮੀ ਦੀ ਆਜ਼ਾਦੀ ਲਈ ਜਦੋ-ਜਹਿਦ ਵਿੱਚ ਅਸੀਂ ਅਣਕਿਆਸੇ ਸੰਕਟ ਵਿੱਚ ਫਸ ਗਏ ਹਾਂ। ਤੁਸੀਂ ਮਹਿਸੂਸ ਕਰਦੇ ਹੋਵੋਗੇ ਕਿ ਤੁਸੀਂ ਹਿੰਦੁਸਤਾਨ ਨੂੰ ਆਜ਼ਾਦ ਕਰਵਾਉਣ ਦੇ ਆਪਣੇ ਮਿਸ਼ਨ ਵਿੱਚ ਫੇਲ੍ਹ ਹੋ ਗਏ ਹੋ। ਪਰ ਮੈਂ ਤਾਂ ਕਹਾਂਗਾ ਕਿ ਇਹ ਨਾਕਾਮਯਾਬੀ ਆਰਜ਼ੀ ਹੈ। ਕੋਈ ਅਸਫਲਤਾ ਅਤੇ ਕੋਈ ਹਾਰ ਸਾਡੀਆਂ ਠੋਸ ਪ੍ਰਾਪਤੀਆਂ ਨੂੰ ਮੁਕਾ ਨਹੀਂ ਸਕਦੀ।......

ਸਾਡੇ ਚੋਖੇ ਸਾਰੇ ਸਾਥੀਆਂ ਨੇ ਮੈਦਾਨੇ ਜੰਗ ਵਿੱਚ ਆਪਣੀਆਂ ਜਾਨਾਂ ਵਾਰੀਆਂ ਹਨ ਅਤੇ ਉਹ ਆਜ਼ਾਦ ਹਿੰਦ ਦੇ ਅਮਰ ਸ਼ਹੀਦ ਬਣ ਗਏ ਹਨ। ਉਹਨਾਂ ਦੀ ਏਡੀ ਵੱਡੀ ਕੁਰਬਾਨੀ ਅਜਾਈਂ ਨਹੀਂ ਜਾ ਸਕਦੀ। ......ਦਿੱਲੀ ਨੂੰ ਕਈ ਰਾਹ ਜਾਂਦੇ ਹਨ ਅਤੇ ਦਿੱਲੀ ਅਜੇ ਵੀ ਅਸਾਡਾ ਟੀਚਾ ਹੈ, ਤੁਹਾਡੀਆਂ ਤੇ ਤੁਹਾਡੇ ਅਮਰ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਸਾਡੀ ਜ਼ਰੂਰ ਜਿੱਤ ਹੋਵੇਗੀ। ਦੁਨੀਆਂ ਦੀ ਕੋਈ ਤਾਕਤ ਹਿੰਦੁਸਤਾਨ ਨੂੰ ਗੁਲਾਮ ਨਹੀਂ ਰੱਖ ਸਕਦੀ, ਹਿੰਦੁਸਤਾਨ ਲਾਜ਼ਮੀ ਤੇ ਛੇਤੀ ਹੀ ਆਜ਼ਾਦ ਹੋ ਕੇ ਰਹੇਗਾ। ਜੈ ਹਿੰਦ!"

ਇਸੇ ਤਰ੍ਹਾਂ ਨੇਤਾ ਜੀ ਨੇ ਉਸੇ ਦਿਨ ਆਪਣੇ ਇੱਕ ਹੋਰ ਭਾਸ਼ਣ ਵਿੱਚ ਦੱਖਣ-ਪੂਰਬ ਏਸ਼ੀਆ ਦੇ ਲੋਕਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਆਜ਼ਾਦ ਹਿੰਦ ਫ਼ੌਜ ਅਤੇ ਆਜ਼ਾਦ ਹਿੰਦ ਸਰਕਾਰ ਦੀ ਤਨ, ਮਨ, ਧਨ ਨਾਲ ਸਹਾਇਤਾ ਕੀਤੀ ਸੀ। ਨੇਤਾ ਜੀ ਦੇ ਸ਼ਬਦ ਸਨ : [2]"ਤੁਸਾਂ ਇੱਕ ਸਦਾ ਵਗਦੇ ਚਸ਼ਮੇ ਵਾਂਗੂੰ ਆਪਣੇ ਧੀਆਂ ਪੁੱਤਰਾਂ ਨੂੰ ਰਾਣੀ ਝਾਂਸੀ ਰਜਮੈਂਟ ਤੇ ਆਜ਼ਾਦ ਹਿੰਦ ਫ਼ੌਜ ਵਿੱਚ ਭੇਜਿਆ। ਤੁਸਾਂ ਆਰਜ਼ੀ ਆਜ਼ਾਦ ਹਿੰਦ ਹਕੂਮਤ ਦੇ ਜੰਗੀ ਫੰਡ ਵਿੱਚ ਦਿਲ ਖੋਲ੍ਹ ਕੇ ਦਾਨ ਦਿੱਤਾ। .........ਤੁਸਾਂ ਆਪਣੀ ਮਾਤ ਭੂਮੀ ਦੀ ਮੁਕਤੀ ਦਾ ਰਾਹ ਖੋਲ੍ਹ ਦਿੱਤਾ ਹੈ ਅਤੇ ਸਾਰੀ ਦੁਨੀਆਂ ਵਿੱਚ ਵੱਸਦੇ ਹਿੰਦੁਸਤਾਨੀਆਂ ਲਈ ਉਤਸ਼ਾਹ ਦਾ ਅਰੁੱਕ ਸੋਮਾ ਬਣ ਗਏ ਹੋ। ਆਉਣ ਵਾਲਾ ਵੇਲਾ ਤੁਹਾਨੂੰ ਅਸੀਸਾਂ ਦੇਵੇਗਾ, ਹਿੰਦੁਸਤਾਨ ਦੀ ਆਜ਼ਾਦੀ ਦੀ ਵੇਦੀ ਉੱਤੇ ਤੁਹਾਡੀਆਂ ਕੁਰਬਾਨੀਆਂ ਤੇ ਤੁਹਾਡੀਆਂ ਠੋਸ ਪ੍ਰਾਪਤੀਆਂ ਬਾਰੇ ਮਾਣ ਨਾਲ ਦੱਸੇਗਾ। .........ਆਪਣੀ ਵਕਤੀ ਹਾਰ ਤੋਂ ਹੌਂਸਲਾ ਨਹੀਂ ਹਾਰਨਾ। ਦਿਲ ਤਗੜਾ ਕਰਨਾ ਤੇ ਚੜ੍ਹਦੀਕਲਾ ਵਿੱਚ ਰਹਿਣਾ। ਇਸ ਤੋਂ ਵੀ ਉੱਤੇ, ਹਿੰਦੁਸਤਾਨ ਦੀ ਹੋਣੀ ਵਿੱਚ ਆਪਣਾ ਭਰੋਸਾ ਨਹੀਂ ਛੱਡਣਾ। ਦੁਨੀਆਂ ਤੇ ਐਸੀ ਕੋਈ ਤਾਕਤ ਨਹੀਂ ਜਿਹੜੀ ਹਿੰਦੁਸਤਾਨ ਨੂੰ ਗ਼ੁਲਾਮ ਰੱਖ ਸਕੇ। ਹਿੰਦੁਸਤਾਨ ਆਜ਼ਾਦ ਹੋਵੇਗਾ ਅਤੇ ਬੜੀ ਛੇਤੀ ਹੋਵੇਗਾ। ਜੈ ਹਿੰਦ!" ਬੈਂਕਾਕ (ਥਾਈਲੈਂਡ) ਦੀ ਨਾਮਧਾਰੀ ਸੰਗਤ ਨੇ ਨੇਤਾ ਜੀ ਨੂੰ ਆਰਥਿਕ ਅਤੇ ਹਰ ਤਰ੍ਹਾਂ ਦਾ ਭਰਪੂਰ ਸਹਿਯੋਗ ਦਿੱਤਾ। ਸੇਠ ਗੁਰਬਖਸ਼ ਸਿੰਘ ਚਾਵਲਾ ਅਤੇ ਤ੍ਰਿਲੋਕ ਸਿੰਘ ਚਾਵਲਾ ਦੋਵੇਂ ਭਰਾ ਸੁਭਾਸ਼ ਜੀ ਦੇ ਬਹੁਤ ਨਿਕਟਵਰਤੀ ਸਨ।

ਇਸ ਤੋਂ ਥੋੜ੍ਹੇ ਦਿਨਾਂ ਪਿਛੋਂ 18 ਅਗਸਤ, 1945 ਨੂੰ ਨੇਤਾ ਜੀ ਸੁਭਾਸ਼ ਚੰਦਰ ਬੋਸ ਆਪਣੇ ਇੱਕ ਸਾਥੀ ਕਰਨਲ ਹਬੀਬੁੱਲ ਰਹਿਮਾਨ ਨਾਲ ਸਿੰਗਾਪੁਰ ਤੋਂ ਜਾਪਾਨ ਜਾਂਦੇ ਹੋਏ ਹਵਾਈ ਹਾਦਸੇ ਵਿੱਚ ਮਾਰੇ ਗਏ ਅਤੇ ਇਸ ਤਰ੍ਹਾਂ ਭਾਰਤ ਦੇ ਮਹਾਨ ਸਪੂਤ ਸੁਭਾਸ਼ ਚੰਦਰ

[1] ਰਾਮ ਸਿੰਘ ਮਜੀਠਾ, *ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ*, ਭਾਗ ਦੂਜਾ, ਪੰਨਾ 311-312.

[2] ਉਹੀ, ਪੰਨਾ 312-313.

Namdhari Elibrary NamdhariElibrary@gmail com

ਬੋਸ ਦੇ ਜੀਵਨ ਦਾ ਅੰਤ ਹੋ ਗਿਆ, ਜਿਸਦੀ ਅਮਰ-ਗਾਥਾ ਭਾਰਤ ਦੇ ਇਤਿਹਾਸ ਦੀ ਅਮਰ ਕਹਾਣੀ ਹੈ।

15 ਅਗਸਤ, 1945 ਨੂੰ ਜਾਪਾਨ ਨੇ ਆਪਣੀ ਹਾਰ ਮੰਨ ਲਈ ਅਤੇ ਦੂਜੇ ਮਹਾਂਯੁੱਧ ਦਾ ਅੰਤ ਹੋ ਗਿਆ। ਆਜ਼ਾਦ ਹਿੰਦ ਫ਼ੌਜ ਦੇ ਬਹੁਤ ਸਾਰੇ ਫ਼ੌਜੀਆਂ ਨੂੰ ਬਾਗੀ ਅਤੇ ਦੇਸ਼ ਧਰੋਹੀ ਕਰਾਰ ਦੇ ਕੇ ਉਨ੍ਹਾਂ ਉੱਤੇ ਮੁਕੱਦਮੇ ਚਲਾਏ ਗਏ। ਇਹ ਮੁਕੱਦਮੇ ਦਿੱਲੀ ਦੇ ਲਾਲ ਕਿਲ੍ਹੇ ਵਿੱਚ ਚੱਲੇ, ਜਿਨ੍ਹਾਂ ਤਿੰਨਾਂ ਆਜ਼ਾਦ ਹਿੰਦ ਫ਼ੌਜ ਦੇ ਅਫ਼ਸਰਾਂ ਉੱਤੇ ਮੁਕੱਦਮਾ ਚਲਾਇਆ ਗਿਆ, ਉਹ ਤਿੰਨੇ ਹੀ ਪੰਜਾਬੀ ਸਨ। ਮੇਜਰ ਜਨਰਲ ਸ਼ਾਹ ਨਵਾਜ਼ ਖਾਨ, ਕਰਨਲ ਪ੍ਰੇਮ ਕੁਮਾਰ ਸਹਿਗਲ ਅਤੇ ਕਰਨਲ ਗੁਰਬਖਸ਼ ਸਿੰਘ ਢਿੱਲੋਂ ਤੇ ਇਨ੍ਹਾਂ ਦੇ ਮੁਕੱਦਮੇ ਦੀ ਪੈਰਵੀ ਭਾਰਤ ਦੇ ਉੱਘੇ ਕਾਨੂੰਨਦਾਨਾਂ ਸਰਵਸ੍ਰੀ ਭੋਲਾ ਭਾਈ ਦੇਸਾਈ, ਜਵਾਹਰ ਲਾਲ ਨਹਿਰੂ, ਡਾ. ਕੇ.ਐਨ. ਕਾਟਜੂ, ਸ੍ਰੀ ਆਸਫ ਅਲੀ, ਸ੍ਰੀ ਪੀ.ਕੇ. ਸੈਨ, ਸਰ ਤੇਜ ਬਹਾਦਰ ਸਪਰੂ, ਰਾਏ ਬਹਾਦਰ ਬਦਰੀ ਦਾਸ, ਕੰਵਰ ਸਰ ਦਲੀਪ ਸਿੰਘ ਅਤੇ ਬਖਸ਼ੀ ਸਰ ਟੇਕ ਚੰਦ ਨੇ ਕੀਤੀ। ਇਨ੍ਹਾਂ ਨੂੰ ਰਿਹਾਅ ਕਰਵਾਉਣ ਲਈ ਸਾਰੇ ਹਿੰਦੁਸਤਾਨ ਵਿੱਚ ਜ਼ਬਰਦਸਤ ਮੁਜ਼ਾਹਰੇ ਹੋਏ। ਇਨ੍ਹਾਂ ਦੀ ਰਿਹਾਈ ਸਮੇਂ ਸਾਰੇ ਦੇਸ਼ ਵਿੱਚ ਖੁਸ਼ੀਆਂ ਮਨਾਈਆਂ ਗਈਆਂ। ਪੰਜਾਬ ਵਿੱਚ ਵੀ ਇਨ੍ਹਾਂ ਤਿੰਨਾਂ ਪੰਜਾਬੀਆਂ ਦਾ ਭਰਵਾਂ ਸੁਆਗਤ ਕੀਤਾ ਗਿਆ। ਸ੍ਰੀ ਸਤਿਗੁਰੂ ਪ੍ਰਤਾਪ ਜੀ ਨੇ ਲਾਹੌਰ ਵਿਖੇ ਇਨ੍ਹਾਂ ਤਿੰਨਾਂ ਅਫਸਰਾਂ ਦਾ ਉਚੇਚਾ ਸਵਾਗਤ ਕੀਤਾ। ਸੁਆਗਤੀ ਜਲੂਸਾਂ ਵਿੱਚ ਨਾਅਰੇ ਲਗਾਏ ਗਏ 'ਢਿੱਲੋਂ ਸਹਿਗਲ ਸ਼ਾਹਨਵਾਜ਼' ਜ਼ਿੰਦਾਬਾਦ ਜ਼ਿੰਦਾਬਾਦ। ਜਨਰਲ ਮੋਹਨ ਸਿੰਘ ਦੀ ਰਿਹਾਈ ਉੱਤੇ ਵੀ ਉਨ੍ਹਾਂ ਦਾ ਭਰਪੂਰ ਸੁਆਗਤ ਕੀਤਾ ਗਿਆ। ਆਜ਼ਾਦ ਹਿੰਦ ਫ਼ੌਜ ਦੇ ਬਹੁਤ ਸਾਰੇ ਅਫ਼ਸਰ ਤੇ ਸੈਨਿਕ ਬੜੇ ਮਾਣ ਨਾਲ ਆਪਣੇ ਆਪ ਨੂੰ ਆਜ਼ਾਦੀ ਦੇ ਸੰਗਰਾਮ ਦੇ ਘੁਲਾਟੀਏ ਦੱਸਦੇ ਸਨ ਅਤੇ ਨੇਤਾ ਜੀ ਸੁਭਾਸ਼ ਚੰਦਰ ਬੋਸ ਅਤੇ ਆਜ਼ਾਦ ਹਿੰਦ ਫ਼ੌਜ ਨਾਲ ਬੀਤੀਆਂ ਕਈ ਘਟਨਾਵਾਂ ਅਤੇ ਆਪਣੇ ਕਾਰਨਾਮਿਆਂ ਦਾ ਮਾਣ ਨਾਲ ਜ਼ਿਕਰ ਕਰਦੇ ਰਹੇ ਹਨ।

ਆਜ਼ਾਦ ਹਿੰਦ ਫ਼ੌਜ ਵੱਲੋਂ ਕੀਤੀਆਂ ਗਈਆਂ ਕੁਰਬਾਨੀਆਂ ਅਤੇ ਸ਼ਹੀਦਾਂ ਦੀ ਗਿਣਤੀ ਥੋੜ੍ਹੀ ਵੱਡੀ ਹੈ। ਰਾਮ ਸਿੰਘ ਮਜੀਠਾ ਨੇ ਆਪਣੀ ਪੁਸਤਕ 'ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ ਭਾਗ ਦੂਜਾ' ਦੀ ਅੰਤਿਕਾ ਦਸ ਵਿੱਚ ਇਨ੍ਹਾਂ ਸ਼ਹੀਦਾਂ ਦੀ ਪੂਰੀ ਸੂਚੀ ਦਿੱਤੀ ਹੈ। ਇਸ ਅਨੁਸਾਰ, ਜਰਮਨ ਦੀ ਆਜ਼ਾਦ ਹਿੰਦ ਫ਼ੌਜ ਦੇ ਸ਼ਹੀਦਾਂ ਦੀ ਗਿਣਤੀ 30 ਹੈ ਅਤੇ ਦੱਖਣ ਪੂਰਬ ਏਸ਼ੀਆ ਦੇ ਆਜ਼ਾਦ ਹਿੰਦ ਫ਼ੌਜ ਦੀ ਗਿਣਤੀ 900 ਦੱਸੀ ਗਈ ਹੈ। ਇਸ ਸੂਚੀ ਵਿੱਚ ਇਨ੍ਹਾਂ ਸ਼ਹੀਦਾਂ ਦੇ ਨਾਮ, ਪਤੇ ਅਤੇ ਵੇਰਵੇ ਵੀ ਦਰਜ ਹਨ।

## ਨੇਵੀ ਦੀ ਬਗ਼ਾਵਤ

18 ਫਰਵਰੀ, 1946 ਨੂੰ ਬੰਬਈ ਵਿਖੇ ਹਿੰਦੁਸਤਾਨ ਦੀ ਜਲ-ਸੈਨਾ ਨੇ ਬਗਾਵਤ ਕਰ ਦਿੱਤੀ। ਹੋਰ ਸੈਨਿਕ ਛਾਉਣੀਆਂ ਵਿੱਚ ਵੀ ਇਸ ਦੇ ਛੇਤੀ ਫੈਲ ਜਾਣ ਦੀ ਸੰਭਾਵਨਾ ਨੂੰ ਅੱਖੋਂ ਪਰੋਖੇ ਨਹੀਂ ਸੀ ਕੀਤਾ ਜਾ ਸਕਦਾ। 'ਰਾਮ ਸਿੰਘ ਮਜੀਠਾ ਅਨੁਸਾਰ, "ਇਸ

Namdhari Elibrary NamdhariElibrary@gmail.com

ਵਿੱਚ ਸਰਹੰਦ ਦੇ ਕਾਮਰੇਡ ਮੀਰ ਦਾਦ ਖ਼ਾਨ ਦਾ ਹੱਥ ਸੀ, ਜਿਸ ਦੀ ਡਿਊਟੀ ਜਲ-ਸੈਨਾ ਵਿੱਚ ਪ੍ਰਚਾਰ ਅਤੇ ਜਾਗ੍ਰਿਤੀ ਪੈਦਾ ਕਰਨ ਲਈ ਕਿਰਤੀ ਪਾਰਟੀ ਵੱਲੋਂ ਲਗਾਈ ਗਈ ਸੀ।"[1]

ਦੂਜੀ ਵੱਡੀ ਜੰਗ ਨੇ ਬਰਤਾਨੀਆਂ ਦਾ ਕਚੂਮਰ ਕੱਢ ਦਿੱਤਾ ਸੀ ਅਤੇ ਅੰਗਰੇਜ਼ ਹਕੂਮਤ ਆਰਥਿਕ ਤੌਰ ਤੇ ਸਿਰ ਦੇ ਵਾਲਾਂ ਤੱਕ ਕਰਜ਼ੇ ਹੇਠ ਦੱਬੀ ਪਈ ਸੀ। ਕੌਮੀ ਨੌ ਆਬਾਦੀਆਂ ਨੂੰ ਕਾਬੂ ਵਿੱਚ ਰੱਖਣਾ, ਉਸ ਲਈ ਔਖਾ ਹੋ ਰਿਹਾ ਸੀ। ਨੇਵੀ ਦੀ ਵਧਦੀ ਬਗ਼ਾਵਤ ਨੇ ਅੰਗਰੇਜ਼ਾਂ ਦੇ ਛੱਕੇ ਛੁੜਾ ਦਿੱਤੇ। 19 ਫਰਵਰੀ ਨੂੰ ਬਰਤਾਨੀਆ ਦੇ ਲੇਬਰ ਪਾਰਟੀ ਦੇ ਪ੍ਰਧਾਨ ਐਟਲੀ ਨੂੰ ਹਿੰਦੁਸਤਾਨ ਦੀ ਆਜ਼ਾਦੀ ਦੇ ਪ੍ਰੋਗਰਾਮ ਦਾ ਐਲਾਨ ਕਰਨਾ ਪਿਆ। ਇਸ ਐਲਾਨ ਅਨੁਸਾਰ ਭਾਰਤ ਵਿੱਚ ਨਵੀਆਂ ਚੋਣਾਂ ਕਰਵਾ ਕੇ ਚੁਣੇ ਗਏ ਪ੍ਰਤੀਨਿਧਾਂ ਨੂੰ ਅਧਿਕਾਰ ਸੌਂਪਣ ਦੀ ਗੱਲ ਕਹੀ ਗਈ ਸੀ ਅਤੇ ਸੰਵਿਧਾਨ ਸਭਾ ਬਣਾ ਕੇ ਭਾਰਤ ਦੇ ਨਵੇਂ ਸੰਵਿਧਾਨ ਨੂੰ ਘੜਨ ਦਾ ਐਲਾਨ ਕੀਤਾ ਗਿਆ ਸੀ। ਸਿੱਟੇ ਵਜੋਂ ਭਾਰਤ ਦੇ ਅੰਤਿਮ ਗਵਰਨਰ ਜਨਰਲ ਲਾਰਡ ਮਾਊਂਟਬੇਟਨ ਦੇ ਸੁਝਾਅ ਅਨੁਸਾਰ ਪੰਡਿਤ ਜਵਾਹਰ ਲਾਲ ਨਹਿਰੂ ਦੀ ਅਗਵਾਈ ਵਿੱਚ 14 ਮੈਂਬਰੀ ਭਾਰਤ ਦੀ ਆਰਜ਼ੀ ਸਰਕਾਰ ਕਾਇਮ ਕੀਤੀ ਗਈ, ਜਿਸ ਵਿੱਚ ਕਾਂਗਰਸ ਦੇ 6, ਮੁਸਲਿਮ ਲੀਗ ਦੇ 5, ਇੱਕ-ਇੱਕ ਪ੍ਰਤੀਨਿਧ ਸਿੱਖਾਂ, ਭਾਰਤੀ ਈਸਾਈਆਂ ਅਤੇ ਰਿਆਸਤਾਂ ਦੇ ਮੈਂਬਰ ਸ਼ਾਮਲ ਕੀਤੇ ਗਏ। ਇਸ ਦੌਰਾਨ, ਮੁਸਲਮਾਨਾਂ ਦੇ ਨੇਤਾ ਮੁਹੰਮਦ ਅਲੀ ਜਿਨਾਹ ਵੱਲੋਂ 'ਦੋ ਕੌਮਾਂ ਦੇ ਸਿਧਾਂਤ ਦੇ ਆਧਾਰ 'ਤੇ ਮੁਸਲਿਮ ਬਹੁਗਿਣਤੀ ਦੀ ਆਬਾਦੀ ਵਾਲੇ ਇਲਾਕੇ ਨੂੰ ਵੱਖਰੇ ਦੇਸ਼ ਦੀ ਮੰਗ ਉੱਤੇ ਜ਼ੋਰ ਦਿੱਤਾ ਗਿਆ। ਮੁਸਲਿਮ ਲੀਗ ਦੇ ਨੇਤਾ ਮੁਹੰਮਦ ਅਲੀ ਜਿਨਾਹ ਵੱਲੋਂ ਪੇਸ਼ ਕੀਤਾ ਗਿਆ ਇਹ ਦੋ ਕੌਮਾਂ ਦਾ ਸਿਧਾਂਤ 1947 ਵਿੱਚ ਭਾਰਤ ਦੀ ਦੇਸ਼-ਵੰਡ ਦਾ ਕਾਰਨ ਬਣਿਆ।

[1] ਰਾਮ ਸਿੰਘ ਮਜੀਠਾ, *ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ*, ਭਾਗ ਦੂਜਾ, ਪੰਨਾ 211.

Namdhari Elibrary NamdhariElibrary@gmail.com

ਅਧਿਆਇ 11

# ਸਤਿਗੁਰੂ ਪਰਤਾਪ ਸਿੰਘ ਜੀ ਦਾ ਲੋਕ ਹਿਤਕਾਰੀ-ਉਪਯੋਗੀ ਦ੍ਰਿਸ਼ਟੀਕੋਣ

## ਵੱਡੀਆਂ ਜ਼ਿੰਮੇਵਾਰੀਆਂ ਦਾ ਅਹਿਸਾਸ

ਸਤਿਗੁਰੂ ਪਰਤਾਪ ਸਿੰਘ ਜੀ ਨੂੰ ਆਪਣੇ ਸਿਰ ਲਈਆਂ ਜ਼ਿੰਮੇਵਾਰੀਆਂ ਅਤੇ ਕਰਤੱਵਾਂ ਦਾ ਪੂਰਾ-ਪੂਰਾ ਅਹਿਸਾਸ ਸੀ। ਆਪ ਜੀ ਨੇ ਲੋਕ ਹਿੱਤਕਾਰੀ ਦ੍ਰਿਸ਼ਟੀਕੋਣ ਤੋਂ ਦੇਸ਼ ਅਤੇ ਪੰਥ ਦੀ ਸਮੇਂ-ਸਮੇਂ ਸਿਰ ਉਚਿਤ ਅਗਵਾਈ ਕੀਤੀ। ਆਪ ਜੀ ਨੇ ਇੱਕ ਬੰਨੇ ਗੁਰੂ ਦੇ ਆਦਰਸ਼ਕ ਕਰਤੱਵ ਨੂੰ ਨਿਭਾਉਣਾ ਸੀ ਅਤੇ ਦੂਜੇ ਬੰਨੇ ਧਾਰਮਿਕ ਤੌਰ ਤੇ ਨਾਮ ਬਾਣੀ ਨੂੰ ਦ੍ਰਿੜਾਉਣ ਦੇ ਨਾਲ-ਨਾਲ ਨਾਮਧਾਰੀ ਪੰਥ ਨੂੰ ਆਰਥਕ ਤੌਰ ਤੇ ਮਜ਼ਬੂਤ ਬਣਾਉਣਾ ਅਤੇ ਅਧਿਆਤਮਵਾਦੀ ਦ੍ਰਿਸ਼ਟੀਕੋਣ ਵਿੱਚ ਪਰਪੱਕ ਕਰਨਾ ਸੀ। ਸਤਿਗੁਰੂ ਜੀ ਦੇ ਦਰਬਾਰ ਦੀ ਸਾਂਝੀਵਾਲਤਾ ਨੂੰ ਕਾਇਮ ਰੱਖ ਕੇ ਪੰਥਕ ਕਾਰਵਾਈਆਂ ਦੇ ਨਾਲ-ਨਾਲ ਦੇਸ਼ ਪ੍ਰਤੀ ਜ਼ਿੰਮੇਵਾਰੀਆਂ ਨੂੰ ਵੀ ਸਨਮੁੱਖ ਰੱਖਣਾ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਧਰਮ ਅਤੇ ਰਾਜਨੀਤੀ ਦਾ ਜਿਹੜਾ ਸੰਜੋਗ ਕਾਇਮ ਕੀਤਾ ਸੀ, ਉਸਦੇ ਉਚਿਤ ਨਿਸ਼ਾਨੇ ਤੇ ਆਦਰਸ਼ ਨੂੰ ਸਦਾ ਸਥਾਪਿਤ ਰੱਖਣਾ ਸੀ। ਉਹ ਆਦਰਸ਼ ਸਨ, ਭਾਰਤ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਛੁਟਕਾਰਾ ਦਿਵਾਉਣਾ ਅਤੇ ਸੁਤੰਤਰਤਾ ਸੰਗਰਾਮ ਦੀਆਂ ਦੇਸ਼ ਭਗਤ ਸ਼ਕਤੀਆਂ ਸੰਗ ਕਦਮ ਨਾਲ ਕਦਮ ਮਿਲਾ ਕੇ ਤੁਰਨਾ। ਸਤਿਗੁਰੂ ਪਰਤਾਪ ਸਿੰਘ ਜੀ ਨੇ ਸਦਾ ਹੀ ਆਪਣੇ ਪੰਥ ਲਈ ਉਚਿਤ ਨਿਰਣੇ ਲਏ ਸਨ ਅਤੇ ਨਾਮਧਾਰੀ ਪੰਥ ਨੂੰ ਸਮੁੱਚੇ ਸਿੱਖ ਜਗਤ ਤੋਂ ਵੱਖ ਵੀ ਨਹੀਂ ਸੀ ਹੋਣ ਦਿੱਤਾ। ਹੋਰ ਰਾਜਨੀਤਕ ਦਲਾਂ ਦੇ ਟਾਕਰੇ ਉੱਤੇ ਆਪ ਜੀ ਨੂੰ ਕਿਸੇ ਰਾਜ-ਭਾਗ ਨੂੰ ਪ੍ਰਾਪਤ ਕਰ ਲੈਣ ਦੀ ਅਭਿਲਾਸ਼ਾ ਨਹੀਂ ਸੀ। ਦੇਸ਼-ਭਗਤ ਤੇ ਆਜ਼ਾਦੀ ਦੀਆਂ ਲਹਿਰਾਂ ਨਾਲ ਤਾਲਮੇਲ ਰੱਖਦੇ ਹੋਏ ਅਤੇ ਜ਼ਮੀਨੀ ਹਕੀਕਤਾਂ ਨਾਲ ਸਦਾ ਜੁੜ ਕੇ ਵੀ ਆਪ ਕੰਵਲ ਹਾਰ ਨਿਰਲੇਪ ਹੀ ਰਹੇ। ਇਹੋ ਹੀ ਉਹਨਾਂ ਦੇ ਨਿੱਜ-ਵਿਅਕਤੀਤਵ ਦੇ ਬਲਵਾਨ ਚ਼ਰਿੱਤਰ ਦਾ ਅਤਿ-ਸੁੰਦਰ, ਸੁਨਹਿਰੀ-ਪੱਖ ਸੀ। ਆਪ ਜੀ ਨੇ ਜਿੱਥੇ ਨਾਮਧਾਰੀ ਪੰਥ ਅਤੇ ਦੇਸ਼ ਲਈ ਉਪਯੋਗੀ ਅਤੇ ਯੁਗਾਅਨੁਕੂਲ ਨਿਰਣੇ ਲਏ ਉਥੇ ਆਪਣੇ ਆਪ ਨੂੰ ਨਿੱਜੀ ਖਾਹਿਸ਼ਾਂ ਤੋਂ ਸਦਾ ਨਿਰਲੇਪ ਰੱਖਿਆ। ਸੱਚ ਤਾਂ ਇਹ ਹੈ ਕਿ ਆਪ ਜੀ ਨੇ ਆਪਣੇ ਆਪ ਨੂੰ ਧਰਮ ਅਤੇ ਕੌਮ ਲਈ ਪੂਰਨ ਭਾਂਤ

[1] ਡਾ. ਏ.ਸੀ. ਅਰੋੜਾ, *ਪੰਜਾਬ ਦਾ ਇਤਿਹਾਸ (1799-1966)*, ਭਾਗ ਦੂਜਾ, ਪੰਨਾ 272.

Namdhari Elibrary NamdhariElibrary@gmail com

ਸਮਰਪਿਤ ਕਰ ਦਿੱਤਾ ਸੀ। ਆਪਣੇ ਜੀਵਨ ਵਿੱਚ ਚੁੱਕੇ ਹਰ ਕਦਮ ਤੋਂ ਆਪ ਜੀ ਦੀ ਵਡਿਆਈ ਦਾ ਸੂਰਜੀ ਪ੍ਰਕਾਸ਼ ਝਲਕਦਾ ਦਿਖਾਈ ਦਿੰਦਾ ਹੈ। ਹਰ ਇਤਿਹਾਸਕ ਖੋਜੀ ਨੂੰ ਆਪ ਜੀ ਦੇ ਯਥਾਰਥਕ ਦ੍ਰਿਸ਼ਟੀਕੋਣ ਦਾ ਵੀ ਕਾਇਲ ਹੋਣਾ ਪੈਂਦਾ ਹੈ।

ਆਪ ਜੀ ਦੇ ਜੀਵਨੀਕਾਰਾਂ ਨੇ ਕਾਲਕ੍ਰਮ ਅਨੁਸਾਰ ਉਹਨਾਂ ਘਟਨਾਵਾਂ ਦਾ ਵੇਰਵੇ ਸਹਿਤ ਵਰਣਨ ਕੀਤਾ ਹੈ, ਜੋ 1939 ਅਰਥਾਤ ਦੂਜੇ ਮਹਾਂਯੁੱਧ ਦੇ ਆਰੰਭ ਤੋਂ ਲੈ ਕੇ 15 ਅਗਸਤ, 1947 ਅਰਥਾਤ ਸੁਤੰਤਰਤਾ ਪ੍ਰਾਪਤੀ ਦੇ ਸਮੇਂ ਤੱਕ ਵਾਪਰੀਆਂ ਹਨ। ਇਥੇ ਉਨ੍ਹਾਂ ਵਿੱਚੋਂ ਕੁਝ ਇੱਕ ਪ੍ਰਮੁੱਖ ਘਟਨਾਵਾਂ ਦਾ ਹੀ ਵਰਣਨ ਕੀਤਾ ਜਾਂਦਾ ਹੈ।

## ਹੋਲੇ ਦੇ ਪੁਰਬ

ਨਾਮਧਾਰੀ ਪੰਥ ਵਿੱਚ ਹਰ ਸਾਲ ਹੋਲੇ ਦਾ ਪੁਰਬ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਪੌਰਾਣਿਕ ਕਥਾ ਅਨੁਸਾਰ ਹੋਲੀ ਦੇ ਤਿਉਹਾਰ ਦਾ ਆਰੰਭ ਹਰਨਾਖਸ਼ ਦੀ ਭੈਣ ਹੋਲਿਕਾ ਦੇ ਦਹਨ ਨਾਲ ਹੋਇਆ, ਜਿਸ ਵਿੱਚ ਭਗਤ ਪ੍ਰਹਿਲਾਦ ਦੀ ਰੱਖਿਆ ਪਰਮਾਤਮਾ ਵੱਲੋਂ ਕੀਤੀ ਗਈ ਸੀ ਅਤੇ ਹੋਲਿਕਾ ਜਿਸ ਨੂੰ ਵਰ ਸੀ ਕਿ ਅੱਗ ਉਸ ਨੂੰ ਸਾੜ ਨਹੀਂ ਸਕੇਗੀ, ਅੱਗ ਵਿੱਚ ਸੜ ਗਈ ਸੀ। ਹੋਲੀ ਦਾ ਤਿਉਹਾਰ ਜੋ ਹਰ ਸਾਲ ਹੋਲਿਕਾ ਦੇ ਦਹਨ ਵਜੋਂ ਮਨਾਇਆ ਜਾਂਦਾ ਹੈ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸੰਨ 1700 ਈ. ਵਿੱਚ ਹੋਲੇ ਮਹੱਲੇ ਦੇ ਰੂਪ ਵਿੱਚ ਆਨੰਦਪੁਰ ਸਾਹਿਬ ਵਿਖੇ ਪਹਿਲੀ ਵਾਰ ਮਨਾਇਆ ਗਿਆ ਅਤੇ ਹੁਣ ਵੀ ਹਰ ਸਾਲ ਮਨਾਇਆ ਜਾਂਦਾ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ 1863 ਵਿੱਚ ਪਹਿਲਾ ਹੋਲਾ ਖੋਟੇ ਪਿੰਡ ਵਿੱਚ ਮਨਾਇਆ ਗਿਆ ਸੀ। ਨਾਮਧਾਰੀ ਪੰਥ ਵਿੱਚ ਇਹ ਪੁਰਬ ਹਰ ਸਾਲ ਮਨਾਇਆ ਜਾਂਦਾ ਹੈ ਅਤੇ ਆਨੰਦਪੁਰ ਸਾਹਿਬ ਵਿੱਚ ਹੋਲੇ ਤੋਂ ਅਗਲੇ ਦਿਨ ਇਹ ਪੁਰਬ ਆਰੰਭ ਕੀਤਾ ਜਾਂਦਾ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਹੀ ਹੋਲੇ ਨੂੰ ਮਨਾਉਣ ਦੀ ਰੀਤ ਚਲੀ ਆਉਂਦੀ ਹੈ। *ਜੱਸ ਜੀਵਨ* ਭਾਗ ਤੀਜਾ ਪੰਨਾ 79-80 'ਤੇ ਨਾਮਧਾਰੀ ਪੰਥ ਵੱਲੋਂ ਮਨਾਏ ਗਏ ਹੋਲਿਆਂ ਦੀ ਲੰਬੀ ਸੂਚੀ ਦਿੱਤੀ ਗਈ ਹੈ। 1940 ਦੇ ਦਸ਼ਕ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਦੀ ਹਜ਼ੂਰੀ ਵਿੱਚ "1939 ਤੋਂ ਲੈ ਕੇ 1943 ਈ. ਤੱਕ ਪੰਜ (05) ਹੋਲੇ ਸ੍ਰੀ ਭੈਣੀ ਸਾਹਿਬ ਵਿਖੇ ਹੀ ਮਨਾਏ ਗਏ" ਕਿਉਂ ਜੁ ਦੂਜੇ ਮਹਾਂਯੁੱਧ ਦੇ ਸਮੇਂ ਇਸ ਪੁਰਬ ਨੂੰ ਭੈਣੀ ਸਾਹਿਬ ਤੋਂ ਬਾਹਰ ਮਨਾਉਣ ਵਿੱਚ ਕਈ ਔਕੜਾਂ ਆ ਸਕਦੀਆਂ ਸਨ। 1944 ਈ. ਦਾ ਹੋਲਾ ਗਿੱਲ ਜ਼ਿਲ੍ਹਾ ਸ਼ੇਖੂਪੁਰਾ, 1945 ਈ. ਦਾ ਹੋਲਾ ਚੁਗਾਵਾਂ ਜ਼ਿਲ੍ਹਾ ਅੰਮ੍ਰਿਤਸਰ, 1946 ਈ. ਦਾ ਹੋਲਾ ਸ਼ੇਖੂਪੁਰਾ ਬੇਦਾਦ ਅਤੇ 1947 ਈ. ਦਾ ਹੋਲਾ ਜੱਗਮਲੇਰਾ ਜ਼ਿਲ੍ਹਾ ਹਿਸਾਰ ਵਿੱਚ ਮਨਾਇਆ ਗਿਆ। ਇਨ੍ਹਾਂ ਵਾਰਸ਼ਿਕ ਨਾਮਧਾਰੀ ਸੰਮੇਲਨਾਂ ਉੱਤੇ ਨਾਮਧਾਰੀ ਪੰਥ ਦੇ ਵਾਧੇ ਲਈ ਲੋੜੀਂਦੇ ਨਿਰਣੇ ਲਏ ਜਾਂਦੇ ਹਨ ਤਾਂ ਜੋ ਜਥੇਬੰਦਕ ਤੌਰ ਤੇ ਨਾਮਧਾਰੀ ਸੰਪ੍ਰਦਾਇ ਆਪਣੇ ਸਤਿਗੁਰੂ ਤੋਂ ਲੋੜੀਂਦੀ ਤੇ ਸਮੇਂ ਸਿਰ ਢੁੱਕਵੀਂ ਅਗਵਾਈ ਲੈ ਸਕੇ।

ਸਤਿਗੁਰੂ ਪਰਤਾਪ ਸਿੰਘ ਜੀ ਵਿਆਪ ਰਹੀ ਰਾਜਨੀਤੀ ਦੀ ਨਬਜ਼ ਨੂੰ ਚੰਗੀ ਤਰ੍ਹਾਂ

[1] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ ਦੂਜਾ, ਪੰਨਾ 80.

Namdhari Elibrary NamdhariElibrary@gmail.com

ਪਛਾਣਦੇ ਸਨ। ਇਸ ਲਈ ਉਹਨਾਂ ਨੇ ਨਾਮਧਾਰੀ ਪੰਥ ਅਤੇ ਸਮਾਜ ਲਈ ਬੜੇ ਢੁੱਕਵੇਂ ਤੇ ਸਮੇਂ ਸਿਰ ਨਿਰਣੇ ਲਏ। 1940 ਦੇ ਮੁਸਲਿਮ ਲੀਗ ਦੇ ਲਾਹੌਰ ਦੇ ਮੰਚ ਨੇ ਮੁਹੰਮਦ ਅਲੀ ਜਿਨਾਹ ਦੀ ਅਗਵਾਈ ਵਿੱਚ ਮੁਸਲਮਾਨਾਂ ਲਈ ਵੱਖਰੀਆਂ ਸੰਵਿਧਾਨਿਕ ਰਿਆਇਤਾਂ ਦੀ ਗੱਲ ਛੇੜ ਦਿੱਤੀ, ਜਿਸ ਨਾਲ ਦੇਸ਼ ਦੀ ਕੌਮੀ ਏਕਤਾ ਵਿੱਚ ਦੁਵੇਤ ਦਾ ਸਿਲਸਿਲਾ ਆਰੰਭ ਹੋ ਗਿਆ। ਅੰਗਰੇਜ਼ ਸਰਕਾਰ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਫਲੀਭੂਤ ਹੋਣ ਲੱਗੀ। ਮੁਸਲਿਮ ਲੀਗ ਨੇ ਕਾਂਗਰਸ ਤੋਂ ਵੱਖਰਾ ਰਾਹ ਅਪਣਾ ਲਿਆ। ਸਤਿਗੁਰੂ ਪਰਤਾਪ ਸਿੰਘ ਜੀ ਦੀ ਦੂਰ-ਦ੍ਰਿਸ਼ਟੀ ਨੇ ਇਨ੍ਹਾਂ ਰਾਜਨੀਤਕ ਸਮਾਚਾਰਾਂ ਤੇ ਸਮਕਾਲੀ ਰਾਜਨੀਤੀ ਦੀਆਂ ਬਾਰੀਕੀਆਂ ਨੂੰ ਪੂਰੀ ਤਰ੍ਹਾਂ ਜਾਣ ਲਿਆ ਸੀ, ਪਰ ਉਹਨਾਂ ਦਾ ਕੌਮੀ ਏਕਤਾ ਤੇ ਸਭ ਧਰਮਾਂ ਦੇ ਸੁਮੇਲ ਤੇ ਸਹਿ-ਹੋਂਦ ਦਾ ਨਿਸ਼ਚਾ ਨਹੀਂ ਸੀ ਡੋਲਿਆ। ਆਪ ਜੀ ਨੇ ਆਪਣੇ ਧਾਰਮਿਕ ਉਦਾਰਤਾ-ਪੂਰਵਕ ਦ੍ਰਿਸ਼ਟੀਕੋਣ ਉੱਤੇ ਡਟ ਕੇ ਪਹਿਰਾ ਦਿੱਤਾ ਅਤੇ ਕੌਮੀ ਏਕਤਾ ਤੇ ਸੁਤੰਤਰਤਾ ਸੰਗਰਾਮ ਨੂੰ ਅੱਗੇ ਵਧਾਉਣ ਦਾ ਯਤਨ ਕੀਤਾ।

ਆਪਣੇ ਨਾਮਧਾਰੀ ਅਨੁਆਈਆਂ ਨੂੰ ਸੁਦੇਸ਼ੀ ਖੱਦਰ ਪਹਿਨਣ ਅਤੇ ਸਾਦਾ ਰਹਿਣੀ-ਬਹਿਣੀ ਨੂੰ ਧਾਰਨ ਕਰਨ ਲਈ ਪੱਕਾ ਕੀਤਾ। ਇਸ ਉਦੇਸ਼ ਲਈ ਦੇਸੀ ਖੱਦਰ ਤਿਆਰ ਕਰਨ ਲਈ ਤੇ ਹੋਰ ਸੁਦੇਸ਼ੀ ਵਸਤਾਂ ਬਣਾਉਣ ਲਈ ਸ੍ਰੀ ਭੈਣੀ ਸਾਹਿਬ ਵਿਖੇ ਦਸਤਕਾਰੀ ਦਾ ਕੰਮ ਵੀ ਆਰੰਭ ਕੀਤਾ ਗਿਆ।

## ਕੁਝ ਵਿਸ਼ੇਸ਼ ਮਹੱਤਵਪੂਰਣ ਕਾਰਜ

ਸਤਿਗੁਰੂ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਸਵਾ ਲੱਖ ਪਾਠਾਂ ਦੀ ਲੜੀ ਨੂੰ ਆਰੰਭ ਕਰਵਾਇਆ ਸੀ, ਇਸ ਉਦੇਸ਼ ਦੀ ਪੂਰਤੀ ਲਈ ਆਪ ਜੀ ਨੇ ਨਾਮਧਾਰੀ ਸੰਗਤਾਂ ਨੂੰ ਵਿਅਕਤੀਗਤ ਤੌਰ ਤੇ ਪਾਠ ਕਰਨ ਅਤੇ ਉਨ੍ਹਾਂ ਦੀ ਗਿਣਤੀ ਰੱਖਣ ਲਈ ਕਿਹਾ। ਭਾਵੇਂ ਕਈ ਸਿੱਖ ਹਲਕਿਆਂ ਵੱਲੋਂ ਨਾਮਧਾਰੀਆਂ ਦੇ 'ਪੱਤਰਾ ਪਾਠ' ਦੇ ਸੰਬੰਧ ਵਿੱਚ ਕਈ ਇਤਰਾਜ ਕੀਤੇ ਗਏ, ਪਰ ਸਤਿਗੁਰੂ ਜੀ ਨੇ ਆਪਣੀ ਸਿਆਣਪ ਦੁਆਰਾ ਇਨ੍ਹਾਂ ਸਾਰੀਆਂ ਮੁਸ਼ਕਿਲਾਂ ਨੂੰ ਹੱਲ ਕਰ ਲਿਆ। ਇਸ ਦੌਰਾਨ ਸਤਿਗੁਰੂ ਜੀ ਨੇ ਨਾਮਧਾਰੀ ਸਾਧ ਸੰਗਤ ਤੇ ਹਰ ਜੀਵ ਨੂੰ ਤੇ ਹਰ ਨੌਜਵਾਨ ਇਸਤਰੀ ਪੁਰਸ਼ ਨੂੰ ਹਰ ਰੋਜ਼ ਇੱਕ ਘੰਟਾ ਨਾਮ ਸਿਮਰਨ ਲਈ ਆਦੇਸ਼ ਕੀਤਾ। ਪੰਜ ਸਾਲ ਦੇ ਹਰ ਮੁੰਡੇ ਕੁੜੀ ਨੂੰ ਕੰਨ ਵਿੱਚ ਭਜਨ ਦੇਣ ਦੀ ਆਗਿਆ ਕੀਤੀ। ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਹਰ ਨਾਮਧਾਰੀ ਨੂੰ ਗੁਰਮੁਖੀ ਅੱਖਰ ਸਿੱਖਣ ਅਤੇ ਪੜ੍ਹਨ ਲਈ ਪ੍ਰੇਰਿਆ। ਗੁਰਬਾਣੀ ਦਾ ਸ਼ੁੱਧ ਪਾਠ ਅਤੇ ਸਹੀ ਉਚਾਰਨ ਕਰਨ ਦੀ ਤਾਕੀਦ ਕੀਤੀ। ਆਪਣੇ ਵਿਸ਼ੇਸ਼ ਧਾਰਮਿਕ ਸਮਾਗਮਾਂ ਉੱਤੇ ਸ਼ੁੱਧ ਪਾਠ ਕਰਨ ਵਾਲੇ ਪਾਠੀਆਂ ਨੂੰ ਇਨਾਮਾਂ ਨਾਲ ਨਿਵਾਜਿਆ। ਬੀਬੀਆਂ ਨੂੰ ਬੜਾ ਬਰੀਕ ਸੂਤ ਕੱਤਣ ਲਈ ਉਤਸ਼ਾਹਿਤ ਕੀਤਾ ਅਤੇ ਇਸ ਸੰਬੰਧ ਵਿੱਚ ਮੁਕਾਬਲੇ ਕਰਵਾ ਕੇ ਇਨਾਮ ਵੀ ਦਿੱਤੇ। ਇਸ ਤੋਂ ਬਿਨਾਂ ਪਸ਼ੂ ਧਨ ਦੀ ਉਚੇਚੀ ਸੰਭਾਲ ਕੀਤੀ ਅਤੇ ਚੰਗੀ ਨਸਲ ਦੀਆਂ ਮੱਝਾਂ ਗਾਵਾਂ ਨੂੰ ਉਦਮੀ ਪਸ਼ੂ-ਪਾਲਕਾਂ ਵਿੱਚ ਵੰਡਿਆ। ਉਪਰੋਕਤ ਸਾਰੇ ਕਾਰਜ ਨਾਮਧਾਰੀ ਜੀਵਨ-ਮਰਿਆਦਾ ਦੇ ਹੀ ਪੱਕੇ

Namdhari Elibrary NamdhariElibrary@gmail.com

ਅੰਗ ਸਨ। ਸਤਿਗੁਰੂ ਪਰਤਾਪ ਸਿੰਘ ਜੀ 'ਸਫ਼ਾਈ ਤੇ ਸੁੱਚ ਸੋਧ' ਉੱਤੇ ਵਧੇਰੇ ਜ਼ੋਰ ਦਿੰਦੇ ਸਨ। ਸੁੱਚ ਸੋਧ ਨੂੰ ਧਾਰਨ ਕਰਨ ਨਾਲ ਸਿੱਖਾਂ ਦੇ ਜੀਵਨ ਵਿੱਚ ਸੰਜਮ ਤੇ ਉੱਦਮ ਦੀ ਭਾਵਨਾ ਪੈਦਾ ਹੁੰਦੀ ਸੀ।

## ਗੁਰੂ ਪਰਿਵਾਰ ਨਾਲ ਸੰਬੰਧਿਤ ਸਮਾਚਾਰ

### ਮਾਤਾਵਾਂ ਦਾ ਪਰਲੋਕ ਗਮਨ

ਮਾਤਾ ਫਤਹਿ ਕੌਰ ਜੀ 29-30 ਫੱਗਣ ਦੀ ਰਾਤ 1939 ਈ. ਨੂੰ ਭਜਨ ਕਰਦੇ ਹੋਏ ਪਰਲੋਕ ਸਿਧਾਰ ਗਏ। ਉਸੇ ਰਾਤ ਇੱਕ ਹੋਰ ਮਾਈ ਦਿਆਲਾ ਦਾ ਦੇਹਾਂਤ ਹੋਇਆ, ਜੋ ਕਾਫ਼ੀ ਲੰਮੇ ਸਮੇਂ ਤੋਂ ਭੈਣੀ ਸਾਹਿਬ ਰਹਿ ਰਹੀ ਸੀ। ਸਾਰੀ ਸੰਗਤ ਮਾਤਾ ਫਤਿਹ ਕੌਰ ਜੀ ਦੀ ਅੰਤਿਮ ਯਾਤਰਾ ਦੀ ਤਿਆਰੀ ਕਰ ਰਹੀ ਸੀ, ਪਰ ਲਾਵਾਰਸ ਮਾਤਾ ਦਿਆਲਾ ਵੱਲ ਕੋਈ ਧਿਆਨ ਨਹੀਂ ਸੀ ਦੇ ਰਿਹਾ। ਜਦੋਂ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਪਤਾ ਲੱਗਾ ਤਾਂ ਉਹਨਾਂ ਨੇ ਬਚਨ ਕੀਤਾ, "ਜਿਸਦਾ ਕੋਈ ਨਹੀਂ, ਉਸਦਾ ਮੈਂ ਹਾਂ।" ਸਤਿਗੁਰੂ ਪਰਤਾਪ ਸਿੰਘ ਜੀ ਨੇ ਮਾਤਾ ਦਿਆਲਾ ਦੇ ਬਿਬਾਨ ਦੀ ਵੀ ਤਿਆਰੀ ਕਰਵਾਈ। ਸਤਿਗੁਰੂ ਪਰਤਾਪ ਸਿੰਘ ਜੀ ਨੇ ਦੋਹਾਂ ਮਾਤਾਵਾਂ ਦਾ ਇਕੋ ਸਮੇਂ ਸੰਸਕਾਰ ਕੀਤਾ। ਸਤਿਗੁਰੂ ਪਰਤਾਪ ਸਿੰਘ ਜੀ ਨੇ ਮਾਤਾ ਦਿਆਲਾ ਦੀ ਚਿਤਾ ਨੂੰ ਆਪ ਅਗਨੀ ਲਗਾਈ ਅਤੇ ਮਾਤਾ ਦਿਆਲਾ ਨਮਿਤ ਵੀ ਪਾਠਾਂ ਦਾ ਭੋਗ ਪਾਇਆ।

ਮਾਤਾ ਜੀਵਨ ਕੌਰ ਜੀ ਜਿਨ੍ਹਾਂ ਨੇ ਗੁਰੂ ਪਰਿਵਾਰ ਅਤੇ ਸਾਧ ਸੰਗਤ ਦੀ ਅੱਧੀ ਸਦੀ ਤੋਂ ਵੀ ਵੱਧ ਨਾ ਭੁੱਲਣ ਵਾਲੀ ਸੇਵਾ ਕੀਤੀ ਸੀ, 1 ਚੇਤਰ 1999 ਬਿ. (9 ਮਾਰਚ, 1943 ਈ.) ਨੂੰ ਦੇਹ ਦਾ ਉਹਲਾ ਕਰ ਗਏ। ਉਹਨਾਂ ਦੇ ਨਮਿਤ 225 ਪਾਠਾਂ ਦਾ ਭੋਗ ਪਾਇਆ ਗਿਆ ਅਤੇ ਬਸਤਰ ਆਦਿ ਦਾਨ ਕੀਤੇ ਗਏ।

### ਬਾਬਾ ਜਗਜੀਤ ਸਿੰਘ ਜੀ ਦੇ ਅਨੰਦ ਕਾਰਜ

ਬਾਬਾ ਜਗਜੀਤ ਸਿੰਘ ਜੀ ਦਾ ਆਨੰਦ ਕਾਰਜ 21 ਮਾਰਚ, 1944 ਈ. ਨੂੰ ਪਿੰਡ ਮੁਠੱਡਾ ਵਿਖੇ ਬੀਬੀ ਰਾਜਿੰਦਰ ਕੌਰ ਸੁਪੁਤਰੀ ਸ੍ਰ. ਊਧਮ ਸਿੰਘ ਰੰਧਾਵਾ ਪਿੰਡ ਕਾਲੂ ਵਾਹਰ, ਜ਼ਿਲ੍ਹਾ ਹੁਸ਼ਿਆਰਪੁਰ ਨਾਲ ਹੋਇਆ।

ਅਗਸਤ 1945 ਵਿੱਚ ਬਾਬਾ ਜਗਜੀਤ ਸਿੰਘ ਜੀ ਦੇ ਮਹਿਲ ਰਾਜਿੰਦਰ ਕੌਰ ਜੀ ਪ੍ਰਲੋਕ ਸਿਧਾਰ ਗਏ।

ਬਾਬਾ ਜਗਜੀਤ ਸਿੰਘ ਜੀ ਦਾ ਦੂਜਾ ਅਨੰਦ ਬੀਬੀ ਕਰਤਾਰ ਕੌਰ ਸੁਪੁਤਰੀ ਸੰਤ ਸਰਵਣ ਸਿੰਘ ਪਿੰਡ ਬਾਜਾਖਾਨਾ ਰਿਆਸਤ ਫ਼ਰੀਦਕੋਟ ਨਾਲ ਬਸੰਤ ਪੰਚਮੀ ਦੇ ਮੇਲੇ ਉੱਤੇ ਪਿੰਡ ਰੋਡੇ ਜ਼ਿਲ੍ਹਾ ਫ਼ਿਰੋਜ਼ਪੁਰ ਵਿਖੇ 1946 ਵਿੱਚ ਹੋਇਆ। ਵਿਆਹ ਤੋਂ ਪਿਛੋਂ ਆਪ ਜੀ ਦਾ ਨਾਂ ਚੰਦ ਕੌਰ ਰੱਖਿਆ ਗਿਆ।

## ਰਾਜਨੀਤਕ ਤੇ ਸਭਿਆਚਾਰਕ ਸਰਗਰਮੀਆਂ

ਧਾਰਮਿਕ ਕਾਰਜਾਂ ਤੋਂ ਬਿਨਾਂ ਸਤਿਗੁਰੂ ਪਰਤਾਪ ਸਿੰਘ ਜੀ ਨੇ ਸਮਾਜਿਕ ਤੇ ਰਾਜਨੀਤਕ ਕਾਰਜਾਂ ਤੇ ਉਦੇਸ਼ਾਂ ਨੂੰ ਕਦੀ ਵੀ ਅੱਖਾਂ ਤੋਂ ਪਰੋਖੇ ਨਹੀਂ ਸੀ ਕੀਤਾ। ਸਗੋਂ

Namdhari Elibrary NamdhariElibrary@gmail.com

ਸੁਚੇਤ ਰੂਪ ਵਿੱਚ ਆਪਣੇ ਵੱਲੋਂ ਅਤੇ ਨਾਮਧਾਰੀ ਪੰਥ ਵੱਲੋਂ ਭਰਪੂਰ ਯੋਗਦਾਨ ਪਾਇਆ। 1934 ਵਿੱਚ ਭੈਣੀ ਸਾਹਿਬ ਵਿਖੇ ਕੀਤੇ ਗਏ ਗੁਰੂ ਨਾਨਕ ਨਾਮ-ਲੇਵਾ ਸਰਬ-ਸੰਪਰਦਾਵਾਂ ਦੇ ਵਿਸ਼ੇਸ਼ ਸੰਮੇਲਨ ਦੇ ਉਦੇਸ਼ਾਂ ਨੂੰ ਅੱਗੇ ਤੋਂ ਵੀ ਜਾਰੀ ਰੱਖਿਆ। ਭਿੰਨ-ਭਿੰਨ ਸਿੱਖ ਸੰਪਰਦਾਵਾਂ ਦੇ ਵਖੇਵਿਆਂ ਨੂੰ ਦੂਰ ਕਰਕੇ ਇੱਕ ਸੂਤਰ ਵਿੱਚ ਪਰੋਣ ਦੇ ਅਮਲ ਨੂੰ ਸਦਾ ਅੱਗੇ ਤੋਰਿਆ। ਇਸ ਉਦੇਸ਼ ਲਈ 1940 ਦੇ ਦਹਾਕੇ ਵਿੱਚ ਵੀ ਕਈ ਸੰਮੇਲਨ ਕੀਤੇ। ਆਪ ਜੀ ਨੇ ਭਾਰਤ ਦੀ ਕੌਮੀ ਏਕਤਾ ਉੱਤੇ ਸਦਾ ਪਹਿਰਾ ਦਿੱਤਾ। ਜਦੋਂ ਇਹ ਵੇਖਿਆ ਕਿ ਮੁਸਲਮਾਨ ਮੁਹੰਮਦ ਅਲੀ ਜਿਨਾਹ ਦੀ ਅਗਵਾਈ ਵਿੱਚ ਭਾਰਤ ਦੀ ਕੌਮੀ ਏਕਤਾ ਨੂੰ ਭੰਗ ਕਰਕੇ ਮੁਸਲਮਾਨਾਂ ਨੂੰ ਇੱਕ ਵੱਖਰੀ ਕੌਮ ਸਿੱਧ ਕਰਨ ਦਾ ਯਤਨ ਕਰ ਰਹੇ ਹਨ ਤਾਂ ਆਪ ਜੀ ਨੇ ਆਪਣੇ ਉਦੇਸ਼ਾਂ ਅਨੁਸਾਰ ਭਾਰਤ ਦੇ ਸਾਰੇ ਧਰਮਾਂ ਦੀ ਏਕਤਾ ਤੇ ਵਿਸ਼ੇਸ਼ ਕਰਕੇ ਹਿੰਦੂ-ਸਿੱਖ ਏਕਤਾ ਤੇ ਵਧੇਰੇ ਬਲ ਦਿੱਤਾ। ਅੰਗਰੇਜ਼ਾਂ ਦੀ ਕੂਟਨੀਤੀ ਨੇ ਭਾਸ਼ਾ ਦੇ ਪੱਖ ਤੋਂ ਵੀ ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਵਿੱਚ ਪਾੜੇ ਪਾਉਣ ਦਾ ਯਤਨ ਕੀਤਾ। ਅੰਗਰੇਜ਼ੀ ਸਰਕਾਰ ਨੇ ਆਪਣੇ ਰਾਜ-ਕਾਲ ਵਿੱਚ ਪੰਜਾਬ ਦੀ ਖੇਤਰੀ-ਭਾਸ਼ਾ ਪੰਜਾਬੀ ਨੂੰ ਨਜ਼ਰ-ਅੰਦਾਜ਼ ਕਰਕੇ ਹੇਠਲੇ ਪੱਧਰ ਉੱਤੇ ਉਰਦੂ ਅਤੇ ਉਪਰਲੇ ਪੱਧਰ ਉੱਤੇ ਅੰਗਰੇਜ਼ੀ ਨੂੰ ਪ੍ਰਚਲਿਤ ਕੀਤਾ। ਸਕੂਲਾਂ ਤੇ ਕਾਲਜਾਂ ਵਿੱਚ ਉਰਦੂ ਨੂੰ ਮੈਟ੍ਰਿਕ ਤੱਕ ਵਿੱਦਿਆ ਦਾ ਮਾਧਿਅਮ ਬਣਾਇਆ ਗਿਆ ਅਤੇ ਦਸਵੀਂ ਤੋਂ ਪਿਛੋਂ ਕਾਲਜ ਤੇ ਯੂਨੀਵਰਸਿਟੀ ਦੇ ਵਿਸ਼ਿਆਂ ਲਈ ਅੰਗਰੇਜ਼ੀ ਨੂੰ ਮਾਧਿਅਮ ਬਣਾ ਦਿੱਤਾ। ਸਰਕਾਰੀ ਅਦਾਲਤਾਂ ਵਿੱਚ ਵੀ ਉਰਦੂ ਤੇ ਅੰਗਰੇਜ਼ੀ ਦੀ ਹੀ ਵਰਤੋਂ ਕੀਤੀ ਜਾਂਦੀ ਸੀ। ਅੰਗਰੇਜ਼ਾਂ ਦੇ ਰਾਜ-ਕਾਲ ਵਿੱਚ ਪੰਜਾਬ ਦੀ ਮਾਤ-ਭਾਸ਼ਾ ਪੰਜਾਬੀ ਨੂੰ ਸਰਕਾਰੀ ਅਤੇ ਵਿੱਦਿਅਕ ਪੱਧਰ ਉੱਤੇ ਯੋਗ ਸਥਾਨ ਕਦੀ ਵੀ ਨਹੀਂ ਸੀ ਦਿੱਤਾ ਗਿਆ। ਇਨ੍ਹਾਂ ਸਭ ਸਮਾਜਿਕ ਤੇ ਸਭਿਆਚਾਰਕ ਹਕੀਕਤਾਂ ਨੂੰ ਮੁੱਖ ਰੱਖ ਕੇ ਸਤਿਗੁਰੂ ਪਰਤਾਪ ਸਿੰਘ ਜੀ ਨੇ ਸਦਾ ਸੁਮੇਲ ਤੇ ਲੋਕ-ਹਿੱਤਕਾਰੀ ਦ੍ਰਿਸ਼ਟੀਕੋਣ ਨੂੰ ਅਪਨਾਇਆ। ਨਿਰਾ ਅਪਨਾਇਆ ਹੀ ਨਹੀਂ, ਸਗੋਂ ਉਸ ਉੱਤੇ ਪਹਿਰਾ ਦਿੱਤਾ ਅਤੇ ਇਨ੍ਹਾਂ ਕੌਮੀ ਉਦੇਸ਼ਾਂ ਦੇ ਵਾਧੇ ਲਈ ਵੱਖ-ਵੱਖ ਸਮੇਂ ਭਰਪੂਰ ਯਤਨ ਕੀਤੇ।

## ਮਿਲਾਪ ਸੰਮੇਲਨ

20 ਅਕਤੂਬਰ, 1941 ਨੂੰ ਸੋਮਵਾਰ, ਦਿਵਾਲੀ ਵਾਲੇ ਦਿਨ ਮਾਸਟਰ ਤਾਰਾ ਸਿੰਘ ਜੀ ਦੇ ਉੱਦਮ ਨਾਲ ਇੱਕ ਮਿਲਾਪ ਕਾਨਫਰੰਸ ਅੰਮ੍ਰਿਤਸਰ ਵਿਖੇ ਕੀਤੀ ਗਈ, ਜਿਸ ਵਿੱਚ ਸਭ ਪੰਥਾਂ ਦੇ ਸਿੱਖ ਸ਼ਾਮਲ ਹੋਏ। ਨਾਮਧਾਰੀ ਸਿੱਖਾਂ ਵੱਲੋਂ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸ੍ਰ. ਆਤਮਾ ਸਿੰਘ, ਸੰਤ ਨਿਧਾਨ ਸਿੰਘ ਆਲਮ, ਸੰਤ ਇੰਦਰ ਸਿੰਘ ਚੱਕਰਵਰਤੀ ਜੀ ਵੀ ਗਏ। ਉਦਾਸੀਆਂ ਦੇ ਗੁਰੂ ਨਾਨਕ ਜੀ ਦੇ ਡੇਰਿਆਂ ਦੀ ਥਾਂ ਉੱਤੇ ਰਾਇ ਬਹਾਦਰ ਗੋਬਿੰਦ ਦਾਸ ਦੇ ਮੰਦਰ ਬਣਾਉਣ ਦੇ ਫੈਸਲੇ ਨੂੰ ਰੱਦ ਕੀਤਾ ਗਿਆ। ਉਹਨਾਂ ਨੂੰ ਉਦਾਸੀਆਂ ਕੋਲ ਹੀ ਰਹਿਣ ਦੇਣ ਦਾ ਮਤਾ ਪਾਸ ਕੀਤਾ ਗਿਆ। ਦਿਵਾਲੀ ਦਾ ਨਾਮਧਾਰੀ ਸਿੱਖਾਂ ਦਾ ਸੰਮੇਲਨ 19-20 ਅਕਤੂਬਰ ਨੂੰ ਅੰਮ੍ਰਿਤਸਰ ਵਿਖੇ ਤੀਰਥ ਸ਼ਾਹ ਦੇ ਹਾਤੇ ਵਿੱਚ ਕੀਤਾ ਗਿਆ।

Namdhari Elibrary NamdhariElibrary@gmail.com

9 ਨਵੰਬਰ, 1941 ਨੂੰ ਸਿੱਖ ਨੈਸ਼ਨਲ ਕਾਲਜ ਲਾਹੌਰ ਵਿਖੇ ਇੱਕ ਹੋਰ ਅਜਿਹਾ ਸਿੱਖ ਸੰਪਰਦਾਵਾਂ ਤੇ ਆਗੂਆਂ ਦਾ ਵਿਸ਼ੇਸ਼ ਸੰਮੇਲਨ ਹੋਇਆ, ਜਿਸ ਵਿੱਚ ਪ੍ਰਿੰਸੀਪਲ ਨਿਰੰਜਣ ਸਿੰਘ ਤੋਂ ਬਿਨਾਂ ਪ੍ਰਿੰ. ਗੰਗਾ ਸਿੰਘ (ਸ਼ਹੀਦ ਸਿੱਖ ਮਿਸ਼ਨਰੀ ਕਾਲਜ), ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ (ਮੁੱਖ ਸੰਪਾਦਕ 'ਅਕਾਲੀ'), ਸ੍ਰ. ਸਰਦੂਲ ਸਿੰਘ ਕਵੀਸ਼ਰ, ਸ੍ਰ. ਅਵਤਾਰ ਸਿੰਘ ਆਜ਼ਾਦ, ਪ੍ਰਤਾਪ ਸਿੰਘ ਕੈਰੋਂ ਅਤੇ ਕਈ ਹੋਰ ਉੱਘੇ ਨੇਤਾ ਹਾਜ਼ਰ ਸਨ। ਬੀਬੀ ਲੀਲਾਵੰਤੀ ਤੇ ਸ੍ਰ. ਆਤਮਾ ਸਿੰਘ ਦੇ ਨਾਮਧਾਰੀ ਜਥੇ ਵੱਲੋਂ ਆਸਾ ਦੀ ਵਾਰ ਦਾ ਕੀਰਤਨ ਕੀਤਾ ਗਿਆ। ਨਨਕਾਣਾ ਸਾਹਿਬ ਵਾਲੇ ਪ੍ਰਸਿੱਧ ਰਾਗੀ ਭਾਈ ਸਮੁੰਦ ਸਿੰਘ ਵੱਲੋਂ ਵੀ ਕੀਰਤਨ ਕੀਤਾ ਗਿਆ। ਪ੍ਰਿੰ. ਗੰਗਾ ਸਿੰਘ ਨੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਿੱਖਾਂ ਵਿੱਚ ਮੇਲ-ਮਿਲਾਪ ਦੇ ਆਰੰਭ ਕੀਤੇ ਯਤਨਾਂ ਦੀ ਸ਼ਲਾਘਾ ਕੀਤੀ। ਸ੍ਰ. ਆਤਮਾ ਸਿੰਘ ਜੀ ਨੇ ਸਤਿਗੁਰੂ ਪਰਤਾਪ ਸਿੰਘ ਜੀ ਦਾ ਲਿਖਤੀ ਸੰਦੇਸ਼ ਪੜ੍ਹ ਕੇ ਸੁਣਾਇਆ, "ਗੁਰੂ ਨਾਨਕ ਦਾ ਬਾਗ ਖਿੜਿਆ ਦੇਖ ਮੈਨੂੰ ਬਹੁਤ ਪ੍ਰਸੰਨਤਾ ਹੈ।" ਸਤਿਗੁਰੂ ਪਰਤਾਪ ਸਿੰਘ ਜੀ ਵੱਲੋਂ ਇੱਕ ਹਜ਼ਾਰ ਰੁਪਇਆ ਸੰਮੇਲਨ ਲਈ ਅਤੇ ਢਾਈ ਸੌ ਰੁਪਇਆ ਕਾਲਜ ਦੇ ਲੰਗਰ ਲਈ ਭੇਟ ਕੀਤਾ ਗਿਆ।

1942 ਈ. ਦੇ ਹੋਲੇ ਦਾ ਪੁਰਬ 30 ਮਾਰਚ ਤੋਂ ਲੈ ਕੇ 2 ਅਪ੍ਰੈਲ ਤੱਕ ਸ੍ਰੀ ਭੈਣੀ ਸਾਹਿਬ ਵਿਖੇ ਮਨਾਇਆ ਗਿਆ। ਇਹ ਸਮਾਗਮ ਵੀ ਸਰਬ ਸੰਪਰਦਾਵਾਂ ਦੇ ਮੇਲ-ਮਿਲਾਪ ਨੂੰ ਮੁੱਖ ਰੱਖ ਕੇ ਬੁਲਾਇਆ ਗਿਆ ਸੀ। ਇਸ ਵਿੱਚ ਵੀ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਪੁੱਜੀਆਂ ਸਨ। ਸੰਤ ਨਿਧਾਨ ਸਿੰਘ ਆਲਮ ਨੇ ਸੁਆਗਤੀ ਭਾਸ਼ਣ 'ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵਲਾਇ' ਦੇ ਗੁਰਬਾਣੀ ਦੇ ਸ਼ਬਦਾਂ ਨਾਲ ਆਰੰਭ ਕੀਤਾ ਅਤੇ ਆਪਣੇ ਲੰਮੇ ਸੁਆਗਤੀ ਭਾਸ਼ਣ ਵਿੱਚ ਮੇਲ-ਮਿਲਾਪ ਦੇ ਉਦੇਸ਼ਾਂ ਉੱਤੇ ਵਿਸਥਾਰ ਨਾਲ ਪ੍ਰਕਾਸ਼ ਪਾਇਆ।

ਤਾਰਾ ਸਿੰਘ ਅਨਜਾਣ ਦੇ ਸ਼ਬਦਾਂ ਵਿੱਚ, ''ਨਾਮਧਾਰੀ ਦਿਵਾਨ ਤਾਂ ਚਿੱਟੀ ਚਾਦਰ ਹੀ ਹੁੰਦਾ ਸੀ, ਪਰ ਕਾਨਫਰੰਸ ਤਾਂ ਰੰਗ ਬਿਰੰਗੀ ਫੁਲਕਾਰੀ ਹੁੰਦੀ ਸੀ।'

ਰਾਸ਼ਟਰੀ ਪੱਧਰ ਉੱਤੇ ਵੀ ਉੱਘੇ ਕਾਨੂੰਨਦਾਨ ਸ੍ਰੀ ਕੇ.ਐਮ. ਮੁਨਸ਼ੀ ਅਤੇ ਸੇਠ ਜੁਗਲ ਕਿਸ਼ੋਰ ਬਿਰਲਾ ਨੇ ਕੌਮੀ ਏਕਤਾ ਦੇ ਯਤਨ ਸ਼ੁਰੂ ਕੀਤੇ ਸਨ। ਉਹਨਾਂ ਨੇ 20 ਮਾਰਚ, 1943 ਨੂੰ ਸ੍ਰੀ ਭੈਣੀ ਸਾਹਿਬ ਦੀ ਯਾਤਰਾ ਕੀਤੀ ਅਤੇ ਇਥੋਂ ਜਾ ਕੇ ਆਪਣੇ ਪੱਤਰ 'ਸੋਸ਼ਲ ਵੈਲਫੇਅਰ' ਵਿੱਚ ਆਪਣੇ ਪ੍ਰਤੀਕਰਮ ਇਸ ਤਰ੍ਹਾਂ ਪ੍ਰਗਟਾਇ ''ਅੱਜ ਤੀਕ ਅਸੀਂ ਵੈਦਿਕ ਰਿਸ਼ੀਆਂ ਦੇ ਆਸ਼ਰਮਾਂ ਦਾ ਹਾਲ ਪੜ੍ਹਦੇ ਹੀ ਆਏ ਸਾਂ ਪਰ ਅੱਖੀਂ ਵੇਖਣ ਦਾ ਸੁਭਾਗ ਪ੍ਰਾਪਤ ਨਹੀਂ ਸੀ ਹੋਇਆ। ਸ੍ਰੀ ਭੈਣੀ ਸਾਹਿਬ ਆ ਕੇ ਸਾਡੀ ਉਹ ਸੱਧਰ ਪੂਰੀ ਹੋ ਗਈ। ਸ੍ਰੀ ਭੈਣੀ ਸਾਹਿਬ ਦੇ ਕੱਚੇ ਕੋਠੇ ਤੇ ਘਾਸ-ਫੂਸ ਦੇ ਛੱਪਰ ਅੱਜ ਦੇ ਮਾਦਾ-ਪਰਸਤ ਸਰਮਾਏਦਾਰੀ ਦੇ ਜੁਗ ਵਿੱਚ ਵੀ ਆਪਣੀ ਇੱਕ ਵੱਖਰੀ ਸ਼ਾਨ ਰੱਖਦੇ ਹਨ, ਜਿਨ੍ਹਾਂ ਨੂੰ ਵੇਖ ਕੇ ਚਟਕੀਲੇ-ਭਟਕੀਲੇ ਮੰਦਰ ਸ਼ਰਮਸਾਰ ਪਏ ਹੁੰਦੇ ਹਨ।'

ਸੰਤ 'ਚੱਕ੍ਰਵਰਤੀ' ਅਨੁਸਾਰ ਜਦੋਂ ਸੇਠ ਜੁਗਲ ਕਿਸ਼ੋਰ ਬਿਰਲਾ ਨੇ ਸ੍ਰੀ ਭੈਣੀ

---

[1] ਸੰਤ ਇੰਦਰ ਸਿੰਘ 'ਚੱਕ੍ਰਵਰਤੀ' 'ਅੱਟਲ-ਪ੍ਰਤਾਪੀ', ਪੰਨਾ 33.

Namdhari Elibrary NamdhariElibrary@gmail.com

ਸਾਹਿਬ ਵਿਖੇ ਲੱਖਾਂ ਰੁਪਇਆ ਖਰਚ ਕੇ ਉੱਚਾ ਮੰਦਰ ਦੇ ਨਿਰਮਾਣ ਕਰਨ ਲਈ ਬੇਨਤੀ ਕੀਤੀ ਤਾਂ ਸਤਿਗੁਰੂ ਪਰਤਾਪ ਸਿੰਘ ਜੀ ਦਾ ਉੱਤਰ ਸੀ : 'ਚੱਕ੍ਰਵਰਤੀ ਜੀ! ਸੋਨੇ ਦੇ ਮੰਦਰ ਨਾਲੋਂ ਮੈਨੂੰ ਇਹਨਾਂ ਕੱਚਿਆਂ ਕੋਠਿਆਂ ਤੇ ਛੱਪਰਾਂ 'ਤੇ ਬਹੁਤਾ ਮਾਣ ਹੈ।'

## ਮਾਤ-ਭਾਸ਼ਾ ਪੰਜਾਬੀ ਦੇ ਵਿਕਾਸ ਲਈ ਵਿਸ਼ੇਸ਼ ਯੋਗਦਾਨ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਸਵਦੇਸ਼ੀ ਭਾਸ਼ਾਵਾਂ ਲਈ ਵਿਸ਼ੇਸ਼ ਸਨੇਹ ਦਰਸਾਇਆ ਅਤੇ ਜਨ-ਸਮੂਹ ਨੂੰ 'ਬੋਲੀ ਅਵਰ ਤੁਮਾਰੀ' ਦਾ ਤਾਅਨਾ ਵੀ ਦਿੱਤਾ। ਮੁਗਲ-ਕਾਲ ਵਿੱਚ ਦਸ ਗੁਰੂ ਸਾਹਿਬਾਨ ਨੇ ਪੰਜਾਬੀ ਅਤੇ ਸੁਦੇਸ਼ੀ ਭਾਸ਼ਾਵਾਂ ਦੇ ਵਾਧੇ ਲਈ ਅਨੇਕ ਯਤਨ ਕੀਤੇ ਅਤੇ ਸੁਦੇਸ਼ੀ ਭਾਸ਼ਾਵਾਂ ਦੀਆਂ ਨੀਹਾਂ ਪੱਕੀਆਂ ਕੀਤੀਆਂ। ਸਤਿਗੁਰੂ ਰਾਮ ਸਿੰਘ ਜੀ ਨੇ ਵੀ ਗੁਰਮੁਖੀ ਅੱਖਰਾਂ ਨੂੰ ਪੜ੍ਹਨ ਪੜ੍ਹਾਉਣ ਅਤੇ ਪੰਜਾਬੀ ਭਾਸ਼ਾ ਨੂੰ ਨਿਵਾਜਿਆ। ਪੰਜਾਬੀ ਤੇ ਸੁਦੇਸ਼ੀ ਭਾਸ਼ਾਵਾਂ ਦੇ ਕਈ ਸਾਹਿਤਕਾਰ ਸਤਿਗੁਰੂ ਸਾਹਿਬਾਨ ਦੇ ਹਜ਼ੂਰੀ ਰਤਨ ਬਣੇ ਰਹੇ। ਹਰ ਸਮੇਂ ਗੁਰੂ ਸਾਹਿਬਾਨ ਦੇ ਨਿਕਟਵਰਤੀ ਮੰਡਲ ਵਿੱਚ ਉੱਚ ਕੋਟੀ ਦੇ ਸਾਹਿਤਕਾਰ ਗੁਰੂ-ਘਰ ਦੀ ਸਰਪ੍ਰਸਤੀ ਪ੍ਰਾਪਤ ਕਰਦੇ ਰਹੇ। ਸਤਿਗੁਰੂ ਪਰਤਾਪ ਸਿੰਘ ਜੀ ਨੇ ਵੀ ਆਪਣੇ ਗੁਰੂ-ਕਾਲ ਵਿੱਚ ਗੁਰੂ ਸਾਹਿਬਾਨ ਵੱਲੋਂ ਅਪਣਾਈ ਗਈ ਏਸੇ ਰੀਤੀ ਨੂੰ ਅੱਗੇ ਤੋਰਿਆ। ਜਦੋਂ ਅੰਗਰੇਜ਼ੀ ਰਾਜ-ਕਾਲ ਦੌਰਾਨ ਪੰਜਾਬ ਦੀ ਮਾਤ ਭਾਸ਼ਾ ਪੰਜਾਬੀ ਦਾ ਸਦਾ ਨਿਰਾਦਰ ਕੀਤਾ ਜਾਂਦਾ ਰਿਹਾ ਤੇ ਪੰਜਾਬੀ ਨੂੰ, ਜੋ ਉਸਦਾ ਅਧਿਕਾਰ ਸੀ, ਉਹ ਸਥਾਨ ਨਾ ਮਿਲਿਆ ਤਾਂ ਸਤਿਗੁਰੂ ਪਰਤਾਪ ਸਿੰਘ ਜੀ ਨੇ ਇਸ ਬੰਨੇ ਉਚੇਚਾ ਧਿਆਨ ਦਿੱਤਾ ਅਤੇ ਕਈ ਸਮਾਗਮ ਮਾਤ-ਭਾਸ਼ਾ ਪੰਜਾਬੀ ਦੇ ਵਾਧੇ ਲਈ ਕੀਤੇ। ਉਂਜ ਤਾਂ ਹਰ ਸਾਲ ਹੋਲੇ ਦੇ ਪੁਰਬ ਉੱਤੇ ਕੀਤੇ ਜਾਂਦੇ ਕਵੀ ਦਰਬਾਰ ਅਤੇ 'ਸਤਿਜੁਗ' ਵਰਗੇ ਸਪਤਾਹਿਕ ਪੱਤਰ ਵੱਲੋਂ ਲਗਾਤਾਰ ਪੰਜਾਬੀ ਭਾਸ਼ਾ ਦੇ ਵਾਧੇ ਲਈ ਪ੍ਰਚਾਰ ਕੀਤਾ ਜਾਂਦਾ ਰਿਹਾ। ਪਰ ਏਥੇ ਮਹੱਤਵਪੂਰਨ ਸਮਾਗਮਾਂ ਦਾ ਹੀ ਜ਼ਿਕਰ ਕੀਤਾ ਜਾਵੇਗਾ।

## ਸ਼ਿਮਲਾ ਵਿਖੇ ਪੰਜਾਬੀ ਕਾਨਫਰੰਸ

6 ਸਤੰਬਰ, 1942 ਨੂੰ ਸ਼ਿਮਲਾ ਵਿਖੇ ਪੰਜਾਬੀ ਭਾਸ਼ਾ ਦੀ ਉੱਨਤੀ ਲਈ ਕਾਨਫਰੰਸ ਕੀਤੀ ਗਈ। ਇਸ ਪੰਜਾਬੀ ਸੰਮੇਲਨ ਦੇ ਪ੍ਰਧਾਨ ਭਾਈ ਅਰਜਨ ਸਿੰਘ ਬਾਗੜੀਆਂ ਅਤੇ ਸਟੇਜ ਸਕੱਤਰ ਪ੍ਰੋ. ਅਬਦੁਲ ਮਜੀਦ ਖਾਂ ਸਨ। ਪੰਜਾਬ ਦੇ ਬਹੁਤ ਸਾਰੇ ਉੱਘੇ ਕਵੀ ਇਸ ਸਮਾਗਮ 'ਤੇ ਪੁੱਜੇ, ਜਿਨ੍ਹਾਂ ਵਿੱਚ ਸਰਵਸ੍ਰੀ ਡਾ. ਫ਼ਕੀਰ ਮੁਹੰਮਦ, ਅਵਤਾਰ ਸਿੰਘ ਆਜ਼ਾਦ, ਅਵਤਾਰ ਸਿੰਘ ਦਲੇਰ, ਲਾਲਾ ਸੁੰਦਰ ਦਾਸ ਆਸੀ, ਫੀਰੋਜ਼ਦੀਨ ਸ਼ਰਫ, ਕਰਤਾਰ ਸਿੰਘ ਬਲੱਗਣ, ਬਲਦੇਵ ਰਾਜ ਬੇਕਲ, ਉਸਤਾਦ ਦਾਮਨ, ਸਾਧੂ ਸਿੰਘ ਹਮਦਰਦ ਆਦਿ ਸਨ। ਪੰਜ ਘੰਟੇ ਲਗਾਤਾਰ ਇਨ੍ਹਾਂ ਕਵੀਆਂ ਨੇ ਕਵੀ ਦਰਬਾਰ ਦੀ ਸ਼ੋਭਾ ਨੂੰ ਵਧਾਇਆ ਅਤੇ ਸਰੋਤਿਆਂ ਨੂੰ ਕੀਲੀ ਰੱਖਿਆ।

ਮਾਤ-ਭਾਸ਼ਾ ਪੰਜਾਬੀ ਦੇ ਵਾਧੇ ਲਈ ਪ੍ਰੋ. ਗੰਗਾ ਸਿੰਘ, ਮਹਾਸ਼ਾ ਖੁਸ਼ਹਾਲ ਚੰਦ, ਸ੍ਰ. ਆਤਮਾ ਸਿੰਘ, ਸੰਤ ਇੰਦਰ ਸਿੰਘ ਚੱਕ੍ਰਵਰਤੀ, ਕਰਤਾਰ ਸਿੰਘ ਦੀਵਾਨਾ, ਗਿਆਨੀ

ਕਰਤਾਰ ਸਿੰਘ ਆਦਿ ਨੇ ਭਾਸ਼ਣ ਦਿੱਤੇ।

ਇਸ ਸੰਮੇਲਨ ਵਿੱਚ ਤਿੰਨ ਮਤੇ ਪ੍ਰਵਾਨ ਕੀਤੇ ਗਏ, ਜਿਨ੍ਹਾਂ ਵਿੱਚ ਦਿੱਲੀ ਅਤੇ ਲਾਹੌਰ ਰੇਡੀਓ ਸਟੇਸ਼ਨਾਂ ਉੱਤੇ ਪੰਜਾਬੀ ਦੇ ਪ੍ਰੋਗਰਾਮਾਂ ਨੂੰ ਯੋਗ ਸਥਾਨ ਦਿਵਾਉਣਾ; ਪੰਜਾਬ ਦੇ ਸਕੂਲਾਂ ਅਤੇ ਕਾਲਜਾਂ ਦੇ ਪਾਠਕ੍ਰਮ ਵਿੱਚ ਪੰਜਾਬੀ ਭਾਸ਼ਾ ਨੂੰ ਉਚਿਤ ਸਥਾਨ ਦਿਵਾਉਣਾ ਅਤੇ ਸਰਕਾਰੀ ਤੌਰ ਤੇ ਉਨ੍ਹਾਂ ਅਫਸਰਾਂ ਤੇ ਕਰਮਚਾਰੀਆਂ ਨੂੰ ਨਿਯੁਕਤ ਕਰਨਾ ਜੋ ਪੰਜਾਬੀ ਭਾਸ਼ਾ ਨੂੰ ਸਰਕਾਰੇ ਦਰਬਾਰੇ ਯੋਗ ਸਥਾਨ ਦਿਵਾ ਸਕਣ।

ਇਸ ਸੰਮੇਲਨ ਵਿੱਚ ਅਗਾਮੀ ਦੁਸਹਿਰੇ ਦੇ ਅਵਸਰ ਉੱਤੇ ਸ੍ਰੀ ਭੈਣੀ ਸਾਹਿਬ ਵਿਖੇ ਵਿਸ਼ਾਲ ਪੰਜਾਬੀ ਕਾਨਫਰੰਸ ਕਰਨ ਦਾ ਵੀ ਐਲਾਨ ਕੀਤਾ ਗਿਆ।

## ਸ੍ਰੀ ਭੈਣੀ ਸਾਹਿਬ ਦਾ ਬਹੁਮੰਤਵੀ ਵਿਸ਼ਾਲ ਸਮਾਗਮ

1-2 ਕੱਤਕ 1942 ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਵਿਸ਼ਾਲ ਸਮਾਗਮ ਕੀਤਾ ਗਿਆ, ਜੋ ਪੰਜਾਬੀ ਭਾਸ਼ਾ ਦੀ ਉੱਨਤੀ ਦੇ ਨਾਲ-ਨਾਲ ਬਹੁਮੰਤਵੀ ਸਮਾਗਮ ਹੋ ਕੇ ਸਿਰੇ ਚੜ੍ਹਿਆ। ਤਰਨ ਸਿੰਘ ਵਹਿਮੀ ਅਨੁਸਾਰ ਇਸ ਸਮਾਗਮ ਵਿੱਚ 40 ਤੋਂ 50 ਹਜ਼ਾਰ ਦੀ ਗਿਣਤੀ ਵਿੱਚ ਸੰਗਤਾਂ ਦਾ ਵੱਡਾ ਇਕੱਠ ਹੋਇਆ। ਇਸ ਪੰਜਾਬੀ ਕਾਨਫਰੰਸ ਦੀ ਪ੍ਰਧਾਨਗੀ ਪੰਜਾਬ ਸਰਕਾਰ ਦੇ ਵਜ਼ੀਰ ਸ੍ਰ. ਬਲਦੇਵ ਸਿੰਘ ਨੇ ਕੀਤੀ। ਸ੍ਰ. ਆਤਮਾ ਸਿੰਘ ਨੇ ਸੁਆਗਤੀ ਭਾਸ਼ਣ ਪੜ੍ਹਿਆ ਅਤੇ ਸਮਾਗਮ ਦੇ ਉਦੇਸ਼ਾਂ ਉੱਤੇ ਪ੍ਰਕਾਸ਼ ਪਾਇਆ। ਪੰਜਾਬੀ ਭਾਸ਼ਾ ਨੂੰ ਰੇਡੀਓ ਦੇ ਪ੍ਰਸਾਰਨ ਵਿੱਚ ਉਚਿਤ ਸਥਾਨ ਦੇਣ ਲਈ ਅਤੇ ਸਕੂਲਾਂ ਕਾਲਜਾਂ ਦੇ ਪਾਠਕ੍ਰਮ ਵਿੱਚ ਪੰਜਾਬੀ ਨੂੰ ਬਣਦਾ ਸਥਾਨ ਦੇਣ ਲਈ ਮਤੇ ਪਾਸ ਕੀਤੇ ਗਏ। ਪੰਜਾਬੀ ਭਾਸ਼ਾ ਦੀ ਉੱਨਤੀ ਅਤੇ ਸਰਬ ਧਰਮਾਂ ਦੇ ਮੇਲ-ਮਿਲਾਪ ਲਈ ਬੁਲਾਏ ਗਏ ਇਸ ਸਮਾਗਮ ਵਿੱਚ ਜਨਤਾ ਦੇ ਹਰ ਤਬਕੇ ਦੀ ਪ੍ਰਤੀਨਿਧਤਾ ਕਰਨ ਵਾਲੀਆਂ ਕਈ ਉੱਘੀਆਂ ਹਸਤੀਆਂ ਨੇ ਦਰਸ਼ਨ ਦਿੱਤੇ, ਜਿਨ੍ਹਾਂ ਵਿੱਚੋਂ ਕੁਝ ਸੱਜਣ ਸਰਵਸ੍ਰੀ ਅਰਜਨ ਸਿੰਘ ਬਾਗੜੀਆਂ, ਪ੍ਰਿੰ. ਜੋਧ ਸਿੰਘ, ਬਾਵਾ ਗੁਰਮੁਖ ਸਿੰਘ, ਗਿਆਨੀ ਤੇਜਾ ਸਿੰਘ ਨਿਰਮਲ ਮਹਾਂ ਮੰਡਲ, ਪ੍ਰਿੰ. ਗੰਗਾ ਸਿੰਘ (ਸ਼ਹੀਦ ਸਿੱਖ ਮਿਸ਼ਨਰੀ ਕਾਲਜ), ਪ੍ਰੋ. ਤੇਜਾ ਸਿੰਘ, ਪ੍ਰੋ. ਅਬਦੁਲ ਮਜੀਦ ਖਾਂ, ਲਾਲਾ ਧਨੀ ਰਾਮ ਚਾਤ੍ਰਿਕ, ਸ੍ਰੀ ਰਣਬੀਰ ਆਰੀਆ ਸਮਾਜ ਦੇ ਪ੍ਰਤੀਨਿਧ ਵਜੋਂ, ਮਹੰਤ ਸੁੰਦਰ ਦਾਸ ਸਿਆਲਕੋਟੀ, ਮਿ. ਦੇ. ਪ੍ਰਸਾਦਿ ਈਸਾਈ ਭਾਈਚਾਰੇ ਵੱਲੋਂ ਸ਼ਾਮਲ ਹੋਏ। ਇਨ੍ਹਾਂ ਤੋਂ ਬਿਨਾਂ ਹੋਰ ਬਹੁਤ ਸਾਰੇ ਭੇਖਾਂ ਦੇ ਆਗੂ, ਅਖ਼ਬਾਰਾਂ ਦੇ ਐਡੀਟਰ, ਸਕੂਲਾਂ ਕਾਲਜਾਂ ਦੇ ਅਧਿਆਪਕ, ਪ੍ਰੋਫੈਸਰ ਤੇ ਪ੍ਰਿੰਸੀਪਲ ਅਤੇ ਹੋਰ ਅਣਗਿਣਤ ਸੱਜਣ ਪੰਜਾਬੀ ਭਾਸ਼ਾ ਦੇ ਪਿਆਰ ਅਤੇ ਸਭ ਧਰਮਾਂ ਦੇ ਮੇਲ-ਮਿਲਾਪ ਦੇ ਉਦੇਸ਼ ਨੂੰ ਮੁੱਖ ਰੱਖ ਕੇ ਹਾਜ਼ਰੀ ਭਰਨ ਆਏ।

ਪਹਿਲੇ ਸੈਸ਼ਨ ਵਿੱਚ ਉੱਘੇ ਬੁਲਾਰਿਆਂ ਦੇ ਭਾਸ਼ਣਾਂ ਪਿਛੋਂ ਇਹ ਮਤਾ ਪਾਸ ਕੀਤਾ ਗਿਆ ਕਿ 'ਪੰਜਾਬੀ ਸਕੂਲਾਂ ਕਾਲਜਾਂ ਵਿੱਚ ਪੜ੍ਹਾਈ ਜਾਵੇ, ਕਚਹਿਰੀਆਂ ਵਿੱਚ ਪੰਜਾਬੀ ਵਰਤੀ ਜਾਵੇ ਅਤੇ ਪੰਜਾਬ ਦੇ ਲਾਹੌਰ ਰੇਡੀਓ ਸਟੇਸ਼ਨ ਉੱਤੇ ਪੰਜਾਬੀ ਹੀ ਬੋਲੀ ਜਾਵੇ।'

2 ਕੱਤਕ ਨੂੰ ਅੰਮ੍ਰਿਤ ਵੇਲੇ ਦੇ ਸਵੇਰ ਦੇ ਦੀਵਾਨ ਪਿਛੋਂ ਗੁਰੂ ਗ੍ਰੰਥ ਸਾਹਿਬ ਦੀਆਂ

84 ਬੀੜਾਂ ਦਾ ਪ੍ਰਕਾਸ਼ ਕਰਕੇ ਅਤੇ ਦਸਮ ਗ੍ਰੰਥਾਂ ਦਾ ਪ੍ਰਕਾਸ਼ ਕਰਕੇ ਇੱਕ ਲੱਖ ਸਤਾਈ ਹਜ਼ਾਰ ਪਾਠ ਆਦਿ ਗ੍ਰੰਥ ਸਾਹਿਬ ਦੇ ਅਤੇ ਦਸਮ ਗ੍ਰੰਥ ਦੇ 31 ਪਾਠਾਂ ਦੇ ਵਿਧੀ ਪੂਰਵਕ ਭੋਗ ਪਾਏ ਗਏ। ਆਦਿ ਗ੍ਰੰਥ ਸਾਹਿਬ ਦੇ ਪਾਠ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ ਕੀਤੇ ਗਏ ਸਨ। ਤਰਨ ਸਿੰਘ ਵਹਿਮੀ ਅਨੁਸਾਰ ਇਹ ਦ੍ਰਿਸ਼ ਬੜਾ ਆਲੌਕਿਕ ਅਤੇ ਯਾਦਗਾਰੀ ਪ੍ਰਭਾਵ ਪਾਉਣ ਵਾਲਾ ਸੀ। 2 ਕੱਤਕ ਦੇ ਸ਼ਾਮ ਦੇ ਸੈਸ਼ਨ ਦੀ ਪ੍ਰਧਾਨਗੀ ਪ੍ਰਿੰ. ਜੋਧ ਸਿੰਘ ਨੇ ਕੀਤੀ, ਜਿਸ ਵਿੱਚ ਪ੍ਰਿੰ. ਗੰਗਾ ਸਿੰਘ, ਪ੍ਰੋ. ਤੇਜਾ ਸਿੰਘ, ਬਾਵਾ ਗੁਰਮੁਖ ਸਿੰਘ ਨੇ ਤਕਰੀਰਾਂ ਕੀਤੀਆਂ। ਏਸੇ ਸੈਸ਼ਨ ਵਿੱਚ ਦੋ ਮਤੇ ਪ੍ਰਵਾਨ ਕੀਤੇ ਗਏ, ਜਿਨ੍ਹਾਂ ਵਿੱਚ ਪਹਿਲਾ ਪ੍ਰੋ. ਅਬਦੁਲ ਮਜੀਦ ਖਾਂ ਵੱਲੋਂ ਪੇਸ਼ ਕੀਤਾ ਗਿਆ ਕਿ 'ਪੰਜਾਬੀ ਬੋਲੀ ਨੂੰ ਉੱਨਤੀ ਤੇ ਏਕਤਾ ਦਾ ਵਸੀਲਾ ਬਣਾਇਆ ਜਾਵੇ'। ਇਸ ਮਤੇ ਦੀ ਪ੍ਰੋੜ੍ਹਤਾ ਪੰਜਾਬੀ ਦੇ ਪ੍ਰਸਿੱਧ ਕਵੀ ਲਾਲਾ ਧਨੀ ਰਾਮ ਚਾਤ੍ਰਿਕ ਨੇ ਕੀਤੀ।

ਦੂਜਾ ਮਤਾ ਪ੍ਰਿੰ. ਤੇਜਾ ਸਿੰਘ ਵੱਲੋਂ ਪੇਸ਼ ਕੀਤਾ ਗਿਆ, ਜਿਸ ਦਾ ਸਾਰ ਸੀ ਕਿ 'ਹਰ ਸ਼ਹਿਰ ਵਿੱਚ ਇਸੇ ਤਰ੍ਹਾਂ ਦੇ ਸਮਾਗਮ ਸਭ ਧਰਮਾਂ ਦੇ ਮੇਲ-ਮਿਲਾਪ ਨੂੰ ਮੁੱਖ ਰੱਖ ਕੇ ਕੀਤੇ ਜਾਣ' ਇਸ ਮਤੇ ਦੀ ਪ੍ਰੋੜ੍ਹਤਾ ਸੰਤ ਨਿਧਾਨ ਸਿੰਘ ਆਲਮ ਨੇ ਕੀਤੀ।

## ਸਰਬ-ਧਰਮ ਪ੍ਰਾਰਥਨਾ

ਇਸ ਵਿਸ਼ੇਸ਼ ਸਮਾਗਮ ਦਾ ਇੱਕ ਹੋਰ ਮੁੱਖ ਉਦੇਸ਼ ਸਭ ਧਰਮਾਂ ਦਾ ਮੇਲ-ਮਿਲਾਪ ਸੀ। ਇਹ ਮਤਾ ਪ੍ਰਵਾਨ ਕੀਤਾ ਗਿਆ ਕਿ ਹਰ ਧਰਮ ਦੇ ਮੰਨਣ ਵਾਲੇ ਆਪਣੇ-ਆਪਣੇ ਧਰਮ ਦਾ ਮੰਡਨ ਰੂਪ ਵਿੱਚ ਪ੍ਰਚਾਰ ਕਰਨ ਅਤੇ ਕਿਸੇ ਹੋਰ ਧਰਮ ਦਾ ਖੰਡਨ ਜਾਂ ਨਿੰਦਾ ਨਾ ਕੀਤੀ ਜਾਵੇ। ਭਾਰਤ ਦੇ ਧਰਮਾਂ ਵਿੱਚ ਸੰਸਕ੍ਰਿਤਿਕ ਤੌਰ ਤੇ ਸਰਬ ਧਰਮ ਸਮ-ਭਾਵ ਨੂੰ ਮੁੱਖ ਰੱਖਿਆ ਗਿਆ ਹੈ। ਸਭ ਧਰਮ ਆਪਣੀ-ਆਪਣੀ ਥਾਂ ਗੁਣਕਾਰੀ ਹਨ ਅਤੇ ਸਰਵ ਧਰਮਾਂ ਦਾ ਪਰਸਪਰ ਸਹਿਚਾਰ ਭਾਰਤ ਦੇ ਅਧਿਆਤਮਕ ਸਭਿਆਚਾਰ ਦਾ ਮੁੱਖ ਆਦਰਸ਼ ਸਦੀਆਂ ਤੋਂ ਹੀ ਰਿਹਾ ਹੈ।

ਸਤਿਗੁਰੂ ਪਰਤਾਪ ਸਿੰਘ ਜੀ ਦੀ ਅਗਵਾਈ ਵਿੱਚ ਹੋਏ ਇਸ ਅਦੁੱਤੀ ਏਕਤਾ ਸੰਮੇਲਨ ਦੀ ਸਮਾਪਤੀ ਸਰਬ-ਧਰਮ ਪ੍ਰਾਰਥਨਾ ਦੇ ਰੂਪ ਵਿੱਚ ਹੋਈ ਜੋ ਆਪਣੇ ਆਪ ਵਿੱਚ ਇੱਕ ਨਿਵੇਕਲੀ ਪਰੰਪਰਾ ਸੀ।

"[1]ਪ੍ਰੋ. ਅਬਦੁਲ ਮਜੀਦ ਖਾਂ ਨੇ ਮੁਸਲਮਾਨੀ ਤਰੀਕੇ ਨਾਲ 'ਬਿਸਮਿਲਾ', ਤੋਂ ਸ਼ੁਰੂ ਕੀਤੀ ਅਤੇ ਮਿ. ਏ. ਪ੍ਰਸਾਦ ਨੇ 'ਹੇ ਖੁਦਾਵੰਦ ਤੇਰੀ ਪਾਕ ਰੂਹ' ਤੋਂ ਦੁਆ ਸ਼ੁਰੂ ਕੀਤੀ, ਰਣਬੀਰ ਜੀ ਨੇ ਆਰੀਆ ਸਮਾਜੀ ਤਰੀਕੇ ਨਾਲ 'ਓਮ' ਤੋਂ ਪ੍ਰਾਰਥਨਾ ਸ਼ੁਰੂ ਕੀਤੀ; ਪ੍ਰਿੰ. ਜੋਧ ਸਿੰਘ ਨੇ ਸਿੱਖ ਧਰਮ ਮਰਿਯਾਦਾ ਅਨੁਸਾਰ, "ਤੂੰ ਠਾਕੁਰ ਤੁਮ ਪਹਿ ਅਰਦਾਸਿ" ਤੋਂ ਅਰਦਾਸ ਸ਼ੁਰੂ ਕੀਤੀ।"

ਇਸ ਪ੍ਰਕਾਰ ਦੋ ਦਿਨ ਦਾ ਇਹ ਸ਼ਾਨਦਾਰ ਸਮਾਗਮ ਸਤਿਗੁਰੂ ਪਰਤਾਪ ਸਿੰਘ ਜੀ ਦੇ ਉਦਾਰਤਾ ਪੂਰਵਕ ਧਾਰਮਿਕ ਦ੍ਰਿਸ਼ਟੀਕੋਣ ਅਤੇ ਸਮਾਜਿਕ ਤੌਰ ਤੇ ਕੌਮੀ ਏਕਤਾ

---

[1] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ ਤੀਜਾ, ਪੰਨਾ 248.

Namdhari Elibrary NamdhariElibrary@gmail.com

ਦੀ ਭਾਵਨਾ ਦੀ ਪ੍ਰਤੱਖ ਰੂਪ ਵਿੱਚ ਸ਼ਾਹਦੀ ਭਰਦਾ ਹੈ।

ਸੰਤ ਤਰਨ ਸਿੰਘ ਵਹਿਮੀ ਨੇ ਪੁਸਤਕ *ਜਸ ਜੀਵਨ* ਵਿੱਚ ਦੋ ਘਟਨਾਵਾਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਤੋਂ ਸਤਿਗੁਰੂ ਪਰਤਾਪ ਸਿੰਘ ਜੀ ਦੇ ਨਿੱਜੀ ਜੀਵਨ-ਚਰਿੱਤਰ ਦੇ ਨਿਰਸਵਾਰਥੀ ਤੇ ਪਰਮਾਰਥੀ ਦ੍ਰਿਸ਼ਟੀਕੋਣ ਦਾ ਪਤਾ ਲੱਗਦਾ ਹੈ। [1]"ਕੋਟ ਦੇ ਜਥੇਦਾਰ ਮੰਗਲ ਸਿੰਘ 500 ਮੱਥਾ ਟੇਕਿਆ। ਝੱਟ ਬਾਅਦ ਇੱਕ ਰੋਗ ਦੀ ਦਵਾਈ ਮੰਗੀ ਤਾਂ ਸਤਿਗੁਰੂ ਜੀ ਕਿਹਾ ਪੈਸੇ ਚੁੱਕ ਲੈ। ਉਹ ਚੁੱਪ ਕਰ ਰਿਹਾ।" [2]"ਸਤਿਗੁਰੂ ਜੀ ਨਨਕਾਣੇ ਚੁਬਾਰੇ ਤੇ ਖੜੇ ਦੇਖਦੇ ਸੀ, ਇੱਕ ਸੋਧੀ ਨੇ ਇੱਕ ਯੁਵਤੀ ਨੂੰ ਧੱਕਾ ਮਾਰਿਆ। ਉਹ ਚਿੱਕੜ ਵਿੱਚ ਡਿੱਗ ਪਈ। ਸਤਿਗੁਰੂ ਜੀ ਉਥੋਂ ਹੀ ਤੇਜ਼ੀ ਨਾਲ ਬੋਲ ਝਿੜਕਿਆ ਤੇ ਕੋਲ ਸੱਦ ਕਿਹਾ, ਉਸ ਦੇ ਕੱਪੜੇ ਧੋ ਕੇ ਦੇ ਤੇ ਮਾਫ਼ੀ ਮੰਗ ਉਸ ਤੋਂ। ਚੰਡਾਲ ਨੂੰ ਨਾਲ ਲੈ ਸੋਧੀ ਬਣਿਆ ਫਿਰਦਾ ਹੈਂ। ਕੁਝ ਸੋਚ ਕਰ, ਸੋਧ ਦਾ ਅਰਥ ਕੀ ਹੈ? ਤੂੰ ਭਾਰੀ ਭੁੱਲ ਕੀਤੀ ਹੈ, ਅਗੋਂ ਕੰਨਾਂ ਨੂੰ ਹੱਥ ਲਾ ਸਿੱਖ ਸੱਤ ਬਚਨ ਕੀਤਾ। ਕੰਨਾਂ ਨੂੰ ਹੱਥ ਲਾਏ ਤਾਂ ਕਿਹੋ ਨੇ **ਸੋਧ 'ਸਭ ਦੀ ਸੇਵਾ ਕਰਨੀ ਤੇ ਮਨ ਨੀਵਾਂ ਰੱਖਣ' ਨੂੰ ਆਖਦੇ ਹਨ।"**

ਸਰਬ ਧਰਮ ਮੇਲ ਮਿਲਾਪਾਂ ਦੀ ਲੜੀ ਵਿੱਚ ਇੱਕ ਹੋਰ ਸਮਾਗਮ ਅੰਮ੍ਰਿਤਸਰ ਦੇ ਅਕਾਲੀ ਬਾਗ ਵਿੱਚ 14 ਮੱਘਰ 1999 ਬਿ. (29-11-1942 ਈ.) ਨੂੰ ਮਾਸਟਰ ਤਾਰਾ ਸਿੰਘ ਦੀ ਪ੍ਰਧਾਨਗੀ ਹੇਠ ਹੋਇਆ, ਜਿਸ ਵਿੱਚ ਸਾਰੇ ਧਰਮਾਂ ਦੇ ਪੈਰੋਕਾਰਾਂ ਨੇ ਰਲ ਕੇ ਜਲੂਸ ਵੀ ਕੱਢਿਆ। ਇਸ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਤੇ ਬਹੁਤ ਸਾਰੀ ਨਾਮਧਾਰੀ ਸੰਗਤ ਵੀ ਸ਼ਾਮਲ ਹੋਈ।

## ਲਾਰਡ ਵੇਵਲ ਵੱਲੋਂ ਬੁਲਾਈ ਗਈ ਸ਼ਿਮਲਾ ਕਾਨਫਰੰਸ

25 ਜੂਨ, 1945 ਨੂੰ ਭਾਰਤ ਦੇ ਤਤਕਾਲੀ ਵਾਇਸਰਾਏ ਲਾਰਡ ਵੇਵਲ ਨੇ ਭਾਰਤ ਦੇ ਸਭ ਤਬਕਿਆਂ, ਧਰਮਾਂ ਅਤੇ ਰਾਜਨੀਤਕ ਆਗੂਆਂ ਦੇ ਚੋਣਵੇਂ 21 ਪ੍ਰਤੀਨਿਧਾਂ ਨੂੰ ਸ਼ਿਮਲਾ ਵਿਖੇ ਗੱਲਬਾਤ ਲਈ ਬੁਲਾਇਆ ਅਤੇ ਅੰਗਰੇਜ਼ ਸਰਕਾਰ ਵੱਲੋਂ ਆਪਣੀ ਨਵੀਂ ਯੋਜਨਾ ਬਾਰੇ ਦੱਸਿਆ। ਇਸ ਯੋਜਨਾ ਦਾ ਮਨੋਰਥ ਭਾਰਤ ਵਿੱਚ ਨਵੇਂ ਸੰਵਿਧਾਨ ਦੇ ਬਣਨ ਤੱਕ ਸਭ ਤਬਕਿਆਂ ਦੇ ਪ੍ਰਤੀਨਿਧਾਂ ਦਾ ਕਾਰਜਕਾਰੀ ਕੌਂਸਲ ਨੂੰ ਬਣਾਉਣਾ ਸੀ, ਜਿਸ ਦੇ ਸਾਰੇ ਮੈਂਬਰ ਗਵਰਨਰ ਜਨਰਲ ਨੂੰ ਛੱਡ ਕੇ ਭਾਰਤੀ ਹੋਣਗੇ। ਇਥੋਂ ਤੱਕ ਕਿ ਵਿਦੇਸ਼ ਵਿਭਾਗ ਵੀ ਭਾਰਤੀ ਪ੍ਰਤੀਨਿਧ ਨੂੰ ਦਿੱਤਾ ਜਾਵੇਗਾ। ਪ੍ਰਾਂਤਾਂ ਵਿੱਚ ਵੀ ਗਵਰਨਰਾਂ ਦੇ ਵਿਸ਼ੇਸ਼ ਅਧਿਕਾਰਾਂ ਨੂੰ ਘਟਾ ਕੇ ਵਿਸ਼ੇਸ਼ ਅਧਿਕਾਰ ਅਸੈਂਬਲੀਆਂ ਵਿੱਚ ਚੁਣੇ ਗਏ ਪ੍ਰਤੀਨਿਧਾਂ ਦੇ ਹਵਾਲੇ ਕੀਤੇ ਜਾਣਗੇ।

ਜੰਗ ਦੇ ਦੌਰਾਨ ਗ੍ਰਿਫਤਾਰ ਕੀਤੇ ਗਏ ਸਾਰੇ ਕਾਂਗਰਸੀ ਤੇ ਹੋਰ ਰਾਜਨੀਤਕ ਆਗੂਆਂ ਨੂੰ ਰਿਹਾਅ ਕਰ ਦਿੱਤਾ ਗਿਆ। ਮੁਹੰਮਦ ਅਲੀ ਜਿਨਾਹ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਲੈਜਿਸਲੇਟਿਵ ਕੌਂਸਲ ਵਿੱਚ ਮੁਸਲਮਾਨਾਂ ਵਿੱਚੋਂ ਲਏ ਗਏ ਸਾਰੇ ਪ੍ਰਤੀਨਿਧ

---

[1] ਤਰਨ ਸਿੰਘ ਵਹਿਮੀ, *ਜਸ ਜੀਵਨ*, ਭਾਗ ਤੀਜਾ, ਪੰਨਾ 249.

[2] ਉਕਤ, ਪੰਨਾ 249.

Namdhari Elibrary NamdhariElibrary@gmail.com

ਮੁਸਲਿਮ ਲੀਗ ਵਿੱਚੋਂ ਹੀ ਹੋਣੇ ਚਾਹੀਦੇ ਹਨ। ਆਪਣੇ ਦੋ ਕੌਮਾਂ ਦੇ ਸਿਧਾਂਤ ਨੂੰ ਮੁੱਖ ਰੱਖ ਕੇ ਜਿਨਾਹ ਵੱਖਰੇ ਰਾਜ ਦੀ ਮੰਗ ਕਰ ਰਿਹਾ ਸੀ। ਸਿੱਖਾਂ ਵੱਲੋਂ ਵੀ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿੱਚ ਆਜ਼ਾਦ ਸਿੱਖ ਸਟੇਟ ਦੀ ਮੰਗ ਕੀਤੀ ਗਈ। ਕਈ ਕਾਰਨਾਂ ਕਰਕੇ, ਜਿਨ੍ਹਾਂ ਵਿੱਚੋਂ ਵੱਡਾ ਮੁਹੰਮਦ ਅਲੀ ਜਿਨਾਹ ਦਾ ਹੱਠ-ਧਰਮੀ ਵਾਲਾ ਵਤੀਰਾ ਸੀ, ਇਹ ਯੋਜਨਾ ਸਫਲ ਨਾ ਹੋ ਸਕੀ। ਚੋਟੀ ਦੇ ਕਾਂਗਰਸੀ ਨੇਤਾ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ, ਸਰਦਾਰ ਪਟੇਲ, ਗੋਬਿੰਦ ਵਲਭ ਪੰਤ, ਮੌਲਾਨਾ ਆਜ਼ਾਦ, ਅਬਦੁਲ ਗੁਫਾਰ ਖਾਂ (ਸਰਹੱਦੀ ਗਾਂਧੀ) ਅਤੇ ਮੌਲਾਨਾ ਅਬਦੁੱਲ ਕਲਾਮ ਆਜ਼ਾਦ ਵੀ ਆਏ ਹੋਏ ਸਨ। ਸਤਿਗੁਰੂ ਪਰਤਾਪ ਸਿੰਘ ਜੀ ਵੀ ਉਨ੍ਹਾਂ ਦਿਨਾਂ ਵਿੱਚ ਸ਼ਿਮਲੇ ਵਿੱਚ ਠਹਿਰੇ ਹੋਏ ਸਨ। ਆਪ ਜੀ ਦੀ ਇੱਕ ਮੁਲਾਕਾਤ ਉਸ ਸਮੇਂ ਪੰਡਿਤ ਜਵਾਹਰ ਲਾਲ ਨਹਿਰੂ ਨਾਲ ਹੋਈ, ਜਿਸ ਦੇ ਬੜੇ ਰੌਚਿਕ ਵੇਰਵੇ ਨਾਮਧਾਰੀ ਲੇਖਕਾਂ ਵੱਲੋਂ ਦਿੱਤੇ ਗਏ ਹਨ।

ਤਰਨ ਸਿੰਘ ਵਹਿਮੀ ਅਨੁਸਾਰ ਜਦੋਂ ਪੰਡਿਤ ਜਵਾਹਰ ਲਾਲ ਤੇ ਹੋਰ ਕਾਂਗਰਸੀ ਨੇਤਾ ਸੰਤ ਰਤਨ ਸਿੰਘ ਨਾਲ ਸਤਿਗੁਰੂ ਜੀ ਨੂੰ ਮਿਲਣ ਆ ਰਹੇ ਸਨ ਤਾਂ ਹਲਕੀ ਕਿਣ-ਮਿਣ ਹੋ ਰਹੀ ਸੀ। ਪੰਡਿਤ ਜੀ ਨੇ ਅੱਗੇ ਹੋ ਕੇ ਸੀਸ ਝੁਕਾਇਆ, ਸਤਿਗੁਰੂ ਜੀ ਨੇ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਜਫੀ ਵਿੱਚ ਲੈ ਲਿਆ। ਅੰਦਰ ਬੈਠ ਕੇ ਵਿਚਾਰ-ਵਟਾਂਦਰੇ ਪਿਛੋਂ ਪੰਡਿਤ ਜੀ ਦੇ ਪੁੱਛਣ ਤੇ ਕਿ ਤੁਹਾਡੀ ਕੋਈ ਖਾਸ ਮੰਗ ਹੈ ਤਾਂ ਸਤਿਗੁਰੂ ਜੀ ਨੇ ਕਿਹਾ ਸਾਡੀ ਕੋਈ ਖਾਸ ਮੰਗ ਨਹੀਂ। ਅਸੀਂ ਕੇਵਲ ਦੇਸ਼ ਨੂੰ ਆਜ਼ਾਦ ਵੇਖਣਾ ਚਾਹੁੰਦੇ ਹਾਂ। ਬਾਕੀ, ਹਰ ਤਰ੍ਹਾਂ ਨਾਲ ਤੁਹਾਡੇ ਨਾਲ ਹਾਂ, ਮੈਂ ਕੋਰੇ ਕਾਗਜ਼ 'ਤੇ ਦਸਤਖਤ ਕਰ ਦਿੰਦਾ ਹਾਂ, ਜੋ ਮਰਜੀ ਹੈ ਤੁਸੀਂ ਲਿਖ ਲੈਣਾ। ਸਤਿਗੁਰੂ ਜੀ ਨੇ ਕੋਰੇ ਕਾਗਜ਼ ਉੱਤੇ ਆਪਣੇ ਨਾਮ ਦੇ ਅੱਖਰ 'ਪਰਤਾਪ ਸਿੰਘ ਨਾਮਧਾਰੀ, ਭੈਣੀ ਸਾਹਿਬ' ਲਿਖ ਦਿੱਤਾ। ਇਹ ਵਾਰਤਾ 25 ਜੂਨ 1945 ਦੀ ਹੈ। ਪੰਡਿਤ ਜੀ ਨੇ ਮਹਾਤਮਾ ਗਾਂਧੀ ਜੀ ਨੂੰ ਇਸ ਮੁਲਾਕਾਤ ਬਾਰੇ ਸਭ ਕੁਝ ਦੱਸ ਦਿੱਤਾ ਕਿ ਸਿੱਖਾਂ ਦੇ ਨਾਮਧਾਰੀ ਸਤਿਗੁਰੂ ਵੀ ਸਾਡੇ ਨਾਲ ਹਨ।

ਲਾਰਡ ਵੇਵਲ ਦੀ ਇਸ ਯੋਜਨਾ ਵਿੱਚ ਮੁਹੰਮਦ ਅਲੀ ਜਿਨਾਹ ਵੱਖਰੇ ਹੋਣ ਤੇ ਵੱਖਰੇ ਰਾਜ ਦੀ ਵੀ ਮੰਗ ਕਰ ਰਿਹਾ ਸੀ, ਜਿਸ ਨਾਲ ਪੰਜਾਬ ਅਤੇ ਬੰਗਾਲ ਦੀ ਵੰਡ ਬਾਰੇ ਵੀ ਸੰਕੇਤ ਸੀ। ਸ੍ਰ. ਖੁਸ਼ਵੰਤ ਸਿੰਘ ਇਸ ਤਜਵੀਜ਼ ਨੂੰ ਸਿੱਖਾਂ ਦੇ ਗਲੇ ਉੱਤੇ ਛੁਰੀ ਰੱਖਣ ਵਾਲੀ ਦੱਸਦਾ ਹੈ। ਉਸ ਅਨੁਸਾਰ, "[1]ਜੂਨ 1945 ਦੇ ਅਖੀਰਲੇ ਹਫਤੇ ਵਿੱਚ ਨੇਤਾਵਾਂ ਦੀ ਇਕੱਤਰਤਾ ਸ਼ਿਮਲਾ ਵਿਖੇ ਹੋਈ। ਪਰ ਇਹ ਕਾਨਫਰੰਸ ਇਸ ਕਾਰਨ ਟੁੱਟ ਗਈ ਕਿਉਂ ਜੁ ਜਿਨਾਹ ਚਾਹੁੰਦਾ ਸੀ ਕਿ ਕਾਰਜਕਾਰੀ ਕੌਂਸਲ ਵਿੱਚ ਮੁਸਲਮਾਨਾਂ ਦੀ ਪ੍ਰਤੀਨਿਧਤਾ ਕੇਵਲ ਮੁਸਲਿਮ ਲੀਗ ਹੀ ਕਰਨ। ਉਸਦਾ ਇਹ ਦਾਅਵਾ ਮੰਨਣ ਯੋਗ ਨਹੀਂ ਸੀ। ਬਹੁਤ ਸਾਰੇ ਕਾਂਗਰਸੀ ਨੇਤਾਵਾਂ ਨੂੰ ਇਹ ਮੰਗ ਪ੍ਰਵਾਨ ਨਹੀਂ ਸੀ। ਪਰ ਉਨ੍ਹਾਂ ਵਿੱਚੋਂ ਕੁਝ ਇਹ ਮੰਨਣ ਲਈ ਤਿਆਰ ਸਨ ਕਿ ਜੇਕਰ ਮੁਸਲਮਾਨ ਵੱਖ ਹੋਣਾ ਚਾਹੁਣ ਤਾਂ ਉਹਨਾਂ ਨੂੰ ਇਹ ਅਧਿਕਾਰ ਦੇਣਾ ਚਾਹੀਦਾ ਹੈ। ਪਰ ਉਨ੍ਹਾਂ ਨੂੰ ਇਹ ਆਗਿਆ ਨਹੀਂ ਦੇਣੀ ਚਾਹੀਦੀ ਕਿ

[1] ਖੁਸ਼ਵੰਤ ਸਿੰਘ, *ਏ ਹਿਸਟਰੀ ਆਫ ਦ ਸਿੱਖਸ (ਭਾਗ - 2) 1839-1988*, ਪੰਨਾ 254.

ਜਿਹੜੇ ਇਹ ਨਹੀਂ ਚਾਹੁੰਦੇ, ਉਨ੍ਹਾਂ ਨੂੰ ਨਾਲ-ਨਾਲ ਘਸੀਟਿਆ ਜਾਵੇ। ਦੂਜੇ ਸ਼ਬਦਾਂ ਵਿੱਚ, ਇਹ ਮੰਗ ਪ੍ਰਵਾਨ ਕਰ ਲਈ ਜਾਵੇ ਤਾਂ ਪੰਜਾਬ (ਅਤੇ ਬੰਗਾਲ) ਦੀ ਵੰਡ ਵੀ ਕਰਨੀ ਪਵੇਗੀ। ਇਹ ਸਿੱਖਾਂ ਦੇ ਗਲੇ ਉੱਤੇ ਛੁਰੀ ਰੱਖਣ ਵਾਲੀ ਗੱਲ ਸੀ।"

## ਆਉਣ ਵਾਲੇ ਭਾਣੇ ਬਾਰੇ ਸੁਚੇਤ ਹੋਣਾ

ਸਤਿਗੁਰੂ ਪਰਤਾਪ ਸਿੰਘ ਜੀ ਕੇਵਲ ਧਾਰਮਿਕ ਜ਼ੁੰਮੇਵਾਰੀਆਂ ਦੇ ਨਾਲ-ਨਾਲ ਬੀਤ ਰਹੀਆਂ ਤੇ ਬੀਤਣ ਵਾਲੀਆਂ ਰਾਜਨੀਤਕ ਘਟਨਾਵਾਂ ਤੋਂ ਵੀ ਪੂਰੀ ਤਰ੍ਹਾਂ ਜਾਣੂ ਸਨ। ਸ਼ਿਮਲਾ ਕਾਨਫਰੰਸ ਦੇ ਸਾਰੇ ਸਮਾਚਾਰਾਂ ਤੋਂ ਉਨ੍ਹਾਂ ਨੇ ਬੁੱਝ ਲਿਆ ਸੀ ਕਿ ਰਾਜਨੀਤਕ ਹਾਲਾਤ ਤੇ ਘਟਨਾ-ਚੱਕਰ ਕਿਸ ਦਿਸ਼ਾ ਵੱਲ ਮੋੜ ਕੱਟ ਰਹੇ ਸਨ।

1946 ਦੀਆਂ ਪੰਜਾਬ ਅਸੈਂਬਲੀ ਦੀਆਂ ਚੋਣਾਂ ਨੇ ਸਥਿਤੀ ਨੂੰ ਹੋਰ ਵੀ ਸਪੱਸ਼ਟ ਕਰ ਦਿੱਤਾ ਸੀ। 1946 ਦੀਆਂ ਪੰਜਾਬ ਅਸੈਂਬਲੀ ਦੀਆਂ ਚੋਣਾਂ ਵਿੱਚ 175 ਸੀਟਾਂ ਵਿੱਚੋਂ ਮੁਸਲਿਮ ਲੀਗ ਨੂੰ 75, ਕਾਂਗਰਸ ਨੂੰ 51, ਯੂਨੀਅਨਿਸਟ ਪਾਰਟੀ ਨੂੰ 20, ਅਕਾਲੀਆਂ ਨੂੰ 21 ਅਤੇ ਆਜ਼ਾਦ ਉਮੀਦਵਾਰਾਂ ਨੂੰ 8 ਸੀਟਾਂ ਪ੍ਰਾਪਤ ਹੋਈਆਂ। ਮੁਸਲਿਮ ਲੀਗ ਸਭ ਤੋਂ ਵੱਡੀ ਪਾਰਟੀ ਦੇ ਰੂਪ ਵਜੋਂ ਸਾਹਮਣੇ ਆਈ ਪਰ ਯੂਨੀਅਨਿਸਟ ਪਾਰਟੀ ਦੇ ਆਗੂ ਸਰ ਖ਼ਿਜ਼ਰ ਹਯਾਤ ਨੇ ਕਾਂਗਰਸ, ਅਕਾਲੀ ਅਤੇ ਆਜ਼ਾਦ ਉਮੀਦਵਾਰਾਂ ਦੇ ਗਠਜੋੜ ਨਾਲ ਆਪਣੀ ਸਰਕਾਰ ਕ਼ਾਇਮ ਕਰ ਲਈ। ਮੁਸਲਿਮ ਲੀਗ ਨੂੰ ਬੜੀ ਨਿਰਾਸ਼ਾ ਹੋਈ। ਉਨ੍ਹਾਂ ਨੇ ਵੱਖਰੇ ਦੇਸ਼ ਦੀ ਵੰਡ ਨੂੰ ਉਭਾਰਿਆ ਅਤੇ ਫਿਰਕੂ ਲੀਹਾਂ ਉੱਤੇ ਵੱਖਵਾਦੀ ਲਹਿਰ ਨੂੰ ਪੂਰੇ ਤਾਣ ਨਾਲ ਜਥੇਬੰਦ ਕੀਤਾ। ਜੱਕੋ-ਤੱਕੇ ਤੇ ਡਾਵਾਂਡੋਲ ਮੁਸਲਿਮ ਪ੍ਰਤੀਨਿਧ ਸਾਂਝੇ ਫਰੰਟ ਦੀ ਸਰਕਾਰ ਨਾਲੋਂ ਮੁਸਲਿਮ ਲੀਗ ਵੱਲ ਵਧੇਰੇ ਝੁਕਾਅ ਰੱਖਣ ਲੱਗੇ। ਦੇਸ਼-ਵੰਡ ਅਤੇ ਵੱਖਰੇ ਮੁਸਲਿਮ ਬਹੁ-ਗਿਣਤੀ ਵਾਲੇ ਦੇਸ਼ ਪਾਕਿਸਤਾਨ ਦੀ ਮੰਗ ਜ਼ੋਰ ਫੜਨ ਲੱਗੀ। ਉਨ੍ਹਾਂ ਵੱਲੋਂ ਜ਼ਬਰਦਸਤ ਮੁਜ਼ਾਹਰੇ ਕੀਤੇ ਗਏ।

ਸਤਿਗੁਰੂ ਪਰਤਾਪ ਸਿੰਘ ਜੀ ਨੇ ਇਨ੍ਹਾਂ ਰਾਜਨੀਤਕ ਹਾਲਤ ਨੂੰ ਮੁੱਖ ਰੱਖ ਕੇ 1946 ਈ. ਦੇ ਸ਼ੇਖੂਪੁਰੇ ਬੇਦਾਦ ਦੇ ਹੋਲੇ ਉੱਤੇ ਸਪੱਸ਼ਟ ਸ਼ਬਦਾਂ ਵਿੱਚ ਆਪਣੇ ਸੇਵਕਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਇਹ ਐਲਾਨ ਕੀਤਾ, "'ਰਾਵੀ ਬਿਆਸ ਤੋਂ ਪਾਰ ਮਾਲ ਅਤੇ ਬਾਲ ਬਿਰਧ ਜੋ ਹੁਣੇ ਲੈ ਜਾਏਗਾ, ਸੌਖਾ ਰਹੇਗਾ। ਜੋ ਨਾ ਲਿਜਾਵੇਗਾ, ਔਖਾ ਹੋਵੇਗਾ।"

ਆਪ ਜੀ ਦੀ ਦੂਰਦਰਸ਼ਤਾ ਨੇ 1947 ਦੀਆਂ ਦੇਸ਼-ਵੰਡ ਸਮੇਂ ਵਾਪਰਨ ਵਾਲੀਆਂ ਅਨਹੋਣੀਆਂ ਦਾ ਪਹਿਲਾਂ ਹੀ ਅਨੁਮਾਨ ਲਾ ਲਿਆ ਸੀ। ਸਾਰੀ ਸਥਿਤੀ ਨੂੰ ਮੁੱਖ ਰੱਖ ਕੇ ਸਤਿਗੁਰੂ ਪਰਤਾਪ ਸਿੰਘ ਜੀ ਨੇ ਹਿਸਾਰ ਦੇ ਜ਼ਿਲ੍ਹੇ ਵਿੱਚ ਕੁਝ ਪਿੰਡਾਂ ਦੀ ਬੇ-ਆਬਾਦ ਹਜ਼ਾਰਾਂ ਏਕੜ ਬੰਜਰ ਜ਼ਮੀਨ ਨੂੰ ਖਰੀਦਣ ਲਈ ਜਿਸ ਤਰ੍ਹਾਂ ਯੋਜਨਾ ਬਣਾਈ ਅਤੇ ਇਸ ਨੂੰ ਸਿਰੇ ਚਾੜ੍ਹਨ ਲਈ ਸਿਆਣਪ ਭਰੇ ਯਤਨ ਕੀਤੇ, ਉਨ੍ਹਾਂ ਦਾ ਵਿਸਥਾਰ ਪੂਰਵਕ ਵਰਣਨ ਤਾਰਾ ਸਿੰਘ ਅਨਜਾਣ ਦੀ ਪੁਸਤਕ ਵਿੱਚ ਦਿੱਤਾ ਗਿਆ ਹੈ। ਉਸ ਵਿੱਚੋਂ ਕੁਝ

---

[1] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ ਤੀਜਾ, ਪੰਨਾ 80.

Namdhari Elibrary NamdhariElibrary@gmail.com

ਲੋੜੀਂਦੇ ਹਵਾਲੇ ਇੱਥੇ ਦਿੱਤੇ ਜਾ ਰਹੇ ਹਨ।

ਸਤਿਗੁਰੂ ਪਰਤਾਪ ਸਿੰਘ ਜੀ ਆਪਣੇ ਕੁਝ ਸੇਵਕਾਂ ਨਾਲ ਸਰਸੇ ਤੋਂ ਰਾਜਸਥਾਨ ਵੱਲ ਜਾ ਰਹੇ ਸਨ। ਓਟੂ ਪਿੰਡ ਤੋਂ 10 ਮੀਲ ਅੱਗੇ ਜਾ ਕੇ ਆਪ ਨੇ ਆਪਣੀ ਕਾਰ ਰੋਕ ਕੇ ਆਲੇ-ਦੁਆਲੇ ਦੀ ਬੇ-ਆਬਾਦ ਬੰਜਰ ਜ਼ਮੀਨ ਉੱਤੇ ਨਜ਼ਰ ਦੌੜਾਈ। "ਇਹ ਜ਼ਮੀਨ ਬੇਆਬਾਦ ਸੀ; ਰੇਤਲੀ ਤੇ ਬੰਜਰ ਜਾਂ ਫਿਰ ਮਲ੍ਹੇ-ਝਾੜੀਆਂ, ਵਣ ਤੇ ਕਰੀਰ ਆਦਿ ਦਾ ਜੰਗਲ ਸੀ। ਇਹ ਕਿਰਤੀ-ਕਾਮੇ, ਮਿਹਨਤੀ-ਮੁਸ਼ੱਕਤੀ ਹੱਥਾਂ ਦੀ ਛੋਹ ਨੂੰ ਤਰਸਦੀ ਸੀ, ਆਪ ਜੀ ਨੂੰ ਭਾ ਗਈ। ਆਪ ਜੀ ਨੇ ਇਸ ਨੂੰ ਖਰੀਦਣ ਦਾ ਮਨ ਬਣਾ ਲਿਆ। ਹੋਰ ਪੁੱਛ-ਗਿੱਛ ਕਰਨ ਤੋਂ ਪਤਾ ਲੱਗਾ ਕਿ ਇਹ ਜ਼ਮੀਨ ਚੁਰੂ (ਰਾਜਸਥਾਨ) ਦੇ ਦੋ ਸੇਠਾਂ ਧਨਪਤ ਸਿੰਘ ਅਤੇ ਚੰਪਾ ਲਾਲ ਦੀ ਮਲਕੀਅਤ ਹੈ ਅਤੇ ਉਨ੍ਹਾਂ ਦਾ ਮੁਖਤਿਆਰ ਸਰਸੇ ਵਿੱਚ ਰਹਿੰਦਾ ਹੈ ਅਤੇ ਜ਼ਮੀਨ ਦੀ ਦੇਖਭਾਲ ਕਰਦਾ ਹੈ। ਸਰਸੇ ਦੇ ਡੂੰਗਰ ਦਲਾਲ ਰਾਹੀਂ ਇਸ ਜ਼ਮੀਨ ਨੂੰ ਖਰੀਦਣ ਲਈ ਗੱਲਬਾਤ ਸ਼ੁਰੂ ਕਰ ਕੀਤੀ ਗਈ। ਇਸ ਜ਼ਮੀਨ ਨੂੰ ਖਰੀਦਣ ਬਾਰੇ ਹੋਰ ਪੁੱਛ ਗਿੱਛ ਕਰਨ ਲਈ ਚੰਨਣ ਸਿੰਘ ਬਰਾਜ ਵਾਲੇ ਦੀ ਡਿਊਟੀ ਲਗਾਈ ਗਈ, ਜਿਸ ਨੇ ਅਮਰਾਸਰ ਦੇ ਜ਼ਿਮੀਂਦਾਰ ਜ਼ਹੀਰੂਦੀਨ ਤੋਂ ਪੁੱਛ ਗਿੱਛ ਕੀਤੀ। ਜ਼ਹੀਰੂਦੀਨ ਦੀ ਚੰਨਣ ਸਿੰਘ ਦੇ ਪਿਤਾ ਦਿਆਲ ਸਿੰਘ ਨਾਲ ਪੱਗ ਵਟਾਈ ਹੋਈ ਸੀ। ਸੰਤ ਮੰਗਲ ਸਿੰਘ ਅਰਜ਼ੀ ਫ਼ਰਿਸ਼ਤਾ ਅਤੇ ਕੁਝ ਹੋਰ ਸੱਜਣਾਂ ਨੂੰ ਜ਼ਮੀਨ ਦੀ ਦੋਬਾਰਾ ਪਰਖ-ਪੜਤਾਲ ਕਰਨ ਲਈ ਭੇਜਿਆ ਗਿਆ। ਮੰਗਲ ਸਿੰਘ ਅਰਜ਼ੀ ਫ਼ਰਿਸ਼ਤਾ ਕਿਸੇ ਵੇਲੇ ਪਟਵਾਰੀ ਰਹਿ ਚੁੱਕਾ ਸੀ ਅਤੇ ਉਸਨੂੰ ਜ਼ਮੀਨਾਂ ਬਾਰੇ ਕਾਫ਼ੀ ਜਾਣਕਾਰੀ ਸੀ। ਜ਼ਮੀਨ ਦਾ ਕੁੱਲ ਰਕਬਾ 12,430 ਏਕੜ ਸੀ ਅਤੇ ਇਸ ਜ਼ਮੀਨ ਦੀ ਕੀਮਤ 5500/- ਰੁਪਏ ਪ੍ਰਤੀ ਮੁਰੱਬਾ ਤੈਅ ਕੀਤੀ ਗਈ। ਵੱਡੇ ਬਾਬਾ ਜਗਜੀਤ ਸਿੰਘ ਜੀ ਅਤੇ ਮਾਸਟਰ ਬਲਵੰਤ ਸਿੰਘ ਨੂੰ ਰਕਮਾਂ ਇਕੱਠੀਆਂ ਕਰਨ ਲਈ ਨਿਯੁਕਤ ਕੀਤਾ ਗਿਆ। 'ਸਤਿਜੁਗ' ਵਿੱਚ ਸੂਚਨਾ ਦਿੱਤੀ ਗਈ ਕਿ ਜੋ ਇਹ ਜ਼ਮੀਨ ਖਰੀਦਣੀ ਚਾਹੁੰਦਾ ਹੈ, ਉਹ 31 ਦਸੰਬਰ, 1946 ਤੱਕ ਆਪਣੀ ਰਕਮ ਸ੍ਰੀ ਭੈਣੀ ਸਾਹਿਬ ਪਹੁੰਚਾ ਦੇਵੇ। ਸਤਿਗੁਰੂ ਜੀ ਨੇ ਲਾਹੌਰ ਬੁਲਾ ਕੇ ਖਰੀਦਦਾਰ ਸਿੱਖਾਂ ਨੂੰ ਆਪਣੇ ਵੱਲੋਂ ਕੁਝ ਸ਼ਰਤਾਂ ਵੀ ਦੱਸੀਆਂ। ਇਸ ਜ਼ਮੀਨ ਵਿੱਚ ਇੱਕ ਪੱਕੀ ਕੋਠੀ ਹੈ, ਜਿਸ ਵਿੱਚ ਦਾਣਾ ਦੱਕਾ ਸਾਂਭਣ ਅਤੇ ਲੰਗਰ ਪਕਾਉਣ ਲਈ ਕੁਝ ਮਕਾਨ ਸਨ। ਇਹ ਸਤਿਗੁਰੂ ਜੀ ਆਪ ਰੱਖਣਗੇ ਅਤੇ ਜ਼ਮੀਨ ਵਿੱਚ ਸਾਰੇ ਰੁੱਖਾਂ ਦੇ ਮਾਲਕ ਉਹ ਆਪ ਹੋਣਗੇ। ਇਹ ਵੀ ਤਾਕੀਦ ਕੀਤੀ ਗਈ ਕਿ ਜ਼ਮੀਨ ਕੇਵਲ ਕੂਕੇ ਹੀ ਖਰੀਦ ਸਕਣਗੇ। ਛੇਤੀ ਹੀ ਸਿੱਖਾਂ ਨੇ ਸਤਿਗੁਰੂ ਜੀ ਤੇ ਭਰੋਸਾ ਰੱਖ ਕੇ ਰਕਮਾਂ ਭੇਜਣੀਆਂ ਸ਼ੁਰੂ ਕਰ ਦਿੱਤੀਆਂ। ਲਾਹੌਰ ਵਿਖੇ ਖਰੀਦਦਾਰਾਂ ਦੀ ਇੱਕ ਇਕੱਤਰਤਾ ਬੁਲਾਈ ਗਈ, ਜਿਸ ਵਿੱਚ ਸਤਿਗੁਰੂ ਜੀ ਨੇ ਜ਼ਮੀਨ ਬਾਰੇ ਸਭ ਸ਼ਰਤਾਂ ਦੱਸ ਦਿੱਤੀਆਂ। ਜ਼ਮੀਨ ਦੀ ਰਜਿਸਟਰੀ ਸਤਿਗੁਰੂ ਜੀ ਵੱਲੋਂ ਕਰਵਾਈ ਜਾਣੀ ਸੀ। ਲਾਹੌਰ ਮੀਆਂ ਮੀਰ ਵਾਲੀ ਕੋਠੀ ਵਿੱਚ ਬਾਬਾ ਜੈਮਲ ਸਿੰਘ ਮਾਂਗੇ ਨੇ ਸਤਿਗੁਰੂ ਜੀ ਅੱਗੇ ਅਰਜ਼ ਕੀਤੀ ਤੁਸੀਂ ਤਾਂ ਜ਼ਮੀਨ ਖਰੀਦ ਕੇ

[1] ਤਾਰਾ ਸਿੰਘ ਅਨਜਾਣ, *ਸਾਹਿਬ ਕੁਈ ਕਹੇਰਾ*, ਪੰਨਾ 152.

Namdhari Elibrary NamdhariElibrary@gmail.com

ਸਿੱਖਾਂ ਲਈ ਸੁੱਖ ਦਾ ਸਾਧਨ ਬਣਾ ਰਹੇ ਹੋ, ਪਰ ਅੱਜਕਲ੍ਹ ਦੇ ਸਮੇਂ ਜੋ ਹਾਲਤ ਹੈ, ਉਹ ਤੁਹਾਡੇ ਲਈ ਮੁਸ਼ਕਲਾਂ ਦਾ ਕਾਰਨ ਵੀ ਬਣ ਸਕਦੀ ਹੈ। ਸਤਿਗੁਰੂ ਜੀ ਨੇ ਬਚਨ ਕੀਤਾ "ਜੋ ਹੋਣਾ ਸੀ, ਹੋ ਗਿਆ। ਜੋ ਸਿਰ ਪਵੇਗੀ, ਸਹਿ ਲਵਾਂਗੇ।"

"ਚਚਾਲ ਕੋਟਲੀ, ਜਗਮਲੇਰਾ, ਅਲੀਪੁਰ ਦੀ ਰਜਿਸਟਰੀ, 24 ਜਨਵਰੀ 1947 ਨੂੰ ਅਤੇ ਕੰਜਰਵਾਲ ਦੀ ਰਜਿਸਟਰੀ 18 ਫਰਵਰੀ 1947 ਨੂੰ ਸਤਿਗੁਰੂ ਪਰਤਾਪ ਸਿੰਘ ਜੀ ਦੇ ਨਾਂ ਹੋ ਗਈ। ਰਜਿਸਟਰੀ ਕਰਵਾਉਣ ਗਏ ਸਿੱਖਾਂ ਦੀ ਅਗਵਾਈ ਛੋਟੇ ਬਾਬਾ (ਮਹਾਰਾਜ ਬੀਰ ਸਿੰਘ) ਜੀ ਨੇ ਕੀਤੀ। ਸਰਸੇ ਤੋਂ ਗੁਰਦੁਆਰੇ ਵਿੱਚੋਂ ਆਦਿ ਸ੍ਰੀ ਗ੍ਰੰਥ ਸਾਹਿਬ ਦੀਆਂ ਬੀੜਾਂ ਮੰਗਵਾ ਕੇ ਚਚਾਲ ਕੋਟਲੀ 101 ਅਖੰਡ ਪਾਠ ਕੀਤੇ ਗਏ। ਹਵਨ ਅਤੇ ਇੱਕ ਘੰਟਾ ਨਾਮ ਸਿਮਰਨ ਰੋਜ਼ਾਨਾ ਹੋਣ ਲੱਗਾ, ਲੋਹ ਲੰਗਰ ਤਪਣ ਲੱਗਾ। ਆਲੇ-ਦੁਆਲੇ ਦੇ ਲੋਕਾਂ ਉੱਤੇ ਇਹਨਾਂ ਦਾ ਪ੍ਰਭਾਵ ਪੈਣ ਲੱਗਾ।"

ਕੁਝ ਸਮੇਂ ਪਿਛੋਂ ਸਿੱਖਾਂ ਦੀ ਬੇਨਤੀ ਕਰਨ ਉੱਤੇ ਸਤਿਗੁਰੂ ਪਰਤਾਪ ਸਿੰਘ ਜੀ ਨੇ ਇਨ੍ਹਾਂ ਪਿੰਡਾਂ ਦੇ ਨਾਂ ਨਵੇਂ ਸਿਰਿਓਂ ਰੱਖ ਦਿੱਤੇ।

ਚਚਾਲ ਕੋਟਲੀ – ਸ੍ਰੀ ਜੀਵਨ ਨਗਰ
ਜਗ ਮਲੇਰਾ – ਸੰਤ ਨਗਰ
ਅਲੀਪੁਰ – ਹਰੀ ਪੁਰ
ਕੰਜਰਵਾਲ – ਦਮਦਮਾ

ਅੱਜ ਇਹ ਬੇ-ਆਬਾਦ ਤੇ ਬੰਜਰ ਜ਼ਮੀਨ ਵਾਲਾ ਇਲਾਕਾ ਸਤਿਗੁਰੂ ਪਰਤਾਪ ਸਿੰਘ ਜੀ ਦੀ ਚਰਨ ਛੂਹ ਨਾਲ ਹਰਿਆਣੇ ਦੇ ਸਰਸਾ ਜ਼ਿਲ੍ਹੇ ਦਾ ਹਰਿਆ-ਭਰਿਆ ਤੇ ਘੁੱਗ ਵੱਸਦਾ ਇਲਾਕਾ ਹੈ।

[1] ਤਾਰਾ ਸਿੰਘ ਅਨਜਾਣ, *ਸਾਹਿਬ ਕੁਟੀ ਕਰੇਹਾ*, ਪੰਨਾ 154.

Namdhari Elibrary NamdhariElibrary@gmail.com

ਅਧਿਆਇ 12

# ਦੇਸ਼-ਵੰਡ ਦੇ ਮਹਾਂ ਦੁਖਾਂਤ ਸਮੇਂ ਸਤਿਗੁਰੂ ਪਰਤਾਪ ਸਿੰਘ ਦੀ ਸੰਵੇਦਨਸ਼ੀਲਤਾ

15 ਅਗਸਤ, 1947 ਨੂੰ ਭਾਰਤ ਨੂੰ ਆਜ਼ਾਦੀ ਤਾਂ ਮਿਲ ਗਈ, ਪਰ ਦੇਸ਼ ਦੋ ਭਾਗਾਂ ਵਿੱਚ ਵੰਡਿਆ ਗਿਆ। ਅੰਗਰੇਜ਼ ਸਰਕਾਰ ਦੀ ਸਾਮਰਾਜਵਾਦੀ ਕੂਟਿਲ-ਨੀਤੀ ਅਤੇ ਹਿੰਦੁਸਤਾਨ ਦੇ ਕੌਮੀ ਆਗੂਆਂ ਦਾ ਦੋ ਕੈਂਪਾਂ ਵਿੱਚ ਵੰਡਿਆ ਜਾਣਾ ਅਤੇ ਵਿਸ਼ੇਸ਼ ਕਰਕੇ ਮੁਸਲਿਮ ਲੀਗ ਦੇ ਨੇਤਾ ਮੁਹੰਮਦ ਅਲੀ ਜਿਨਾਹ ਦੀ ਅੜੀਅਲ ਨੀਤੀ ਕਾਰਨ ਭਾਰਤ ਵਰਗਾ ਅਖੰਡ ਦੇਸ਼ ਦੋ ਟੋਟਿਆਂ ਵਿੱਚ ਵੰਡਿਆ ਗਿਆ। ਭਾਰਤ ਦੇ ਹਜ਼ਾਰਾਂ ਸਾਲਾਂ ਦੇ ਇਤਿਹਾਸ ਵਿੱਚ ਅਜਿਹਾ ਕਰੂਰ ਦੁਖਾਂਤ ਪਹਿਲਾਂ ਕਦੀ ਵੀ ਨਹੀਂ ਸੀ ਵਾਪਰਿਆ।

ਹਿੰਦੁਸਤਾਨ ਵਿੱਚ ਵੱਖ-ਵੱਖ ਰਾਜ ਘਰਾਣੇ ਤੇ ਸ਼ਾਸਕ ਰਾਜ ਕਰਦੇ ਰਹੇ ਸਨ ਅਤੇ ਉਨ੍ਹਾਂ ਰਾਜਾਂ ਦੀ ਵੱਖ-ਵੱਖ ਰਾਜਨੀਤੀ ਵੀ ਰਹੀ ਸੀ, ਪਰ ਇਸ ਸਭ ਕੁਝ ਦੇ ਬਾਵਜੂਦ ਭਾਰਤ ਦਾ ਅਖੰਡ ਸਰੂਪ ਕਾਇਮ ਸੀ। ਜਿਸ ਦੀ ਰਾਸ਼ਟਰੀ ਸੰਸਕ੍ਰਿਤੀ, ਸਭਿਆਚਾਰ ਅਤੇ ਵੱਖ-ਵੱਖ ਧਰਮਾਂ ਦੇ ਲੋਕਾਂ ਦੇ ਪਰਸਪਰ ਮੇਲ-ਮਿਲਾਪ ਨੇ ਦੇਸ਼ ਦੀ ਇਕਾਗਰ ਇਕਾਈ ਨੂੰ ਭੰਗ ਨਹੀਂ ਸੀ ਹੋਣ ਦਿੱਤਾ।

ਉੱਤਰ-ਪੱਛਮੀ ਅਫਗਾਨਿਸਤਾਨ ਅਤੇ ਇਰਾਨ ਦੀਆਂ ਹੱਦਾਂ ਤੋਂ ਲੈ ਕੇ ਦੱਖਣ ਦੇ ਸਾਗਰਾਂ, ਉੱਤਰ ਦੇ ਪਰਬਤਾਂ ਅਤੇ ਪੱਛਮ ਦੇ ਅਰਬ ਸਾਗਰਾਂ ਤੱਕ ਫੈਲਿਆ ਹੋਇਆ ਇਹ ਦੇਸ਼ ਅਖੰਡ ਇਕਾਈ ਸੀ। 19ਵੀਂ ਅਤੇ 20ਵੀਂ ਸਦੀ ਵਿੱਚ ਵਿਦੇਸ਼ੀ ਬਰਤਾਨਵੀ ਸਰਕਾਰ ਵਿਰੁੱਧ ਜਿਹੜਾ ਸੁਤੰਤਰਤਾ ਸੰਗਰਾਮ ਭਾਰਤ ਦੇ ਲੋਕਾਂ ਵੱਲੋਂ ਚਲਾਇਆ ਗਿਆ, ਉਸ ਦਾ ਸਰੂਪ ਤੇ ਨਿਸ਼ਾਨਾ ਵੀ 1947 ਤੱਕ ਇਕੋ ਹੀ ਰਿਹਾ ਸੀ ਅਤੇ ਉਹ ਸੀ ਸਮੁੱਚੇ ਭਾਰਤ ਦੀ ਅੰਗਰੇਜ਼ੀ ਸਾਮਰਾਜ ਦੀ ਗੁਲਾਮੀ ਤੋਂ ਮੁਕਤੀ ਅਤੇ ਆਜ਼ਾਦੀ। ਇਸ ਆਜ਼ਾਦੀ ਦੀ ਪ੍ਰਾਪਤੀ ਲਈ ਸਭ ਧਰਮਾਂ, ਜਾਤੀਆਂ ਅਤੇ ਪ੍ਰਦੇਸ਼ਾਂ ਦੇ ਲੋਕਾਂ ਨੇ ਮਿਲ ਕੇ ਸੰਘਰਸ਼ ਕੀਤਾ ਅਤੇ ਅਣਗਿਣਤ ਕੁਰਬਾਨੀਆਂ ਦਿੱਤੀਆਂ। ਨਿਸ਼ਾਨਾ ਸਭ ਦਾ ਇਹ ਸੀ ਕਿ ਭਾਰਤ ਦੀ ਅਖੰਡਤਾ ਅਤੇ ਏਕਤਾ ਕਾਇਮ ਰਹੇ ਪਰ 1947 ਵਿੱਚ ਜੋ ਕੁਝ ਇਸ ਮਹਾਨ ਦੇਸ਼ ਵਿੱਚ ਵਾਪਰਿਆ ਅਤੇ ਦੇਸ਼ ਦੋ ਭਾਗਾਂ, ਹਿੰਦੁਸਤਾਨ ਅਤੇ ਪਾਕਿਸਤਾਨ, ਵਿੱਚ ਵੰਡੇ ਜਾਣ ਕਾਰਨ ਜੋ ਕੁਝ ਵੀ ਪ੍ਰਾਪਤ ਹੋਇਆ ਉਹ ਸਭ ਕੁਝ ਗੈਰ-ਕੁਦਰਤੀ ਸੀ। ਸਦੀਆਂ ਤੱਕ ਭਾਰਤ ਉੱਤੇ ਕਈ ਇਸਲਾਮੀ ਰਾਜਵੰਸ਼ਾਂ ਦੇ ਨਿਸ਼ਾਨ ਝੂਲਦੇ ਰਹੇ ਅਤੇ

Namdhari Elibrary NamdhariElibrary@gmail.com

ਮੱਧਕਾਲੀਨ ਮਜ਼ਹਬੀ ਤੁਅਸਬ ਵੀ ਇਸ ਦੇਸ਼ ਦੀ ਅੰਤਰੀਵ ਅਖੰਡਤਾ ਨੂੰ ਭੰਗ ਨਾ ਕਰ ਸਕਿਆ, ਪਰ 1947 ਦੀ ਗੈਰ-ਕੁਦਰਤੀ ਦੇਸ਼-ਵੰਡ ਨੇ ਭਾਰਤ ਦੇ ਸਮੁੱਚੇ ਇਤਿਹਾਸ ਨੂੰ ਜਿਸ ਤਰ੍ਹਾਂ ਦੂਸ਼ਿਤ ਤੇ ਕਲੰਕਤ ਕੀਤਾ, ਉਸਦੀ ਮਿਸਾਲ ਸੰਸਾਰ ਭਰ ਦੇ ਇਤਿਹਾਸ ਵਿੱਚ ਨਹੀਂ ਮਿਲਦੀ। ਭਾਰਤੀ ਜਨਤਾ ਨੂੰ ਇਸ ਦੇਸ਼-ਵੰਡ ਦੇ ਸਿੱਟੇ ਵਜੋਂ ਜੋ ਮੁਸੀਬਤਾਂ, ਕਸ਼ਟ ਅਤੇ ਅਨਹੋਣੀਆਂ ਸਹਿਣੀਆਂ ਪਈਆਂ, ਉਹ ਦੂਜੇ ਸੰਸਾਰ ਯੁੱਧ ਦੀ ਭਿਅੰਕਰ ਤਬਾਹੀ ਦੀ ਤੁਲਨਾ ਵਿੱਚ ਵਧੇਰੇ ਦੁਖਾਂਤਕ ਅਤੇ ਮਨੁੱਖੀ ਮਨ ਨੂੰ ਡੂੰਘੀ ਤਰ੍ਹਾਂ ਪੀੜਤ ਕਰਨ ਵਾਲੀਆਂ ਸਨ।

ਦੇਸ਼-ਵੰਡ ਦੇ ਨਾਲ ਪੰਜਾਬ ਅਤੇ ਬੰਗਾਲ ਦੀ ਵੀ ਵੰਡ ਹੋਈ। 1947 ਦੇ ਆਸ-ਪਾਸ ਜਿਹੜੇ ਦੁਖੜੇ ਤੇ ਕਸ਼ਟ ਪੰਜਾਬੀਆਂ ਨੂੰ ਸਹਿਣੇ ਪਏ, ਉਹ ਵਰਣਨ ਤੋਂ ਬਾਹਰ ਹਨ, ਉਨ੍ਹਾਂ ਨੂੰ ਨਾ ਤਾਂ ਪੰਜਾਬ ਦੇ ਹਿੰਦੂ-ਸਿੱਖ ਅਤੇ ਨਾ ਹੀ ਪੰਜਾਬੀ ਮੁਸਲਮਾਨ ਛੇਤੀ-ਛੇਤੀ ਭੁਲਾ ਸਕਣਗੇ। ਮਨੁੱਖਤਾ ਦੇ ਦਰਦ ਦੀਆਂ ਉਹ ਚੀਸਾਂ ਪੀੜ੍ਹੀਆਂ ਤੱਕ ਪ੍ਰਭਾਵਿਤ ਕਰਨ ਵਾਲੀਆਂ ਹਨ। ਪੰਜਾਬ ਦੇ ਇਤਿਹਾਸ ਦਾ ਇਹ ਦੌਰ ਮਨੁੱਖੀ ਤੇ ਮਾਲ ਧਨ ਦੀ ਤਬਾਹੀ ਤੋਂ ਬਿਨਾਂ ਇਤਿਹਾਸ ਦੇ ਕਾਲੇ ਯੁੱਗ ਸਮਾਨ ਸਦਾ ਲਈ ਯਾਦ ਕੀਤਾ ਜਾਵੇਗਾ। ਇਸਦਾ ਸਭ ਤੋਂ ਵੱਡਾ ਦੁਖਦਾਈ ਪ੍ਰਭਾਵ ਪੰਜਾਬ ਦੇ ਸਾਂਝੇ ਸਭਿਆਚਾਰ ਉੱਤੇ ਕੀਤਾ ਗਿਆ ਘਾਤਕ ਵਾਰ ਸੀ। ਸਾਂਝੇ ਪੰਜਾਬ ਦੀ ਇਤਿਹਾਸਕ ਸ਼ਾਨ ਇੱਕ ਵਾਰਗੀ ਹੀ ਮਲੀਆ ਮੇਟ ਕਰ ਦਿੱਤੀ ਗਈ ਸੀ। ਇਹ ਤਾਂ ਪੰਜਾਬ ਦੇ ਲੋਕਾਂ ਦੀ ਦਲੇਰੀ ਸਾਹਸ ਹਿੰਮਤ ਦਾ ਫਲ ਹੈ ਕਿ ਪੰਜਾਬੀ ਮੁੜ ਉੱਠ ਖਲੋਤੇ ਹਨ ਤੇ ਸ਼ਾਨ ਨਾਲ ਜੀਅ ਰਹੇ ਹਨ। ਪਰ ਸਾਂਝੇ ਪੰਜਾਬ ਦਾ ਜੋ ਭਾਗ ਪਾਕਿਸਤਾਨ ਵਿੱਚ ਚਲਾ ਗਿਆ, ਉਸ ਨੂੰ ਅੱਜ ਤੱਕ ਆਜ਼ਾਦੀ ਦਾ ਉਹ ਸੁੱਖ ਪ੍ਰਾਪਤ ਨਹੀਂ ਹੋ ਸਕਿਆ ਜੋ ਭਾਰਤ ਦੇ ਪੰਜਾਬ ਨੂੰ ਲੋਕਤੰਤਰਿਕ ਰਾਜ ਪ੍ਰਬੰਧ ਦੀ ਸਫਲਤਾ ਕਾਰਨ ਮਿਲਿਆ ਹੈ। ਪਾਕਿਸਤਾਨੀ ਪੰਜਾਬ ਵਿੱਚ ਅਧਿਨਾਇਕਤਾ ਵਾਦੀ ਸਾਸ਼ਨ ਪ੍ਰਬੰਧ ਦੇ ਕਾਰਨ ਆਮ ਜਨਤਾ ਹਾਲੀਂ ਵੀ ਆਰਥਿਕ ਮੰਦਹਾਲੀ, ਗਰੀਬੀ ਤੇ ਦੁੱਖਾਂ-ਭੁੱਖਾਂ ਦੀ ਸ਼ਿਕਾਰ ਹੈ।

## ਦੇਸ਼-ਵੰਡ ਦੇ ਸਮੇਂ ਦੀ ਕਰੁਣ ਕਥਾ

ਪੰਜਾਬ ਦੀ ਕਵਿਤਰੀ ਅੰਮ੍ਰਿਤਾ ਪ੍ਰੀਤਮ ਨੇ ਇਸ ਮਹਾਂਦੁਖਾਂਤ ਦਾ ਵਰਣਨ ਆਪਣੀ 1947 ਈ. ਬਾਰੇ ਲਿਖੀ ਗਈ ਲੰਬੀ ਕਵਿਤਾ 'ਮੈਂ ਤਵਾਰੀਖ ਹਾਂ ਹਿੰਦ ਦੀ' ਵਿੱਚ ਇਸ ਤਰ੍ਹਾਂ ਕੀਤਾ ਹੈ :-

ਆਈ ਮਜ਼੍ਹਬਾਂ ਦੀ ਕਾਂਗ,
ਕੱਚੇ ਘੜਿਆਂ ਦੇ ਵਾਂਗ,
ਟੁੱਟਾ ਸੋਹਣੀ ਦਾ ਦੇਸ਼,
ਅੱਖਾਂ ਪਈਆਂ ਨੇ ਰੋ,

ਅਤੇ ਫਿਰ ਉਸੇ ਕਵਿਤਾ ਵਿੱਚ ਉਹ ਅੱਗੇ ਜਾ ਕੇ ਲਿਖਦੀ ਹੈ :

ਪਰ ਮਨੁੱਖ ਨੂੰ ਇੱਕ ਵਾਰ,
ਇਸ ਮਨੁੱਖਤਾ ਦੇ ਨਾਲ,
ਇਸ਼ਕ ਲੱਗਾ ਸੀ ਜੋ
ਕੀਕਣ ਟੁਟੇਗਾ ਉਹ।

ਅੰਮ੍ਰਿਤਾ ਪ੍ਰੀਤਮ ਦੇ ਇਹ ਦੋਵੇਂ ਵਿਚਾਰ ਪੰਜਾਬ ਦੇ ਵਰਤਮਾਨ ਇਤਿਹਾਸ ਨੇ ਸਿੱਧ ਕਰ ਵਿਖਾਏ ਹਨ। 1947 ਵਿੱਚ ਪੰਜਾਬ ਵਿੱਚ ਜੋ ਕੁਝ ਵਾਪਰਿਆ, ਉਹ ਪੰਜਾਬ ਦੇ ਪ੍ਰਸਿੱਧ ਸੂਫੀ ਕਵੀ ਬਾਬਾ ਬੁੱਲ੍ਹੇ ਸ਼ਾਹ ਦੇ ਸ਼ਬਦਾਂ ਦੀ ਯਾਦ ਤਾਜ਼ਾ ਕਰਵਾਉਂਦੇ ਹਨ :-

ਦਰ ਖੁੱਲ੍ਹਾ ਹਸ਼ਰ ਅਜ਼ਾਬ ਦਾ,
ਬੁਰਾ ਹਾਲ ਹੋਇਆ ਪੰਜਾਬ ਦਾ।

1947 ਦਾ ਸਾਲ ਪੰਜਾਬ ਦੇ ਇਤਿਹਾਸ ਦਾ ਅਤਿ ਕੁਲਹਿਣਾ ਸਾਲ ਸੀ। ਮਹਿਮੂਦ ਗਜ਼ਨਵੀ, ਬਾਬਰ, ਨਾਦਰ ਅਤੇ ਅਬਦਾਲੀ ਦੇ ਹੱਲਿਆਂ ਸਮੇਂ ਪੰਜਾਬ ਦੇ ਲੋਕਾਂ ਨੂੰ ਵੱਡੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ। ਬਾਬਰ ਦੇ ਹੱਲੇ ਦੇ ਦਿਲ-ਕੰਬਾਊ ਸਮਾਚਾਰਾਂ ਦਾ ਵਰਣਨ ਗੁਰੂ ਨਾਨਕ ਦੇਵ ਜੀ ਨੇ ਡੂੰਘੀ ਦਰਦ-ਭਰੀ ਬਾਣੀ ਰਾਹੀਂ ਕੀਤਾ ਹੈ, ਜਿਸਦਾ ਸਾਰ ਗੁਰੂ ਨਾਨਕ ਦੇਵ ਜੀ ਨੇ 'ਏਤੀ ਮਾਰ ਪਈ ਕੁਰਲਾਣੇ' ਦੇ ਦਰਦ-ਭਿੱਜੇ ਸ਼ਬਦਾਂ ਵਿੱਚ ਬਿਆਨ ਕੀਤਾ ਹੈ।

ਭਾਵ : "ਸ਼ਕਤਾ ਸੀਂਹ ਵੱਗ ਉੱਤੇ ਟੁੱਟ ਪਿਆ ਹੈ ਪਰ ਹੇ ਪਰਮਾਤਮਾ! ਤੈਨੂੰ ਦਰਦ ਕਿਉਂ ਨਹੀਂ ਆਇਆ?" ਪਰਮਾਤਮਾ ਦਾ ਸਾਰਾ ਦਰਦ ਗੁਰੂ ਨਾਨਕ ਦੇਵ ਨੇ ਆਪਣੇ ਸਿਰ ਲੈ ਲਿਆ ਅਤੇ ਉਸ ਸਮੇਂ ਦੀ ਲਹੂ-ਭਿੱਜੀ ਮਨੁੱਖਤਾ ਦੁਆਰਾ 'ਸੱਚ ਕੀ ਬਾਤ' ਆਖ ਕੇ ਇਸ ਮਹਾਂਦੁਖਾਂਤ ਨੂੰ ਸਦਾ ਨਾ ਭੁੱਲਣ ਵਾਲਾ ਇਤਿਹਾਸ ਬਣਾ ਦਿੱਤਾ। ਪੰਜਾਬ ਦੇ ਲੋਕਾਂ ਦੇ ਉਸ ਸਮੇਂ ਦੇ ਦੁਖਾਂਤ ਨੂੰ ਜਿਸ ਦਰਦ ਨਾਲ ਗੁਰੂ ਨਾਨਕ ਦੇਵ ਜੀ ਨੇ ਚਿਤਰਿਆ ਲਗਭਗ ਉਸੇ ਦਰਦ ਨੂੰ ਇਸ ਸਮੇਂ ਨਾਮਧਾਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਅਨੁਭਵ ਕੀਤਾ ਹੈ। ਇਤਿਹਾਸ ਦੇ ਇਸ ਤਬਾਹੀ ਵਾਲੇ ਸਮੇਂ ਸਤਿਗੁਰੂ ਪਰਤਾਪ ਸਿੰਘ ਜੀ ਦਾ ਦਿਲੀ ਦਰਦ ਗੁਰੂ ਨਾਨਕ ਦੇਵ ਜਿੰਨਾ ਹੀ ਡੂੰਘਾ ਸੀ ਤੇ ਤੜਪ ਨਾਲ ਭਰਿਆ ਹੋਇਆ ਸੀ।

ਦੇਸ਼-ਵੰਡ ਅਤੇ ਪੰਜਾਬ ਦੇ 1947 ਦੇ ਵਿਭਾਜਨ ਸਮੇਂ ਜੋ ਕੁਝ ਪੰਜਾਂ ਦਰਿਆਵਾਂ ਦੀ ਧਰਤੀ ਉੱਤੇ ਵਾਪਰਿਆ, ਉਸ ਦਾ ਵਰਣਨ ਵੀ ਅੰਮ੍ਰਿਤਾ ਪ੍ਰੀਤਮ ਨੇ ਲਹੂ ਭਿੱਜੇ ਸ਼ਬਦਾਂ ਵਿੱਚ ਕੀਤਾ ਹੈ :

ਅੱਜ ਬੇਲੇ ਲਾਸ਼ਾਂ ਵਿਛੀਆਂ,
ਤੇ ਲਹੂ ਦੀ ਭਰੀ ਚਨਾਬ।

ਝਨ੍ਹਾਂ ਨੂੰ ਸਦਾ ਸੱਚੇ ਪ੍ਰੇਮ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ। ਪੰਜਾਬ ਦਾ ਕੌਮੀ ਕਵੀ ਮੋਹਣ ਸਿੰਘ ਵੀ ਆਪਣੇ ਫੁੱਲਾਂ ਨੂੰ ਝਨ੍ਹਾਂ ਵਿੱਚ ਪਾਉਣ ਲਈ ਕਹਿੰਦਾ ਹੈ। ਪੰਜਾਬ ਦੇ ਇਤਿਹਾਸਕਾਰਾਂ ਨੇ 1947 ਦੀ ਤਬਾਹੀ ਦਾ ਵਰਣਨ ਕਈ ਥਾਵਾਂ 'ਤੇ ਕੀਤਾ ਹੈ।

ਡਾ. ਏ. ਸੀ. ਅਰੋੜਾ ਲਿਖਦਾ ਹੈ, "[1]1947 ਈ. ਵਿੱਚ ਦੇਸ਼ ਦੇ ਬਟਵਾਰੇ ਦੇ (ਸ਼ਾਇਦ ਬੰਗਾਲ ਨੂੰ ਛੱਡ ਕੇ) ਕਿਸੇ ਵੀ ਹੋਰ ਪ੍ਰਾਂਤ ਉੱਤੇ ਇੰਨੇ ਡੂੰਘੇ ਪ੍ਰਭਾਵ ਨਹੀਂ ਪਏ, ਜਿੰਨੇ ਕਿ ਪੰਜਾਬ ਉੱਤੇ ਪਏ। ਦੇਸ਼-ਵੰਡ ਸਮੇਂ ਪਾਕਿਸਤਾਨ ਵਿੱਚ ਆਏ ਪੱਛਮੀ ਪੰਜਾਬ ਅਤੇ ਭਾਰਤ ਵਿੱਚ ਆਏ ਪੂਰਬੀ ਪੰਜਾਬ ਵਿੱਚ ਭਿਆਨਕ ਫਿਰਕੂ ਫਸਾਦ ਹੋਏ ਜਿਨ੍ਹਾਂ ਦੌਰਾਨ ਹਜ਼ਾਰਾਂ ਦੀ ਗਿਣਤੀ ਵਿੱਚ ਹਿੰਦੂਆਂ-ਸਿੱਖਾਂ ਅਤੇ ਮੁਸਲਮਾਨਾਂ ਦੀਆਂ ਜਾਨਾਂ ਗਈਆਂ, ਹਜ਼ਾਰਾਂ ਔਰਤਾਂ ਨੂੰ ਅਗਵਾ ਤੇ ਬੇਪਤ ਕੀਤਾ ਗਿਆ ਅਤੇ ਕਰੋੜਾਂ ਰੁਪਏ ਦੀ ਜਾਇਦਾਦ ਤਬਾਹ ਕਰ ਦਿੱਤੀ ਗਈ। ਲੱਖਾਂ ਦੀ ਗਿਣਤੀ ਵਿੱਚ ਪੱਛਮੀ ਪੰਜਾਬ ਦੇ ਹਿੰਦੂਆਂ ਤੇ ਸਿੱਖਾਂ ਨੂੰ ਆਪਣੀਆਂ ਜ਼ਮੀਨਾਂ, ਦੁਕਾਨਾਂ ਅਤੇ ਮਕਾਨਾਂ ਨੂੰ ਛੱਡ ਕੇ ਭਾਰਤ ਆਉਣਾ ਪਿਆ ਅਤੇ ਉਸੇ ਤਰ੍ਹਾਂ ਪੂਰਬੀ ਪੰਜਾਬ ਦੇ ਮੁਸਲਮਾਨਾਂ ਨੂੰ ਪਾਕਿਸਤਾਨ ਜਾਣਾ ਪਿਆ।" ਬਹੁਤੇ ਲੋਕਾਂ ਦਾ ਵਿਚਾਰ ਸੀ ਕਿ ਦੇਸ ਹੱਲੇ-ਗੁੱਲੇ ਦੇ ਦਿਨਾਂ ਦੇ ਗੁਜ਼ਰ ਜਾਣ ਪਿਛੋਂ ਫੇਰ ਲੋਕ ਆਪਣੇ-ਆਪਣੇ ਘਰ ਵਾਪਸ ਆ ਜਾਣਗੇ, ਪਰ ਅਜਿਹਾ ਨਾ ਹੋਇਆ, ਇਹ ਵੰਡ ਸਦੀਵੀ ਬਣ ਗਈ। ਇਸ ਸਮੇਂ ਦੋਵਾਂ ਪਾਸਿਆਂ ਤੋਂ ਏਡੀ ਵੱਡੀ ਗਿਣਤੀ ਵਿੱਚ ਵਸੋਂ ਦੀ ਜੋ ਤਬਦੀਲੀ ਹੋਈ, ਉਸ ਦੀ ਮਿਸਾਲ ਸੰਸਾਰ ਭਰ ਦੇ ਇਤਿਹਾਸ ਵਿੱਚੋਂ ਲੱਭਣੀ ਮੁਸ਼ਕਲ ਹੈ।

ਸ੍ਰ: ਖੁਸ਼ਵੰਤ ਸਿੰਘ ਲਿਖਦਾ ਹੈ, "[2]15 ਅਗਸਤ 1947 ਨੂੰ ਜਦੋਂ ਭਾਰਤ ਸੁਤੰਤਰਤਾ ਦਾ ਜਸ਼ਨ ਮਨਾ ਰਿਹਾ ਸੀ ਤਾਂ ਇੱਕ ਕਰੋੜ ਪੰਜਾਬੀ ਇੱਕ-ਦੂਜੇ ਦਾ ਗਲਾ ਵੱਢਣ 'ਤੇ ਤੁਲੇ ਹੋਏ ਸਨ।"

"ਪਾਕਿਸਤਾਨ ਅਤੇ ਭਾਰਤ ਦੇ ਦੋਵੇਂ ਪਾਸਿਆਂ ਵਿੱਚ ਅਤਿ ਦੇ ਜ਼ੁਲਮ ਢਾਏ ਗਏ। ਪੈਦਲ ਚੱਲ ਰਹੇ ਸ਼ਰਨਾਰਥੀਆਂ ਦੀ ਹੱਤਿਆ ਅਜਿਹੀ ਕੀਤੀ ਗਈ ਕਿ ਲੋਥਾਂ ਨਾਲ ਸੜਕਾਂ ਰੁੱਕ ਗਈਆਂ। ਗੱਡੀਆਂ ਦੇ ਮੁਸਾਫਿਰਾਂ ਦੀ ਹੱਤਿਆ ਕੀਤੀ ਗਈ ਅਤੇ ਲਾਸ਼ਾਂ ਨਾਲ ਲੱਦੇ ਡੱਬੇ ਏਧਰ ਆਉਂਦੇ ਅਤੇ ਏਧਰੋਂ ਉਧਰ ਜਾਂਦੇ। ਬੁੱਢਿਆਂ, ਬਿਮਾਰਾਂ ਅਤੇ ਬੱਚਿਆਂ ਪ੍ਰਤੀ ਵੀ ਕੋਈ ਦਇਆ ਨਹੀਂ ਦਿਖਾਈ ਗਈ। ਮੁਟਿਆਰਾਂ ਨੂੰ ਕੁਝ ਨਾ ਕਿਹਾ ਜਾਂਦਾ, ਪਰ ਅੱਗੋਂ ਉਨ੍ਹਾਂ ਦੀ ਬੇਪਤੀ ਅਤੇ ਹੱਤਿਆ ਕਰ ਦਿੱਤੀ ਜਾਂਦੀ। ਵਿਸ਼ਵ ਭਰ ਦੇ ਇਤਿਹਾਸ ਵਿੱਚ ਆਬਾਦੀ ਦੀ ਅਦਲਾ-ਬਦਲੀ ਨਾਲ ਏਨਾ ਖੂਨ-ਖਰਾਬਾ ਕਦੇ ਨਹੀਂ ਸੀ ਹੋਇਆ।"

"[3]ਅਗਸਤ ਵਿੱਚ ਫਿਰਕੂ ਦੰਗੇ ਘਰੇਲੂ-ਜੰਗ ਦਾ ਰੂਪ ਧਾਰ ਗਏ। ਨਫਰਤ ਦਾ ਅਜਿਹਾ ਝੱਖੜ ਝੁੱਲਿਆ ਜਿਸ ਨੇ ਪੱਛਮੀ ਪਾਕਿਸਤਾਨ ਦੇ ਹਿੰਦੂ ਸਿੱਖਾਂ ਨੂੰ ਮਜਬੂਰ ਕਰ ਦਿੱਤਾ ਕਿ ਉਹ ਇਲਾਕਾ ਛੱਡ ਕੇ ਭਾਰਤ ਚਲੇ ਜਾਣ ਅਤੇ ਪੂਰਬੀ ਪੰਜਾਬ ਦੇ ਮੁਸਲਮਾਨਾਂ ਨੂੰ ਪਾਕਿਸਤਾਨ ਵਿੱਚ ਪਨਾਹ ਲੈਣ ਲਈ ਮਜਬੂਰ ਕਰ ਦਿੱਤਾ।"

[1] ਡਾ. ਏ.ਸੀ. ਅਰੋੜਾ, *ਪੰਜਾਬ ਦਾ ਇਤਿਹਾਸ (1799-1966)*, ਪੰਨਾ 307.
[2] ਖੁਸ਼ਵੰਤ ਸਿੰਘ, *ਏ ਹਿਸਟਰੀ ਆਫ ਦ ਸਿੱਖਸ (ਭਾਗ - 2) 1839-1988*, ਪੰਨਾ 281-82.
[3] ਉਕਤ, ਪੰਨਾ 282-283.

Namdhari Elibrary NamdhariElibrary@gmail com

ਲਾਇਲਪੁਰ ਦੇ ਖੁਸ਼ਹਾਲ ਜ਼ਿਲ੍ਹੇ ਵਿੱਚ ਤਿੰਨ-ਤਿੰਨ ਲੱਖ ਸਿੱਖਾਂ ਦੀ ਆਬਾਦੀ ਸੀ। ਪੱਛਮੀ ਪੰਜਾਬ ਦੇ ਗਵਰਨਰ ਸਰ-ਫਰਾਂਸਿਸ ਮੂੜੀ ਨੇ ਮਿ: ਜਿਨਾਹ ਨੂੰ ਕਿਹਾ ਕਿ ਉਹ ਸਿੱਖਾਂ ਨੂੰ ਉਜਾੜ ਕੇ ਜਿੰਨੀ ਛੇਤੀ ਹੋ ਸਕੇ ਛੁਟਕਾਰਾ ਪਾਉਣਾ ਚਾਹੁੰਦਾ ਹੈ। ਉਸਦਾ ਕਹਿਣਾ ਸੀ, "ਮੈਂ ਹਰ ਇੱਕ ਨੂੰ ਦੱਸ ਰਿਹਾ ਹਾਂ ਕਿ ਮੈਨੂੰ ਇਸ ਗੱਲ ਦੀ ਪਰਵਾਹ ਨਹੀਂ ਕਿ ਸਿੱਖ ਹੱਦ ਕਿਵੇਂ ਪਾਰ ਕਰਦੇ ਹਨ? ਵੱਡੀ ਗੱਲ ਤਾਂ ਇਹ ਹੈ ਕਿ ਜਿੰਨੀ ਛੇਤੀ ਸੰਭਵ ਹੋਵੇ, ਉਨ੍ਹਾਂ ਤੋਂ ਛੁਟਕਾਰਾ ਪਾਇਆ ਜਾਵੇ। ਲਾਇਲਪੁਰ ਦੇ ਇਲਾਕੇ ਵਿੱਚ ਤਿੰਨ ਲੱਖ ਸਿੱਖ ਹਨ, ਪਰ ਕੋਈ ਵੀ ਹਿੱਲ ਨਹੀਂ ਰਿਹਾ। ਪਰ ਅਖੀਰ ਉਨ੍ਹਾਂ ਨੂੰ ਜਾਣਾ ਜ਼ਰੂਰ ਪਏਗਾ।" ਅਜਿਹੀ ਹਾਲਤ ਵਿੱਚ ਹੀ ਉਨ੍ਹਾਂ ਨੂੰ ਆਪਣੇ ਘਰ ਬਾਰ ਛੱਡਣ ਲਈ ਮਜਬੂਰ ਹੋਣਾ ਪਿਆ। ਸਤੰਬਰ ਦੇ ਪਹਿਲੇ ਹਫਤੇ ਹਿੰਦੂ, ਸਿੱਖਾਂ ਨੂੰ ਪੱਛਮੀ ਪੰਜਾਬ ਵਿੱਚੋਂ ਕੱਢਣ ਲਈ ਫ਼ੌਜ ਨੂੰ ਸੰਗਠਿਤ ਕੀਤਾ ਗਿਆ। ਪਾਕਿਸਤਾਨ ਤੋਂ ਹਿੰਦੂਸਤਾਨ ਆਉਣ ਲਈ ਚਾਰ ਮਾਰਗ ਵਿਸ਼ੇਸ਼ ਸਨ — ਨਾਰੋਵਾਲ ਤੋਂ ਡੇਰਾ ਬਾਬਾ ਨਾਨਕ, ਲਾਹੌਰ ਤੋਂ ਅੰਮ੍ਰਿਤਸਰ, ਕਸੂਰ ਤੋਂ ਫਿਰੋਜ਼ਪੁਰ ਅਤੇ ਮਿੰਟਗੁਮਰੀ ਤੋਂ ਫ਼ਾਜ਼ਿਲਕਾ। ਇਹ ਵੀ ਯਤਨ ਕੀਤਾ ਗਿਆ ਕਿ ਦੋਹਾਂ ਦੇਸ਼ਾਂ ਦੇ ਹਿਜਰਤ ਕਰ ਰਹੇ ਕਾਫਲਿਆਂ ਨੂੰ ਇੱਕ ਦੂਜੇ ਤੋਂ ਵੱਖਰਾ ਰੱਖਿਆ ਜਾਵੇ। ਪਾਕਿਸਤਾਨ ਵੱਲੋਂ ਆਉਣ ਵਾਲੇ ਹਿੰਦੂ-ਸਿੱਖ ਸ਼ਰਨਾਰਥੀਆਂ ਲਈ ਵੱਖ-ਵੱਖ ਸ਼ਹਿਰਾਂ ਵਿੱਚ ਸ਼ਰਨਾਰਥੀ ਕੈਂਪ ਖੋਲ੍ਹੇ ਗਏ। ਸਭ ਤੋਂ ਵੱਡਾ ਸ਼ਰਨਾਰਥੀ ਕੈਂਪ ਕੁਰੂਕਸ਼ੇਤਰ ਵਿੱਚ ਖੋਲ੍ਹਿਆ ਗਿਆ, ਜਿਸ ਵਿੱਚ ਸ਼ਰਨਾਰਥੀਆਂ ਦੀ ਕੁੱਲ ਗਿਣਤੀ ਸੱਤ ਲੱਖ ਵੀਹ ਹਜ਼ਾਰ (7,20,000) ਵਿੱਚੋਂ ਪੰਜ ਲੱਖ ਤੋਂ ਵੀ ਵਧੇਰੇ ਇਸ ਕੈਂਪ ਵਿੱਚ ਹੋ ਗਈ ਸੀ।

ਨਾਮਧਾਰੀ ਲੇਖਕ ਤਰਨ ਸਿੰਘ ਵਹਿਮੀ ਨੇ ਦੇਸ਼-ਵੰਡ ਦੇ ਸਮੇਂ ਦੀ ਕਰੁਣ-ਕਥਾ ਦਾ ਇਸ ਤਰ੍ਹਾਂ ਵਰਣਨ ਕੀਤਾ ਹੈ : [1]"10 ਅਗਸਤ ਤੱਕ ਜੋ ਨਿਕਲ ਆਏ ਸੋ ਸੌਖੇ ਆਏ। 11-12 ਅਗਸਤ ਨੂੰ ਲਾਹੌਰ ਗੱਡੀ ਵੱਢੀ ਗਈ ਹਿੰਦੂਆਂ, ਸਿੱਖਾਂ ਦੀ ਤੇ ਲਾਈਨ ਵੀ ਪੁੱਟੀ ਗਈ ਸ਼ਹਾਦਰੇ ਵੱਲੋਂ। 15 ਅਗਸਤ 1947 ਰੇਡੀਓ ਤੇ ਬੋਲਿਆ ਗਿਆ ਕਿ ਭਾਰਤ ਆਜ਼ਾਦ ਹੋ ਗਿਆ ਹੈ। 18 ਅਗਸਤ 1947 (2 ਭਾਦਰੋਂ 2004 ਬਿ.) ਨੂੰ ਪਾਕਿਸਤਾਨ ਤੇ ਹਿੰਦੂਸਤਾਨ ਦੀ ਹੱਦ ਸੁਣਾਈ ਗਈ। ਮੁਸਲਮਾਨਾਂ ਤੇ ਹਿੰਦੂਆਂ ਸਿੱਖਾਂ ਦੀ ਕੱਟ-ਵੱਢ ਕਈ ਦਿਨਾਂ ਤੋਂ ਹੋ ਰਹੀ ਸੀ। ਰਾਵਲਪਿੰਡੀ, ਪੰਜਾ ਸਾਹਿਬ, ਪਿਸ਼ੌਰ ਵੱਲ ਤੇ ਅੰਮ੍ਰਿਤਸਰ ਤਰਨ ਤਾਰਨ ਵੱਲ। ਪਰ ਹੱਦ ਸੁਣਾਣ ਤੋਂ ਬਾਅਦ ਤਾਂ ਹੱਦ ਹੀ ਨਾ ਰਹੀ। ਜੋ ਥਿੱਲਾ ਚਾਹੁੰਦਾ ਸੀ ਤੇ ਚਿਰ ਤੋਂ ਆਂਹਦਾ ਸੀ ਕਿ ਆਉਣ ਵੇਲੇ ਹਿੰਦੂਸਤਾਨ ਵਿੱਚ ਲੰਡਨੋਂ ਕੁਝ ਲੈ ਕੇ ਨਹੀਂ ਆਏ ਤੇ ਜਾਣ ਵੇਲੇ ਕੁਝ ਰਹਿਣ ਨਹੀਂ ਦੇਣਾ। ਸੋ ਬਿਧ ਬਣੀ ਹੈ। ਜੋ ਕਹਿੰਦਾ ਸੀ, ਸੋ ਬੇਈਮਾਨ ਥਿੱਲੇ ਨੇ ਕਰ ਵਿਖਾਈ ਹੈ।"

## ਸਤਿਗੁਰੂ ਪਰਤਾਪ ਸਿੰਘ ਜੀ ਦੀ ਆਪਣੇ ਸਿੱਖਾਂ ਬਾਰੇ ਚਿੰਤਾ

ਸਤਿਗੁਰੂ ਪਰਤਾਪ ਸਿੰਘ ਜੀ ਨੇ 1947 ਵਿੱਚ ਹੀ ਸ਼ੇਖੂਪੁਰਾ ਬੇਦਾਦ ਦੇ ਹੱਲੇ ਉੱਤੇ

[1] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ-4, ਪੰਨਾ 99.

Namdhari Elibrary NamdhariElibrary@gmail.com

ਆਪਣੇ ਸਿੱਖ ਸੇਵਕਾਂ ਨੂੰ ਇਹ ਕਹਿ ਦਿੱਤਾ ਸੀ ਕਿ ਜੋ ਰਾਵੀ ਜਾਂ ਬਿਆਸ ਤੋਂ ਪਾਰ ਚਲਾ ਜਾਵੇਗਾ, ਉਹ ਚੰਗਾ ਰਹੇਗਾ। ਜਦੋਂ ਮਾਰਚ 1947 ਵਿੱਚ ਪੰਜਾਬ ਵਿੱਚ ਫਿਰਕੂ ਫਸਾਦ ਸ਼ੁਰੂ ਹੋ ਗਏ ਤਾਂ ਸਤਿਗੁਰੂ ਪਰਤਾਪ ਸਿੰਘ ਜੀ ਦੀ ਚਿੰਤਾ ਹੋਰ ਵੀ ਵੱਧ ਗਈ। ਦੇਸ਼ ਦੇ ਬਦਲਦੇ ਹਾਲਾਤ, ਰਾਜਨੀਤਕ ਜੋੜ-ਤੋੜ ਤਾਂ ਸਤਿਗੁਰੂ ਜੀ ਨੂੰ ਭਿਆਨਕ ਤਬਾਹੀ ਦਾ ਸੰਕੇਤ ਦੇ ਰਹੇ ਸਨ। ਆਪ ਨੇ 1947 ਈ. ਦੇ ਸ਼ੇਖੂਪੁਰੇ ਬੇਦਾਦ (ਗੁਜਰਾਂਵਾਲੇ) ਦੇ ਹੋਲੇ ਤੇ ਸਾਰੇ ਸਿੱਖਾਂ ਨੂੰ ਰਾਵੀਓਂ ਪਾਰ ਹੋਣ ਦੀ ਤਾਕੀਦ ਕੀਤੀ। ਵਹਿਮੀ ਦੇ ਸ਼ਬਦਾਂ ਵਿੱਚ, "ਕੋਈ ਕੂਕਾ ਇਹ ਨਾ ਕਹੇ ਕਿ ਕਿਸੇ ਨੂੰ ਪਤਾ ਨਹੀਂ ਦਿੱਤਾ। ਜੇ ਭਲਾ ਚਾਹੁੰਦੇ ਹੋ ਅੱਵਲ ਤਾਂ ਬਿਆਸ ਤੋਂ ਪਾਰ ਹੋ ਜਾਓ, ਨਹੀਂ ਤਾਂ ਰਾਵੀਓਂ ਜ਼ਰੂਰ ਪਾਰ ਹੋ ਜਾਓ, ਜਿਸ ਬਚਣਾ ਹੈ। ਜੇ ਥੋੜ੍ਹਾ ਵੀ ਉੱਦਮ ਕਰੇ, ਉਹ ਬਾਲ ਬੱਚਾ, ਮਾਲ ਤਾਂ ਜ਼ਰੂਰ ਹੀ ਸਾਂਭ ਲਾਹੌਰ ਦੇ ਜ਼ਿਲ੍ਹੇ ਤੋਂ ਪਾਰ ਕਰ ਲੈਣ। ਇਹ ਵੀ ਬਚਨ ਕੀਤਾ ਕਿ ਕੂਕਿਓ ਤੁਸਾਂ ਕਿਸੇ ਨੂੰ ਨਾ ਮਾਰਨਾ, ਨਾ ਕਿਸੇ ਦੀ ਕੋਈ ਚੀਜ਼ ਚੁਰਾਉਣੀ, ਖੋਹਣੀ, ਤੁਹਾਡਾ ਬੁਰਾ ਸਮਝਦਾਰ ਘੱਟ ਕਰੇਗਾ।"[1]

ਜਦੋਂ ਫਿਰਕੂ ਫਸਾਦ ਹੋਰ ਜ਼ੋਰ ਫੜਨ ਲੱਗੇ ਤਾਂ ਇਨ੍ਹਾਂ ਦੀ ਅੱਗ ਨੇ ਸਾਰੇ ਪੰਜਾਬ ਨੂੰ ਘੇਰ ਲਿਆ ਜਦ ਸ਼ਹਿਰਾਂ ਤੇ ਪਿੰਡਾਂ ਵਿੱਚ, ਦੇਸ਼ ਦੇ ਦੋਹੀਂ ਬੰਨੀ, ਅੱਗਾਂ ਲੁੱਟਾਂ, ਖੋਹਾਂ, ਕਤਲ, ਇਸਤਰੀਆਂ ਦੀ ਸਮੂਹਿਕ ਰੂਪ ਵਿੱਚ ਬੇਪਤੀ ਵਰਗੇ ਖੂਨੀ ਦ੍ਰਿਸ਼ਾਂ ਨੇ ਸਾਰੇ ਪੰਜਾਬ ਨੂੰ ਘੇਰ ਲਿਆ ਤਾਂ ਸਤਿਗੁਰੂ ਪਰਤਾਪ ਸਿੰਘ ਜੀ ਦੀ ਚਿੰਤਾ ਹੋਰ ਵੀ ਵੱਧ ਗਈ। ਆਪਨੇ ਆਪਣੇ ਆਪ ਨੂੰ ਖਤਰੇ ਵਿੱਚ ਪਾਉਣ ਤੋਂ ਸੰਕੋਚ ਨਾ ਕੀਤਾ ਅਤੇ ਮੁੜ ਪੱਛਮੀ ਪੰਜਾਬ ਵਿੱਚ ਘਰ-ਘਰ ਜਾ ਕੇ ਘਰ-ਘਾਟ ਛੱਡ ਕੇ ਰਾਵੀਓਂ ਪਾਰ ਹੋਣ ਲਈ ਕਿਹਾ ਅਤੇ ਇਥੋਂ ਤੱਕ ਕਹਿ ਦਿੱਤਾ ਕਿ ਜੇਕਰ ਹੋਰ ਨਹੀਂ ਤਾਂ ਮੇਰੇ ਉੱਤੇ ਤਰਸ ਕਰ ਲਉ। ਏਥੇ ਹੀ ਬੱਸ ਨਹੀਂ ਮੁੜ ਬਲਦੀ ਅੱਗ ਵਿੱਚ ਬਾਬਾ ਜਗਜੀਤ ਸਿੰਘ ਨੇ ਪੱਛਮੀ ਪੰਜਾਬ ਦੇ ਸਿੱਖਾਂ ਨੂੰ ਘਰ-ਘਰ ਜਾ ਕੇ ਉਥੋਂ ਚਲੇ ਜਾਣ ਲਈ ਕਿਹਾ, ਜਿਨ੍ਹਾਂ ਨੇ ਹੁਕਮ ਮੰਨ ਲਿਆ ਉਹ ਪਰਿਵਾਰਾਂ ਸਮੇਤ ਸਹੀ ਸਲਾਮਤ ਭਾਰਤ ਪਹੁੰਚ ਗਏ। ਦੂਜਿਆਂ ਨੂੰ ਪੱਛਮੀ ਪੰਜਾਬ ਤੋਂ ਏਧਰ ਆਉਣ ਲਈ ਕਈ ਤਰ੍ਹਾਂ ਦੇ ਕਸ਼ਟ ਸਹਿਣੇ ਪਏ। ਉਂਜ ਤਾਂ ਪੱਛਮੀ ਪੰਜਾਬ ਤੋਂ ਆਉਣ ਵਾਲੇ ਹਿੰਦੂ-ਸਿੱਖ ਸ਼ਰਨਾਰਥੀਆਂ ਲਈ ਸਰਕਾਰੀ ਅਤੇ ਗ਼ੈਰ-ਸਰਕਾਰੀ ਪੱਧਰ 'ਤੇ ਬਹੁਤ ਸਾਰੇ ਪ੍ਰਬੰਧ ਕੀਤੇ ਗਏ। ਹਰ ਸ਼ਹਿਰ ਵਿੱਚ ਉੱਜੜ ਕੇ ਆਉਣ ਵਾਲੇ ਲੋਕਾਂ ਲਈ ਲੰਗਰ-ਪਾਣੀ ਤੇ ਰਿਹਾਇਸ਼ ਦਾ ਪ੍ਰਬੰਧ ਕੀਤਾ। ਸ਼ਰਨਾਰਥੀ ਕੈਂਪਾਂ ਵਿੱਚ ਲੋਕਾਂ ਉੱਤੇ ਪਈਆਂ ਮੁਸੀਬਤਾਂ ਤੇ ਦੁੱਖਾਂ ਤੇ ਮੌਤਾਂ ਦੀਆਂ ਕਹਾਣੀਆਂ ਬੜੀਆਂ ਦਰਦ ਭਰੀਆਂ ਤੇ ਸੁਣੀਆਂ ਨਾ ਜਾਣ ਵਾਲੀਆਂ ਸਨ। ਫਿਰ ਵੀ ਉਜੜੇ-ਪੁੱਜੜੇ ਲੋਕਾਂ ਨੂੰ ਇਹ ਔਕੜਾਂ ਦੇ ਦਿਨ ਕੱਟਣੇ ਹੀ ਪਏ। ਸਤਿਗੁਰੂ ਪਰਤਾਪ ਸਿੰਘ ਜੀ ਨੇ ਅੰਮ੍ਰਿਤਸਰ ਵਿਖੇ ਨਾਮਧਾਰੀ ਧਰਮਸ਼ਾਲਾ ਵਿੱਚ ਆਪਣੇ ਸਿੱਖਾਂ ਦੇ ਲੰਗਰ ਪਾਣੀ ਅਤੇ ਆਰਜ਼ੀ ਤੌਰ ਤੇ ਰਹਿਣ ਦਾ

[1] ਤਾਰਾ ਸਿੰਘ ਅਨਜਾਣ, *ਸਾਹਿਬ ਲੁਟੀ ਕਟੋਰਾ*, ਪੰਨਾ 155.

Namdhari Elibrary NamdhariElibrary@gmail.com

ਪ੍ਰਬੰਧ ਕੀਤਾ, ਉਥੋਂ ਸ੍ਰੀ ਭੈਣੀ ਸਾਹਿਬ ਜਾਣ ਦਾ ਆਦੇਸ਼ ਮਿਲ ਜਾਂਦਾ ਅਤੇ ਕੁਝ ਲੋਕ ਸਿਧੇ ਹੀ ਚੁਚਾਲ ਕੋਟਲੀ (ਸ੍ਰੀ ਜੀਵਨ ਨਗਰ) ਤੱਕ ਪੁੱਜ ਜਾਂਦੇ।

ਪੂਰਬੀ ਪੰਜਾਬ ਵਿੱਚੋਂ ਉੱਜੜ ਕੇ ਪਾਕਿਸਤਾਨ ਜਾਣ ਵਾਲੇ ਮੁਸਲਮਾਨਾਂ ਬਾਰੇ ਨਾਮਧਾਰੀ ਸਿੱਖਾਂ ਨੂੰ ਹੁਕਮ ਸੀ ਕਿ ਨਾ ਤਾਂ ਉਹ ਮੁਸਲਮਾਨਾਂ ਉੱਪਰ ਹੱਲਾ ਬੋਲਣ ਨਾ ਕਿਸੇ ਨੂੰ ਕਤਲ ਕਰਨ ਅਤੇ ਨਾ ਹੀ ਕਿਸੇ ਇਸਤਰੀ ਦਾ ਅਪਮਾਨ ਕਰਨ। ਸਗੋਂ ਵਾਹ ਲੱਗਦੀ ਗੁਰੂ ਦੇ ਲੰਗਰ ਵਿੱਚੋਂ ਪਾਕਿਸਤਾਨ ਨੂੰ ਜਾਣ ਵਾਲੇ ਮੁਸਲਮਾਨਾਂ ਨੂੰ ਲੰਗਰ ਛੱਕਣ ਲਈ ਦੇਣ।

ਪਾਕਿਸਤਾਨ ਵਿੱਚ ਰਹਿ ਗਈਆਂ ਹਜ਼ਾਰਾਂ ਹਿੰਦੂ-ਸਿੱਖਾਂ ਦੀਆਂ ਇਸਤਰੀਆਂ ਜਿਨ੍ਹਾਂ ਨੂੰ ਉਧਾਲ ਲਿਆ ਗਿਆ ਸੀ ਅਤੇ ਬੇਪਤ ਕੀਤਾ ਗਿਆ ਅਤੇ ਕਈਆਂ ਨੂੰ ਮੁਸਲਮਾਨਾਂ ਨੇ ਆਪਣੇ ਘਰੀਂ ਪਾ ਲਿਆ ਉਨ੍ਹਾਂ ਬਾਰੇ ਵੀ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਬਹੁਤ ਚਿੰਤਾ ਸੀ ਇਸ ਬਾਰੇ ਸਤਿਗੁਰੂ ਪਰਤਾਪ ਸਿੰਘ ਜੀ ਨੇ ਮਹਾਤਮਾ ਗਾਂਧੀ, ਪੰਡਿਤ ਜਵਾਹਰ ਲਾਲ ਨਹਿਰੂ ਅਤੇ ਹੋਰ ਕਈ ਨੇਤਾਵਾਂ ਨੂੰ ਆਪਣੀ ਚਿੰਤਾ ਤੋਂ ਵਾਕਿਫ ਕਰਵਾਇਆ।

"ਆਪ ਉਚੇਚਾ ਜਾ ਕੇ ਮਹਾਤਮਾ ਗਾਂਧੀ ਨੂੰ ਬਾਲਮੀਕੀ ਮੰਦਰ ਵਿੱਚ ਵੀ ਦੁਬਾਰਾ ਮਿਲੇ ਤੇ ਹਿੰਦੁਸਤਾਨ ਦਾ ਬਟਵਾਰਾ ਰੋਕਣ ਲਈ ਜ਼ੋਰ ਦਿੱਤਾ, ਕਿਉਂਕਿ ਇਸ ਨਾਲ ਲੋਕਾਂ ਦਾ, ਜਾਨੀ ਤੇ ਮਾਲੀ, ਬੜਾ ਨੁਕਸਾਨ ਹੋਣਾ ਸੀ। ਗਾਂਧੀ ਜੀ ਨੇ ਸਗੋਂ ਇਹ ਕਹਿ ਕੇ 'ਸਭ ਘਾਟੇ ਪੂਰੇ ਹੋ ਜਾਣਗੇ', ਲਾਪਰਵਾਹੀ ਵਿਖਾਈ। ਆਪ ਨੇ ਰੋਹ ਵਿੱਚ ਆ ਕੇ ਦੁਬਾਰਾ ਆਖਿਆ, "ਤੁਸੀਂ ਜਿਨ੍ਹਾਂ ਦੇ ਮੋਢਿਆਂ ਉੱਤੇ ਹੱਥ ਧਰ ਕੇ ਤੁਰੇ ਫਿਰਦੇ ਹੋ, ਜੇਕਰ ਕੋਈ ਇਹਨਾਂ ਦੀ ਇੱਜ਼ਤ ਲੁੱਟੇਗਾ ਤਾਂ ਇਸਦੀ ਪੂਰਤੀ ਕਿਵੇਂ ਕਰੋਗੇ?" ਗਾਂਧੀ ਜੀ ਨਿਰੁੱਤਰ ਸਨ। ਕਹਿਣ ਲੱਗੇ, "ਯਹ ਤੋ ਠੀਕ ਹੈ।" ਸਤਿਗੁਰੂ ਜੀ ਇਹ ਕਹਿ ਕੇ ਆ ਗਏ। ਪਰ ਪਰਨਾਲਾ ਉਥੇ ਦਾ ਉਥੇ ਹੀ ਰਿਹਾ।[1]

ਮਾਨਵਤਾ ਦੇ ਦਰਦੀ ਮਹਾਤਮਾ ਗਾਂਧੀ ਜੀ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਸਮਾਨ ਕੋਈ ਘੱਟ ਤੌਖਲੇ ਨਹੀਂ ਸਨ। ਗਾਂਧੀ ਜੀ ਦੇਸ਼ ਦੀ ਵੰਡ ਨੂੰ ਰੋਕਣ ਦਾ ਯਤਨ ਕਰਦੇ ਰਹੇ। ਪਰ ਫਿਰ ਪੇਸ਼ ਨਾ ਚੱਲਦੀ ਵੇਖ ਕੇ ਉਨ੍ਹਾਂ ਨੂੰ ਵੀ ਇਹ ਸਭ ਪ੍ਰਵਾਨ ਕਰਨਾ ਪਿਆ। ਗਾਂਧੀ ਜੀ ਫਿਰਕੂ ਫਸਾਦਾਂ ਦੇ ਹੇਠ ਆਏ ਲੋਕਾਂ ਨੂੰ ਤਬਾਹੀ ਤੋਂ ਬਚਾਉਣਾ ਚਾਹੁੰਦੇ ਸਨ। ਗਾਂਧੀ ਜੀ ਨੇ ਲਗਾਤਾਰ ਕੋਸ਼ਿਸ਼ਾਂ ਕੀਤੀਆਂ। ਪਰ ਫਿਰਕੂ ਜਨੂੰਨੀਆਂ ਨੇ ਇਹਨਾਂ ਨੂੰ ਵੀ ਨਾ ਬਖਸ਼ਿਆ ਅਤੇ ਅੰਤ ਨੂੰ 30 ਜਨਵਰੀ, 1948 ਨੂੰ ਇੱਕ ਹਥਿਆਰੇ ਨੱਥੂ ਰਾਮ ਗੋਡਸੇ ਨੇ ਗਾਂਧੀ ਜੀ ਦੀ ਹੱਤਿਆ ਕਰ ਦਿੱਤੀ। ਪਰ ਗਾਂਧੀ ਜੀ ਦਾ ਬਲੀਦਾਨ ਵਿਅਰਥ ਨਹੀਂ ਗਿਆ ਅਤੇ ਨਵੇਂ ਬਣ ਰਹੇ ਭਾਰਤ ਦੇ ਚਿਹਨ-ਚੱਕਰ, ਭਾਰਤ ਦੀ ਸੰਵਿਧਾਨ ਸਭਾ ਦੇ ਬਣਨ ਨਾਲ ਉਘੜਣ ਲੱਗੇ। ਆਜ਼ਾਦ ਭਾਰਤ ਦੇ ਵਿਧਾਨ ਬਣਾਉਣ ਦੀ ਪ੍ਰਕਿਰਿਆ ਆਰੰਭ ਹੋ ਗਈ।

---

[1] ਤਰਨ ਸਿੰਘ ਵਹਿਮੀ, *ਜਸ ਜੀਵਨ*, ਭਾਗ 4, ਪੰਨਾ 97-98.

Namdhari Elibrary NamdhariElibrary@gmail.com

1947 ਦੇ ਪਿਛਲੇ ਕੁਝ ਮਹੀਨੇ ਤੇ 1948 ਦਾ ਆਰੰਭਕ ਸਮਾਂ ਪੰਜਾਬ ਵਿੱਚ ਲਗਭਗ ਅਰਾਜਕਤਾ ਵਾਲਾ ਸਮਾਂ ਹੀ ਸੀ, ਪੂਰਬੀ ਪੰਜਾਬ ਵਿੱਚ ਸਰਕਾਰ ਨੂੰ ਸਥਾਪਿਤ ਹੁੰਦਿਆਂ ਕੁਝ ਸਮਾਂ ਲੱਗਾ। ਚੰਦੂ ਲਾਲ ਤ੍ਰਿਵੇਦੀ ਨੂੰ ਪੰਜਾਬ ਦਾ ਗਵਰਨਰ ਬਣਾਇਆ ਗਿਆ ਤੇ ਡਾ. ਗੋਪੀ ਚੰਦ ਭਾਰਗਵ ਦੀ ਸਰਕਾਰ ਨੇ ਆਪਣਾ ਕਾਰਜ ਆਰੰਭ ਕੀਤਾ। 1948 ਤੱਕ ਦੇ ਪਹਿਲੇ ਕੁਝ ਮਹੀਨਿਆਂ ਤੱਕ ਲਗਭਗ ਅਰਾਜਕਤਾ ਵਾਲੀ ਸਥਿਤੀ ਸੀ ਪੂਰਬੀ ਪੰਜਾਬ ਦੇ ਵਸਨੀਕਾਂ ਨੇ ਪੱਛਮੀ ਪੰਜਾਬ ਵਿੱਚੋਂ ਆਏ ਸ਼ਰਨਾਰਥੀਆਂ ਨੂੰ ਪੂਰਾ ਮਿਲਵਰਤਣ ਦਿੱਤਾ ਅਤੇ ਸਹਿਜੇ-ਸਹਿਜੇ ਉਹ ਵੀ ਆਪਣੇ ਪੈਰਾਂ 'ਤੇ ਖੜੇ ਗਏ। ਉਨ੍ਹਾਂ ਦੇ ਜ਼ਖ਼ਮ ਬੜੇ ਡੂੰਘੇ ਸਨ, ਪਰ ਸਮਾਂ ਸਹਿਜੇ-ਸਹਿਜੇ ਸਭ ਰੋਗਾਂ ਨੂੰ ਨਿਵਾਰਨ ਵਾਲਾ ਹੁੰਦਾ ਹੈ। ਕਈ ਮਹੀਨਿਆਂ ਤੱਕ ਪੰਜਾਬ ਦੇ ਸਕੂਲ ਕਾਲਜ ਬੰਦ ਰਹੇ, ਜਿਨ੍ਹਾਂ ਵਿੱਚ ਕੋਈ ਪੜ੍ਹਾਈ ਨਾ ਹੋ ਸਕੀ ਨਾ ਕੋਈ ਸਾਲਾਨਾ ਪ੍ਰੀਖਿਆ ਹੀ ਹੋਈ। ਬਹੁਤ ਸਾਰੇ ਵਿਦਿਆਰਥੀਆਂ ਨੇ ਸ਼ਰਨਾਰਥੀਆਂ ਦੀ ਸੇਵਾ-ਸੰਭਾਲ ਦੀ ਸੇਵਾ ਕੀਤੀ ਅਤੇ ਉਨ੍ਹਾਂ ਨੂੰ ਉਸ ਸੇਵਾ ਦੇ ਬਦਲੇ ਮਾਣ-ਅਰਥ ਡਿਗਰੀਆਂ ਤੇ ਪ੍ਰਮਾਣ ਪੱਤਰ ਦੇ ਦਿੱਤੇ ਗਏ। ਨਵੇਂ ਆਉਣ ਵਾਲੇ ਸ਼ਰਨਾਰਥੀਆਂ ਨੇ ਪੰਜਾਬ ਵਿੱਚੋਂ ਗਏ ਮੁਸਲਮਾਨਾਂ ਦੀਆਂ ਛੱਡੀਆਂ ਹੋਈਆਂ ਜ਼ਮੀਨਾਂ ਉੱਤੇ ਸਰਕਾਰੀ ਸਹਾਇਤਾ ਜਾਂ ਆਪਣੇ ਨਿੱਜੀ ਯਤਨਾਂ ਨਾਲ ਕਬਜੇ ਕਰ ਲਏ ਅਤੇ ਆਪਣੀ ਰਿਹਾਇਸ਼ ਦਾ ਅਸਥਾਈ ਪ੍ਰਬੰਧ ਕਰ ਲਿਆ। ਉੱਦਮੀ ਸ਼ਰਨਾਰਥੀਆਂ ਨੇ ਨਿੱਕਾ ਮੋਟਾ ਜਿਹੋ ਜਿਹਾ ਵੀ ਕਾਰੋਬਾਰ ਸੰਭਵ ਹੋ ਸਕਿਆ ਕਰਨਾ ਆਰੰਭ ਕਰ ਲਿਆ ਅਤੇ ਸਹਿਜੇ-ਸਹਿਜੇ ਜਨ-ਜੀਵਨ ਆਮ ਵਾਂਗ ਹੋਣ ਲੱਗਾ। ਨਵੀਂ ਬਣੀ ਕੇਂਦਰੀ ਸਰਕਾਰ ਤੇ ਪੰਜਾਬ ਸਰਕਾਰ ਵਿੱਚ ਸਿੱਖਾਂ ਨੂੰ ਪ੍ਰਤੀਨਿਧਤਾ ਦਿਵਾਉਣ ਲਈ ਸਤਿਗੁਰੂ ਪਰਤਾਪ ਸਿੰਘ ਜੀ ਨੇ ਵਿਸ਼ੇਸ਼ ਉੱਦਮ ਕੀਤੇ।

[1]"ਦੇਸ਼ ਆਜ਼ਾਦ ਹੋਣ ਵੇਲੇ ਸਿੱਖਾਂ ਵੱਲੋਂ ਯਤਨ ਕੀਤਾ ਗਿਆ ਕਿ ਸਾਨੂੰ ਵੀ ਦੇਸ਼ ਦੀ ਮੁੱਖ ਅਸੈਂਬਲੀ ਵਿੱਚ ਪ੍ਰਤਿਨਿਧਤਾ ਮਿਲੇ। ਉਸ ਵੇਲੇ ਸਿੱਖ ਸ਼੍ਰੇਣੀਆਂ ਦੇ ਮੁਖੀ ਬੜੇ ਯਤਨਸ਼ੀਲ ਹੋਏ, ਪਰ ਇਕੱਠੇ ਨਾ ਹੋਣ ਕਰਕੇ ਕੋਈ ਗੱਲ ਨਾ ਬਣ ਸਕੀ। ਫੇਰ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਵਿੱਚ ਪੈ ਕੇ ਪੰਥਕ ਬੋਰਡ ਬਣਾਇਆ। ਇਸ ਬੋਰਡ ਵਿੱਚ ਸ੍ਰ. ਪਰਤਾਪ ਸਿੰਘ ਕੈਰੋਂ, ਜਥੇਦਾਰ ਊਧਮ ਸਿੰਘ ਨਾਗੋਕੇ, ਸ੍ਰ. ਸਰਮੁਖ ਸਿੰਘ ਜੀ ਚਮਕ, ਸ੍ਰ. ਹਰਨਾਮ ਸਿੰਘ ਸੀਨੀਅਰ ਐਡਵੋਕੇਟ, ਗਿਆਨੀ ਗੁਰਮੁਖ ਸਿੰਘ ਜੀ ਮੁਸਾਫਿਰ ਅਤੇ ਸੰਤ ਨਿਧਾਨ ਸਿੰਘ ਜੀ ਆਲਮ ਪ੍ਰਧਾਨ ਨਾਮਧਾਰੀ ਦਰਬਾਰ ਆਦਿ ਸ਼ਾਮਿਲ ਸਨ। ਪ੍ਰਤਿਨਿਧਤਾ ਲੈਣ ਵਾਸਤੇ ਕਾਂਗਰਸ ਦੇ ਮੁਖੀਆਂ ਨਾਲ ਜੋ ਗੱਲਬਾਤ ਵਾਰਧਾ ਜਾ ਕੇ ਹੋਈ ਅਤੇ ਸਿੱਖਾਂ ਨੂੰ ਚਾਰ ਸੀਟਾਂ ਮਿਲੀਆਂ। ਏਹ ਕੁਛ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਪੰਡਿਤ ਜਵਾਹਰ ਲਾਲ ਨਾਲ ਕੋਈ 20 ਮਿੰਟ ਵੱਖਰਿਆਂ ਗੱਲਬਾਤ ਕਰਨ ਕਰਕੇ ਹੀ ਹੋਇਆ। ਸ੍ਰ. ਬਲਦੇਵ ਸਿੰਘ ਨੂੰ ਸਿੱਖਾਂ ਦੇ ਪ੍ਰਤਿਨਿਧ ਵਜੋਂ ਕੇਂਦਰੀ

[1] ਸ੍ਰੀ ਮਹਾਰਾਜ ਬੀਰ ਸਿੰਘ ਜੀ, *ਨਾਮਧਾਰੀ ਤੇ ਕਾਂਗਰਸ*, ਪੰਨਾ 38.

Namdhari Elibrary NamdhariElibrary@gmail.com

ਸਰਕਾਰ ਵਿੱਚ ਰੱਖਿਆ ਮੰਤਰੀ ਦੀ ਪਦਵੀ ਮਿਲੀ।"

ਪੰਜਾਬ ਦੇ ਮੰਤਰੀ ਮੰਡਲ ਵਿੱਚ ਅਕਾਲੀਆਂ ਵੱਲੋਂ ਸ੍ਰ. ਸਵਰਨ ਸਿੰਘ ਅਤੇ ਕਾਂਗਰਸੀ ਸਿੱਖਾਂ ਵਿੱਚ ਸ੍ਰ. ਪਰਤਾਪ ਸਿੰਘ ਕੈਰੋਂ ਮੰਤਰੀ ਬਣੇ। ਸ੍ਰ. ਸਵਰਨ ਸਿੰਘ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋ ਗਏ ਅਤੇ ਪਿਛੋਂ ਜਾ ਕੇ ਕਈ ਸਰਕਾਰੀ ਪਦਵੀਆਂ ਤੇ ਰਹੇ।

ਇਸ ਸਮੇਂ ਦੀ ਸਭ ਤੋਂ ਵੱਡੀ ਸਮੱਸਿਆ ਸ਼ਰਨਾਰਥੀਆਂ ਦਾ ਮੁੜ-ਵਸੇਬਾ ਸੀ, ਤਾਂ ਜੋ ਉਹ ਉਜਾੜੇ ਦੇ ਨੁਕਸਾਨਾਂ ਨੂੰ ਜਰਦੇ ਹੋਏ ਨਵੇਂ ਸਿਰਿਓਂ ਸਥਾਈ ਜੀਵਨ ਆਰੰਭ ਕਰ ਸਕਣ। ਸਤਿਗੁਰੂ ਪਰਤਾਪ ਸਿੰਘ ਜੀ ਦੀ ਹੁਣ ਸਭ ਤੋਂ ਵੱਡੀ ਚਿੰਤਾ ਪੱਛਮੀ ਪੰਜਾਬ ਵਿੱਚੋਂ ਆਏ ਨਾਮਧਾਰੀਆਂ ਨੂੰ ਮੁੜ ਵਸਾਉਣਾ ਤੇ ਉਨ੍ਹਾਂ ਦੀ ਖੁੱਸ ਚੁੱਕੀ ਸ਼ਾਨ ਨੂੰ ਮੁੜ ਬਹਾਲ ਕਰਨ ਦੀ ਸੀ।

Namdhari Elibrary NamdhariElibrary@gmail.com

ਅਧਿਆਇ 13

# ਸਤਿਗੁਰੂ ਪਰਤਾਪ ਸਿੰਘ ਜੀ ਦੀ ਨਾਮਧਾਰੀ ਸਿੱਖਾਂ ਦੇ ਮੁੜ-ਵਸੇਬੇ ਲਈ ਕੀਤੀ ਗਈ ਯਾਦਗਾਰੀ ਘਾਲਣਾ

## ਮੁੜ-ਵਸੇਬਾ ਮੁੱਖ ਸਮੱਸਿਆ ਤੇ ਉਸਦਾ ਨਿਸਤਾਰਾ

ਪੂਰਬੀ ਪੰਜਾਬ ਦੀ ਨਵੀਂ ਬਣੀ ਸਰਕਾਰ ਲਈ ਪੱਛਮੀ ਪੰਜਾਬ 'ਚੋਂ ਲੱਖਾਂ ਦੀ ਗਿਣਤੀ ਵਿੱਚ ਆਏ ਸ਼ਰਨਾਰਥੀਆਂ ਦੇ ਪੁਨਰਵਾਸ ਦੀ ਸਮੱਸਿਆ ਵੱਡੀ ਚਿੰਤਾ ਦਾ ਕਾਰਨ ਸੀ। ਲੱਖਾਂ ਲੋਕਾਂ ਨੂੰ ਮੁੜ ਵਸਾਉਣਾ ਅਤੇ ਆਰਥਿਕ ਪੱਖ ਤੋਂ ਪੈਰਾਂ ਉੱਤੇ ਖੜ੍ਹਾ ਕਰਨਾ ਕੋਈ ਛੋਟੀ ਗੱਲ ਨਹੀਂ ਸੀ। ਪੰਜਾਬ ਸਰਕਾਰ ਨੇ ਇਸ ਸੰਬੰਧ ਵਿੱਚ ਪਹਿਲ ਦੇ ਆਧਾਰ ਉੱਤੇ ਧਿਆਨ ਦਿੱਤਾ ਅਤੇ ਇਸ ਨੂੰ ਸ਼ੀਘਰ ਨਿਪਟਾਉਣ ਲਈ ਇੱਕ ਵੱਖਰਾ ਪੁਨਰਵਾਸ ਵਿਭਾਗ ਸਥਾਪਿਤ ਕੀਤਾ। ਇਸ ਵਿਭਾਗ ਵਿੱਚ ਡਾ. ਮਹਿੰਦਰ ਸਿੰਘ ਰੰਧਾਵਾ ਤੇ ਸ੍ਰ. ਤ੍ਰਿਲੋਕ ਸਿੰਘ ਵਰਗੇ ਸੁਯੋਗ ਅਧਿਕਾਰੀ ਲਗਾਏ ਗਏ, ਜਿਨ੍ਹਾਂ ਦੀ ਕਾਰਜਕੁਸ਼ਲਤਾ ਨੇ ਇਸ ਕਾਰਜ ਨੂੰ ਸਫਲਤਾ ਸਹਿਤ ਕੁਝ ਸਾਲਾਂ ਵਿੱਚ ਹੀ ਨਿਪਟਾ ਦਿੱਤਾ। ਡਾ. ਏ.ਸੀ. ਅਰੋੜਾ ਅਨੁਸਾਰ, [1]"ਤਿੰਨਾਂ ਮਹੀਨਿਆਂ ਦੇ ਅੰਦਰ-ਅੰਦਰ ਦੋਹਾਂ ਪਾਸਿਆਂ (ਪੱਛਮੀ ਪੰਜਾਬ ਤੇ ਪੂਰਬੀ ਪੰਜਾਬ) ਤੋਂ ਲਗਭਗ 82 ਲੱਖ ਤੋਂ ਵੀ ਵੱਧ ਲੋਕਾਂ ਨੇ ਆਪਣੇ ਘਰਾਂ ਨੂੰ ਛੱਡ ਕੇ ਸਰਹੱਦ ਪਾਰ ਕੀਤੀ। ਪੱਛਮੀ ਪੰਜਾਬ ਤੋਂ ਲਗਭਗ 38 ਲੱਖ ਗੈਰ-ਮੁਸਲਮਾਨ ਪੂਰਬੀ ਪੰਜਾਬ (ਭਾਰਤ) ਨੂੰ ਆਏ ਅਤੇ ਪੂਰਬੀ ਪੰਜਾਬ ਤੋਂ ਕੋਈ 44 ਲੱਖ ਮੁਸਲਮਾਨ ਪਾਕਿਸਤਾਨ ਚਲੇ ਗਏ।"

ਪੂਰਬੀ ਪੰਜਾਬ ਵਿੱਚ ਪਹੁੰਚੇ ਸ਼ਰਨਾਰਥੀਆਂ ਲਈ ਸਭ ਤੋਂ ਪਹਿਲਾਂ ਸ਼ਰਨਾਰਥੀਆਂ ਨੂੰ ਵੱਖ-ਵੱਖ ਥਾਵਾਂ ਤੇ ਬਣੇ ਸ਼ਰਨਾਰਥੀ ਕੈਂਪਾਂ ਵਿੱਚ ਰੱਖਿਆ ਜਾਂਦਾ ਸੀ। ਇਨ੍ਹਾਂ ਕੈਂਪਾਂ ਵਿੱਚ ਸ਼ਰਨਾਰਥੀਆਂ ਨੂੰ ਖਾਣ-ਪੀਣ ਲਈ ਰਾਸ਼ਨ, ਪਹਿਨਣ ਲਈ ਕੱਪੜੇ ਅਤੇ ਠਹਿਰਨ ਲਈ ਜਗ੍ਹਾ ਦਿੱਤੀ ਜਾਂਦੀ ਸੀ। ਇਸ ਤੋਂ ਪਿਛੋਂ ਕੈਂਪਾਂ ਵਿਚਲੇ ਸ਼ਰਨਾਰਥੀਆਂ ਨੂੰ ਕੁਝ ਚਿਰ ਉਥੇ ਰੱਖ ਕੇ ਵੱਖ-ਵੱਖ ਸ਼ਹਿਰਾਂ ਤੇ ਪਿੰਡਾਂ ਵਿੱਚ ਭੇਜ ਦਿੱਤਾ ਜਾਂਦਾ ਸੀ ਤਾਂ ਜੋ ਉਹ ਅਸਥਾਈ ਰੂਪ ਵਿੱਚ ਆਪਣੇ ਰੁਜ਼ਗਾਰ ਦਾ ਕੁਝ ਵਸੀਲਾ ਬਣਾ ਸਕਣ। ਇਸ ਨੂੰ ਕੱਚੀ

[1] ਡਾ. ਏ. ਸੀ. ਅਰੋੜਾ, *ਪੰਜਾਬ ਦਾ ਇਤਿਹਾਸ (1799-1966)*, ਭਾਗ-II, ਪੰਨਾ 308.

Namdhari Elibrary NamdhariElibrary@gmail com

ਅਲਾਟਮੈਂਟ ਕਿਹਾ ਜਾਂਦਾ ਸੀ।

ਇਨ੍ਹਾਂ ਸ਼ਰਨਾਰਥੀਆਂ ਵਿੱਚ ਬਹੁਤ ਸਾਰੇ ਉੱਦਮੀ ਲੋਕ ਵੀ ਸਨ, ਜੋ ਛੇਤੀ ਤੋਂ ਛੇਤੀ ਆਪਣੇ ਪੈਰਾਂ 'ਤੇ ਖੜ੍ਹਾ ਹੋਣਾ ਚਾਹੁੰਦੇ ਸਨ, ਤਾਂ ਜੋ ਉਹ ਆਪਣੇ ਪਰਿਵਾਰਾਂ ਲਈ ਸਥਾਈ ਟਿਕਾਣੇ ਬਣਾ ਸਕਣ।

ਇਨ੍ਹਾਂ ਸ਼ਰਨਾਰਥੀਆਂ, ਵਿਸ਼ੇਸ਼ ਕਰਕੇ ਸਿੱਖਾਂ, ਦੇ ਉਦਮੀ ਤੇ ਮਿਹਨਤੀ ਸੁਭਾਅ ਬਾਰੇ ਸ: ਖੁਸ਼ਵੰਤ ਸਿੰਘ ਲਿਖਦਾ ਹੈ :

"ਪੇਂਡੂ ਸਿੱਖ ਕਾਸ਼ਤਕਾਰਾਂ ਨੇ ਬਾਰਾਂ ਨੂੰ ਵਸਾਉਣ ਵੇਲੇ ਆਪਣੇ ਬਜ਼ੁਰਗਾਂ ਵਾਂਗ ਹਿੰਮਤ ਵਿਖਾਈ, ਛੇਤੀ ਹੀ ਮੁਸਲਮਾਨਾਂ ਦੀਆਂ ਛੱਡੀਆਂ ਮਾੜੀਆਂ ਜ਼ਮੀਨਾਂ ਖੇਤੀ ਯੋਗ ਬਣਾ ਲਈਆਂ ਅਤੇ ਖੇਤੀ ਦੇ ਨਵੇਂ ਢੰਗਾਂ ਦੀ ਵਰਤੋਂ ਕਰਕੇ ਮੁੜ ਆਪਣੇ ਪੈਰਾਂ 'ਤੇ ਖਲੋ ਗਏ।"[1]

ਸ਼ਹਿਰਾਂ ਦੇ ਸਿੱਖ ਵਪਾਰੀਆਂ ਨੇ ਆਪਣੇ ਪੇਂਡੂ ਭਰਾਵਾਂ ਵਾਂਗ ਹਿੰਮਤ ਕੀਤੀ। ਇਨ੍ਹਾਂ ਵਿੱਚੋਂ ਬਹੁਤ ਸਾਰੇ ਤਾਂ ਕੰਗਾਲ ਹੋ ਗਏ ਸਨ। ਖੁਸ਼ਹਾਲ ਵਪਾਰੀਆਂ ਤੇ ਦੁਕਾਨਦਾਰਾਂ ਨੂੰ ਗਲੀਆਂ ਬਾਜ਼ਾਰਾਂ ਵਿੱਚ ਹੋਕਾ ਦੇ ਕੇ ਚੀਜ਼ਾਂ ਵਸਤਾਂ ਵੇਚਣੀਆਂ ਪਈਆਂ।

ਕੁੜੀਆਂ ਨੇ ਟਾਂਗਾ ਚਲਾਉਣ ਤੋਂ ਵੀ ਸੰਕੋਚ ਨਹੀਂ ਕੀਤਾ ਅਤੇ ਉਨ੍ਹਾਂ ਦੇ ਭਰਾਵਾਂ ਨੇ ਬੈਠ ਕੇ ਜੁੱਤੇ ਪਾਲਸ਼ ਕੀਤੇ। ਮਾਵਾਂ ਨੂੰ ਲੋਕਾਂ ਦੇ ਘਰਾਂ ਵਿੱਚ ਭਾਂਡੇ ਵੀ ਮਾਂਜਣੇ ਪਏ। ਪਰ ਕਿਸੇ ਨੇ ਸਿੱਖ ਇਸਤਰੀ ਪੁਰਸ਼ ਅਤੇ ਬੱਚਿਆਂ ਨੂੰ ਮੰਗਦਾ ਨਹੀਂ ਦੇਖਿਆ। ਛੇਤੀ ਹੀ ਉਨ੍ਹਾਂ ਨੇ ਦੂਜੇ ਭਾਈਚਾਰਿਆਂ ਦੇ ਟਾਕਰੇ ਉੱਤੇ ਆਪਣੀ ਸ਼ਾਨ ਮੁੜ ਬਹਾਲ ਕਰ ਲਈ।

ਪੱਛਮੀ ਪੰਜਾਬ ਵਿੱਚੋਂ ਲਗਭਗ ਸਾਢੇ ਤਿੰਨ ਲੱਖ ਹਿੰਦੂ-ਸਿੱਖ ਕਾਸ਼ਤਕਾਰ ਪੂਰਬੀ ਪੰਜਾਬ ਵਿੱਚ ਆਏ ਸਨ। ਇਨ੍ਹਾਂ ਕਾਸ਼ਤਕਾਰਾਂ ਨੂੰ ਪੰਜਾਬ ਸਰਕਾਰ ਨੇ ਸਿੱਧਾ ਹੀ ਪਿੰਡਾਂ ਵਿੱਚ ਮੁਸਲਿਮ ਕਾਸ਼ਤਕਾਰਾਂ ਵੱਲੋਂ ਛੱਡੀ ਗਈ ਜ਼ਮੀਨ ਉੱਤੇ ਜਾ ਵਸਾਇਆ। ਪੱਛਮੀ ਪੰਜਾਬ ਵਿੱਚ 67 ਲੱਖ ਏਕੜ ਜ਼ਮੀਨ ਹਿੰਦੂ-ਸਿੱਖ ਸ਼ਰਨਾਰਥੀ ਛੱਡ ਕੇ ਆਏ ਸਨ, ਪਰ ਪੂਰਬੀ ਪੰਜਾਬ ਦੇ ਮੁਸਲਮਾਨ 47 ਲੱਖ ਏਕੜ ਜ਼ਮੀਨ ਛੱਡ ਕੇ ਗਏ ਸਨ। ਇਸ ਲਈ ਜ਼ਮੀਨਾਂ ਅਲਾਟ ਕਰਨ ਸਮੇਂ ਦਰਜਾਵਾਰ ਕਟੌਤੀ ਲਗਾਈ ਗਈ। ਛੋਟੇ ਜ਼ਿਮੀਂਦਾਰਾਂ ਲਈ ਘੱਟ ਕਟੌਤੀ ਅਤੇ ਵੱਡੇ ਜ਼ਿਮੀਂਦਾਰਾਂ ਲਈ ਵੱਧ ਕਟੌਤੀ ਦਾ ਨੇਮ ਲਾਗੂ ਕੀਤਾ ਗਿਆ। ਉਦਾਹਰਣ ਵਜੋਂ 10 ਏਕੜ ਜ਼ਮੀਨ ਦੇ ਬਦਲੇ 7.50 ਏਕੜ, 30 ਏਕੜ ਜ਼ਮੀਨ ਦੇ ਬਦਲੇ 21 ਏਕੜ, 100 ਏਕੜ ਜ਼ਮੀਨ ਦੇ ਬਦਲੇ 5150 ਏਕੜ, 500 ਏਕੜ ਜ਼ਮੀਨ ਦੇ ਬਦਲੇ 126 ਏਕੜ, 1000 ਏਕੜ ਜ਼ਮੀਨ ਦੇ ਬਦਲੇ 176.5 ਏਕੜ ਜ਼ਮੀਨ ਅਲਾਟ ਕੀਤੀ ਗਈ।

ਪੂਰਬੀ ਪੰਜਾਬ ਦੀ ਸਰਕਾਰ ਨੇ ਜ਼ਮੀਨਾਂ ਤੇ ਹੋਰ ਜਾਇਦਾਦਾਂ ਦੀ ਅਲਾਟਮੈਂਟ ਲਈ ਜਲੰਧਰ ਵਿਖੇ ਪੁਨਰਵਾਸ ਵਿਭਾਗ ਸਥਾਪਤ ਕੀਤਾ। ਜਿਨ੍ਹਾਂ ਨੇ ਸ਼ਰਨਾਰਥੀਆਂ ਵੱਲੋਂ ਪੇਸ਼ ਕੀਤੇ ਗਏ ਦਾਵਿਆਂ (ਕਲੇਮਾਂ) ਦੇ ਆਧਾਰ 'ਤੇ ਨਿਰਣੇ ਲਏ। ਪੱਛਮੀ ਪੰਜਾਬ ਦੇ

---

[1] ਖੁਸ਼ਵੰਤ ਸਿੰਘ, *ਏ ਹਿਸਟਰੀ ਆਫ ਦਾ ਸਿੱਖਸ (ਭਾਗ - 2) 1839-1988*, ਪੰਨਾ 286.

Namdhari Elibrary NamdhariElibrary@gmail.com

ਵੱਖ-ਵੱਖ ਜ਼ਿਲ੍ਹਿਆਂ ਵਿੱਚੋਂ ਆਏ ਸ਼ਰਨਾਰਥੀਆਂ ਦੇ ਮੁੜ-ਵਸੇਬੇ ਲਈ ਪੂਰਬੀ ਪੰਜਾਬ ਦੇ ਵੱਖ-ਵੱਖ ਜ਼ਿਲ੍ਹੇ ਨਿਸ਼ਚਿਤ ਕਰ ਦਿੱਤੇ ਗਏ, ਜਿਨ੍ਹਾਂ ਦਾ ਵੇਰਵਾ ਨਿਮਨਲਿਖਤ ਹੈ .

ਲਾਹੌਰ ਤੇ ਮਿੰਟਗੁਮਰੀ ਦੇ ਜ਼ਿਲ੍ਹਿਆਂ ਦੇ ਸ਼ਰਨਾਰਥੀਆਂ ਨੂੰ ਜ਼ਿਲ੍ਹਾ ਫਿਰੋਜ਼ਪੁਰ ਵਿੱਚ, ਰਾਵਲਪਿੰਡੀ, ਸ਼ੇਖੂਪੁਰਾ ਅਤੇ ਗੁਜਰਾਂਵਾਲਾ ਦੇ ਸ਼ਰਨਾਰਥੀਆਂ ਨੂੰ ਜ਼ਿਲ੍ਹਾ ਕਰਨਾਲ ਵਿੱਚ, ਗੁਜਰਾਤ ਤੇ ਸ਼ਾਹਪੁਰ ਦੇ ਸ਼ਰਨਾਰਥੀਆਂ ਨੂੰ ਜ਼ਿਲ੍ਹਾ ਅੰਬਾਲਾ ਵਿੱਚ, ਸਿਆਲਕੋਟ ਦੇ ਸ਼ਰਨਾਰਥੀਆਂ ਨੂੰ ਹੁਸ਼ਿਆਰਪੁਰ, ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਵਿੱਚ, ਲਾਇਲਪੁਰ ਤੇ ਹੋਰ ਕਲੋਨੀਆਂ ਦੇ ਸ਼ਰਨਾਰਥੀਆਂ ਨੂੰ ਜਲੰਧਰ ਜ਼ਿਲ੍ਹੇ ਵਿੱਚ ਆਦਿ।

ਇਸ ਤਰ੍ਹਾਂ ਕੁਝ ਸਾਲਾਂ ਦੇ ਅੰਦਰ ਹੀ ਪੱਛਮੀ ਪੰਜਾਬ ਤੋਂ ਆਏ ਸ਼ਰਨਾਰਥੀਆਂ ਨੂੰ ਪੱਕੇ ਤੌਰ ਤੇ ਦੁਬਾਰਾ ਵਸਾ ਦਿੱਤਾ ਗਿਆ। ਪਰ ਦੇਸ਼-ਵੰਡ ਦੀ ਸਭ ਤੋਂ ਦੁੱਖ-ਦਾਇਕ ਸਮੱਸਿਆ ਉਨ੍ਹਾਂ ਔਰਤਾਂ ਦੀ ਸੀ, ਜੋ ਦੋਹਾਂ ਪੰਜਾਬਾਂ ਵਿੱਚ ਰਹਿ ਗਈਆਂ ਜਾਂ ਜ਼ਬਰਦਸਤੀ ਰੱਖ ਲਈਆਂ ਗਈਆਂ ਸਨ। ਉਨ੍ਹਾਂ ਵਾਸਤੇ ਵੀ ਪੂਰਬੀ ਪੰਜਾਬ ਦੀ ਸਰਕਾਰ ਨੇ ਵੱਖਰੇ ਕੈਂਪ ਸਥਾਪਿਤ ਕੀਤੇ ਤਾਂ ਜੋ ਰਹਿ ਚੁੱਕੀਆਂ ਮੁਸਲਿਮ ਇਸਤਰੀਆਂ ਨੂੰ ਮੁੜ ਪੱਛਮੀ ਪੰਜਾਬ ਉਨ੍ਹਾਂ ਦੇ ਪਰਿਵਾਰਾਂ ਕੋਲ ਭੇਜਿਆ ਜਾਵੇ। ਪਾਕਿਸਤਾਨ ਤੋਂ ਲਿਆਂਦੀਆਂ ਗਈਆਂ ਇਸਤਰੀਆਂ ਲਈ ਵੀ ਇਹ ਇੱਕ ਗੰਭੀਰ ਸਮੱਸਿਆ ਸੀ। ਵੱਖ-ਵੱਖ ਭਾਸ਼ਾਵਾਂ ਦੇ ਬਹੁਤ ਸਾਰੇ ਸਾਹਿਤਕਾਰਾਂ ਨੇ ਇਨ੍ਹਾਂ ਇਸਤਰੀਆਂ ਦੇ ਦੁਖਤਿਆਂ ਬਾਰੇ ਕਈ ਸਾਹਿਤਕ ਰਚਨਾਵਾਂ ਵਿੱਚ ਇਨ੍ਹਾਂ ਬਾਰੇ ਵਰਣਨ ਕੀਤਾ ਹੈ।[1] "ਸਤਿਗੁਰੂ ਪਰਤਾਪ ਸਿੰਘ ਜੀ ਨੇ 28 ਅਪ੍ਰੈਲ 1950 ਨੂੰ ਬੈਂਕੌਕ ਵਿਖੇ ਆਪਣੇ ਭਾਸ਼ਣ ਵਿੱਚ ਕਿਹਾ, "ਸਾਡੀ ਵੀਹ ਹਜ਼ਾਰ ਲੜਕੀ ਉੱਧਰ ਬੈਠੀ ਹੈ। ਆਪ ਨੂੰ ਉਹਨਾਂ ਦੀ ਹੀ ਚਿੰਤਾ ਸੀ। ਆਪ ਪਾਕਿਸਤਾਨ ਰਹਿ ਰਹੇ ਲੋਕਾਂ ਨੂੰ ਕੱਢ ਕੇ ਲਿਆਉਣ ਲਈ ਸਰਕਾਰ ਉੱਤੇ ਜ਼ੋਰ ਪਾਉਂਦੇ ਰਹਿੰਦੇ ਸਨ।"

## ਨਾਮਧਾਰੀ ਸਿੱਖਾਂ ਦਾ ਮੁੜ-ਵਸੇਬਾ ਤੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਮਹਾਨ ਉਪਕਾਰ

ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ।
ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ।

(ਗਉੜੀ ਸੁਖਮਨੀ ਅਸ਼ਟਪਦੀ ੧੮)

15 ਅਗਸਤ, 1947 ਨੂੰ ਜਦੋਂ ਦੇਸ਼ ਆਜ਼ਾਦ ਹੋਇਆ ਤਾਂ ਸਤਿਗੁਰੂ ਪਰਤਾਪ ਸਿੰਘ ਜੀ ਨੇ ਹਰਿਆਣਾ ਦੇ ਹਿਸਾਰ ਜ਼ਿਲ੍ਹੇ ਵਿੱਚ ਜਿਹੜੀ ਜ਼ਮੀਨ 1947 ਦੇ ਆਰੰਭ ਵਿੱਚ ਹੀ ਖਰੀਦ ਲਈ ਸੀ, ਉਥੇ ਆਪ ਜੀ ਨੇ ਪਹਿਲਾਂ ਹੀ ਚੂਚਾਲ ਕੋਟਲੀ ਜਿਥੇ ਇੱਕ ਕੋਠੀ ਨੁਮਾ ਮਕਾਨ ਬਣੇ ਹੋਏ ਸਨ, ਵਿੱਚ ਆ ਡੇਰਾ ਲਾਇਆ। 101 ਅਖੰਡ ਪਾਠਾਂ ਦਾ ਭੋਗ ਪਾਇਆ ਗਿਆ। ਹਵਨ ਕੀਤਾ ਗਿਆ ਅਤੇ ਸਹਿਜੇ ਸਹਿਜੇ ਰੌਣਕ ਵਧਣ

[1] ਤਾਰਾ ਸਿੰਘ ਅਨਜਾਣ, *ਸਾਹਿਬ ਕੁਈ ਕਹੇਰ*, ਪੰਨਾ 157.

ਲੱਗੀ। ਇਸ ਸੰਮੇਲਨ ਉੱਤੇ ਬਹੁਤ ਵੱਡਾ ਇਕੱਠ ਹੋਇਆ। ਆਲੇ-ਦੁਆਲੇ ਦੇ ਲੋਕ ਵੀ ਹੁੰਮ-ਹੁੰਮਾ ਕੇ ਪੁੱਜੇ। ਅੰਮ੍ਰਿਤ ਵੇਲੇ ਨਿੱਤ ਆਸਾ ਦੀ ਵਾਰ ਦਾ ਕੀਰਤਨ ਅਤੇ ਸ਼ਾਮ ਦਾ ਇੱਕ ਘੰਟੇ ਦਾ ਨਾਮ ਸਿਮਰਨ ਹੋਣ ਲੱਗਾ। ਆਲੇ-ਦੁਆਲੇ ਦੇ ਪਿੰਡਾਂ ਦੇ ਮੁਸਲਮਾਨਾਂ ਵਿੱਚ ਕੁਝ ਵਿਰੋਧੀ ਚਰਚਾ ਵੀ ਆਰੰਭ ਹੋ ਗਈ, ਜਿਸਦਾ ਕਾਰਨ ਇਹ ਸੀ ਕਿ ਨਾਮਧਾਰੀ ਤੰਬਾਕੂ-ਨੋਸ਼ੀ ਅਤੇ ਗਊ-ਹੱਤਿਆ ਦੇ ਸਖਤ ਵਿਰੋਧੀ ਸਨ। ਸਤਿਗੁਰੂ ਜੀ ਨੇ ਇਸ ਇਲਾਕੇ ਵਿੱਚ ਜੰਗਲੀ ਜਾਨਵਰਾਂ ਦੇ ਸ਼ਿਕਾਰ ਕਰਨ ਦੀ ਵੀ ਮਨਾਹੀ ਕਰ ਦਿੱਤੀ ਸੀ, ਇਸ ਲਈ ਆਲੇ-ਦੁਆਲੇ ਦੇ ਪਿੰਡਾਂ ਦੇ ਮੁਸਲਮਾਨ ਇਹਨਾਂ ਗੱਲਾਂ ਤੋਂ ਵੀ ਔਖੇ ਸਨ। ਉਹਨਾਂ ਵਿੱਚ ਸਤਿਗੁਰੂ ਜੀ ਅਤੇ ਨਾਮਧਾਰੀਆਂ ਵਿਰੁੱਧ ਘੁਸਰ-ਮੁਸਰ ਵੀ ਸ਼ੁਰੂ ਹੋ ਗਈ ਸੀ। "[1]31 ਸਾਉਣ 2004 ਬਿ., 15 ਅਗਸਤ 1947 ਨੂੰ ਚੂਹਾਲ ਕੋਟਲੀ ਕੋਠੀ ਸਤਿਗੁਰੂ ਜੀ ਦੇ ਅਸਥਾਨ ਵਾਲੀ ਜਗ੍ਹਾ ਤੇ ਸਫੇਦ ਝੰਡਾ ਉੱਚਾ, ਅਰਦਾਸਾ ਕਰ ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਦੇ ਅੱਖਰ ਸੋਹਣੇ ਲਿਖ, ਖੜ੍ਹਾ ਕੀਤਾ ਗਿਆ ਤੇ ਕਈ ਸਾਧਾਂ ਨੇ ਅੰਗਰੇਜ਼ਾਂ ਦੇ ਜਾਣ ਤੇ ਆਜ਼ਾਦੀ ਦਿਨ ਮਨਾਉਣ ਤੇ ਕੜਾਹ ਪ੍ਰਸ਼ਾਦ ਭੀ ਵਰਤਾਇਆ, ਜੈਕਾਰੇ ਗਜਾਏ। ਇੱਕ ਦੂਜੇ ਨੂੰ ਵਧਾਈ ਦਿੱਤੀ ਕਿ ਸ਼ੁਕਰ ਹੈ ਇਹ ਦਿਨ ਆਇਆ ਹੈ।"

ਦੇਸ਼ ਆਜ਼ਾਦ ਹੋ ਗਿਆ ਸੀ। ਪਰ ਇਸ ਆਜ਼ਾਦੀ ਆਉਣ ਨਾਲ ਪੰਜਾਬ ਵਿੱਚ ਘੋਰ ਬਰਬਾਦੀ ਦੇ ਦਿਨ ਜੋ ਨਾ ਭੁਲਾਏ ਜਾਣ ਵਾਲੇ ਸਨ, ਨਾਲੋ-ਨਾਲ ਚੱਲ ਰਹੇ ਸਨ। ਇਨ੍ਹਾਂ ਬਾਰੇ ਵਰਣਨ ਅਸੀਂ ਪਹਿਲਾਂ ਕਰ ਆਏ ਹਾਂ। ਹੁਣ ਸਭ ਤੋਂ ਵੱਡੀ ਸਮੱਸਿਆ ਸ਼ਰਨਾਰਥੀਆਂ ਅਤੇ ਵਿਸ਼ੇਸ਼ ਕਰਕੇ ਪੱਛਮੀ ਪੰਜਾਬ (ਪਾਕਿਸਤਾਨ) ਤੋਂ ਆਏ ਨਾਮਧਾਰੀ ਸਿੱਖਾਂ ਦੇ ਮੁੜ-ਵਸੇਬੇ ਦੀ ਸੀ। ਸਤਿਗੁਰੂ ਪਰਤਾਪ ਸਿੰਘ ਜੀ ਦੀ ਦੂਰਦਰਸ਼ਤਾ ਨੇ ਵਿਵਹਾਰਿਕ ਰੂਪ ਵਿੱਚ ਇਸ ਮਸਲੇ ਦੇ ਹੱਲ ਕਰਨ ਦੀ ਜੁਗਤ ਪਹਿਲਾਂ ਹੀ ਬਣਾ ਰੱਖੀ ਸੀ।

ਜਿਹੜੇ ਨਾਮਧਾਰੀ ਪੱਛਮੀ ਪੰਜਾਬ 'ਚੋਂ ਆਪਣਾ ਘਰ-ਘਾਟ ਛੱਡ ਕੇ ਹਿੰਦੁਸਤਾਨ ਪਹੁੰਚ ਗਏ ਸਨ, ਉਹਨਾਂ ਲਈ ਅੰਮ੍ਰਿਤਸਰ ਅਤੇ ਭੈਣੀ ਸਾਹਿਬ ਵਿਖੇ ਲੰਗਰ ਪਾਣੀ ਦਾ ਪ੍ਰਬੰਧ ਕਰ ਦਿੱਤਾ ਗਿਆ ਸੀ। ਪੱਛਮੀ ਪੰਜਾਬ ਅਰਥਾਤ ਪਾਕਿਸਤਾਨ ਤੋਂ ਆਉਣ ਵਾਲੇ ਨਾਮਧਾਰੀ ਸਿੱਖਾਂ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਦਾ ਇਹ ਆਦੇਸ਼ ਸੀ ਕਿ ਉਹ ਚੂਹਾਲ ਕੋਟਲੀ ਪਹੁੰਚ ਜਾਣ। ਥੋੜ੍ਹੇ ਸਮੇਂ ਵਿੱਚ ਹੀ ਬਹੁਤ ਸਾਰੇ ਨਾਮਧਾਰੀ ਆਪਣੇ ਪਰਿਵਾਰਾਂ ਸਮੇਤ ਚੂਹਾਲ ਕੋਟਲੀ ਪਹੁੰਚ ਗਏ। ਸਤਿਗੁਰੂ ਜੀ ਨੇ ਕੁਝ ਸਿੱਖਾਂ ਨੂੰ ਮੁੜ ਵਸੇਬੇ ਦਾ ਕੰਮ ਸੌਂਪ ਦਿੱਤਾ। ਇਨ੍ਹਾਂ ਵਿੱਚ ਸੰਤ ਘਸੀਟਾ ਸਿੰਘ, ਅਵਤਾਰ ਸਿੰਘ ਝੱਬਰ, ਮੰਗਲ ਸਿੰਘ ਅਰਸ਼ੀ ਫ਼ਰਿਸ਼ਤਾ ਅਤੇ ਤਰਨ ਸਿੰਘ ਵਹਿਮੀ ਆਦਿ ਸੱਜਣ ਸ਼ਾਮਲ ਸਨ। ਕਰਮ ਸਿੰਘ ਪਟਵਾਰੀ ਦੀ ਵਿਸ਼ੇਸ਼ ਤੌਰ ਤੇ ਸੇਵਾ ਲਾਈ ਗਈ। ਸਤਿਗੁਰੂ ਜੀ ਨੇ ਇਨ੍ਹਾਂ ਪਿੰਡਾਂ ਦੀ ਜਿਹੜੀ ਜ਼ਮੀਨ ਖਰੀਦੀ ਸੀ, ਉਸਦਾ ਰਕਬਾ 12430 ਏਕੜ ਸੀ ਅਤੇ ਇਸ

[1] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ-4, ਪੰਨਾ 102.

Namdhari Elibrary NamdhariElibrary@gmail com

ਉੱਤੇ 5500 ਰੁਪਏ ਪ੍ਰਤੀ ਮੁਰੱਬਾ ਖਰਚਾ ਆਇਆ ਸੀ। ਜੋ ਖਰੀਦਦਾਰ ਸਿੱਖਾਂ ਤੋਂ ਪੁੱਜੀ ਗਈ ਰਕਮ ਤੋਂ ਵਾਧੂ ਸਤਿਗੁਰੂ ਜੀ ਨੇ ਆਪਣੇ ਪਲਿਓਂ ਪਾਈ ਸੀ। ਉਪਰਲੇ ਮੁੜ-ਵਸੇਬੇ ਲਈ ਚੁਣੇ ਗਏ ਨਾਮਧਾਰੀ ਮੁਖੀਆਂ ਦੇ ਸਹਿਯੋਗ ਅਤੇ ਮਿਲਵੇਂ ਯਤਨਾਂ ਸਦਕਾ ਸਭ ਸ਼ਰਨਾਰਥੀਆਂ ਨੂੰ ਵੱਖ-ਵੱਖ ਪਿੰਡਾਂ ਵਿਚ ਅਸਥਾਈ ਤੌਰ ਤੇ ਵਸਾ ਦਿੱਤਾ ਗਿਆ, ਉਹਨਾਂ ਨੂੰ ਹਾੜੀ ਦੀ ਫ਼ਸਲ ਬੀਜਣ ਨੂੰ ਕਿਹਾ ਗਿਆ।

ਅਵਤਾਰ ਸਿੰਘ ਤੰਬਰ ਅਨੁਸਾਰ [1]"1949-50 ਵਿੱਚ ਇੱਥੇ ਏਨਾ ਕਾਲ ਸੀ ਕਿ ਗਊਆਂ ਦੇ ਭੁੱਖ ਤ੍ਰੇਹ ਨਾਲ ਪਰਾਣ ਨਿਕਲ ਜਾਂਦੇ ਸਨ, ਪਰ ਦੀਨ ਦਿਆਲ ਜੀ ਇਹ ਫ਼ੁਰਮਾਉਂਦੇ ਸਨ :

"'ਮੇਰੀਆਂ ਅੱਖਾਂ ਵਿੱਚ ਇਥੇ ਪਾਣੀ ਹੀ ਪਾਣੀ ਨਜ਼ਰ ਆਉਂਦਾ ਹੈ ਅਤੇ ਮੈਂ ਚਾਹੁੰਦਾ ਹਾਂ ਕਿ ਇਨ੍ਹਾਂ ਗਰੀਬ ਸਿੱਖਾਂ ਨੂੰ ਮਾਲੋ-ਮਾਲ ਹੋਇਆ ਵੇਖਾਂ।"

ਗਊਆਂ ਭੁੱਖੀਆਂ ਤਿਹਾਈਆਂ ਦੇ ਬੈਠਿਆਂ ਹੀ ਪਰਾਣ ਨਿਕਲ ਜਾਂਦੇ ਸਨ। ਸਤਿਗੁਰੂ ਜੀ ਭੱਠਾ ਲੁਆਇਆ, ਜਿਸ ਦੀਆਂ ਇੱਟਾਂ ਨਾਲ ਇਸ ਭੂਮੀ ਉੱਤੇ 20-25 ਖੂਹ ਲਵਾਏ ਗਏ ਤਾਂ ਜੋ ਪਾਣੀ ਦੀ ਕੋਈ ਥੁੜ੍ਹ ਨਾ ਰਹੇ। ਸਭ ਤੋਂ ਪਹਿਲੀ ਖੂਹੀ ਜੀਵਨ ਨਗਰ ਲਗਾਈ ਗਈ। ਉਸ ਸਮੇਂ ਕੁਝ ਸਿੱਖਾਂ ਨੇ ਬੇਨਤੀ ਕੀਤੀ ਕਿ ਪਾਣੀ ਦੀ ਡਿੱਗੀ ਵੀ ਬਣਵਾ ਲਈ ਜਾਵੇ ਤਾਂ ਸਤਿਗੁਰੂ ਜੀ ਨੇ ਫੁਰਮਾਇਆ ਕਿ ਮੈਨੂੰ ਤਾਂ ਏਥੇ ਸਾਰਾ ਪਾਣੀ ਹੀ ਪਾਣੀ ਦਿਖਾਈ ਦਿੰਦਾ ਹੈ।

ਲੰਗਰ ਵਿੱਚ 1200 ਮਣ ਦੀ ਰਸਦ ਹਰ ਮਹੀਨੇ ਲੱਗਦੀ ਸੀ। ਸਤਿਗੁਰੂ ਜੀ ਨੇ 15-16 ਸੌ ਰਜਾਈਆਂ ਆਪਣੇ ਖਰਚੇ ਉੱਤੇ ਬਣਵਾ ਕੇ ਲੋੜਵੰਦਾਂ ਵਿੱਚ ਵੰਡੀਆਂ। ਗਊਆਂ, ਮੱਝਾਂ ਅਤੇ ਬੈਲ ਸਰਕਾਰ ਪਾਸੋਂ ਨੀਲਾਮੀ ਵਿੱਚੋਂ ਲੈ ਕੇ ਗਰੀਬ ਸਿੱਖਾਂ ਨੂੰ ਵੰਡੇ। ਇਹ ਸਾਰਾ ਖਰਚਾ ਕਈ ਲੱਖਾਂ ਦਾ ਸੀ, ਜੋ ਸਤਿਗੁਰੂ ਜੀ ਨੇ ਆਪਣੇ ਕੋਲੋਂ ਕੀਤਾ।

ਆਲੇ-ਦੁਆਲੇ ਦੇ ਪਿੰਡਾਂ ਦੇ ਮੁਸਲਮਾਨ ਵਸਨੀਕ ਨਾਮਧਾਰੀ ਸਿੱਖਾਂ ਦੇ ਜਨ-ਸਮੂਹ ਨੂੰ ਇਸ ਇਲਾਕੇ ਵਿੱਚ ਵੱਸ ਗਿਆਂ ਨੂੰ ਦੇਖ ਕੇ ਕੁਝ ਅਵਾਜ਼ਾਰ ਵੀ ਸਨ। ਇਸ ਦਾ ਕਾਰਨ ਤੰਬਾਕੂ ਬੀਜਣ ਤੋਂ ਰੋਕ ਅਤੇ ਗਊ-ਹੱਤਿਆ ਦੀ ਆਗਿਆ ਨਾ ਦੇਣਾ ਸੀ। ਇਲਾਕੇ ਦੇ ਮੁਸਲਮਾਨਾਂ ਨੇ ਜਗਮਲੇਰੇ (ਸੰਤ ਨਗਰ) ਵਿਖੇ ਇੱਕ ਵੱਡਾ ਇਕੱਠ ਕੀਤਾ, ਜਿਸ ਵਿੱਚ ਉਹਨਾਂ ਨੇ ਮਤਾ ਪਕਾਇਆ ਕਿ ਨਾਮਧਾਰੀ ਸਤਿਗੁਰੂ ਪਾਸ ਪੁੱਜ ਕੇ ਉਨ੍ਹਾਂ ਤੋਂ ਕੁਝ ਰਿਆਇਤਾਂ ਮੰਗੀਆਂ ਜਾਣ। ਅਵਤਾਰ ਸਿੰਘ ਤੰਬਰ ਅਨੁਸਾਰ, [2]"ਇੱਕ ਦਿਨ ਮੁਕੱਰਰ ਕਰਕੇ ਚੁਚਾਲ ਕੋਠੀ ਸਤਿਗੁਰਾਂ ਪਾਸ ਅਰਜ਼ ਕਰਨ ਵਾਸਤੇ ਮੁਖੀ ਮੁਸਲਮਾਨ ਇਕੱਠੇ ਹੋ ਕੇ ਆਏ ਅਤੇ ਖਾਸ ਖਾਸ ਖ਼ੁਸ਼ੀ ਦੇ ਮੌਕਿਆਂ ਉੱਤੇ ਗਊ ਕੁਸ਼ੀ ਦੀ ਇਜਾਜ਼ਤ ਮੰਗੀ। ਸਤਿਗੁਰੂ ਜੀ ਵੱਲੋਂ ਬੜੇ ਧੀਰਜ ਨਾਲ ਉੱਤਰ ਦਿੱਤਾ ਗਿਆ, "ਭਾਵੇਂ ਇਹ ਗੱਲ ਹੀ ਮੈਂ ਨਹੀਂ ਸੁਣ ਸਕਦਾ, ਪਰ ਤੁਸੀਂ ਮੇਰੇ ਘਰ ਆਏ ਹੋ, ਮੈਂ ਤੁਹਾਨੂੰ ਆਪਣੇ ਅਸੂਲਾਂ

---

[1] *ਮਹਾਂ ਨੂਰ* (ਸੰਪਾਦਕ ਪ੍ਰੀਤਮ ਸਿੰਘ ਆਰਸੀ) – ਪੰਨਾ (298)

[2] ਉਹੀ, ਪੰਨਾ 296

Namdhari Elibrary NamdhariElibrary@gmail.com

ਦੇ ਸੰਬੰਧ ਵਿੱਚ ਦੱਸਦਾ ਹਾਂ ਕਿ ਸਾਡੇ ਸਤਿਗੁਰੂ ਇਸੇ ਗਊ ਕੁਸ਼ੀ ਅਤੇ ਗੁਲਾਮੀ ਨੂੰ ਦੂਰ ਕਰਨ ਖਾਤਰ ਪਰਦੇਸ ਗਏ ਅਤੇ ਬਹੁਤ ਸਾਰੇ ਨਾਮਧਾਰੀ ਤੋਪਾਂ ਅੱਗੇ ਉਡਾਏ ਗਏ। ਇਹ ਇਜਾਜ਼ਤ ਤੁਹਾਨੂੰ ਬਿਲਕੁਲ ਹੀ ਨਹੀਂ ਦਿੱਤੀ ਜਾ ਸਕਦੀ।"

ਇਸ ਤੋਂ ਮੁਸਲਮਾਨ ਬਹੁਤ ਨਿਰਾਸ਼ ਹੋਏ, ਉਹਨਾਂ ਨੇ ਸਰਸੇ ਦੇ ਐਸ.ਡੀ.ਓ. ਦੀ ਅਦਾਲਤ ਵਿੱਚ ਮੁਕੱਦਮਾ ਕਰ ਦਿੱਤਾ। ਜੋ ਖਾਰਜ ਹੋ ਗਿਆ। ਦੋਹਾਂ ਫਿਰਕਿਆਂ ਵਿੱਚ ਤਨਾਅ ਤੇ ਤਲਖ਼ੀ ਵਧਦੀ ਗਈ। ਸਤਿਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਇਹ ਪੱਕੀ ਪਾਬੰਦੀ ਕਰ ਦਿੱਤੀ ਕਿ ਦਸਾਂ ਆਦਮੀਆਂ ਤੋਂ ਘੱਟ ਸਿੱਖ ਬਾਹਰ ਨਾ ਜਾਣ।

ਦਮਦਮੇ (ਕੰਜਰਵਾਲ) ਤੋਂ ਦੋ ਸਿੱਖ ਹਰਬੰਸ ਸਿੰਘ ਤੇ ਦਲੀਪ ਸਿੰਘ ਜਗਮਲੇਰੇ ਸਰ੍ਹੋਂ ਦਾ ਤੇਲ ਲੈਣ ਆਏ। ਪਰ ਉਥੋਂ ਦੇ ਮੁਸਲਮਾਨਾਂ ਨੇ ਉਹਨਾਂ ਨੂੰ ਕਤਲ ਕਰ ਦਿੱਤਾ। ਇਲਾਕੇ ਦੇ ਪੁਲਸ ਤੇ ਸਿਵਲ ਅਧਿਕਾਰੀ ਬਹੁਤੇ ਮੁਸਲਮਾਨ ਸਨ। ਇਸ ਲਈ ਇਨ੍ਹਾਂ ਕਤਲਾਂ ਦੀ ਧੁੱਖ ਤੱਕ ਨਾ ਨਿਕਲੀ। ਜਦੋਂ ਸਿੱਖਾਂ ਨੂੰ ਪਤਾ ਲੱਗਿਆ ਤਾਂ ਉਹਨਾਂ ਨੇ ਥਾਣੇ ਜਾ ਕੇ ਇਤਲਾਹ ਕੀਤੀ। ਸਰਸੇ ਤੋਂ ਡੀ.ਐਸ.ਪੀ. ਵਰਿਆਮ ਸਿੰਘ ਅਤੇ ਐਸ.ਪੀ. ਸੰਤ ਸਿੰਘ ਨਲੂਆ ਜਗਮਲੇਰੇ ਦੇ ਬੰਗਲੇ ਆ ਗਏ।

15 ਅਗਸਤ 1947 ਤੋਂ ਪਿਛੋਂ ਪਾਕਿਸਤਾਨ ਤੋਂ ਉਜੜੇ ਹੋਏ ਬਹੁਤ ਸਾਰੇ ਨਾਮਧਾਰੀ ਸਿੱਖ ਪਰਿਵਾਰ ਚੁਚਾਲ ਕੋਟਲੀ ਪਹੁੰਚ ਗਏ। ਸਤਿਗੁਰੂ ਜੀ ਮੁੜ-ਵਸਾਊ ਵਿਭਾਗ ਦੇ ਅਫਸਰਾਂ ਨੂੰ ਮਿਲ ਕੇ ਇਸ ਯਤਨ ਵਿੱਚ ਸਫ਼ਲ ਹੋ ਗਏ ਕਿ ਪਾਕਿਸਤਾਨ ਤੋਂ ਆਏ ਨਾਮਧਾਰੀ ਸਿੱਖ ਹੋਰ ਥਾਵਾਂ ਤੇ ਭੇਜਣ ਦੀ ਥਾਂ ਸਰਸੇ ਭੇਜੇ ਜਾਣ। ਆਲੇ-ਦੁਆਲੇ ਦੇ ਦਸਾਂ ਪਿੰਡਾਂ ਦੀ ਜ਼ਮੀਨ ਜੋ ਮੁਸਲਮਾਨ ਛੱਡ ਕੇ ਗਏ ਹਨ, ਉਹਨਾਂ ਲਈ ਰਾਖਵੀਂ ਕਰ ਦਿੱਤੀ ਗਈ। ਸਥਾਈ ਵਸੇਬਾ ਮਿਲਣ ਤੱਕ ਇਹ ਸ਼ਰਨਾਰਥੀ ਗੁਰੂ ਕੇ ਲੰਗਰ ਤੋਂ ਹੀ ਪ੍ਰਸ਼ਾਦ ਛੱਕਦੇ ਸਨ। ਸਤਿਗੁਰੂ ਜੀ ਨੇ ਹਜ਼ਾਰਾਂ ਰਜਾਈਆਂ ਆਪਣੇ ਵੱਲੋਂ ਤਿਆਰ ਕਰਵਾ ਕੇ ਸਿੱਖਾਂ ਵਿੱਚ ਵੰਡੀਆਂ। ਪਸ਼ੂ, ਗਊਆਂ ਮੱਝਾਂ ਬੈਲ, ਨਿਲਾਮੀ ਵਿੱਚੋਂ ਖਰੀਦ ਕੇ ਸਿੱਖਾਂ ਨੂੰ ਵੰਡੇ। ਇਹ ਸਾਰਾ ਖਰਚਾ ਕਈ ਲੱਖਾਂ ਦੇ ਕਰੀਬ ਸੀ, ਜੋ ਸਤਿਗੁਰਾਂ ਨੇ ਆਪਣੇ ਪਾਸੋਂ ਕੀਤਾ। ਇਨ੍ਹਾਂ ਆਪਣੇ ਸਿੱਖਾਂ ਦੇ ਕਲੇਮਾਂ ਨੂੰ ਇਸ ਇਲਾਕੇ ਵਿੱਚ ਪਵਾਉਣ ਖਾਤਰ ਸਤਿਗੁਰੂ ਜੀ ਦਾ ਵੀਹ ਹਜ਼ਾਰ ਰੁਪਈਆ ਖਰਚ ਹੋਇਆ।

ਬੇ-ਜ਼ਮੀਨੇ ਹਰੀਜਨ ਸਿੱਖਾਂ ਤੇ ਥੋੜ੍ਹੀ ਮਾਲਕੀ ਵਾਲੇ ਸਿੱਖਾਂ ਨੂੰ ਮਹਾਰਾਜ਼ੂ ਦੀ ਨਾਭੇ ਵੱਲੋਂ ਦਿੱਤੀ ਗਈ ਬੀੜ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਨੇ 90 ਪਰਿਵਾਰਾਂ ਨੂੰ ਵਸਾਇਆ ਸੀ। ਕੁਝ 60 ਏਕੜ ਜ਼ਮੀਨ ਭੈਣੀ ਸਾਹਿਬ ਦੇ ਲੰਗਰ ਲਈ ਰਾਖਵੀਂ ਕੀਤੀ ਸੀ।

ਏਥੇ ਦੀ 500 ਏਕੜ ਭੂਮੀ ਸਤਿਗੁਰੂ ਹਰੀ ਸਿੰਘ ਵਿਦਿਆਲਾ (ਜੋ ਹੁਣ ਕਾਲਜ ਹੈ) ਦੇ ਲਈ ਰਾਖਵੀਂ ਰੱਖ ਕੇ ਬਾਕੀ ਸਾਰੀ ਭੂਮੀ ਦੀ ਵੰਡ ਸ਼ਰਨਾਰਥੀਆਂ ਨੂੰ ਕਰ

ਦਿੱਤੀ ਗਈ ਸੀ।

ਸਤਿਗੁਰੂ ਜੀ ਨੇ ਇਹ ਮੁੜ-ਵਸੇਬੇ ਤੇ ਜ਼ਮੀਨ ਦੀ ਵੰਡ ਦਾ ਕਾਰਜ ਜਿਸ ਸਿਆਣਪ ਅਤੇ ਸ਼ੀਘਰਤਾ ਨਾਲ ਨਿਭਾਇਆ, ਉਹ ਵੀ ਆਪਣੇ ਆਪ ਵਿੱਚ ਇੱਕ ਉੱਜਲ ਉਦਾਹਰਣ ਹੈ।

ਜਗਮਲੇਰੇ ਵਿਖੇ ਇਕੱਠ ਕਰਕੇ ਜਦੋਂ ਸਤਿਗੁਰੂ ਜੀ ਸਥਾਈ ਵੰਡ ਕਰ ਰਹੇ ਸਨ, ਤਾਂ ਸ੍ਰ. ਕਰਤਾਰ ਸਿੰਘ ਮਿੰਟਗੁਮਰੀ ਵਾਲੇ ਉਥੇ ਮੌਜੂਦ ਸਨ। [1]"ਉਹਨਾਂ ਨੇ ਸੁਭਾਵਕ ਹੀ ਅਰਜ਼ ਕੀਤੀ, "ਗਰੀਬ ਨਿਵਾਜ, ਵੰਡ ਕਿੰਨੇ ਚਿਰ ਵਿੱਚ ਹੋਵੇਗੀ?" ਅੱਗੋਂ ਸਤਿਗੁਰੂ ਪਰਤਾਪ ਸਿੰਘ ਜੀ ਨੇ ਹੱਸਦੇ ਮੁਖੜੇ ਨਾਲ ਬਚਨ ਕੀਤਾ। "ਸਿਰਫ ਇੱਕ ਘੰਟੇ ਵਿੱਚ।" "ਇਕੋ ਘੰਟੇ ਵਿੱਚ?" ਸ੍ਰ. ਕਰਤਾਰ ਸਿੰਘ ਜੀ ਨੇ ਹੈਰਾਨੀ ਪ੍ਰਗਟ ਕੀਤੀ, "ਹਾਂ" ਉੱਤਰ ਸੀ।

ਬਸ ਫਿਰ ਕੀ ਸੀ, ਸਿਰਫ 55 ਮਿੰਟ ਹੋਣ ਤੇ ਸਾਰੀ ਖਰੀਦ ਵਾਲੀ ਜ਼ਮੀਨ ਦੀ ਅੱਡੋ-ਅੱਡ ਗਰੁੱਪਾਂ ਵਿੱਚ, ਨਹਿਰੀ ਬਰਾਨੀ ਤੇ ਤਨਾਸਬ ਅਨੁਸਾਰ ਵੰਡ ਕਰ ਦਿੱਤੀ ਗਈ। ਕੁਝ ਸਿੱਖ ਜੋ ਪਿਛੋਂ ਜਾ ਕੇ ਇਸ ਵੰਡ ਤੋਂ ਨਾਖੁਸ਼ ਸਨ, ਉਨ੍ਹਾਂ ਨੇ ਕਚਹਿਰੀ ਵਿੱਚ ਅਰਜ਼ੀਆਂ ਪਾਈਆਂ ਕਿ ਸਾਨੂੰ ਕੇਵਲ ਉਹ ਜ਼ਮੀਨ ਹੀ ਦੁਆਈ ਜਾਵੇ, ਜਿਨ੍ਹਾਂ ਦੇ ਨੰਬਰ ਸਾਡੇ ਕਲੇਮਾਂ ਵਿੱਚ ਦਰਜ ਹਨ। ਪਰ ਅਦਾਲਤ ਵੱਲੋਂ ਇਹ ਹੁਕਮ ਕੀਤਾ ਗਿਆ ਕਿ ਉਹ ਸਤਿਗੁਰੂ ਪਰਤਾਪ ਸਿੰਘ ਜੀ ਵੱਲੋਂ ਐਲਾਨ ਕੀਤੀ ਗਈ ਜ਼ਮੀਨ 'ਤੇ ਹੀ ਰਹਿਣ। ਸਤਿਗੁਰੂ ਜੀ ਇਨ੍ਹਾਂ ਸਿੱਖਾਂ ਦੀ ਅਕ੍ਰਿਤਘਨਤਾ ਨੂੰ ਯਾਦ ਕਰਕੇ ਕਹਿ ਦਿੰਦੇ ਸਨ ਕਿ ਇਨ੍ਹਾਂ ਸਿੱਖਾਂ ਨੂੰ ਇਕੱਠਿਆਂ ਕਰਕੇ ਮੈਂ ਗਲਤੀ ਕੀਤੀ ਹੈ। ਪਰ ਨਾਲ ਹੀ ਇਹ ਵੀ ਕਹਿ ਦਿੰਦੇ ਕਿ ਇਹਨਾਂ ਦੇ ਪੁੱਤ-ਪੋਤੇ ਯਾਦ ਕਰਨਗੇ ਕਿ ਕਿਸੇ ਨੇ ਇਨ੍ਹਾਂ ਲਈ ਏਡੀ ਵੱਡੀ ਘਾਲਣਾ ਘਾਲੀ ਸੀ।

ਸਤਿਗੁਰੂ ਪਰਤਾਪ ਸਿੰਘ ਜੀ ਨੇ ਨਾਭੇ ਲਈ ਮਹਾਰਾਜਾ ਰਿਪੁਦਮਨ ਸਿੰਘ ਵੱਲੋਂ ਮਠਾਰੜੂ ਵਾਲੀ ਬੀੜ ਵਿੱਚ ਜਿਥੋਂ 60 ਏਕੜ ਜ਼ਮੀਨ ਭੈਣੀ ਸਾਹਿਬ ਦੇ ਲੰਗਰ ਲਈ ਰਾਖਵੀਂ ਰੱਖ ਕੇ ਬਾਕੀ ਬੇਜ਼ਮੀਨੇ ਕਾਸ਼ਤਕਾਰਾਂ ਅਤੇ ਹਰੀਜਨਾਂ ਨੂੰ, ਕਿਸੇ ਘਰ ਨੂੰ 10 ਏਕੜ ਤੇ ਕਿਸੇ ਘਰ ਨੂੰ 7 ਏਕੜ ਦੇ ਕੇ ਸਥਾਈ ਤੌਰ 'ਤੇ ਵਸਾਇਆ ਸੀ। ਉਥੇ ਜੀਵਨ ਨਗਰ ਵਾਲੀ ਭੂਮੀ ਵਿਚੋਂ 500 ਏਕੜ ਸਤਿਗੁਰੂ ਹਰੀ ਸਿੰਘ ਵਿਦਿਆਲੇ ਲਈ ਰਾਖਵੀਂ ਕਰਕੇ ਬਾਕੀ ਭੂਮੀ-ਹੀਣ ਨਾਮਧਾਰੀ ਸ਼ਰਨਾਰਥੀ ਪਰਿਵਾਰਾਂ ਨੂੰ ਵੰਡ ਦਿੱਤੀ ਸੀ।

ਜਿਥੇ 1948-1949 ਵਿੱਚ ਇਸ ਥਾਂ ਉੱਤੇ ਗਊਆਂ ਪਾਣੀ ਦੀ ਥੁੜ੍ਹ ਕਾਰਨ ਮਰ ਜਾਂਦੀਆਂ ਸਨ, ਉਥੇ ਏਥੋਂ ਦੇ ਸ਼ਰਨਾਰਥੀ ਪਰਿਵਾਰ ਅੱਜ ਖੁਸ਼ਹਾਲ ਬਣੇ ਹੋਏ ਹਨ। ਅਵਤਾਰ ਸਿੰਘ ਝੱਬਰ ਅਨੁਸਾਰ ਹੁਣ ਸਿੱਖ ਸਤਿਗੁਰਾਂ ਨੂੰ ਯਾਦ ਕਰਕੇ ਉਨ੍ਹਾਂ ਦੇ ਗੁਣ

[1] *ਮਹਾਂ ਨੂਰ* (ਸੰਪਾਦਕ ਪ੍ਰੀਤਮ ਸਿੰਘ ਆਰਸੀ) - ਪੰਨਾ 297-98.

Namdhari Elibrary NamdhariElibrary@gmail.com

ਗਾਉਂਦੇ ਰੱਜਦੇ ਨਹੀਂ। ਅਲਾਟਮੈਂਟ ਵਾਲੀ ਜ਼ਮੀਨ ਦੀ ਵੰਡ ਜਿਸ ਤਰ੍ਹਾਂ ਸਤਿਗੁਰਾਂ ਕੀਤੀ, ਉਸ ਤਰ੍ਹਾਂ ਪੰਜਾਬ ਦੇ ਕਿਸੇ ਹਿੱਸੇ ਵਿੱਚ ਵੀ ਨਹੀਂ ਕੀਤੀ ਗਈ।

ਗੁਰਬਾਣੀ ਦਾ ਇਹ ਫ਼ੁਰਮਾਨ ਸਾਖਿਆਤ ਸਿੱਧ ਹੋਇਆ ਹੈ :

ਸਾ ਧਰਤਿ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ।
ਸੇ ਜੰਤ ਭਏ ਹਰਿਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ॥
(ਆਦਿ ਗ੍ਰੰਥ, ਅੰਗ 310)

ਅਧਿਆਇ 14

# ਭਾਰਤ ਦੇ ਨਵੇਂ ਸੰਵਿਧਾਨ ਤੇ ਰਾਜਨੀਤਕ ਬਣਤਰ ਦਾ ਸੁਆਗਤ

## ਨਾਮਧਾਰੀ ਸੰਪ੍ਰਦਾਇ ਤੇ ਭਾਰਤ ਦੀ ਸੁਤੰਤਰਤਾ

12 ਅਪ੍ਰੈਲ, 1857 ਨੂੰ ਜਦੋਂ ਸਤਿਗੁਰੂ ਰਾਮ ਸਿੰਘ ਜੀ ਨੇ ਸੰਤ ਖਾਲਸਾ ਜਾਂ ਨਾਮਧਾਰੀ ਮੱਤ ਦੀ ਨੀਂਹ ਰੱਖੀ ਸੀ, ਉਸ ਸਮੇਂ ਤੋਂ ਹੀ ਸਿੱਖਾਂ ਦਾ ਇਹ ਰਾਸ਼ਟਰਵਾਦੀ ਫਿਰਕਾ ਅੰਗਰੇਜ਼ ਸਰਕਾਰ ਦੇ ਖਾਤਮੇ ਅਤੇ ਭਾਰਤ ਦੀ ਕੌਮੀ ਸਰਕਾਰ ਨੂੰ ਹੋਂਦ ਵਿੱਚ ਲਿਆਉਣ ਲਈ ਅਨੇਕ ਢੰਗਾਂ ਨਾਲ ਸੰਗ੍ਰਾਮ ਕਰਦਾ ਰਿਹਾ। ਸਤਿਗੁਰੂ ਪਰਤਾਪ ਸਿੰਘ ਜੀ ਦੀ ਅਗਵਾਈ ਵਿੱਚ ਭਾਰਤ ਦੇ ਕੌਮੀ ਸੁਤੰਤਰਤਾ ਸੰਗਰਾਮ ਨੂੰ ਭਰਪੂਰ ਸਮਰਥਨ ਦਿੱਤਾ ਗਿਆ। ਇਥੋਂ ਤੱਕ ਕਿ ਨਾਮਧਾਰੀ ਪੰਥ ਭਾਵੇਂ ਹੋਰ ਕ੍ਰਾਂਤੀਕਾਰੀ ਲਹਿਰ ਗਦਰ ਪਾਰਟੀ, ਕਿਰਤੀ ਪਾਰਟੀ ਨੂੰ ਵੀ ਗੁਪਤ ਪ੍ਰਗਟ ਢੰਗ ਨਾਲ ਸਹਿਯੋਗ ਦਿੰਦਾ ਰਿਹਾ, ਪਰ ਭਾਰਤ ਦੇ ਸਭ ਤੋਂ ਵੱਡੇ ਰਾਜਨੀਤਕ ਦਲ ਕਾਂਗਰਸ ਨਾਲ ਤਾਂ ਉਸ ਦਾ ਗੰਢ ਚਿਤਰਾਵਾ ਸਦਾ ਬਣਿਆ ਰਿਹਾ ਹੈ। ਉਨ੍ਹਾਂ ਘਟਨਾਵਾਂ ਨੂੰ ਏਥੇ ਦੁਹਰਾਉਣ ਦੀ ਲੋੜ ਨਹੀਂ, ਜਿਨ੍ਹਾਂ ਵਿੱਚ ਨਾਮਧਾਰੀਆਂ ਨੇ ਕਾਂਗਰਸ ਵਰਗੀ ਕੌਮੀ ਜਮਾਤ ਨੂੰ ਪੂਰਾ-ਪੂਰਾ ਸਾਥ ਤੇ ਸਹਿਯੋਗ ਦਿੱਤਾ।

1947 ਈ. ਵਿੱਚ ਜਦੋਂ ਭਾਰਤ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਕਤੀ ਮਿਲ ਗਈ ਤਾਂ ਦੇਸ਼ ਦੇ ਪੁਨਰ-ਨਿਰਮਾਣ ਅਤੇ ਰਾਜਨੀਤਕ ਬਣਤਰ ਵਿੱਚ ਨਵੇਂ ਸੰਵਿਧਾਨ ਤੇ ਰਾਜ ਬਣਤਰ ਨੂੰ ਨਵੇਂ ਸਿਰਿਓਂ ਸੰਗਠਿਤ ਕਰਨ ਲਈ ਉਪਰਾਲੇ ਆਰੰਭ ਹੋਏ। ਜਿਥੋਂ ਤੱਕ ਪੰਜਾਬ ਦਾ ਸੰਬੰਧ ਹੈ, ਪੰਜਾਬ ਨੇ ਦੇਸ਼-ਵੰਡ ਦੇ ਸਦਮਿਆਂ ਤੇ ਜ਼ਖਮਾਂ ਦੀ ਪੂਰਤੀ ਵੀ ਕਰਨੀ ਸੀ। ਸਤਿਗੁਰੂ ਪਰਤਾਪ ਸਿੰਘ ਜੀ ਨੇ ਇਸ ਸੰਬੰਧ ਵਿੱਚ ਵਿਸ਼ੇਸ਼ ਘਾਲਣਾ ਘਾਲੀ ਅਤੇ ਆਪਣੇ ਨਾਮਧਾਰੀ ਅਨੁਆਈਆਂ ਨੂੰ ਨਵੇਂ ਸਿਰਿਓਂ ਮੁੜ ਵਸਾ ਦਿੱਤਾ। ਆਰੰਭ ਵਿੱਚ ਉਨ੍ਹਾਂ ਨੂੰ ਜੀਵਨ ਨਗਰ ਦੇ ਇਲਾਕੇ ਵਿੱਚ ਕੁਝ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਪਰ ਸਤਿਗੁਰੂ ਪਰਤਾਪ ਸਿੰਘ ਜੀ ਦੇ ਨਵ-ਨਿਰਮਾਣ ਦੇ ਯਤਨਾਂ ਨੇ ਇੱਕ ਵਾਰ ਤਾਂ ਉਨ੍ਹਾਂ ਦੇ ਦੁਖਤਿਆਂ ਨੂੰ ਭੁਲਾ ਕੇ ਨਵੀਆਂ ਆਸਾਂ ਜਗਾਉਣ ਵਿੱਚ ਸੋਨੇ 'ਤੇ ਸੁਹਾਗੇ ਦਾ ਕੰਮ ਕੀਤਾ।

Namdhari Elibrary NamdhariElibrary@gmail.com

## ਸਤਿਗੁਰੂ ਪਰਤਾਪ ਸਿੰਘ ਜੀ ਦੇ ਨਵ-ਨਿਰਮਾਣ ਦੇ ਯਤਨ

ਸਤਿਗੁਰੂ ਪਰਤਾਪ ਸਿੰਘ ਜੀ ਨੇ ਨਾਮਧਾਰੀ ਵਿਸਥਾਪਤਾਂ ਨੂੰ ਥਾਉਂ-ਥਾਈਂ ਘਰ ਦੇ ਕੇ ਉਨ੍ਹਾਂ ਨੂੰ ਖੇਤੀਬਾੜੀ ਤੇ ਨਵੇਂ ਕਾਰੋਬਾਰਾਂ ਲਈ ਉਤਸ਼ਾਹ ਦਿੱਤਾ ਅਤੇ ਆਪਣੇ ਧਾਰਮਿਕ ਕਾਰਜਾਂ ਵਿੱਚ ਵੀ ਕੋਈ ਢਿੱਲ ਨਹੀਂ ਆਉਣ ਦਿੱਤੀ। ਨਿੱਤ ਆਪ ਜੀ ਦੀ ਹਜ਼ੂਰੀ ਵਿੱਚ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹੁੰਦਾ, ਦੀਵਾਨ ਸੱਜਦੇ ਅਤੇ ਆਪ ਜੀ ਦੀ ਆਗਿਆ ਅਨੁਸਾਰ ਇੱਕ ਘੰਟਾ ਨਾਮ ਸਿਮਰਨ ਕੀਤਾ ਜਾਂਦਾ। 1947 ਦੇ ਸਮੇਂ ਅਕਤੂਬਰ-ਨਵੰਬਰ ਤੋਂ ਹੀ ਹਾੜ੍ਹੀ ਦੀ ਫ਼ਸਲ ਦੀ ਕਾਸ਼ਤ ਸ਼ੁਰੂ ਹੋ ਗਈ ਸੀ, ਸਤਿਗੁਰੂ ਜੀ ਨੇ ਆਪਣੇ ਕੋਲੋਂ ਸਹਾਇਤਾ ਕਰਕੇ ਲੋੜਵੰਦਾਂ ਨੂੰ ਲਵੇਰੇ ਤੇ ਬੈਲ ਵੰਡੇ। ਉਨ੍ਹਾਂ ਦੀਆਂ ਸ਼ਿਕਾਇਤਾਂ ਸੁਣੀਆਂ ਅਤੇ ਹਰ ਇੱਕ ਸ਼ਿਕਾਇਤ ਦਾ ਨਿਪਟਾਰਾ ਕਰ ਦਿੱਤਾ। ਭਾਵੇਂ ਇਹ ਔਕੜਾਂ ਦਾ ਸਮਾਂ ਸੀ ਤੇ ਨਵੀਂ ਆਬਾਦਕਾਰੀ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਫਿਰ ਵੀ ਸਤਿਗੁਰੂ ਜੀ ਦੀ ਆਸ਼ੀਰਵਾਦ ਨਾਲ ਨਾਮਧਾਰੀਆਂ ਨੇ ਜੀਵਨ ਨਗਰ ਦੇ ਇਲਾਕੇ ਵਿੱਚ ਆਪਣੇ ਆਪ ਨੂੰ ਨਵੇਂ ਜੀਵਨ ਵਿੱਚ ਢਾਲ ਲਿਆ।

ਕੁਝ ਨਾਮਧਾਰੀ ਪਰਿਵਾਰ ਮੰਡੀ (ਹੁਣ ਹਿਮਾਚਲ ਪ੍ਰਦੇਸ਼) ਵਿੱਚ ਜਾ ਵਸੇ ਤੇ ਉਹ ਨਗਰ ਵੀ ਨਾਮਧਾਰੀਆਂ ਦੇ ਇੱਕ ਹੋਰ ਕੇਂਦਰ ਵਜੋਂ ਹੋਂਦ ਵਿੱਚ ਆ ਗਿਆ। ਦਰਿਆ ਬਿਆਸ ਦੇ ਕੰਢੇ ਇਹ ਰਮਣੀਕ ਪਹਾੜੀ ਸਥਾਨ ਸਤਿਗੁਰੂ ਪਰਤਾਪ ਸਿੰਘ ਜੀ ਦੇ ਕੁਦਰਤੀ ਸੁੰਦਰਤਾ ਬਾਰੇ ਹਾਰਦਿਕ ਪ੍ਰੇਮ ਦੀ ਗਵਾਹੀ ਭਰਦਾ ਹੈ।

ਪਹਿਲਾਂ ਵੀ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਸਤਿਗੁਰੂ ਜੀ ਨੇ ਜੀਵਨ ਨਗਰ ਦੇ ਇਲਾਕੇ ਵਿੱਚ ਕਈ ਖੂਹ ਲਗਵਾ ਦਿੱਤੇ ਤਾਂ ਜੋ ਫ਼ਸਲਾਂ ਦੀ ਸਿੰਜਾਈ ਵਿੱਚ ਕੋਈ ਰੋਕ ਨਾ ਪਵੇ।

### ਪਸ਼ੂ-ਧਨ ਦੀ ਸੰਭਾਲ

ਸਤਿਗੁਰੂ ਪਰਤਾਪ ਸਿੰਘ ਜੀ ਆਪਣੇ ਜੀਵਨ ਦੇ ਆਰੰਭ ਤੋਂ ਹੀ ਪਸ਼ੂ-ਧਨ ਦੀ ਸੰਭਾਲ ਅਤੇ ਉਨ੍ਹਾਂ ਦੀਆਂ ਨਸਲਾਂ ਨੂੰ ਸੁਧਾਰਨ ਵਿੱਚ ਡੂੰਘੀ ਰੁਚੀ ਰੱਖਦੇ ਸਨ। ਉਨ੍ਹਾਂ ਨੂੰ ਗਊਆਂ, ਮੱਝਾਂ, ਘੋੜਿਆਂ, ਬਲਦਾਂ ਅਤੇ ਮੋਹਰੂਆਂ ਦੀ ਡੂੰਘੀ ਜਾਣਕਾਰੀ ਸੀ। ਇਸ ਲਈ ਆਪ ਨੇ ਜੀਵਨ ਨਗਰ ਵਿੱਚ ਆਪਣੇ ਪਸ਼ੂ-ਧਨ ਦੀ ਸੰਭਾਲ ਤੇ ਵਾਧੇ ਲਈ ਉਚੇਚੇ ਯਤਨ ਕੀਤੇ ਅਤੇ ਪਸ਼ੂਆਂ ਲਈ ਨਵੇਂ ਤਬੇਲਿਆਂ ਅਤੇ ਖੁਲ੍ਹੇ ਹਾਤਿਆਂ, ਖੁਰਲੀਆਂ ਆਦਿ ਦਾ ਨਿਰਮਾਣ ਕੀਤਾ। ਬਹੁਤ ਸਾਰੇ ਲੇਖਕਾਂ ਨੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਪਸ਼ੂਆਂ ਦੇ ਫਾਰਮਾਂ ਅਤੇ ਸੇਵਾ ਸੰਭਾਲ ਬਾਰੇ ਰੌਚਿਕ ਵੇਰਵੇ ਦਿੱਤੇ ਹਨ। ਤਰਨ ਸਿੰਘ ਵਹਿਮੀ ਜੋ ਆਪ ਜੀ ਦੇ ਨਿਕਟਵਰਤੀ ਸੇਵਕ ਤੇ ਲੇਖਕ ਸਨ ਦੇ ਇੱਕ ਹਵਾਲੇ ਦਾ ਵੇਰਵਾ ਇੱਥੇ ਦਿੱਤਾ ਜਾਂਦਾ ਹੈ। [1]"ਸਤਿਗੁਰੂ ਜੀ ਨੇ ਘੋੜਿਆਂ ਦਾ ਤਬੇਲਾ, ਗਊਆਂ, ਮੱਝਾਂ ਦਾ ਵਾੜਾ ਤੇ ਛੋਟੇ ਜੀਵਾਂ ਦੇ ਵਲਗਣ ਵੱਖ-ਵੱਖ ਵਲਾਏ। ਜਦ ਸਤਿਗੁਰੂ ਜੀ ਜਾਂਦੇ,

---

[1] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ-4, ਪੰਨਾ 180-181.

ਸਭ ਡੰਗਰ ਅੱਗੋਂ ਮੂੰਹ ਚੁੱਕ ਦੌੜ ਕੇ ਆ ਹਰਾ ਘਾਹ ਸਤਿਗੁਰੂ ਜੀ ਦੇ ਹਥੋਂ ਲੈ ਖਾ, ਸਿਰ ਨੀਵਾਂ ਕਰ ਚਰਨਾਂ ਵੱਲ ਵੇਖਦੇ ਤੇ ਸਤਿਗੁਰੂ ਜੀ ਸਭ ਨੂੰ ਪਿਆਰ ਕਰਦੇ, ਖੁਰਕਦੇ, ਹੱਥ ਫੇਰਦੇ। ਕਈ ਘੋੜੇ ਦੂਰੋਂ ਦੇਖ ਹੀ ਹਿਣਕ ਕੇ ਦੌੜਦੇ। ਗਊਆਂ, ਬਛੜੇ ਅੜਿੰਗਦੇ ਤੇ ਉਚੇਚੇ ਆ ਪਿਆਰ ਲੈਂਦੇ। ਇਸੇ ਤਰ੍ਹਾਂ ਜੂਹੇ ਚਰਦੇ ਪਸ਼ੂ ਭੀ ਸਤਿਗੁਰੂ ਜੀ ਦੇ ਗਿਆਂ ਦੌੜ ਆ, ਪਿਆਰ ਨਾਲ ਮਿਲਦੇ ਤੇ ਪਿਛੇ ਭੀ ਤੁਰੇ ਫਿਰਦੇ। ਮੈਂ ਰੋਜ਼-ਰੋਜ਼ ਅੱਖੀਂ ਦੇਖੇ ਕੌਤਕ ਇਸ ਤਰ੍ਹਾਂ ਲਿਖ ਰਿਹਾ ਹਾਂ। ਸਤਿਗੁਰੂ ਜੀ ਨੇ ਸਭ ਦੇ ਨਾਂ ਰਖੇ ਹੋਏ ਸਨ ਜੋ ਸੇਵਕਾਂ ਨੂੰ ਭੀ ਯਾਦ ਸਨ। ਗਊਆਂ ਦੇ ਨਾਮ ਗੰਗਾ, ਜਮਨਾ, ਸੁਰਸਤੀ, ਨਵਰਤਨ, ਨੌਲਖੀ, ਸੱਸੀ, ਸੁਰਸਾ, ਮੀਨਾ, ਹੀਰ, ਹਰੋ ਆਦਿ। ਘੋੜੀਆਂ ਦੇ ਕੇਲ, ਬਿਜਲੀ, ਪੰਜਾਬਣ ਫੇਲ, ਦਿਲਦਾਰ, ਸ਼ੀਹਣੀ, ਸ਼ਕੁੰਤਲਾ, ਫੁਲਝੜੀ, ਬੋਹਣੀ, ਫੁਲਕਾਰੀ, ਜੈਹਿੰਦ ਆਦਿ। ਮੱਝਾਂ—ਮੋਰਾਂ, ਕੂੰਜ, ਕੰਜ, ਵੇਲੀ, ਕੂੰਦੀ, ਝਲਾਰ, ਮਲਾਰ, ਲਾਸਾਨੀ ਆਦਿ। ਸਾਂਢ—ਬਾਦਸ਼ਾਹ, ਮਸਤਾਨਾ, ਸੂਬਾ, ਕੋੜੂ ਆਦਿ। ਸੰਢੇ—ਖੰਡਾ, ਕੱਬਾ, ਲੁਭਣ, ਸਾਊ, ਸੋਹਣਾ ਆਦਿ ਨਾਮ ਸਭ ਪਸ਼ੂਆਂ ਦੇ ਰੱਖੇ ਲੈ ਬੁਲਾਂਦੇ ਸੀ ਤੇ ਪਸ਼ੂ ਉਹੋ ਦੂਰੋਂ ਨਾਮ ਸੁਣ ਦੌੜ ਆਉਂਦਾ ਸੀ। ਘਾਹ ਖਾਂਦਾ ਤੇ ਪਿਆਰ ਸਤਿਗੁਰੂ ਜੀ ਤੋਂ ਲੈਂਦਾ ਸੀ। ਥਲ ਪਾਣੀ ਤਬੇਲੇ ਸਭ ਵੇਲੇ ਨਾਲ ਵੰਡ ਕਰ ਭੁਗਤਣੇ ਸਤਿਗੁਰੂ ਜੀ ਕਹੇ ਹੋਏ ਸੀ।"

ਸਤਿਗੁਰੂ ਜੀ ਨੂੰ ਗੁਣਾਂ ਵਾਲੇ ਬੈਲਾਂ ਅਤੇ ਗਊਆਂ ਦੀ ਚੰਗੀ ਜਾਣਕਾਰੀ ਸੀ। ਆਪ ਜੀ ਦਾ ਫ਼ੁਰਮਾਨ ਸੀ ਕਿ [1]"ਬੈਲ ਚੰਗੇ ਦੀ ਪਛਾਣ ਇਹ ਹੈ : ਅੱਗੇ ਹੋ ਤੁਰਿਆਂ ਪਿਛੇ ਪੈਰਾਂ 'ਤੇ ਚੜ੍ਹਿਆ ਆਵੇ, ਅੱਗੇ ਲਾਇਆਂ ਖੁਲ੍ਹਾ ਤੁਰੇ। ਹਲ ਦੱਬਿਆਂ ਇਕੱਠਾ ਨਾ ਹੋਵੇ, ਸਗੋਂ ਨਿਸਲ ਕੇ ਤੁਰੇ। ਜੋਤਰੇ ਚੜ੍ਹੇ ਤੇ ਛੱਡਣ ਵੇਲੇ ਘੋਰ੍ਹ ਪਾਏ ਜਾਂ ਬੋਲੇ ਸੋ ਦਲੇਰ ਹੁੰਦਾ ਹੈ।

ਗਊ ਦਾ ਇੱਕ ਪਸਮਾਅ ਹੋਵੇ, ਥਣ ਵਿਰਲੇ ਹੋਣ, ਧਾਰ ਮੋਟੀ ਅਤੇ ਫੁਹਾਰੇ ਤੋਂ ਬਿਨਾਂ ਹੋਵੇ। ਫਲੀ ਜਾਣ ਤੇ ਦੁੱਧ ਨਾ ਸੁਖਾਏ। ਨਾ ਦੁੱਧ ਲੈ ਕੇ ਉਟਕੇ ਤੇ ਕਿਹਾ ਐਸਾ ਪਸ਼ੂ ਮਿਲਦਾ ਮੁਸ਼ਕਲ ਹੈ। ਜੇਕਰ ਮਿਲ ਜਾਏ ਤਾਂ ਵੇਚਣਾ ਨਹੀਂ ਚਾਹੀਦਾ, ਨਸਲ ਵਧਾਣੀ ਚਾਹੀਦੀ ਏ।"

ਸਤਿਗੁਰੂ ਜੀ ਨੇ ਜੀਵਨ ਨਗਰ ਵਿਖੇ ਕਈ ਪਸ਼ੂ ਪ੍ਰਦਰਸ਼ਨੀਆਂ ਵੀ ਲਗਾਈਆਂ। ਤਾਰਾ ਸਿੰਘ ਅਨਜਾਣ ਨੇ ਲਿਖਿਆ ਹੈ, [2]"ਸਤਿਗੁਰੂ ਪਰਤਾਪ ਸਿੰਘ ਜੀ ਨੇ ਸਤਿਗੁਰੂ ਹਰੀ ਸਿੰਘ ਪਸ਼ੂ-ਪਾਲਣ ਫਾਰਮ ਦੀ ਸਥਾਪਨਾ ਕੀਤੀ। ਇਸ ਫਾਰਮ ਵਿੱਚ ਸ਼ੁੱਧ ਅਤੇ ਉੱਤਮ ਨਸਲਾਂ ਦੇ ਪਸ਼ੂਆਂ—ਗਊਆਂ, ਮੱਝਾਂ, ਘੋੜਿਆਂ ਦੀਆਂ ਨਸਲਾਂ ਦੀ ਸੰਭਾਲ ਤੇ ਸੁਧਾਰ ਦੀ ਯੋਜਨਾ ਨੂੰ ਅਮਲੀ ਜਾਮਾ ਪਹਿਨਾਇਆ ਗਿਆ। ਆਪ ਵੱਲੋਂ ਪਸ਼ੂ-ਸਰਬ ਹਿੰਦ ਪਸ਼ੂ-ਪ੍ਰਦਰਸ਼ਨੀਆਂ ਵਿੱਚ ਭੇਜੇ ਜਾਂਦੇ ਅਤੇ ਪਹਿਲੇ ਇਨਾਮ ਜਿੱਤਦੇ ਰਹੇ। 1952

---

[1] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ-5, ਪੰਨਾ 130.

[2] ਤਾਰਾ ਸਿੰਘ ਅਨਜਾਣ, *ਸਾਹਿਬ ਕੁਟੀ ਕਠੋਰਾ*, ਪੰਨਾ 160.

Namdhari Elibrary NamdhariElibrary@gmail.com

ਈ. ਦੀ ਹਿਸਾਰ ਵਿੱਚ ਹੋਈ ਪਸ਼ੂ ਪ੍ਰਦਰਸ਼ਨੀ ਵਿੱਚ ਬਹੁਤੇ ਇਨਾਮ ਆਪ ਦੇ ਫਾਰਮ ਦੀਆਂ ਗਊਆਂ ਨੇ ਹੀ ਜਿੱਤੇ ਸਨ। ਡਾ. ਰਾਜਿੰਦਰ ਪ੍ਰਸ਼ਾਦ ਰਾਸ਼ਟਰਪਤੀ ਭਾਰਤ ਸਰਕਾਰ ਨੇ ਇਨਾਮ ਵੰਡ ਪਿਛੋਂ ਆਪਣੇ ਭਾਸ਼ਣ ਵਿੱਚ ਕਿਹਾ ਕਿ, "ਗਊ ਪਾਲਨਾ ਕਿਸੀ ਨੇ ਸੀਖਣਾ ਹੈ ਤੋ ਵੋ ਮਹਾਰਾਜ ਪਰਤਾਪ ਸਿੰਘ ਸੇ ਸੀਖੇ......। ......ਜੋ ਲੋਗ ਕਹਿਤੇ ਹੈਂ ਕਿ ਗਊ ਮਾਰੀ ਜਾਏ ਉਨਮੇ ਬਲ ਤੋ ਹੈ, ਬੁੱਧੀ ਨਹੀਂ।"

ਇਸ ਪ੍ਰਦਰਸ਼ਨੀ ਵਿੱਚ ਗਊ-ਰੱਖਿਆ ਸਮਿਤੀ ਦੇ ਮੁੱਖੀ ਹਰਦੇਵ ਸਹਾਇ ਵੀ ਸ਼ਾਮਲ ਸਨ। ਉਨ੍ਹਾਂ ਨੇ ਵੀ ਆਪਣੇ ਵਿਚਾਰ ਪ੍ਰਗਟਾਏ। ਸਤਿਗੁਰੂ ਜੀ ਦਾ ਵਿਚਾਰ ਸੀ ਕਿ ਗਊ ਧਨ ਦੀ ਰੱਖਿਆ ਕੀਤੀ ਜਾਵੇ। ਗਊਆਂ ਦੇ ਦੁੱਧ ਦੇਣ ਦੀ ਦੁਧਾਰੂ ਅਵਸਥਾ ਤੋਂ ਪਿਛੋਂ ਅਤੇ ਬਲਦਾਂ ਦੇ ਬੁੱਢੇ ਹੋ ਜਾਣ ਉੱਤੇ ਉਨ੍ਹਾਂ ਨੂੰ ਬੁੱਚੜਖਾਨੇ ਮਾਰਨ ਲਈ ਨਾ ਭੇਜਿਆ ਜਾਵੇ। ਆਪ ਜੀ ਨੇ ਗਊ-ਸਦਨ ਲਈ ਜ਼ਮੀਨ ਦੇਣ ਦਾ ਵਚਨ ਕੀਤਾ ਤਾਂ ਜੁ ਗਊਆਂ ਤੇ ਬਲਦਾਂ ਨੂੰ ਮਾਰਿਆ ਨਾ ਜਾਵੇ। ਬਿਰਧ ਅਤੇ ਨਕਾਰਾ ਪਸ਼ੂਆਂ ਦੀ ਪੂਰੀ ਪੂਰੀ ਸੇਵਾ ਕੀਤੀ ਜਾਵੇ। ਸਤਿਗੁਰੂ ਜੀ ਕਹਿੰਦੇ ਹੁੰਦੇ ਸਨ ਕਿ ਹਿੰਦੂ ਲੋਕ ਗਊ ਦੀ ਪੂਜਾ ਤਾਂ ਕਰਦੇ ਹਨ, ਪਰ ਸਾਂਭ-ਸੰਭਾਲ ਨਹੀਂ ਕਰਦੇ। ਇਸ ਪ੍ਰਦਰਸ਼ਨੀ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਤੋਂ ਬਿਨਾਂ ਨਾਮਧਾਰੀ ਸੱਜਣਾਂ ਵਿੱਚੋਂ ਸੰਤ ਨਿਧਾਨ ਸਿੰਘ ਆਲਮ, ਸੰਤ ਇੰਦਰ ਸਿੰਘ ਚੱਕਰਵਰਤੀ, ਸ੍ਰ. ਆਤਮਾ ਸਿੰਘ, ਸੰਤ ਮੰਗਲ ਸਿੰਘ ਫਤੂਹੀ ਚੱਕ ਅਤੇ ਲਾਲਾ ਹਰਦੇਵ ਸਹਾਇ ਵੀ ਸ਼ਾਮਿਲ ਸਨ। ਭਾਰਤ ਸਰਕਾਰ ਵੱਲੋਂ ਵੀ ਇੱਕ ਗਊ-ਰਖਸ਼ਾ ਸਮਿਤੀ ਦਾ ਗਠਨ ਕੀਤਾ ਗਿਆ ਸੀ, ਜਿਸ ਵਿੱਚ ਸਤਿਗੁਰੂ ਪਰਤਾਪ ਸਿੰਘ, ਸ੍ਰੀ ਹਰਦੇਵ ਸਹਾਏ ਤੋਂ ਬਿਨਾਂ ਹੋਰ ਦਸ ਮੈਂਬਰ ਚੁਣੇ ਗਏ ਸਨ। ਸਤਿਗੁਰੂ ਜੀ ਏਸ ਕਮੇਟੀ ਦੀਆਂ ਇਕੱਤਰਤਾਵਾਂ ਵਿੱਚ ਸ਼ਾਮਲ ਹੋ ਕੇ ਜਿੰਗਰ ਸੁਝਾਅ ਵੀ ਦਿੰਦੇ ਰਹੇ। ਪਰ ਸਮੁੱਚੇ ਤੌਰ ਤੇ ਆਪ ਇਸ ਸੰਮਤੀ ਦੀਆਂ ਕਾਰਵਾਈਆਂ ਤੋਂ ਸੰਤੁਸ਼ਟ ਨਹੀਂ ਸਨ। ਕਿਉਂ ਜੋ ਸਰਕਾਰ ਵੱਲੋਂ ਬਣਾਈਆਂ ਗਈਆਂ ਯੋਜਨਾਵਾਂ ਨੂੰ ਅਮਲੀ ਰੂਪ ਦੇਣ ਸਮੇਂ ਬਹੁਤੀ ਵਾਰ ਢਿਲ-ਮੱਠ ਹੀ ਦਰਸਾਈ ਜਾਂਦੀ ਰਹੀ।

## ਲੋੜਵੰਦਾਂ ਦੀਆਂ ਲੋੜਾਂ ਦੀ ਪੂਰਤੀ

ਸਤਿਗੁਰੂ ਪਰਤਾਪ ਸਿੰਘ ਜੀ ਦੇ ਜੀਵਨੀ-ਲੇਖਕ ਤਰਨ ਸਿੰਘ ਵਹਿਮੀ ਨੇ ਕਈ ਛੋਟੀਆਂ-ਛੋਟੀਆਂ ਘਟਨਾਵਾਂ ਦੇ ਵੇਰਵੇ ਦਿੱਤੇ ਹਨ, ਜਿਨ੍ਹਾਂ ਵਿੱਚੋਂ ਸਤਿਗੁਰੂ ਜੀ ਦੇ ਉਪਕਾਰੀ ਸੁਭਾਅ ਦਾ ਪਤਾ ਚਲਦਾ ਹੈ।

ਇਨ੍ਹਾਂ ਨਿੱਕੀਆਂ-ਨਿੱਕੀਆਂ ਘਟਨਾਵਾਂ ਤੋਂ ਪਤਾ ਲੱਗਦਾ ਹੈ ਕਿ ਸਤਿਗੁਰੂ ਜੀ ਕਿਵੇਂ ਭੁੱਲਾਂ ਕਰਨ ਵਾਲਿਆਂ ਨੂੰ ਉਨ੍ਹਾਂ ਦੀਆਂ ਭੁੱਲਾਂ ਦਾ ਇਹਸਾਸ ਕਰਵਾ ਕੇ ਬਖਸ਼ ਦਿੰਦੇ ਸਨ ਅਤੇ ਲੋੜਵੰਦਾਂ ਦੀ ਸਹਾਇਤਾ ਕਰਦੇ ਸਨ, ਤਾਂ ਜੋ ਉਹ ਅੱਗੇ ਤੋਂ ਸਿੱਧੇ ਰਾਹੇ ਚੱਲ ਪੈਣ। ਮਸਤਾਨਾ ਜੋ ਗਲਾਸ ਵਜਾ ਕੇ ਸ਼ਬਦ ਪੜਦਾ ਹੁੰਦਾ ਸੀ, ਉਸਨੇ ਆਪਣੇ ਸੀਰੀ ਦੇ ਹਿਸੇ ਵਿੱਚੋਂ ਕਣਕ ਚੁਰਾ ਲਈ। ਸਤਿਗੁਰੂ ਜੀ ਪਾਸ ਸ਼ਿਕਾਇਤ ਪੁੱਜੀ। ਪੁੱਛ-ਗਿੱਛ ਕਰਨ ਉੱਤੇ ਉਹ ਸਤਿਗੁਰੂ ਜੀ ਦੇ ਚਰਨੀ ਹੱਥ ਲਾ ਰੋ ਪਿਆ। ਸਤਿਗੁਰੂ

Namdhari Elibrary NamdhariElibrary@gmail.com

ਜੀ ਨੇ ਪਹਿਲਾਂ ਹੀ ਉਸਨੂੰ ਸੁਨੇਹਾ ਭੇਜਿਆ ਸੀ ਕਿ ਭੰਨ ਨਹੀਂ ਦਿੱਤਾ ਜਾਵੇਗਾ। ਆਪ ਜੀ ਨੇ ਬਚਨ ਕੀਤਾ, 'ਤੇਰਾ ਕਸੂਰ ਨਹੀਂ, ਏਸ ਧਰਤੀ ਦਾ ਤੇ ਸਮੇਂ ਦਾ ਚੱਕਰ ਏ ਤੇ ਜਾਂ ਕਿਤੋਂ ਮੰਦਾ ਅੰਨ ਖਾਧੇ ਦਾ ਇਹ ਅਸਰ ਹੋਇਆ।' ਜਾਹ, ਮਾਲਾ ਫੇਰ। ਇੱਕ ਹੋਰ ਸਿੱਖ ਨੇ ਅਰਜ਼ ਕੀਤੀ ਕਿ ਮੇਰੇ ਸਰੀਰ ਤੇ ਕੁਸ਼ਟ ਰੋਗ ਵਰਗੀਆਂ ਫਿਨਸੀਆਂ ਨਿਕਲ ਆਈਆਂ ਹਨ। ਸਤਿਗੁਰੂ ਜੀ ਨੇ ਬਚਨ ਕੀਤਾ ਕਿ "ਤੂੰ ਨਿਰਤੇ ਵਰਤ। ਜਿਤਨੇ ਜੋ ਦੁਖਾਏ ਨੇ ਉਹਨਾਂ ਤੋਂ ਮਾਫ਼ੀ ਮੰਗ। ਅਗੋਂ ਕੰਨਾਂ ਨੂੰ ਹੱਥ ਲਾ। ਕਿਸੇ ਦਾ ਦਿਲ, ਨਜਾਇਜ਼ ਬੇਤਰਸ ਹੋ ਕੇ ਨਾ ਦੁਖਾਵੀਂ। ਉਸਨੇ ਕਿਹਾ ਪਿਛਲੇ ਯਾਦ ਨਹੀਂ, ਮਨ ਇਤਨਾ ਨਿਰਮਲ ਨਹੀਂ। ਪਰ ਅੱਗੇ ਲਈ ਕੰਨਾਂ ਨੂੰ ਹੱਥ ਲਾਂਦਾ ਹਾਂ।"

ਜੀਵਨ ਨਗਰ ਦੇ ਕੁਛ ਹਿੰਦੁਸਤਾਨੀ ਸਿੱਖਾਂ ਦੇ ਘਰਾਂ ਨੂੰ ਅੱਗ ਲੱਗ ਗਈ। ਸਿੱਖਾਂ ਨੇ ਯਤਨ ਕਰਕੇ ਮਸਾਂ ਜੀਅ ਬਚਾਏ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਸਭ ਰਸਤ-ਵਸਤ ਦਿੱਤੀ। ਸੰਤ ਨਗਰ ਵਾਲੇ ਸੰਤ ਆਲਾ ਸਿੰਘ ਨੇ ਵੀ ਸਤਿਗੁਰੂ ਜੀ ਪਾਸ ਆਪਣੇ ਵੱਲੋਂ ਕੁਛ ਉਨ੍ਹਾਂ ਸਿੱਖਾਂ ਦੀ ਮੱਦਦ ਕਰਨ ਲਈ ਅਰਜ਼ ਕੀਤੀ। ਸੰਤ ਆਲਾ ਸਿੰਘ ਜੀ ਨੇ ਕੁਛ ਕੱਪੜੇ ਉਨ੍ਹਾਂ ਸਿੱਖਾਂ ਨੂੰ ਜਾ ਦਿੱਤੇ, ਉਨ੍ਹਾਂ ਨੇ ਲੋੜ ਅਨੁਸਾਰ ਕੁਛ ਕੱਪੜੇ ਰੱਖ ਲਏ ਅਤੇ ਬਾਕੀ ਬਚੇ ਹੋਏ ਕੱਪੜੇ "ਗੁਰੂ ਘਰ ਜਾ ਭੇਟਾ ਕੀਤੇ।"

ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਬਗਾਣਪੁਰੇ ਦੇ ਦੋ ਬ੍ਰਾਹਮਣ ਹਰਦੇਵ ਦੱਤ ਅਤੇ ਕੁੰਦਨ ਜੋ ਪਹਿਲੇ ਵੀ ਸਤਿਗੁਰੂ ਜੀ ਦੇ ਦਰਸ਼ਨ ਕਰਦਾ ਰਿਹਾ ਸੀ ਆਏ ਅਤੇ ਹਰਦੇਵ ਦੱਤ ਨੇ ਆਪਣੀ ਵਿਥਿਆ ਦੱਸੀ ਕਿ ਉਸਦੇ ਸਿਰ ਉੱਤੇ 18 ਸਾਲਾਂ ਦੀ ਬੇਟੀ ਦਾ ਭਾਰ ਹੈ ਤੇ ਉਹ ਆਪ ਨਿਰਧਨ ਹੈ। ਕੁਛ ਦਿਨਾਂ ਤੋਂ ਉਹ ਆਪ ਵੀ ਸਾਊਆਂ ਦੇ ਘਰੋਂ ਪ੍ਰਸ਼ਾਦ ਛੱਕਦਾ ਰਿਹਾ ਹੈ, ਸਤਿਗੁਰੂ ਜੀ ਨੇ ਉਹਨਾਂ ਬ੍ਰਾਹਮਣਾਂ ਦਾ ਆਦਰ ਮਾਨ ਕੀਤਾ ਅਤੇ ਲੰਗਰ ਪਾਣੀ ਛਕਣ ਲਈ ਕਿਹਾ। ਭਾਈ ਵਜ਼ੀਰ ਸਿੰਘ ਨੂੰ ਹੁਕਮ ਕੀਤਾ ਕਿ ਇਸ ਬ੍ਰਾਹਮਣ ਨੂੰ ਦੋ ਹਜ਼ਾਰ ਰੁਪਏ ਦੇ ਦਿਉ। ਦੋਵੇਂ ਬ੍ਰਾਹਮਣ ਇਸ ਜੀਵਨ ਨਗਰ ਦੀ ਧਰਤੀ ਨੂੰ ਨਮਸਕਾਰ ਕਰਕੇ ਵਾਪਸ ਪਰਤੇ। ਸੁਹੇਵੇ ਸਾਹਿਬ ਜਾਂਦਿਆਂ ਹੋਇਆਂ ਸਤਿਗੁਰੂ ਜੀ ਨੇ ਬਗਾਣਪੁਰੇ ਦੇ ਇਸ ਬ੍ਰਾਹਮਣ ਹਰਦੇਵ ਦੱਤ ਦਾ ਹਾਲ ਪੁੱਛਿਆ ਤਾਂ ਪਤਾ ਲੱਗਾ ਕਿ ਉਹ ਆਪਣੀ ਬੇਟੀ ਦਾ ਵਿਆਹ ਕਰ ਕੇ ਹਵਨ ਕਰ ਕੇ, ਭਜਨ ਕਰਦਾ ਹੋਇਆ ਚੜ੍ਹਾਈ ਕਰ ਗਿਆ ਹੈ।

ਤਰਨ ਸਿੰਘ ਵਹਿਮੀ ਨੇ ਇੱਕ ਹੋਰ ਰੌਚਿਕ ਘਟਨਾ ਤੇ ਸਤਿਗੁਰੂ ਜੀ ਦੇ ਪਰਉਪਕਾਰੀ ਸੁਭਾਅ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ :

"[1]ਜੀਵਨ ਨਗਰ ਵਿੱਚ ਇੱਕ ਪੰਡਤ, ਇੱਕ ਧਾਨਕ, ਇੱਕ ਚਮਾਰ, ਇੱਕ ਬਾਜ਼ੀਗਰ ਆਏ ਅਤੇ ਸਤਿਗੁਰੂ ਜੀ ਦੇ ਚਰਨੀ ਲੱਗ ਉਨ੍ਹਾਂ ਅਰਜ਼ ਕੀਤੀ ਕਿਤੋਂ ਭਾਹੋ ਨੀਰਾ ਨਹੀਂ ਮਿਲਿਆ। ਨਿਰਾਸ਼ ਹੋ ਆਏ ਹਾਂ, ਸਤਿਗੁਰੂ ਜੀ ਬਚਨ ਕੀਤਾ, ਪਹਿਲੇ ਜਲ ਪ੍ਰਸ਼ਾਦ ਆਪ ਛਕੋ ਤੇ ਇਹਨਾਂ ਉਠਾਂ ਨੂੰ ਪਾਣੀ ਪਿਲਾਉ, ਫੇਰ ਹੋਰ ਗੱਲ ਹੋਵੇਗੀ।

---
[1] ਸੰਤ ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ-5, ਪੰਨਾ 36-37.

Namdhari Elibrary NamdhariElibrary@gmail.com

ਉਹ ਜਲ ਪ੍ਰਸ਼ਾਦ ਛਕ ਸਤਿਗੁਰੂ ਜੀ ਪਾਸ ਗਊਆਂ ਦੇ ਵਾੜੇ ਵਿੱਚ ਆਏ ਤਾਂ ਸਤਿਗੁਰੂ ਜੀ ਇੱਕ ਸਿੱਖ ਤੋਂ ਚਹੁੰਆਂ ਨੂੰ ਭਜਨ ਦਿਵਾਇਆ ਤੇ ਕਿਹਾ ਇਹ ਉਸ ਰਾਮ ਦਾ ਨਾਮ ਏ। ਜਪਣਾ ਤੇ ਹੁਕੇ ਸਿਗਰਟ ਤੋਂ ਬਚ ਕੇ ਰਹਿਣਾ ਤੇ ਹੁਕਮ ਕਰ, ਬੋਰੇ ਨੀਰੇ ਦੇ ਭਰਾ ਦਿੱਤੇ। ਉਹ ਕੀਮਤ ਕੱਢ ਕੇ ਦੇਣ ਲੱਗੇ ਤਾਂ ਸਤਿਗੁਰੂ ਜੀ ਕਿਹਾ, ਭਾਈ ਜੇ ਮੁੱਲ ਲੈਣਾ ਸੀ ਤਾਂ ਮੇਰੇ ਅੱਗੇ ਅਰਜ਼ ਕਿਉਂ ਕਰਨੀ ਸੀ। ਇਹ ਗੁਰੂ-ਘਰ ਮੁੱਲ ਨਹੀਂ ਨਿਰਾਸੇ ਹੋਇਆਂ ਤੋਂ ਆਸ ਪੂਰਨ ਦਾ ਲੈਂਦਾ। ਉਹ ਸੀਸ ਨਿਵਾਂ ਚਲੇ ਗਏ।"

ਇੱਕ ਹੋਰ ਵਿਸ਼ੇਸ਼ ਘਟਨਾ ਦਾ ਜ਼ਿਕਰ ਵਹਿਮੀ ਜੀ ਨੇ ਕੀਤਾ ਹੈ। ਸਤਿਗੁਰੂ ਪਰਤਾਪ ਸਿੰਘ ਜੀ ਦੇ ਨਾਭੇ ਦੇ ਸੁਪ੍ਰਸਿੱਧ ਸਿੱਖ ਵਿਦਵਾਨ ਤੇ ਗੁਰਮਤਿ ਅਚਾਰੀਆ ਭਾਈ ਕਾਨ੍ਹ ਸਿੰਘ ਨਾਭਾ ਨਾਲ ਬਹੁਤ ਘਨਿਸ਼ਠ ਸੰਬੰਧ ਸਨ। ਸਤਿਗੁਰੂ ਜੀ ਭਾਈ ਕਾਨ੍ਹ ਸਿੰਘ ਜੀ ਦੀ ਪਤਨੀ ਦੇ ਭੋਗ ਸਮੇਂ ਨਾਭੇ ਪਹੁੰਚੇ। ਵਿਦਾ ਹੋਣ ਸਮੇਂ ਭਾਈ ਕਾਨ੍ਹ ਸਿੰਘ ਨਾਭਾ ਜੀ ਦੇ ਸਪੁੱਤਰ ਸ੍ਰ. ਭਗਵੰਤ ਸਿੰਘ ਹਰੀ ਜੀ ਨੇ ਕੁੱਝ ਭੇਟਾ ਸਤਿਗੁਰੂ ਜੀ ਨੂੰ ਕਰਨੀ ਚਾਹੀ, ਪਰ ਸਤਿਗੁਰੂ ਜੀ ਦਾ ਬਚਨ ਸੀ "ਇਸ ਸਮੇਂ ਲੈਣਾ ਨਹੀਂ, ਸਗੋਂ ਦੇਣਾ ਬਣਦੈ।'

## ਜੀਵਨ ਨਗਰ ਵਿਖੇ ਅਖੰਡ ਵਰਨੀ ਦਾ ਆਰੰਭ

1947 ਈ. ਸਤਿਗੁਰੂ ਜੀ ਨੇ ਜੀਵਨ ਨਗਰ ਵਿਖੇ ਭਜਨ ਦੀ ਵਰਨੀ ਨੂੰ ਚਾਲੂ ਕੀਤਾ।

ਰੌਲ ਉੱਤੇ ਬੈਠੇ ਪਾਠੀ ਪੂਰਨ ਸੋਧ ਦੇ ਬਸਤਰ ਪਹਿਨ ਕੇ, ਗੁਰਮੰਤਰ ਦਾ ਜਾਪ ਕਰਦੇ ਸਨ। ਇਸ ਅਖੰਡ ਵਰਨੀ ਵਿੱਚ ਇੱਕ ਸਿੱਖ ਆਹੂਤੀ ਪਾਉਂਦਾ ਹੈ ਅਤੇ ਦੂਜਾ ਭਜਨ ਕਰਦਾ ਹੈ। ਅਖੰਡ ਪਾਠ ਦੀ ਤਰ੍ਹਾਂ ਨਿਸ਼ਚਿਤ ਸਮੇਂ ਸਿਰ ਡਿਊਟੀ (ਰੌਲ) ਬਦਲਦੀ ਰਹਿੰਦੀ ਹੈ ਅਤੇ ਵਰਨੀ ਨਿਰੰਤਰ ਰਾਤ ਦਿਨ ਚੱਲਦੀ ਰਹਿੰਦੀ ਹੈ। ਇੱਕ ਵਰਨੀ ਸਤਿਗੁਰੂ ਜੀ ਨੇ ਪਹਿਲਾਂ ਸੰਨ 1939 ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਸ਼ੁਰੂ ਕੀਤੀ ਸੀ।

## ਸੁਹੇਵਾ ਸਾਹਿਬ ਵਿਖੇ ਪੰਜ ਸੌ ਪਾਠਾਂ ਦਾ ਮਹਾਨ ਸੰਕਲਪ

*ਜੱਸ ਜੀਵਨ* ਦੇ ਲੇਖਕ ਤਰਨ ਸਿੰਘ ਵਹਿਮੀ ਅਨੁਸਾਰ ਦਸੌਂਧਾ ਸਿੰਘ ਮਸਤਾਨੇ ਨੇ ਅੰਮ੍ਰਿਤਸਰ ਵਿਖੇ ਅਰਜ਼ ਕੀਤੀ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਹੈ ਪੰਜ ਸੌ ਅਖੰਡ ਪਾਠ ਸੁਹੇਵੇ ਸਾਹਿਬ ਕਰਵਾਓ। ਰਾਜਸਥਾਨ ਦੇ ਰੇਤਰਾਂ ਵਿੱਚ ਸੁਹੇਵੇ ਸਾਹਿਬ ਇਨ੍ਹਾਂ ਅਖੰਡ ਪਾਠਾਂ ਦੇ ਸੰਕਲਪ ਨੂੰ ਸਿਰੇ ਚਾੜਨਾ "ਸ਼ੀਰੀ ਨੂੰ ਹਾਸਿਲ ਕਰਨ ਲਈ ਫਰਿਆਦ ਵੱਲੋਂ ਤੇਸੇ ਨਾਲ ਪਹਾੜ ਤੋੜਨ ਵਾਲੀ ਗੱਲ ਸੀ। ਪਰ ਸਤਿਗੁਰੂ ਜੀ ਦੀ ਅਪਾਰ ਸਮਰੱਥਾ ਅਸੰਭਵ ਨੂੰ ਸੰਭਵ ਕਰਨ ਵਾਲੀ ਸੀ। ਉਸੇ ਦਿਨ ਤੋਂ ਪਾਠਾਂ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਕੁਝ ਲੋੜੀਂਦੀਆਂ ਰਸਤਾਂ ਅੰਮ੍ਰਿਤਸਰ ਤੋਂ ਹੀ ਜੀਵਨ

[1] ਸੰਤ ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ-5, ਪੰਨਾ 37.

Namdhari Elibrary NamdhariElibrary@gmail.com

ਨਗਰ ਭਿਜਵਾਂ ਦਿੱਤੀਆਂ ਅਤੇ ਕੁਝ ਦਿੱਲੀ ਤੋਂ ਮੰਗਵਾ ਲਈਆਂ। ਸੁਹੇਵੇ ਸਾਹਿਬ ਦੇ ਉਸ ਰੇਗਿਸਤਾਨ ਦੇ ਇਲਾਕੇ ਵਿੱਚ ਜੰਗਲ ਵਿੱਚ ਮੰਗਲ ਜਾ ਲਾਇਆ ਅਤੇ ਆਪਣੇ ਖ਼ਾਸ ਸੇਵਕਾਂ ਸੰਤ ਘਸੀਟਾ ਸਿੰਘ, ਸੰਤ ਆਲਾ ਸਿੰਘ, ਸੰਤ ਕੰਧਾਰਾ ਸਿੰਘ ਅਤੇ ਕਈ ਹੋਰਾਂ ਦੀ ਸੇਵਾ ਲਾ ਕੇ ਅਖੰਡ ਪਾਠਾਂ ਦਾ ਆਰੰਭ ਸਤਿਗੁਰੂ ਜੀ ਨੇ ਆਪ ਦਰਸ਼ਨ ਦੇ ਕੇ ਕਰਵਾ ਦਿੱਤਾ ਅਤੇ ਫਿਰ ਪਾਠਾਂ ਦੇ ਦੌਰਾਨ ਉਥੇ ਜਾ ਕੇ ਸਮੇਂ-ਸਮੇਂ ਸਿਰ ਦਰਸ਼ਨ ਦਿੰਦੇ ਰਹੇ ਅਤੇ ਆਪ ਵੀ ਰੌਲ ਲਾਉਂਦੇ ਰਹੇ। ਭਾਗਤ ਦੇ ਕੁਝ ਲੋਕਾਂ ਨੇ ਪਾਠਾਂ ਵਿੱਚ ਵਿਘਨ ਪਾਉਣ ਦਾ ਵੀ ਯਤਨ ਕੀਤਾ, ਸਤਿਗੁਰੂ ਜੀ ਨੂੰ ਪੁਲਿਸ ਦੀ ਸਹਾਇਤਾ ਲੈਣ ਲਈ ਵੀ ਕਿਹਾ ਗਿਆ, ਪਰ ਸਤਿਗੁਰੂ ਜੀ ਨੇ ਇਸ ਰਾਮ ਦੀ ਕ੍ਰਿਪਾ ਉੱਤੇ ਭਰੋਸਾ ਰੱਖਿਆ ਕਿਉਂ ਜੋ ਆਪ ਜੀ ਨੂੰ ਰਾਮ-ਕਾਰ ਦਾ ਆਸਰਾ ਸੀ। ਅਜਿਹੀਆਂ ਪ੍ਰਤੀਕੂਲ ਪਰਸਥਿਤੀਆਂ ਵਿੱਚ ਇਨ੍ਹਾਂ ਅਖੰਡ ਪਾਠਾਂ ਦਾ ਨਿਰਵਿਘਨ ਸੰਪੂਰਨ ਹੋਣਾ ਸਤਿਗੁਰੂ ਜੀ ਦੀ ਕਰਾਮਾਤੀ ਸਮਰੱਥਾ ਦਾ ਹੀ ਕ੍ਰਿਸ਼ਮਾ ਸੀ।"

## ਭਾਰਤ ਦੇ ਸੰਵਿਧਾਨ ਦਾ ਲਾਗੂ ਹੋਣਾ

ਜਦੋਂ 15 ਅਗਸਤ 1947 ਨੂੰ ਭਾਰਤ ਨੂੰ ਆਜ਼ਾਦੀ ਮਿਲੀ ਤਾਂ ਉਸ ਸਮੇਂ ਪੰਡਿਤ ਜਵਾਹਰ ਲਾਲ ਨਹਿਰੂ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਬਣੇ ਤਾਂ ਉਨ੍ਹਾਂ ਦੇ ਮੰਤਰੀ ਮੰਡਲ ਵਿੱਚ ਸਰਬ ਸ੍ਰੀ ਡਾ. ਰਾਜਿੰਦਰ ਪ੍ਰਸਾਦ, ਵੱਲਭ ਭਾਈ ਪਟੇਲ, ਅਬੁਲ ਕਲਾਮ ਆਜ਼ਾਦ, ਗੋਬਿੰਦ ਵੱਲਭ ਪੰਤ, ਰਫ਼ੀ ਅਹਿਮ ਕਿਦਵਈ, ਸ੍ਰ. ਬਲਦੇਵ ਸਿੰਘ, ਭੀਮ ਰਾਉ ਅੰਬੇਦਕਰ ਅਤੇ ਕਈ ਹੋਰ ਉੱਘੀਆਂ ਹਸਤੀਆਂ ਸ਼ਾਮਿਲ ਸਨ। 1947 ਤੋਂ ਪਹਿਲਾਂ ਸੰਯੁਕਤ ਭਾਰਤ ਦੇ ਗਵਰਨਰ ਜਨਰਲ ਤੇ ਵਾਇਸਰਾਏ ਲਾਰਡ ਮਾਊਂਟਬੈਟਨ ਸਨ ਜੋ ਅਗਸਤ 1947 ਤੋਂ ਪਿਛੋਂ ਭਾਰਤ ਦੇ ਕੁਝ ਸਮੇਂ ਲਈ ਗਵਰਨਰ ਜਨਰਲ ਬਣੇ ਰਹੇ। ਮਾਊਂਟਬੈਟਨ ਦੇ ਗਵਰਨਰ ਜਨਰਲ ਦਾ ਪੱਦ ਤਿਆਗਣ ਪਿਛੋਂ ਸੀ. ਰਾਜਗੋਪਾਲਾ ਚਾਰੀ ਭਾਰਤ ਦੇ ਗਵਰਨਰ ਜਨਰਲ ਬਣੇ। ਡਾ. ਭੀਮ ਰਾਉ ਅੰਬੇਦਕਰ ਦੀ ਅਗਵਾਈ ਵਿੱਚ ਵਿਸ਼ੇਸ਼ ਸੰਵਿਧਾਨ-ਸਮਿਤੀ ਬਣਾਈ ਗਈ, ਜਿਸ ਦੇ ਜ਼ੁੰਮੇ ਭਾਰਤ ਦੇ ਸੰਵਿਧਾਨ ਨੂੰ ਤਿਆਰ ਕਰਨ ਦਾ ਕੰਮ ਸੌਂਪਿਆ ਗਿਆ। ਉਹਨਾਂ ਨੇ ਕਈ ਦੇਸ਼ਾਂ ਦੇ ਸੰਵਿਧਾਨਾਂ ਦਾ ਅਧਿਐਨ ਕੀਤਾ। ਜਿਨ੍ਹਾਂ ਵਿੱਚੋਂ ਬਰਤਾਨੀਆਂ ਵਰਗੇ ਦੇਸ਼ਾਂ ਦੇ ਕਾਨੂੰਨ ਅਣਲਿਖੇ ਅਤੇ ਰਵਾਇਤਾਂ ਉੱਤੇ ਆਧਾਰਿਤ ਸਨ। ਉਥੇ ਰਾਜ ਦਾ ਮੁੱਖੀ ਬਾਦਸ਼ਾਹ ਹੁੰਦਾ ਸੀ ਅਤੇ ਸੰਸਦ ਦੇ ਦੋ ਸਦਨ — ਹਾਊਸ ਆਫ ਲਾਰਡ ਅਤੇ ਹਾਊਸ ਆਫ ਕਾਮਨਜ਼। ਰੂਸ, ਅਮਰੀਕਾ ਤੇ ਫਰਾਂਸ ਦੇ ਸੰਵਿਧਾਨ ਲਿਖਤੀ ਰੂਪ ਵਿੱਚ ਮੌਜੂਦ ਸਨ। ਬਰਤਾਨੀਆ ਵਿੱਚ ਏਕਾਤਮਕ ਰਾਜ (ਯੂਨੀਟਰੀ ਰਾਜ) ਬਣਤਰ ਸੀ ਅਤੇ ਅਮਰੀਕਾ ਵਿੱਚ ਫੈਡਰਲ। ਸੋਵੀਅਤ ਯੂਨੀਅਨ ਦਾ ਵੀ ਸੰਵਿਧਾਨ ਨਵੇਂ ਸਿਰਿਓਂ ਬਣਾਇਆ ਜਾ ਚੁੱਕਾ ਸੀ। ਭਾਰਤ ਦੀ ਸੰਵਿਧਾਨ ਕਮੇਟੀ ਨੇ ਇਨ੍ਹਾਂ ਸਭ ਦੇਸ਼ਾਂ ਦੇ ਉੱਘੇ ਸੰਵਿਧਾਨਾਂ ਦਾ ਅਧਿਐਨ ਕਰਕੇ ਭਾਰਤ ਦੇ ਸੰਵਿਧਾਨ ਨੂੰ ਬੜੀ ਮਿਹਨਤ ਨਾਲ ਵਿਸਤਰਿਤ ਰੂਪ ਵਿੱਚ ਤਿਆਰ ਕੀਤਾ। ਇਸ ਨਵੇਂ ਬਣੇ ਸੰਵਿਧਾਨ ਅਨੁਸਾਰ ਭਾਰਤ ਨੂੰ ਗਣਰਾਜ ਜਾਂ ਫੈਡਰਲ ਢਾਂਚੇ

Namdhari Elibrary NamdhariElibrary@gmail.com

ਵਾਲਾ ਗਣਰਾਜ ਬਣਾ ਦਿੱਤਾ ਗਿਆ ਅਤੇ ਬਰਤਾਨੀਆ ਦੇ ਮਾਡਲ ਅਨੁਸਾਰ ਭਾਰਤ ਦੀ ਸੰਸਦ ਨੂੰ ਰਾਜ ਸਭਾ ਤੇ ਲੋਕ ਸਭਾ ਦੇ ਰੂਪ ਵਿੱਚ ਦੋ ਸਦਨਾਂ ਵਾਲੀ ਸੰਸਦ ਤੇ ਗਵਰਨਰ ਜਨਰਲ ਦੀ ਥਾਂ ਭਾਰਤੀ ਸੰਵਿਧਾਨ ਅਨੁਸਾਰ, ਰਾਸ਼ਟਰਪਤੀ ਜਾਂ ਪ੍ਰੈਜ਼ੀਡੈਂਟ ਆਫ ਇੰਡੀਆ ਬਣਾ ਦਿੱਤਾ ਗਿਆ। ਭਾਰਤ ਦਾ ਇਹ ਨਵਾਂ ਸੰਵਿਧਾਨ 26 ਜਨਵਰੀ, 1950 ਨੂੰ ਲਾਗੂ ਕੀਤਾ ਗਿਆ। ਇਸ ਨਵੇਂ ਗਣਰਾਜੀ ਸੰਵਿਧਾਨ ਅਨੁਸਾਰ ਡਾ. ਰਾਜਿੰਦਰ ਪ੍ਰਸਾਦ ਨੂੰ ਭਾਰਤ ਦੇ ਪਹਿਲੇ ਰਾਸ਼ਟਰਪਤੀ ਜਾਂ ਪ੍ਰੈਜ਼ੀਡੈਂਟ ਹੋਣ ਦਾ ਮਾਣ ਪ੍ਰਾਪਤ ਹੋਇਆ। ਪੰਡਿਤ ਜਵਾਹਰ ਲਾਲ ਨਹਿਰੂ ਨੂੰ ਸੁਤੰਤਰ ਭਾਰਤ ਦਾ ਪਹਿਲਾ ਪ੍ਰਧਾਨ ਮੰਤਰੀ ਬਣਾਇਆ ਗਿਆ ਤੇ ਸੰਸਦ ਦੇ ਉੱਘੇ ਵਿਧਾਨਕਾਰਾਂ ਨੂੰ ਪੰਡਿਤ ਜਵਾਹਰ ਲਾਲ ਨੇ ਆਪਣੇ ਮੰਤਰੀ ਮੰਡਲ ਵਿੱਚ ਸ਼ਾਮਿਲ ਕੀਤਾ। ਭਾਰਤ ਦੀ ਸੰਸਦ ਵਿੱਚ ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਜਾ ਚੁੱਕਾ ਹੈ ਸਿੱਖਾਂ ਦੇ 4 ਪ੍ਰਤੀਨਿਧ ਵੀ ਭਾਰਤ ਦੇ ਸੰਵਿਧਾਨ ਬਣਾਉਣ ਵਾਲੀ ਸੰਵਿਧਾਨ ਸਭਾ ਵਿੱਚ ਲਏ ਗਏ, ਜਿਨ੍ਹਾਂ ਨੂੰ ਚੁਨਣ ਬਾਰੇ ਹੈਦਰਾਬਾਦ ਵਿਖੇ ਸਤਿਗੁਰੂ ਪਰਤਾਪ ਸਿੰਘ ਜੀ ਨੇ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਉਚੇਚੀ ਵੱਖਰੇ ਹੋ ਕੇ ਬੇਨਤੀ ਕੀਤੀ ਸੀ। ਚੇਤੇ ਰਹੇ ਕਿ ਸ਼ਿਮਲਾ ਕਾਨਫਰੰਸ ਵਿਖੇ ਸਤਿਗੁਰੂ ਪਰਤਾਪ ਸਿੰਘ ਜੀ ਨੇ ਪੰਡਿਤ ਜਵਾਹਰ ਲਾਲ ਨਹਿਰੂ ਅਤੇ ਅਬੁਲ ਕਲਾਮ ਆਜ਼ਾਦ ਨੂੰ ਕਹਿ ਦਿੱਤਾ ਸੀ ਕਿ ਸਾਡੀ ਕੋਈ ਮੰਗ ਨਹੀਂ ਭਾਵੇਂ ਸਾਥੋਂ ਕੋਰੇ ਕਾਗਜ਼ 'ਤੇ ਲਿਖਵਾ ਲਵੋ। ਇਸ ਪੁਸਤਕ ਦੇ ਪਿਛਲੇ ਪੰਨਿਆਂ ਵਿੱਚ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਸਤਿਗੁਰੂ ਪਰਤਾਪ ਸਿੰਘ ਦੀ ਅਗਵਾਈ ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਅਤੇ ਹੋਰ ਰਾਜਨੀਤਕ ਦਲਾਂ ਜਿਨ੍ਹਾਂ ਨੇ ਭਾਰਤੀ ਸੁਤੰਤਰਤਾ ਦੇ ਸੰਗਰਾਮ ਵਿੱਚ ਉੱਘਾ ਯੋਗਦਾਨ ਪਾਇਆ, ਨੂੰ ਸਤਿਗੁਰੂ ਪਰਤਾਪ ਸਿੰਘ ਤੇ ਨਾਮਧਾਰੀਆਂ ਦਾ ਸਕਰਮਕ ਸਹਿਯੋਗ ਮਿਲਦਾ ਰਿਹਾ ਹੈ।

ਭਾਰਤ ਦੇ ਨਵੇਂ ਸੰਵਿਧਾਨ ਦੇ 26 ਜਨਵਰੀ, 1950 ਨੂੰ ਲਾਗੂ ਹੋਣ ਉੱਤੇ ਸਤਿਗੁਰੂ ਪਰਤਾਪ ਸਿੰਘ ਜੀ ਨੇ ਉਚੇਚੇ ਜਾ ਕੇ ਭਾਰਤ ਦੇ ਨਵੇਂ ਬਣੇ ਰਾਜਨੀਤਕ ਪ੍ਰਭੂਆਂ ਨੂੰ ਆਪਣੇ ਵੱਲੋਂ ਨਿੱਘੀ ਵਧਾਈ ਦਿੱਤੀ।

ਤਰਨ ਸਿੰਘ ਵਹਿਮੀ ਦੇ ਸ਼ਬਦਾਂ ਵਿੱਚ "ਸਤਿਗੁਰੂ ਜੀ 14 ਮਾਘ (27 ਜਨਵਰੀ) ਦਿੱਲੀ ਰਾਸ਼ਟਰਪਤੀ ਭਵਨ ਸ੍ਰੀ ਰਾਜਿੰਦਰ ਪ੍ਰਸ਼ਾਦ ਨੂੰ ਮਿਲਣ ਗਏ। ਬਾਬੂ ਰਾਜਿੰਦਰ ਪ੍ਰਸ਼ਾਦ ਜੀ ਦੂਰੋਂ ਅਗੋਂ ਆਏ ਸੀਸ ਨਿਵਾਏ ਮਿਲੇ, ਸਤਿਗੁਰੂ ਜੀ ਨੂੰ ਆਦਰ ਦੇ ਬਿਠਾਇਆ, ਖੁਸ਼ੀ ਨਾਲ ਸੁੱਖ ਆਨੰਦ ਪੁੱਛੀ। ਸਤਿਗੁਰੂ ਜੀ ਨੇ ਮਾਲਾ ਪਹਿਨਾਈ ਤਾਂ ਰਾਜਿੰਦਰ ਪ੍ਰਸ਼ਾਦ ਜੀ ਕਿਹਾ, "ਮੇਰੇ ਧੰਨ ਭਾਗ ਹਨ। ਕੱਲ ਮੁਝੇ ਰਾਸ਼ਟਰਪਤੀ ਕਾ ਅਹੁਦਾ ਮਿਲਾ ਹੈ ਔਰ ਆਜ ਆਪ ਨੇ ਦਰਸ਼ਨ ਦੀਆ ਹੈ। ਸਿਰ ਪਰ ਹਾਥ ਰਖਨਾ, ਮੁਝ ਸੇ ਠੀਕ ਸੇਵਾ ਮੁਲਕ ਕੀ ਹੋ ਸਕੇ। ਜੋ ਕੁਝ ਆਗੇ ਮਿਲਾ ਹੈ ਯਾ ਮੇਰੇ ਸੇ ਹੂਆ ਹੈ, ਸਭ ਆਪ ਕੀ ਕਿਰਪਾ ਹੈ।"

'"ਸਤਿਗੁਰੂ ਜੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਪ੍ਰਧਾਨ ਮੰਤਰੀ ਭਵਨ ਵਿੱਚ

Namdhari Elibrary NamdhariElibrary@gmail.com

ਵੀ ਗਏ। ਪੰਡਿਤ ਜਵਾਹਰ ਲਾਲ ਨਹਿਰੂ ਭੀ ਅਗੋਂ ਆ ਨਿਉਂ ਮਿਲਿਆ। ਸਤਿਗੁਰੂ ਜੀ ਨੇ ਊਨ ਦੀ ਮਾਲਾ ਪੰਡਿਤ ਜੀ ਦੇ ਗਲੇ ਪਹਿਨਾਈ ਤੇ ਪ੍ਰਧਾਨ ਮੰਤਰੀ ਪਦ ਮਿਲਣ ਦੀ ਵਧਾਈ ਦਿੱਤੀ। ਜਵਾਹਰ ਲਾਲ ਜੀ ਉੱਤਰ ਦਿੱਤਾ, 'ਜੇ ਜਨਤਾ ਨੂੰ ਭਾਉਂਦੀ ਸੇਵਾ ਦਿੱਤੀ ਤਾਂ ਹੀ ਗੁਣ ਹੈ।' ਸਤਿਗੁਰੂ ਜੀ ਹੋਰ ਮੰਤਰੀਆਂ ਨੂੰ ਵੀ ਮਿਲੇ ਤੇ ਆਪਣੀ ਆਸ਼ੀਰਵਾਦ ਦਿੱਤੀ।"[1]

---

[1] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ-5, ਪੰਨਾ 129.

Namdhari Elibrary NamdhariElibrary@gmail com

(ਅਧਿਆਇ 15)

# ਸਤਿਗੁਰੂ ਜੀ ਦੇ ਵਿਦੇਸ਼ਾਂ ਵਿੱਚ ਦਰਸ਼ਨ ਤੇ ਇਸ ਸਮੇਂ ਦੇ ਹੋਰ ਸਮਾਚਾਰ

## ਸਿਆਮ ਦੀ ਯਾਤਰਾ 1950

ਸਿਆਮ ਹੁਣ ਥਾਈਲੈਂਡ ਵਿੱਚ ਨਾਮਧਾਰੀਆਂ ਦਾ ਪ੍ਰਵੇਸ਼ 1930 ਦੇ ਦਹਾਕੇ ਤੋਂ ਪਹਿਲਾਂ ਹੀ ਹੋ ਗਿਆ ਸੀ। ਸਤਿਗੁਰੂ ਪਰਤਾਪ ਸਿੰਘ ਨੇ 1933-1934 ਵਿੱਚ ਪਹਿਲੀ ਵਾਰ ਸਿਆਮ ਦੀ ਸਾਧ ਸੰਗਤ ਨੂੰ ਦਰਸ਼ਨ ਦਿੱਤੇ ਸਨ। ਫਿਰ 1948 ਵਿੱਚ ਵੀ ਸਤਿਗੁਰੂ ਜੀ ਨੇ ਸਿਆਮ ਦਾ ਸੰਖੇਪ ਦੌਰਾ ਕੀਤਾ ਸੀ। ਪਰ 1950 ਦੇ ਸਿਆਮ ਦੇ ਦੌਰੇ ਦਾ ਵਿਸ਼ੇਸ਼ ਮਹੱਤਵ ਹੈ। ਸਤਿਗੁਰੂ ਜੀ ਦੇ ਜੀਵਨੀ-ਲੇਖਕ ਤਰਨ ਸਿੰਘ ਵਹਿਮੀ ਨੇ ਇਸ ਦੌਰੇ ਦਾ ਵਿਸਤਾਰ ਸਹਿਤ ਵਰਣਨ ਕੀਤਾ ਹੈ। ਪਰ ਇਸ ਦਾ ਮਹੱਤਵ ਇੱਕ ਹੋਰ ਪੱਖ ਤੋਂ ਵੀ ਹੈ ਕਿ ਇਸ ਸਮੇਂ ਜਿਹੜੇ ਉਪਦੇਸ਼ ਸਤਿਗੁਰੂ ਪਰਤਾਪ ਸਿੰਘ ਜੀ ਨੇ ਸਾਧ-ਸੰਗਤ ਦੀ ਹਾਜ਼ਰੀ ਵਿੱਚ ਦਿੱਤੇ, ਉਹ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਦੁਆਰਾ ਅਤੇ ਸਵਰਗਵਾਸੀ ਪ੍ਰਿੰ. ਬੇਅੰਤ ਕੌਰ ਦੀ ਘਾਲਣਾ ਸਦਕਾ ਟੇਪਾਂ ਅਤੇ ਲਿਖਤੀ ਰੂਪ ਵਿੱਚ ਵੀ 'ਲਾਲ ਏਹਿ ਰਤਨ' ਵਿੱਚ ਸੁਰੱਖਿਅਤ ਕਰ ਲਏ ਗਏ ਹਨ। ਜੋ ਨਾਮਧਾਰੀ ਪੰਥ ਦਾ ਵੱਡਮੁੱਲਾ ਇਤਿਹਾਸਕ ਵਿਰਸਾ ਬਣ ਗਿਆ ਹੈ।

ਸਤਿਗੁਰੂ ਪਰਤਾਪ ਸਿੰਘ ਜੀ ਨੇ ਜੀਵਨ ਨਗਰ ਵਿਖੇ ਆਪਣੇ ਪਤਵੰਤੇ ਤੇ ਨਿਕਟਵਰਤੀ ਸਿੱਖਾਂ ਸਰਵਸ੍ਰੀ ਸੰਤ ਆਲਾ ਸਿੰਘ, ਭਗਤ ਸਿੰਘ, ਕਿਹਰ ਸਿੰਘ, ਘਸੀਟਾ ਸਿੰਘ, ਵਰਿਆਮ ਸਿੰਘ, ਮਾਸਟਰ ਬਲਵੰਤ ਸਿੰਘ, ਕੰਧਾਰਾ ਸਿੰਘ, ਬਸੰਤ ਸਿੰਘ, ਤਰਨ ਸਿੰਘ ਵਹਿਮੀ ਨੂੰ ਬੁਲਾ ਕੇ ਬਚਨ ਕੀਤਾ ਕਿ ਮੈਂ ਇਸ ਸਾਲ ਸੰਤ ਆਲਾ ਸਿੰਘ ਨਾਲ ਸਿਆਮ ਹੋਲਾ ਵੇਖਣ ਜਾਣਾ ਹੈ। ਤੁਸੀਂ ਸਭ ਨੇ ਭਜਨ ਬਾਣੀ ਤਕੜੇ ਹੋ ਕੇ ਕਰਨਾ ਤੇ ਮਿਲ ਕੇ ਸਾਰੇ ਕਾਰਜ ਕਰਨਾ।

ਆਪ 28 ਮਾਘ ਨੂੰ ਸ੍ਰੀ ਜੀਵਨ ਨਗਰ ਤੋਂ ਵਿਦਾ ਹੋਏ। ਸਤਿਗੁਰੂ ਜੀ ਬਹੁਤ ਸਾਰੀ ਸਾਧ ਸੰਗਤ ਸਮੇਤ ਕਲਕੱਤੇ ਪੁੱਜੇ। ਉੱਥੋਂ ਗਵਰਨਰ ਅਤੇ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਪਰਿਵਾਰ ਨੂੰ ਮਿਲ ਕੇ 11 ਫੱਗਣ ਨੂੰ ਹਵਾਈ ਜਹਾਜ਼ ਰਾਹੀਂ ਸ਼ਾਮ ਦੇ 4 ਵਜੇ ਬੈਂਕੋਕ ਦੇ ਹਵਾਈ ਅੱਡੇ 'ਤੇ ਜਾ ਪੁੱਜੇ। ਅੱਗੋਂ ਸੰਗਤਾਂ ਹੁੰਮ-ਹੁੰਮਾ ਕੇ ਸਤਿਗੁਰੂ ਜੀ ਦੇ

ਸੁਆਗਤ ਲਈ ਹਵਾਈ ਅੱਡੇ 'ਤੇ ਪਹੁੰਚੀਆਂ ਹੋਈਆਂ ਸਨ। ਤਰਨ ਸਿੰਘ ਵਹਿਮੀ ਨੇ ਏਥੇ ਇੱਕ ਬੜੀ ਦਿਲਚਸਪ ਘਟਨਾ ਦਾ ਵਰਣਨ ਕੀਤਾ ਹੈ ਕਿ ਕਿਵੇਂ ਫਿਲੋਕਿਆਂ ਵਾਲੇ ਸੰਤ ਇੰਦਰ ਸਿੰਘ ਖੁਸ਼ੀ ਵਿੱਚ ਹਵਾਈ ਅੱਡੇ ਦਾ ਜੰਗਲਾ ਛਾਲ ਲਾ ਪਾਰ ਕਰਕੇ ਸਤਿਗੁਰੂ ਜੀ ਦੇ ਚਰਨੀ ਜਾ ਲੱਗੇ ਸਨ। (ਜਿਵੇਂ ਸੰਤ ਮੋਹਾਂ ਸਿੰਘ ਸਿਰਹਾਲੀ ਵਾਲੇ ਦੇ ਵਾਂਗ ਮਰਗੋਈ ਵਿਖੇ ਜੰਗਲਾ ਟੱਪ ਕੇ ਸਤਿਗੁਰੂ ਰਾਮ ਸਿੰਘ ਨੂੰ ਮਿਲਣ ਵਾਲੀ ਘਟਨਾ ਮੁੜ ਦੁਹਰਾਈ ਗਈ ਹੋਵੇ) ਸਤਿਗੁਰੂ ਜੀ ਦੇ ਸੁਆਗਤ ਅਤੇ ਅਗਾਊਂ ਦਰਸ਼ਨ ਲਈ ਪੁੱਜੇ ਸਿੱਖਾਂ ਨੇ ਗੁਰੂ ਜੀ ਦੇ ਚਰਨਾਂ 'ਤੇ ਨਮਸਕਾਰ ਕੀਤੀ ਅਤੇ ਕਾਰ ਵਿੱਚ ਬਿਠਾ ਕੇ ਜੈਕਾਰੇ ਗਜਾਉਂਦੇ ਹੋਏ ਸਤਿਗੁਰੂ ਜੀ ਦੇ ਡੇਰੇ ਲੈ ਆਏ।

ਹਰ ਰੋਜ਼ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹੁੰਦਾ। ਦੁਪਹਿਰ ਦੇ ਦੀਵਾਨ ਵਿੱਚ ਕਥਾ ਸਤਿਗੁਰੂ ਬਿਲਾਸ ਦੀ ਹੁੰਦੀ ਅਤੇ ਇੱਕ ਘੰਟਾ ਨਾਮ ਸਿਮਰਨ ਹੁੰਦਾ। ਇਸ ਤੋਂ ਬਿਨਾਂ ਰਾਗੀ ਕੀਰਤਨ ਕਰਦੇ ਅਤੇ ਸਤਿਗੁਰੂ ਜੀ ਵੱਲੋਂ ਉਪਦੇਸ਼ ਭਾਸ਼ਣਾਂ ਦੇ ਰੂਪ ਵਿੱਚ ਕੀਤਾ ਜਾਂਦਾ। ਤਰਨ ਸਿੰਘ ਵਹਿਮੀ ਅਨੁਸਾਰ, ਸਤਿਗੁਰੂ ਜੀ ਨੇ ਨਾਮਧਾਰੀ ਸਿੱਖਾਂ ਨੂੰ ਸਲਵਾਰ-ਕਮੀਜ਼ (ਤੁਰਕੀ ਬਾਣਾ) ਉਤਾਰ ਕੇ ਨਾਮਧਾਰੀ ਸਿੱਖੀ ਬਾਣਾ ਧਾਰਨ ਕਰਨ ਲਈ ਕਿਹਾ। ਸਿਆਮ ਦੀ ਏਸੇ ਯਾਤਰਾ ਸਮੇਂ ਸਤਿਗੁਰੂ ਜੀ ਨੇ 14 ਫੱਗਣ ਨੂੰ ਰੰਗਮਈ ਦੇ ਨਾਮਧਾਰੀ ਸਿੱਖਾਂ ਨੂੰ ਵੀ ਦਰਸ਼ਨ ਦੇ ਕੇ ਨਿਵਾਜਿਆ ਅਤੇ ਉਨ੍ਹਾਂ ਦੇ ਘਰੀਂ ਚਰਨ ਵੀ ਪਾਏ। 20 ਤੋਂ 22 ਫੱਗਣ ਤੱਕ ਹੋਲੇ ਦਾ ਪੁਰਬ ਮਨਾਇਆ ਗਿਆ, ਜਿਸ ਵਿੱਚ ਵਹਿਮੀ ਜੀ ਦੇ ਅਨੁਸਾਰ ਹਰ ਰੋਜ਼ ਇੱਕ ਹਜ਼ਾਰ ਤੋਂ ਵੀ ਵੱਧ ਬੈਂਕੋਕ ਦੀ ਸਾਧ ਸੰਗਤ ਹਾਜ਼ਰੀ ਭਰਦੀ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਸੁਣਾਏ ਜਾਂਦੇ ਰਹੇ ਅਤੇ ਕੀਰਤਨ ਅਤੇ ਨਾਮਧਾਰੀ ਮਤ ਤੇ ਇਤਿਹਾਸ ਬਾਰੇ ਵਿਖਿਆਨਾਂ ਰਾਹੀਂ ਪ੍ਰਚਾਰ ਹੁੰਦਾ ਰਿਹਾ।

ਸਤਿਗੁਰੂ ਜੀ ਦੀ ਵਿਦਾਇਗੀ ਸਮੇਂ ਬਹੁਤ ਸਾਰੇ ਟਿੱਕਲ (ਸਿਆਮ ਦੇ ਸਿੱਕੇ) ਅਤੇ ਕੀਮਤੀ ਬਸਤਰ ਆਦਿ ਭੇਟ ਕੀਤੇ ਗਏ।

ਜਿਵੇਂ ਕਿ ਉਪਰ ਵਰਣਨ ਕੀਤਾ ਗਿਆ ਹੈ ਕਿ ਸਤਿਗੁਰੂ ਜੀ ਦੀ ਇਸ ਸਿਆਮ ਫੇਰੀ ਦਾ ਮਹੱਤਵ ਸਤਿਗੁਰੂ ਜੀ ਵੱਲੋਂ ਦਿੱਤੇ ਗਏ ਉਨ੍ਹਾਂ ਉਪਦੇਸ਼ ਰੂਪੀ ਭਾਸ਼ਣਾਂ ਕਾਰਨ ਵੀ ਹੈ, ਜੋ ਆਪ ਜੀ ਦੇ ਮੁਖਾਰਬਿੰਦ ਤੋਂ ਮਿਤੀ 1, 2, 3, 4 ਅਤੇ 6 ਮਾਰਚ ਅਤੇ 28 ਅਪ੍ਰੈਲ, 1950 ਨੂੰ ਦਿੱਤੇ ਗਏ ਸਨ। ਇਹ ਭਾਸ਼ਣ ਹੁਣ ਟੇਪਾਂ ਅਤੇ ਲਿਖਤੀ ਰੂਪ ਵਿੱਚ 'ਲਾਲ ਦੇਹਿ ਰਤਨ' ਵਿੱਚ ਸੁਰੱਖਿਅਤ ਹਨ।

## ਤਹਿਸੀਲਦਾਰ ਦਾ ਜੀਵਨ ਨਗਰ ਆਉਣਾ

[1]"ਸਤਿਗੁਰੂ ਜੀ ਪਾਸ ਸਰਸੇ ਤੋਂ ਜੀਵਨ ਨਗਰ ਤਹਿਸੀਲਦਾਰ ਆਇਆ ਤੇ ਸਰਕਾਰੀ ਤੌਰ ਤੇ ਭਾਰੀ ਰਕਮ ਵਸੂਲ ਕਰਨ ਦੀ ਮੰਗ ਕੀਤੀ। ਸਤਿਗੁਰੂ ਜੀ ਉੱਤਰ ਦਿੱਤਾ, "ਮੈਂ ਤਿੰਨ ਵਾਰ ਸਿਆਮ ਗਿਆ ਹਾਂ ਅਤੇ ਆਮ ਪਦਾਰਥ ਲਿਆਇਆ ਹਾਂ। ਤੂੰ ਮੈਨੂੰ ਜੋ ਯਾਦ ਆਇਆ ਹੈ, ਮੈਂ ਉਹ ਮਾਇਆਧਾਰੀ ਨਹੀਂ, ਵੀਹ (20) ਮੁਰੱਬੇ

[1] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ-5, ਪੰਨਾ 143.

Namdhari Elibrary NamdhariElibrary@gmail com

ਗਊਆਂ ਦੇ, ਵੀਹ ਲੰਗਰ ਦੇ, 40 ਗਰੀਬਾਂ ਲਈ ਰੱਖੇ ਹਨ ਤੇ ਹੋਰ ਵੀ ਮੇਰੇ ਕੋਲ ਜੋ ਜੋ ਕੁਝ ਹੈ, ਉਹ ਇਨ੍ਹਾਂ ਸਿੱਖਾਂ ਦਾ ਹੀ ਦਿੱਤਾ ਏ ਸੋ ਇਨ੍ਹਾਂ ਦਾ ਈ ਹੱਕ ਏ। ਇਹ ਮੇਰੇ ਤੋਂ ਲੈ ਖਾਂਦੇ ਹਨ। ਤੇ ਮੈਂ ਇਹਨਾਂ ਦਾ ਦਿੱਤਾ ਖਾਂਦਾ ਹਾਂ।" ਇਹ ਸੁਣ ਤਹਿਸੀਲਦਾਰ ਬੇਦਲੀਲਾ ਜਿਹਾ ਹੋ ਚੁੱਪ ਕਰ ਚਲਾ ਗਿਆ।

## ਸਿਆਮ ਵਿੱਚ ਦੂਜੀ ਵਾਰ ਦਰਸ਼ਨ

ਸਤਿਗੁਰੂ ਜੀ 1951 ਵਿੱਚ ਭਾਦਰੋਂ ਦੇ ਅਖੀਰ 29 ਭਾਦਰੋਂ ਨੂੰ ਕਲਕੱਤੇ ਤੋਂ ਚੱਲ ਕੇ ਸਿਆਮ ਪੁੱਜੇ। 15 ਮੀਲ ਤੋਂ ਉਥੋਂ ਦੀ ਸੰਗਤ ਸਤਿਗੁਰੂ ਜੀ ਦੇ ਸੁਆਗਤ ਲਈ ਪਹੁੰਚੀ ਹੋਈ ਸੀ। ਆਪ ਜੀ ਦਾ ਡੇਰਾ ਸੰਤ ਤ੍ਰਿਲੋਕ ਸਿੰਘ ਜੀ ਦੇ ਨਿਵਾਸ ਸਥਾਨ ਤੇ ਕੀਤਾ ਗਿਆ। ਇਹ ਦੌਰਾ ਬੜਾ ਸੰਖੇਪ ਸੀ। ਸਤਿਗੁਰੂ ਜੀ ਨੇ ਹਿੰਦੂ ਮਹਾਂਸਭਾ ਦੀ ਬੇਨਤੀ ਉੱਤੇ ਉੱਥੇ ਦਰਸ਼ਨ ਦਿੱਤੇ। ਉੱਥੇ ਇੱਕ ਘੰਟਾ ਹਜ਼ੂਰੀ ਦੀਵਾਨ ਸਜਿਆ ਅਤੇ ਇੱਕ ਘੰਟੇ ਲਈ ਨਾਮ ਸਿਮਰਨ ਵੀ ਕੀਤਾ ਗਿਆ।

ਬੈਂਕੋਕ ਵਿਖੇ ਨਾਮਧਾਰੀ ਧਰਮਸ਼ਾਲਾ ਤੋਂ ਬਿਨਾਂ ਸਿੰਘ ਸਭਾ ਦਾ ਵੀ ਗੁਰਦੁਆਰਾ ਸੀ। ਆਪ ਜੀ ਦੀ ਹਜ਼ੂਰੀ ਵਿੱਚ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਅਤੇ ਇੱਕ ਘੰਟਾ ਨਾਮ ਸਿਮਰਨ ਵੀ ਹੁੰਦਾ। ਇਸ ਸਮੇਂ ਦੌਰਾਨ 25 ਸੈਂਚੀਆਂ ਤੋਂ ਪਾਠ ਕਰਕੇ ਆਦਿ ਗ੍ਰੰਥ ਸਾਹਿਬ ਦਾ ਭੋਗ ਪਾਇਆ ਗਿਆ। ਸਤਿਗੁਰੂ ਜੀ ਦੇ ਦੀਵਾਨ ਵਿੱਚ ਵਹਿਮੀ ਜੀ ਦੀ ਲਿਖਤ ਅਨੁਸਾਰ ਸਿੰਘ ਸਭਾਈ ਤੇ ਅਕਾਲੀ ਸਤਿਗੁਰੂ ਜੀ ਦੇ ਦੀਵਾਨ ਦੀ ਹਾਜਰੀ ਤਾਂ ਭਰਦੇ, ਪਰ ਅਰਦਾਸ ਦੇ ਸਮੇਂ ਜਦੋਂ 12 ਪਾਤਸ਼ਾਹੀਆਂ ਦੀ ਅਰਦਾਸ ਕੀਤੀ ਜਾਂਦੀ ਤਾਂ ਸਿੰਘ ਸਭਾਈ ਤੇ ਅਕਾਲੀ ਸੱਜਣ ਉੱਠ ਕੇ ਚਲੇ ਜਾਂਦੇ। ਸਤਿਗੁਰੂ ਜੀ ਸਿੰਘ ਸਭਾ ਦੇ ਗੁਰਦੁਆਰੇ ਜਦੋਂ ਉਥੇ ਅਖੰਡ ਪਾਠ ਚੱਲ ਰਿਹਾ ਸੀ ਤਾਂ ਸਤਿਗੁਰੂ ਜੀ ਨੇ ਆਪਣੇ ਆਪ ਉਥੇ ਜਾ ਕੇ ਹਾਜ਼ਰੀ ਭਰੀ। [1]"ਉਹਨਾਂ ਦੇ ਵਿਛਾਏ ਆਸਨ ਉੱਤੇ ਵੀ ਨਾ ਬੈਠੇ। ਸਗੋਂ ਸਾਦੀ ਵਿਛਾਈ ਉੱਤੇ ਸੰਗਤ ਵਿੱਚ ਜਾ ਬੈਠੇ ਤੇ ਅਰਦਾਸ ਸਮੇਂ ਹੱਥ ਜੋੜ ਕੇ ਸੰਗਤ ਨਾਲ ਖੜ੍ਹੇ ਹੋ ਗਏ। ਉਨ੍ਹਾਂ ਭੁੱਲ ਮੰਨੀ ਤੇ ਕਿਹਾ ਅਸੀਂ ਵੇਖੇ ਬਿਨਾਂ ਹੀ ਭੁਲੇਖੇ ਵਿੱਚ ਵਿਥ ਕਰਦੇ ਸਾਂ।" (ਸਤਿਗੁਰੂ ਜੀ ਨੇ ਅਜਿਹੀ ਉਦਾਰਤਾ ਅਰਦਾਸ ਕਰਨ ਸਮੇਂ 1930 ਦੇ ਦਹਾਕੇ ਵਿੱਚ ਗੁਰੂ ਨਾਨਕ ਸਰਬ-ਸੰਪ੍ਰਦਾਇ ਸੰਮੇਲਨ ਸ੍ਰੀ ਭੈਣੀ ਸਾਹਿਬ ਵਿਖੇ ਵੀ ਦਰਸਾਈ ਸੀ)।

ਇਸੇ ਯਾਤਰਾ ਸਮੇਂ ਸਤਿਗੁਰੂ ਜੀ ਨੇ ਲੰਪਾਂਗ ਪਹੁੰਚ ਕੇ ਸਾਧੂ ਜਗਤ ਸਿੰਘ ਨੂੰ ਕੀਤੇ ਇਕਰਾਰ ਅਨੁਸਾਰ ਦਰਸ਼ਨ ਦੇ ਕੇ ਕਿਰਤਾਰਥ ਕੀਤਾ ਸੀ। ਸਤਿਗੁਰੂ ਜੀ 5 ਅੱਸੂ ਨੂੰ ਭਾਰਤ ਪਰਤੇ ਅਤੇ 6 ਅੱਸੂ 1951 ਨੂੰ ਜੀਵਨ ਨਗਰ ਪਹੁੰਚ ਗਏ। ਇਸ ਸਮੇਂ ਸਾਧ ਸੰਗਤ ਦੇ ਭਲੇ ਲਈ ਸਤਿਗੁਰੂ ਜੀ ਵੱਲੋਂ ਦਿੱਤੇ ਗਏ ਉਪਦੇਸ਼ (ਭਾਸ਼ਣ) ਪੁਸਤਕ 'ਲਾਲ ਏਹਿ ਰਤਨ' ਵਿੱਚ ਸੁਰੱਖਿਅਤ ਹਨ।

---

[1] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ-5, ਪੰਨਾ 281.

## ਟਿੱਬੇ ਵਾਲੇ ਖੂਹ ਤੇ ਚਲੀਹਾ

4 ਅੱਸੂ ਨੂੰ ਹੀ ਸਤਿਗੁਰੂ ਜੀ ਨੇ ਚਲੀਹੇ ਦੀ ਤਿਆਰੀ ਸ਼ੁਰੂ ਕਰ ਦਿੱਤੀ ਸੀ ਅਤੇ ਲੋੜੀਂਦੀ ਰਸਦ ਚਲੀਹੇ ਵਾਲੇ ਸਥਾਨ 'ਤੇ ਭੇਜ ਦਿੱਤੀ ਸੀ। 9 ਅੱਸੂ ਦੀ ਸ਼ਾਮ ਨੂੰ ਸਤਿਗੁਰੂ ਜੀ ਅਤੇ ਨੇੜੇ ਦੇ ਪਿੰਡਾਂ ਸੰਤ ਨਗਰ, ਕਰੀਵਾਲਾ, ਅਮਰਾਸਰ ਦੀ ਸੰਗਤ ਟਿੱਬੇ ਚਲੀਹੇ ਦੇ ਸਥਾਨ 'ਤੇ ਪਹੁੰਚ ਗਈ। 10 ਅੱਸੂ ਨੂੰ ਅੰਮ੍ਰਿਤ ਵੇਲੇ ਕੜਾਹ ਪ੍ਰਸਾਦ ਦੀ ਦੇਗ ਤਿਆਰ ਕਰਵਾ ਕੇ ਅਰਦਾਸਾ ਕਰਕੇ ਚਲੀਹੇ ਦਾ ਆਰੰਭ ਕੀਤਾ ਗਿਆ। ਆਸਾ ਦੀ ਵਾਰ ਦਾ ਕੀਰਤਨ ਹੋਇਆ। ਚੰਡੀ ਦੀ ਵਾਰ ਦਾ ਪਾਠ ਕਰਨ ਉਪਰੰਤ ਹੀ ਬੋਲਣ ਦੀ (ਗੱਲਬਾਤ ਕਰਨ) ਦੀ ਆਗਿਆ ਸੀ। ਇਨ੍ਹਾਂ ਦਿਨਾਂ ਵਿੱਚ ਸਾਰੀ ਸੰਗਤ ਹੁਣ ਭੁੰਜੇ ਹੀ ਬਿਰਾਜਦੀ ਸੀ ਅਤੇ ਖਾਸ ਲੋੜ ਤੋਂ ਬਿਨਾਂ ਬਹੁਤਾ ਬੋਲਣ ਦੀ ਵੀ ਆਗਿਆ ਨਹੀਂ ਸੀ। ਪਊਏ ਵੀ ਧੋ ਕੇ ਲਿਆਉਣ ਦਾ ਹੁਕਮ ਸੀ। ਕੋਠੇ ਵਿੱਚ ਘਿਉ ਦੀ ਜੋਤ ਜਗਾ ਕੇ ਵਰਨੀ ਦਾ ਆਰੰਭ ਕੀਤਾ ਗਿਆ। ਸਤਿਗੁਰੂ ਜੀ ਨੇ ਬਚਨ ਕੀਤਾ, 'ਬਿਰਧ ਸਾਧੂ ਕਹਿੰਦੇ ਸਨ ਹਰ ਕਾਰਜ ਦੀ ਸਹਾਇਤਾ ਲਈ ਵਰਨੀ ਹੋਣੀ ਚਾਹੀਦੀ ਹੈ।'

ਨੌ ਵਜੇ ਗੁੜ ਦਾ ਪ੍ਰਸ਼ਾਦ ਕਰਵਾ ਕੇ ਮਹਾਰਾਜ ਬਾਬਾ ਬੀਰ ਸਿੰਘ ਜੀ ਤੋਂ ਦਸਮ ਗ੍ਰੰਥ ਦੀ ਹੱਥ ਲਿਖਤ ਬੀੜ 'ਚੋਂ ਪਾਠ ਦਾ ਆਰੰਭ ਕਰਵਾਇਆ। ਚਾਰ ਪਾਠੀ ਸੈਂਚੀਆਂ ਤੋਂ ਵੇਖਦੇ ਅਤੇ ਇੱਕ ਪਾਠੀ ਪਾਠ ਦਾ ਉਚਾਰਣ ਕਰਦਾ। ਸਤਿਗੁਰੂ ਜੀ ਆਪ ਵੀ ਸੈਂਚੀ ਤੋਂ ਵੇਖ ਕੇ ਗਲਤ ਅੱਖਰ ਦੱਸ ਕੇ ਨਿਸ਼ਾਨ ਲਾਉਂਦੇ ਜਾਂਦੇ, ਕਈ ਵਾਰ ਕਠਿਨ ਸ਼ਬਦ ਦੇ ਅਰਥ ਵੀ ਦਸ ਦਿੰਦੇ। ਪਿਛਲੇ ਪਹਿਰ ਸੰਤ ਸੰਤੋਖ ਸਿੰਘ ਬਾਹੋਵਾਲ ਦੇ ਲਿਖੇ ਗ੍ਰੰਥ 'ਗੁਰ ਬਿਲਾਸ ਪਾਤਸ਼ਾਹੀ ਬਾਰ੍ਹਵੀਂ" ਦੀ ਕਥਾ ਹੁੰਦੀ। ਇਸ ਪਿਛੋਂ ਇੱਕ ਘੰਟਾ ਨਾਮ ਸਿਮਰਨ ਹੁੰਦਾ, ਰਾਤ ਸਮੇਂ ਇੱਕ ਦੋ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ। 15 ਅੱਸੂ ਨੂੰ ਸਤਿਗੁਰੂ ਜੀ ਨੇ ਬਚਨ ਕੀਤਾ ਕਿ ਰਾਗ ਮਾਝ ਤੇ ਤੁਖਾਰੀ ਦਾ ਪ੍ਰਯੋਗ ਸਿੰਧਾਂ ਵਿੱਚ ਹੀ ਕੀਤਾ ਜਾਂਦਾ ਹੈ। 26 ਅੱਸੂ ਨੂੰ ਦਸਮ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ ਪਾਇਆ ਗਿਆ। ਸਤਿਗੁਰੂ ਜੀ ਨੇ ਤਾਊਸ ਲੈ ਕੇ ਆਪ ਸ਼ਬਦ ਦਾ ਗਾਇਨ ਕੀਤਾ ਅਤੇ ਛੋਟੇ ਬਾਬਾ ਬੀਰ ਸਿੰਘ ਨੇ ਜੋੜੀ ਨਾਲ ਸੰਗਤ ਕੀਤੀ। ਦਸਮ ਗ੍ਰੰਥ ਦਾ ਭੋਗ ਹਕਾਇਤਾਂ ਦਾ ਪਾਠ ਕਰਕੇ ਪਾਇਆ ਗਿਆ। ਤਰਨ ਸਿੰਘ ਵਹਿਮੀ ਅਨੁਸਾਰ "ਸੱਚੇ ਪਾਤਸ਼ਾਹ ਜੀ ਦਾ ਪਾਠ ਸੁਣਨ ਸਮੇਂ ਇੰਝ ਜਾਪਦਾ ਸੀ, ਜਿਵੇਂ ਦਸਮ ਜੀ ਆਪ ਹੀ ਆਪਣੀ ਬਾਣੀ ਪੜ੍ਹ ਰਹੇ ਹੋਣ।"

ਜਿਹੜੀ ਸੰਗਤ ਬਾਹਰੋਂ ਆਉਂਦੀ ਉਸ ਨੂੰ ਸਤਿਗੁਰੂ ਜੀ ਦਾ ਹੁਕਮ ਸੀ ਕਿ ਉਹ ਉੱਚੀ ਤੇ ਵਿਅਰਥ ਬੋਲ ਨਾ ਬੋਲਣ। 29 ਅੱਸੂ ਨੂੰ ਸਤਿਗੁਰੂ ਜੀ ਨੇ ਲੰਗਰ ਜਿਸ ਵਿੱਚ ਬਹੁਤ ਸਾਰੇ ਪਦਾਰਥ ਤਿਆਰ ਕਰਵਾਏ ਗਏ ਸਨ, ਕਮਰ-ਕੱਸਾ ਕਰ ਕੇ ਆਪ ਵਰਤਾਇਆ। 09 ਕਤਕ 2008 ਬਿ. ਨੂੰ ਆਸਾ ਦੀ ਵਾਰ ਦੇ ਭੋਗ ਪਿਛੋਂ ਇਸ ਚਲੀਹੇ ਦਾ ਜੱਗ ਸੰਪੂਰਣ ਹੋਇਆ। ਭੋਗ ਦੀ ਅਰਦਾਸ ਸਮੇਂ ਸਤਿਗੁਰੂ ਜੀ ਆਪ ਹੱਥ ਜੋੜ ਕੇ ਸੰਗਤ ਨਾਲ ਖੜ੍ਹੇ ਹੋਏ। ਆਪ ਜੀ ਨੇ ਬਚਨ ਕੀਤਾ ਕਿ ਚਲੀਹੇ ਦੇ ਆਰੰਭ ਸਮੇਂ ਜੋਤ ਤਿੰਨ ਵਾਰ ਬੁੱਝ ਗਈ ਸੀ ਅਤੇ ਅਰਦਾਸ ਸਮੇਂ ਵੀ ਕਿਸੇ ਨੇ ਨਿੱਛ ਮਾਰੀ ਸੀ ਪਰ ਮੈਂ

ਅਪ-ਸਗਨਾਂ ਨੂੰ ਸੁਧਾਰਨ ਲਈ ਭਜਨ ਹੀ ਕਰਦਾ ਰਿਹਾ ਸਾਂ।

## ਬਾਬਾ ਬੀਰ ਸਿੰਘ ਜੀ ਦਾ ਸ਼ੁਭ ਆਨੰਦ ਕਾਰਜ

10 ਕੱਤਕ 2008 ਬਿ. ਤਦ ਅਕਤੂਬਰ 1951 ਈ. ਸ੍ਰੀ ਜੀਵਨ ਨਗਰ ਵਿਖੇ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਮਹਾਰਾਜ ਬਾਬਾ ਬੀਰ ਸਿੰਘ ਜੀ ਦਾ ਸ਼ੁੱਭ ਆਨੰਦ ਬੀਬੀ ਦਲੀਪ ਕੌਰ ਨਾਲ ਹੋਇਆ। ਇਨ੍ਹਾਂ ਗਿਆਰ੍ਹਾਂ ਆਨੰਦ ਕਾਰਜਾਂ ਸਮੇਂ ਮਹਾਰਾਜ ਬੀਰ ਸਿੰਘ ਅਤੇ ਬੀਬੀ ਦਲੀਪ ਕੌਰ ਸਭ ਜੋੜਿਆਂ ਦੇ ਨਾਲ ਸਫਾਂ ਉੱਤੇ ਬੈਠੇ ਸਨ। ਬੀਬੀ ਦਲੀਪ ਕੌਰ[1] ਨੇ ਮਹਾਰਾਜ ਜੀ ਦੇ ਗਲ ਮਾਲਾ ਪਹਿਨਾਈ। ਇਹ ਆਨੰਦ ਕਾਰਜ ਦੂਜੇ ਜੋੜਿਆਂ ਸਮਾਨ ਹੀ ਕੀਤਾ ਗਿਆ। ਭਗਤ ਸਿੰਘ ਘੋੜਿਆਂ ਵਾਲੇ ਅਤੇ ਬਾਬਿਆਂ (ਗੁਰੂ ਪੁੱਤਰਾਂ ਸਤਿਗੁਰੂ ਜਗਜੀਤ ਸਿੰਘ ਤੇ ਬਾਬਾ ਬੀਰ ਸਿੰਘ) ਦੇ ਮਾਮੇ ਨੇ ਸਤਿਗੁਰੂ ਜੀ ਅੱਗੇ ਬੇਨਤੀ ਕੀਤੀ ਸੀ ਕਿ ਮਹਾਰਾਜ ਬਾਬਾ ਬੀਰ ਸਿੰਘ ਦੇ ਆਨੰਦ ਵੱਖਰੇ ਹੋਣੇ ਚਾਹੀਦੇ ਹਨ। ਸਤਿਗੁਰੂ ਜੀ ਨੇ ਬਚਨ ਕੀਤਾ ਕਿ ਜੇਕਰ ਤੁਸੀਂ ਕੋਈ ਸੰਸਾਰੀ ਰੀਝ ਪੂਰੀ ਕਰਨੀ ਹੈ ਤਾਂ ਤੁਸੀਂ ਆਪਣੇ ਭਣੇਵੇਂ ਨੂੰ ਮਨਾ ਲਵੋ ਅਤੇ ਆਪਣੇ ਨਾਲ ਲੈ ਜਾਉ। ਇਸ ਸ਼ੁੱਭ ਸਮੇਂ ਬਹੁਤ ਸਾਰੇ ਪਤਵੰਤੇ ਨਾਮਧਾਰੀ ਸੱਜਣ ਹਾਜ਼ਰ ਸਨ, ਜਿਹਨਾਂ ਦੇ ਨਾਵਾਂ ਦਾ ਜ਼ਿਕਰ ਵਹਿਮੀ ਜੀ ਨੇ ਇਸ ਪ੍ਰਕਾਰ ਕੀਤਾ ਹੈ : ਸਰਵ ਸ੍ਰੀ ਮਹਾਰਾਜ ਨਿਹਾਲ ਸਿੰਘ, ਸ. ਆਤਮਾ ਸਿੰਘ, ਸੰਤ ਇੰਦਰ ਸਿੰਘ ਚੱਕਰਵਰਤੀ, ਸੰਤ ਮੰਗਲ ਸਿੰਘ, ਸੰਤ ਨਿਧਾਨ ਸਿੰਘ ਆਲਮ ਆਦਿ।

## ਘਸੀਟਾ ਸਿੰਘ ਨੂੰ ਮੁਖਤਾਰੀ ਤੇ ਨੰਬਰਦਾਰੀ ਤੋਂ ਹਟਾਉਣਾ

ਕਿਸੇ ਸਮੇਂ ਘਸੀਟਾ ਸਿੰਘ ਸਤਿਗੁਰੂ ਪਰਤਾਪ ਸਿੰਘ ਜੀ ਦਾ ਬੜਾ ਇਤਬਾਰੀ ਸੇਵਕ ਸੀ। ਸਤਿਗੁਰੂ ਜੀ ਉਸਨੂੰ ਬੜੇ ਜ਼ੁੰਮੇਵਾਰੀ ਦੇ ਕੰਮ ਸੌਂਪੇ ਹੋਏ ਸਨ। ਸੰਤ ਤਰਨ ਸਿੰਘ ਵਹਿਮੀ ਨੇ ਸੰਤ ਘਸੀਟਾ ਸਿੰਘ ਦੀ ਸ਼ਖਸੀਅਤ ਅਤੇ ਗੁਣਾਂ ਬਾਰੇ ਵਿਸ਼ੇਸ਼ ਤੌਰ ਤੇ ਵਰਣਨ ਕੀਤਾ ਹੈ।[2] ਆਪ ਦਾ ਲੰਮਾ ਕੱਦ, ਗੋਰਾ ਰੰਗ ਅਤੇ ਦਰਸ਼ਨੀ ਦਿੱਖ ਸੀ। ਜਦੋਂ ਪਤਵੰਤੇ ਸਿੱਖਾਂ ਨਾਲ ਹੱਥ ਵਿੱਚ ਡਾਂਗ ਫੜੀ ਮੋਹਰੀ ਹੋ ਕੇ ਤੁਰਦੇ ਤਾਂ ਹਰ ਕੋਈ ਉਨ੍ਹਾਂ ਦੇ ਰੋਅਬ-ਦਾਅਬ ਤੋਂ ਪ੍ਰਭਾਵਿਤ ਹੁੰਦਾ। ਇਸੇ ਕਾਰਨ ਹੀ ਸਤਿਗੁਰੂ ਪਰਤਾਪ ਸਿੰਘ ਨੇ ਘਸੀਟਾ ਸਿੰਘ ਨੂੰ ਏਨੀਆਂ ਵੱਡੀਆਂ ਜ਼ਿੰਮੇਵਾਰੀਆਂ ਸੌਂਪੀਆਂ ਹੋਈਆਂ ਸਨ ਤੇ ਆਪ ਨੂੰ ਜੀਵਨ ਨਗਰ ਦਾ ਕਾਰ-ਮੁਖਤਾਰ ਬਣਾਇਆ ਹੋਇਆ ਸੀ। ਪਰ ਕਈ ਵਾਰ ਤਾਕਤ ਦਾ ਨਸ਼ਾ ਬੰਦੇ ਵਿੱਚ ਕਈ ਕਮਜ਼ੋਰੀਆਂ ਵੀ ਪੈਦਾ ਕਰ ਦਿੰਦਾ ਹੈ ਅਤੇ ਉਹ ਵਿਅਕਤੀ ਗਰਬ ਮੱਤਾ ਹੋ ਜਾਂਦਾ ਹੈ। ਕਈ ਵਾਰ ਨੇੜੇ ਦੀਆਂ ਰਿਸ਼ਤੇਦਾਰੀਆਂ ਬੰਦੇ ਨੂੰ ਕੁਝ ਗਲਤ ਕਦਮ ਪੁੱਟਣ ਲਈ ਮਜਬੂਰ ਕਰ ਦਿੰਦੀਆਂ ਹਨ।

---

[1] ਬੀਬੀ ਦਲੀਪ ਕੌਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਮਹਿਲ ਮਾਤਾ ਚੰਦ ਕੌਰ ਜੀ ਦੀ ਭੂਆ ਦੀ ਧੀ ਅਤੇ ਪਿੰਡ ਬੱਧੀਆਣਾ, ਜ਼ਿਲ੍ਹਾ ਪਟਿਆਲਾ ਦੇ ਬਾਬਾ ਨਰਾਇਣ ਸਿੰਘ ਅਤੇ ਮਾਤਾ ਹਰਨਾਮ ਕੌਰ ਦੀ ਸਪੁੱਤਰੀ ਹੈ।

[2] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ-4, ਪੰਨਾ 71.

ਸੰਤ ਨਗਰ ਦੇ ਖੂਹ ਤੋਂ ਘਸੀਟਾ ਸਿੰਘ ਤੇ ਉਸਦੇ ਜਵਾਈ ਪੂਰਨ ਸਿੰਘ ਨੇ ਢੱਟੀਆਂ ਵਾਲਿਆਂ ਨੂੰ ਖੂਹ ਦਾ ਹਿੱਸਾ ਦੇਣ ਤੋਂ ਇਸ ਕਰਕੇ ਇਨਕਾਰ ਕਰ ਦਿੱਤਾ ਕਿਉਂਕਿ ਉਹ ਉਨ੍ਹਾਂ ਦੇ ਖਾਤੇ ਵਿੱਚ ਨਹੀਂ ਸੀ। ਸਾਰੀ ਘਟਨਾ ਦਾ ਵੇਰਵਾ ਤਰਨ ਸਿੰਘ ਵਹਿਮੀ ਦੇ ਸ਼ਬਦਾਂ ਵਿੱਚ ਇਸ ਤਰ੍ਹਾਂ ਦਿੱਤਾ ਗਿਆ ਹੈ। "ਘਸੀਟਾ ਸਿੰਘ ਦੇ ਜਵਾਈ ਪੂਰਨ ਸਿੰਘ ਨੇ ਖੂਹ ਦੇ ਪਾੜਛੇ ਵਿੱਚ ਫਿੱਤਰ ਰੱਖ ਦਿੱਤਾ ਸੀ ਅਤੇ ਢੱਟੀਆਂ ਵਾਲਿਆਂ ਨੂੰ ਖੂਹ ਤੋਂ ਪਾਣੀ ਭਰਨ ਲਈ ਇਸ ਲਈ ਰੋਕ ਦਿੱਤਾ ਕਿਉਂਕਿ ਉਨ੍ਹਾਂ ਦਾ ਹਿੱਸਾ ਖੂਹ ਦੇ ਖਾਤੇ ਵਿੱਚ ਨਹੀਂ ਸੀ।

ਇਸ ਝਗੜੇ ਨੂੰ ਨਿਪਟਾਉਣ ਲਈ ਸਤਿਗੁਰੂ ਜੀ ਨੇ ਮਹਾਰਾਜ ਨਿਹਾਲ ਸਿੰਘ, ਸਰਦਾਰ ਆਤਮਾ ਸਿੰਘ ਤੇ ਅਰਬੇਲ ਸਿੰਘ ਨੂੰ ਭੇਜਿਆ ਅਤੇ ਉਨ੍ਹਾਂ ਨੇ ਪੂਰਨ ਸਿੰਘ ਨੂੰ ਝੂਠਾ ਕੀਤਾ। ਤਾਂ ਸਤਿਗੁਰੂ ਜੀ ਕਿਹਾ ਹੁਣ ਘਸੀਟਾ ਸਿੰਘ ਨੂੰ ਕਹੋ ਮੇਰੇ ਵੱਲੋਂ ਮੁਖਤਾਰੀ ਤੇ ਨੰਬਰਦਾਰੀ ਆਪ ਲਿਖ ਦੇਵੇ ਕਿ ਛੱਡੀ ਹੈ। ਨਹੀਂ ਤੇ ਮੈਨੂੰ ਛੁਡਾਣੀ ਪਵੇਗੀ।"[1]

ਸਤਿਗੁਰੂ ਜੀ ਦੇ ਪਰਤਾਪ ਨਾਲ ਹੁਣ ਇਹ ਕਿਸੇ ਸਮੇਂ ਦੀ ਬੰਜਰ ਤੇ ਬੇਆਬਾਦ ਧਰਤੀ ਹਰੀ-ਭਰੀ ਲਹਿਲਹਾ ਉਠੀ ਸੀ। ਸੁੱਚੀ ਕਿਰਤ ਕਮਾਈ ਨਾਲ ਉਥੋਂ ਦੇ ਵਸਨੀਕ ਰੱਜੇ-ਪੁੱਜੇ ਹੋ ਗਏ ਸਨ। ਕੁਝ ਲੋਕਾਂ ਵਿੱਚ ਕਈ ਤਰ੍ਹਾਂ ਦੀ ਘੁਸਰ-ਮੁਸਰ ਸ਼ੁਰੂ ਹੋ ਗਈ ਸੀ। ਭਾਵੇਂ ਸਭ ਨੇ ਸਤਿਗੁਰੂ ਜੀ ਦੀ ਕੀਤੀ ਵੰਡ ਨੂੰ ਖੁਸ਼ੀ ਖੁਸ਼ੀ ਪ੍ਰਵਾਨ ਕਰ ਲਿਆ ਸੀ, ਪਰ ਹੁਣ ਉਨ੍ਹਾਂ ਵਿੱਚੋਂ ਕਈ ਕਹਿਣ ਲੱਗ ਪਏ ਸਨ ਕਿ ਸਾਨੂੰ ਕਸਰ ਲੱਗੀ ਹੈ। ਅਸੀਂ ਆਪਣੀ ਅਸਲੀ ਮਾਲਕੀ ਉੱਤੇ ਜਾਵਾਂਗੇ। ਭਾਵੇਂ ਇਸ ਸੰਬੰਧ ਵਿੱਚ ਬਹੁਤੀ ਹਿਲ-ਜੁਲ ਨਾ ਹੋਈ, ਸਭ ਸ਼ਾਂਤ ਰਹੇ ਪਰ ਇਨ੍ਹਾਂ ਗੱਲਾਂ ਨਾਲ ਸਤਿਗੁਰੂ ਜੀ ਦੀ ਪਰੇਸ਼ਾਨੀ ਵੱਧ ਗਈ। ਆਪ ਜੀ ਨੇ ਜਿਨ੍ਹਾਂ ਸਿੱਖਾਂ 'ਤੇ ਬਹੁਤ ਉਪਕਾਰ ਕੀਤਾ ਸੀ, ਉਨ੍ਹਾਂ ਵੱਲੋਂ ਨਿਰਾਸ਼ਾ ਵੀ ਹੋਈ। ਪਰ ਆਪ ਜੀ ਨੇ ਇਸ ਨੂੰ 'ਰਾਮ ਦੀ ਰਜ਼ਾ' ਹੀ ਸਮਝਿਆ। ਆਪ ਨੂੰ ਇਹ ਗੱਲ ਕਹਿਣੀ ਵੀ ਪਈ ਕਿ ਜੋ ਜਿਥੇ ਜਾਣਾ ਚਾਹੁੰਦਾ ਹੈ, ਬੇਸ਼ਕ ਚਲਾ ਜਾਵੇ। ਸਤਿਗੁਰੂ ਜੀ ਦਾ ਇਥੋਂ ਤੱਕ ਫੁਰਮਾਨ ਸੀ ਕਿ ਸਿੱਖ ਮੇਰੀ ਛਾਤੀ ਦੇ ਰੋਮ ਹਨ। ਜਦੋਂ ਕੋਈ ਇੱਕ ਸਿੱਖ ਵੀ ਏਥੋਂ ਜਾਂਦਾ ਹੈ, ਤਾਂ ਮੈਨੂੰ ਬੜਾ ਦੁੱਖ ਹੁੰਦਾ ਹੈ। ਇਸ ਦੌਰਾਨ ਜੀਵਨ ਨਗਰ ਵਿਖੇ ਕਈ ਸਮਾਗਮ ਵੀ ਕੀਤੇ ਗਏ। ਇਸੇ ਸਮੇਂ ਮਹਾਰਾਜ ਨਿਹਾਲ ਸਿੰਘ (ਰਾਜ ਸਭਾ) ਅਤੇ ਸਰਦਾਰ ਆਤਮਾ ਸਿੰਘ ਸੰਸਦ ਦੇ ਮੈਂਬਰ ਚੁਣੇ ਗਏ ਅਤੇ ਕੇਂਦਰ ਵਿੱਚ ਉਨ੍ਹਾਂ ਦੇ ਅਸਰ ਰਸੂਖ ਵਿੱਚ ਵਾਧਾ ਹੋਣਾ ਵੀ ਸੁਭਾਵਕ ਹੀ ਸੀ।

## ਪੰਡਿਤ ਜਵਾਹਰ ਲਾਲ ਦੀ ਸਰਸਾ ਫੇਰੀ

ਦਸੰਬਰ ਦੇ ਤੀਜੇ ਹਫ਼ਤੇ ਭਾਰਤ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਹਵਾਈ ਜਹਾਜ਼ ਰਾਹੀਂ ਸਰਸੇ ਪੁੱਜੇ। ਸਤਿਗੁਰੂ ਪਰਤਾਪ ਸਿੰਘ ਜੀ ਤੇ ਹੋਰ ਬਹੁਤ ਸਾਰੀ ਨਾਮਧਾਰੀ ਸੰਗਤ ਸੁਆਗਤ ਲਈ ਪਹੁੰਚੀ ਹੋਈ ਸੀ। ਪੰਡਿਤ ਜਵਾਹਰ ਲਾਲ ਨੇ ਸਤਿਗੁਰੂ ਜੀ ਦਾ ਅਭਿਨੰਦਨ ਨਿਮਰਤਾ ਸਹਿਤ ਸਵੀਕਾਰ ਕੀਤਾ ਅਤੇ ਸਤਿਗੁਰੂ ਜੀ ਨੇ ਉਨ ਦੀ

[1] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ-5, ਪੰਨਾ 300.

Namdhari Elibrary NamdhariElibrary@gmail com

ਮਾਲਾ ਪੰਡਿਤ ਜੀ ਨੂੰ ਪਹਿਨਾ ਦਿੱਤੀ। ਪੰਡਿਤ ਜਵਾਹਰ ਲਾਲ ਜੀ ਸਤਿਗੁਰੂ ਜੀ ਨਾਲ ਕਾਰ ਵਿੱਚ ਬੈਠ ਕੇ ਕਿਲ੍ਹੇ ਲਾਗਲੇ ਉਸ ਸਥਾਨ 'ਤੇ ਪਹੁੰਚੇ ਜਿਥੇ ਪੰਡਿਤ ਜੀ ਲਈ ਮੰਚ ਸਜਾਇਆ ਗਿਆ ਸੀ। ਪੰਡਿਤ ਜੀ ਨੇ ਸੰਖੇਪ ਭਾਸ਼ਣ ਦਿੱਤਾ ਸਤਿਗੁਰੂ ਜੀ ਦੀ ਇੱਛਾ ਸੀ ਕਿ ਪੰਡਿਤ ਜੀ ਜੀਵਨ ਨਗਰ ਦਰਸ਼ਨ ਦੇਣ। ਉਥੇ ਕਈ ਚਿਰ ਪਹਿਲਾਂ ਤੋਂ ਹੀ ਸਤਿਗੁਰੂ ਜੀ ਨੇ ਛੋਟਾ ਹਵਾਈ ਅੱਡਾ ਬਣਾਇਆ ਹੋਇਆ ਸੀ। ਕਈ ਸਵਾਰਥੀ ਹਿੱਤ ਰੱਖਣ ਵਾਲੇ ਨੇਤਾਵਾਂ ਤੇ ਸਰਕਾਰੀ ਅਧਿਕਾਰੀਆਂ ਨੂੰ ਇਹ ਡਰ ਸੀ ਕਿ ਇੰਞ ਕਰਨ ਨਾਲ ਸਤਿਗੁਰੂ ਜੀ ਦੀ ਮਹਿਮਾ ਹੋਰ ਵੱਧ ਜਾਵੇਗੀ। ਇਸ ਲਈ ਉਨ੍ਹਾਂ ਨੇ ਸਲਾਹ ਦਿੱਤੀ ਕਿ ਉਹ ਧੂੜ ਤੇ ਗਰਦ ਵਾਲਾ ਇਲਾਕਾ ਹੈ। ਉਨ੍ਹਾਂ ਦਾ ਅੰਤਰੀਵ ਮਨੋਰਥ ਇਹੋ ਸੀ ਕਿ ਪੰਡਿਤ ਜੀ ਜੀਵਨ ਨਗਰ ਨਾ ਜਾਣ।

ਬਹੁਤ ਸਾਰੇ ਹਿੰਦੂ ਸਿੱਖ ਲੋਕਾਂ ਨੇ ਮਿਲ ਕੇ ਪੰਡਿਤ ਜੀ ਨੂੰ ਇਹ ਯਾਦ ਪੱਤਰ ਦਿੱਤਾ ਕਿ ਗਊ-ਹੱਤਿਆ ਬੰਦ ਕਰਵਾਈ ਜਾਵੇ। ਪੰਡਿਤ ਜੀ ਨੇ ਉੱਤਰ ਦਿੱਤਾ, "ਇਹ ਰਾਜ ਵਿਧਾਨ ਸਭਾ ਦਾ ਕੰਮ ਹੈ, ਮੇਰੇ ਇਕੱਲੇ ਦਾ ਨਹੀਂ।"

## ਸਤਿਗੁਰੂ ਪਰਤਾਪ ਸਿੰਘ ਜੀ ਦੀਆਂ ਮੁੱਖ ਚਿੰਤਾਵਾਂ

ਇਸ ਸਮੇਂ ਸਤਿਗੁਰੂ ਪਰਤਾਪ ਸਿੰਘ ਜੀ ਦੇ ਮਨ ਨੂੰ ਕੁਝ ਵਿਸ਼ੇਸ਼ ਚਿੰਤਾਵਾਂ ਨੇ ਮੱਲਿਆ ਹੋਇਆ ਸੀ। ਪਹਿਲੀ ਵੱਡੀ ਚਿੰਤਾ ਤਾਂ ਦੇਸ਼ ਵਿੱਚੋਂ ਗਊ ਹੱਤਿਆ ਨੂੰ ਰੋਕਣ ਅਤੇ ਸਰਕਾਰੀ ਤੌਰ 'ਤੇ ਪਾਬੰਦੀ ਨੂੰ ਲਗਾਉਣ ਦੀ ਸੀ ਜਿਹਾ ਕਿ ਪੰਜਾਬ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ-ਕਾਲ ਵਿੱਚ ਸੀ।

ਦੂਜੀ ਵੱਡੀ ਚਿੰਤਾ ਆਪ ਜੀ ਨੂੰ ਪਾਕਿਸਤਾਨ ਵਿੱਚ ਰਹਿ ਗਈਆਂ, ਉਨ੍ਹਾਂ ਬੀਬੀਆਂ ਦੀ ਸੀ, ਜੋ ਆਪਣੇ ਪਰਿਵਾਰਾਂ ਨਾਲ ਦੇਸ਼-ਵੰਡ ਸਮੇਂ ਪਹੁੰਚ ਨਹੀਂ ਸਨ ਸਕੀਆਂ। ਉਨ੍ਹਾਂ ਬਾਰੇ ਵਿਚਾਰ ਕਰਕੇ ਸਤਿਗੁਰੂ ਪਰਤਾਪ ਸਿੰਘ ਜੀ ਕਈ ਵਾਰ ਬੜੇ ਉਪਰਾਮ ਹੋ ਜਾਂਦੇ ਸਨ ਅਤੇ ਪ੍ਰਸਾਦ ਵੀ ਨਹੀਂ ਸਨ ਛਕਦੇ।

ਤੀਜੀ ਚਿੰਤਾ ਇਹ ਸੀ ਕਿ ਦੇਸ਼ ਵਿੱਚ ਰਾਜ-ਭਾਗ ਲਈ ਅਜਿਹੇ, ਪਰਜਾ ਦੇ ਹਿੱਤਾਂ ਦਾ ਖਿਆਲ ਰੱਖਣ ਵਾਲੇ, ਪ੍ਰਤੀਨਿਧ ਹੀ ਚੁਣੇ ਜਾਣ ਤਾਂ ਜੋ ਆਜ਼ਾਦੀ ਦੀ ਪ੍ਰਾਪਤੀ ਤੋਂ ਪਹਿਲਾਂ ਜਿਹੜੇ ਆਦਰਸ਼ ਆਜ਼ਾਦ ਭਾਰਤ ਲਈ ਬਣਾਏ ਗਏ ਸਨ, ਉਨ੍ਹਾਂ ਦੀ ਪੂਰਤੀ ਹੋ ਸਕੇ।

Namdhari Elibrary NamdhariElibrary@gmail.com

ਅਧਿਆਇ 16

# ਕਲ ਕਲੇਸ਼ ਤੇ ਨਵੇਂ ਸੰਕਟ

## ਬਾਬਾ ਜੈਮਲ ਸਿੰਘ ਮਾਂਗੇ ਦੀ ਸਤਿਗੁਰੂ ਜੀ ਨਾਲ ਹੋਈ ਵਾਰਤਾਲਾਪ

ਜਦੋਂ ਸਤਿਗੁਰੂ ਪਰਤਾਪ ਸਿੰਘ ਜੀ ਇਸ ਜੀਵਨ ਨਗਰ ਵਾਲੀ ਜ਼ਮੀਨ ਦਾ ਸੌਦਾ ਕਰ ਰਹੇ ਸਨ ਅਤੇ ਸਿੱਖਾਂ ਵੱਲੋਂ ਵੀ ਕੁਝ ਰਕਮਾਂ ਆਪਣਾ ਹਿੱਸਾ ਰਾਖਵਾਂ ਕਰਨ ਲਈ ਦਿੱਤੀਆਂ ਜਾ ਰਹੀਆਂ ਸਨ ਤਾਂ ਬਾਬਾ ਜੈਮਲ ਸਿੰਘ ਮਾਂਗਾ ਨੇ ਜੋ ਬਚਨ ਸਤਿਗੁਰੂ ਪਰਤਾਪ ਸਿੰਘ ਜੀ ਨਾਲ ਕੀਤੇ ਸਨ, ਉਹਨਾਂ ਨੂੰ ਏਥੇ ਦੁਹਰਾਉਣਾ ਜ਼ਰੂਰੀ ਪ੍ਰਤੀਤ ਹੁੰਦਾ ਹੈ। ਇਸ ਗੱਲਬਾਤ ਤੋਂ ਸਤਿਗੁਰੂ ਜੀ ਦਾ ਸਿੱਖਾਂ ਪ੍ਰਤੀ ਸਨੇਹ ਤੇ ਆਪਣਾ ਨਿੱਜੀ ਦ੍ਰਿਸ਼ਟੀਕੋਣ ਭਲੀਭਾਂਤ ਉਜਾਗਰ ਹੋ ਜਾਂਦਾ ਹੈ। "1947 ਈ. ਦੇ ਬਸੰਤ ਦੇ ਮੇਲੇ ਸਮੇਂ ਸੱਚੇ ਪਾਤਸ਼ਾਹ ਜੀ ਮੀਆਂ ਮੀਰ ਵਾਲੀ ਛੋਟੀ ਕੋਠੀ ਵਿੱਚ ਲਾਹੌਰ ਧੁੱਪੇ ਬੈਠੇ ਸਨ। ਬਾਬਾ ਜੈਮਲ ਸਿੰਘ ਜੀ ਮਾਂਗਾ ਜਿਨ੍ਹਾਂ ਦੀ ਅਕਾਲ ਪੁਰਖ ਨਾਲ ਲਿਵ ਲਗੀ ਰਹਿੰਦੀ ਸੀ ਆਏ, ਸੱਚੇ ਪਾਤਸ਼ਾਹ ਨੂੰ ਨਮਸਕਾਰ ਕੀਤੀ ਅਤੇ ਵਹਿਮੀ ਜੀ ਦੇ ਸ਼ਬਦਾਂ ਵਿੱਚ ਜ਼ਮੀਨ ਬਾਰੇ ਇੰਜ ਅਰਜ ਕੀਤੀ, 'ਤੁਸੀਂ ਆਖਦੇ ਹੋ ਅਸਾਂ ਸਿੱਖਾਂ ਦੇ ਸੁੱਖ ਤੇ ਬਚਾਅ ਵਾਸਤੇ ਸੋਚ ਇਹ ਕੰਮ ਕੀਤਾ ਹੈ। ਮੈਨੂੰ ਗੋਬਿੰਦ ਜਣਾਉਂਦਾ ਹੈ, ਚੰਗਾ ਨਹੀਂ ਹੋਇਆ।' ਸਤਿਗੁਰੂ ਜੀ ਉੱਤਰ ਦਿੱਤਾ, 'ਮਨੋ ਭਲੇ ਨੂੰ ਭਲੀ ਸੋਚ ਕੁਰਨਾ ਚਾਹੀਦਾ ਹੈ, ਅਸਾਂ ਤਿਵੇਂ ਕੀਤਾ ਹੈ। ਪਰ ਸਭ ਚੰਗੇ ਜਾਂ ਮੰਦੇ ਪ੍ਰੋਗਰਾਮ ਉਸ ਕਰਤੇ ਰਾਮ ਦੇ ਹੱਥ ਹਨ।' ਤਾਂ ਬਾਬਾ ਜੈਮਲ ਸਿੰਘ ਰੋਣ ਲੱਗ ਪਿਆ ਤੇ ਕਿਹਾ ਸੁ, 'ਤੁਸੀਂ ਤੇ ਸੁਖ ਦਾ ਸਾਧਨ ਕੀਤਾ ਹੈ। ਇਹ ਸਿੱਖ ਆਪੋ ਵਿੱਚ ਲੜਨਗੇ, ਤੁਹਾਨੂੰ ਵੀ ਸਿਧੇ ਹੋਣਗੇ। ਤੁਹਾਡੀ ਤੇ ਸਿੱਖਾਂ ਦੀ ਆਪੋ ਵਿੱਚ ਸ਼ਰਧਾ ਨਹੀਂ ਰਹੇਗੀ। ਮੈਨੂੰ ਗੋਬਿੰਦ ਆਂਹਦਾ ਏ।' ਸੁਣ, ਸਤਿਗੁਰੂ ਜੀ ਬਚਨ ਕੀਤਾ, 'ਜੋ ਹੋਣਾ ਸੀ ਸੋ ਹੋ ਗਿਆ। ਜੋ ਸਿਰ ਪਵੇਗੀ, ਸਹਿ ਲਵਾਂਗੇ'।"

ਸੰਤ ਘਸੀਟਾ ਸਿੰਘ ਜੋ ਸਤਿਗੁਰੂ ਜੀ ਦੇ ਨਿਕਟ-ਵਰਤੀ ਸਿੱਖਾਂ ਵਿੱਚੋਂ ਸੀ ਅਤੇ ਜਿਸ ਨੂੰ ਜੀਵਨ ਨਗਰ ਦੀ ਕਾਰਮੁਖਤਾਰੀ ਸੌਂਪੀ ਗਈ ਸੀ, ਵੱਲੋਂ ਉਠਾਏ ਗਏ ਬਿਖਾਧ ਕਾਰਨ ਸਤਿਗੁਰੂ ਜੀ ਤੇ ਹੋਰ ਨਾਮਧਾਰੀ ਸਿੱਖਾਂ ਖਾਸ ਕਰਕੇ ਸੰਤ ਕੰਧਾਰਾ ਸਿੰਘ ਦੇ ਕੀਤੇ ਗਏ ਵਿਰੋਧ ਸਦਕਾ ਕਈ ਨਵੀਆਂ ਉਲਝਣਾਂ ਪੈਦਾ ਹੋ ਗਈਆਂ। ਪੰਜਾਬ ਦਾ ਮਸ਼ਹੂਰ ਅਖਾਣ ਹੈ — 'ਕੁਕੜ ਕਾਂ ਕੱਖੋਂ ਕਬੀਲਾ ਪਾਲਦਾ, ਜੱਟ ਮੈਂਹਿਆਂ ਸੰਸਾਰ ਕਬੀਲਾ ਗਾਲਦਾ।' ਦੋਹਾਂ ਧਿਰਾਂ ਦੇ ਜੱਟਾਂ ਦਾ ਵਿਰੋਧ ਇਥੋਂ ਤਾਈਂ ਵੱਧ ਗਿਆ ਕਿ ਗੱਲ

ਪੰਚਾਇਤਾਂ ਦੇ ਫੈਸਲੇ ਤੱਕ ਹੀ ਨਾ ਰਹੀ ਸਗੋਂ ਇਹ ਮਸਲਾ ਪੰਚਾਇਤਾਂ ਅਤੇ ਮੇਲਿਆਂ ਤੋਂ ਅੱਗੇ ਲੰਘ ਕੇ ਥਾਨਿਆਂ, ਕਚਿਹਰੀਆਂ ਅਤੇ ਕਤਲਾਂ ਤੱਕ ਜਾ ਪਹੁੰਚੀ। ਭਾਵੇਂ ਇੱਥੇ ਪੂਰੇ ਵੇਰਵੇ ਦੇਣ ਦੀ ਲੋੜ ਨਹੀਂ ਫਿਰ ਵੀ ਇਹ ਦਸਣਾ ਬੜਾ ਜ਼ਰੂਰੀ ਹੈ ਕਿ ਇਹਨਾਂ ਝਗੜਿਆਂ ਵਿੱਚ ਗੁਰੂ ਘਰ (ਸਤਿਗੁਰੂ ਪਰਤਾਪ ਸਿੰਘ ਜੀ, ਬਾਬਾ ਜਗਜੀਤ ਸਿੰਘ ਅਤੇ ਖਾਸ ਕਰਕੇ ਛੋਟੇ ਬਾਬਾ ਬੀਰ ਸਿੰਘ ਜੀ) ਨੂੰ ਵੀ ਵਲੇਟ ਲਿਆ ਗਿਆ।

ਘਸੀਟਾ ਸਿੰਘ ਨੂੰ ਜ਼ਮੀਨ ਸੰਤ ਨਗਰ ਵਿੱਚ ਅਲਾਟ ਹੋਈ ਸੀ। ਸਤਿਗੁਰੂ ਜੀ ਨੇ ਉਸ ਦੀ ਜ਼ਮੀਨ ਦਾ ਹਜ਼ਾਰਾ ਸਿੰਘ, ਸੰਤੋਖ ਸਿੰਘ ਨਾਲ ਤਬਾਦਲਾ ਕਰਵਾ ਕੇ ਹਾਰਨੀ ਭੇਜ ਦਿੱਤਾ ਕਿ ਕਿਸੇ ਤਰ੍ਹਾਂ ਇਹ ਗੱਲ ਟਲ ਜਾਵੇ। ਪਰ ਘਸੀਟਾ ਸਿੰਘ ਨੇ ਹੁਣ ਕੁਝ ਬਾਹਰਲੇ ਅਨਸਰਾਂ ਜੋ ਦਿਲੋਂ ਗੁਰੂ ਘਰ ਦੇ ਦੋਖੀ ਸਨ ਦੀ ਚੁੱਕ ਵਿੱਚ ਆ ਕੇ ਇਹ ਜ਼ਿੱਦ ਫੜ ਲਈ ਸੀ ਕਿ ਮੈਂ ਤਾਂ ਆਪਣੀ ਸੰਤ ਨਗਰ ਵਾਲੀ ਅਸਲੀ ਮਾਲਕੀ ਹੀ ਲੈਣੀ ਹੈ। ਵਧਦੀ-ਵਧਦੀ ਇਹ ਗੱਲ ਡਾਂਗ ਸੋਟਿਆਂ ਤੇ ਤੇਜ਼ਧਾਰ ਹਥਿਆਰਾਂ ਦੇ ਟਾਕਰੇ ਤੱਕ ਆ ਗਈ।

ਘਸੀਟਾ ਸਿੰਘ ਇਸ ਗੱਲ ਉੱਤੇ ਅੜਿਆ ਹੋਇਆ ਸੀ ਕਿ ਉਸਨੇ ਆਪਣੀ ਸੰਤ ਨਗਰ ਵਾਲੀ ਅਸਲੀ ਮਾਲਕੀ ਹੀ ਲੈਣੀ ਹੈ, ਜੋ ਹੁਣ ਹਰਦੀਪ ਸਿੰਘ ਤੇ ਗੁਰਬਖਸ਼ ਸਿੰਘ ਦੇ ਨਾਂ ਸੀ। ਘਸੀਟਾ ਸਿੰਘ ਪਹਿਲਾਂ ਹਰਦੀਪ ਸਿੰਘ ਤੇ ਗੁਰਬਖਸ਼ ਸਿੰਘ ਦੀ ਪੈਲੀ ਵਿੱਚੋਂ ਕਿੱਕਰ ਪਟਵਾ ਕੇ ਲੈ ਗਿਆ, ਫਿਰ ਕਾਨੂੰਗੋ ਤੇ ਪਟਵਾਰੀ ਨਾਲ ਲਿਆ ਕੇ ਉਸ ਜ਼ਮੀਨ ਵਿੱਚ ਕਿਲੀਆਂ ਗੱਡਣ ਲੱਗਾ। ਘਸੀਟਾ ਸਿੰਘ ਆਪਣੇ ਕੁਝ ਬੰਦੇ ਲਿਆ ਕੇ ਉਸ ਜ਼ਮੀਨ ਤੇ ਕਬਜ਼ਾ ਕਰਨ ਲਈ ਆ ਗਿਆ। ਦੂਜੇ ਬੰਨੇ, ਗੁਰਬਖਸ਼ ਸਿੰਘ ਵੱਲੋਂ ਕੰਧਾਰਾ ਸਿੰਘ ਸਮੇਤ ਕੁਝ ਹਮਾਇਤੀ ਆ ਜੁੜੇ। ਗੁਰਬਖਸ਼ ਸਿੰਘ ਦੇ ਪੁੱਤਰ ਸੰਤੋਖ ਸਿੰਘ ਨੇ ਸਤਿਗੁਰੂ ਜੀ ਦੇ ਅਰਦਾਸ ਕੀਤੀ ਕਿ ਸੱਚੇ ਪਾਤਸ਼ਾਹ ਘਸੀਟਾ ਸਿੰਘ ਤੁਹਾਡੀ ਕੀਤੀ ਵੰਡ ਨੂੰ ਤੋੜਨਾ ਚਾਹੁੰਦਾ ਹੈ। ਇਹ ਅਜਿਹਾ ਕਰ ਨਾ ਸਕੇ ਪਰ ਜਦੋਂ ਘਸੀਟਾ ਸਿੰਘ ਦੇ ਬੰਦੇ ਡਾਂਗ, ਸੋਟੇ ਅਤੇ ਬਰਛੇ ਲੈ ਕੇ ਆ ਗਏ ਤਾਂ ਕੰਧਾਰਾ ਸਿੰਘ ਨੇ ਉਸ ਨੂੰ ਵੰਗਾਰਿਆ। ਫਿਰ ਦੋਹਾਂ ਬੰਨਿਓਂ ਆਹਮਣੇ-ਸਾਹਮਣੇ ਡਾਂਗ, ਸੋਟੇ ਬਰਸਣ ਲੱਗੇ। ਤਰਨ ਸਿੰਘ ਵਹਿਮੀ ਅਤੇ ਕੁਝ ਹੋਰ ਬੰਦੇ ਲੜਾਈ ਨੂੰ ਰੋਕਣ ਦੀ ਕੋਸ਼ਿਸ਼ ਕਰ ਰਹੇ ਸਨ। ਪਰ ਆਹਮਣੇ-ਸਾਹਮਣੇ ਸਿੱਧੀ ਲੜਾਈ ਹੋਣ ਲੱਗੀ। ਇਸ ਵਿੱਚ ਦੋਹਾਂ ਧਿਰਾਂ ਦੇ ਬੰਦੇ ਜ਼ਖਮੀ ਹੋਏ। ਇਹ ਗੱਲ ਦੋਹਾਂ ਧਿਰਾਂ ਦੀਆਂ ਜ਼ਮਾਨਤਾਂ 'ਤੇ ਜਾ ਕੇ ਨਿਬੜੀ।

## ਘਸੀਟਾ ਸਿੰਘ ਦਾ ਕਤਲ

ਇਸ ਝਗੜੇ ਦੇ ਕਾਰਨ ਘਸੀਟਾ ਸਿੰਘ, ਜਿਸ ਦੀ ਸਿਹਤ ਹੁਣ ਕਾਫ਼ੀ ਕਮਜ਼ੋਰ ਪੈ ਗਈ ਸੀ, ਆਪਣਾ ਪੂਰਾ ਬੰਦੋਬਸਤ ਕਰਕੇ ਸੌਂਦਾ ਸੀ। 2 ਜੁਲਾਈ, 1958 ਈ. ਨੂੰ ਜਦੋਂ ਘਸੀਟਾ ਸਿੰਘ ਸੁੱਤਾ ਪਿਆ ਸੀ ਤਾਂ ਕੰਧਾਰਾ ਸਿੰਘ, ਜਿਸਨੂੰ ਕਦੇ ਘਸੀਟਾ ਸਿੰਘ ਨੇ ਮਿਹਣਾ ਵੀ ਮਾਰਿਆ ਸੀ, ਇਕੱਲਾ ਰਾਤ ਹਾਰਨੀ ਜਾ ਕੇ ਝਾੜੀਆਂ ਵਿੱਚ ਲੁਕਿਆ ਰਿਹਾ। ਮੌਕਾ ਵੇਖ ਕੇ ਜੁੱਤੀ ਲਾਹ ਕੇ, ਉਹ ਦੱਬੇ ਪੈਰੀਂ ਘਸੀਟਾ ਸਿੰਘ ਦੇ ਸਿਰਹਾਨੇ ਵੱਲ

Namdhari Elibrary NamdhariElibrary@gmail.com

ਜਾ ਖਲੋਤਾ ਅਤੇ ਪਿਸਤੌਲ ਦੇ ਦੋ ਵਾਰ ਉਸ ਦੇ ਸਿਰ ਵਿੱਚ ਕਰਕੇ ਉਥੋਂ ਅਫੌਪਲੇ ਹੀ ਖਿਸਕ ਗਿਆ। ਉਹ ਆਪਣੀ ਜੁੱਤੀ ਉੱਥੇ ਹੀ ਛੱਡ ਗਿਆ ਸੀ। ਸ਼ਾਇਦ ਉਸਦੀ ਇਹ ਮਨਸ਼ਾ ਸੀ ਕਿ ਜੇਕਰ ਪਰਚਾ ਹੋਵੇ ਤਾਂ ਉਸਦੇ ਇਕੱਲੇ ਉੱਤੇ ਦਰਜ ਹੋਵੇ। ਪਰ ਕਤਲਾਂ ਦੇ ਕੇਸ ਵਿੱਚ ਪਰਚਾ ਦੇਣ ਸਮੇਂ ਵਾਰਦਾਤ ਨੂੰ ਤੋੜ-ਮਰੋੜ ਕੇ ਵਿਰੋਧੀ ਧਿਰ ਦੇ ਬੰਦਿਆਂ ਨੂੰ ਵਿੱਚ ਸ਼ਾਮਿਲ ਕਰ ਲਿਆ ਜਾਂਦਾ ਹੈ। ਭਾਵੇਂ ਇਹ ਕਤਲ ਇਕੱਲੇ ਕੰਧਾਰਾ ਸਿੰਘ ਨੇ ਕੀਤਾ ਸੀ, ਪਰ ਫਿਰ ਵੀ ਪਰਚਾ ਦੇਣ ਸਮੇਂ ਕੰਧਾਰਾ ਸਿੰਘ, ਅਵਤਾਰ ਸਿੰਘ, ਗੁਰਦੀਪ ਸਿੰਘ ਅਤੇ ਅਮਰ ਸਿੰਘ ਦੇ ਨਾਂ ਲਿਖਾਏ ਗਏ ਕਿ ਇਹਨਾਂ ਨੇ ਰਲ ਕੇ ਇਹ ਕਤਲ ਕੀਤਾ ਹੈ ਅਤੇ ਬਾਬਾ ਬੀਰ ਸਿੰਘ ਨੂੰ ਇਹਨਾਂ ਨੂੰ ਕਾਰ ਵਿੱਚ ਬਿਠਾ ਕੇ ਲੈ ਕੇ ਜਾਂਦੇ ਹੋਏ ਵੇਖਿਆ ਗਿਆ ਹੈ। ਇਹ ਕਤਲ ਦਾ ਮੁਕੱਦਮਾ ਪਹਿਲਾਂ ਸਰਸੇ ਦੀ ਅਦਾਲਤ ਵਿੱਚ ਚਲਦਾ ਰਿਹਾ ਅਤੇ ਫਿਰ ਫ਼ਿਰੋਜ਼ਪੁਰ ਦੇ ਸੈਸ਼ਨ ਕੋਰਟ ਵਿੱਚ ਬਦਲ ਦਿੱਤਾ ਗਿਆ। ਇਸ ਵਿੱਚ ਹੋਰਨਾਂ ਦੇ ਨਾਲ ਬਾਬਾ ਬੀਰ ਸਿੰਘ ਨੂੰ ਵੀ ਲਗਭਗ ਅੱਠ ਮਹੀਨੇ ਜੇਲ੍ਹ ਵਿੱਚ ਰਹਿਣਾ ਪਿਆ। ਵੱਡੇ ਬਾਬਾ ਜਗਜੀਤ ਸਿੰਘ ਜੀ ਇਸ ਕੇਸ ਦੀ ਪੈਰਵੀ ਵਿੱਚ ਲਗਾਤਾਰ ਏਧਰੋਂ ਉਧਰ ਜਾਂਦੇ ਹੋਇਆਂ ਰਾਤ ਦਿਨ ਇੱਕ ਕਰ ਦਿੱਤਾ।

ਬਾਬਾ ਬੀਰ ਸਿੰਘ ਜੀ ਨੂੰ ਰਿਹਾਅ ਕਰਵਾਉਣ ਲਈ ਸਤਿਗੁਰੂ ਪਰਤਾਪ ਸਿੰਘ ਜੀ ਨੇ ਵੀ ਉਸ ਸਮੇਂ ਦੇ ਦਿੱਲੀ ਦੇ ਵੱਡੇ ਕਾਂਗਰਸੀ ਹਾਕਮਾਂ ਨੂੰ ਜਾ ਕੇ ਕਿਹਾ ਪਰ ਉਨ੍ਹਾਂ ਦੇ ਯਤਨ ਵੀ ਨਿਰਾਸਤਾ ਵਿੱਚ ਹੀ ਮੁੱਕਦੇ ਰਹੇ। ਸਤਿਗੁਰੂ ਜੀ ਨੂੰ ਆਸ ਸੀ ਕਿ ਜਿਹਨਾਂ ਕਾਂਗਰਸੀ ਨੇਤਾਵਾਂ ਨਾਲ ਉਹਨਾਂ ਨੇ ਮੋਢੇ ਨਾਲ ਮੋਢਾ ਜੋੜ ਕੇ ਆਜ਼ਾਦੀ ਲਈ ਸੰਘਰਸ਼ ਕੀਤਾ ਹੈ, ਉਹ ਜ਼ਰੂਰ ਉਹਨਾਂ ਦੀ ਗੱਲ ਸੁਣਨਗੇ। ਪਰ ਜਦੋਂ ਆਪ ਨੇ ਜਾ ਕੇ ਪੰਡਿਤ ਜਵਾਹਰ ਲਾਲ ਅਤੇ ਪਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਪੰਜਾਬ ਨੂੰ ਬਾਬਾ ਬੀਰ ਸਿੰਘ ਜੀ ਦੇ ਇਸ ਕਤਲ ਨਾਲ ਕੋਈ ਵੀ ਸੰਬੰਧ ਨਾ ਹੋਣ ਬਾਰੇ ਦੱਸਿਆ ਤਾਂ ਸਭ ਵੱਲੋਂ ਕੋਰਾ ਜਵਾਬ ਹੀ ਦਿੱਤਾ ਗਿਆ, ਇੱਥੋਂ ਤੱਕ ਕਿ ਮਹਾਰਾਜ ਨਿਹਾਲ ਸਿੰਘ ਜੀ ਵੀ ਇਸ ਸੰਬੰਧ ਵਿੱਚ ਮੂੰਹ ਫੇਰ ਗਏ। ਇਸ ਸਾਰੇ ਪਿਛੋਕੜ ਵਿੱਚ ਰਾਜਨੀਤਕ ਵਿਗੜ ਚੱਕਰ ਹੀ ਜ਼ਿੰਮੇਵਾਰ ਸੀ, ਜੁ ਵੋਟਾਂ ਦੀ ਰਾਜਨੀਤੀ ਕਈ ਰੰਗ ਕਰ ਵਿਖਾਉਂਦੀ ਹੈ। ਸਤਿਗੁਰੂ ਜੀ ਦੇ ਇਸ ਸਮੇਂ ਦੇ ਕਾਂਗਰਸ ਬਾਰੇ ਪ੍ਰਤੀਕਰਮ ਕੁਝ ਏਸ ਤਰ੍ਹਾਂ ਸਨ : "ਮੈਂ ਕੈਰੋਂ ਤੇ ਜਵਾਹਰ ਲਾਲ ਨਾਲ ਅਫਸੋਸ ਇਸ ਲਈ ਕਰਦਾ ਹਾਂ ਕਿ ਮੈਂ ਮੁੱਢੋਂ ਇਹਨਾਂ ਨਾਲ ਚੰਗਾ ਵਰਤਿਆ ਹਾਂ। ਜਦ ਮੈਨੂੰ ਕੰਮ ਪਿਆ ਹੈ ਤਾਂ ਇਹ ਉਲਟ ਚੱਲੇ ਹਨ। ਭਾਵੇਂ ਕਿੰਨਾ ਹੀ ਨਹਿਰੂ ਤੋਂ ਨਰਾਜ਼ ਹਾਂ, ਮੇਰੇ ਸਾਹਮਣੇ ਕੋਈ ਕਹੇ ਤੇ ਸਹੀ ਜਵਾਹਰ ਲਾਲ ਲੜਾਈ ਦਾ ਹਾਮੀ ਹੈ। ਮੈਂ ਮੂੰਹ ਬੰਦ ਉਸ ਦਾ ਕਰ ਸਕਦਾ ਹਾਂ। ਨਹਿਰੂ ਨੂੰ ਚਾਹੀਦਾ ਸੀ ਕਿ ਮੇਰੇ ਨਾਲ ਕੀਤੀ ਜ਼ਬਾਨੋਂ ਨਾ ਪਰਤਦਾ ਤੇ ਕਹਿੰਦਾ ਮੈਂ ਮਜਬੂਰ ਹਾਂ, ਤੂੰ ਗੁੱਸਾ ਨਾ ਕਰ। ਇੱਕ ਗੁਣ ਹੀ ਪ੍ਰੀਤ ਵਾਲੇ ਦਾ ਹਿਰਦੇ ਲੈ ਰੱਖੀਏ ਤਾਂ ਭੀ ਪਿਆਰ ਦਾ ਕੁਝ ਰਹਿ ਜਾਂਦਾ ਏ।"[1]

---

[1] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ-6, ਪੰਨਾ 289-90.

Namdhari Elibrary NamdhariElibrary@gmail.com

ਘਸੀਟਾ ਸਿੰਘ ਦੇ ਕਤਲ ਦੇ ਮੁਕੱਦਮੇ ਦਾ ਫੈਸਲਾ ਫ਼ਿਰੋਜ਼ਪੁਰ ਸੈਸ਼ਨ ਜੱਜ ਵੱਲੋਂ 27 ਅਪ੍ਰੈਲ, 1959 ਨੂੰ ਸੁਣਾਇਆ ਗਿਆ। ਇਸ ਫੈਸਲੇ ਅਨੁਸਾਰ ਬਾਬਾ ਬੀਰ ਸਿੰਘ ਜੀ ਨੂੰ ਬਰੀ ਕਰ ਦਿੱਤਾ ਗਿਆ, ਕੰਧਾਰਾ ਸਿੰਘ ਤੇ ਗੁਰਦੀਪ ਸਿੰਘ ਨੂੰ ਫਾਂਸੀ ਦੀ ਸਜਾ ਹੋਈ ਅਤੇ ਅਮਰ ਸਿੰਘ ਤੇ ਅਵਤਾਰ ਸਿੰਘ ਨੂੰ 20-20 ਸਾਲ ਦੀ ਕੈਦ ਹੋਈ।

ਬਾਬਾ ਬੀਰ ਸਿੰਘ ਨੂੰ ਆਪਣੀ ਰਿਹਾਈ ਦੀ ਓਨੀ ਖੁਸ਼ੀ ਨਾ ਹੋਈ, ਜਿੰਨਾ ਨਿਰਦੋਸ਼ ਬੰਦਿਆਂ ਦਾ ਇਸ ਕਤਲ ਨਾਲ ਕੋਈ ਸੰਬੰਧ ਨਹੀਂ ਸੀ, ਬਾਰੇ ਦੁੱਖ ਹੋਇਆ। ਇਥੋਂ ਤੱਕ ਕਿ ਸਤਿਗੁਰੂ ਪਰਤਾਪ ਸਿੰਘ ਜੀ ਵੀ ਗੁਰਦੀਪ ਸਿੰਘ ਦੀ ਫਾਂਸੀ ਦੀ ਸਜ਼ਾ ਸੁਣ ਕੇ ਹਮਦਰਦੀ ਵਿੱਚ ਭਿੱਜ ਕੇ ਵੈਰਾਗਵਾਨ ਹੋ ਗਏ।

## ਸਤਿਗੁਰੂ ਜੀ ਰਾਜਨੀਤਕ ਵਿਯੂ-ਚੱਕਰ ਦੇ ਘੇਰੇ ਵਿੱਚ

ਜਦੋਂ ਭਾਰਤ ਦੀ ਆਜ਼ਾਦੀ ਦਾ ਸੰਗਰਾਮ ਚੱਲ ਰਿਹਾ ਸੀ ਤਾਂ ਸਾਰੀਆਂ ਰਾਜਨੀਤਕ ਪਾਰਟੀਆਂ ਇਸ ਨਿਸ਼ਾਨੇ ਦੀ ਪੂਰਤੀ ਲਈ ਰਲ-ਮਿਲ ਕੇ ਘੋਲ ਕਰ ਰਹੀਆਂ ਸਨ। 1952 ਵਿੱਚ ਚੋਣਾਂ ਦੁਆਰਾ ਦੇਸ਼ ਦੀ ਰਾਜਨੀਤਕ ਸੱਤਾ ਅਤੇ ਸੂਬੇ ਦੀ ਰਾਜਨੀਤੀ ਉੱਤੇ ਕਬਜ਼ਾ ਕਰਨ ਲਈ ਰਾਜਨੀਤਕ ਪਾਰਟੀਆਂ ਵਿਚਕਾਰ ਜ਼ੋਰ ਅਜਮਾਈ ਕਰਨ ਅਤੇ ਚੋਣਾਂ ਜਿੱਤਣ ਲਈ ਕਈ ਵੈਰ-ਵਿਰੋਧ ਵੀ ਉਭਰ ਕੇ ਸਾਹਮਣੇ ਆ ਗਏ। ਸਤਿਗੁਰੂ ਪਰਤਾਪ ਸਿੰਘ ਜੀ ਚਾਹੁੰਦੇ ਸਨ ਕਿ ਜਿਸ ਤਰ੍ਹਾਂ ਸਾਰੀਆਂ ਰਾਜਸੀ ਪਾਰਟੀਆਂ ਨੇ ਕੁਰਬਾਨੀਆਂ ਦੇ ਕੇ ਆਜ਼ਾਦੀ ਹਾਸਲ ਕੀਤੀ ਹੈ ਤਾਂ ਦੇਸ਼ ਦੀ ਵਾਗਡੋਰ ਵੀ ਸੱਚੇ-ਸੁੱਚੇ ਪ੍ਰਤੀਨਿਧਾਂ ਦੇ ਹੱਥਾਂ ਵਿੱਚ ਹੀ ਆਉਣੀ ਚਾਹੀਦੀ ਹੈ। ਤਾਂ ਜੋ ਲੋਕਾਂ ਨੂੰ ਲੋਕ-ਰਾਜ ਤੇ ਆਜ਼ਾਦੀ ਦਾ ਅਨੰਦ ਮਾਣਦੇ ਹੋਏ ਸਮਾਜਿਕ ਨਿਆਂ ਮਿਲ ਸਕੇ ਅਤੇ ਦੇਸ਼ ਦਾ ਸਹੀ ਦਿਸ਼ਾ ਵਿੱਚ ਆਰਥਿਕ ਸਮਾਜਿਕ ਤੇ ਸਭਿਆਚਾਰਕ ਵਿਕਾਸ ਹੋ ਸਕੇ ਤੇ ਆਮ ਜਨਤਾ ਨੂੰ ਸਹੂਲਤਾਂ ਮਿਲ ਸਕਣ। ਪੰਡਿਤ ਜਵਾਹਰ ਲਾਲ, ਡਾ. ਰਾਜਿੰਦਰ ਪ੍ਰਸ਼ਾਦ, ਮੌਲਾਨਾ ਅਬੁਲ ਕਲਾਮ ਆਜ਼ਾਦ ਅਤੇ ਸ੍ਰੀ ਵਲਭ ਭਾਈ ਪਟੇਲ ਨੇ ਜਨਤਕ ਖੇਤਰ ਨੂੰ ਆਧਾਰ ਬਣਾ ਕੇ ਪੰਜ ਸਾਲਾ ਯੋਜਨਾਵਾਂ ਲਈ ਯੋਜਨਾ ਕਮੀਸ਼ਨ ਕਾਇਮ ਕੀਤਾ।

## 1952 ਦੀਆਂ ਚੋਣਾਂ

1952 ਦੀਆਂ ਚੋਣਾਂ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਨੇ ਸ੍ਰੀ ਸ਼ਿਵਕਰਨ ਜੋ ਸਤਿਗੁਰੂ ਜੀ ਦੇ ਦਰਸ਼ਨ ਕਰਨ ਵੀ ਆਉਂਦਾ ਰਹਿੰਦਾ ਸੀ ਅਤੇ ਨੇਕ ਤੇ ਸਚਿਆਰਾ ਮਨੁੱਖ ਸੀ ਸਤਿਗੁਰੂ ਜੀ ਨੇ ਉਸ ਦੇ ਕਹਿਣ ਉੱਤੇ ਉਸਨੂੰ ਚੋਣਾਂ ਵਿੱਚ ਸਹਾਇਤਾ ਕਰਨ ਦਾ ਬਚਨ ਦੇ ਦਿੱਤਾ। ਇਸ ਚੋਣਾਂ ਦੇ ਭੇੜ ਵਿੱਚ ਚੌਧਰੀ ਦੇਵੀ ਲਾਲ ਵੀ ਉਮੀਦਵਾਰ ਸੀ। ਚੌਧਰੀ ਦੇਵੀ ਲਾਲ ਇਸ ਇਲਾਕੇ ਨੂੰ ਆਪਣੇ ਅਸਰ ਰਸੂਖ ਵਾਲਾ ਇਲਾਕਾ ਮੰਨਦਾ ਸੀ ਅਤੇ ਉਪਰਲੇ ਕਾਂਗਰਸੀ ਆਗੂਆਂ ਨਾਲ ਵੀ ਉਸ ਦੀ ਗੰਢ-ਤੁਪ ਸੀ। ਮਹਾਰਾਜ ਨਿਹਾਲ ਸਿੰਘ ਜੀ ਚੌਧਰੀ ਦੇਵੀ ਲਾਲ ਦੀ ਮੱਦਦ ਕਰ ਰਹੇ ਸਨ। ਪਰ ਸਤਿਗੁਰੂ ਪਰਤਾਪ ਸਿੰਘ ਜੀ ਨੇ ਮਹਾਰਾਜ ਨਿਹਾਲ ਸਿੰਘ ਜੀ ਨੂੰ ਇਹ ਸਪੱਸ਼ਟ ਤੌਰ

ਤੇ ਕਹਿ ਦਿੱਤਾ ਸੀ ਕਿ ਅਸੀਂ ਦੇਵੀ ਲਾਲ ਦੀ ਮੱਦਦ ਨਹੀਂ ਕਰਨੀ। ਚੌਧਰੀ ਦੇਵੀ ਲਾਲ ਬਾਰੇ ਸਤਿਗੁਰੂ ਜੀ ਦੇ ਵਿਚਾਰ ਤਰਨ ਸਿੰਘ ਵਹਿਮੀ ਨੇ *ਜੱਸ ਜੀਵਨ* ਵਿੱਚ ਇਸ ਤਰ੍ਹਾਂ ਅੰਕਿਤ ਕੀਤੇ ਹਨ : [1]"ਅਸਾਂ ਚੌਟਾਲੇ ਦੇ ਦੇਵੀ ਲਾਲ, ਸਾਹਿਬ ਰਾਮ ਨੂੰ ਵੋਟ ਨਹੀਂ ਦੇਣੀ ਪਰ ਹੋਰ ਜਿਸਨੂੰ ਕਹੋ ਆਪਦਾ ਅਖਤਿਆਰ ਹੈ। ਤੇ ਕਹਿ ਆਏ ਸੀ ਦੇਵੀ ਲਾਲ ਨੇ ਹਿੰਦੂ ਹੋ, ਤੁਰਕਾਂ ਦੀ ਮੱਦਦ ਇੱਕ ਬੁੱਚੜ-ਖਾਨਾ ਲਵਾਉਣ ਵਿੱਚ ਕੀਤੀ ਤੇ ਕੂਕੂਵਾਲਿਆਂ ਨੂੰ ਹੱਕਸੂਲਾ ਕਰਨ ਲਈ ਭੀ ਚੁੱਕਣਾਂ ਦਿੰਦਾ ਰਿਹਾ ਅਤੇ ਅਜੇ ਵੀ ਦਿੰਦਾ ਹੈ। ਜ਼ਮੀਨ ਜਲੰਧਰੋਂ ਸਿੱਖਾਂ ਦੀ ਕਢਾ ਹੋਰ ਪਾਸੀਂ ਪਵਾਉਂਦਾ ਰਿਹਾ ਹੈ। ਸਾਡੇ ਖਿਲਾਫ ਚੋਰੀ ਚੋਰੀ ਜਾ ਕੇ ਹਾਰੇ ਹੋਏ ਸਿੱਖਾਂ ਨਾਲ ਹੋ, ਮੇਰੇ ਖਿਲਾਫ ਉਪਰਲੇ ਵਜ਼ੀਰ ਹਾਕਮਾਂ ਨੂੰ ਸ਼ਿਕਾਇਤਾਂ ਝੂਠੀਆਂ ਪੁਚਾਉਂਦਾ ਏ। ਉਹ ਚੌਧਰ ਦੇ ਲਾਲਚ ਨੂੰ ਕਈ ਕੂੜੇ ਯਤਨ ਕਰਦਾ ਏ। ਤੇ ਚੌਟਾਲੇ ਦੇ ਹੀ ਸ਼ਿਵਕਰਨ ਨੂੰ ਸਤਿਗੁਰੂ ਜੀ ਜੀਵਨ ਨਗਰ ਇਸ ਸਮੇਂ ਤੋਂ ਪਹਿਲਾਂ ਆਏ ਨੂੰ ਕਿਹਾ ਸੀ ਤੈਨੂੰ ਵੋਟਾਂ ਦੀ ਮੱਦਦ ਦੇਵਾਂਗੇ।"

[2]"ਚੋਣਾਂ ਤੋਂ ਕੁਝ ਸਮਾਂ ਪਹਿਲਾਂ ਸਤਿਗੁਰੂ ਜੀ ਸਿਆਮ (ਥਾਈਲੈਂਡ) ਚਲੇ ਗਏ ਅਤੇ ਜਾਣ ਲੱਗੇ ਹੁਕਮ ਦੇ ਗਏ ਕਿ ਵੋਟਾਂ ਚੌਧਰੀ ਸ਼ਿਵਕਰਨ ਨੂੰ ਦੇਣੀਆਂ ਹਨ, ਪਰ ਜੇਕਰ ਮਹਾਰਾਜ ਨਿਹਾਲ ਸਿੰਘ ਜੀ ਆ ਜਾਣ ਤਾਂ ਤਦ ਉਨ੍ਹਾਂ ਦੇ ਆਖਣ ਅਨੁਸਾਰ ਇਹ ਕੰਮ ਕੀਤਾ ਜਾਵੇ।"

ਸਾਰੀ ਸਾਧ ਸੰਗਤ ਚੌਧਰੀ ਸ਼ਿਵਕਰਨ ਸਿੰਘ ਵਾਸਤੇ ਤਿਆਰ ਸੀ, ਪਰ ਮਹਾਰਾਜ ਨਿਹਾਲ ਸਿੰਘ ਜੀ ਨੂੰ ਮਜਬੂਰ ਕਰਕੇ ਜੀਵਨ ਨਗਰ ਭੇਜਿਆ ਗਿਆ ਅਤੇ ਉਨ੍ਹਾਂ ਆ ਕੇ ਹੁਕਮ ਦਿੱਤਾ ਕਿ ਵੋਟਾਂ ਚੌਧਰੀ ਦੇਵੀ ਲਾਲ ਨੂੰ ਪਾਉਣੀਆਂ ਹਨ। ਕਿਉਂਕਿ ਸ੍ਰੀ ਸਤਿਗੁਰੂ ਜੀ ਹੁਕਮ ਦੇ ਗਏ ਸਨ ਕਿ ਜਿਧਰ ਮਹਾਰਾਜ ਜੀ ਆਖਣ ਉਧਰ ਵੋਟ ਪਾਉਣੇ। ਇਸ ਕਰਕੇ ਨਾਮਧਾਰੀ ਸਾਧ ਸੰਗਤ ਨੇ ਮਨ ਭਾਵੇਂ ਕਿਤਨੀ ਤਕਲੀਫ ਮੰਨੀ, ਪਰ ਵੋਟ ਦੇਵੀ ਲਾਲ ਨੂੰ ਪਾ ਦਿੱਤੇ। ਇਸ ਤੇ ਦੇਵੀ ਲਾਲ ਪੰਜਾਬ ਅਸੈਂਬਲੀ ਵਾਸਤੇ ਚੁਣ ਲਿਆ ਗਿਆ।"

ਸਿਆਮ ਤੋਂ ਵਾਪਸ ਆ ਕੇ ਸਤਿਗੁਰੂ ਜੀ ਨੇ ਜੀਵਨ ਨਗਰ ਜਾਣ ਤੋਂ ਨਾਂਹ ਕਰ ਦਿੱਤੀ। ਇਸੇ ਚੋਣ ਵਿੱਚ ਲੋਕ ਸਭਾ ਦੇ ਫ਼ਾਜ਼ਿਲਕਾ ਹਲਕੇ ਤੋਂ ਸ. ਆਤਮਾ ਸਿੰਘ ਚੁਣਿਆ ਗਿਆ। ਕੁਝ ਪਤਵੰਤੇ ਸਿੰਘਾਂ ਨੇ ਭੈਣੀਵਾਲੀ ਜਾ ਕੇ ਚੌਧਰੀ ਸ਼ਿਵਕਰਨ ਨੂੰ ਨਾਲ ਦਿੱਲੀ ਲਿਜਾ ਕੇ ਸਤਿਗੁਰੂ ਜੀ ਨੂੰ ਜੀਵਨ ਨਗਰ ਦਰਸ਼ਨ ਦੇਣ ਲਈ ਮਨਾ ਲਿਆ। ਇਸ ਚੋਣ ਸਮੇਂ ਸ. ਆਤਮਾ ਸਿੰਘ ਜੋ ਸਤਿਗੁਰੂ ਜੀ ਦੇ ਨਿਕਟਵਰਤੀ ਸੇਵਕਾਂ ਵਿੱਚੋਂ ਸੀ ਸਤਿਗੁਰੂ ਜੀ ਦੇ ਸਨਮੁੱਖ ਹੋ ਕੇ ਕੁਝ ਵੀ ਬੋਲ ਨਾ ਸਕਿਆ। ਪਰ ਸਤਿਗੁਰੂ ਜੀ ਦੇ ਵਿਸ਼ਾਲ ਹਿਰਦੇ ਦੀ ਉਦਾਰਤਾ ਨੇ ਪਿੱਛੋਂ ਮਹਾਰਾਜ ਨਿਹਾਲ ਸਿੰਘ ਤੇ ਆਤਮਾ ਸਿੰਘ ਦੀ ਵੀ ਬਖਸ਼ ਬੰਦੀ ਕਰ ਦਿੱਤੀ। ਪਰ ਚੌਧਰੀ ਦੇਵੀ ਲਾਲ ਤੇ ਸ. ਪਰਤਾਪ ਸਿੰਘ ਕੈਰੋਂ ਦੀ ਨੇਤਾਗੀ, ਸਮਾਂ ਪਾ ਕੇ, ਸਤਿਗੁਰੂ ਜੀ ਲਈ ਕਈ ਉਲਝਣਾਂ ਲਗਾਤਾਰ ਪੈਦਾ ਕਰਦੀ ਰਹੀ।

[1] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ-5, ਪੰਨਾ 303.

[2] ਮਹਾਰਾਜ ਬਾਬਾ ਬੀਰ ਸਿੰਘ, *ਨਾਮਧਾਰੀ ਅਤੇ ਕਾਂਗਰਸ*, ਪੰਨਾ 54.

Namdhari Elibrary NamdhariElibrary@gmail com

1957 ਈ. ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਮੁੜ 1952 ਦੀਆਂ ਚੋਣਾਂ ਵਾਲੀ ਗੱਲ ਹੀ ਦੁਹਰਾਈ ਗਈ। ਕਈ ਕਾਰਨਾਂ ਕਰਕੇ ਚੌਧਰੀ ਦੇਵੀ ਲਾਲ ਨੂੰ ਟਿਕਟ ਨਾ ਮਿਲ ਸਕੀ ਤੇ ਉਸਨੇ ਆਪਣੇ ਵੱਲੋਂ ਕਾਂਗਰਸ ਦੀ ਟਿਕਟ ਸੰਤ ਲਾਲ ਨੂੰ ਦਵਾ ਦਿੱਤੀ। ਦੂਜੇ ਬੰਨੇ ਵੈਦ ਰਾਮ ਦਿਆਲ ਨੇ ਇਹ ਚੋਣ ਆਜ਼ਾਦ ਉਮੀਦਵਾਰ ਵਜੋਂ ਲੜੀ ਸੀ ਤੇ ਉਹ ਜਿੱਤ ਗਿਆ। ਪੁਸਤਕ 'ਨਾਮਧਾਰੀ ਅਤੇ ਕਾਂਗਰਸ' ਵਿੱਚ ਇਸ ਘਟਨਾ ਦਾ ਇਸ ਤਰ੍ਹਾਂ ਵਰਣਨ ਕੀਤਾ ਗਿਆ ਹੈ :-

ਇਸ ਸਮੇਂ ਸ. ਪਰਤਾਪ ਸਿੰਘ ਕੈਰੋਂ ਪੰਜਾਬ ਦੇ ਮੁੱਖ ਮੰਤਰੀ ਬਣ ਚੁੱਕੇ ਸਨ। ਉਹ ਚੌਧਰੀ ਦੇਵੀ ਲਾਲ ਨੂੰ ਟਿਕਟ ਦਿਵਾਉਣਾ ਚਾਹੁੰਦੇ ਸਨ ਅਤੇ ਸਰਬ ਸਮਰੱਥ ਵੀ ਸਨ ਪਰ ਉਨ੍ਹਾਂ ਦੀ ਇੱਛਾ ਇਸ ਕਰਕੇ ਪੂਰੀ ਨਾ ਹੋ ਸਕੀ ਕਿਉਂ ਜੁ ਚੌਧਰੀ ਦੇਵੀ ਲਾਲ ਉੱਤੇ ਬਿਨਾਂ ਟਿਕਟ ਰੇਲ ਦੇ ਸਫ਼ਰ ਕਰਨ ਬਾਰੇ ਅਤੇ ਦੋਸ਼ੀ ਹੋਣ ਬਾਰੇ ਗੱਲ ਆਮ ਹੋ ਗਈ ਸੀ। ਦੂਜੇ, ਵੈਦ ਰਾਮ ਦਿਆਲ ਆਜ਼ਾਦ ਉਮੀਦਵਾਰ ਜਿੱਤ ਗਿਆ ਅਤੇ ਕਾਂਗਰਸੀ ਉਮੀਦਵਾਰ ਸੰਤ ਲਾਲ ਹਾਰ ਗਿਆ। ਵੈਦ ਰਾਮ ਦਿਆਲ ਜੀ ਦੀ ਕਾਂਗਰਸ ਵਿੱਚ ਬੜੀ ਸੇਵਾ ਸੀ, ਉਸ ਉੱਤੇ ਜਨਸੰਘ ਦੇ ਹਮਦਰਦ ਹੋਣ ਦਾ ਵਿਰੋਧੀਆਂ ਵਲੋਂ ਦੋਸ਼ ਲਾਇਆ ਗਿਆ ਸੀ ਪਰ ਵੈਦ ਜੀ ਆਪ ਕਿਹਾ ਕਰਦੇ ਸਨ ਕਿ ਉਹ ਕਾਂਗਰਸ ਦੇ ਖੱਬੇ ਪੱਖ ਦੇ ਹਮਾਇਤੀ ਸਨ। ਚੌਧਰੀ ਦੇਵੀ ਲਾਲ ਅਤੇ ਮੁੱਖ ਮੰਤਰੀ ਪੰਜਾਬ ਲਈ ਇਹ ਇੱਕ ਵਕਾਰ ਦਾ ਸਵਾਲ ਬਣ ਚੁੱਕਾ ਸੀ, ਇਸ ਲਈ ਇਹ ਸਤਿਗੁਰੂ ਪਰਤਾਪ ਸਿੰਘ ਜੀ ਨਾਲ ਜਿਨ੍ਹਾਂ ਦਾ ਇਸ ਇਲਾਕੇ ਵਿੱਚ ਹੀ ਨਹੀਂ ਸਗੋਂ ਸਾਰੇ ਥਾਵਾਂ ਤੇ ਪ੍ਰਤਾਪ ਸੀ, ਨਾਲ ਫਿਰ ਟੱਕਰ ਉੱਤੇ ਤੁਲ ਗਏ।

## ਇੱਕ ਨਿਰਭੈ ਥਾਣੇਦਾਰ ਦੀ ਵਾਰਤਾ

"ਇੱਕ ਸਿੱਖ ਥਾਣੇਦਾਰ ਜੋ ਦੇਵੀ ਲਾਲ ਦਾ ਅਨੁਚਿਤ ਦਬਾਉ ਸਹਿਨ ਨਹੀਂ ਸੀ ਕਰਦਾ ਉਸਦੀ ਸ਼ਿਕਾਇਤ ਮੁੱਖ ਮੰਤਰੀ ਸ੍ਰ. ਪ੍ਰਤਾਪ ਸਿੰਘ ਕੈਰੋਂ ਪਾਸ ਕੀਤੀ ਗਈ। ਸਰਦਾਰ ਜੀ ਨੇ ਇਸਨੂੰ ਓਟੂ ਰੈਸਟ ਹਾਊਸ ਬੁਲਾਇਆ, ਪੁੱਛ-ਗਿੱਛ ਕੀਤੀ। ਉਸਨੇ ਆਖਿਆ ਕਿ ਮੈਂ ਕੋਈ ਨਜ਼ਾਇਜ਼ ਕੰਮ ਨਹੀਂ ਕਰਦਾ। ਨਜਾਇਜ਼ ਕਰਵਾਉਣ ਲਈ ਇਸਦਾ ਰੋਹਬ ਮੈਂ ਨਹੀਂ ਝਲ ਸਕਦਾ। ਪਰ ਸਰਦਾਰ ਜੀ ਉਸ ਵੇਲੇ ਦੇਵੀ ਲਾਲ ਦਾ ਆਖਿਆ ਅੱਖਰ-ਅੱਖਰ ਮਨਵਾਉਣਾ ਚਾਹੁੰਦੇ ਸਨ। ਥਾਣੇਦਾਰ ਨੇ ਲਾਹ ਕੇ ਪੇਟੀ ਅੱਗੇ ਰੱਖ ਦਿੱਤੀ ਕਿ ਹੁਣ ਤੱਕ ਤੁਹਾਡਾ ਮੁਲਾਜ਼ਮ ਸਾਂ। ਹੁਣ ਤੋਂ ਮੈਨੂੰ ਤਮੀਜ਼ ਨਾਲ ਬੁਲਾਉਣਾ। ਮੈਂ ਕੋਈ ਨੰਗਾ ਭੁੱਖਾ ਨਹੀਂ, ਮੇਰੀ ਜਾਇਦਾਦ ਹੈ। ਨੌਕਰੀ ਤੋਂ ਬਿਨਾਂ ਵੀ ਮੈਂ ਆਪਣਾ ਨਿਰਬਾਹ ਕਰ ਸਕਦਾ ਹਾਂ। ਇਹ ਆਖ ਕੇ ਮੋਟਰ ਸਾਈਕਲ ਨੂੰ ਕਿੱਕ ਮਾਰੀ ਤੇ ਚਲਾ ਗਿਆ। ਕੈਰੋਂ ਸਾਹਿਬ ਨੇ ਉਸੇ ਵੇਲੇ ਮਗਰ ਜੀਪ ਭੇਜ ਕੇ, ਉਸਨੂੰ ਵਾਪਸ ਬੁਲਾ ਕੇ ਠੰਡਾ ਕਰਕੇ ਆਖਿਆ ਕਿ ਤੂੰ ਸਰਵਿਸ ਕਰੀ ਚੱਲ ਏਨਾ ਗੁੱਸਾ ਨਹੀਂ ਕਰੀਦਾ।"

Namdhari Elibrary NamdhariElibrary@gmail.com

## ਜੀਵਨ ਨਗਰ ਇਲਾਕੇ ਵਿੱਚ ਜ਼ਮੀਨ ਦੀ ਵੰਡ ਬਾਰੇ ਇਤਰਾਜ਼ ਅਤੇ ਉਜਰਦਾਰੀਆਂ

ਸਤਿਗੁਰੂ ਪਰਤਾਪ ਸਿੰਘ ਜੀ ਨੇ ਪੱਛਮੀ ਪੰਜਾਬ ਤੋਂ ਆਏ ਸ਼ਰਨਾਰਥੀਆਂ ਅਤੇ ਅਲਾਟੀਆਂ ਲਈ ਬੜੇ ਸੁਖਾਵੇਂ ਨਿਆਂਪੂਰਵਕ ਤੇ ਹਰ ਇੱਕ ਦੇ ਬਣਦੇ ਹਿੱਸੇ ਨੂੰ ਮੁੱਖ ਰੱਖ ਕੇ ਜਿਹੜੀ ਜ਼ਮੀਨ ਦੀ ਵੰਡ ਕਰ ਦਿੱਤੀ ਸੀ, ਉਸ ਉੱਤੇ ਕਿਸੇ ਨੂੰ ਵੀ ਕੋਈ ਇਤਰਾਜ ਨਹੀਂ ਸੀ। ਕਈ ਸਾਲ ਸਭ ਕਾਸ਼ਤਕਾਰ ਉਸ ਜ਼ਮੀਨ ਦੀ ਉਪਜਾਊ ਵਰਤੋਂ ਕਰਦੇ ਰਹੇ।

ਪਰ ਸਤਿਗੁਰੂ ਪਰਤਾਪ ਸਿੰਘ ਜੀ ਵਿਰੁੱਧ ਦੋਖੀ-ਗੁੱਟ ਵਿੱਚੋ-ਵਿੱਚ ਆਪਣੇ ਦਿਲਾਂ ਵਿੱਚ ਵਿਸ਼ ਘੋਲਦਾ ਰਿਹਾ ਅਤੇ ਸਤਿਗੁਰੂ ਜੀ ਨੂੰ ਤੰਗ ਕਰਨ ਦੀਆਂ ਕਈ ਵਿਉਂਤਾਂ ਬਣਾਉਂਦਾ ਰਿਹਾ। ਹੋਰ ਤੇ ਕਿਸੇ ਪਿੰਡ ਵਿੱਚ ਇਸ ਦੋਖੀ-ਗੁੱਟ ਦੀ ਦਾਲ ਨਾ ਗਲੀ, ਪਰ ਕਰੀਵਾਲੇ ਦੇ ਕੁਝ ਲੋਕਾਂ ਵਿੱਚ ਉਹ ਆਪਣੀਆਂ ਕੁਚਾਲਾਂ ਵਿੱਚ ਸਫਲ ਹੋ ਗਿਆ। ਉਨ੍ਹਾਂ ਵਿੱਚੋਂ ਕੁਝ ਇੱਕ ਨੇ ਚੌਧਰੀ ਦੇਵੀ ਲਾਲ ਦੀ ਚੁੱਕ ਉੱਤੇ ਦਰਖਾਸਤਾਂ ਦੇ ਦਿੱਤੀਆਂ ਕਿ ਸਾਨੂੰ ਸਤਿਗੁਰੂ ਜੀ ਦੀ ਕੀਤੀ ਹੋਈ ਵੰਡ ਪ੍ਰਵਾਨ ਨਹੀਂ, ਸਾਨੂੰ ਸਰਕਾਰ ਵੱਲੋਂ ਨਵੇਂ ਸਿਰਿਓਂ ਵੰਡ ਕਰਕੇ ਦਿੱਤੀ ਜਾਵੇ। ਡਾ. ਮਹਿੰਦਰ ਸਿੰਘ ਰੰਧਾਵਾ ਜੋ ਮੁੜ ਵਸਾਊ ਵਿਭਾਗ ਦਾ ਡਾਇਰੈਕਟਰ ਸੀ, ਨੇ ਇਨ੍ਹਾਂ ਬਿਨੈਕਾਰਾਂ ਨੂੰ ਸਰਸੇ ਬੁਲਾ ਕੇ ਪੁੱਛਗਿੱਛ ਕੀਤੀ। ਬਾਕੀ ਪਿੰਡਾਂ ਵਾਲਿਆਂ ਨੇ ਕੋਈ ਇਤਰਾਜ਼ ਨਾ ਕੀਤਾ ਅਤੇ ਕਰੀਵਾਲੇ ਦੀ ਵੰਡ ਉਸਦੇ ਆਦੇਸ਼ਾਂ ਅਨੁਸਾਰ ਨਵੇਂ ਸਿਰਿਓਂ ਕਰ ਦਿੱਤੀ ਗਈ। ਇਸ ਵੰਡ ਦੇ ਸਿੱਟੇ ਵਜੋਂ ਕਰੀਵਾਲੇ ਦੇ ਲਹਿੰਦੇ ਪਾਸੇ ਦੇ ਵਸਦੇ ਲਾਹੌਰੀਆਂ ਨੂੰ ਜਿਨ੍ਹਾਂ ਦੀ ਜ਼ਮੀਨ ਲਹਿੰਦੇ ਪਾਸੇ ਸੀ, ਨੂੰ ਜ਼ਮੀਨ ਚੜਦੇ ਪਾਸੇ ਅਤੇ ਚੜਦੇ ਪਾਸੇ ਸ਼ੇਖੂਪੁਰੀਆਂ ਨੂੰ ਜਿਨਾਂ ਦੀ ਜ਼ਮੀਨ ਚੜਦੇ ਪਾਸੇ ਸੀ, ਨੂੰ ਲਹਿੰਦੇ ਪਾਸੇ ਕਰ ਦਿੱਤਾ ਗਿਆ। ਇਸ ਤਰ੍ਹਾਂ ਦੋਹਾਂ ਧਿਰਾਂ ਨੂੰ ਆਪਣੇ ਖੇਤਾਂ ਵੱਲ ਜਾਣ ਅਤੇ ਹਰਨਾਲੀਆਂ ਆਦਿ ਖੜਨ ਲਈ ਬੜੀਆਂ ਮੁਸ਼ਕਲਾਂ ਪੇਸ਼ ਆਈਆਂ।

ਜ਼ਮੀਨ ਦੀ ਵੰਡ ਸੰਬੰਧੀ ਕੁਝ ਹੋਰ ਸ਼ਿਕਾਇਤਾਂ ਦੀ ਸੁਣਵਾਈ ਲਈ ਮੁੜ-ਵਸੇਬੇ ਦੇ ਵਿਭਾਗ ਦੇ ਨਵੇਂ ਡਾਇਰੈਕਟਰ ਠਾਕੁਰ ਬਿਕਰਮ ਸਿੰਘ ਨੇ ਜੀਵਨ ਨਗਰ ਆ ਕੇ ਸਾਰੀ ਪਰਖ ਪੜਤਾਲ ਕੀਤੀ। ਸ. ਅਵਤਾਰ ਸਿੰਘ ਤੰਬਰ ਨੇ ਉਨ੍ਹਾਂ ਨੂੰ ਰਾਣੀਆਂ ਵਿੱਚ ਜਾ ਕੇ ਸਾਰੀ ਜਾਣਕਾਰੀ ਦਿੱਤੀ ਅਤੇ ਸਾਰਾ ਕਾਰਜ ਦੇਖਣ ਲਈ ਜੀਵਨ ਨਗਰ ਪਹੁੰਚ ਗਏ। ਇਹ ਇੱਕ ਤਰ੍ਹਾਂ ਦਾ ਛਾਪਾ ਮਾਰਨ ਵਾਲੀ ਗੱਲ ਸੀ।

ਜੀਵਨ ਨਗਰ ਦੇ ਆਗਤ ਭਾਗਤ ਦੇ ਕਮਰੇ ਵਿੱਚ ਮਾਂਗਾ ਰਾਮ ਪਟਵਾਰੀ ਜੋ ਸਤਿਗੁਰੂ ਜੀ ਨੇ ਇਸੇ ਕਾਰਜ ਲਈ ਰੱਖਿਆ ਹੋਇਆ ਸੀ, ਆਪਣਾ ਕਾਰਜ ਕਰ ਰਿਹਾ ਸੀ। ਸਾਰੇ ਲੋੜੀਂਦੇ ਕਾਗਜ਼ ਅਤੇ ਦਸਤਾਵੇਜ਼ ਏਥੇ ਮੌਜੂਦ ਸਨ। ਠਾਕੁਰ ਬਿਕਰਮ ਸਿੰਘ

Namdhari Elibrary NamdhariElibrary@gmail.com

ਨੇ ਲਗਭਗ ਇੱਕ ਘੰਟਾ ਸਾਰੇ ਕਾਗਜ਼ਾਂ ਦੀ ਪਰਖ ਪੜਤਾਲ ਕੀਤੀ ਅਤੇ ਕਿਹਾ, [1]"ਕਿ ਜਿਸ ਤਰ੍ਹਾਂ ਦੀ ਨਿਆਂ ਪੂਰਵਕ ਅਲਾਟਮੈਂਟ ਸ੍ਰੀ ਸਤਿਗੁਰੂ ਜੀ ਨੇ ਕੀਤੀ ਹੈ, ਐਸੀ ਅਸੀਂ ਵੀ ਨਹੀਂ ਕਰ ਸਕੇ। ਏਥੋਂ ਜਾਣ ਲੱਗੇ ਦਰਖਾਸਤਾਂ ਦੇਣ ਵਾਲਿਆਂ ਨੂੰ ਆਖ ਗਏ ਕਿ ਤੁਹਾਡੀ ਕੋਈ ਗੱਲ ਸੱਚੀ ਨਹੀਂ ਨਿਕਲੀ। ਤੁਸੀਂ ਸਭ ਝੂਠੇ ਹੋ। ਉਹ ਐਸੇ ਪ੍ਰਭਾਵਿਤ ਹੋ ਕੇ ਗਏ ਕਿ ਇਸ ਤੋਂ ਬਾਅਦ ਜਲੰਧਰ ਸ੍ਰੀ ਸਤਿਗੁਰੂ ਜੀ ਨੂੰ ਮਿਲੇ ਅਤੇ ਘਰ ਸੱਦ ਕੇ ਚਰਨ ਪਵਾਏ।"

## ਪੈਪਸੂ ਦੀ ਕਾਂਗਰਸੀ ਸਰਕਾਰ ਦੀਆਂ ਵਧੀਕੀਆਂ

ਇਸ ਸਮੇਂ ਪੈਪਸੂ ਵਿੱਚ ਕਾਂਗਰਸ ਦੀ ਸਰਕਾਰ ਸੀ ਅਤੇ ਸ੍ਰੀ ਬ੍ਰਿਸਭਾਨ ਮੁੱਖ ਮੰਤਰੀ ਸਨ। ਸਤਿਗੁਰੂ ਪਰਤਾਪ ਸਿੰਘ ਜੀ ਦੇ ਉਕਤ ਦੋਖੀ-ਗੁੱਟ ਨੇ ਮਿਲ ਕੇ ਨਾਭੇ ਵਾਲੀ ਬੀੜ ਜਿਸ ਉੱਤੇ ਸਤਿਗੁਰੂ ਜੀ ਦੇ ਸਿੱਖਾਂ ਦਾ 1923 ਤੋਂ ਹੀ ਕਬਜ਼ਾ ਸੀ ਤੇ ਸਤਿਗੁਰੂ ਜੀ ਵੱਲੋਂ ਹੀ ਆਬਾਦ ਕਰਕੇ ਇਸ ਦੀ ਬਹੁਤ ਸਾਰੀ ਜ਼ਮੀਨ ਲੋੜਵੰਦ ਸੇਵਕਾਂ ਵਿੱਚ ਵੰਡ ਦਿੱਤੀ ਗਈ ਸੀ, ਸਰਕਾਰ ਉਸ ਜ਼ਮੀਨ ਦਾ ਵੀ ਕਬਜ਼ਾ ਤੁੜਵਾਉਣਾ ਚਾਹੁੰਦੀ ਸੀ। ਪਾਠਕਾਂ ਨੂੰ ਚੇਤੇ ਰਹੇ ਕਿ ਇਹ ਬੀੜ ਦੀ ਭੂਮੀ ਨਾਭਾ ਦੇ ਰਾਜਾ ਰਿਪੁਦਮਨ ਸਿੰਘ ਨੇ ਟਿੱਕਾ ਪਰਤਾਪ ਸਿੰਘ ਦੇ ਜਨਮ ਸਮੇਂ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਭੇਟ ਕੀਤੀ ਸੀ। ਭਾਵੇਂ ਪੈਪਸੂ ਸਰਕਾਰ ਦੀ ਇਹ ਚਾਲ ਸਫ਼ਲ ਨਾ ਹੋ ਸਕੀ, ਪਰ ਇਸ ਕਬਜ਼ੇ ਨੂੰ ਕਾਇਮ ਰੱਖਣ ਲਈ ਨਾਮਧਾਰੀਆਂ ਨੂੰ ਅਦਾਲਤਾਂ ਦੇ ਚੱਕਰ ਵੀ ਕੱਟਣੇ ਪਏ। ਇਹ ਸੀ ਪੈਪਸੂ ਦੀ ਕਾਂਗਰਸੀ ਸਰਕਾਰ ਵੱਲੋਂ ਕੀਤੀ ਗਈ ਸਾਜ਼ਿਸ਼, ਜਿਸ ਕਾਂਗਰਸ ਨਾਲ ਰਲ ਕੇ ਨਾਮਧਾਰੀਆਂ ਨੇ ਆਜ਼ਾਦੀ ਦੇ ਸੰਗਰਾਮ ਵਿੱਚ ਸਦਾ ਕਾਂਗਰਸ ਦਾ ਸਾਥ ਦਿੱਤਾ ਸੀ।

[2]"ਆਜ਼ਾਦ ਭਾਰਤ ਵਿੱਚ, ਬੀੜ ਵਿੱਚ ਵੱਸੇ ਸਿੱਖਾਂ ਨੂੰ ਉੱਜੜਨ ਤੋਂ ਬਚਾਉਣ ਲਈ, ਸੱਚੇ ਪਾਤਸ਼ਾਹ ਜੀ ਦੇ ਸਾਹਿਬਜ਼ਾਦਿਆਂ ਬਾਬਾ ਜਗਜੀਤ ਸਿੰਘ ਅਤੇ ਬਾਬਾ ਬੀਰ ਸਿੰਘ ਜੀ ਨੇ ਬੜੀ ਭੱਜ ਨੱਸ ਕੀਤੀ। 10 ਮਈ, 1955 ਨੂੰ ਕਾਨੂੰਨ ਦੀ ਮੱਦਦ ਲੈ ਕੇ ਨਿਲਾਮੀ ਰੁਕਵਾਈ ਗਈ। ਪੁਰਾਣਾ ਰਿਕਾਰਡ ਭਿਜਵਾਇਆ ਗਿਆ, ਗੁਆਹ ਪੇਸ਼ ਕੀਤੇ ਗਏ, ਮੁਕੱਦਮੇ ਦੀ ਪੈਰਵੀ ਕੀਤੀ ਗਈ ਅਤੇ ਜੱਜ ਨੇ 14 ਜੂਨ, 1956 ਈ. ਨੂੰ ਡਿਗਰੀ ਕਰ ਦਿੱਤੀ।"

ਮੁੱਖ ਮੰਤਰੀ, ਬ੍ਰਿਸ਼ ਭਾਨ, ਨੇ ਇਸ ਫ਼ੈਸਲੇ ਦੇ ਖਿਲਾਫ਼, ਹਾਈ ਕੋਰਟ ਵਿੱਚ ਅਪੀਲ ਕਰ ਦਿੱਤੀ। ਪੈਪਸੂ ਟੁੱਟਣ ਨਾਲ ਅਤੇ 2 ਸਤੰਬਰ, 1958 ਨੂੰ ਅਪੀਲ ਖਾਰਜ ਹੋਣ ਨਾਲ, ਸਤਿਗੁਰੂ ਜੀ ਦੀ ਆਗਿਆ ਅਨੁਸਾਰ, ਬਾਬਾ ਜੀ ਦੀ ਅਗਵਾਈ ਹੇਠ ਦਿਨ ਰਾਤ ਇੱਕ ਕਰਨ ਵਾਲਿਆਂ ਨੂੰ ਅਤੇ ਬੀੜ ਵਿੱਚ ਵਸੇ ਪਰਿਵਾਰਾਂ ਨੂੰ ਸੁੱਖ ਦਾ ਸਾਹ ਆਇਆ।"

---
[1] ਮਹਾਰਾਜ ਬਾਬਾ ਬੀਰ ਸਿੰਘ, *ਨਾਮਧਾਰੀ ਅਤੇ ਕਾਂਗਰਸ*, ਪੰਨਾ 65.

[2] ਤਾਰਾ ਸਿੰਘ ਅਨਜਾਣ, *ਸਾਹਿਬ ਬੁਣੀ ਕਹੋਰਾ*, ਪੰਨਾ 162.

Namdhari Elibrary NamdhariElibrary@gmail com

ਅਧਿਆਇ 17

# ਕੌੜੇ-ਮਿੱਠੇ ਕੁਝ ਹੋਰ ਸਮਾਚਾਰ

ਸਤਿਗੁਰੂ ਪਰਤਾਪ ਸਿੰਘ ਜੀ ਨੇ ਆਪਣੇ ਗੁਰੂਤਵ ਦੇ ਕਰਤੱਵ ਨੂੰ ਨਾ ਕੇਵਲ ਧਰਮ ਕਰਮ ਦੇ ਖੇਤਰ ਵਿੱਚ ਹੀ ਨਿਭਾਇਆ, ਸਗੋਂ ਸਮਾਜਿਕ ਤੇ ਰਾਜਨੀਤਕ ਪੱਖਾਂ ਵੱਲ ਵੀ ਪੂਰਾ ਪੂਰਾ ਧਿਆਨ ਦਿੱਤਾ। ਗਊ-ਰੱਖਿਆ ਦੀ ਲਹਿਰ ਅਤੇ ਪਸ਼ੂ-ਪਾਲਕ ਦੇ ਰੂਪ ਵਿੱਚ ਉੱਘੇ ਕਾਰਜ ਕੀਤੇ ਅਤੇ ਆਪਣੇ ਗੁਰਸਿੱਖਾਂ ਦੀ ਸਰਬਪੱਖੀ ਅਗਵਾਈ ਕੀਤੀ। ਆਪ ਜੀ ਦਾ ਕਾਰਜ-ਖੇਤਰ ਨਾ ਕੇਵਲ ਨਾਮਧਾਰੀ ਸਮਾਜ ਤੱਕ ਹੀ ਸੀਮਤ ਰਿਹਾ, ਸਗੋਂ ਜੀਵਨ ਦੇ ਹੋਰ ਖੇਤਰਾਂ, ਭਿੰਨ-ਭਿੰਨ ਸਮਾਜਾਂ ਅਤੇ ਬਹੁਪੱਖੀ ਦਿਸ਼ਾਵਾਂ ਵੱਲ ਅਗਰਸਰ ਰਿਹਾ। ਇਥੇ ਕੇਵਲ ਕੁਝ ਵਿਸ਼ੇਸ਼ ਘਟਨਾਵਾਂ ਅਤੇ ਸਮਾਚਾਰਾਂ ਦਾ ਵਰਣਨ ਹੀ ਕੀਤਾ ਜਾ ਰਿਹਾ ਹੈ।

## ਵਿਦੇਸ਼ਾਂ ਵਿੱਚ ਦਰਸ਼ਨ

ਬਹੁਤ ਸਾਰੇ ਨਾਮਧਾਰੀ ਪਰਿਵਾਰਾਂ ਸਮੇਤ ਵਿਦੇਸ਼ਾਂ ਵਿੱਚ ਚਲੇ ਗਏ ਸਨ ਅਤੇ ਗੈਰ-ਨਾਮਧਾਰੀ ਲੋਕ ਵੀ ਅਫ਼ਰੀਕਾ ਅਤੇ ਦੱਖਣ ਪੂਰਵੀ ਏਸ਼ੀਆ ਦੇ ਦੇਸ਼ਾਂ ਸਿਆਮ ਮਲਾਇਆ (ਹਿੰਦ ਚੀਨ) ਆਦਿ ਵਿੱਚ ਜਾ ਵੱਸੇ ਸਨ। 1950 ਦੇ ਦਸ਼ਕ ਵਿੱਚ ਆਪ ਤਿੰਨ ਵਾਰ ਅਫ਼ਰੀਕਾ ਵਿੱਚ ਗਏ ਅਤੇ ਇਸ ਤਰ੍ਹਾਂ ਸਿਆਮ ਵਿੱਚ ਜਾ ਕੇ ਕਈ ਵਾਰ ਹੋਲੇ ਅਤੇ ਬਸੰਤ ਦੇ ਪੁਰਬ ਮਨਾਏ।

1953 ਵਿੱਚ 24 ਚੇਤ ਤੋਂ 25 ਵੈਸਾਖ ਅਤੇ ਫਿਰ 26 ਕੱਤਕ ਤੋਂ 29 ਮੱਘਰ ਤੱਕ ਦੋ ਵਾਰ ਅਫਰੀਕਾ ਦੀ ਸਾਧ ਸੰਗਤ ਨੂੰ ਦਰਸ਼ਨ ਦਿੱਤੇ। ਅਫ਼ਰੀਕਾ ਦੇ ਬਹੁਤ ਸਾਰੇ ਸ਼ਹਿਰਾਂ ਕਰੀਚੋ, ਕਸੁਮੋ, ਨਕੋਰੋ, ਜੀਂਜਾ, ਕੰਪਾਲਾ, ਯੁਗਾਂਡਾ, ਟਰੋਰੋ, ਮੁਬਾਲੀ, ਕਟਾਲੀ, ਅਰੂਸ਼ਾ, ਮੋਸ਼ੀ ਆਦਿ ਸ਼ਹਿਰਾਂ ਵਿੱਚ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ। ਇਹ ਦੌਰਾ ਮੁੰਬਾਸਾ ਤੋਂ ਸ਼ੁਰੂ ਹੋ ਕੇ ਨੈਰੋਬੀ ਵਿਖੇ ਸਮਾਪਤ ਹੋਇਆ।

ਸੂਬਾ ਲਾਲ ਸਿੰਘ ਨੇ ਬੜੇ ਉਤਸ਼ਾਹ ਨਾਲ ਸਤਿਗੁਰੂ ਜੀ ਦਾ ਸੁਆਗਤ ਕੀਤਾ। ਇੱਕ ਘੰਟਾ ਨਾਮ ਸਿਮਰਨ ਰੋਜ਼ ਹੁੰਦਾ। ਬਹੁਤ ਸਾਰੇ ਸ਼ਰਧਾਲੂਆਂ ਨੇ ਮਾਸ-ਸ਼ਰਾਬ ਦਾ ਤਿਆਗ ਕਰਕੇ ਭਜਨ ਪੁੱਛਿਆ। 21 ਵੈਸਾਖ ਨੂੰ ਇੱਕ ਜੋੜੇ ਦਾ ਅਨੰਦ ਕਾਰਜ ਵੀ ਹੋਇਆ।

ਦੂਜੀ ਵਾਰ 26 ਕੱਤਕ ਤੋਂ 29 ਮੱਘਰ ਤੱਕ ਸਤਿਗੁਰੂ ਜੀ ਨੇ ਫਿਰ ਅਫ਼ਰੀਕਾ ਦਾ

Namdhari Elibrary NamdhariElibrary@gmail.com

ਦੌਰਾ ਕੀਤਾ। ਨੈਰੋਬੀ ਵਿਖੇ ਸਤਿਗੁਰੂ ਜੀ ਦਾ ਉਥੋਂ ਦੀ ਸਾਧ ਸੰਗਤ ਨੇ ਭਰਪੂਰ ਸੁਆਗਤ ਕੀਤਾ ਅਤੇ ਸੂਬਾ ਲਾਲ ਸਿੰਘ ਜੀ ਦੇ ਨਾਮਧਾਰੀ ਜਥੇ ਅਤੇ ਹੋਰ ਵੱਡੇ ਵੱਡੇ ਸ਼ਹਿਰਾਂ ਕੰਪਾਲਾ, ਜੀਂਜਾ ਆਦਿ ਤੋਂ ਸ. ਗੰਗਾ ਸਿੰਘ, ਸ. ਬਖਸ਼ੀਸ਼ ਸਿੰਘ, ਸ. ਮੋਹਣ ਸਿੰਘ, ਪ੍ਰਧਾਨ ਧਰਮ ਸਿੰਘ, ਸੂ. ਭਗਤ ਸਿੰਘ ਆਦਿ ਨੇ ਬੜੀ ਸ਼ਰਧਾ ਦਿਖਾਈ।

2014 ਬਿ. ਅਰਥਾਤ 1957 ਨੂੰ (11 ਮਾਘ ਤੋਂ 2 ਫੱਗਣ ਤੱਕ) ਅਫ਼ਰੀਕਾ ਦਾ ਮੁੜ ਦੌਰਾ ਕੀਤਾ। 27 ਦਿਨ ਅਫ਼ਰੀਕਾ ਵਿੱਚ ਉਥੋਂ ਦੀਆਂ ਸੰਗਤਾਂ ਨੂੰ ਦਰਸ਼ਨ ਦਿੱਤੇ। ਤਰਨ ਸਿੰਘ ਵਹਿਮੀ ਅਨੁਸਾਰ ਇਸ ਦੌਰੇ ਸਮੇਂ ਸਤਿਗੁਰੂ ਜੀ ਨਾਲ 13 ਨਾਮਧਾਰੀ ਸੱਜਣ ਵੀ ਗਏ ਸਨ। ਜਿਨ੍ਹਾਂ ਵਿੱਚੋਂ ਕੁਝ ਇੱਕ ਦੇ ਨਾਂ ਪੰਡਤ ਗੁਪਾਲ ਸਿੰਘ ਮੁੱਖ ਪ੍ਰਚਾਰਕ, ਦਰਸ਼ਨ ਸਿੰਘ-ਖਜ਼ਾਨ ਸਿੰਘ ਹਜ਼ੂਰੀ ਰਾਗੀ ਅਤੇ ਸੰਤ ਪ੍ਰੀਤਮ ਸਿੰਘ ਪਦੀ ਖਾਲਸਾ, ਸੰਤ ਰਤਨ ਸਿੰਘ ਅਤੇ ਭਾਈ ਵਜ਼ੀਰ ਸਿੰਘ ਸ਼ਾਮਿਲ ਸਨ। ਸਤਿਗੁਰੂ ਜੀ ਦੇ ਇਹਨਾਂ ਵਿਦੇਸ਼ੀ ਦੌਰਿਆਂ ਨਾਲ ਅਫ਼ਰੀਕਾ ਵਿੱਚ ਨਾਮਧਾਰੀ ਮੱਤ ਦੀਆਂ ਜੜ੍ਹਾਂ ਮਜ਼ਬੂਤ ਹੋਈਆਂ ਅਤੇ ਨਾਮਧਾਰੀ ਪੰਥ ਅੱਜ ਵੀ ਅਫ਼ਰੀਕਾ ਵਿੱਚ ਪੂਰੀ ਤਰ੍ਹਾਂ ਮੌਲ ਰਿਹਾ ਹੈ ਤੇ ਆਪਣਾ ਵਿਆਪਕ ਪ੍ਰਭਾਵ ਪਾ ਰਿਹਾ ਹੈ।

ਸਤਿਗੁਰੂ ਜੀ ਦੇ ਵਿਦੇਸ਼ੀ ਦੌਰਿਆਂ ਵਿੱਚ ਸਭ ਤੋਂ ਵੱਧ ਮਹੱਤਵ ਸਿਆਮ ਤੇ ਦੱਖਣ ਪੂਰਬ ਏਸ਼ੀਆ ਦੇ ਦੇਸ਼ਾਂ ਦੀਆਂ ਯਾਤਰਾਵਾਂ ਦਾ ਹੈ। 6 ਅੱਸੂ 2011 ਬਿ. (1954 ਈ.) ਦੇ ਦੌਰੇ ਸਮੇਂ ਆਪ ਜੀ ਨੇ ਗਊ-ਰੱਖਿਆ ਸੰਬੰਧੀ ਵਿਸ਼ੇਸ਼ ਪ੍ਰਵਚਨ ਕੀਤੇ।

"ਇੱਕ ਕੌਤਕ ਰੰਗ ਸਮੇਂ ਸਤਿਗੁਰੂ ਜੀ ਸੰਤ ਨਿਧਾਨ ਸਿੰਘ ਆਲਮ ਜੀ ਤੋਂ ਪਰਚਾਰ ਕਰਵਾਇਆ ਕਿ ਗਊ ਹਰ ਘਰ ਨਾਮਧਾਰੀ ਰੱਖੇ ਤੇ ਗਊ ਪਾਲਕ ਬਣੇ ਤੇ ਨੇਮ ਕਰੇ ਕਿ ਬਿਨਾਂ ਪ੍ਰਤੀਤ ਗਊ ਬੈਲ ਨਹੀਂ ਵੇਚੇਗਾ ਸਤਿਗੁਰੂ ਜੀ ਪਾਸ ਜਨ ਸੰਘੀ ਤੇ ਮਹਾਂਵੀਰ ਦਲ ਤੇ ਆਰੀਆ ਸਮਾਜੀ ਵੀ ਬਹੁਤ ਆਏ ਤੇ ਕਿਹਾ, ਆਪ ਸਾਡੇ ਨਾਲ ਚਲੋ ਤੇ ਗੱਡੀਆਂ ਤੇ ਗਊਆਂ ਕਤਲ ਹੋਣ ਵਾਲੀਆਂ ਸ਼ਹਿਰ ਜਾਂਦਿਆਂ ਨੂੰ ਸਤਿਆਗ੍ਰਹਿ ਕਰ ਰੋਕੀਏ। ਸਤਿਗੁਰੂ ਜੀ ਉੱਤਰ ਦਿੱਤਾ, 'ਜਿਵੇਂ ਮੈਂ ਨਾਮਧਾਰੀਆਂ ਨੂੰ ਕਹਿੰਦਾ ਹਾਂ ਹਰ ਘਰ ਗਊ ਚੰਗੀ ਨਸਲ ਦੀ ਖਰੀਦ ਰੱਖੋ ਤੇ ਚੰਗੀ ਸਾਂਭੋ ਤੇ ਬਿਨਾਂ ਪ੍ਰਤੀਤ ਵੇਚੋ ਵੀ ਨਾ। ਜੇਕਰ ਨਾਮਧਾਰੀ ਪੰਥ ਤੇ ਤੁਸੀਂ ਹਿੰਦੂ ਮੇਰੀ ਇਸ ਮੱਤ ਲੱਗੋ ਤਾਂ ਗਊ ਦੀ ਬਹੁਤ ਹੱਤਿਆ ਹੋਣੋ ਰੁੱਕ ਸਕਦੀ ਹੈ ਤੇ ਨਸਲ ਸੁਧਾਰ ਵੀ ਹੋ ਸਕਦਾ ਹੈ'।"

## ਪ੍ਰਧਾਨ ਮੰਤਰੀ ਪੰ: ਜਵਾਹਰ ਲਾਲ ਨਹਿਰੂ ਦਾ ਸ੍ਰੀ ਭੈਣੀ ਸਾਹਿਬ ਆਉਣਾ

1953 ਈ. ਦੇ ਨਵੰਬਰ ਦੇ ਪਹਿਲੇ ਹਫ਼ਤੇ ਭਾਰਤ ਦੇ ਪ੍ਰਧਾਨ ਮੰਤਰੀ ਪੰ. ਜਵਾਹਰ ਲਾਲ ਨਹਿਰੂ ਨੇ ਸ੍ਰੀ ਭੈਣੀ ਸਾਹਿਬ ਦੀ ਯਾਤਰਾ ਕੀਤੀ। ਪ੍ਰਧਾਨ ਮੰਤਰੀ ਦੇ ਸੁਆਗਤ ਦਾ ਪ੍ਰਬੰਧ ਮਹਾਰਾਜ ਨਿਹਾਲ ਸਿੰਘ ਤੇ ਠਾਕੁਰ ਸ਼ਮਸ਼ੇਰ ਸਿੰਘ ਵੱਲੋਂ ਕੀਤਾ ਗਿਆ ਸੀ। ਸਤਿਗੁਰੂ ਪਰਤਾਪ ਸਿੰਘ ਜੀ ਨੇ ਪੰਡਿਤ ਜੀ ਦਾ ਸੁਆਗਤ ਕਰਦਿਆਂ ਹੋਇਆਂ, ਉਨ੍ਹਾਂ ਨੂੰ ਊਨ ਦੀ ਮਾਲਾ ਪਹਿਨਾਈ। ਪੰਡਿਤ ਜੀ ਨੇ ਨਿਮਰਤਾ ਸਹਿਤ ਸਤਿਗੁਰੂ ਜੀ ਦਾ

---

[1] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ-6, ਪੰਨਾ 41-42.

Namdhari Elibrary NamdhariElibrary@gmail com

ਧੰਨਵਾਦ ਕੀਤਾ ਅਤੇ ਕਿਹਾ "ਮੈਂ ਦੁਰਾਹੇ ਜਾ ਚਾਹ ਪੀਣੀ ਸੀ ਪਰ ਇੱਕ ਸਭ ਤੋਂ ਪਹਿਲੇ ਦੇਸ਼ ਆਜ਼ਾਦ ਕਰਾਉਣ ਹਿੱਤ ਕੁਰਬਾਨੀ ਕਰਨ ਵਾਲੇ ਅਵਤਾਰ ਦੇ ਜਨਮ ਅਸਥਾਨ ਤੇ ਇੱਕ ਸਮਕਾਲੀ ਮਿੱਤਰ ਸਤਿਗੁਰੂ ਪਰਤਾਪ ਸਿੰਘ ਦੇ ਸਨੇਹ ਨੇ ਮੈਨੂੰ ਅੰਦਰੋਂ ਖਿੱਚ ਕੇ ਏਥੇ ਲੈ ਆਂਦਾ ਹੈ।"

ਸਤਿਗੁਰੂ ਜੀ ਨੇ ਪੰਡਤ ਜਵਾਹਰ ਲਾਲ ਨਹਿਰੂ ਜੀ ਨੂੰ ਮੁੱਖ ਇਤਿਹਾਸਕ ਸਥਾਨਾਂ ਸਤਿਗੁਰੂ ਰਾਮ ਸਿੰਘ ਜੀ ਦੇ ਤੱਪ ਸਥਾਨ ਅਕਾਲ ਬੁੰਗੇ, ਲੰਗਰ, ਬੁਖਾਰੀਆਂ ਅਤੇ ਉਸ ਗੁਪਤ ਕੋਠੜੀ ਬਾਰੇ ਵੀ ਜਾਣਕਾਰੀ ਦਿੱਤੀ, ਜਿਥੇ ਪਹਰਿਆਂ ਤੇ ਪਾਬੰਦੀਆਂ ਦੇ ਬਾਵਜੂਦ ਆਦਿ ਗ੍ਰੰਥ ਸਾਹਿਬ ਦੇ ਸਹਿਜ ਤੇ ਅਖੰਡ ਪਾਠ ਹੁੰਦੇ ਰਹਿੰਦੇ ਸਨ। ਇਹ ਵੀ ਦੱਸਿਆ ਕਿ ਕਿਸ ਤਰ੍ਹਾਂ ਇਨ੍ਹਾਂ ਸਥਾਨਾਂ ਦੀ ਪੁਲੀਸ ਵੱਲੋਂ ਪੁਟਾਈ ਕਰਵਾਈ ਗਈ ਸੀ ਕਿ ਕਿਤੇ ਹਥਿਆਰ ਆਦਿ ਨਾ ਰੱਖੇ ਹੋਣ। ਗੁਰੂ ਘਰ ਦੇ ਬਾਹਰਵਾਰ ਜਿਥੇ ਪੁਲੀਸ ਦਾ ਪਹਿਰਾ ਲੱਗਿਆ ਰਹਿੰਦਾ ਸੀ, ਬਾਰੇ ਵੀ ਦੱਸਿਆ ਗਿਆ। ਜਲ-ਪਾਣ ਪਿਛੋਂ ਬਣਾਏ ਗਏ ਵਿਸ਼ੇਸ਼ ਪੰਡਾਲ ਵਿੱਚ ਪੰਡਿਤ ਜੀ ਨੇ ਸੰਖੇਪ ਭਾਸ਼ਣ ਦਿੱਤਾ ਅਤੇ ਸੰਤ ਇੰਦਰ ਸਿੰਘ ਚੱਕਰਵਰਤੀ ਜੀ ਨੇ ਵੀ ਕੁਝ ਸ਼ਬਦ ਆਏ ਲੋਕਾਂ ਦੇ ਧੰਨਵਾਦ ਵਜੋਂ ਕਹੇ। ਇਸ ਮੌਕੇ ਹਜ਼ਾਰਾਂ ਲੋਕ ਹਾਜ਼ਰ ਸਨ। ਸਤਿਗੁਰੂ ਜੀ ਨੇ ਨਹਿਰੂ ਜੀ ਤੇ ਹੋਰ ਸਭ ਆਏ ਦਰਸ਼ਕਾਂ ਦਾ ਧੰਨਵਾਦ ਕੀਤਾ ਅਤੇ ਪ੍ਰਧਾਨ ਮੰਤਰੀ ਜੀ ਨੂੰ ਨਿੱਘੀ ਵਿਦਾਇਗੀ ਦਿੱਤੀ। ਪ੍ਰਧਾਨ ਮੰਤਰੀ ਜੀ ਨੇ ਸਤਿਗੁਰੂ ਜੀ ਨੂੰ ਕਿਹਾ ਕਿ, "ਕਲ ਨੂੰ ਫਲੌਰ ਵਿਖੇ ਹਿੰਦ ਤੇ ਪਾਕ ਪੁਲੀਸ ਦੀਆਂ ਖੇਡਾਂ ਹਨ, ਆਪ ਜੀ ਨੇ ਜ਼ਰੂਰ ਦਰਸ਼ਨ ਦੇਣੇ।"

## ਮਲੇਰਕੋਟਲੇ ਦਾ ਸ਼ਹੀਦੀ ਮੇਲਾ

17-18 ਜਨਵਰੀ 1955 (4-5 ਮਾਘ, 2012 ਬਿ.) ਸਤਿਗੁਰੂ ਪਰਤਾਪ ਸਿੰਘ ਜੀ ਵੱਲੋਂ 83 ਸਾਲ ਬਾਅਦ ਪਹਿਲੀ ਵਾਰ ਮਲੇਰਕੋਟਲਾ ਵਿਖੇ ਕੂਕਿਆਂ ਦੇ ਉਸ ਕੱਲਰ ਵਿੱਚ ਹੀ ਯਾਦਗਾਰੀ ਮੇਲਾ ਕੀਤਾ ਗਿਆ, ਜਿਥੇ 66 ਸਿਰਲੱਥ ਕੂਕਿਆਂ ਨੂੰ ਜ਼ਾਲਮ ਕਾਵਨ ਤੇ ਫੋਰਸਾਈਥ ਨੇ ਬਿਨਾਂ ਮੁਕੱਦਮਾ ਚਲਾਏ ਤੋਪਾਂ ਅੱਗੇ ਉਡਾ ਕੇ ਸ਼ਹੀਦ ਕੀਤਾ ਸੀ। ਇਸ ਸ਼ਹਿਰ ਦੇ ਮੁਸਲਮਾਨ ਇਸ ਸਮਾਗਮ ਤੋਂ ਕੁਝ ਡਰਦੇ ਵੀ ਸਨ ਕਿ ਮਤਾਂ ਕਿਤੇ ਕੂਕੇ ਪੁਰਾਣੀ ਕਿੜ ਨਾ ਕਢਣ ਪਰ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਸਮਝਾਇਆ ਕਿ ਉਸ ਸਮੇਂ ਦੇ ਸ਼ਹੀਦੀ ਸਾਕੇ ਵਿੱਚ ਮੁਸਲਮਾਨਾਂ ਦਾ ਓਨਾਂ ਹੱਥ ਨਹੀਂ ਸੀ ਅਤੇ ਇਸ ਪਿਛੇ ਅੰਗਰੇਜ਼ ਸਰਕਾਰ ਦੇ ਸਰਕਾਰੀ ਅਫ਼ਸਰ ਹੀ ਵਧੇਰੇ ਕਸੂਰਵਾਰ ਸਨ। ਸਤਿਗੁਰੂ ਜੀ ਦੇ ਸਮਝਾਉਣ ਬੁਝਾਉਣ ਉਤੇ ਮੁਸਲਿਮ ਭਾਈਚਾਰਾ ਵੀ ਵੱਡੀ ਗਿਣਤੀ ਵਿੱਚ ਇਸ ਮੇਲੇ ਵਿੱਚ ਸ਼ਾਮਲ ਹੋਇਆ। ਇਸ ਸਮੇਂ ਕਵੀ ਦਰਬਾਰ ਵੀ ਹੋਇਆ ਜਿਸ ਵਿੱਚ ਦਿੱਤੀਆਂ ਗਈਆਂ ਸਮੱਸਿਆਵਾਂ ਸਨ : 1. ਕੂਕੇ ਮੌਤ ਦੇ ਨਾਲ ਮਜ਼ਾਕ ਕਰਦੇ। 2. ਛਾਤੀਆਂ ਸੀ ਤਾਣੀਆਂ। 3. ਮਨਸੂਰ ਹੋਰੀਂ ਸਾਡੇ ਨਾਲ ਦੇ ਸਨ।

ਇਸ ਯਾਦਗਾਰੀ ਮੇਲੇ ਨਾਲ ਮਲੇਰਕੋਟਲਾ ਦੇ ਸ਼ਹੀਦੀ ਸਾਕੇ ਦੀ ਯਾਦ ਵਿੱਚ ਹਰ ਸਾਲ ਮੇਲਾ ਮਨਾਉਣ ਦੀ ਪਰੰਪਰਾ ਦਾ ਆਰੰਭ ਹੋਇਆ।

Namdhari Elibrary NamdhariElibrary@gmail.com

ਸ਼ਹੀਦੋਂ ਕੀ ਚੀਤਾਓਂ ਪੇ ਲਗੇਂਗੇ ਹਰ ਬਰਸ ਮੇਲੇ,
ਵਤਨ ਪਰ ਮਿਟਣੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ।

ਇਸ ਅਵਸਰ ਉੱਤੇ 145 ਪਾਠਾਂ ਦੇ ਭੋਗ ਵੀ ਪਾਏ ਗਏ।

## ਲੋੜਵੰਦ ਪੀੜਤਾਂ ਦੀ ਸਹਾਇਤਾ

ਸਤਿਗੁਰੂ ਪਰਤਾਪ ਸਿੰਘ ਪੀੜਤਾਂ ਤੇ ਦੁਖਿਆਰਿਆਂ ਦੀ ਬਿਪਤਾ ਸਮੇਂ ਸਹਾਇਤਾ ਲਈ ਸਦਾ ਤਤਪਰ ਰਹਿੰਦੇ ਸਨ। ਉਨ੍ਹਾਂ ਦਾ ਕੋਮਲ ਹਿਰਦਾ ਦਰਦ-ਮੰਦਾਂ ਦੀ ਵਿਥਿਆ ਸੁਣ ਕੇ ਹਮਦਰਦੀ ਵਿੱਚ ਪਸੀਜ ਜਾਂਦਾ ਸੀ ਅਤੇ ਉਹ ਆਪਣੇ ਗੁਰੂ ਘਰ ਦੇ ਖਜ਼ਾਨੇ ਵਿਚੋਂ ਲੋੜਵੰਦਾਂ ਦੀ ਸਹਾਇਤਾ ਲਈ ਸਦਾ ਖੁਲ੍ਹ-ਦਿਲੀ ਤੋਂ ਕੰਮ ਲੈਂਦੇ ਸਨ।

"[1]ਬਿਹਾਰ ਵਿੱਚ ਆਏ ਭੂਚਾਲ ਦੇ ਸਮੇਂ ਮੱਚੀ ਤਬਾਹੀ ਦੇ ਸਿਲਸਿਲੇ ਵਿੱਚ ਡਾ. ਰਾਜਿੰਦਰ ਪ੍ਰਸਾਦ ਸ੍ਰੀ ਭੈਣੀ ਸਾਹਿਬ ਆਏ ਤਾਂ ਭਾਵੇਂ ਸਤਿਗੁਰੂ ਜੀ ਆਪ ਉਥੇ ਨਹੀਂ ਸਨ, ਉਸ ਸਮੇਂ ਨਾਮਧਾਰੀ ਦਰਬਾਰ ਵੱਲੋਂ ਉਨ੍ਹਾਂ ਨੂੰ ਖਾਦੀ ਦੇ ਕੱਪੜੇ ਤੇ ਅਨਾਜ ਦੀ ਸਹਾਇਤਾ ਵੱਡੀ ਮਾਤਰਾ ਵਿੱਚ ਤੁਰੰਤ ਪਹੁੰਚਾਈ ਗਈ।

ਇਸੇ ਤਰ੍ਹਾਂ ਬੰਗਾਲ ਦੇ ਕਾਲ-ਪੀੜਤਾਂ ਲਈ ਨਾਮਧਾਰੀ ਦਰਬਾਰ ਵੱਲੋਂ 200 ਬੋਰੀ ਚੌਲ ਸਹਾਇਤਾ ਲਈ ਭੇਜੇ ਗਏ।"

1956 ਵਿੱਚ ਜਦੋਂ ਪੰਜਾਬ ਹੜ੍ਹਾਂ ਦੀ ਮਾਰ ਹੇਠ ਆ ਗਿਆ ਤਾਂ ਉਸ ਸਮੇਂ ਵੀ ਸਦਾ ਵਾਂਗ ਨਾਮਧਾਰੀ ਦਰਬਾਰ ਵੱਲੋਂ ਹੜ੍ਹ-ਪੀੜਤਾਂ ਦੀ ਖੁਲ੍ਹੇ ਦਿਲ ਨਾਲ ਸਹਾਇਤਾ ਕੀਤੀ ਗਈ।

## ਕੇਂਦਰੀ ਪੰਜਾਬੀ ਲੇਖਕ ਸਭਾ ਨੂੰ ਸਹਾਇਤਾ

ਸਤਿਗੁਰੂ ਪਰਤਾਪ ਸਿੰਘ ਜੀ ਦਾ ਪੰਜਾਬੀ ਮਾਤ-ਭਾਸ਼ਾ ਨਾਲ ਖਾਸ ਮੋਹ ਤੇ ਪਿਆਰ ਸੀ। ਇਸ ਸੰਬੰਧ ਵਿੱਚ ਆਪ ਜੀ ਨੇ ਪੰਜਾਬੀ ਭਾਸ਼ਾ ਦੀ ਉੱਨਤੀ ਲਈ ਕਾਨਫਰੰਸਾਂ ਵੀ ਕੀਤੀਆਂ। 1955-56 ਦੇ ਨੇੜੇ-ਤੇੜੇ ਗਿਆਨੀ ਹੀਰਾ ਸਿੰਘ ਦਰਦ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਸਥਾਪਨਾ ਕੀਤੀ ਗਈ, ਜਿਸ ਵਿੱਚ ਅੰਮ੍ਰਿਤਸਰ ਦੀ ਲੋਕ ਲਿਖਾਰੀ ਸਭਾ ਤੋਂ ਬਿਨਾਂ ਬਰਨਾ ਤੇ ਰਾਮਪੁਰ ਦੀਆਂ ਪੰਜਾਬੀ ਸਾਹਿਤ ਸਭਾਵਾਂ ਵੀ ਸ਼ਾਮਲ ਸਨ। ਕੇਂਦਰੀ ਲੇਖਕ ਸਭਾ ਦੇ ਪ੍ਰਧਾਨ ਗਿਆਨੀ ਗੁਰਮੁੱਖ ਸਿੰਘ ਮੁਸਾਫਿਰ ਅਤੇ ਜਨਰਲ ਸਕੱਤਰ ਗਿਆਨੀ ਹੀਰਾ ਸਿੰਘ ਜੀ ਦਰਦ ਸਨ। ਪੰਜਾਬੀ ਦੇ ਸਾਰੇ ਸਿਰਕੱਢ ਲੇਖਕਾਂ ਵੱਲੋਂ ਇਸ ਸੰਸਥਾ ਨੂੰ ਸਮਰਥਨ ਪ੍ਰਾਪਤ ਸੀ।

ਕੇਂਦਰੀ ਪੰਜਾਬੀ ਲੇਖਕ ਸਭਾ ਦਾ ਪਹਿਲਾ ਜਨਰਲ ਸਮਾਗਮ ਫਰਵਰੀ 1956 ਵਿੱਚ ਜਲੰਧਰ ਵਿਖੇ ਹੋਇਆ, ਜਿਸ ਵਿੱਚ ਹੋਰਨਾਂ ਤੋਂ ਇਲਾਵਾ ਸੋਵੀਅਤ ਯੂਨੀਅਨ ਦੇ ਰੂਸੀ ਪੰਜਾਬੀ ਲੇਖਕ ਸੇਰੇਬਰਾਇਕੋਵ ਅਤੇ ਡਾ. ਮੁਲਖ ਰਾਜ ਆਨੰਦ ਵਰਗੀਆਂ ਪ੍ਰਸਿੱਧ ਹਸਤੀਆਂ ਸ਼ਾਮਿਲ ਹੋਈਆਂ। ਇਸ ਸਮਾਗਮ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਦੀ

[1] ਤਾਰਾ ਸਿੰਘ ਅਨਜਾਣ, *ਸਾਹਿਬ ਬੂਟੀ ਭਰੇਰਾ*, ਪੰਨਾ 163.

Namdhari Elibrary NamdhariElibrary@gmail.com

ਨਾਮਧਾਰੀ ਸੰਗਤ ਦੀ ਵੱਡੀ ਗਿਣਤੀ ਸੰਗ ਸ਼ਾਮਲ ਹੋਏ। ਇਨ੍ਹਾਂ ਸਤਰਾਂ ਦੇ ਲੇਖਕ ਨੂੰ ਪੂਰੀ ਤਰ੍ਹਾਂ ਯਾਦ ਹੈ ਕਿ ਇਸ ਕਾਨਫਰੰਸ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਨੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਥਾਈ ਦਫ਼ਤਰ ਨੂੰ ਸਥਾਪਿਤ ਕਰਨ ਲਈ ਲੁਧਿਆਣੇ ਦੇ ਪਰਤਾਪ ਨਗਰ ਵਿੱਚ ਦੋ ਕਨਾਲ ਭੂਮੀ ਦੇਣ ਦਾ ਬਚਨ ਕੀਤਾ ਸੀ ਪਰ ਸ਼ੋਕ ਦੀ ਗੱਲ ਹੈ ਕਿ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਅਹੁੱਦੇਦਾਰ ਉਸ ਭੂਮੀ ਤੋਂ ਲਾਭ ਨਾ ਉਠਾ ਸਕੇ।

## ਮਾਤ ਭਾਸ਼ਾ ਪੰਜਾਬੀ ਲਈ ਕੀਤੇ ਗਏ ਹੋਰ ਯਤਨ

### 'ਸਤਿਜੁਗ' ਦਾ ਸਪਤਾਹਿਕ ਕੀਤਾ ਜਾਣਾ

1920 ਤੋਂ ਹੀ ਨਾਮਧਾਰੀ ਦਰਬਾਰ ਵੱਲੋਂ 'ਸਤਿਜੁਗ' ਤੇ 'ਕੂਕਾ' ਪੱਤਰ ਪ੍ਰਕਾਸ਼ਿਤ ਹੋਣੇ ਸ਼ੁਰੂ ਹੋ ਗਏ ਸਨ। 'ਕੂਕਾ' ਤਾਂ ਬਹੁਤਾ ਚਿਰ ਚਲ ਨਾ ਸਕਿਆ, ਪਰ 'ਸਤਿਜੁਗ' ਬਾਵਜੂਦ ਪਾਬੰਦੀਆਂ ਤੇ ਜ਼ਬਤੀਆਂ ਦੇ ਨਿਰੰਤਰ ਚੱਲਦਾ ਰਿਹਾ। ਸਤਿਜੁਗ ਦੇ ਬਸੰਤ ਅੰਕ ਜੋ ਸੁਚਿਤਰਿਤ ਹੁੰਦੇ ਸਨ, ਬੜੇ ਹਰਮਨ ਪਿਆਰੇ ਹੋਏ ਅਤੇ ਇਨ੍ਹਾਂ ਵਿੱਚ ਉੱਘੇ ਲੇਖਕਾਂ ਦੇ ਲੇਖ ਵੀ ਪ੍ਰਕਾਸ਼ਿਤ ਹੁੰਦੇ ਰਹੇ। ਪਰ ਹੁਣ ਤੱਕ ਇਹ 'ਸਤਿਜੁਗ' ਮਾਸਿਕ ਪੱਤਰ ਹੀ ਰਿਹਾ। 1957 ਜੂਨ ਵਿੱਚ ਇਸ ਨੂੰ ਹਫਤਾਵਾਰ ਬਣਾ ਦਿੱਤਾ ਗਿਆ ਅਤੇ ਇਸਦੇ ਸੰਪਾਦਕ ਪ੍ਰੀਤਮ ਸਿੰਘ ਕਵੀ ਨੂੰ ਬਣਾਇਆ ਗਿਆ। 'ਸਤਿਜੁਗ' ਸਦਾ ਤੋਂ ਹੀ ਨਾਮਧਾਰੀ ਪੰਥ ਦਾ ਮੁੱਖ ਪ੍ਰਵਕਤਾ ਬਣਿਆ ਆ ਰਿਹਾ ਹੈ।

### ਸਤਿਗੁਰੂ ਜੀ ਦਾ ਸਾਹਿਤ ਪ੍ਰੇਮ ਅਤੇ ਸਾਹਿਤਕਾਰਾਂ ਦੀ ਸਰਪ੍ਰਸਤੀ

ਸਤਿਗੁਰੂ ਪਰਤਾਪ ਸਿੰਘ ਜੀ ਸਾਹਿਤ ਦੇ ਰਸੀਏ ਸਨ ਅਤੇ ਉਹ ਪੰਜਾਬੀ, ਬ੍ਰਿਜ ਭਾਸ਼ਾ, ਹਿੰਦੀ, ਉਰਦੂ, ਸੰਸਕ੍ਰਿਤ ਭਾਸ਼ਾਵਾਂ ਦੇ ਸਾਹਿਤ ਤੋਂ ਭਲੀ ਪ੍ਰਕਾਰ ਜਾਣੂ ਸਨ। ਨਾਮਧਾਰੀ ਮੱਤ ਅਤੇ ਇਤਿਹਾਸ ਨਾਲ ਸੰਬੰਧਤ ਕੁਝ ਸਰੋਤ ਗ੍ਰੰਥ, ਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ ਕਰਤਾ ਧਿਆਨ ਸਿੰਘ ਕਾਦਰਾਬਾਦੀ, ਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਆਦਿ ਦਾ ਆਪ ਜੀ ਨੇ ਵਿਸ਼ੇਸ਼ ਅਧਿਐਨ ਕੀਤਾ ਸੀ ਅਤੇ ਆਪਣੇ ਭਾਸ਼ਣਾਂ ਤੇ ਪ੍ਰਵਚਨਾਂ ਵਿੱਚ ਇਹਨਾਂ ਦੀ ਥਾਂ-ਥਾਂ 'ਤੇ ਵਰਤੋਂ ਕਰਦੇ ਸਨ। ਇਸ ਤੋਂ ਬਿਨਾਂ ਆਪ ਜੀ ਨੂੰ ਦਸਮ ਗ੍ਰੰਥ, ਗੁਰ ਪ੍ਰਤਾਪ ਸੂਰਜ ਗ੍ਰੰਥ, ਭਾਈ ਗੁਰਦਾਸ, ਭਾਈ ਨੰਦ ਲਾਲ ਅਤੇ ਹੋਰ ਪ੍ਰਮੁੱਖ ਸਾਹਿਤਕਾਰਾਂ ਦੀਆਂ ਰਚਨਾਵਾਂ ਦੇ ਕਾਫ਼ੀ ਅੰਸ਼ ਕੰਠ ਸਨ, ਜਿਹਨਾਂ ਦਾ ਪ੍ਰਯੋਗ ਉਹ ਆਪਣੇ ਭਾਸ਼ਣਾਂ ਤੇ ਉਪਦੇਸ਼ਾਂ ਵਿੱਚ ਬੜੇ ਸੁੰਦਰ ਤੇ ਕਲਾਮਈ ਢੰਗ ਨਾਲ ਕਰ ਲੈਂਦੇ ਸਨ। ਆਪ ਜੀ ਦੀ ਸੁਭਾਸਨੀ ਸ਼ਕਤੀ ਇੱਕ ਵੱਖਰਾ ਰੋਚਿਕ ਵਿਸ਼ਾ ਹੈ ਅਤੇ ਆਪ ਭਾਸ਼ਣ ਕਲਾ ਵਿੱਚ ਅਦੁੱਤੀ ਪ੍ਰਬੀਨਤਾ ਰੱਖਦੇ ਸਨ। ਉੱਘੇ ਸਾਹਿਤਕਾਰਾਂ ਦੀਆਂ ਰਚਨਾਵਾਂ ਦੇ ਕਈ ਅੰਸ਼ ਆਪ ਜੀ ਨੂੰ ਜ਼ੁਬਾਨੀ ਯਾਦ ਸਨ।

Namdhari Elibrary NamdhariElibrary@gmail.com

## ਸਾਹਿਤਕਾਰਾਂ ਦੇ ਸਰਪ੍ਰਸਤ

ਗੁਰੂ ਘਰ ਦੀ ਪ੍ਰਚਲਿਤ ਪਰੰਪਰਾ ਅਨੁਸਾਰ ਸਤਿਗੁਰੂ ਪਰਤਾਪ ਸਿੰਘ ਜੀ ਦੇ ਗੁਰੂ ਕਾਲ ਵਿੱਚ ਵੀ ਬਹੁਤ ਸਾਰੇ ਸਾਹਿਤਕਾਰ ਨਾਮਧਾਰੀ ਸੰਪ੍ਰਦਾਇ ਨਾਲ ਜੁੜੇ ਰਹੇ। ਸਤਿਗੁਰੂ ਜੀ ਦੇ ਨਿਕਟਵਰਤੀ ਨਾਮਧਾਰੀ ਲੇਖਕਾਂ ਵਿੱਚੋਂ ਸੰਤ ਨਿਧਾਨ ਸਿੰਘ ਆਲਮ ਤੇ ਸੰਤ ਇੰਦਰ ਸਿੰਘ ਚਕ੍ਰਵਰਤੀ ਪ੍ਰਮੁੱਖ ਨਾਮਧਾਰੀ ਲੇਖਕ ਮੰਨੇ ਜਾਂਦੇ ਹਨ। ਸੰਤ ਨਿਧਾਨ ਸਿੰਘ ਆਲਮ ਜਿਥੇ ਨਾਮਧਾਰੀ ਮੱਤ ਦੇ ਮੁੱਖ ਪ੍ਰਚਾਰਕਾਂ ਅਤੇ ਕੀਰਤਨਕਾਰਾਂ ਵਿੱਚੋਂ ਸਨ, ਉਥੇ ਆਪ ਜੀ ਨੇ ਕਾਂਗਰਸ ਦੇ ਕਾਰਜਾਂ ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਕਾਲ ਵਿੱਚ ਸਿੰਘ ਸਭਾ ਤੇ ਨਾਮਧਾਰੀ ਮੱਤ ਦੇ ਸਿਧਾਂਤਕ ਵਿਰੋਧਾਂ ਬਾਰੇ ਕਾਫ਼ੀ ਚਰਚਾ ਚੱਲਦੀ ਰਹੀ ਹੈ। ਭਾਈ ਵੀਰ ਸਿੰਘ ਸੰਪਾਦਕ 'ਖਾਲਸਾ ਸਮਾਚਾਰ' ਸਿੰਘ ਸਭਾ ਵੱਲੋਂ ਸਿਧਾਂਤਕ ਚਰਚਾ ਕਰਦੇ ਰਹੇ ਅਤੇ ਦੂਜੇ ਬੰਨੇ ਸੰਤ ਨਿਧਾਨ ਸਿੰਘ ਆਲਮ ਉਨ੍ਹਾਂ ਦਾ ਉੱਤਰ ਦਿੰਦੇ ਰਹੇ। ਵਿਵਾਦ ਦਾ ਮੁੱਖ ਵਿਸ਼ਾ 'ਬਾਣੀ ਗੁਰੂ' ਜਾਂ 'ਸਰਗੁਣ-ਸਰੂਪ ਗੁਰੂ' ਸੀ। ਗੁਰੂ ਪੰਥ ਪ੍ਰਕਾਸ਼ ਤਿੰਨ ਭਾਗਾਂ ਵਿੱਚ ਸੰਤ ਨਿਧਾਨ ਸਿੰਘ ਆਲਮ ਨੇ ਭਾਈ ਵੀਰ ਸਿੰਘ ਵੱਲੋਂ ਕੀਤੇ ਗਏ ਪ੍ਰਸ਼ਨਾਂ ਦਾ ਤਰਕ ਪੂਰਵਕ ਢੰਗ ਨਾਲ ਉੱਤਰ ਦਿੱਤਾ ਹੈ। ਆਲਮ ਜੀ ਦੀ ਇੱਕ ਹੋਰ ਵਰਣਨਯੋਗ ਪੁਸਤਕ *ਜੁਗ ਪਲਟਾਊ ਸਤਿਗੁਰੂ* ਹੈ, ਜਿਸ ਵਿੱਚ ਆਲਮ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਨੂੰ ਬੜੇ ਖੋਜ ਭਰਪੂਰ ਢੰਗ ਨਾਲ ਪ੍ਰਸਤੁਤ ਕੀਤ ਹੈ। 'ਰੂਹਾਨੀ ਟੈਲੀਫ਼ੂਨ', 'ਨਾਮਧਾਰੀ ਸਿਧਾਂਤ ਪ੍ਰਦਰਸ਼ਨ', ਆਲਮ ਜੀ ਦੀਆਂ ਹੋਰ ਵਰਣਨਯੋਗ ਰਚਨਾਵਾਂ ਹਨ।

ਸੰਤ ਇੰਦਰ ਸਿੰਘ ਚਕਰਵਰਤੀ ਵੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਨਿਕਟਵਰਤੀ ਸੇਵਕਾਂ ਵਿੱਚੋਂ ਸਨ। ਆਪ ਲੰਮੇ ਚਿਰ ਲਈ 'ਸਤਿਜੁਗ' ਦੇ ਸੰਪਾਦਕ ਰਹੇ, ਜਿਸ ਦੇ ਸੁਚਿਤਰਿਤ ਬਸੰਤ ਅੰਕ ਯਾਦਗਾਰੀ ਰਚਨਾਵਾਂ ਬਣ ਗਏ ਸਨ। ਇਨ੍ਹਾਂ ਵਿੱਚ ਪ੍ਰਿੰਸੀਪਲ ਤੇਜਾ ਸਿੰਘ, ਸ. ਗੁਰਬਖਸ਼ ਸਿੰਘ, ਸਰਦੂਲ ਸਿੰਘ ਕਵੀਸ਼ਰ, ਭਾਈ ਵੀਰ ਸਿੰਘ, ਭਾਈ ਜੋਧ ਸਿੰਘ, ਅਵਤਾਰ ਸਿੰਘ ਆਜ਼ਾਦ ਤੇ ਹੋਰ ਪ੍ਰਮੁੱਖ ਪੰਜਾਬੀ ਲੇਖਕਾਂ ਤੋਂ ਬਿਨਾਂ ਹਿੰਦੀ ਲੇਖਕਾਂ ਦੀਆਂ ਰਚਨਾਵਾਂ ਵੀ ਸੰਕਲਿਤ ਹੁੰਦੀਆਂ ਸਨ। ਸੰਤ ਇੰਦਰ ਸਿੰਘ ਚਕਰਵਰਤੀ ਨੇ ਨਾਮਧਾਰੀ ਲਹਿਰ ਨਾਲ ਸੰਬੰਧਿਤ ਤਿੰਨ ਨਾਵਲ 'ਬੀਤ ਰਾਗ', 'ਅਤਰੰਗੀ' ਅਤੇ 'ਜੈ' ਲਿਖੇ, ਜਿਨ੍ਹਾਂ ਨੂੰ ਪਿਛੋਂ ਜਾ ਕੇ 'ਪਹਿਲਾਂ ਮਰਨ ਕਬੂਲ' ਵਿੱਚ ਸੰਕਲਿਤ ਕਰ ਦਿੱਤਾ ਗਿਆ। ਨਾਮਧਾਰੀ ਇਤਿਹਾਸ (ਹਿੱਸਾ ਪਹਿਲਾ) ਜੋ ਸਤਿਗੁਰੂ ਬਾਲਕ ਸਿੰਘ ਬਾਰੇ ਹੈ ਅਤੇ ਨਾਟਕ 'ਸ਼ਾਹੀ ਕੈਦੀ' ਸਤਿਗੁਰੂ ਰਾਮ ਸਿੰਘ ਦੇ ਜੀਵਨ ਬਿਰਤਾਂਤ ਨਾਲ ਸੰਬੰਧਤ ਹੈ। ਸੰਤ ਚੱਕਰਵਰਤੀ ਜੀ ਦੀ ਇੱਕ ਹੋਰ ਰਚਨਾ ਮਹਾਂਕਾਵਿ 'ਮਾਲਵਿੰਦਰ' ਹੈ, ਜੋ ਸਤਿਗੁਰੂ ਪਰਤਾਪ ਸਿੰਘ ਜੀ ਦੀ ਅਗਾਊਂ ਪ੍ਰਵਾਨਗੀ ਤੋਂ ਬਿਨ੍ਹਾਂ ਚੱਕਰਵਰਤੀ ਜੀ ਨੇ ਛਾਪ ਦਿੱਤੀ ਸੀ। ਇਸ ਬਾਰੇ ਸਤਿਗੁਰੂ ਜੀ ਵੱਲੋਂ ਕਈ ਇਤਰਾਜ਼ ਉਠਾਏ ਗਏ। ਇਹ ਪੁਸਤਕ ਉਨ੍ਹਾਂ ਦੀ ਪ੍ਰਵਾਨਗੀ ਨਾ ਪ੍ਰਾਪਤ ਕਰ ਸਕੀ। ਸਤਿਗੁਰੂ ਜੀ ਨੂੰ ਮਾਲਵਿੰਦਰ ਨਾਮ ਬਾਰੇ ਵੀ ਇਤਰਾਜ ਸੀ, ਕਿਉਂ ਜੋ ਸਤਿਗੁਰੂ ਰਾਮ ਸਿੰਘ ਜੀ ਦੀ ਵਡਿਆਈ ਕੇਵਲ ਮਾਲਵੇ ਤੱਕ ਹੀ ਸੀਮਤ ਨਹੀਂ ਸੀ। ਉਹ ਤਾਂ ਸਾਰੇ ਜਗਤ ਤੇ ਆਜ਼ਾਦੀ ਦੇ ਸੰਗਰਾਮ ਦੇ ਨਵੇਂ ਪੰਧਾਂ

Namdhari Elibrary NamdhariElibrary@gmail com

ਨੂੰ ਦਰਸਾਉਣ ਵਾਲੇ ਸਨ। ਇੱਕ ਵੱਡਾ ਇਤਰਾਜ਼ 'ਮਾਲਵਿੰਦਰ' ਦੀ ਭੂਮਿਕਾ ਬਾਰੇ ਸੀ ਜੋ ਆਲਮ ਜੀ ਦੀ ਲਿਖੀ ਹੋਈ ਸੀ ਅਤੇ ਜਿਸ ਵਿੱਚ ਨਾਮਧਾਰੀ ਇਤਿਹਾਸ ਦੇ ਲੇਖਕ ਸ. ਨਾਹਰ ਸਿੰਘ ਬਾਰੇ ਗਲਤ ਬਿਆਨੀ ਕੀਤੀ ਗਈ ਸੀ। ਕਵਿਤਾ ਦੇ ਪੱਖ ਤੋਂ ਭਾਵੇਂ ਇਸ ਸੰਰਚਨਾ ਵਿੱਚ ਕਿੰਨੇ ਹੀ ਗੁਣ ਕਿਉਂ ਨਾ ਹੋਣ, ਇਸ ਰਚਨਾ ਦਾ ਸਤਿਗੁਰੂ ਪਰਤਾਪ ਸਿੰਘ ਜੀ ਦੀ ਪਰਖ-ਕਸਵੱਟੀ ਉੱਤੇ ਪੂਰਾ ਉਤਰਨਾ ਜ਼ਰੂਰੀ ਸੀ। ਸਤਿਗੁਰੂ ਪਰਤਾਪ ਸਿੰਘ ਬਾਰੇ ਚੱਕਰਵਰਤੀ ਜੀ ਦੀ ਇੱਕ ਹੋਰ ਪੁਸਤਕ 'ਅਟੱਲ ਪ੍ਰਤਾਪੀ' ਹੈ, ਜਿਸ ਵਿੱਚ ਆਪ ਜੀ ਨੇ ਸਤਿਗੁਰੂ ਪਰਤਾਪ ਸਿੰਘ ਬਾਰੇ ਸ਼ਰਧਾਪੂਰਵਕ ਢੰਗ ਨਾਲ ਲੋੜੀਂਦੀ ਜਾਣਕਾਰੀ ਦਿੱਤੀ ਹੈ।

ਇਸ ਕਾਲ ਦੇ ਤੀਜੇ ਸ਼੍ਰੋਮਣੀ ਲੇਖਕ ਸੰਤ ਤਰਨ ਸਿੰਘ ਵਹਿਮੀ ਹਨ। ਉਹ ਪਿੰਡ ਹਿੰਦੂ ਚੱਕ, ਜ਼ਿਲ੍ਹਾ ਗੁਜਰਾਂਵਾਲਾ ਦੇ ਜੰਮਪਲ ਸਨ ਅਤੇ ਪਿਛੋਂ ਸ੍ਰੀ ਜੀਵਨ ਨਗਰ ਦੇ ਇਲਾਕੇ ਪਿੰਡ ਬੁੱਢੀਮਾੜੀ ਵਿੱਚ ਨਿਵਾਸ ਰੱਖਦੇ ਰਹੇ। ਆਪ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਤੋਂ ਵਰੋਸਾਏ ਹੋਏ ਅਤੇ ਉਨ੍ਹਾਂ ਦੇ ਨਿਕਟਵਰਤੀ ਵਿਚਰਨ ਵਾਲੇ ਲੇਖਕਾਂ ਵਿੱਚੋਂ ਸਨ। ਕਵਿਤਾ ਅਤੇ ਵਾਰਤਕ ਦੋਹਾਂ ਉੱਤੇ ਹੀ ਉਨ੍ਹਾਂ ਦਾ ਪੂਰਨ ਅਧਿਕਾਰ ਸੀ। ਆਪ ਜੀ ਦੀ ਨਾਮਧਾਰੀ ਮੱਤ ਅਤੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਜੀਵਨ ਸਮਾਚਾਰਾਂ ਬਾਰੇ ਖੋਜ ਅਤੇ ਇਕੱਤਰ ਕੀਤੇ ਗਏ ਵੇਰਵੇ ਉਨ੍ਹਾਂ ਨੂੰ ਸਹਿਜੇ ਹੀ ਨਾਮਧਾਰੀ ਇਤਿਹਾਸ ਦੇ ਪ੍ਰਮੁੱਖ ਖੋਜੀ ਅਤੇ ਸਮਕਾਲੀ ਘਟਨਾਵਾਂ ਦਾ ਤਜ਼ਕਰਾ-ਨਵੀਸ ਜਾਂ ਸਮਕਾਲੀ ਸਾਖੀਕਾਰ ਮੰਨਿਆ ਜਾ ਸਕਦਾ ਹੈ। 'ਨਦੇੜੋਂ ਬਾਅਦ ਦਸਮ ਗੁਰੂ ਦਰਸਨ' ਵਿੱਚ ਆਪ ਜੀ ਨੇ ਥਾਂ ਪਰ ਥਾਂ ਇਤਿਹਾਸਕ ਪ੍ਰਮਾਣਾਂ ਦੁਆਰਾ ਨਾਮਧਾਰੀ ਗੁਰ ਮਰਿਯਾਦਾ ਦੀ ਪੁਸ਼ਟੀ ਕੀਤੀ ਹੈ। 'ਅੱਖੀਆਂ' ਨਾਮ ਦੀ ਕਾਵਿ ਪੁਸਤਕ ਉਨ੍ਹਾਂ ਨੇ ਅੱਖੀਆਂ ਦੇ ਰਦੀਫ ਦੀ ਪੁਨਰ ਅਵਿਰਤੀ ਦੁਆਰਾ ਆਪਣੇ ਕਾਵਿ-ਗੁਰੂ ਹਰਨਾਮ ਸਿੰਘ ਆਰਫ਼ ਦੀ ਪਿਰਤ ਨੂੰ ਅੱਗੇ ਤੋਰਿਆ ਹੈ, ਜਿਨ੍ਹਾਂ ਦੀ ਪੁਸਤਕ 'ਦ੍ਰਿਗ ਸਤੋਤਰ' ਵਿੱਚ ਵੀ ਅੱਖੀਆਂ ਦੇ ਰਦੀਫ਼ ਨੂੰ ਹੀ ਲੰਮੇਰੀ ਕਾਵਿ ਰਚਨਾ ਦੁਆਰਾ ਬੈਂਤਾਂ ਵਿੱਚ ਨਿਭਾਇਆ ਗਿਆ ਹੈ। 'ਪ੍ਰੇਮ ਅੱਖਰ' ਵਿੱਚ ਵੀ ਉਨ੍ਹਾਂ ਨੇ ਸੰਸਾਰਕ ਗਿਆਨ ਅਤੇ ਅਧਿਆਤਮਕ ਆਦਰਸ਼ਾਂ ਨੂੰ ਕਈ ਸੌ ਪੰਗਤੀਆਂ ਵਿੱਚ ਕਾਨੀ ਬੰਦ ਕੀਤਾ ਹੈ। ਪਰ ਆਪਣੀ ਪੁਸਤਕ 'ਜੱਸ ਜੀਵਨ' ਨੂੰ ਵੱਡੇ ਆਕਾਰ ਦੇ ਛੇ ਭਾਗਾਂ ਵਿੱਚ ਰਚ ਕੇ ਇਸ ਸ਼੍ਰੋਮਣੀ ਇਤਿਹਾਸਕਾਰ ਲੇਖਕ ਨੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੁੱਚੇ ਜੀਵਨ ਸਮਾਚਾਰਾਂ ਨੂੰ ਸਾਲਾਂ ਦੇ ਕ੍ਰਮ ਅਨੁਸਾਰ ਵਿਸਤ੍ਰਿਤ ਰੂਪ ਵਿੱਚ ਇਸ ਤਰ੍ਹਾਂ ਸਾਂਭ ਲਿਆ ਹੈ ਕਿ ਅੱਜ ਉਸ ਦੀ ਇਹ ਸ਼੍ਰੋਮਣੀ ਰਚਨਾ ਨਾਮਧਾਰੀ ਇਤਿਹਾਸ ਅਤੇ ਮਤ ਦੀ ਪ੍ਰਮਾਣਿਕ ਪੁਸਤਕ ਅਤੇ ਸੱਚ ਪੁੱਛੋ ਤਾਂ ਵੱਡੇ ਸਰੋਤ ਗ੍ਰੰਥ ਦਾ ਰੂਪ ਧਾਰਨ ਕਰ ਗਈ ਹੈ। ਇੰਜ ਵਹਿਮੀ ਜੀ ਨੇ 'ਜੱਸ ਜੀਵਨ' ਰਚ ਕੇ ਪੰਜਾਬੀ ਦੀ ਜਨਮਸਾਖੀ ਪਰੰਪਰਾ ਦਾ ਚੋਖਾ ਵਿਸਥਾਰ ਤੇ ਵਿਕਾਸ ਕਰ ਦਿੱਤਾ ਹੈ। 'ਨਦੇੜੋਂ ਬਾਅਦ ਦਸਮ ਗੁਰੂ ਦਰਸ਼ਨ', 'ਨਦੇੜੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ, ਸੁਹੇਵਾ ਸਾਹਿਬ' ਆਦਿ ਪੁਸਤਕਾਂ ਵਿੱਚ ਵਹਿਮੀ ਜੀ ਨੇ ਨਾਮਧਾਰੀ ਗੁਰੂ ਪਰੰਪਰਾ ਦੀ ਪੁਸ਼ਟੀ ਇਤਿਹਾਸਕ ਖੋਜ ਤੇ ਪ੍ਰਮਾਣਿਕ ਹਵਾਲਿਆਂ ਦੁਆਰਾ ਕਰਨ ਦਾ ਯਤਨ ਕੀਤਾ ਹੈ, ਪਰ 'ਜੱਸ ਜੀਵਨ' ਵਿੱਚ

Namdhari Elibrary NamdhariElibrary@gmail.com

ਆਪ ਨੇ ਗੁਰੂ ਇਤਿਹਾਸ ਦੀ ਉਸ ਲੜੀ ਨੂੰ ਅੱਗੇ ਤੋਰਿਆ ਹੈ, ਜਿਸ ਨੂੰ ਭਾਈ ਸੰਤੋਖ ਸਿੰਘ ਬਾਹੋਵਾਲ ਨੇ ਆਰੰਭ ਕੀਤਾ ਸੀ। 1890 ਤੋਂ ਲੈ ਕੇ 1959 ਤੱਕ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੁੱਚੇ ਜੀਵਨ ਨੂੰ ਜਾਣਨ ਲਈ ਅਤੇ ਉਨ੍ਹਾਂ ਦੇ ਗੁਰੂਤਵ ਦੇ ਸਮੇਂ ਨਾਮਧਾਰੀ ਸਮਾਜ ਦੀ ਦੇਸ਼ ਪ੍ਰਤੀ ਕੀਤੀ ਗਈ ਘਾਲ ਅਤੇ ਦੇਣ ਨੂੰ ਇਸ ਪ੍ਰਮੁੱਖ ਰਚਨਾ ਵਿੱਚ ਸੰਕਲਿਤ ਕੀਤਾ ਗਿਆ ਹੈ।

ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਹੀ ਹਰਨਾਮ ਸਿੰਘ ਬਗਲੀ ਵਾਲੇ ਦੀ ਬੈਂਤਾਂ ਵਿੱਚ ਰਚੀ ਪੁਸਤਕ 'ਸੰਤ ਖਾਲਸਾ' ਹੈ, ਜਿਸ ਵਿੱਚ ਨਾਮਧਾਰੀ ਇਤਿਹਾਸ ਬਾਰੇ ਸੰਖੇਪ ਤੇ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ ਹੈ।

ਸਤਿਗੁਰੂ ਪਰਤਾਪ ਸਿੰਘ ਜੀ ਨੇ ਨਾਮਧਾਰੀ ਇਤਿਹਾਸ ਦੀ ਖੋਜ ਵੱਲ ਉਚੇਚਾ ਧਿਆਨ ਦਿੱਤਾ ਅਤੇ ਸ. ਨਾਹਰ ਸਿੰਘ ਗਰੇਵਾਲ ਕੋਲੋਂ 'ਨਾਮਧਾਰੀ ਇਤਿਹਾਸ' ਭਾਗ ਪਹਿਲਾ ਆਪਣੀ ਨਿਗਰਾਨੀ ਵਿੱਚ ਤਿਆਰ ਕਰਵਾਇਆ। ਇਸ ਪੁਸਤਕ ਵਿੱਚ ਨਾਮਧਾਰੀ ਇਤਿਹਾਸ ਦੇ ਪਹਿਲੇ ਭਾਗ ਜੋ 1857 ਅਰਥਾਤ ਸੰਤ ਖਾਲਸਾ ਦੇ ਜਨਮ ਤੋਂ ਲੈ ਕੇ 1872 ਦੇ ਮਲੇਰਕੋਟਲੇ ਦੇ ਸ਼ਹੀਦੀ ਸਾਕੇ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਤੇ ਬਰਮਾ ਵਿੱਚ ਬੰਦੀਵਾਨ ਕੀਤੇ ਜਾਣ ਤੱਕ ਸੰਬੰਧਿਤ ਹੈ, ਪਰ ਸਤਿਗੁਰੂ ਰਾਮ ਸਿੰਘ ਜੀ ਤੋਂ ਪੂਰਬਲੇ ਸਮਾਚਾਰਾਂ ਨੂੰ ਵੀ ਇਤਿਹਾਸਕਾਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਗਟ ਹੋਣ ਤੱਕ ਦੇ ਧਾਰਮਿਕ ਤੇ ਰਾਜਨੀਤਕ ਪੱਖਾਂ ਉੱਤੇ ਬੜੀ ਖੋਜ ਭਰਪੂਰ ਪੜਤਾਲ ਕੀਤੀ ਹੈ। 1872 ਤੱਕ ਦੇ ਇਤਿਹਾਸਕ ਸਮਾਚਾਰਾਂ ਨੂੰ ਪੂਰੀ ਛਾਣਬੀਨ ਪਿਛੋਂ ਕਲਮ ਬੰਦ ਕੀਤਾ ਹੈ। ਆਪ ਜੀ ਦੀ ਇੱਕ ਵੱਡੀ ਦੇਣ ਸਰਕਾਰੀ ਮਿਸਲਾਂ ਵਿੱਚ ਅੰਕਿਤ ਇਤਿਹਾਸਕ ਦਸਤਾਵੇਜ਼ਾਂ ਨੂੰ ਰਾਸ਼ਟਰੀ ਸੰਗ੍ਰਹਾਲੇ (National Archives) ਵਿੱਚੋਂ ਇਕੱਤਰ ਕਰਨਾ ਹੈ, ਜੋ ਪਿਛੋਂ ਜਾ ਕੇ ਕੂਕਾ ਦਸਤਾਵੇਜ਼ਾਂ ਦੇ ਰੂਪ ਵਿੱਚ ਛਪੇ ਅਤੇ ਜਿਨ੍ਹਾਂ ਤੋਂ ਨਾਮਧਾਰੀ ਇਤਿਹਾਸ ਸੰਬੰਧੀ ਮਹੱਤਵਪੂਰਨ ਤੱਥ ਸਾਹਮਣੇ ਆਏ ਹਨ। ਸ੍ਰ. ਨਾਹਰ ਸਿੰਘ ਇਤਿਹਾਸਕਾਰ ਨੇ ਇਨ੍ਹਾਂ ਨੂੰ ਬੜੀ ਮਿਹਨਤ ਕਰਕੇ ਸੰਪਾਦਤ ਕੀਤਾ ਹੈ

ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਰਚੀ ਗਈ ਨਾਮਧਾਰੀ ਇਤਿਹਾਸਕ ਖੋਜ ਤੇ ਪੜਤਾਲ ਦੀ ਲੜੀ ਵਿੱਚ ਹੀ ਅਮਰ ਭਾਰਤੀ ਦੀ ਪੁਸਤਕ 'ਸਿੱਖ ਇਤਿਹਾਸ ਤੇ ਕੂਕੇ' ਹੈ।

ਉਪਰੋਕਤ ਲੇਖਕਾਂ ਤੋਂ ਬਿਨਾਂ ਕਈ ਹੋਰ ਸਾਹਿਤਕਾਰ ਵੀ ਸਤਿਗੁਰੂ ਜੀ ਦੀ ਸਰਪ੍ਰਸਤੀ ਪ੍ਰਾਪਤ ਕਰਦੇ ਰਹੇ। ਜਿਨ੍ਹਾਂ ਵਿੱਚੋਂ ਸੰਤ ਮੰਗਲ ਸਿੰਘ ਲਾਇਲਪੁਰੀ, ਪ੍ਰੀਤਮ ਸਿੰਘ ਕਵੀ, ਪ੍ਰੀਤਮ ਸਿੰਘ ਪੰਛੀ, ਅਵਤਾਰ ਸਿੰਘ ਆਜ਼ਾਦ, ਆਤਮਾ ਸਿੰਘ ਸਨਖਤਰਾ, ਡਾ. ਕਰਮ ਸਿੰਘ ਕਪੂਰ, ਮਾ. ਨਿਹਾਲ ਸਿੰਘ, ਪੰ. ਰਾਜਿੰਦਰ ਸਿੰਘ ਗੁਰੂਸਰ ਅਤੇ ਬਿਸ਼ਨ ਸਿੰਘ ਇਤਿਹਾਸਕਾਰ ਦੇ ਨਾਂ ਲਏ ਜਾ ਸਕਦੇ ਹਨ। ਮਾ. ਨਿਹਾਲ ਸਿੰਘ ਜੀ ਦੀ ਪੁਸਤਕ 'ਚੋਜੀ ਪ੍ਰੀਤਮ' ਜੋ ਕਈ ਭਾਗਾਂ ਵਿੱਚ ਪ੍ਰਕਾਸ਼ਿਤ ਹੋਈ ਹੈ ਸਤਿਗੁਰੂ ਪਰਤਾਪ ਸਿੰਘ ਜੀ ਦੇ ਜੀਵਨ ਨਾਲ ਸੰਬੰਧਿਤ ਕਈ ਘਟਨਾਵਾਂ ਨੂੰ ਪੁਰਾਤਨ ਸਾਖੀਕਾਰਾਂ ਦੇ ਰੂਪ ਵਿੱਚ ਪੇਸ਼ ਕਰਦੀ ਹੋਈ ਇਸ ਸਾਖੀ ਪਰੰਪਰਾ ਨੂੰ ਨਵੀਂ ਨੁਹਾਰ ਵੀ ਦੇ ਜਾਂਦੀ ਹੈ। ਸਤਿਗੁਰੂ ਹਰੀ

Namdhari Elibrary NamdhariElibrary@gmail com

ਸਿੰਘ ਬਾਰੇ ਉਨ੍ਹਾਂ ਦੀ ਪੁਸਤਕ 'ਸੀਤਲਤਾ ਦਾ ਸਰੋਤ' ਵਰਣਨਯੋਗ ਰਚਨਾ ਹੈ।

ਇਸ ਲੇਖਕ ਦੀ ਵਾਰਤਕ ਵਿੱਚ ਆਧੁਨਿਕ ਵਾਰਤਕ ਅਤੇ ਇੱਕ ਸੁਲਝੇ ਹੋਏ ਸ਼ੈਲੀਕਾਰ ਅਰਥਾਤ ਸ੍ਰੇਸ਼ਠ ਗਦ ਲੇਖਕ ਦੇ ਸਾਹਿਤਕ ਗੁਣ ਮੌਜੂਦ ਹਨ। ਹੋਰ ਵੀ ਅਨੇਕ ਸਾਹਿਤਕਾਰਾਂ ਨੇ ਸਤਿਗੁਰੂ ਪਰਤਾਪ ਸਿੰਘ ਜੀ ਦੀ ਛੱਤਰ ਛਾਇਆ ਹੇਠ ਪਰਵਰਿਸ਼ ਪਾਈ ਹੈ, ਜਿਨ੍ਹਾਂ ਬਾਰੇ ਵਿਸਤਾਰ ਨਾਲ ਵਰਣਨ ਕਰਨ ਤੋਂ ਸੰਕੋਚ ਕੀਤਾ ਜਾ ਰਿਹਾ ਹੈ।

## ਪਸ਼ੂ-ਪ੍ਰਦਰਸ਼ਨੀਆਂ ਤੇ ਗਊ-ਰੱਖਿਆ ਸੰਮੇਲਨ

ਸਤਿਗੁਰੂ ਪਰਤਾਪ ਸਿੰਘ ਜੀ ਨੂੰ ਪਸ਼ੂ-ਧਨ ਨਾਲ ਅੰਤਾਂ ਦਾ ਮੋਹ ਸੀ। ਚੰਗੀ ਨਸਲ ਦੇ ਘੋੜੇ, ਗਊਆਂ, ਬੈਲ ਅਤੇ ਮੱਝਾਂ ਨਾਲ ਸਤਿਗੁਰੂ ਜੀ ਨੂੰ ਖਾਸ ਸਨੇਹ ਸੀ। ਉਹ ਇਹਨਾਂ ਦੀਆਂ ਨਸਲਾਂ ਸੁਧਾਰਨ ਵਿੱਚ ਵਿਸ਼ਵਾਸ ਰੱਖਦੇ ਸਨ। ਆਪ ਦੀ ਨਿਗਰਾਨੀ ਵਿੱਚ ਪਸ਼ੂ ਧਨ ਦੀ ਚੰਗੀ ਸੰਭਾਲ ਕੀਤੀ ਜਾਂਦੀ ਸੀ। ਆਪ ਨੇ ਕਈ ਪਸ਼ੂ ਪ੍ਰਦਰਸ਼ਨੀਆਂ ਲਗਵਾਈਆਂ। ਚੰਗੇ ਪਸ਼ੂ-ਪਾਲਕਾਂ ਨੂੰ ਇਨਾਮ ਦਿੱਤੇ ਅਤੇ ਕਈ ਰਾਸ਼ਟਰੀ ਪੱਧਰ ਦੀਆਂ ਪਸ਼ੂ ਪ੍ਰਦਰਸ਼ਨੀਆਂ ਵਿੱਚੋਂ ਉਨ੍ਹਾਂ ਦੀਆਂ ਦੁਧਾਰੂ ਗਊਆਂ ਤੇ ਮੱਝਾਂ ਨੇ ਉੱਚਤਮ ਪਦਵੀਆਂ ਪ੍ਰਾਪਤ ਕੀਤੀਆਂ।

1956 ਵਿੱਚ ਜੋਧਪੁਰ ਵਿਖੇ ਵੱਡੀ ਕੌਮੀ ਪੱਧਰ ਦੀ ਵੱਡੀ ਪਸ਼ੂ ਪ੍ਰਦਰਸ਼ਨੀ ਹੋਈ। ਸਤਿਗੁਰੂ ਜੀ ਵੀ ਇਸ ਪ੍ਰਦਰਸ਼ਨੀ ਦੇ ਜੱਜਾਂ (ਨਿਰਣੇਕਾਰਾਂ) ਵਿੱਚੋਂ ਸਨ। ਇੱਕ ਅਫਸਰ ਨੇ ਈਰਖਾ ਕਰਕੇ ਸਤਿਗੁਰੂ ਜੀ ਦੇ ਪਸ਼ੂਆਂ ਨੂੰ ਦੂਜੇ ਨੰਬਰ 'ਤੇ ਰਖਿਆ। ਪਰ ਸਤਿਗੁਰੂ ਜੀ ਨੇ ਦੁਬਾਰਾ ਫ਼ੀਸ ਭਰ ਕੇ ਪਰਖ ਕਰਵਾਈ ਤਾਂ ਸਤਿਗੁਰੂ ਜੀ ਦੇ ਪਸ਼ੂ ਇੱਕ ਨੰਬਰ 'ਤੇ ਆਏ।

## ਗਊ-ਰੱਖਿਆ ਸੰਮੇਲਨ

13-14 ਦਸੰਬਰ, 1958 ਨੂੰ ਰਾਮ ਲੀਲਾ ਗਰਾਊਂਡ ਨਵੀਂ ਦਿੱਲੀ ਵਿਖੇ ਗਊ ਹੱਤਿਆ ਵਿਰੋਧ ਸੰਮਤੀ ਵੱਲੋਂ ਕੌਮੀ ਪੱਧਰ ਦਾ ਸੰਮੇਲਨ ਕੀਤਾ ਗਿਆ, ਜਿਸ ਵਿੱਚ ਦੁਆਰਕਾ ਪੀਠ ਦੇ ਸ੍ਰੀ ਸ਼ੰਕਰਾਚਾਰੀਆ ਤੋਂ ਬਿਨਾਂ ਸ੍ਰੀ ਪ੍ਰਭੂਦੱਤ ਬ੍ਰਹਮਚਾਰੀ, ਸ੍ਰੀ ਗੋਲਵਾਲਕਰ, ਸ੍ਰੀ ਮਾਨਕਰ, ਲਾਲਾ ਹਰਦੇਵ ਸਹਾਇ ਆਦਿ ਨੇਤਾ ਸ਼ਾਮਿਲ ਹੋਏ। ਸਤਿਗੁਰੂ ਜੀ ਵੱਲੋਂ ਇਸ ਸੰਮੇਲਨ ਵਿੱਚ ਘਿਓ, ਕਣਕ, ਸਬਜ਼ੀ ਆਦਿ ਵਸਤੂਆਂ ਭੇਜੀਆਂ ਗਈਆਂ। ਸਤਿਗੁਰੂ ਜੀ ਨੇ ਸੰਮੇਲਨ ਵਿੱਚ ਆਪਣਾ ਸੰਦੇਸ਼ ਇਹਨਾਂ ਸ਼ਬਦਾਂ ਵਿੱਚ ਦਿੱਤਾ, [1]"ਗਊ ਰੱਖਿਆ ਦਾ ਇੱਕ ਵੱਡਾ ਗੁਰ ਇਹ ਹੈ ਕਿ ਹਰ ਹਿੰਦੂ ਤੇ ਸਿੱਖ ਘਰ ਪ੍ਰਤੀ ਚੰਗੀ ਨਸਲ ਦੀ ਗਊ ਰੱਖੇ ਤੇ ਬਿਨਾਂ ਪ੍ਰਤੀਤ ਵੇਚੇ ਭੀ ਨਾ ਤੇ ਅਵਾਰਾ ਭੀ ਵੱਡੀ ਗਊ ਨਾ ਛੱਡੇ। ਜੇਕਰ ਗਊ ਮਿਲੇ ਹੀ ਨਾ ਤਾਂ ਉਹ ਘਾਤ ਕਿਵੇਂ ਕਰਨਗੇ। ਕਹਿਣੀ ਤੋਂ ਕਰਨੀ ਦੀ ਲੋੜ ਹੈ। ਜਦ ਤੱਕ ਬੁਰਾ ਬੁਰਾਈਓਂ ਨਹੀਂ ਹਟਦਾ ਭਲੇ ਕੰਮ ਦੇ ਉਤਸਾਹੋਂ ਚਾਹੋਂ ਸਾਨੂੰ ਵੀ ਨਹੀਂ ਹਟਣਾ ਚਾਹੀਦਾ।"

[1] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ-6, ਪੰਨਾ 300.

Namdhari Elibrary NamdhariElibrary@gmail.com

## ਵਧੀ ਵੇਲ ਗੁਰ ਪੀੜ੍ਹੀ ਚਾਲੀ

ਇਸ ਕਾਲ ਵਿੱਚ ਗੁਰੂ ਪਰਿਵਾਰ ਵਿੱਚ ਦੋ ਪੋਤਰਿਆਂ ਦਾ ਜਨਮ ਹੋਇਆ। ਬਾਬਾ ਬੀਰ ਸਿੰਘ ਦੇ ਘਰ ਠਾਕੁਰ ਦਲੀਪ ਸਿੰਘ ਦਾ ਜਨਮ ਅਗਸਤ 1953 ਨੂੰ ਅਤੇ ਇਸੇ ਤਰ੍ਹਾਂ ਦੂਜੀ ਸੰਤਾਨ ਠਾਕੁਰ ਉਦੇ ਸਿੰਘ ਦਾ ਜਨਮ 16 ਅਗਸਤ, 1958 ਨੂੰ ਹੋਇਆ।

## ਭੈਣੀ ਸਾਹਿਬ ਦੀ ਜ਼ਮੀਨ ਦਾ ਇਸਤੇਮਾਲ

1958 ਵਿੱਚ ਸ੍ਰੀ ਭੈਣੀ ਸਾਹਿਬ ਦੀ ਜ਼ਮੀਨ ਦਾ ਇਸਤੇਮਾਲ ਹੋ ਰਿਹਾ ਸੀ। ਸਤਿਗੁਰੂ ਪਰਤਾਪ ਸਿੰਘ ਜੀ ਨੇ ਹੁਣ ਤੱਕ ਮਹਾਰਾਜ ਨਿਹਾਲ ਸਿੰਘ ਦਾ ਹਿੱਸਾ ਬਰਾਬਰ ਰੱਖਿਆ ਹੋਇਆ ਸੀ। ਮਹਾਰਾਜ ਨਿਹਾਲ ਸਿੰਘ ਵੰਡ ਕਰਾਉਣ ਲਈ ਉੱਤਮ ਸਿੰਘ ਤੇ ਹਰਨਾਮ ਸਿੰਘ ਨੂੰ ਨਾਲ ਲੈ ਕੇ ਭੈਣੀ ਸਾਹਿਬ ਪੁੱਜੇ। ਸਤਿਗੁਰੂ ਪਰਤਾਪ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਸ੍ਰੀ ਭੈਣੀ ਸਾਹਿਬ ਜੀ ਦੇ ਵਿਸ਼ੇਸ਼ ਸਥਾਨਾਂ, ਜਿਨ੍ਹਾਂ ਦੀ ਇਤਿਹਾਸਕ ਮਹੱਤਤਾ ਸੀ, ਨੂੰ ਪੂਰੀ ਤਰ੍ਹਾਂ ਨਾਮਧਾਰੀ ਪੰਥ ਲਈ ਸੁਰੱਖਿਅਤ ਰੱਖਣਾ ਚਾਹੁੰਦੇ ਸਨ। ਪਰ ਮਹਾਰਾਜ ਨਿਹਾਲ ਸਿੰਘ ਜੀ ਇਨ੍ਹਾਂ ਇਤਿਹਾਸਕ ਸਥਾਨਾਂ ਵਿੱਚ ਵੀ ਅੱਧ ਦਾ ਹਿੱਸਾ ਵੰਡਾਉਣਾ ਚਾਹੁੰਦੇ ਸਨ। ਸਤਿਗੁਰੂ ਪਰਤਾਪ ਸਿੰਘ ਜੀ ਨੇ ਕਿਹਾ, "ਮੈਂ ਨੇਕ ਨੀਤੀ ਨਾਲ ਤੁਹਾਡਾ ਨਾਮ ਹਰ ਖਾਤੇ ਥਾਂ ਵਿੱਚ ਅੱਧ ਤੇ ਲਿਖਾਇਆ ਹੈ। ਤੁਸੀਂ ਜ਼ਮੀਨ ਦੇ ਬਦਲੇ ਜ਼ਮੀਨ, ਜੇਹਾ ਜੀ ਕਰੇ ਲੈ ਲਵੋ, ਵੱਧ ਲੈ ਲਵੋ, ਮੂੰਹੋਂ ਮੰਗ, ਪਰ ਨਾਮਧਾਰੀ ਪੰਥ ਦੀਆਂ ਇਤਿਹਾਸਕ ਜਗ੍ਹਾ ਰਾਮ ਸਰ ਕੋਠੀ, ਭੁੰਗੇ, ਮੰਦਰ ਤੇ ਹੋਰ ਸਥਾਨ ਨਾ ਵੰਡਾਉ। ਸਾਧਾਂ ਨੇ ਮੁੱਢੋਂ ਬੜੀ ਮਿਹਨਤ ਕਰ ਬਣਾਏ, ਰੱਖੇ ਹਨ, ਜਿਨ੍ਹਾਂ ਸਿੱਖਾਂ ਸਾਧਾਂ, ਸ਼ਰਧਾ ਕਰ ਭੇਟਾ ਮਾਲਕੀ ਕੀਤੀ ਸੀ, ਉਹਨਾਂ ਵੀ ਸਾਂਝੀ ਵੰਡਣ ਦੀ ਲੋੜ ਲਈ ਨਹੀਂ ਕੀਤੀ ਸੀ। ਜੇਕਰ ਵੰਡ ਹੀ ਲੋੜਦੇ ਹੋ ਤਾਂ ਸਭ ਲੋਹ ਸੇਵਾ ਦਾ ਕੰਮ ਭੀ ਚੁੱਕ ਲਵੋ। ਮੈਂ ਜੀਵਨ ਨਗਰ ਉੱਕਾ ਜਾ ਕੇ ਰਿਹਾਇਸ਼ ਬਣਾ ਲੈਂਦਾ ਹਾਂ। ਪਰ ਇਤਿਹਾਸਕ ਅਸਥਾਨ ਨਾ ਵੰਡਾਉ। ਕਲ੍ਹ ਨੂੰ ਇਤਿਹਾਸ ਤੇ ਜਮਾਨਾ ਕੀ ਕਹੇਗਾ ਕਿ "ਰਾਮ ਸਿੰਘ ਜੀ ਦੀ ਅੰਸ਼ ਵਿਚੋਂ ਕੋਈ ਵੀ ਐਸਾ ਨਾ ਰਿਹਾ ਜੋ ਉਸ ਦੀਆਂ ਲਾਈਆਂ ਧਰਮ ਬੂਟੀਆਂ ਕਾਇਮ ਰੱਖ ਸਕਿਆ।" ਪਰ ਮਹਾਰਾਜ ਨਿਹਾਲ ਸਿੰਘ ਉੱਕਾ ਜਿਦੋਂ ਨਾ ਲੱਥੇ। ਉੱਤਮ ਸਿੰਘ ਜੀ ਤੇ ਹਰਨਾਮ ਸਿੰਘ ਜੀ ਵੀ ਨਿਰਾਸ਼ ਹੋ ਚਲੇ ਗਏ। ਸਤਿਗੁਰੂ ਜੀ ਦੇ ਦੋਖੀ ਧੜੇ ਵੱਲੋਂ ਜਿਹੜੇ ਕਈ ਮੁਕੱਦਮੇ ਕਰਵਾਏ ਗਏ ਸਨ, ਉਹ ਵੀ ਸਤਿਗੁਰੂ ਜੀ ਦੀ ਪਰੇਸ਼ਾਨੀ ਵਿੱਚ ਵਾਧਾ ਕਰ ਰਹੇ ਸਨ, ਕਿਉਂ ਜੋ ਹਰ ਮੁਕੱਦਮੇ ਦੀ ਪੈਰਵੀ ਲਈ ਵਕੀਲਾਂ ਤੇ ਪ੍ਰਤੀਵਾਦੀਆਂ ਵੱਲੋਂ ਨਿਸ਼ਚਿਤ ਤਾਰੀਖਾਂ ਉੱਤੇ ਅਦਾਲਤਾਂ ਵਿੱਚ ਹਾਜ਼ਰੀ ਦੇਣੀ ਹੁੰਦੀ ਹੈ, ਭਾਵੇਂ ਇਸ ਵਿੱਚ ਵੀ ਕੋਈ ਸੰਦੇਹ ਨਹੀਂ ਕਿ ਦੀਵਾਨੀ ਦੇ ਮੁਕੱਦਮਿਆਂ ਵਿੱਚ ਬਹੁਤੀ ਵਾਰ ਵਕੀਲ ਹੀ ਕਾਰਜ ਸਾਰ ਦਿੰਦੇ ਹਨ।

ਅਧਿਆਇ 18

# ਸਤਿਗੁਰੂ ਜੀ ਦੇ ਅਨੇਕ ਉਪਕਾਰ ਤੇ ਹੋਰ ਵਿਹਾਰ

ਸਤਿਗੁਰੂ ਪਰਤਾਪ ਸਿੰਘ ਜੀ ਉੱਤੇ ਗੁਰਬਾਣੀ ਦਾ ਇਹ ਕਥਨ ਪੂਰਨ ਤੌਰ ਤੇ ਢੁੱਕਦਾ ਹੈ :

ਜਨ ਪਰਉਪਕਾਰੀ ਆਇ
ਜੀਅ ਦਾਨ ਦੇ ਭਗਤੀ ਲਾਇਨ
ਹਰ ਸਿਉ ਲੈਣ ਮਿਲਾਏ।

ਸਤਿਗੁਰੂ ਪਰਤਾਪ ਸਿੰਘ ਜੀ ਦੇ ਪਰਉਪਕਾਰ ਦੇ ਅਨੇਕ ਉਦਾਹਰਣ ਮਿਲਦੇ ਹਨ ਅਤੇ ਆਪ ਦਾ ਉਦਾਰਤਾ ਪੂਰਵਕ ਵਿਹਾਰ ਅਤੇ ਸਰਬੱਤ ਲੋਕਾਈ ਨਾਲ ਪਿਆਰ ਦੇਸ਼ ਭਗਤੀ ਅਤੇ ਪੰਜਾਬ ਦੇ ਉਸਾਰੂ ਸਭਿਆਚਾਰ ਵਿੱਚ ਪਾਇਆ ਗਿਆ ਯੋਗਦਾਨ ਵੀ ਬੜਾ ਅਦੁੱਤੀ ਤੇ ਬੇਮਿਸਾਲ ਹੈ।

## ਸਤਿਗੁਰੂ ਜੀ ਵੱਲੋਂ ਕੀਤਾ ਗਿਆ ਭੂਮੀ ਦਾਨ

ਪੈਪਸੂ ਸਰਕਾਰ ਨੇ ਨਾਭੇ ਦੇ ਰਾਜੇ ਰਿਪੁਦਮਨ ਸਿੰਘ ਵੱਲੋਂ ਪੁੱਤਰ ਟਿੱਕਾ ਪ੍ਰਤਾਪ ਸਿੰਘ ਦੇ ਜਨਮ ਉੱਤੇ ਜੋ ਭਾਰਸੀ ਦੀ ਜ਼ਮੀਨ ਸਤਿਗੁਰੂ ਜੀ ਨੂੰ ਭੇਟ ਕੀਤੀ ਗਈ ਸੀ, ਉਸ ਬਾਰੇ ਪੈਪਸੂ ਸਰਕਾਰ ਦੇ ਤਦੋਂਕੇ ਮੁੱਖ ਮੰਤਰੀ ਬ੍ਰਿਸ਼ਭਾਨ ਵੱਲੋਂ ਬੀੜ ਦੀ ਭੂਮੀ ਦਾ ਕਬਜ਼ਾ ਤੜਵਾਉਣ ਲਈ ਮੁਕੱਦਮਾ ਕੀਤਾ ਗਿਆ ਸੀ, ਜਿਸ ਦੀਆਂ ਅਦਾਲਤੀ ਕਾਰਵਾਈਆਂ ਅਜੇ ਚੱਲ ਹੀ ਰਹੀਆਂ ਸਨ। ਸਤਿਗੁਰੂ ਜੀ ਨੇ ਜਿਸ ਤਰ੍ਹਾਂ ਉਸ ਭੂਮੀ ਨੂੰ ਆਪਣੇ ਹੱਥੀਂ ਸਿੱਖ ਸੇਵਕਾਂ ਦੁਆਰਾ ਸਖ਼ਤ ਮਿਹਨਤ ਕਰਕੇ ਆਬਾਦ ਕੀਤਾ ਸੀ, ਉਸ ਬਾਰੇ ਪਹਿਲਾਂ ਵੀ ਵਰਣਨ ਕੀਤਾ ਜਾ ਚੁੱਕਾ ਹੈ।

1958 ਵਿੱਚ ਜਦੋਂ ਅਦਾਲਤੀ ਕਾਰਵਾਈਆਂ ਅਜੇ ਚੱਲ ਹੀ ਰਹੀਆਂ ਸਨ ਤਾਂ ਸਤਿਗੁਰੂ ਜੀ ਨੇ ਕਾਂਸ਼ੀ ਰਾਮ ਪਟਵਾਰੀ ਤੇ ਅਵਤਾਰ ਸਿੰਘ ਝੱਬਰ ਨੂੰ ਭੇਜ ਕੇ ਉਸ ਜ਼ਮੀਨ ਤੇ ਸੌ (100) ਘਰਾਂ ਦਾ ਕਬਜ਼ਾ ਕਰਵਾ ਦਿੱਤਾ। ਹਰ ਇੱਕ ਘਰ ਨੂੰ ਉਨ੍ਹਾਂ ਦੀ ਲੋੜ ਅਨੁਸਾਰ ਕਿਸੇ ਨੂੰ ਦਸ, ਕਿਸੇ ਨੂੰ ਸੱਤ ਅਤੇ ਕਿਸੇ ਨੂੰ ਪੰਜ ਘੁਮਾਂ ਜ਼ਮੀਨ ਪ੍ਰਦਾਨ ਕਰਕੇ ਕਬਜ਼ੇ ਕਰਵਾ ਦਿੱਤੇ। ਮੁਕੱਦਮੇ ਦੇ ਫੈਸਲੇ ਦੇ ਸਤਿਗੁਰੂ ਜੀ ਦੇ ਹੱਕ ਵਿੱਚ ਹੋਣ ਬਾਅਦ ਇਹੋ ਸਿੱਖ ਉਸ ਦੇ ਮਾਲਕ ਬਣ ਗਏ। ਸਤਿਗੁਰੂ ਜੀ ਦਾ ਵਿਚਾਰ ਸੀ, "ਜੇਕਰ ਸਰਕਾਰ ਰੌਂਦ ਨਾਲ ਸਾਡੇ ਉਲਟ ਵੀ ਫੈਸਲਾ ਕਰ ਲਵੇ ਤਾਂ ਕਬਜ਼ੇ ਦੇ ਕਾਨੂੰਨ ਕਾਰਨ

ਸਿੱਖਾਂ ਕੋਲੋਂ ਜ਼ਮੀਨ ਨਾ ਨਿਕਲ ਸਕੇਗੀ।"

## ਜੀਵਨ ਨਗਰ ਦੀ ਭੂਮੀ ਦਾ ਦਾਨ

1958 ਵਿੱਚ ਹੀ ਸਤਿਗੁਰੂ ਜੀ ਨੇ ਜੀਵਨ ਨਗਰ ਵਾਲੀ ਜ਼ਮੀਨ ਇਸ ਪ੍ਰਕਾਰ ਵੰਡ ਕਰਕੇ ਦਾਨ ਕਰ ਦਿੱਤੀ। ਇਸ ਵਿੱਚੋਂ 413 ਘੁਮਾਂ ਜ਼ਮੀਨ ਸਤਿਗੁਰੂ ਹਰੀ ਸਿੰਘ ਵਿਦਿਆਲੇ ਨੂੰ ਅਤੇ 28 ਮੁਰੱਬੇ ਗੁਰੂ ਹਰੀ ਸਿੰਘ ਦੇ ਗਊਆਂ ਦੇ ਫਾਰਮ ਨੂੰ ਦੇ ਦਿੱਤੇ। 24 ਮੁਰੱਬੇ ਥੋੜ੍ਹੀ ਮਾਲਕੀ ਵਾਲੇ ਲੋੜਵੰਦ ਗਰੀਬਾਂ ਨੂੰ ਦੇ ਦਿੱਤੇ।

## ਵਿਸ਼ਵ ਅਮਨ ਲਹਿਰ ਨੂੰ ਯੋਗਦਾਨ

1950 ਦੇ ਦਹਾਕੇ ਵਿੱਚ ਜਦੋਂ ਸਾਰਾ ਸੰਸਾਰ ਦੂਜੇ ਮਹਾਂਯੁੱਧ ਤੋਂ ਪਿਛੋਂ ਦੋ ਧੜਿਆਂ ਵਿੱਚ ਵੰਡਿਆ ਗਿਆ ਸੀ, ਮਾਰੂ ਹਥਿਆਰਾਂ ਦੀ ਦੌੜ ਦੇ ਵੱਧ ਜਾਣ ਕਾਰਨ ਸੰਸਾਰ ਦੇ ਲੋਕਾਂ ਦੇ ਮਨਾਂ ਵਿੱਚ ਤੀਜੇ ਮਹਾਂਯੁੱਧ ਦਾ ਡਰ ਪੈਦਾ ਹੋ ਗਿਆ ਸੀ। ਸੰਸਾਰ ਦੇ ਲੋਕਾਂ ਨੇ ਦੂਜੇ ਮਹਾਂਯੁੱਧ ਦੀ ਭਿਅੰਕਰ ਤਬਾਹੀ ਨੂੰ ਦੇਖ ਲਿਆ ਸੀ। ਇਸ ਲਈ ਸਾਰੇ ਸੰਸਾਰ ਵਿੱਚ ਜੰਗ ਵਿਰੋਧੀ ਅਮਨ ਲਹਿਰ ਜਥੇਬੰਦ ਕੀਤੀ ਗਈ।

ਇਸ ਵਿਸ਼ਵ ਅਮਨ ਲਹਿਰ ਦਾ ਇੱਕ ਵਿਸ਼ੇਸ਼ ਇਜਲਾਸ ਆਸਟਰੀਆ ਦੇ ਵੀਆਨਾ ਨਗਰ ਵਿੱਚ ਹੋਇਆ। 1950 ਦੇ ਦਹਾਕਿਆਂ ਵਿੱਚ ਵਿਸ਼ਵ ਅਮਨ ਲਹਿਰ ਦਾ ਭਾਰਤ ਉੱਤੇ ਵੀ ਪ੍ਰਭਾਵ ਪਿਆ ਅਤੇ ਪੰਜਾਬ ਵਿੱਚ ਵੀ ਵਿਸ਼ਵ ਅਮਨ ਲਹਿਰ ਦੇ ਕਈ ਸੰਮੇਲਨ ਹੋਏ।

ਸਤਿਗੁਰੂ ਪਰਤਾਪ ਸਿੰਘ ਜੀ ਨੇ 15 ਜੂਨ 1958 ਨੂੰ ਅੰਮ੍ਰਿਤਸਰ ਵਿਖੇ ਵਿਸ਼ਵ ਅਮਨ ਸੰਮੇਲਨ ਦੀ ਪ੍ਰਧਾਨਗੀ ਕੀਤੀ। ਇਸ ਕਾਨਫਰੰਸ ਵਿੱਚ ਭਾਵੇਂ ਸਾਰੀਆਂ ਰਾਜਨੀਤਕ ਪਾਰਟੀਆਂ ਸ਼ਾਮਿਲ ਹੋਈਆਂ ਪਰ ਇਸ ਦੇ ਵਧੇਰੇ ਸੰਚਾਲਕ ਤੇ ਸਮਰਥਕ ਕਮਿਊਨਿਸਟ ਵਿਚਾਰਧਾਰਾ ਵਾਲੇ ਸਨ। ਸਤਿਗੁਰੂ ਜੀ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਸਾਨੂੰ ਸੰਸਾਰ-ਅਮਨ ਦੀ ਰਾਖੀ ਲਈ ਮਰਦੇ ਦਮ ਤੱਕ ਅਮਲ ਕਰਦੇ ਰਹਿਣਾ ਚਾਹੀਦਾ ਹੈ।

## ਮਾਤ-ਭਾਸ਼ਾ ਪੰਜਾਬੀ ਲਈ ਅਥਾਹ ਪਿਆਰ

ਤਿੰਨ-ਚਾਰ ਮਈ 1958 ਨੂੰ ਅੰਮ੍ਰਿਤਸਰ ਵਿਖੇ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਕਾਨਫਰੰਸ ਕੀਤੀ ਗਈ। ਇਸ ਸੰਮੇਲਨ ਲਈ ਸਤਿਗੁਰੂ ਜੀ ਨੂੰ ਸੱਦਾ ਪੱਤਰ ਨਹੀਂ ਸੀ ਭੇਜਿਆ ਗਿਆ। ਪਰ ਆਪ ਅਚਾਨਕ ਹੀ ਨਾਮਧਾਰੀ ਸਿੱਖਾਂ ਨਾਲ ਉਸ ਕਾਨਫਰੰਸ ਵਿੱਚ ਪਹੁੰਚ ਗਏ ਤੇ ਪਿਛਲੇ ਬੰਨੇ ਜਾ ਬੈਠੇ। ਜਦੋਂ ਪ੍ਰਬੰਧਕਾਂ ਨੇ ਦੇਖਿਆ ਤਾਂ ਸਤਿਗੁਰੂ ਜੀ ਤੋਂ ਖਿਮਾ ਮੰਗੀ। ਆਪ ਜੀ ਨੇ ਕਿਹਾ ਮੈਂ ਬਿਨਾਂ ਬੁਲਾਏ ਪੰਜਾਬੀ ਮਾਤ-ਭਾਸ਼ਾ ਦੇ ਪ੍ਰੇਮ ਦਾ ਖਿਚਿਆ ਏਥੇ ਆ ਗਿਆ ਹਾਂ। ਸਤਿਗੁਰੂ ਜੀ ਨੂੰ ਮੰਚ ਉੱਤੇ ਆਦਰ ਸਹਿਤ ਸਥਾਨ ਦਿੱਤਾ ਗਿਆ। ਇਸ ਕਾਨਫਰੰਸ ਵਿੱਚ ਜਿਹੜੇ ਬਚਨ ਸਤਿਗੁਰੂ ਜੀ ਨੇ ਆਪਣੇ

ਭਾਸ਼ਣ ਵਿੱਚ ਕਹੇ, ਉਹ ਬੜੇ ਧਿਆਨ ਦੇਣ ਯੋਗ ਹਨ। ਉਸ ਭਾਸ਼ਣ ਦੇ ਕੁਝ ਅੰਸ਼ ਹੀ ਇੱਥੇ ਦਿੱਤੇ ਜਾ ਰਹੇ ਹਨ। "ਮੈਂ ਪੰਜਾਬੀ ਨੂੰ ਮਾਤ-ਬੋਲੀ ਮੰਨ, ਮਨੋ ਹਿਤ ਕਰਕੇ ਬਿਨਾਂ ਬੁਲਾਏ ਇੱਥੇ ਆਇਆ ਹਾਂ। ਜਨਤਾ ਨੂੰ ਪੰਜਾਬੀ ਨਾਲ ਪਿਆਰ ਨਹੀਂ, ਵਿਰਲੀ ਹੀ ਰੌਣਕ ਏ, ਜੇਕਰ ਕੋਈ ਨੁਮਾਇਸ਼, ਨਾਚ ਗਾਣਾ, ਸਿਨਮਾ ਥੇਟਰ, ਮੇਲਾ ਹੁੰਦਾ ਤਾਂ ਤਿਲ ਸੁੱਟਿਆਂ ਭੁੰਜੇ ਨਹੀਂ ਸੀ ਪੈਣਾ। ਸਾਡੀਆਂ ਅਖ਼ਬਾਰਾਂ ਵੀ ਪੰਜਾਬੀ ਬਾਰੇ ਘੱਟ ਯਤਨ ਕਰਦੀਆਂ ਹਨ। ਸਰਕਾਰ ਭਾਵੇਂ ਮੂੰਹੋਂ ਨਾ ਕਹੇ ਪਰ ਦਿਲੋਂ ਪੰਜਾਬੀ ਦੀ ਵੈਰਨ ਹੈ। ਜਲੰਧਰ ਰੇਡੀਓ ਤੋਂ ਵੀ ਲਾਹੌਰ ਵਰਗੀ ਠੇਠ ਪੰਜਾਬੀ ਨਹੀਂ ਬੋਲੀ ਜਾਂਦੀ। ਸਾਡੇ ਲਿਖਾਰੀ ਵੀ ਪੁਰਾਣੀ ਸਾਦੀ ਪੰਜਾਬੀ ਛੱਡ, ਵੱਢ ਟੁੱਕ ਕਰ ਨਵੇਂ ਹਿੰਦੀ ਸੰਸਕ੍ਰਿਤ ਦੇ ਅੱਖਰ ਪੰਜਾਬੀ ਵਿੱਚ ਘਸੋੜ ਰਹੇ ਹਨ। ਜੇਕਰ ਅਸੀਂ ਹੀ ਪੰਜਾਬੀ ਨੂੰ ਰਲਵੀਂ, ਖਿਚੜੀ ਬਣਾਵਾਂਗੇ, ਤਾਂ ਨਿਰੋਲ ਪੰਜਾਬੀ ਕਿਵੇਂ ਵਧੇਗੀ ਤੇ ਨਰੋਈ ਹੋਵੇਗੀ।"

## ਸ੍ਰੀ ਭੈਣੀ ਸਾਹਿਬ ਵਿਖੇ ਅੱਸੂ ਦਾ ਜੱਪ ਪ੍ਰਯੋਗ

ਇਸ ਸਾਲ ਦਾ ਅੱਸੂ ਦਾ ਇੱਕ ਮਹੀਨੇ ਦਾ ਜੱਪ ਪ੍ਰਯੋਗ ਸ੍ਰੀ ਭੈਣੀ ਸਾਹਿਬ ਵਿਖੇ ਆਰੰਭ ਕਰਵਾਇਆ ਗਿਆ। ਬਹੁਤ ਸਾਰੇ ਨਾਮਧਾਰੀ ਸੰਤ ਅਤੇ ਗੁਰੂ-ਘਰ ਦੀ ਸ਼ਰਧਾਵਾਨ ਸੰਗਤ ਇਸ ਪ੍ਰਯੋਗ ਵਿੱਚ ਸ਼ਾਮਲ ਹੋਈ। ਸਤਿਗੁਰੂ ਜੀ ਦੀ ਸਿਹਤ ਭਾਵੇਂ ਕੁਝ ਢਿਲੀ ਰਹਿਣ ਲੱਗ ਪਈ ਸੀ, ਪਰ ਭੈਣੀ ਸਾਹਿਬ ਵਿੱਚ ਆ ਕੇ ਟਿਕਣ ਨਾਲ ਸਿਹਤ ਵਿੱਚ ਸੁਧਾਰ ਵੀ ਹੋਇਆ। ਸਵਾ ਲੱਖ ਪਾਠਾਂ ਦਾ ਪਾਠ ਤੁਕਾਂ ਦੀ ਵੰਡ ਕਰਕੇ ਸ਼ਹੀਦੀ ਬੁੰਗੇ ਆਰੰਭ ਕਰਵਾਇਆ। ਰਾਮਸਰ ਦੀ ਕਾਰ ਸੇਵਾ ਕੀਤੀ ਗਈ, ਸਤਿਗੁਰੂ ਜੀ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਸਮੇਂ ਦਰਸ਼ਨ ਦਿੰਦੇ। ਲੌਢੇ ਪਹਿਰ ਪਹਿਲਾਂ ਹਰੀ ਮੰਦਰ ਵਿੱਚ ਸੂਰਜ ਪ੍ਰਕਾਸ਼ ਦੀ ਕਥਾ ਹੁੰਦੀ ਰਹੀ ਅਤੇ ਫਿਰ ਬੋਹੜਾਂ ਥੱਲੇ ਸਤਿਗੁਰੂ ਹਰੀ ਸਿੰਘ ਦੇ ਸਮੇਂ ਦੀ ਕਥਾ ਕੀਤੀ ਜਾਂਦੀ ਰਹੀ। ਸਤਿਗੁਰੂ ਜੀ ਆਪਣੀ ਮੌਜ ਨਾਲ ਆਪਣੀ ਝੋਲੀ ਵਿੱਚ ਬਦਾਮ ਆਦਿ ਪਦਾਰਥ ਪਾ ਬੱਚਿਆਂ ਨੂੰ ਵੰਡ ਕੇ ਉਨ੍ਹਾਂ ਨੂੰ ਖੁਸ਼ੀਆਂ ਬਖਸ਼ਦੇ। ਸਤਿਗੁਰੂ ਜੀ ਗੋਲ ਮੰਦਰ ਦੇ ਵਿੱਚ ਬਿਰਾਜਦੇ ਸਨ ਅਤੇ ਲੰਗਰ ਵਿੱਚ ਜਾ ਕੇ ਸਤਿਗੁਰੂ ਰਾਮ ਸਿੰਘ ਜੀ ਦੀ ਲੋਹ ਨੂੰ ਨਮਸਕਾਰ ਕਰਦੇ ਸਨ। ਇਸ ਸਮੇਂ ਨਾਮਧਾਰੀ ਜਥੇਦਾਰਾਂ ਦੀ ਇਕੱਤਰਤਾ ਬੁਲਾ ਕੇ ਆਪ ਜੀ ਨੇ ਕਾਂਗਰਸ ਬਾਰੇ ਜੋ ਸ਼ਬਦ ਕਹੇ, ਉਹ ਉਚੇਚੇ ਤੌਰ ਤੇ ਵਰਣਨਯੋਗ ਹਨ, [1]"ਮੈਂ ਅਵੱਲ ਤਾਂ ਸ਼ੁਰੂ ਤੋਂ ਹੀ, ਨਹੀਂ ਤੇ 1929 ਈ. ਲਾਹੌਰ ਦੇ ਰਾਵੀ ਕੰਢੇ ਕੀਤੇ ਕਾਂਗਰਸ ਦੇ ਇਕੱਠ ਤੋਂ ਲੈ, ਹੁਣ ਤੱਕ ਕਾਂਗਰਸ ਦਾ ਸਾਥ ਦਿੱਤਾ ਹੈ। ਪਰ ਕਾਂਗਰਸ ਹੁਣ ਇਨ੍ਹਾਂ ਅੰਗਰੇਜ਼ ਦੇ ਵੇਲੇ ਦੇ ਟੋਡੀਆਂ, ਦੇਵੀ ਲਾਲ ਜਿਹਾਂ, ਦੇ ਕਹੇ ਸਾਡੇ ਨਾਲ ਮੰਦਾ ਵਰਤਾਓ ਕਰਨ ਲੱਗ ਪਈ ਹੈ। ਮੈਂ ਬੀਰ ਸਿੰਘ ਦੀ ਤੇ ਬੇਦੋਸ਼ੀਆਂ ਦੀ ਬਾਬਤ ਗੋਬਿੰਦ ਵੱਲਭ ਪੰਤ (ਕੇਂਦਰੀ ਗ੍ਰਹਿ ਮੰਤਰੀ) ਨੂੰ ਤੇ ਹੋਰ ਕਈ ਕਾਂਗਰਸੀਆਂ ਨੂੰ ਮਿਲਿਆ ਹਾਂ। ਪਰ ਕਿਸੇ ਕੋਈ ਅਸਰ ਨਹੀਂ ਕੀਤਾ। ਤੁਸਾਂ, ਅਗੋਂ ਵਾਸਤੇ ਸੋਚ, ਸਲਾਹ ਦੇਣੀ।" ਸਭ ਨੇ ਇਹ ਸਲਾਹ ਦਿੱਤੀ ਕਿ ਕਾਂਗਰਸ

[1] ਤਰਨ ਸਿੰਘ ਵਹਿਮੀ. *ਜੱਸ ਜੀਵਨ*, ਭਾਗ-6, ਪੰਨਾ 277.

Namdhari Elibrary NamdhariElibrary@gmail.com

ਪਿਛਲੀਆਂ ਵਧੀਕੀਆਂ ਦੀ ਸਾਥੋਂ ਮਾਫ਼ੀ ਮੰਗੋ। ਇੱਕ ਦੋ ਸੱਜਣ ਕਾਂਗਰਸ ਦੇ ਹੱਕ ਵਿੱਚ ਵੀ ਬੋਲੇ। ਇੱਥੇ ਇਹ ਵੀ ਚੇਤੇ ਕਰਵਾਇਆ ਜਾਂਦਾ ਹੈ ਕਿ ਸਤਿਗੁਰੂ ਪਰਤਾਪ ਸਿੰਘ ਜੀ ਕਾਂਗਰਸ ਤੋਂ ਬਿਨਾਂ ਹੋਰ ਸਾਰੀਆਂ ਦੇਸ਼-ਭਗਤ ਪਾਰਟੀਆਂ ਤੇ ਰਾਜਨੀਤਕ ਦਲਾਂ ਨਾਲ ਪੂਰੀ ਹਮਦਰਦੀ ਰੱਖਦੇ ਸਨ। ਕਈ ਰਾਜਨੀਤਕ ਗੁਪਤ ਵਾਸੀਆਂ ਦੀ ਤਾਂ ਭੈਣੀ ਸਾਹਿਬ ਸ਼ਰਨ ਗਾਹ ਵੀ ਬਣੀ ਰਹੀ ਹੈ। ਇਸ ਮੇਲੇ ਤੇ ਬਹੁਤ ਸਾਰੇ ਪਾਠਾਂ ਦੇ ਭੋਗ ਪਾਏ ਗਏ।

## ਮਾਈ ਮੁਖਤਾਰ ਕੌਰ ਭਾਗਾਂ ਵਾਲੀ ਦੀ ਪ੍ਰਸੰਸਾ

ਇਸ ਮਾਈ ਨੇ ਛੇ ਪਾਠ ਹਰ ਮਹੀਨੇ ਕਰਕੇ 19 ਮਹੀਨਿਆਂ ਵਿੱਚ 108 ਪਾਠ ਕੀਤੇ, ਜਿਨ੍ਹਾਂ ਦਾ ਸਲੋਕ ਪੜ੍ਹ ਕੇ ਭੋਗ ਪਾਇਆ ਗਿਆ। ਇਹ ਪਾਠ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ ਕੀਤੇ ਗਏ ਸਨ।

## ਸ਼ਾਸਤਰੀ ਰਾਗਾਂ ਨੂੰ ਸਰਵਣ ਕਰਨਾ

ਰਤਨ ਸਿੰਘ ਰਾਮਗੜੀਆ ਪੱਕੇ ਅਰਥਾਤ ਸ਼ਾਸਤਰੀ ਰਾਗਾਂ ਦਾ ਪ੍ਰਵੀਨ ਗਾਇਕ ਸੀ। ਇਹ ਬਿਰਧ ਸੂਰਮਾ ਸਿੰਘ ਸੀ। ਉਸ ਦੀ ਆਵਾਜ਼ ਬੜੀ ਧੀਮੀ ਸੀ। ਸਤਿਗੁਰੂ ਜੀ ਕੰਨਾਂ ਨੂੰ ਉੱਚਾ ਸੁਣਨ ਵਾਲਾ ਯੰਤਰ ਲਗਾ ਕੇ ਉਸ ਦਾ ਰਾਗ ਸੁਣਦੇ ਸਨ। ਸ਼ਾਸਤਰੀ ਰਾਗਾਂ ਬਾਰੇ ਸਤਿਗੁਰੂ ਪਰਤਾਪ ਸਿੰਘ ਜੀ ਦਾ ਆਪਣਾ ਗਿਆਨ ਤੇ ਅਨੁਭਵ ਵੀ ਬੜਾ ਪੂਰਨ ਸੀ।

[1] ਅੱਸੂ ਨੂੰ ਹਵਨ ਕਰਕੇ ਬੇਅੰਤ ਪਾਠਾਂ ਦਾ ਭੋਗ ਪੁਆਇਆ ਗਿਆ।

## ਸਤਿਗੁਰੂ ਜੀ ਵੱਲੋਂ ਕਰਵਾਏ ਗਏ ਪਾਠਾਂ ਦਾ ਵੇਰਵਾ

ਸਤਿਗੁਰੂ ਪਰਤਾਪ ਸਿੰਘ ਜੀ ਨੇ ਆਪਣੇ ਗੁਰੁਕਾਲ ਵਿੱਚ ਅਣਗਿਣਤ ਪਾਠ ਕਰਵਾਏ ਸਨ। ਆਪ ਜੀ ਨੇ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਸਵਾ ਲੱਖ ਪਾਠਾਂ ਦੀ ਇੱਕ ਲੜੀ ਸੰਪੂਰਨ ਕਰਕੇ ਦੂਸਰੀ ਵੇਰ ਫੇਰ ਸ਼ੁਰੂ ਕਰ ਦਿੱਤੇ, ਜੋ ਆਪਦੇ ਸਮੇਂ ਵਿੱਚ ਸੰਪੂਰਨ ਹੋਣ ਦੇ ਨੇੜੇ ਸਨ। ਇਸ ਦੂਸਰੀ ਲੜੀ ਦੇ ਭੋਗ 1961 ਈ: ਵਿੱਚ ਆਪ ਦੇ ਜੋਤੀ ਜੋਤਿ ਸਮਾਉਣ ਉਪਰੰਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ਪਾਏ ਗਏ। ਦੋ ਵੇਰ 500 ਅਖੰਡ ਪਾਠਾਂ ਦੀ ਲੜੀ ਸੰਪੂਰਨ ਕੀਤੀ। ਇਸ ਤੋਂ ਬਿਨਾਂ ਹਰ ਵਰ੍ਹੇ ਮੇਲਿਆਂ-ਹੋਲਿਆਂ ਤੇ ਵੀ ਸੈਂਕੜੇ ਪਾਠਾਂ ਦੇ ਭੋਗ ਪਾਏ ਜਾਂਦੇ ਸਨ।

ਸੰਤ ਇੰਦਰ ਸਿੰਘ ਚਕਰਵਰਤੀ ਵੱਲੋਂ ਰਚੀ ਗਈ ਪੁਸਤਕ 'ਕੂਕਿਆਂ ਬਾਰੇ' ਦਾ ਉਦਘਾਟਨ ਇਸ ਮੇਲੇ ਤੇ ਕੀਤਾ ਗਿਆ। ਜੋ ਦਹਿਮੀ ਜੀ ਅਨੁਸਾਰ ਵੱਡੀ ਗਿਣਤੀ ਵਿੱਚ ਖਰੀਦੀ ਗਈ।

---

[1] ਅੰਤਿਕਾ 2.

1 ਅੱਸੂ 2015 ਬਿ. (1958 ਈ.) ਨੂੰ ਇਹ ਜਪ ਪ੍ਰਯੋਗ ਸੰਪੂਰਨ ਹੋਇਆ। ਇਸ ਮੌਕੇ ਤੇ 22 ਜੋੜਿਆਂ ਦੇ ਨਾਮਧਾਰੀ ਗੁਰ-ਮਰਿਆਦਾ ਅਨੁਸਾਰ ਅਨੰਦ ਕਾਰਜ ਵੀ ਹੋਏ। ਸਤਿਗੁਰੂ ਜੀ ਨੇ ਆਪਣੇ ਵਿਦਾਇਗੀ ਸੰਦੇਸ਼ ਵਿੱਚ ਕਿਹਾ ਕਿ ਹੋਲੇ ਤੱਕ ਬਾਕੀ ਰਹਿੰਦੇ ਪਾਠ ਜੇਕਰ ਪੂਰੇ ਹੋ ਜਾਣ ਤਾਂ ਬਹੁਤ ਚੰਗਾ ਹੋਵੇਗਾ।

## ਮੁੱਖ ਮੰਤਰੀ ਦਾ ਰੁੱਖਾਪਣ

ਜੁਲਾਈ 1958 ਈ. ਵਿੱਚ ਪੰਜਾਬ ਦੇ ਮੁੱਖ ਮੰਤਰੀ ਸ੍ਰ. ਪਰਤਾਪ ਸਿੰਘ ਕੈਰੋਂ ਨੇ ਸਰਸੇ ਦਾ ਦੌਰਾ ਕੀਤਾ। ਇਨ੍ਹਾਂ ਦਿਨਾਂ ਵਿੱਚ ਹੀ ਸਰਕਾਰ ਵੱਲੋਂ ਕਿਸਾਨਾਂ ਉੱਤੇ 'ਖੁਸ਼ਹੈਸੀਅਤੀ ਟੈਕਸ' ਲਗਾਇਆ ਗਿਆ ਸੀ, ਜਿਸ ਦੇ ਵਿਰੁੱਧ ਪੰਜਾਬ ਵਿਧਾਨ ਸਭਾ ਤੇ ਹੋਰ ਜਥੇਬੰਦੀਆਂ ਵੱਲੋਂ ਮੋਰਚਾ ਲਾ ਕੇ ਗ੍ਰਿਫਤਾਰੀਆਂ ਦਿੱਤੀਆਂ ਜਾ ਰਹੀਆਂ ਸਨ।

ਜੀਵਨ ਨਗਰ ਖੇਤਰ ਦੇ ਬਹੁਤ ਸਾਰੇ ਕਿਸਾਨ ਤੇ ਕਾਸ਼ਤਕਾਰ ਮੁੱਖ ਮੰਤਰੀ ਨੂੰ ਮਿਲ ਕੇ ਯਾਦ-ਪੱਤਰ ਦੇਣ ਗਏ ਉਨ੍ਹਾਂ ਦੀ ਗਿਣਤੀ ਸੈਂਕੜਿਆਂ ਵਿੱਚ ਸੀ। ਉਹ ਮੁੱਖ ਮੰਤਰੀ ਨੂੰ ਮਿਲ ਕੇ ਯਾਦ-ਪੱਤਰ ਦੇਣ ਆਏ ਸਨ। "[1]ਮੁੱਖ ਮੰਤਰੀ ਦੇਰ ਨਾਲ ਸਰਸੇ ਪਹੁੰਚਿਆ ਤੇ ਜਦੋਂ ਸ੍ਰ. ਤੇਜਾ ਸਿੰਘ, ਰਵੇਲ ਸਿੰਘ ਅਤੇ ਗੁਰਮੁਖ ਸਿੰਘ ਝੱਬਰ ਨੇ ਕਿਹਾ : 'ਬਹੁਤ ਸਿੱਖ ਜੀਵਨ ਨਗਰ ਵੱਲੋਂ ਆਏ ਹਨ, ਕੁਝ ਅਰਜ਼ਾਂ ਕਰਨੀਆਂ ਹਨ।' ਮੁੱਖ ਮੰਤਰੀ ਨੇ ਕਿਹਾ : 'ਇਤਨੇ ਕਿਉਂ ਆਉਣੇ ਸੀ? ਸਵੇਰੇ ਕਾਲਜ ਦੀ ਨੀਂਵ ਰਖਣੀ ਹੈ ਉਸ ਤੋਂ ਬਾਅਦ ਮਿਲਣਾ।' ਅਗਲੇ ਦਿਨ ਜਦੋਂ ਸ੍ਰ. ਰਵੇਲ ਸਿੰਘ, ਮਸਤਾਨ ਸਿੰਘ, ਅਵਤਾਰ ਸਿੰਘ ਨੇ ਯਾਦ-ਪੱਤਰ ਦਿੱਤਾ ਤੇ ਪੜ੍ਹ ਕੇ ਕਾਰ ਦੇ ਕੋਲ ਖੜੋ ਬੋਲਣ ਲੱਗ ਪਿਆ ਜੋ ਮੂੰਹ ਆਇਆ।" ਇਹ ਸੀ ਮੁੱਖ ਮੰਤਰੀ ਦਾ ਨਾਮਧਾਰੀਆਂ ਪ੍ਰਤੀ ਰੁੱਖਾ ਵਤੀਰਾ।

## ਜੀਵਨ ਨਗਰ ਵਿਖੇ ਕੀਤੀਆਂ ਗਈਆਂ ਪਸ਼ੂ ਪ੍ਰਦਰਸ਼ਨੀਆਂ

ਭਾਦਰੋਂ ਦੇ ਅੰਤਿਮ ਦਿਨਾਂ ਵਿੱਚ ਜੀਵਨ ਨਗਰ ਵਿਖੇ ਪਸ਼ੂ ਪ੍ਰਦਰਸ਼ਨੀ ਕੀਤੀ ਗਈ, ਜਿਸ ਵਿੱਚ ਪੰਜਾਬ ਦੇ ਮਾਲ ਮੰਤਰੀ ਗਿਆਨੀ ਕਰਤਾਰ ਸਿੰਘ ਨੇ ਚੰਗੇ ਪਸ਼ੂ-ਪਾਲਕਾਂ ਨੂੰ ਇਨਾਮ ਦਿੱਤੇ। ਉਨ੍ਹਾਂ ਪਸ਼ੂ-ਪਾਲਕਾਂ ਨੂੰ ਇਨਾਮ ਦਿੱਤੇ ਜਿਨ੍ਹਾਂ ਦੇ ਪਸ਼ੂ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਏ ਸਨ। ਜਦੋਂ ਗਿਆਨੀ ਕਰਤਾਰ ਸਿੰਘ ਜੀ ਦਾ ਧਿਆਨ ਪੰਜਾਬ ਵਿੱਚ ਗਊ-ਹੱਤਿਆ ਬੰਦ ਕਰਨ ਬਾਰੇ ਦਿਵਾਇਆ ਗਿਆ ਤਾਂ ਉਹਨਾਂ ਨੇ ਢਿੱਲਾ ਜਿਹਾ ਉੱਤਰ ਦਿੱਤਾ, ਮੈਂ ਯਤਨ ਕਰਾਂਗਾ, ਜੇਕਰ ਗਊ ਏਹਨੀਂ ਸ਼ਹਿਰੀਂ ਜਾਣੀ ਰੁੱਕ ਜਾਏ, ਸਰਕਾਰ ਹਾਲੇ ਗੱਲ ਗੌਲਦੀ ਨਹੀਂ।"

ਇਸੇ ਸਾਲ ਇੱਕ ਹੋਰ ਪਸ਼ੂ ਪ੍ਰਦਰਸ਼ਨੀ ਨਵੰਬਰ ਦੇ ਮਹੀਨੇ ਦੇ ਆਖਰੀ ਦਿਨਾਂ ਵਿੱਚ ਕੀਤੀ ਗਈ, ਜਿਸ ਵਿੱਚ ਸਤਿਗੁਰੂ ਜੀ ਨੇ ਯਤਨ ਕੀਤਾ ਕਿ ਕੇਂਦਰ ਸਰਕਾਰ ਦੇ ਕਿਸੇ ਮੰਤਰੀ ਨੂੰ ਬੁਲਾਇਆ ਜਾਵੇ। ਪਰ ਜਿਸ ਮੰਤਰੀ ਨੂੰ ਜੋ ਸਤਿਗੁਰੂ ਜੀ ਦੇ ਚੰਗੇ

---

[1] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ-6, ਪੰਨਾ 257.

ਜਾਣਕਾਰਾਂ ਵਿੱਚੋਂ ਸਨ, ਜਦੋਂ ਜੀਵਨ ਨਗਰ ਆਉਣ ਬਾਰੇ ਗੱਲ ਕੀਤੀ ਜਾਂਦੀ ਤਾਂ ਮਹਾਰਾਜ ਨਿਹਾਲ ਸਿੰਘ ਉਸਨੂੰ ਇਹ ਕਹਿ ਕੇ ਰੋਕ ਦਿੰਦੇ ਕਿ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਇਨ੍ਹਾਂ ਤੋਂ ਖੁਸ਼ ਨਹੀਂ ਸਨ।

ਲੋਕ ਸਭਾ ਦੇ ਮੈਂਬਰ ਚੌਧਰੀ ਰਾਮ ਨਰਾਇਣ ਜੋ ਭਾਰਤ ਸੇਵਕ ਸਮਾਜ ਦੇ ਮੁੱਖ ਸਕੱਤਰ ਸਨ, ਨੇ ਜੀਵਨ ਨਗਰ ਆਉਣਾ ਪ੍ਰਵਾਨ ਕਰ ਲਿਆ। ਇਸ ਅਵਸਰ ਉੱਤੇ ਪੰਜਾਬ ਪਸ਼ੂ-ਪਾਲਣ ਵਿਭਾਗ ਦੇ ਉੱਚ ਅਧਿਕਾਰੀ ਸ੍ਰ. ਹਰਬੰਸ ਸਿੰਘ ਤੇ ਗਊ ਰੱਖਿਆ ਅੰਦੋਲਨ ਦੇ ਮੁਖੀ ਲਾਲਾ ਹਰਦੇਵ ਸਹਾਇ ਵੀ ਸ਼ਾਮਿਲ ਹੋਏ। ਪ੍ਰਦਰਸ਼ਨੀ ਬਹੁਤ ਸਫਲ ਰਹੀ। ਆਏ ਹੋਏ ਲੋਕਾਂ ਨੇ ਸਤਿਗੁਰੂ ਜੀ ਦੀਆਂ ਗਊਆਂ ਦੇਖ ਕੇ ਬਹੁਤ ਸਿਫ਼ਤ ਕੀਤੀ।

[1]ਸਤਿਗੁਰੂ ਪਰਤਾਪ ਸਿੰਘ ਜੀ ਨੇ ਇਸ ਤਰ੍ਹਾਂ ਫ਼ੁਰਮਾਨ ਕੀਤਾ :

1. ਸਤਿਗੁਰੂ ਨਾਨਕ ਦੇ ਘਰ ਮੁੱਢੋਂ ਘੋੜਿਆਂ ਦਾ ਪਿਆਰ ਰਿਹਾ ਹੈ। ਮੈਂ ਭੀ ਘੋੜਿਆਂ ਦਾ ਪਿਆਰ ਨਹੀਂ ਘਟਾ ਸਕਦਾ। ਮੱਝਾਂ ਦਾ ਘਟਾ ਸਕਦਾ ਹਾਂ ਤੇ ਗਊਆਂ ਦਾ ਵਧਾ ਸਕਦਾ ਹਾਂ।
2. ਗਊ-ਰੱਖਿਆ ਸੰਬੰਧੀ ਮੈਂ ਜਨ-ਸੰਘੀਆਂ ਨਾਲ ਰਲ ਕੰਮ ਕਰਨੋਂ ਨਹੀਂ ਰੁਕ ਸਕਦਾ, ਪਰ ਮੇਰਾ ਸਾਥ ਸਭ ਨਾਲ ਉਸ ਹੱਦ ਤੱਕ ਏ, ਜਿਸ ਵਿੱਚ ਰਹਿ, ਮੇਰੇ ਨਾਮਧਾਰੀਪੁਣੇ ਨੂੰ ਕਸਰ ਨਾ ਲੱਗੇ। ਜਿਵੇਂ ਮੈਂ ਕਾਂਗਰਸ ਨਾਲ ਵੀ ਅੰਗਰੇਜ਼ ਦੇ ਸਮੇਂ ਸਾਥ ਦਿੱਤਾ ਹੈ ਪਰ ਸਭ ਨਾਲ ਮਿਲ ਖਾਂਦਾ ਨਹੀਂ।
3. ਜਿਵੇਂ ਹਿੰਦੂ ਗਊ-ਭਗਤ ਬਣਦੇ ਹਨ, ਮੈਂ ਇਸ ਹੱਕ ਵਿੱਚ ਨਹੀਂ। ਮੈਂ ਵੇਖਿਆ ਹੈ, ਗਊਆਂ ਅਵਾਰਾ ਵਿਸ਼ਟਾ, ਲੀਰਾਂ, ਛਿਲਾਂ ਤੇ ਮਾਰਾਂ ਆਦਿ ਖਾਂਦੀਆਂ ਤੇ ਉਜਾੜਾ ਬੇਸ਼ੁਮਾਰ ਕਰਦੀਆਂ ਨੇ ਤੇ ਬੁੱਚੜਾਂ ਕੋਲ ਅੱਕ ਕੇ ਦੇ ਜਾਂਦੇ ਹਨ ਤੇ ਮਰਦੀਆਂ ਹਨ।

ਇਹ ਗਊ-ਰੱਖਿਆ ਨਹੀਂ, ਗਊ-ਹੱਤਿਆ ਹੈ। ਗਊ-ਰੱਖਿਆ ਹੈ ਗਊ ਚੰਗੀ ਨਸਲ ਦੀ ਹਰ ਹਿੰਦੂ ਪ੍ਰਤੀ-ਘਰ ਰੱਖੇ ਅਤੇ ਬਿਨਾਂ ਪ੍ਰਤੀਤ ਵੇਚੇ ਨਾ। ਗਊ ਨੂੰ ਭੁੱਖੀ ਨਾ ਰੱਖੋ, ਹਿੰਦੂ ਗਊ ਅਵਾਰਾ ਨਾ ਛੱਡੋ। ਜੇਕਰ ਹਿੰਦੂ ਤੇ ਸਿੱਖ ਮੋਮਨ ਸਿਆਣੇ ਇਸ ਸਲਾਹੇ ਲੱਗ ਜਾਣ ਤਾਂ ਕਿਸੇ ਨੂੰ ਕਹਿਣ ਦੀ ਲੋੜ ਨਾ ਪਵੇਗੀ, ਆਪੇ ਹੀ ਗਊ-ਘਾਤਕ ਬੁੱਚੜ ਖਾਨੇ ਬੰਦ ਹੋ ਜਾਣਗੇ।

## ਮਲੇਰ ਕੋਟਲੇ ਦਾ ਸ਼ਹੀਦੀ ਮੇਲਾ

17-18 ਜਨਵਰੀ, 1959 (4 ਤੋਂ 6 ਮਾਘ, 2015 ਬਿ:) ਨੂੰ ਮਲੇਰਕੋਟਲੇ ਦਾ ਸ਼ਹੀਦੀ ਮੇਲਾ ਕੀਤਾ ਗਿਆ। ਨਾਮਧਾਰੀ ਦਰਬਾਰ ਵੱਲੋਂ ਸਭ ਮੁੱਖ ਪਾਰਟੀਆਂ ਦੇ ਉੱਘੇ ਨੇਤਾਵਾਂ, ਸਭ ਭੇਖਾਂ ਦੇ ਉਦਾਸੀਆਂ, ਸੰਨਿਆਸੀਆਂ ਅਤੇ ਹੋਰ ਸੰਪ੍ਰਦਾਵਾਂ ਦੇ ਮੁਖੀਆਂ

[1] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ-6, ਪੰਨਾ 292.

Namdhari Elibrary NamdhariElibrary@gmail.com

ਨੂੰ ਸੱਦਾ ਪੱਤਰ ਭੇਜੇ ਗਏ। ਇਸ ਸ਼ਹੀਦੀ ਮੇਲੇ ਵਿੱਚ ਜਨਤਾ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ। ਇਸ ਸ਼ਹੀਦੀ ਸਮਾਗਮ ਵਿੱਚ ਕਾਂਗਰਸ ਵੱਲੋਂ ਗਿਆਨੀ ਜ਼ੈਲ ਸਿੰਘ, ਗੋਪੀ ਚੰਦ ਭਾਰਗਵ ਪੰਜਾਬ ਸਰਕਾਰ ਵੱਲੋਂ, ਕਮਿਊਨਿਸਟ ਪਾਰਟੀ ਵੱਲੋਂ ਕਾਮਰੇਡ ਹਰਕ੍ਰਿਸ਼ਨ ਸਿੰਘ ਸੁਰਜੀਤ, ਪੰਜਾਬ ਕਿਸਾਨ ਸਭਾ ਦੇ ਪ੍ਰਧਾਨ ਕਾਮਰੇਡ ਦਲੀਪ ਸਿੰਘ ਟਪਿਆਲਾ, ਅਕਾਲੀ ਪਾਰਟੀ ਵੱਲੋਂ ਸਰਦਾਰ ਅਜੀਤ ਸਿੰਘ ਸਰਹੱਦੀ ਸ਼ਾਮਲ ਹੋਏ। ਇਨ੍ਹਾਂ ਤੋਂ ਬਿਨਾਂ ਜੈਨ ਮੁਨੀ ਸ੍ਰੀ 108 ਪ੍ਰੇਮ ਨਾਥ ਅਤੇ ਸੰਨਿਆਸੀ ਸੰਪ੍ਰਦਾਇ ਵੱਲੋਂ ਸੁਆਮੀ ਸ਼ਮਸ਼ੇਰਾ ਨੰਦ ਜੀ ਨੇ ਵੀ ਦਰਸ਼ਨ ਦਿੱਤੇ। ਸਾਰੇ ਨੇਤਾਵਾਂ ਨੇ ਆਪਣੇ-ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਸਭ ਨੇਤਾਵਾਂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਅਤੇ ਨਾਮਧਾਰੀ ਸੰਪ੍ਰਦਾਇ ਦੇ ਯੋਗਦਾਨ ਬਾਰੇ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ। ਮੇਲ ਦੀ ਕਾਰਵਾਈ ਸੰਤ ਇੰਦਰ ਸਿੰਘ ਚਕਰਵਰਤੀ ਨੇ ਨਿਭਾਈ। ਦੋਵੇਂ ਦਿਨ ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦਾ ਕੀਰਤਨ ਹੋਇਆ। ਇਸ ਸ਼ਹੀਦੀ ਸਮਾਗਮ ਸਮੇਂ ਪੰਜਾਬ ਸਰਕਾਰ ਤੋਂ ਸ਼ਹੀਦਾਂ ਦਾ ਇਹ ਇਤਿਹਾਸਕ ਸਥਾਨ ਪ੍ਰਾਪਤ ਕਰਨ ਲਈ ਮੰਗ ਕੀਤੀ ਗਈ ਅਤੇ ਇਸ ਕਾਰਵਾਈ ਨੂੰ ਅੱਗੇ ਤੋਰਨ ਲਈ ਖ਼ਾਲਸਾ ਕਾਲਜ ਗੁਰੂਸਰ ਸੁਧਾਰ ਦੇ ਸਰਦਾਰ ਬਖਤਾਵਰ ਸਿੰਘ ਨੂੰ ਨਿਸ਼ਚਿਤ ਕੀਤਾ ਗਿਆ ਤਾਂ ਜੁ ਉਹ ਪੰਜਾਬ ਸਰਕਾਰ ਨਾਲ ਅੱਗੇ ਗੱਲ ਚਲਾ ਸਕੇ।

## ਬਸੰਤ ਦੇ ਮੇਲੇ

1959 ਦੇ ਬਸੰਤ ਦੇ ਮੇਲੇ ਜੋ ਸਤਿਗੁਰੂ ਰਾਮ ਸਿੰਘ ਜੀ ਦੇ ਜਨਮ ਦਿਨ ਨਾਲ ਸੰਬੰਧਤ ਹਨ, ਕਈ ਥਾਵਾਂ ਤੇ ਮਨਾਏ ਗਏ। ਦਿੱਲੀ ਦੇ ਬਸੰਤ ਦੇ ਸਮਾਗਮ ਵਿੱਚ ਮਹਾਰਾਜ ਨਿਹਾਲ ਸਿੰਘ ਜੀ ਨੂੰ ਉਚੇਰੀ ਬੇਨਤੀ ਕਰਕੇ ਬੁਲਾਇਆ ਗਿਆ। ਪਰ ਉਨ੍ਹਾਂ ਨੇ ਕਿਹਾ, [1]'ਮੇਰਾ ਔਣਾ ਨਹੀਂ ਹੈ।'

ਜੀਵਨ ਨਗਰ ਦੇ ਕਈ ਪਿੰਡਾਂ ਵਿੱਚ ਨਾਮਧਾਰੀ ਸੰਗਤਾਂ ਵੱਲੋਂ ਇਹ ਮੇਲੇ ਮਨਾਏ ਗਏ। ਇਹ ਸਤਿਗੁਰੂ ਪਰਤਾਪ ਸਿੰਘ ਜੀ ਦੇ ਗੁਰੂ-ਕਾਲ ਦੇ ਬਸੰਤ ਦੇ ਅੰਤਿਮ ਮੇਲੇ ਸਨ। ਇਹ ਮੇਲੇ ਜੀਵਨ ਨਗਰ ਦੇ ਪਿੰਡਾਂ ਰਾਣੀਆਂ, ਨਕੌੜੇ ਆਦਿ ਥਾਵਾਂ ਤੇ ਬੜੀ ਸ਼ਰਧਾ ਨਾਲ ਮਨਾਏ ਗਏ। ਸਤਿਗੁਰੂ ਜੀ ਨੇ ਸਭ ਥਾਈਂ ਦਰਸ਼ਨ ਦਿੱਤੇ। ਇਸ ਮੇਲੇ ਤੇ ਦਿੱਤੇ ਗਏ ਸੰਦੇਸ਼ ਨੂੰ ਵਹਿਮੀ ਜੀ ਦੇ ਸ਼ਬਦਾਂ ਵਿੱਚ ਲਿਖਿਆ ਜਾ ਰਿਹਾ ਹੈ। [2]"ਆਪੋ ਵਿੱਚ ਸ਼ਾਂਤੀ ਤੇ ਮੇਲ-ਮਿਲਾਪ ਨਾਲ ਰਹੋ, ਵਾਧੂ ਮਾਮਲਾ ਲਗਾਨ ਨਾ ਦਿਉ ਸਰਕਾਰ ਨੂੰ।" 9 ਫੱਗਣ ਦੇ ਦਮਦਮੇ ਦੇ ਸਮਾਗਮ ਵਿੱਚ ਸਤਿਗੁਰੂ ਜੀ ਨੇ ਆਪਣੇ ਸੰਦੇਸ਼ ਵਿੱਚ ਬਚਨ ਕੀਤਾ : [3]"ਇਸ ਸਰਕਾਰ ਨੇ ਅੰਗਰੇਜ਼ ਤੋਂ ਅਜਿਹੀ ਮੱਤ ਲੈ ਰੱਖੀ ਹੈ ਕਿ ਰਈਅਤ ਭਾਵੇਂ ਮਰੇ ਤੁਸੀਂ ਆਪਣੇ ਖ਼ਜ਼ਾਨੇ ਭਰੋ ਅਤੇ ਮਜ਼੍ਹਬ, ਕੌਮਾਂ, ਪੰਥਾਂ ਨੂੰ ਆਪਸ

---

[1] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ-6, ਪੰਨਾ 314.

[2] ਉਹੀ, ਪੰਨਾ 314.

[3] ਉਹੀ, ਪੰਨਾ 314.

ਵਿੱਚ ਪਾੜਦੇ ਨੇ, ਹੁਣ ਕਈ ਨਾਮ ਐਵੇਂ ਦੇ ਰਖ ਕਿਸਾਨਾਂ ਵਾਹੀਵਾਨਾਂ ਨੂੰ ਟੈਕਸ ਲਾ ਮੰਗਦੇ ਹਨ। ਤੁਸੀਂ ਅੱਗੇ ਲਗ ਕੇ ਨਹਿਰਾਂ ਤੇ ਮਾਲ ਦੇ ਮਾਮਲੇ ਤੋਂ ਬਿਨਾਂ ਕੋਈ ਮਾਮਲਾ ਨਾ ਦਿਓ ਤੇ ਸਖ਼ਤੀ ਸਹੋ।"

## 1959 ਈ. ਦਾ ਹੋਲਾ

1959 ਈ. ਦੇ ਹੋਲੇ ਦਾ ਸਮਾਗਮ ਜੋ ਸਤਿਗੁਰੂ ਪਰਤਾਪ ਸਿੰਘ ਜੀ ਵੱਲੋਂ ਕੀਤਾ ਗਿਆ ਹੋਲੇ ਦਾ ਅੰਤਿਮ ਸਮਾਗਮ ਸੀ। ਇਹ ਜੀਵਨ ਨਗਰ ਵਿੱਚ ਹੋਇਆ। ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ। ਇਹ ਮੇਲਾ 19, 20 ਅਤੇ 21 ਫੱਗਣ ਨੂੰ ਹੋਇਆ। 20 ਫੱਗਣ ਨੂੰ ਸਤਿਗੁਰੂ ਜੀ ਦੀ ਆਗਿਆ ਨਾਲ ਨਾਮਧਾਰੀ ਮੁਖੀਆਂ ਦੀ ਇਕੱਤਰਤਾ ਚੁਬਾਰੇ ਵਿੱਚ ਹੋਈ। ਸਤਿਗੁਰੂ ਜੀ ਨੇ ਬਚਨ ਕੀਤਾ, "ਕਾਂਗਰਸ ਰਾਜ ਕੈਰੋਂ ਦੇ ਕਹੇ, ਸਾਡੇ ਕਹੇ ਦੀ ਕੋਈ ਪਰਵਾਹ ਨਹੀਂ ਕਰਦਾ, ਕੈਰੋਂ ਦੇ ਕਹੇ ਦੇਵੀ ਲਾਲ ਨੂੰ ਹੀ ਕਾਂਗਰਸ ਟਿਕਟ ਦਿੰਦੀ ਹੈ, ਅਸੀਂ ਤਾਂ ਤੋਤੋਂ ਕਾਂਗਰਸ ਦਾ ਸਾਥ ਦਿੱਤਾ ਹੈ ਤੇ ਹੁਣ ਵੀ ਛੱਡਣਾ ਨਹੀਂ ਚਾਹੁੰਦੇ, ਪਰ ਕਾਂਗਰਸ ਸਾਨੂੰ ਛੱਡ ਗਈ ਹੈ। ਮੈਂ ਨਿਹਾਲ ਸਿੰਘ ਨੂੰ ਮਨੋਂ ਪੂਰਾ ਬਲ ਸਭ ਨਿਆਂ ਦੇ ਕਹਿ ਰਿਹਾ ਹਾਂ, ਜੇਕਰ ਸਿੱਖ ਨਹੀਂ ਤਾਂ ਹੋਰ ਕੋਈ ਮੁਨਸਫ਼ ਮਿੱਥ ਲਵੇ ਪਰ ਵਿਥ ਨਾ ਰਖੇ ਨਾਮਧਾਰੀ ਪੰਥ ਨਾਲ, ਪਰ ਉਹ ਵੀ ਨਹੀਂ ਮੰਨੇ। ਮੈਂ ਕਰਤਾਰ ਸਿੰਘ ਸੇਖੀ ਨੂੰ ਇੰਦਰਾ ਗਾਂਧੀ ਜੋ ਕਾਂਗਰਸ ਦੀ ਪ੍ਰਧਾਨ ਦੇ ਪਾਸ ਭੇਜਿਆ ਸੀ ਕਿ ਤੁਸੀਂ ਇੱਕ ਦੇਵੀ ਲਾਲ ਪਿਛੇ ਸਾਨੂੰ ਨਾਮਧਾਰੀਆਂ ਨੂੰ ਕਾਂਗਰਸ ਨਾਲੋਂ ਨਾ ਤੋੜੋ। ਹੋਰ ਭਾਵੇਂ ਕਿਸੇ ਨੂੰ ਟਿਕਟ ਦੇਵੋ, ਪਰ ਇਸ ਨੂੰ ਨਾ ਦਿਓ, ਪਰ ਉਹ ਵੀ ਨਹੀਂ ਮੰਨੀ।"

21 ਫੱਗਣ ਨੂੰ ਅਕਾਲੀ ਆਗੂ ਮਾਸਟਰ ਤਾਰਾ ਸਿੰਘ ਜੀ ਨੇ ਦੀਵਾਨ ਵਿੱਚ ਕਈ ਅਕਾਲੀ ਸੱਜਣਾਂ ਸਮੇਤ ਦਰਸ਼ਨ ਦਿੱਤੇ। ਇਸ ਹੋਲੇ ਦੇ ਪੁਰਬ ਉੱਤੇ 31 ਜੋੜਿਆਂ ਦੇ ਆਨੰਦ ਕਾਰਜ ਵੀ ਪੂਰਨ ਗੁਰਮਰਿਆਦਾ ਨਾਲ ਸਭ ਨੂੰ ਅੰਮ੍ਰਿਤ ਛਕਾ ਕੇ ਕੀਤੇ ਗਏ। ਸਤਿਗੁਰੂ ਜੀ ਨੇ ਵਿਆਹੁਤਾ ਜੋੜਿਆਂ ਦੇ ਸੰਬੰਧੀਆਂ ਨੂੰ ਫੁਰਮਾਨ ਕੀਤਾ, 'ਤੁਸੀਂ ਸੰਗਤ ਵਿੱਚ ਗੁਰਮਰਿਯਾਦਾ ਕਰ ਘਰੀਂ ਜਾ ਜਗਤ ਮਰਿਯਾਦਾ ਕਰਦੇ ਹੋ। ਇਹ ਚੰਗਾ ਕੰਮ ਨਹੀਂ।'[1]

ਸਤਿਗੁਰੂ ਜੀ ਦੇ ਗੁਰੂ-ਕਾਲ ਵਿੱਚ 54 ਹੋਲਿਆਂ ਦੇ ਸਮਾਗਮ ਹੋਏ। ਜਿਨ੍ਹਾਂ ਦਾ ਵੇਰਵਾ ਪਾਠਕਾਂ ਦੇ ਗਿਆਤ ਲਈ ਏਥੇ ਦੇਣਾ ਉਚਿਤ ਹੋਵੇਗਾ।

| | |
|---|---|
| ਪਹਿਲਾ ਹੋਲਾ 1906 ਈ. | ਨੁਸ਼ਹਿਰੇ, ਜ਼ਿਲ੍ਹਾ ਗੁਜਰਾਤ |
| ਦੂਜਾ ਹੋਲਾ 1907 ਈ. | ਫਿਲੋਕੇ, ਜ਼ਿਲ੍ਹਾ ਗੁਜਰਾਂਵਾਲਾ |
| ਤੀਸਰਾ ਹੋਲਾ 1908 ਈ. | ਗਿੱਲ ਬਾਰ, ਜ਼ਿਲ੍ਹਾ ਸ਼ੇਖੂਪੁਰਾ |
| ਚੌਥਾ ਹੋਲਾ 1909 ਈ. | 45 ਚੱਕ, ਜ਼ਿਲ੍ਹਾ ਸਰਗੋਧਾ |
| ਪੰਜਵਾਂ ਹੋਲਾ 1910 ਈ. | ਲਾਹੌਰ |

[1] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ-6, ਪੰਨਾ 316.

Namdhari Elibrary NamdhariElibrary@gmail.com

| | |
|---|---|
| ਛੇਵਾਂ ਹੋਲਾ 1911 ਈ. | ਅਨੰਦਪੁਰ ਸਾਹਿਬ |
| ਸਤਵਾਂ ਹੋਲਾ 1912 ਈ. | ਖੂਹ ਮਾਂਕੇ, ਜ਼ਿਲ੍ਹਾ ਲਾਹੌਰ |
| ਅੱਠਵਾਂ ਹੋਲਾ 1912 ਈ. | ਖੋਟੇ, ਜ਼ਿਲ੍ਹਾ ਫਿਰੋਜ਼ਪੁਰ |
| ਨੌਵਾਂ ਹੋਲਾ 1914 ਈ. | ਵਲਟੋਹੇ, ਜ਼ਿਲ੍ਹਾ ਲਾਹੌਰ |
| ਦਸਵਾਂ ਹੋਲਾ 1915 ਈ. | ਗਿਲੀਂ, ਜ਼ਿਲ੍ਹਾ ਸ਼ੇਖੂਪੁਰਾ |
| 11ਵਾਂ ਹੋਲਾ 1916 ਈ. | ਰੱਤਾ ਚੋਆ, ਜ਼ਿਲ੍ਹਾ ਹੁਸ਼ਿਆਰਪੁਰ |
| 12ਵਾਂ ਹੋਲਾ 1917 ਈ. | ਚੂਹੇਤਾੜ, ਜ਼ਿਲ੍ਹਾ ਸ਼ੇਖੂਪੁਰਾ |
| 13ਵਾਂ ਹੋਲਾ 1918 ਈ. | ਅਨੰਦਪੁਰ ਸਾਹਿਬ |
| 14ਵਾਂ ਹੋਲਾ 1919 ਈ. | ਵਰਨ, ਜ਼ਿਲ੍ਹਾ ਸ਼ੇਖੂਪੁਰਾ |
| 15ਵਾਂ ਹੋਲਾ 1920 ਈ. | ਮੁਕਤਸਰ |
| 16ਵਾਂ ਹੋਲਾ 1921 ਈ. | ਰਾਵਲਪਿੰਡੀ |
| 17ਵਾਂ ਹੋਲਾ 1922 ਈ. | ਢੇਟੀਆਂ, ਜ਼ਿਲ੍ਹਾ ਲਾਇਲਪੁਰ |
| 18ਵਾਂ ਹੋਲਾ 1923 ਈ. | ਬਿਜਲੀਵਾਲ, ਜ਼ਿਲ੍ਹਾ ਗੁਰਦਾਸਪੁਰ |
| 19ਵਾਂ ਹੋਲਾ 1924 ਈ. | ਅੰਮ੍ਰਿਤਸਰ |
| 20ਵਾਂ ਹੋਲਾ 1925 ਈ. | ਗੁਜਰਾਂਵਾਲਾ |
| 21ਵਾਂ ਹੋਲਾ 1926 ਈ. | ਸਿਆਲਕੋਟ |
| 22ਵਾਂ ਹੋਲਾ 1927 ਈ. | ਵਲਟੋਹੇ |
| 23ਵਾਂ ਹੋਲਾ 1928 ਈ. | ਸਿਆੜ, ਜ਼ਿਲ੍ਹਾ ਲੁਧਿਆਣਾ |
| 24ਵਾਂ ਹੋਲਾ 1929 ਈ. | ਚੂਹਣੀ, ਜ਼ਿਲ੍ਹਾ ਅੰਬਾਲਾ |
| 25ਵਾਂ ਹੋਲਾ 1930 ਈ. | ਸੰਧਵੀਂ, ਜ਼ਿਲ੍ਹਾ ਜਲੰਧਰ |
| 26ਵੇਂ ਹੋਲੇ ਤੋਂ ਲੈ ਕੇ 30ਵੇਂ ਹੋਲੇ ਤੱਕ ਪੰਜ ਹੋਲੇ (1931 ਈ. ਤੋਂ 1935 ਈ.) | ਸ੍ਰੀ ਭੈਣੀ ਸਾਹਿਬ |
| 31ਵਾਂ ਹੋਲਾ 1936 ਈ. | ਸ਼ੇਖੂਪੁਰਾ ਬੇਦਾਦ, ਜ਼ਿਲ੍ਹਾ ਗੁਜਰਾਂਵਾਲਾ |
| 32ਵਾਂ ਹੋਲਾ 1937 ਈ. | ਜ਼ਿਲ੍ਹਾ ਸ਼ੇਖੂਪੁਰਾ |
| 33ਵਾਂ ਹੋਲਾ 1938 ਈ. | ਤਲਹਾਤੇ, ਜ਼ਿਲ੍ਹਾ ਸਿਆਲਕੋਟ |
| 1939 ਈ. ਤੋਂ ਲੈ ਕੇ 1943 ਈ. (34, 35, 36, 37, 38) ਪੰਜ ਹੋਲੇ | ਸ੍ਰੀ ਭੈਣੀ ਸਾਹਿਬ |
| 39ਵਾਂ ਹੋਲਾ 1944 ਈ. | ਗਿੱਲੀਂ, ਜ਼ਿਲ੍ਹਾ ਸ਼ੇਖੂਪੁਰਾ |
| 40ਵਾਂ ਹੋਲਾ 1945 ਈ. | ਚੁਗਾਵਾਂ, ਜ਼ਿਲ੍ਹਾ ਅੰਮ੍ਰਿਤਸਰ |
| 41ਵਾਂ ਹੋਲਾ 1946 ਈ. | ਸ਼ੇਖੂਪੁਰਾ ਬੇਦਾਦ |
| 42ਵਾਂ ਹੋਲਾ 1947 ਈ. | ਜੱਗਮਲੇਰਾ, ਜ਼ਿਲ੍ਹਾ ਹਿਸਾਰ |

Namdhari Elibrary NamdhariElibrary@gmail.com

| | |
|---|---|
| 43ਵਾਂ ਹੋਲਾ 1948 ਈ. | ਜਗਮਲੇਰਾ, ਜ਼ਿਲ੍ਹਾ ਹਿਸਾਰ |
| 44ਵਾਂ ਹੋਲਾ 1949 ਈ. | ਸਿਆਮ, ਥਾਈਲੈਂਡ |
| 45ਵਾਂ ਹੋਲਾ 1950 ਈ. | ਸ੍ਰੀ ਭੈਣੀ ਸਾਹਿਬ |
| 46ਵਾਂ ਹੋਲਾ 1951 ਈ. | ਮੰਡੀ, ਹਿਮਾਚਲ ਪ੍ਰਦੇਸ਼ |
| 47ਵਾਂ ਹੋਲਾ 1952 ਈ. | ਟਾਹਲਾ ਸਾਹਿਬ |
| 48ਵਾਂ ਹੋਲਾ 1953 ਈ. | ਨਕੌੜਾ, ਜ਼ਿਲ੍ਹਾ ਹਿਸਾਰ |
| 49ਵਾਂ ਹੋਲਾ 1954 ਈ. | ਸੰਤ ਨਗਰ (ਜੱਗਮਲੇਰਾ) ਜ਼ਿਲ੍ਹਾ ਹਿਸਾਰ |
| 50ਵਾਂ ਹੋਲਾ 1955 ਈ. | ਦਿੱਲੀ |
| 51ਵਾਂ ਹੋਲਾ 1956 ਈ. | ਸ੍ਰੀ ਭੈਣੀ ਸਾਹਿਬ |
| 52ਵਾਂ ਹੋਲਾ 1957 ਈ. | ਸੰਤ ਨਗਰ, ਜੀਵਨ ਨਗਰ ਅਤੇ ਅਫਰੀਕਾ ਦੇ ਕੰਪਾਲਾ ਸ਼ਹਿਰ ਵਿੱਚ |
| 53ਵਾਂ ਅਤੇ 54ਵਾਂ ਹੋਲਾ 1957 ਈ. | ਦਿੱਲੀ |
| 55ਵਾਂ ਹੋਲਾ 1958 ਈ. | ਸੰਤ ਨਗਰ, ਜ਼ਿਲਾ ਹਿਸਾਰ |
| 56ਵਾਂ ਹੋਲਾ 1959 ਈ. | ਸ੍ਰੀ ਜੀਵਨ ਨਗਰ, ਜ਼ਿਲ੍ਹਾ ਹਿਸਾਰ (ਹੁਣ ਜ਼ਿਲ੍ਹਾ ਸਿਰਸਾ) ਅਤੇ ਕੰਪਾਲਾ, ਯੁਗੰਡਾ (ਪੂਰਬੀ ਅਫ਼ਰੀਕਾ) |

Namdhari Elibrary NamdhariElibrary@gmail.com

## ਅਧਿਆਇ 19

# ਅਟੱਲ ਪ੍ਰਤਾਪੀ ਸਤਿਗੁਰੂ ਜੀ ਦੀ ਦ੍ਰਿੜ੍ਹਤਾ

ਸਤਿਗੁਰੂ ਪਰਤਾਪ ਸਿੰਘ ਜੀ, ਜਿਨ੍ਹਾਂ ਨੂੰ ਨਾਮਧਾਰੀ ਅਰਦਾਸ ਵਿੱਚ 'ਅਟੱਲ ਪ੍ਰਤਾਪੀ ਸਤਿਗੁਰੂ' ਕਰਕੇ ਸਿਮਰਨ (ਸੰਬੋਧਿਤ) ਕੀਤਾ ਜਾਂਦਾ ਹੈ ਆਪਣੇ ਧਰਮ-ਕਰਮ ਵਿੱਚ ਪੂਰੇ ਉਤਰੇ ਤੇ ਸਤਿਗੁਰੂ ਰਾਮ ਸਿੰਘ ਵੱਲੋਂ ਸਥਾਪਿਤ ਗੁਰਮਰਿਆਦਾ ਨੂੰ ਪੂਰੀ ਸੁਹਿਰਦਤਾ ਤੇ ਦ੍ਰਿੜ੍ਹਤਾ ਨਾਲ ਨਿਭਾਉਂਦੇ ਰਹੇ। ਵੱਡੇ-ਵੱਡੇ ਸੰਕਟਾਂ ਵਿੱਚ ਵੀ ਆਪ ਅਡੋਲ ਰਹੇ। ਵਿਰੋਧੀਆਂ ਦੇ ਜਬਰ ਨੂੰ ਸਬਰ ਨਾਲ ਬਰਦਾਸ਼ਤ ਕਰਦੇ ਰਹੇ। ਨਿੱਜੀ ਸੁੱਖ ਅਤੇ ਹਿੱਤਾਂ ਨੂੰ ਆਪ ਜੀ ਨੇ ਕਦੇ ਸਨਮੁੱਖ ਨਹੀਂ ਸੀ ਰੱਖਿਆ। ਸਗੋਂ ਸਥਾਪਤ ਨਾਮਧਾਰੀ ਧਰਮ ਮਾਰਗ ਦੀ ਸਦਾ ਸੁਰੱਖਿਆ ਤੇ ਸੰਭਾਲ ਕੀਤੀ ਹੈ।

### ਵਿਰੋਧੀਆਂ ਦੀ ਇੱਕ ਹੋਰ ਪੇਸ਼ਕਸ਼

27 ਫੱਗਣ 1959 ਨੂੰ ਏਲਨਾਬਾਦ ਦੇ ਗੁਰਦੁਆਰੇ ਵਿੱਚ ਵੱਡੇ ਬਾਬਾ ਜਗਜੀਤ ਸਿੰਘ ਜੀ ਵੱਲੋਂ ਜਿਹੜੇ ਵਿਚਾਰ ਪ੍ਰਗਟ ਕੀਤੇ ਗਏ, ਉਹ ਬੜੇ ਧਿਆਨਯੋਗ ਹਨ। ਆਪ ਜੀ ਨੇ ਸਤਿਗੁਰੂ ਪਰਤਾਪ ਸਿੰਘ ਜੀ ਦਾ ਹਵਾਲਾ ਦਿੰਦੇ ਹੋਏ ਇਹ ਸ਼ਬਦ ਆਖੇ ਸਨ : [1]"ਸਤਿਗੁਰੂ ਜੀ ਪਾਸ ਦੇਵੀ ਲਾਲ ਤੇ ਸਾਹਬ ਰਾਮ ਦਾ ਸੁਨੇਹਾ ਆਇਆ ਹੈ। ਅਸੀਂ ਆਪ ਦੀ ਚਰਨੀ ਲਗ ਪਿਛਲੀਆਂ ਭੁੱਲਾਂ ਦੀ ਮੁਆਫੀ ਮੰਗਦੇ ਹਾਂ ਤੇ ਬਾਬਾ ਬੀਰ ਸਿੰਘ ਜੀ ਦੇ ਬਰੀ ਕਰਾਉਣ ਦਾ ਵਾਅਦਾ ਕਰਦੇ ਹਾਂ ਤੇ ਮਹਾਰਾਜ ਨਿਹਾਲ ਸਿੰਘ ਜੀ ਨਾਲ ਵੀ ਆਪ ਦੀ ਸੁਲਾਹ ਕਰਾਉਂਦੇ ਹਾਂ। ਪਰ ਜੇਕਰ ਆਪ ਵੋਟ ਸਾਨੂੰ ਦੇਵੋ ਸਿੱਖਾਂ ਦੇ ਤੇ ਸਭ ਰਸੂਖ ਵਾਲਿਆਂ ਦੇ। ਸਤਿਗੁਰੂ ਜੀ ਦਾ ਇਹਨਾਂ ਨੂੰ ਸਪੱਸ਼ਟ ਉੱਤਰ ਸੀ, ਮੈਂ ਆਪ ਜੈਸਿਆਂ ਨਾਲ ਕਦੇ ਰਾਸਤੀ ਕਰਨ 'ਤੇ ਰਾਜ਼ੀ ਨਹੀਂ ਹੋ ਸਕਦਾ, ਤੁਹਾਡਾ ਖਮੀਰ ਮੰਦਾ ਹੈ ਤੇ ਬੀਰ ਸਿੰਘ ਦਾ ਬਰੀ ਹੋਣਾ, ਮਰਨਾ-ਜਿਉਣਾ ਕਰਤੇ ਹੱਥ ਹੈ, ਮੈਂ ਭਲੇ ਲੋਕਾਂ ਦਾ ਪੱਖ ਛੱਡ ਕੇ ਆਪ ਦੇ ਪੱਖ ਵਿੱਚ ਕਦੇ ਨਹੀਂ ਹੋ ਸਕਦਾ।"

ਇੱਥੇ ਚੇਤੇ ਰਹੇ ਕਿ ਬਾਬਾ ਬੀਰ ਸਿੰਘ ਜੀ 27 ਅਪ੍ਰੈਲ, 1959 ਈ. ਨੂੰ ਬਰੀ ਹੋ ਗਏ ਸਨ।

### ਅਫ਼ਰੀਕਾ ਵਿੱਚ ਹੋਲਾ

1959 ਈ. ਦੇ ਮਾਰਚ ਵਿੱਚ ਸਤਿਗੁਰੂ ਜੀ ਨੇ ਮੁੜ ਅਫ਼ਰੀਕਾ ਦੇ ਦੇਸ਼ ਯੁਗਾਂਡਾ

[1] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ-6, ਪੰਨਾ 323.

Namdhari Elibrary NamdhariElibrary@gmail com

ਦੇ ਸਿੱਖਾਂ ਦੀ ਬੇਨਤੀ ਉੱਤੇ ਹੋਲੇ ਦਾ ਪੁਰਬ ਮਨਾਉਣ ਲਈ ਉਥੋਂ ਦੀ ਨਾਮਧਾਰੀ ਸੰਗਤ ਨੂੰ ਦਰਸ਼ਨ ਦਿੱਤੇ। ਇਹ ਹੋਲਾ 9 ਤੋਂ 12 ਚੇਤਰ ਨੂੰ ਕੰਪਾਲਾ ਵਿਖੇ ਹੋਇਆ। ਅਫ਼ਰੀਕਾ ਵਿੱਚ ਹਜ਼ਾਰ ਤੋਂ ਵੱਧ ਸਿੱਖਾਂ ਨੇ ਮਾਸ, ਸ਼ਰਾਬ ਦਾ ਤਿਆਗ ਕਰਕੇ ਨਾਮ ਦੀ ਦਾਤ ਪ੍ਰਾਪਤ ਕੀਤੀ। 150 ਆਦਿ ਗ੍ਰੰਥ ਸਾਹਿਬ ਦੇ ਅਤੇ 3 ਦਸਮ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ। ਇੱਕ ਪਾਠ ਦਾ ਭੋਗ ਬਾਬਾ ਬੀਰ ਸਿੰਘ ਜੀ ਦੀ ਰਿਹਾਈ ਨਮਿਤ ਪਾਇਆ ਗਿਆ। ਸਤਿਗੁਰੂ ਜੀ ਦੀ ਹਜ਼ੂਰੀ ਵਿੱਚ 36 ਜੋੜਿਆਂ ਦੇ ਅਨੰਦ ਕਾਰਜ ਅੰਮ੍ਰਿਤ ਛਕਾ ਕੇ ਗੁਰ-ਮਰਿਆਦਾ ਅਨੁਸਾਰ ਕੀਤੇ ਗਏ। ਅਣਗਿਣਤ ਬੱਚਿਆਂ ਬੁੱਢਿਆਂ ਨੇ ਅੰਮ੍ਰਿਤ ਛਕ ਕੇ ਭਜਨ ਲਿਆ। ਸਾਧ ਸੰਗਤ ਨੇ ਬੜੇ ਵੈਰਾਗ ਨਾਲ ਸਤਿਗੁਰੂ ਜੀ ਨੂੰ ਵਿਦਾ ਕੀਤਾ। ਇਸ ਦੌਰੇ ਸਮੇਂ ਬਹੁਤ ਸਾਰੇ ਸਿੱਖ ਵੀ ਭਾਰਤ ਤੋਂ ਸਤਿਗੁਰੂ ਜੀ ਦੇ ਨਾਲ ਗਏ ਸਨ।[1]

## ਸਰਸੇ ਦੇ ਹਲਕੇ ਵਿੱਚ ਦੁਬਾਰਾ ਚੋਣ

18 ਮਾਰਚ, 1959 ਨੂੰ ਵੈਦ ਰਾਮ ਦਿਆਲ ਦੀ ਅਪੀਲ ਸੁਪਰੀਮ ਕੋਰਟ ਤੋਂ ਖਾਰਿਜ ਹੋ ਗਈ ਅਤੇ ਨਵੇਂ ਸਿਰਿਓਂ ਵੋਟਾਂ ਪਾਉਣ ਦਾ ਆਦੇਸ਼ ਹੋਇਆ। ਦੇਵੀ ਲਾਲ ਤੇ ਸਤਿਗੁਰੂ ਜੀ ਦੇ ਵਿਰੋਧੀ ਧੜੇ ਨੇ ਇਸ ਚੋਣ ਨੂੰ ਆਪਣੇ ਵਕਾਰ ਦਾ ਮੁੱਦਾ ਬਣਾ ਲਿਆ। ਸਾਰਾ ਜ਼ੋਰ ਚੋਧਰੀ ਦੇਵੀ ਲਾਲ ਨੂੰ ਜਿਤਾਉਣ ਉੱਤੇ ਲਾ ਦਿੱਤਾ। ਸਰਕਾਰੀ ਮੁਲਾਜ਼ਮਾਂ ਉੱਤੇ ਵੀ ਪੂਰਾ ਦਬਾਅ ਪਾਇਆ ਗਿਆ ਅਤੇ ਸਿੱਟੇ ਵਜੋਂ ਚੋਧਰੀ ਦੇਵੀ ਲਾਲ ਚੋਣ ਜਿੱਤ ਗਿਆ। ਇਸ ਜਿੱਤ ਉੱਤੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੇ ਜਿਹੜੇ ਸ਼ਬਦ ਕਹੇ, ਉਹ ਧਿਆਨ ਦੇਣ ਯੋਗ ਹਨ। [2]"ਮੇਰਾ ਤੇ ਇਹਦਾ ਇੱਕ ਦਿਲ ਹੈ। ਸਿੱਖਾਂ ਵੋਟਾਂ ਸਾਨੂੰ ਘੱਟ ਪਾਏ ਹਨ। ਬਾਗੜੀਆਂ ਬਹੁਤ ਪਾਏ ਹਨ ਤੇ ਕਿਹਾ ਸੀ ਅਸੀਂ ਸਿਝਾਂਗੇ ਜਿਹਨਾਂ ਕਾਂਗਰਸ ਦੀ ਖਿਲਾਫ਼ੀ ਕੀਤੀ ਹੈ (ਉਹਨਾਂ ਦਾ ਇਸ਼ਾਰਾ ਨਾਮਧਾਰੀਆਂ ਵੱਲ ਸੀ) ਤੇ ਕਿਹਾ ਸਾਨੂੰ ਬਹੁਤ ਜ਼ੋਰ ਲਾਉਣਾ ਪਿਆ ਹੈ।" ਦੇਵੀ ਲਾਲ ਕਿਹਾ, " ਜੇ ਮੇਰੀ ਮੱਦਦ ਕੈਰੋਂ ਸਾਹਿਬ ਨਾ ਕਰਦੇ ਤਾਂ ਮੈਂ ਨਾ ਜਿੱਤਦਾ।"

## ਦੁਸ਼ਮਣ ਬਾਤ ਕਰੇ ਅਣਹੋਣੀ

ਵਿਰੋਧੀ ਸਰਕਾਰੀ ਸ਼ਕਤੀ ਦੇ ਬਲ ਨਾਲ ਸਤਿਗੁਰੂ ਜੀ ਵਿਰੁੱਧ ਕਈ ਨਵੀਆਂ ਚਾਲਾਂ ਤੇ ਕਮੀਨੀਆਂ ਹਰਕਤਾਂ ਉੱਤੇ ਉੱਤਰ ਆਏ ਸਨ। ਜੀਵਨ ਨਗਰ ਦੀ ਜ਼ਮੀਨ ਦੀ ਵੰਡ ਸਤਿਗੁਰੂ ਜੀ ਨੇ ਅਜਿਹੇ ਨਿਆਂ ਪੂਰਵਕ ਢੰਗ ਨਾਲ ਕਰ ਦਿੱਤੀ ਸੀ ਕਿ ਲਗਭਗ ਸਾਰੀਆਂ ਧਿਰਾਂ ਹੀ ਉਸ ਉੱਤੇ ਸੰਤੁਸ਼ਟ ਸਨ ਅਤੇ ਹੁਣ ਕਈ ਸਾਲਾਂ ਤੋਂ ਆਪਣੀ-ਆਪਣੀ ਜ਼ਮੀਨ ਉੱਤੇ ਕਾਸ਼ਤ ਕਰ ਰਹੇ ਸਨ। ਵਿਰੋਧੀਆਂ ਨੇ ਘਸੀਟਾ ਸਿੰਘ ਵਰਗਿਆਂ ਨੂੰ ਚੁੱਕ ਦੇ ਕੇ ਸਤਿਗੁਰੂ ਜੀ ਵਿਰੁੱਧ ਕਈ ਦਰਖਾਸਤਾਂ ਦੁਆ ਦਿੱਤੀਆਂ ਕਿ ਉਹਨਾਂ ਨੂੰ ਉਨ੍ਹਾਂ ਦੀ

---

[1] ਵੇਰਵੇ ਲਈ ਵੇਖੋ, *ਜੱਸ ਜੀਵਨ*, ਭਾਗ-6, ਪੰਨਾ 324.

[2] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ-6, ਪੰਨਾ 325.

Namdhari Elibrary NamdhariElibrary@gmail.com

ਬਣਦੀ ਅਸਲੀ ਮਾਲਕੀ ਦੀ ਹੱਕ ਰਸਾਈ ਨਹੀਂ ਹੋਈ। ਸਤਿਗੁਰੂ ਜੀ ਵਿਰੁੱਧ 14 ਮੁਕੱਦਮੇ ਅਜਿਹੇ ਕੀਤੇ ਗਏ, ਜਿਨ੍ਹਾਂ ਵਿੱਚ ਸਤਿਗੁਰੂ ਜੀ ਨੂੰ ਪ੍ਰਤੀਵਾਦੀ ਧਿਰ ਵਜੋਂ ਰੱਖਿਆ ਗਿਆ ਸੀ। ਜਿਨ੍ਹਾਂ ਦੇ ਬਿਆਨ ਕਚਹਿਰੀ ਵਿੱਚ ਹੋਣੇ ਜ਼ਰੂਰੀ ਸਮਝੇ ਗਏ ਸਨ। ਸ. ਅਵਤਾਰ ਸਿੰਘ ਝੱਬਰ, ਸੰਤ ਤੇਜਾ ਸਿੰਘ, ਤਰਨ ਸਿੰਘ ਵਹਿਮੀ ਸਰਸੇ ਦੀਆਂ ਅਦਾਲਤਾਂ ਵਿੱਚ ਇਨ੍ਹਾਂ ਮੁਕੱਦਮਿਆਂ ਦੀ ਪੈਰਵੀ ਕਰਦੇ ਰਹੇ ਸਨ।

'ਨਾਮਧਾਰੀ ਅਤੇ ਕਾਂਗਰਸ' ਪੁਸਤਕ ਵਿੱਚ ਇਨ੍ਹਾਂ ਮੁਕੱਦਮਿਆਂ ਬਾਰੇ ਇਸ ਤਰ੍ਹਾਂ ਉਲੇਖ ਕੀਤਾ ਗਿਆ ਹੈ : [1]"ਦੇਵੀ ਲਾਲ ਅਤੇ ਉਸਦੇ ਅਧੀਨ ਆਏ ਹੋਏ ਇਲਾਕਾ ਸ੍ਰੀ ਜੀਵਨ ਨਗਰ ਦੇ 4-5 ਪਰਿਵਾਰ ਅਜੇ ਏਥੇ ਨਹੀਂ ਸਨ ਰੁਕੇ। ਇਨ੍ਹਾਂ ਨੇ ਵੱਖ-ਵੱਖ ਚੌਦਾਂ ਮੁਕੱਦਮੇ ਦੀਵਾਨੀ ਅਦਾਲਤਾਂ ਵਿੱਚ ਸ੍ਰੀ ਸਤਿਗੁਰੂ ਜੀ ਵਿਰੁੱਧ ਦਾਇਰ ਕਰ ਦਿੱਤੇ ਸਨ। ਇਨ੍ਹਾਂ ਮੁਕੱਦਮਿਆਂ ਵਿੱਚ ਮੁੱਖ ਇਤਰਾਜ਼ ਇਹ ਸੀ ਕਿ ਸਾਨੂੰ ਸਾਡੀਆਂ ਜ਼ਮੀਨਾਂ ਨਹੀਂ ਦਿੱਤੀਆਂ ਗਈਆਂ। ਜਦੋਂ ਕਿ ਇਹ ਲੋਕ ਜ਼ਮੀਨਾਂ ਲਈ ਬੈਠੇ ਸਨ। ਪਰ ਇਹਨਾਂ ਰਾਹੀਂ ਦੇਵੀ ਲਾਲ ਅਤੇ ਕੈਰੋਂ ਦੀ ਇਹ ਜ਼ੋਰਦਾਰ ਕੋਸ਼ਿਸ਼ ਸੀ ਕਿ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਕਚਹਿਰੀ ਵਿੱਚ ਲਿਆ ਕੇ ਖਲਿਆਰਿਆ ਜਾਵੇ।"

ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਬਚਨ ਕੀਤਾ ਕਿ ਕੁਝ ਵੀ ਹੋਵੇ, ਅਸੀਂ ਕਚਹਿਰੀ ਨਹੀਂ ਜਾਵਾਂਗੇ। ਏਧਰ ਇਹਨਾਂ ਨੇ ਜਿਹੜੇ ਮੁਕੱਦਮੇ ਦਾਇਰ ਕੀਤੇ ਸਨ, ਉਨ੍ਹਾਂ ਵਿੱਚ ਵਿਸ਼ੇਸ਼ ਕਰਕੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਪ੍ਰਤੀਵਾਦੀ ਗਵਾਹ ਬਣਾ ਕੇ ਰੱਖਿਆ ਸੀ। ਜ਼ੋਰ ਇਸ ਗੱਲ 'ਤੇ ਦਿੱਤਾ ਜਾ ਰਿਹਾ ਸੀ ਕਿ ਸ੍ਰੀ ਸਤਿਗੁਰੂ ਜੀ ਕਚਹਿਰੀ ਵਿੱਚ ਆ ਕੇ ਬਿਆਨ ਦੇਣ।

## ਮੁਕੱਦਮਿਆਂ ਦੇ ਗੇੜ ਦਾ ਇੱਕ ਹੋਰ ਉਦਾਹਰਣ

ਪਰਤਾਪ ਸਿੰਘ ਕੈਰੋਂ ਦੇ ਅਸੈਂਬਲੀ ਹਲਕੇ ਵਿੱਚ ਹੀ ਸੋਸ਼ਲਿਸਟ ਨੇਤਾ ਸੱਜਣ ਸਿੰਘ ਮਰਗਿੰਦਪੁਰੀ ਇਸ ਹਲਕੇ ਵਿੱਚ ਕੁਰਬਾਨੀ ਵਾਲੇ ਨੇਤਾ ਵਜੋਂ ਬੜਾ ਹਰਮਨ ਪਿਆਰਾ ਸੀ। ਪਰਤਾਪ ਸਿੰਘ ਕੈਰੋਂ ਨੂੰ ਇਹ ਤੌਖਲਾ ਸੀ ਕਿ ਜੇਕਰ ਉਸ ਵਿਰੁੱਧ ਸੱਜਣ ਸਿੰਘ ਮਰਗਿੰਦਪੁਰੀ ਚੋਣ ਵਿੱਚ ਖੜ੍ਹਾ ਹੋ ਗਿਆ ਤਾਂ ਉਹ ਕਾਮਯਾਬ ਵੀ ਹੋ ਸਕਦਾ ਹੈ। ਇਸ ਲਈ ਕੈਰੋਂ ਸਾਹਿਬ ਦੇ ਹਮਾਇਤੀਆਂ ਵੱਲੋਂ ਉਸ ਵਿਰੁੱਧ ਕਈ ਮੁਕੱਦਮੇ ਦਾਇਰ ਕੀਤੇ ਗਏ ਕਿ ਉਸਨੂੰ ਅਸੈਂਬਲੀ ਦੀ ਚੋਣ ਲੜਨਾ ਤਾਂ ਕੀ ਉਸਨੂੰ ਕਚਹਿਰੀਆਂ ਵਿੱਚ ਪੇਸ਼ੀਆਂ ਭੁਗਤਨ ਤੋਂ ਹੀ ਵਿਹਲ ਨਹੀਂ ਸੀ ਮਿਲਦਾ।

## ਨਿਕਟਵਰਤੀ ਸੇਵਕਾਂ ਦੀ ਚਿੰਤਾ

ਸ. ਅਵਤਾਰ ਸਿੰਘ ਝੱਬਰ, ਸੰਤ ਤੇਜਾ ਸਿੰਘ ਤੇ ਤਰਨ ਸਿੰਘ ਵਹਿਮੀ ਵਰਗੇ ਸਤਿਗੁਰੂ ਜੀ ਦੇ ਨਿਕਟਵਰਤੀ ਸਿੱਖ ਇਹਨਾਂ ਮੁਕੱਦਮਿਆਂ ਦੀ ਪੈਰਵੀ ਕਰ ਰਹੇ ਸਨ।

---
[1] ਬਾਬਾ ਬੀਰ ਸਿੰਘ, *ਨਾਮਧਾਰੀ ਅਤੇ ਕਾਂਗਰਸ*, ਪੰਨਾ 142.

Namdhari Elibrary NamdhariElibrary@gmail.com

ਪਰ ਉਨ੍ਹਾਂ ਦੀ ਚਿੰਤਾ ਦਿਨੋਂ-ਦਿਨ ਇਸ ਕਰਕੇ ਵਧ ਰਹੀ ਸੀ ਕਿਉਂ ਜੁ ਵਿਰੋਧੀ ਧਿਰਾਂ ਇਹਨਾਂ ਮੁਕੱਦਮਿਆਂ ਵਿੱਚ ਸਤਿਗੁਰੂ ਜੀ ਨੂੰ ਅਦਾਲਤ ਵਿੱਚ ਪੇਸ਼ ਕਰਨ ਦੀ ਵਾਰ-ਵਾਰ ਮੰਗ ਕਰ ਰਹੀਆਂ ਸਨ ਅਤੇ ਇਸ ਸੰਬੰਧ ਵਿੱਚ 24 ਅਗਸਤ, 1959 ਦੀ ਤਾਰੀਖ ਪਾਈ ਗਈ ਸੀ। ਅਵਤਾਰ ਸਿੰਘ ਤੰਬਰ ਨੇ ਸਤਿਗੁਰੂ ਜੀ ਨੂੰ ਪੱਤਰ ਰਾਹੀਂ ਸੂਚਿਤ ਕੀਤਾ ਕਿ ਇੱਕ ਤਹਿਸੀਲਦਾਰ ਜਲੰਧਰ ਤੋਂ ਪੜਤਾਲ ਲਈ ਆਇਆ ਸੀ। ਅਸੀਂ ਉਸਨੂੰ ਸਾਰੇ ਹਾਲਾਤ ਤੋਂ ਜਾਣੂ ਕਰਵਾਇਆ ਸੀ। ਉਹ ਕਹਿ ਗਿਆ ਹੈ : [1]"ਜੋ ਤੂੰ ਦੱਸਿਆ ਹੈ, ਜੇ ਉਹ ਸਾਰਾ ਸਹੀ ਹੈ ਤਾਂ ਤੁਹਾਡੀ ਕੋਈ ਵੱਡ ਭੰਗ ਨਹੀਂ ਕਰ ਸਕਦਾ, ਕੋਈ ਤੁਹਾਡੀ ਕੰਡ ਨਹੀਂ ਲੁਆ ਸਕਦਾ।"

"ਪਰ ਮੈਨੂੰ ਇੱਕ ਤੋਰਾ ਹੋਰ ਹੈ। ਆਪ ਦੇ ਸੰਮਨ 15-16 ਮੁਕੱਦਮਿਆਂ ਵਿੱਚ ਜੋ ਨਿਕਲੇ ਹੋਏ ਹਨ ਤੇ ਆਪ ਲਿਖ ਭੇਜਦੇ ਹੋ ਮੈਂ ਤਕੜਾ ਨਹੀਂ ਹਾਂ। ਮਤੇ ਇਹ ਗੱਲ ਵਧਦੀ ਵਧਦੀ ਸਾਡੀ ਸਾਰੀ ਬਣੀ ਗੱਲ ਨਾ ਗੁਆ ਦੇਵੇ। ਆਪਦੇ ਵਾਰੰਟ ਜਾਰੀ ਕਰ, ਆਪਦਾ ਨੇਮ, ਕਚਹਿਰੀ ਨਾ ਪੇਸ਼ ਹੋਣ ਦਾ, ਮਤੇ ਭੰਗ ਹੋਵੇ।"

ਸਤਿਗੁਰੂ ਜੀ ਅਵਤਾਰ ਸਿੰਘ ਦੀ ਇਹ ਚਿੱਠੀ ਪੜ੍ਹ ਕੇ ਕਿਹਾ, "ਮੈਂ ਕੀ ਅਵਤਾਰ ਸਿੰਘ ਦੀ ਕਦਰ ਕਰਾਂ ਤੇ ਕੀ ਉਸਨੂੰ ਇਨਾਮ ਦੇਵਾਂ, ਜਿਸਨੇ ਮੇਰੇ ਬਦਲੇ ਘਰ ਦਾ ਕੰਮ ਇੰਨੇ ਸਾਲਾਂ ਦਾ ਛੱਡਿਆ ਹੋਇਆ ਹੈ ਤੇ ਧਿਰ ਧਿਰ ਨੂੰ ਵੈਰੀ ਬਣਾ ਲਿਆ ਹੈ।"

ਸਤਿਗੁਰੂ ਪਰਤਾਪ ਸਿੰਘ ਜੀ ਨੇ ਇਸ ਸੰਬੰਧ ਵਿੱਚ ਵੱਡੇ ਬਾਬਾ ਜੀ ਨੂੰ ਦੱਸਿਆ ਕਿ ਮੇਰੇ ਕੋਲ ਅਵਤਾਰ ਸਿੰਘ ਮੰਡੀ ਆ ਕੇ ਰੋ ਪਿਆ ਸੀ। [2]"ਜਦੋਂ ਮੈਂ ਪੁੱਛਿਆ ਸੀ, ਜੋ ਕਮਿਸ਼ਨ ਮੇਰੇ ਬਿਆਨ ਲੈਣ ਲਈ ਮਨਜ਼ੂਰ ਹੋਣਾ ਸੀ, ਉਸਦਾ ਕੀ ਬਣਿਆ ਹੈ? ਮੇਰੇ ਹੌਂਸਲਾ ਦੇਣ ਤੇ ਅਵਤਾਰ ਸਿੰਘ ਦੱਸਿਆ ਸੀ, ਜੱਜ ਦੇਵ ਕ੍ਰਿਸ਼ਣ ਗੁਪਤਾ ਨੇ ਮੈਨੂੰ ਕਿਹਾ ਹੈ ਮੈਂ ਮਜਬੂਰ ਹਾਂ। ਮੈਂ ਤਾਂ ਜਾ ਕੇ ਸਤਿਗੁਰੂ ਜੀ ਦੇ ਬਿਆਨ ਲੈਣ ਨੂੰ ਤਿਆਰ ਸਾਂ, ਪਰ ਉਪਰੋਂ ਕਰੜਾ ਹੁਕਮ ਆਇਆ ਹੈ, ਉਨ੍ਹਾਂ ਨੂੰ ਪੇਸ਼ ਕਰ, ਬਿਆਨ ਲਵੋ। ਹੁਣ ਆਪ ਨੂੰ ਕਚਹਿਰੀ ਵਿੱਚ ਪੇਸ਼ ਹੋਣਾ ਹੀ ਪਵੇਗਾ।" ਸਤਿਗੁਰੂ ਜੀ ਨੇ ਅਵਤਾਰ ਸਿੰਘ ਨੂੰ ਧਰਵਾਸ ਦਿੱਤਾ ਤੇ ਕਿਹਾ, "ਤੂੰ ਫਿਕਰ ਨਾ ਕਰ, ਮੈਨੂੰ ਕੋਈ ਕਰੜਾਈ ਨਾਲ ਪੇਸ਼ ਨਹੀਂ ਕਰ ਸਕਦਾ।"

## ਸਤਿਗੁਰੂ ਜੀ ਦਾ ਮੰਡੀ ਵਿੱਚ ਡੇਰਾ

ਪਿਛਲੇ ਕੁਝ ਮਹੀਨਿਆਂ ਤੋਂ ਸਤਿਗੁਰੂ ਜੀ ਦੀ ਸਿਹਤ ਢਿੱਲੀ ਚੱਲੀ ਆ ਰਹੀ ਸੀ, ਇਹਨਾਂ ਦਿਨਾਂ ਵਿੱਚ ਹੀ ਆਪ ਜੀ ਨੇ ਜੇਠ ਹਾੜ ਦੀਆਂ ਗਰਮੀਆਂ ਤੋਂ ਬਚਣ ਲਈ ਮੰਡੀ (ਹਿਮਾਚਲ ਪ੍ਰਦੇਸ਼) ਵਿੱਚ ਡੇਰਾ ਆ ਲਾਇਆ ਸੀ। ਅੱਗੇ ਵੀ ਆਪ ਇੱਥੇ ਆ ਦਰਸ਼ਨ ਦਿੰਦੇ ਅਤੇ ਲੰਮੇ ਸਮੇਂ ਲਈ ਇੱਥੇ ਆ ਕੇ ਟਿਕੇ ਰਹਿੰਦੇ ਸਨ। ਦਰਿਆ

---

[1] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ-6, ਪੰਨਾ 349.
[2] ਉਹੀ, ਪੰਨਾ 352.

Namdhari Elibrary NamdhariElibrary@gmail.com

ਬਿਆਸ ਦੇ ਕੰਢੇ 'ਤੇ ਪਹਾੜੀਆਂ ਦਾ ਦ੍ਰਿਸ਼ ਬੜਾ ਮਨੋਹਰ ਸੀ। ਸਿਹਤ ਦੇ ਢਿੱਲੀ ਹੋਣ ਦੇ ਬਾਵਜੂਦ ਆਪ ਆਪਣੀ ਸਾਰੀ ਧਾਰਮਿਕ ਤੇ ਨਿੱਤ ਦੀ ਕਿਰਿਆ ਪੂਰੇ ਨੇਮ ਨਾਲ ਕਰਦੇ ਸਨ। ਆਸਾ ਦੀ ਵਾਰ ਦਾ ਕੀਰਤਨ ਹੁੰਦਾ ਤੇ ਘੰਟਾ ਨਾਮ ਸਿਮਰਨ ਵੀ ਕੀਤਾ ਜਾਂਦਾ। ਕਦੀਂ-ਕਦੀਂ ਘੋੜੇ ਉੱਤੇ ਸਵਾਰ ਹੋ ਕੇ ਜਾਂ ਪੈਦਲ ਸੈਰ ਵੀ ਕਰ ਲੈਂਦੇ। ਟੱਬ ਇਸ਼ਨਾਨ ਵੀ ਕਰਦੇ ਅਤੇ ਕੁਝ ਸਿੱਖਾਂ ਤੋਂ ਗੁਰਬਾਣੀ ਦਾ ਪਾਠ ਵੀ ਸੁਣਦੇ। ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਨੂੰ ਵਾਚਦੇ ਅਤੇ ਕਈ ਵਾਰ ਵੈਰਾਗ ਵਿੱਚ ਕਹਿ ਦਿੰਦੇ, 'ਤੁਮ ਘਰ ਆਵਹੁ ਮੇਰੇ ਮੀਤ।'

## ਸੰਤ ਇੰਦਰ ਸਿੰਘ ਚਕਰਵਰਤੀ ਜੀ ਨਾਲ ਬਚਨ ਬਿਲਾਸ

ਇਨ੍ਹਾਂ ਦਿਨਾਂ ਵਿੱਚ ਸੰਤ ਇੰਦਰ ਸਿੰਘ ਚੱਕਰਵਰਤੀ ਵੀ ਮੰਡੀ ਆ ਗਏ ਸਨ ਤੇ ਸਤਿਗੁਰੂ ਜੀ ਨੂੰ ਆਪਣੀ ਨਵੀਂ ਪੁਸਤਕ 'ਜੋਤ ਕਾ ਜਾਮਾ' ਦਾ ਖਰੜਾ ਸੁਣਾ ਰਹੇ ਸਨ ਜਿਸ ਵਿੱਚ ਆਪ ਜੀ ਦੇ ਨਾਮਧਾਰੀ ਪੰਥ ਦੀ ਵਾਗਡੋਰ ਸੰਭਾਲਣ ਦੇ ਸਮੇਂ ਦਾ ਵੀ ਵਰਣਨ ਸੀ।

ਸੰਤ ਇੰਦਰ ਸਿੰਘ ਚੱਕਰਵਰਤੀ ਨੇ ਆਪਣੀਆਂ ਚਿੰਤਾਵਾਂ ਨੂੰ ਸਤਿਗੁਰੂ ਜੀ ਅੱਗੇ ਪ੍ਰਗਟ ਕੀਤਾ। 'ਜੋਤ ਕਾ ਜਾਮਾ' ਪੁਸਤਕ ਨੂੰ ਸੁਣਦੇ ਹੋਇਆਂ ਆਪ ਜੀ ਨੇ ਚੱਕਰਵਰਤੀ ਜੀ ਨੂੰ ਫੁਰਮਾਇਆ, "ਕੁਝ ਹੋਰ ਪੁੱਛਣਾ ਹੈ?" "ਜੀ ਡਰ ਲੱਗਦਾ ਹੈ, ਤੁਹਾਡੀ ਰਜ਼ਾ ਦੇ ਖਿਲਾਫ ਕੋਈ ਗੱਲ ਪੁੱਛੀ ਨਹੀਂ ਜਾ ਸਕਦੀ; ਪਰ ਪੁੱਛਣਾ ਵੀ ਚਾਹੁੰਦਾ ਹਾਂ" ਮੈਂ ਅਰਜ ਕੀਤੀ।

"ਜੋ ਪੁੱਛਣਾ ਹੈ, ਪੁੱਛੋ!" ਪਾਤਸ਼ਾਹ ਨੇ ਅਭੈਦਾਨ ਦਿੰਦਿਆਂ ਕਿਹਾ, "ਮੇਰੀ ਅਰਦਾਸ ਹੈ ਕਿ ਆਪ ਹਜ਼ਾਰ ਸਾਲ ਸਾਨੂੰ ਦਰਸ਼ਨ ਦਿੰਦੇ ਰਹੋ ਤੇ ਇੱਕ ਇੱਕ ਸਾਲ ਦੇ ਦਿਨ ਹਜ਼ਾਰ-ਹਜ਼ਾਰ ਹੀ ਹੋਣ ਪਰ......।"

"ਅਸਾਂ ਗੱਲ ਸਮਝ ਲਈ ਹੈ। ਇਸਦਾ ਫੈਸਲਾ ਤੇ ਅਸੀਂ ਜੀਵਨ ਨਗਰ ਤੋਂ ਤੁਰਨ ਸਮੇਂ ਕਰ ਹੀ ਆਏ ਹਾਂ" ਹਜ਼ੂਰ ਨੇ ਸਾਦਰ ਕੀਤਾ..... ਮੈਂ.....! "ਡਰ ਨਾ, ਮੈਂ ਵੱਡੇ ਕਾਕੇ ਨੂੰ ਸਭ ਧਾਰਮਿਕ ਕੰਮਾਂ ਵਿੱਚ ਨਿਪੁੰਨ ਕਰ ਦਿੱਤਾ ਹੈ। ਛੋਟਾ ਦੁਨਿਆਵੀ ਕੰਮਾਂ ਵਿੱਚ ਬਹੁਤ ਸਿਆਣਾ ਹੈ।

ਮੇਰੇ ਪੁੱਤਰਾਂ ਤੇ ਮੈਨੂੰ ਪੂਰਨ ਭਰੋਸਾ ਹੈ ਕਿ ਉਹ ਆਪੋ ਆਪਣੇ ਥਾਂ ਖਲੋ ਕੇ ਪਿਆਰ ਮੁਹੱਬਤ ਨਾਲ ਮਿਲਵਰਤਨ ਕਰਦੇ ਹੋਏ ਮੇਰੇ ਹੁਕਮ ਦੀ ਪਾਲਣਾ ਕਰਨਗੇ।"

ਇਹਨਾਂ ਦਿਨਾਂ ਵਿੱਚ ਹੋਰ ਵੀ ਕਈ ਸੱਜਣ ਅਤੇ ਸਤਿਗੁਰੂ ਜੀ ਦੇ ਨਿਕਟਵਰਤੀ ਸਿੱਖ ਮੰਡੀ ਵਿੱਚ ਸਤਿਗੁਰੂ ਜੀ ਦੀ ਹਾਜ਼ਰੀ ਭਰ ਰਹੇ ਸਨ। ਆਪ ਮੌਜ ਵਿੱਚ ਆ ਕੇ ਠਾਕੁਰ ਦਲੀਪ ਸਿੰਘ ਨਾਲ ਵੀ ਲਾਡ ਪਿਆਰ ਕਰਦੇ ਰਹਿੰਦੇ ਸਨ।

---

[1] ਇੰਦਰ ਸਿੰਘ ਚੱਕਰਵਰਤੀ, *ਅਟੱਲ ਪ੍ਰਤਾਪੀ*, ਪੰਨਾ 46.

[2] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ-6, ਪੰਨਾ 353.

Namdhari Elibrary NamdhariElibrary@gmail.com

## "ਪੇਸ਼ ਤਾਂ ਮੈਂ ਵੀ ਨਹੀਂ ਹੋਣਾ"

[1]"ਅਵਤਾਰ ਸਿੰਘ ਭੌਂਬਰ ਨੇ ਦੱਸਿਆ ਕਿ ਜਦੋਂ ਮੈਂ 24 ਹਾੜ ਮੰਡੀ ਜਾ ਕੇ ਸਤਿਗੁਰੂ ਜੀ ਨੂੰ ਦੱਸਿਆ ਸੀ ਹੁਣ ਸਰਕਾਰ, ਕੈਰੋਂ ਤੇ ਕਰਮਚਾਰੀਆਂ ਤੇ ਜੋਧ ਸਿੰਘ ਵਕੀਲ ਨੇ ਇਹ ਬਿਧ ਆਪ ਦੇ ਕਚਹਿਰੀ ਪੇਸ਼ ਹੋਣ ਦੀ ਬਣਾਈ ਹੈ। ਜੇਕਰ ਸੰਮਨਾਂ ਦੇ ਸੱਦੇ ਤੇ ਪੇਸ਼ ਨਹੀਂ ਹੁੰਦੇ ਤਾਂ ਵਾਰੰਟ ਗਿਰਫਤਾਰੀ ਜਾਰੀ ਕਰ ਆਪ ਨੂੰ ਤੰਗ ਕਰ ਆਪ ਦਾ ਨੇਮ ਭੰਗ ਕਰਨ ਤੇ ਤੁਲੇ ਹਨ। ਵਾਰੰਟ 24 ਅਗਸਤ ਨੂੰ ਜਾਰੀ ਹੋਣਗੇ ਤਾਂ ਸਤਿਗੁਰੂ ਜੀ ਤੇਜ਼ੀ ਵਿੱਚ ਹੋ ਕਿਹਾ ਸੀ ਜੇਕਰ ਵਰੰਟਾਂ ਤੇ ਜ਼ਿੱਦ ਨਾਲ ਮੈਨੂੰ ਪੇਸ਼ ਕਰ ਸਕਦੇ ਹਨ ਤੇ ਕਰ ਲੈਣ, ਪੇਸ਼ ਤੇ ਮੈਂ ਵੀ ਨਹੀਂ ਹੋਣਾ। ਜਦ ਮੈਂ ਇਹਨਾਂ ਅਦਾਲਤਾਂ ਨੂੰ ਝੂਠੀਆਂ ਸਮਝਦਾ ਹਾਂ ਤੇ ਮੈਂ ਸਤਿਗੁਰਾਂ ਦੇ ਸੱਚੇ ਤਖ਼ਤ ਤੇ ਹਾਂ ਮੈਂ ਇਹਨਾਂ ਝੂਠਿਆਂ ਦੇ ਅਧੀਨ ਪੇਸ਼ ਕਿਉਂ ਹੋਵਾਂ। ਮੇਰੀ ਪੱਤ ਉਹ ਗੁਰੂ ਸਾਹਿਬ ਆਪ ਰੱਖਣਗੇ, ਜਿਨ੍ਹਾਂ ਦਾ ਇਹ ਤਖ਼ਤ ਹੈ। ਆਖ ਸਤਿਗੁਰੂ ਜੀ ਕਿਹਾ ਸੀ ਅਵਤਾਰ ਸਿੰਘ, ਤੂੰ ਵੇਖ 24 ਅਗਸਤ ਆਉਣ ਦੇ ਵੇਲੇ ਨੂੰ ਕੀ ਬਣਦਾ ਏ। "ਨਾਨਕ ਝਲਕ ਦੂਰ ਹੈ।"

## ਭੈਣੀ ਸਾਹਿਬ ਵਾਪਸ ਆਉਣਾ

ਸਤਿਗੁਰੂ ਜੀ 12 ਜੁਲਾਈ, 1959 (28 ਹਾੜ 2016 ਬਿ.) ਨੂੰ ਸ੍ਰੀ ਭੈਣੀ ਸਾਹਿਬ ਵਿਖੇ ਆ ਗਏ। ਆਪ ਜੀ ਦਾ ਡੇਰਾ ਗੋਲ ਮੰਦਰ ਵਿੱਚ ਲਗਾਇਆ ਗਿਆ। ਜਿੱਥੇ ਆਪ ਜੀ ਦੇ ਸੁੱਖ ਆਰਾਮ ਦਾ ਸਾਰਾ ਪ੍ਰਬੰਧ ਕੀਤਾ ਗਿਆ ਸੀ। ਦੋਵੇਂ ਬਾਬਾ ਜੀ, ਸੰਤ ਰਤਨ ਸਿੰਘ ਤੇ ਕੁਝ ਹੋਰ ਹਜ਼ੂਰੀ ਸੇਵਕ ਸੇਵਾ ਲਈ ਸਦਾ ਹਾਜ਼ਰ ਰਹਿੰਦੇ। ਜਿਵੇਂ ਜਿਵੇਂ ਸਤਿਗੁਰੂ ਜੀ ਦੇ ਸ੍ਰੀ ਭੈਣੀ ਸਾਹਿਬ ਵਾਪਸ ਆਉਣ ਬਾਰੇ ਅਤੇ ਸਿਹਤ ਦੇ ਢਿੱਲਾ ਹੋਣ ਬਾਰੇ ਪਤਾ ਲੱਗਦਾ ਗਿਆ, ਸੰਗਤ ਦਰਸ਼ਨ ਕਰਨ ਲਈ ਆਉਂਦੀ ਤੇ ਗੋਲ ਮੰਦਰ ਦੇ ਬਾਹਰੋਂ ਹੀ ਨਮਸਕਾਰ ਕਰਦੀ। ਛੋਟੇ ਬਾਬਾ ਜੀ ਸਦਾ ਸਤਿਗੁਰੂ ਜੀ ਦੇ ਕੋਲ ਹਾਜ਼ਰ ਰਹਿੰਦੇ ਤੇ ਵੱਡੇ ਬਾਬਾ ਜੀ ਆਈ ਗਈ ਸੰਗਤ ਦੀ ਸੇਵਾ ਸੰਭਾਲ ਵਿੱਚ ਲੱਗੇ ਰਹਿੰਦੇ। ਭਾਈ ਵਜੀਰ ਸਿੰਘ ਜੀ ਉੱਤੇ ਤਾਂ ਸਤਿਗੁਰੂ ਜੀ ਦੀ ਬਿਮਾਰੀ ਦਾ ਏਨਾ ਅਸਰ ਸੀ ਕਿ ਆਪ ਕਈ ਵਾਰ ਮੰਦਰ ਜਾਣ ਦਾ ਹੌਸਲਾ ਵੀ ਨਾ ਕਰਦੇ। ਭਾਈ ਰਤਨ ਸਿੰਘ ਸਾਰੀ ਸੇਵਾ ਜਲ-ਪਾਣੀ ਦੀ ਕਰਦੇ ਅਤੇ ਸੰਤ ਪ੍ਰੀਤਮ ਸਿੰਘ ਪੰਡੋਰੀ ਵਾਲਿਆਂ ਦੀ ਵੀ ਅਜਿਹੀ ਹੀ ਹਾਲਤ ਸੀ। ਸਾਰੇ, ਸਤਿਗੁਰੂ ਜੀ ਦੀ ਸਿਹਤ ਬਾਰੇ, ਚਿੰਤਾ ਵਿੱਚ ਸਨ। ਸਤਿਗੁਰੂ ਜੀ ਨੇ ਵੱਡੇ ਬਾਬਾ ਜਗਜੀਤ ਸਿੰਘ ਜੀ ਨੂੰ ਕੋਲ ਬੁਲਾ ਕੇ ਇਹਨਾਂ ਸ਼ਬਦਾਂ ਦੁਆਰਾ ਆਪਣੀਆਂ ਕੁਝ ਚਿੰਤਾਵਾਂ ਤੋਂ ਜਾਣੂ ਕਰਵਾਇਆ। [2]"ਮੇਰਾ ਇਸ ਸਾਲ ਦਾ ਨੇਮ ਚੰਡੀ ਦੀ ਵਾਰ ਤੇ ਆਸਾ ਦੀ ਵਾਰ ਦੇ ਪਾਠ ਦਾ ਇਸ ਸਾਲ ਦੇਹ ਦੀ ਤੰਗੀ ਕਾਰਨ ਭੰਗ ਹੋ ਗਿਆ ਹੈ। ਸਤਿਗੁਰੂ ਬਖਸ਼ਿੰਦ ਹੈ, ਮੈਨੂੰ ਇਸ ਬੇਵਸੀ ਦੀ ਤੇ ਉਕ ਦੀ ਬਖਸ਼ਸ਼ ਕਰੇਗਾ। ਤੁਸਾਂ ਸਵਾ ਲੱਖ ਪਾਠ ਆਰੰਭਿਆ ਜਿਵੇਂ ਕਿਵੇਂ ਜ਼ਰੂਰ ਸਿਰੇ ਚਾੜ੍ਹਨਾ।"

---

[1] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ-6, ਪੰਨਾ 353.

[2] ਉਕਤ, ਪੰਨਾ 352.

ਕਦੀ–ਕਦੀ ਸਤਿਗੁਰੂ ਜੀ ਮੌਜ ਵਿੱਚ ਆ ਕੇ ਛੋਟੇ ਬਾਬਾ ਜੀ ਤੇ ਚੰਦਰਹਾਸ ਕੋਲੋਂ ਗੁਰਬਾਣੀ ਦੇ ਸ਼ਬਦ ਪੱਕੇ ਰਾਗ ਵਿੱਚ ਸੁਣਦੇ। ਬਾਬਾ ਜਗਜੀਤ ਸਿੰਘ ਜੀ ਨੂੰ ਸੰਬੋਧਨ ਕਰਕੇ ਇਹ ਅਸ਼ੀਰਵਾਦ ਦਿੱਤੀ। [1]"ਮੈਂ ਸ਼ਿਮਲੇ ਤੇ ਜਲੰਧਰ ਆਦਿ ਰਾਗ ਸਭਾ ਸੁਣੀਆਂ ਹਨ ਤੇ ਆਪ ਛੋਟੀ ਸਾਹਿਬ ਕੀਤੀਆਂ ਵੀ ਹਨ। ਮੇਰੀ ਸਮਝ ਵਿੱਚ ਜੋ ਆਇਆ ਹੈ ਕਹਿੰਦਾ ਹਾਂ ਤੁਹਾਡੇ ਜਿਹਾ ਲੈ ਦੇ ਹਿਸਾਬ ਤੇ ਸੁਰ ਵਿੱਚ ਰਹਿ ਕੋਈ ਭਾਰਤ ਵਿੱਚ ਗੌਂ ਨਹੀਂ ਸਕਦਾ। ਜੇਕਰ ਅਭਿਆਸ ਰੱਖੋਗੇ ਤਾਂ ਹੋਰ ਵਧੋਗੇ ਇਸ ਗੁਣ ਵਿੱਚ।" (ਸਤਿਗੁਰੂ ਪਰਤਾਪ ਸਿੰਘ ਜੀ ਦੀ ਇਸ ਆਸ਼ੀਰਵਾਦ ਦਾ ਸਦਕਾ ਹੀ ਸਤਿਗੁਰੂ ਜਗਜੀਤ ਸਿੰਘ ਜੀ ਗੁਰਮਤਿ ਤੇ ਸ਼ਾਸਤਰੀ ਸੰਗੀਤ ਵਿੱਚ ਇਤਨੇ ਪ੍ਰਵੀਨ ਹਨ ਕਿ ਭਾਰਤ ਦੇ ਸੁਪ੍ਰਸਿੱਧ ਗਾਇਕ ਤੇ ਵਾਦਕ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸੰਗੀਤ-ਸਮਰਾਟ ਜਾਣ ਨਮਸਕਾਰ ਕਰਦੇ ਹਨ।)

ਵੱਡੇ ਬਾਬਾ ਜੀ ਨੂੰ ਸਤਿਗੁਰੂ ਜੀ ਨੇ ਮੁੜ ਤਾਕੀਦ ਕੀਤੀ [2]"ਕਾਕਾ ਤੁਸਾਂ ਪਾਠ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿੱਤ ਆਰੰਭੇ ਜ਼ਰੂਰ ਸਿਰੇ ਚਾਹੜਨੇ, ਭਾਵੇਂ ਕੋਠਿਆਂ ਦੀਆਂ ਕੜੀਆਂ ਵੀ ਵਿਕ ਜਾਣ ਤੇ ਗਊ-ਮੱਝ ਘੋੜੇ ਪੁਜਦੇ ਰੱਖਣੇ ਤੇ ਵੱਡਾ ਹੌਸਲਾ ਕਰਕੇ ਰਹਿਣਾ। ਤੁਹਾਡੇ ਤੇ ਬੜੇ ਭਾਰ ਹਨ।" ਵੱਡੇ ਬਾਬਾ ਜੀ ਨੇ ਸਤਿਗੁਰੂ ਜੀ ਦੇ ਇਹਨਾਂ ਬਚਨਾਂ ਵਿੱਚ ਅਗਾਮੀ ਭਵਿੱਖ ਦੇ ਸੰਕੇਤਾਂ ਨੂੰ ਲਖ ਲਿਆ ਸੀ। ਆਪ ਜੀ ਦਾ ਕੋਮਲ ਹਿਰਦਾ ਸਤਿਗੁਰੂ ਜੀ ਦੇ ਇਹ ਬਚਨ ਸਹਾਰ ਨਾ ਸਕਿਆ ਤੇ ਆਪ ਚੁੱਪ-ਚਾਪ ਉੱਪਰ ਚੁਬਾਰੇ ਵਿੱਚ ਜਾ ਕੇ ਮੂੰਹ ਵਲੇਟ ਰੋਣ ਲੱਗ ਪਏ। ਸਤਿਗੁਰੂ ਪਰਤਾਪ ਸਿੰਘ ਜੀ ਨੇ ਗਰਮੀਆਂ ਦੇ ਪ੍ਰਕੋਪ ਤੋਂ ਬਚਣ ਲਈ ਮੁੜ ਮੰਡੀ ਜਾਣ ਲਈ ਤਿਆਰੀ ਕਰ ਲਈ।

ਜਦੋਂ ਆਪ ਕਾਰ 'ਤੇ ਸਵਾਰ ਹੋ ਕੇ ਭੈਣੀ ਸਾਹਿਬ ਦੀ ਜੂਹ ਪਾਰ ਕਰਨ ਲੱਗੇ ਤਾਂ ਸੜਕ ਉੱਤੇ ਆਪ ਜੀ ਨੂੰ ਸੰਤ ਚੰਨਣ ਸਿੰਘ ਕਰਾਜਵਾਲਾ ਉਨ੍ਹਾਂ ਦੀ ਭੈਣ ਬੀਬੀ ਸੰਤ ਕੌਰ ਆ ਚਰਨੀ ਲੱਗੇ। ਸਤਿਗੁਰੂ ਜੀ ਨੇ ਉਨ੍ਹਾਂ ਨਾਲ ਇਹ ਬਚਨ ਕੀਤੇ। "ਮੈਂ ਅਰਦਾਸਾ ਕਰ, ਮੰਡੀ ਨੂੰ ਹੁਣੇ ਤੁਰ ਪਿਆ ਹਾਂ। ਏਥੇ ਗਰਮੀ ਬਹੁਤ ਹੈ। ਪਰ ਵੱਡੇ ਕਾਕੇ ਨਾਲ ਕੁਝ ਗੱਲਾਂ ਕਰਨੀਆਂ ਸਨ, ਉਹ ਕੋਲ ਹੀ ਨਹੀਂ ਖੜੋ ਸਕਿਆ। ਉਸ ਨੂੰ ਬੜਾ ਵੱਡਾ ਹੌਸਲਾ ਕਰਕੇ ਰਹਿਣਾ ਚਾਹੀਦਾ ਹੈ। ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ। ਉਸ ਉਪਰ ਬੜੇ ਭਾਰ ਤੇ ਜ਼ਿੰਮੇਵਾਰੀਆਂ ਪੈਣੀਆਂ ਹਨ। ਚੰਨਣ ਸਿੰਘ ਜੀ ਤੇ ਬੀਬੀ ਸੰਤ ਕੌਰ ਚੁਬਾਰੇ ਵਿੱਚ ਆ ਬਾਬਾ ਜਗਜੀਤ ਸਿੰਘ ਨੂੰ ਦੱਸਿਆ ਕਿ ਸਾਨੂੰ ਸਤਿਗੁਰੂ ਜੀ ਕਿਹਾ ਹੈ ਵੱਡੇ ਕਾਕੇ ਨੂੰ ਬੜਾ ਵੱਡਾ ਹੌਸਲਾ ਕਰਕੇ ਰਹਿਣਾ ਚਾਹੀਦਾ ਹੈ। ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ, ਉਸ ਤੇ ਬੜੇ ਭਾਰ ਤੇ ਜ਼ਿੰਮੇਵਾਰੀਆਂ ਪੈਣੀਆਂ ਹਨ।"

ਸਤਿਗੁਰੂ ਜੀ ਦਾ ਇਹ ਸੰਦੇਸ਼ ਸੁਣ ਕੇ ਬਾਬਾ ਜਗਜੀਤ ਸਿੰਘ ਜੀ ਦੇ ਮਨ ਦੀ ਅਵਸਥਾ ਬਿਲਕੁਲ ਬਦਲ ਗਈ ਅਤੇ, ਆਪ ਜੀ ਦੇ ਆਪਣੇ ਕਥਨ ਅਨੁਸਾਰ, [3]"ਇਹ ਸੁਨੇਹਾ ਸਤਿਗੁਰੂ ਜੀ ਦਾ ਸੁਣਨ ਸਾਰ ਮੇਰੇ ਦਿਲ ਨੂੰ ਐਸਾ ਧਰਵਾਸ ਹੋਇਆ ਕਿ ਡੋਲਣ

[1] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ–6, ਪੰਨਾ 354.

[2] ਉਕਤ, ਪੰਨਾ 354.

ਵਾਲੀ ਅਵਸਥਾ ਹੀ ਮੇਰੀ ਬਦਲ ਗਈ। ਜਿਵੇਂ ਸਤਿਗੁਰੂ ਜੀ ਆਪਣੇ ਵੱਲੋਂ ਵੱਡਾ ਹੌਸਲਾ ਮੇਰੇ ਵੱਲ ਭੇਜ ਦਿੱਤਾ ਹੋਵੇ।”

ਮੰਡੀ ਪੁੱਜ ਕੇ ਸਤਿਗੁਰੂ ਜੀ ਨੂੰ ਕਾਫ਼ੀ ਰਾਹਤ ਮਿਲੀ। ਰਸਤੇ ਵਿੱਚ ਠਾਕੁਰ ਦਲੀਪ ਸਿੰਘ ਨਾਲ ਮਿੱਠੀਆਂ ਪਿਆਰੀਆਂ ਗੱਲਾਂ ਕਰਦੇ ਰਹੇ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੀਆਂ ਸਾਖੀਆਂ ਸੁਣਾਉਂਦੇ ਰਹੇ। ਡੇਰਾ ਬਿਆਸ ਦੇ ਕੰਢੇ ਲਾਇਆ ਗਿਆ, ਏਥੇ ਹੀ ਹਰ ਰੋਜ਼ ਆਸਾ ਦੀ ਵਾਰ ਦਾ ਕੀਰਤਨ ਅਤੇ ਇੱਕ ਘੰਟਾ ਨਾਮ ਅਭਿਆਸ ਹੁੰਦਾ। ਜਦੋਂ ਸਤਿਗੁਰੂ ਜੀ ਦੀ ਤਬੀਅਤ ਕੁਝ ਰਾਸ ਹੋਈ ਤਾਂ ਇੱਕ ਵਾਰ ਕੁਝ ਮੀਲਾਂ ਤੇ ਉੱਚਾ ਸਰਕਾਰੀ ਗਊਆਂ ਦਾ ਫਾਰਮ ਵੀ ਦੇਖਣ ਗਏ ਅਤੇ ਰਾਹ ਵਿੱਚ ਘੋੜਿਆਂ ਲਈ ਘਾਹ ਦਾ ਮੈਦਾਨ ਵੀ ਵੇਖ ਕੇ ਆਏ। ਬਿਆਸ ਦੇ ਕੰਢੇ ਹੀ ਮੰਡੀ ਦੀ ਸੰਗਤ ਆ ਜੁੜਦੀ ਸੀ। ਸੰਤ ਇੰਦਰ ਸਿੰਘ ਚੱਕਰਵਰਤੀ ਮੰਡੀ ਪਹੁੰਚ ਕੇ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਹੀ ਬਹੁਤਾ ਸਮਾਂ ਗੁਜ਼ਾਰਦੇ ਸਨ। ਸਿਹਤ ਭਾਵੇਂ ਠੀਕ ਪ੍ਰਤੀਤ ਹੁੰਦੀ, ਕਦੀ-ਕਦੀ ਫਿਰ ਚਿੰਤਾ ਦਾ ਕਾਰਨ ਬਣ ਜਾਂਦੀ। ਇੱਕ ਦਿਨ ਸਤਿਗੁਰੂ ਜੀ ਨੇ ਸੰਤ ਚੱਕਰਵਰਤੀ ਨਾਲ ਆਪਣੇ ਦਿਲ ਦੀ ਗੱਲ ਇੰਝ ਸਾਂਝਿਆਂ ਕੀਤੀ। “ਜਿਵੇਂ ਮੇਰੀ ਮਾਤਾ ਵੀ ਨਹੀਂ ਹੋਏ।” ਵੇਖੋ ਮਹਾਰਾਜ ਗੁਰਦਿਆਲ ਸਿੰਘ ਜੀ “ਸਤਿਜੁਗ” ਨੂੰ ਜਨਮ ਦਿੱਤਾ। ਤੇਰੇ ਤੇ ਆਲਮ ਜਿਹੇ ਲਿਖਾਰੀ ਪੈਦਾ ਕਰ ਦਿੱਤੇ, ਨਾਮਧਾਰੀ ਸੇਵਕ ਦਲ ਬਣਾ ਨਾਮਧਾਰੀ ਦਰਬਾਰ ਦੀ ਨੀਂਹ ਰੱਖੀ। ਮਹਾਰਾਜ ਨਿਹਾਲ ਸਿੰਘ ਨੂੰ ਦੇਸ਼ ਭਗਤੀ ਦੀ ਸੇਵਾ ਕਰਨ ਦਾ ਆਹਰ ਦਿੱਤਾ। ਦੇਸ਼ ਭਗਤੀ ਦਾ ਕੰਮ ਸਾਡਾ ਮੁੱਢ ਤੋਂ ਆਰੰਭਿਆ ਕੰਮ ਹੈ। ਅੱਜ ਉਹ ਉਨ੍ਹਾਂ ਦੇ ਤੇ ਸੰਤ ਮੰਗਲ ਸਿੰਘ ਅਰਸ਼ੀ ਫ਼ਰਿਸ਼ਤਾ ਜੀ ਦੇ ਸਾਮ੍ਹਣੇ ਕਰ ਨਾਮਧਾਰੀ ਪੰਥ ਕਹਿ ਸਕਦਾ ਹੈ ਕਿ ਨਾਮਧਾਰੀ ਪੰਥ ਹਿੱਤ ਉੱਦਮ ਕਿੱਤੇ ਵਿੱਚ ਪੂਰਾ ਹਿੱਸਾ ਪਾਇਆ ਹੈ। ਤਿਵੇਂ ਹੀ ਮੇਰੇ ਪੁੱਤਰਾਂ ਜੇਹੇ ਪੁੱਤਰ ਵੀ ਕਿਸੇ ਗੁਰੂ ਦੇ ਨਹੀਂ ਹੋਏ।”

## ਨਾਮਧਾਰੀ ਸ਼ਹੀਦਾਂ ਦੀ ਯਾਦ ਮਨਾਉਣ ਬਾਰੇ ਤਾਕੀਦ

ਮੰਡੀ ਤੋਂ ਸਤਿਗੁਰੂ ਜੀ ਨੇ ਪੰਡਤ ਗੋਪਾਲ ਸਿੰਘ ਅਤੇ ਸੰਤ ਚੱਕਰਵਰਤੀ ਜੀ ਨੂੰ ਭੈਣੀ ਸਾਹਿਬ ਭੇਜ ਕੇ ਬਾਬਾ ਜਗਜੀਤ ਸਿੰਘ ਜੀ ਨੂੰ ਨਾਮਧਾਰੀ ਸ਼ਹੀਦਾਂ ਦੀ ਯਾਦ ਵਿੱਚ ਸਮਾਗਮ ਕਰਨ ਲਈ ਪੱਕੀ ਕੀਤੀ। ਸਤਿਗੁਰੂ ਜੀ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਬਾਬਾ ਜਗਜੀਤ ਸਿੰਘ ਨੇ ਪੰਡਤ ਗੋਪਾਲ ਸਿੰਘ ਚੱਕਰਵਰਤੀ ਤੇ ਸੰਤ ਆਲਮ ਜੀ ਨੂੰ ਨਾਲ ਲੈ ਕੇ 5 ਅਗਸਤ 1959 (21 ਸਾਵਣ, 2016 ਬਿ.) ਰਾਏਕੋਟ ਵਿਖੇ ਦੇ ਸ਼ਹੀਦਾਂ ਗੁਰਮੁਖ ਸਿੰਘ, ਮੰਗਲ ਸਿੰਘ ਤੇ ਮਸਤਾਨ ਸਿੰਘ ਦੀ ਯਾਦ ਵਿੱਚ ਸ਼ਾਨਦਾਰ ਸਮਾਗਮ ਕੀਤਾ। ਏਸੇ ਤਰ੍ਹਾਂ ਅੰਮ੍ਰਿਤਸਰ, ਲੁਧਿਆਣੇ ਤੇ ਮਲੇਰਕੋਟਲੇ ਦੇ ਸ਼ਹੀਦਾਂ ਦੀ ਯਾਦ ਵਿੱਚ ਯਾਦਗਾਰੀ ਸੰਮੇਲਨ ਕਰਨ ਦੀ ਪਰੰਪਰਾ ਜਾਰੀ ਕੀਤੀ ਗਈ।

---

[1] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ-6, ਪੰਨਾ 358.

Namdhari Elibrary NamdhariElibrary@gmail.com

## ਪ੍ਰਯੋਗ ਦੇ ਮੇਲੇ ਦਾ ਆਰੰਭ

ਸਤਿਗੁਰੂ ਜੀ ਨੇ ਵੱਡੇ ਬਾਬਾ ਜੀ ਨੂੰ ਹੁਕਮ ਭੇਜ ਕੇ 22 ਸਾਵਣ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਜਪ ਪ੍ਰਯੋਗ ਦਾ ਮੇਲਾ ਆਰੰਭ ਕਰਵਾਇਆ। ਇਹ ਵੀ ਲਿਖ ਭੇਜਿਆ ਕਿ 'ਸਤਿਜੁਗ' ਵਿੱਚ ਸੂਚਨਾ ਦੇ ਕੇ ਅਤੇ ਸਭ ਜਥੇਦਾਰਾਂ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਬੁਲਾ ਕੇ ਰਹਿੰਦੇ ਪਾਠਾਂ ਦੀ ਯੋਗ ਵੰਡ ਕਰਕੇ ਪੂਰਾ ਕਰਨ ਦਾ ਉਪਰਾਲਾ ਕੀਤਾ ਜਾਵੇ। ਸਤਿਗੁਰੂ ਜੀ ਆਪਣੇ ਅੰਦਰਲੇ ਮਨੋ ਇਸ ਪ੍ਰਯੋਗ ਸਮੇਂ ਸੰਗਤਾਂ ਨੂੰ ਦਰਸ਼ਨ ਦੇਣ ਦਾ ਮਨ ਬਣਾ ਬੈਠੇ ਸਨ।

## ਮੰਡੀ ਤੋਂ ਵਿਦਾਇਗੀ ਸਮੇਂ ਦਾ ਯਾਦਗਾਰੀ ਦ੍ਰਿਸ਼

ਭਾਈ ਵਜੀਰ ਸਿੰਘ ਤੇ ਭਾਈ ਰਤਨ ਸਿੰਘ ਜੋ ਸਤਿਗੁਰੂ ਜੀ ਦੇ ਹਜ਼ੂਰੀ ਸੇਵਕਾਂ ਵਿੱਚੋਂ ਸਨ ਨੂੰ ਸਤਿਗੁਰੂ ਜੀ ਦੀ ਸਿਹਤ ਦਿਨੋਂ ਦਿਨ ਘਟਦੀ ਜਾਪਦੀ ਸੀ ਤੇ ਉਹ ਚਾਹੁੰਦੇ ਸਨ ਕਿ ਸਤਿਗੁਰੂ ਜੀ ਨੂੰ ਸ੍ਰੀ ਭੈਣੀ ਸਾਹਿਬ ਜਾਣ ਲਈ ਬੇਨਤੀ ਕੀਤੀ ਜਾਵੇ ਪਰ ਡਰਦੇ ਕਹਿੰਦੇ ਨਹੀਂ ਸਨ। ਬਾਬਾ ਬੀਰ ਸਿੰਘ ਜੀ ਨਾਲ ਵੀ ਉਹਨਾਂ ਨੇ ਗੱਲ ਸਾਂਝੀ ਕੀਤੀ ਕਿ ਜੇਕਰ ਆਪ ਜੀ ਦੀ ਹਾਲਤ ਹੋਰ ਵਿਗੜ ਗਈ ਤਾਂ ਭੈਣੀ ਸਾਹਿਬ ਲੈ ਕੇ ਜਾਣਾ ਹੋਰ ਮੁਸ਼ਕਿਲ ਹੋ ਜਾਵੇਗਾ। ਮਹਾਰਾਜ ਬੀਰ ਸਿੰਘ ਜੀ ਸਤਿਗੁਰੂ ਜੀ ਨੂੰ ਸਿੱਧੀ ਬੇਨਤੀ ਨਾ ਕਰ ਸਕੇ। ਤੇ ਸਤਿਗੁਰੂ ਜੀ ਨੂੰ ਬੇਨਤੀ ਪ੍ਰਵਾਨ ਕਰਨ ਲਈ ਗੁਪਤ ਅਰਦਾਸਾਂ ਕੀਤੀਆਂ। 'ਬਿਰਥੀ ਨਾ ਜਾਇ ਜਨ ਕੀ ਅਰਦਾਸ'। ਅੰਤਰਜਾਮੀ ਸਤਿਗੁਰੂ ਜੀ ਨੇ ਆਪ ਹੀ ਆਦੇਸ਼ ਕਰ ਦਿੱਤਾ ਕਿ ਭੈਣੀ ਸਾਹਿਬ ਜਾ ਕੇ ਸਾਧ ਸੰਗਤ ਦੇ ਦਰਸ਼ਨ ਕਰੀਏ। ਅੰਮ੍ਰਿਤ ਵੇਲੇ ਗਰਮ ਜਲ ਨਾਲ ਇਸ਼ਨਾਨ ਕਰਕੇ ਨਿਤ ਵਾਂਗ ਸਿਮਰਨ ਵਿੱਚ ਜੁੜ ਗਏ। ਆਸਾ ਦੀ ਵਾਰ ਦਾ ਕੀਰਤਨ ਆਰੰਭ ਹੋ ਗਿਆ। ਧੁੱਪ ਚੜ੍ਹਨ ਉੱਤੇ ਲਾਲ ਬਲੀ ਘੋੜੇ ਤੇ ਸਵਾਰ ਹੋ ਕੇ ਆਪ ਸ੍ਰੀ ਭੈਣੀ ਸਾਹਿਬ ਜਾਣ ਲਈ ਤਿਆਰ ਹੋ ਗਏ।

ਭਾਈ ਵਜੀਰ ਸਿੰਘ ਅਨੁਸਾਰ ਮੰਡੀ ਤੋਂ ਵਿਦਾ ਹੋਣ ਦਾ ਇਹ ਅੰਤਿਮ ਦ੍ਰਿਸ਼ ਬੜਾ ਯਾਦਗਾਰੀ ਸੀ। ਜੁੜੀ ਸੰਗਤ ਵਿੱਚ ਵੈਰਾਗ ਤੇ ਅਨੁਰਾਗ ਦੇ ਦੋਹੀਂ ਤਰ੍ਹਾਂ ਦੇ ਮਨੋਭਾਵ ਵਿਦਮਾਨ ਸਨ।

ਸਤਿਗੁਰੂ ਜੀ ਪ੍ਰੀਤਮ ਸਿੰਘ ਪੰਦੀ ਖਾਲਸਾ ਦੀ ਬੇਨਤੀ ਉੱਤੇ ਵਗਵਾੜੇ ਵਿੱਚ ਸਾਧੂ ਹਕੀਮ ਕੋਲ ਕੁਝ ਚਿਰ ਲਈ ਠਹਿਰੇ ਉਨ੍ਹਾਂ ਸਤਿਗੁਰੂ ਜੀ ਦੀ ਚਰਨੀ ਲੱਗ, ਚਿੱਟਾ ਪੂਣੀ ਵਰਗਾ ਰੰਗ ਹੋਇਆ ਵੇਖ ਬੜਾ ਵੈਰਾਗ ਕੀਤਾ ਤੇ ਕਿਹਾ, ਹੁਣ ਇਹ ਦੇਹ ਨਹੀਂ ਰਹਿੰਦੀ ਜਾਪਦੀ। (ਸੰਤ ਰਤਨ ਸਿੰਘ ਜੀ ਦੇ ਪਿਤਾ ਵੀ ਉਥੇ ਹਾਜ਼ਰ ਸਨ।)

Namdhari Elibrary NamdhariElibrary@gmail.com

ਅਧਿਆਇ 20

# ਸੂਰਜ ਕਿਰਣਿ ਮਿਲੇ

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥

(ਆਦਿ ਗ੍ਰੰਥ, ਅੰਗ 846)

## ਸਤਿਗੁਰੂ ਪਰਤਾਪ ਸਿੰਘ ਜੀ ਦੇ ਅੰਤਿਮ ਦਰਸ਼ਨ

17 ਅਗਸਤ 1959 (ਅਰਥਾਤ 32 ਸਾਵਣ, 2016) ਨੂੰ ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਵਾਪਸ ਪਰਤੇ ਆਪ ਜੀ ਨੂੰ ਪਹਿਲਾਂ ਵਾਂਗ ਹੀ ਗੋਲ ਮੰਦਰ ਵਿੱਚ ਪਲੰਘ 'ਤੇ ਲਿਟਾ ਦਿੱਤਾ ਗਿਆ। ਪਹਿਲਾਂ ਵਾਂਗ ਹੀ ਛੋਟੇ ਬਾਬਾ ਜੀ ਸਤਿਗੁਰੂ ਜੀ ਦੇ ਮੰਜੇ 'ਤੇ ਬੈਠੇ ਰਹਿੰਦੇ ਅਤੇ ਆਪ ਜੀ ਦੀ ਸੁੱਖ ਆਰਾਮ ਤੇ ਦਵਾ ਦਾਰੂ ਦਾ ਖਿਆਲ ਰੱਖਦੇ। ਵੱਡੇ ਬਾਬਾ ਜੀ ਵੀ ਕੋਲ ਆ ਕੇ ਦਰਸ਼ਨ ਕਰ ਆਉਂਦੇ ਅਤੇ ਫਿਰ ਬਾਹਰ ਆ ਕੇ ਆਈ ਸਾਧ ਸੰਗਤ ਦੀ ਸੇਵਾ ਸੰਭਾਲ ਵਿੱਚ ਲੱਗੇ ਰਹਿੰਦੇ। ਭਾਈ ਰਤਨ ਸਿੰਘ ਸਾਰੀ ਟਹਿਲ ਸੇਵਾ ਦਾ ਕਾਰਜ ਨਿਭਾਉਂਦੇ। ਸੰਤ ਪ੍ਰੀਤਮ ਸਿੰਘ ਜੀ ਪੰਦੀ ਖਾਲਸਾ ਮੰਜੇ ਕੋਲ ਖਲੋ ਚੌਰ ਜਾਂ ਪੱਖੇ ਨਾਲ ਸੇਵਾ ਕਰਦੇ। ਕਈ ਹਕੀਮਾਂ ਡਾਕਟਰਾਂ ਨੂੰ ਉਚੇਚਾ ਮੰਗਵਾ ਕੇ ਸਤਿਗੁਰੂ ਜੀ ਦੀ ਸਿਹਤ ਦਾ ਮੁਆਇਨਾ ਕਰਵਾਇਆ ਗਿਆ। "ਸਭਨੇ ਇਹੋ ਕਿਹਾ ਮਰਜ਼ ਕੋਈ ਜਾਪਦੀ ਨਹੀਂ, ਦਿਲ ਕਦੀ ਕੰਮ ਕਰਦਾ ਹੈ ਕਦੀ ਕੰਮ ਕਰਨੋਂ ਅਟਕਦਾ ਹੈ। ਜੋ ਵੇਦਨ ਹੈ, ਦਿਲ ਹੀ ਦਿਲ ਵਿੱਚ ਹੈ। ਸਾਨੂੰ ਮਰਜ਼ ਵੀ ਕੋਈ ਨਹੀਂ ਜਾਪਦੀ ਤੇ ਭੇਦ ਵੀ ਕੋਈ ਨਹੀਂ ਆਉਂਦਾ, ਕਹਿ ਪਰੇਸ਼ਾਨ ਹੋਏ ਪਰੇ ਜਾ ਖਲੋਂਦੇ ਸਨ।"

ਬਾਬਾ ਬੀਰ ਸਿੰਘ ਜੀ ਨੇ ਕਈ ਰਾਤਾਂ ਉਨੀਂਦਰੇ ਵਿੱਚ ਗੁਜ਼ਾਰੀਆਂ। ਕਦੀ-ਕਦੀ ਆਪ ਸਤਿਗੁਰੂ ਜੀ ਨਾਲ ਹੀ ਬਿਰਾਜ ਜਾਂਦੇ।

ਜਿਉਂ-ਜਿਉਂ ਦੂਰ ਨੇੜੇ ਦੀ ਸੰਗਤ ਨੂੰ ਸਤਿਗੁਰੂ ਜੀ ਦੀ ਸਿਹਤ ਬਾਰੇ ਪਤਾ ਲੱਗਦਾ, ਸਾਰੇ ਭੈਣੀ ਸਾਹਿਬ ਨੂੰ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਚਲੇ ਆਉਂਦੇ। ਕਿਸੇ ਨੂੰ ਵੀ ਗੋਲ ਮੰਦਰ ਵਿੱਚ ਜਾ ਕੇ ਸਤਿਗੁਰੂ ਜੀ ਨਾਲ ਗੱਲਬਾਤ ਕਰਨ ਦੀ ਆਗਿਆ ਨਹੀਂ ਸੀ। ਦਰਸ਼ਨਾਰਥੀ ਗੋਲ ਮੰਦਰ ਦੇ ਬਾਹਰ ਹੀ ਵਿਛੀਆਂ ਸਫਾਂ ਉੱਤੇ ਬੈਠ ਜਾਂਦੇ। ਭਾਈ ਵਜ਼ੀਰ ਸਿੰਘ, ਸੰਤ ਮੋਹਕਮ ਸਿੰਘ ਤੇ ਹੋਰ ਸਾਰੇ ਸੰਤ-ਜਨ ਮੱਛੀ ਵਾਂਗ ਤੜਫਦੇ ਹੋਏ ਭਜਨ ਕਰਦੇ ਰਹਿੰਦੇ। ਕੁਝ ਦਿਨਾਂ ਤੋਂ ਸਤਿਗੁਰੂ ਜੀ ਨੇ ਔਸ਼ਧੀ ਲੈਣ ਤੋਂ ਵੀ ਰੋਕ

ਦਿੱਤਾ ਸੀ। ਬਾਹਰੋਂ ਆਈ ਸਾਰੀ ਸਾਧ-ਸੰਗਤ, ਜੋ ਵੱਡੀ ਗਿਣਤੀ ਵਿੱਚ ਸਤਿਗੁਰੂ ਜੀ ਦੀ ਹਾਲਤ ਬਾਰੇ ਸੁਣ ਕੇ ਭੈਣੀ ਸਾਹਿਬ ਪਹੁੰਚ ਗਈ ਸੀ, ਮਹਾਨ ਸਤਿਗੁਰੂ ਜੀ ਦੇ ਅੰਤਿਮ ਦਰਸ਼ਨ ਕਰਕੇ ਆਪਣੇ ਮਨਾਂ ਨੂੰ ਧਰਵਾਸ ਦੇ ਰਹੇ ਸਨ। ਕਈ, ਭਾਈ ਵਜੀਰ ਸਿੰਘ ਵਰਗੇ, ਸਤਿਗੁਰੂ ਜੀ ਨਾਲ ਜੀਵਨ ਭਰ ਸਾਥ ਨਿਭਾਉਣ ਵਾਲੇ, ਸਤਿਗੁਰੂ ਜੀ ਕੋਲ ਜਾਣ ਦਾ ਹੌਸਲਾ ਵੀ ਨਹੀਂ ਸਨ ਕਰਦੇ। ਸੰਤ ਮੋਹਕਮ ਸਿੰਘ ਗੋਡਿਆਂ ਵਿੱਚ ਸਿਰ ਰੱਖ ਕੇ ਹੌਕੇ ਭਰਦੇ ਰਹਿੰਦੇ। ਸੱਚਮੁੱਚ ਇਹ ਬੜਾ ਕਰੁਣਾ ਭਰਿਆ ਅਤੇ ਦਰਦਮੰਦ ਦ੍ਰਿਸ਼ ਸੀ।

## ਅੰਤਿਮ ਵਿਛੋੜੇ ਦੀ ਘੜੀ

ਛੇਕੜ 21 ਅਗਸਤ ਦੀ ਉਹ ਬਿਖਮ ਰਾਤ ਵੀ ਆ ਗਈ ਜੋ ਗੁਰਬਾਣੀ ਦੇ ਮਹਾਂ ਵਾਕ ਅਨੁਸਾਰ 'ਰਾਈ ਵਧੇ ਨਾ ਤਿਲ ਘਟੇ ਜੋ ਲਿਖਿਆ ਕਰਤਾਰ' ਅਨੁਸਾਰ ਘਟਣ ਵਾਲੀ ਸੀ। ਇਸੇ 21 ਅਗਸਤ ਦੀ ਰਾਤ ਨੂੰ ਠੀਕ 12 ਵਜੇ ਸਤਿਗੁਰੂ ਜੀ ਨੇ ਸਾਢੇ 69 ਸਾਲ ਜੀਵਨ ਦੇ ਗੁਜਾਰ ਕੇ ਅਤੇ ਨਾਮਧਾਰੀ ਪੰਥ ਦੀ ਸੇਵਾ ਸੰਭਾਲ ਕਰਕੇ ਅੰਤਿਮ ਸਵਾਸ ਲਿਆ। 12 ਵੱਜ ਕੇ 2 ਮਿੰਟ ਤੇ ਸਤਿਗੁਰੂ ਜੀ ਦੀ ਪਾਵਨ ਆਤਮਾ ਪ੍ਰਭੂ ਪ੍ਰੀਤਮ ਦੇ ਚਰਨਾਂ ਵਿੱਚ ਜਾ ਬਿਰਾਜੀ।

ਨਾਮਧਾਰੀ ਪੰਥ ਲਈ ਤਾਂ ਇਹ ਭਉਜਲ ਦੀ ਰਾਤ ਸੀ, ਜਿਸ ਵਿੱਚ ਇੱਕ ਵਾਰ ਤਾਂ ਸਮੁੱਚੇ ਨਾਮਧਾਰੀ ਪੰਥ ਲਈ ਅੰਧਕਾਰ ਛਾ ਗਿਆ। ਪਰ ਜਿਥੇ ਰਾਤ ਹੈ, ਉਥੇ ਪ੍ਰਭਾਤ ਵੀ ਉਦੇ ਹੁੰਦੀ ਹੈ। ਇਹੀ ਕੁਦਰਤ ਦਾ ਮਹਾਂ ਨੇਮ ਹੈ। ਸਤਿਗੁਰੂ ਜੀ ਆਪਣੇ ਜਿਉਂਦਿਆਂ ਹੀ ਵੱਡੇ ਬਾਬਾ ਜਗਜੀਤ ਸਿੰਘ ਜੀ ਨੂੰ ਆਪਣੀਆਂ ਸਾਰੀਆਂ ਜ਼ਿੰਮੇਵਾਰੀਆਂ ਸੌਂਪ ਗਏ ਸਨ। 22 ਅਗਸਤ ਦੀ ਪ੍ਰਭਾਤ ਦੀ ਊਸ਼ਾ ਬਾਬਾ ਜਗਜੀਤ ਸਿੰਘ ਜੀ ਦੇ ਸਰੂਪ ਉਪਰ ਪ੍ਰਕਾਸ਼ ਦੀਆਂ ਕਿਰਨਾਂ ਬਿਖੇਰ ਰਹੀ ਸੀ। ਇੱਕ ਬੰਨੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਦੀਆਂ ਤਿਆਰੀਆਂ ਹੋ ਰਹੀਆਂ ਸਨ, ਦੂਜੇ ਬੰਨੇ ਨਿਕਟੀ ਸੇਵਕ ਸਤਿਗੁਰੂ ਜੀ ਦੇ ਅਕਾਲ ਚਲਾਣੇ ਦੀਆਂ ਖ਼ਬਰਾਂ ਤਾਰਾਂ ਰਾਹੀਂ ਜਲੰਧਰ ਅਤੇ ਦਿੱਲੀ ਦੇ ਰੇਡੀਓ ਸਟੇਸ਼ਨਾਂ, ਮੁੱਖ ਸਮਾਚਾਰ ਪੱਤਰਾਂ ਦੇ ਦਫਤਰਾਂ ਅਤੇ ਨੇੜੇ-ਤੇੜੇ ਦੇ ਉੱਘੇ ਗੁਰੂ ਪ੍ਰੇਮੀਆਂ ਨੂੰ ਭੇਜਣ ਵਿੱਚ ਰੁਝੇ ਹੋਏ ਸਨ।

22 ਅਗਸਤ ਦੀ ਸਵੇਰ ਨੂੰ ਆਕਾਸ਼ਬਾਣੀ ਦਿੱਲੀ ਤੇ ਜਲੰਧਰ ਤੋਂ ਸਤਿਗੁਰੂ ਪਰਤਾਪ ਸਿੰਘ ਜੀ ਦੇ ਅਕਾਲ ਚਲਾਣੇ ਦੀ ਖ਼ਬਰ ਸਵੇਰ ਦੇ ਬੁਲਿਟਨਾਂ ਵਿੱਚ ਹੀ ਪ੍ਰਸਾਰਿਤ ਕਰ ਦਿੱਤੀ ਗਈ ਸੀ। ਸਮਾਚਾਰ ਪੱਤਰਾਂ ਨੇ ਵੀ ਇਸ ਖ਼ਬਰ ਨੂੰ ਕਾਲੇ ਹਾਸ਼ੀਏ ਰਾਹੀਂ ਪ੍ਰਕਾਸ਼ਿਤ ਕਰ ਦਿੱਤਾ ਸੀ।

22 ਅਗਸਤ ਨੂੰ ਸਵੇਰੇ ਜਦੋਂ ਅਖ਼ਬਾਰਾਂ ਤੇ ਤਾਰਾਂ ਰਾਹੀਂ ਥਾਂ-ਥਾਂ ਉੱਤੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਦੀਵੀ ਵਿਛੋੜੇ ਦਾ ਸਮਾਚਾਰ ਪਹੁੰਚਿਆ ਤਾਂ ਨਾਮਧਾਰੀ ਸੰਗਤਾਂ ਤੇ ਸਤਿਗੁਰੂ ਜੀ ਦੇ ਹੋਰ ਸ਼ਰਧਾਲੂਆਂ ਨੇ ਹਰ ਤਰ੍ਹਾਂ ਦੇ ਯਤਨ ਕਰਕੇ ਅਤੇ ਜਿਹੜਾ ਵੀ ਸਾਧਨ ਪ੍ਰਾਪਤ ਹੋਇਆ ਸਤਿਗੁਰੂ ਜੀ ਦੇ ਅੰਤਿਮ ਦਰਸ਼ਨ ਕਰਨ

Namdhari Elibrary NamdhariElibrary@gmail.com

ਲਈ ਸ੍ਰੀ ਭੈਣੀ ਸਾਹਿਬ ਵੱਲ ਧਾਈ ਕਰ ਦਿੱਤੀ।

ਕਵੀ ਪ੍ਰੀਤਮ ਸਿੰਘ ਜੀ ਉਸ ਸਮੇਂ ਦੇ ਜੀਵਨ ਨਗਰ ਦੇ ਇਲਾਕੇ ਦੇ ਸਮਾਚਾਰਾਂ ਦੇ ਦੁਖਦਾਈ ਦ੍ਰਿਸ਼ ਦਾ ਬਿਆਨ ਇਸ ਤਰ੍ਹਾਂ ਕਰਦੇ ਹਨ : [1]"ਏਥੇ ਜਿਸ ਜਿਸ ਨਾਮਧਾਰੀ ਨੇ ਸਤਿਗੁਰੂ ਜੀ ਦਾ ਚਲਾਣਾ ਸੁਣਿਆ, ਧਾਹਾਂ ਮਾਰ ਕੇ ਰੋਣ ਲੱਗ ਪਿਆ। ਭਾਣਾ ਮੰਨਣਾ, ਜੁ ਸਤਿਗੁਰੂ ਜੀ ਜ਼ਿੰਦਗੀ ਭਰ ਸਿਖਾਂਦੇ ਰਹੇ, ਕਿਤੇ ਉੱਡ-ਪੁੱਡ ਗਿਆ। ਆਦਮੀਆਂ ਨੇ ਤਾਂ ਫਿਰ ਵੀ ਥੋੜ੍ਹੇ-ਥੋੜ੍ਹੇ ਚਿਰ ਬਾਅਦ ਧੀਰਜ ਕਰ ਲਿਆ, ਪਰ ਇਸਤਰੀਆਂ ਤਾਂ ਰੋ-ਰੋ ਕੇ ਵਾਵੀਆਂ ਹੋ ਰਹੀਆਂ ਸਨ। ਜੀਵਨ ਨਗਰ, ਸੰਤ ਨਗਰ ਅਤੇ ਹੋਰ ਪਿੰਡਾਂ ਦੇ ਨਾਮਧਾਰੀ ਦੁੱਖ ਦੇ ਕਾਰਨ ਜ਼ਾਰੋ-ਜ਼ਾਰ ਹੰਝੂ ਵਹਾ ਰਹੇ ਸਨ। ਸਤਿਗੁਰੂ ਜੀ ਦਾ ਪਿਆਰ ਹਰੇਕ ਨੂੰ ਮਿਲਿਆ ਹੋਣ ਕਰਕੇ ਹਰ ਕੋਈ ਆਪਣੇ ਨਾਲ ਹੋਏ ਬਚਨਾਂ ਨੂੰ ਚਿਤਾਰ-ਚਿਤਾਰ ਕੇ ਮਨ ਦਾ ਭਾਰ ਉਤਾਰ ਰਿਹਾ ਸੀ। ਪਰ ਕਿਸੇ ਨੂੰ ਪਤਾ ਨਹੀਂ ਸੀ ਕਿ ਉਹ ਕੀ ਕਰੇ!"

'ਲੇਖਕ ਵੱਲੋਂ, ਜੀਵਨ ਨਗਰ ਦੇ ਹਰ ਵਿਲਕ ਰਹੇ ਪ੍ਰਾਣੀ ਨੂੰ ਵਰਜਣੀ ਵਾਲੇ ਸਥਾਨ ਤੇ ਸਦਾਂ ਵਿਛਾ ਕੇ ਕਥਾ ਕੀਰਤਨ ਦਾ ਆਯੋਜਨ ਕੀਤਾ ਗਿਆ, ਤਾਂ ਕਿ ਸਾਧ ਸੰਗਤ ਨੂੰ ਧਰਵਾਸ ਮਿਲੇ।'

## ਅੰਤਿਮ ਯਾਤਰਾ ਦਾ ਅਲੌਕਿਕ ਦ੍ਰਿਸ਼

ਸੰਤ ਤਰਨ ਸਿੰਘ ਵਹਿਮੀ ਨੇ ਸਤਿਗੁਰੂ ਪਰਤਾਪ ਸਿੰਘ ਜੀ ਦੀ ਅੰਤਿਮ ਯਾਤਰਾ ਦਾ ਹਾਲ ਹਿਰਦੇ ਵੇਦਕ ਢੰਗ ਨਾਲ ਪੂਰੇ ਵੇਰਵੇ ਸਹਿਤ ਦਿੱਤਾ ਹੈ। ਹੇਠਾਂ ਵਹਿਮੀ ਜੀ ਦੀ ਕਲਮ ਤੋਂ ਹੀ ਸਾਰਾ ਵਰਣਨ ਵਿਸਥਾਰ ਸਹਿਤ ਦਿੱਤਾ ਜਾ ਰਿਹਾ ਹੈ। [2]"ਦਿੱਲੀਓਂ, ਜਲੰਧਰੋਂ, ਅੰਮ੍ਰਿਤਸਰੋਂ, ਸਰਸਿਓਂ, ਲੁਧਿਆਣਿਓਂ ਅਰਥਾਤ ਜਿਥੇ ਜਿਸ ਨੂੰ ਕੋਈ ਬੱਸਾਂ ਕਾਰਾਂ, ਮੋਟਰਾਂ, ਗੱਡੀ, ਟਰੱਕ, ਸਾਈਕਲ, ਪੈਦਲ ਦਾ ਪ੍ਰਬੰਧ ਬਣਿਆ, ਸਭ ਸੰਗਤਾਂ ਭੈਣੀ ਸਾਹਿਬ ਨੂੰ ਭੱਜ ਤੁਰੀਆਂ। ਭੈਣੀ ਸਾਹਿਬ, ਫੇ ਭਾਦਰੋਂ, ਜਿਥੇ ਜਿੰਨੀ ਚੰਦਨ ਦੀ ਲੱਕੜੀ ਮਿਲੀ ਸੋ ਲਈ ਤੇ ਬੇਰੀ ਦੀਆਂ ਲੱਕੜਾਂ ਤੇ ਹਵਨ ਦੀ ਸਮੱਗਰੀ, ਘਿਓ, ਬਦਾਮ, ਮੇਵੇ, ਛੁਹਾਰੇ ਆਦਿ ਜਮ੍ਹਾਂ ਕੀਤੇ। ਰਾਤੋਂ ਰਾਤ ਲੁਧਿਆਣਿਓਂ ਬਰਫ ਲਿਆ ਸਤਿਗੁਰੂ ਜੀ ਦੀ ਦੇਹ ਬਰਫ ਤੇ ਫੁੱਲੇ ਰਮਾਲਾਂ ਵਿੱਚ ਰੱਖੀ। ਸਭ ਸੰਗਤ ਨੇ ਮਿਲ ਕੇ ਗੁਰਬਾਣੀ ਦਾ ਕੀਰਤਨ ਅਰੰਭਿਆ। ਸਤਿਗੁਰੂ ਜੀ ਦੀ ਦੇਹ ਦਾ, ਸੰਧੀਆਂ ਸੋਧ ਦਾ ਜਲ ਲਿਆ, ਇਸ਼ਨਾਨ ਕਰਾਇਆ, ਸਫੈਦ ਪੋਸ਼ਾਕਾ ਪਹਿਰਾਇਆ, ਸੀਸ ਤੇ ਚਰਨ ਧਰ। ਉਪਰ ਸਫੈਦ ਚਾਦਰਾ ਤੇ ਚੌਰ ਕਰਦਿਆਂ ਫੁੱਲਾਂ ਲੱਦੇ ਬਬਾਨ ਉੱਤੇ ਦੇਹ ਧਰ ਕੇ ਸਿੱਖਾਂ ਤੇ ਭਾਈਆਂ ਕੰਧਿਆਂ ਤੇ ਬਬਾਨ ਚੁੱਕ, ਅੱਗੇ ਪਿਛੇ ਕੀਰਤਨ ਕਰਦਿਆਂ ਗੋਲ ਮੰਦਰੋਂ ਰਾਮਸਰ, ਕੋਠੀ ਭੈਣੀ ਸਾਹਿਬ, ਬੋਹੜਾਂ ਵੱਲ ਜਾਂਦਿਆਂ ਹੋਇਆਂ ਪਿਛੇ ਬੇਅੰਤ ਸੰਗਤ ਸੀ। ਦੁਆਲੇ ਦੇ ਪਿੰਡਾਂ ਤੋਂ ਸਿਆਣੂ, ਮੇਲੀ ਅਣਗਿਣਤ ਆਇਆਂ ਵੈਰਾਗ ਰੂਪ

---

[1] ਪ੍ਰੀਤਮ ਸਿੰਘ ਕਵੀ, *ਬੀਤੇ ਦੀਆਂ ਪੈੜਾਂ*, ਭਾਗ-1, ਪੰਨਾ 79.

[2] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ-6, ਪੰਨਾ 365.

Namdhari Elibrary NamdhariElibrary@gmail.com

ਹੋਇਆਂ ਨੇ ਸਤਿਗੁਰੂ ਜੀ ਦਾ ਬਬਾਨ ਤਪ-ਅਸਥਾਨ ਪਾਸ, ਸ਼ਹੀਦੀ ਬੁੰਗੇ ਲਿਆ, ਅੰਬ ਦਾ ਬੂਟਾ ਪੁਟ ਬੁੰਗੇ ਤੇ ਤਪ-ਅਸਥਾਨ ਦੇ ਵਿਚਾਲੇ ਚੰਨਣ ਤੇ ਬੇਰੀ ਦੀਆਂ ਲੱਕੜਾਂ ਦੀ ਚਿਖਾ ਬਣਾ ਕੇ ਦੇਹ ਧਰੀ। ਸਭ ਹਵਨ ਸਮੱਗਰੀ ਉਪਰ ਪਾਉਣ ਤੋਂ ਪਹਿਲਾਂ ਸੁੰਦਰ ਚੇਹਰਾ ਲੁਸ ਲੁਸ ਕਰਦੇ ਸਰੀਰ ਦਾ ਸਭ ਨੂੰ ਦਰਸ਼ਨ ਕਰਾਇਆ ਤੇ ਹਾਰਾਂ ਫੁੱਲਾਂ ਭਰੇ ਸਰੂਪ ਦੀਆਂ ਫੋਟੋਆਂ ਲਈਆਂ। ਅਰਦਾਸਾ ਬਾਰਾਂ ਪਾਤਸ਼ਾਹੀਆਂ ਦਾ ਕਰ ਤੇ ਗੁਰੂ ਹਰੀ ਸਿੰਘ ਜੀ ਦਾ ਨਾਮ ਲੈ ਕਰ ਛੋਟੇ ਬਾਬਾ ਜੀ ਅਗਨ ਦਾਹ ਦੇਣ ਲੱਗੇ। ਮੁਖ ਧਰੂ ਵੱਲ ਸੀ ਤੇ ਚਰਨਾਂ ਵੱਲੋਂ ਹੋਏ ਸੀ ਬਾਬਾ ਜੀ ਤਾਂ ਠਾਕੁਰ ਦਲੀਪ ਸਿੰਘ ਜੀ ਨੇ ਬਾਬਾ ਜੀ ਤੋਂ ਲਾਂਬੂ ਲੈ ਕੇ, 'ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨ' ਪੜ੍ਹ, ਲਾਇਆ। ਪਹਿਰਾ ਦੁਆਲੇ ਕਰੜਾ ਕੀਤਾ – ਮਤ ਕੋਈ ਮਸਤ ਜਾਂ ਪ੍ਰੇਮੀ, ਵੈਰਾਗੀ ਅਗਨ ਵਿੱਚ ਛਾਲ ਮਾਰ ਦੇਵੇ। ਕਿਉਂਕਿ ਕਈਆਂ ਦੇ ਮਨ ਵਿੱਚ ਗੁਰਬਾਣੀ ਦੀ ਤੁਕ, 'ਜਿਸ ਪਿਆਰੇ ਸਿਉ ਨੇਹੁੰ ਤਿਸ ਆਗੈ ਮਰਿ ਚਲੀਐ। ਧ੍ਰਿਗ ਜੀਵਣ ਸੰਸਾਰ ਤਾ ਕੈ ਪਾਛੈ ਜੀਵਣਾ।' ਉਸ ਵੇਲੇ ਚੇਤੇ ਆ ਹਿਤ ਉਬਾਲੇ ਦੇ ਰਿਹਾ ਸੀ।"

ਸਸਕਾਰ ਸਮੇਂ ਮਹਾਰਾਜ ਨਿਹਾਲ ਸਿੰਘ ਪਰਿਵਾਰ ਸਮੇਤ ਅਤੇ ਕਿਲੇ ਵਾਲੇ ਸੰਤ ਹਰਨਾਮ ਸਿੰਘ ਜੀ ਵੀ ਪਹੁੰਚੇ ਹੋਏ ਸਨ।

## ਬਾਬਾ ਜਗਜੀਤ ਸਿੰਘ ਸਤਿਗੁਰੂ ਜੀ ਦੇ ਸਰੂਪ ਵਿੱਚ

ਸਤਿਗੁਰੂ ਜੀ ਦੇ ਦਾਹ ਸਸਕਾਰ ਦੀ ਕਿਰਿਆ ਹਾਲੀਂ ਚੱਲ ਹੀ ਰਹੀ ਸੀ, ਵੱਡੀ ਗਿਣਤੀ ਵਿੱਚ ਸੰਗਤ ਬੈਠੀ ਹੋਈ ਸੀ। ਮਹਾਰਾਜ ਬਾਬਾ ਬੀਰ ਸਿੰਘ ਜੀ ਨੇ ਆਪਣੇ ਗਲੇ ਦੀ ਰੁਮਾਲੀ ਲਾਹ ਕੇ ਆਸਣ ਵਿਛਾ ਦਿੱਤਾ ਅਤੇ ਬਾਬਾ ਜਗਜੀਤ ਸਿੰਘ ਜੀ ਨੂੰ ਉਸ ਉੱਤੇ ਵਿਰਾਜਮਾਨ ਹੋਣ ਲਈ ਬੇਨਤੀ ਕੀਤੀ। ਬਾਬਾ ਜਗਜੀਤ ਸਿੰਘ ਜੀ ਜਦੋਂ ਆਸਣ ਉੱਤੇ ਬੈਠੇ ਤਾਂ ਮਹਾਰਾਜ ਬਾਬਾ ਬੀਰ ਸਿੰਘ ਜੀ ਨੇ ਸਭ ਤੋਂ ਪਹਿਲਾਂ ਮੱਥਾ ਟੇਕਿਆ। ਸੰਤ ਚੱਕਰਵਰਤੀ ਜੀ ਨੇ ਖਲੋ ਕੇ ਸੰਗਤ ਨੂੰ ਸੰਬੋਧਿਤ ਕਰਕੇ ਐਲਾਨ ਕੀਤਾ ਕਿ ਗੁਰੂ ਘਰ ਦੀ ਮਰਿਆਦਾ ਅਨੁਸਾਰ ਇਹ ਤਖਤ ਖਾਲੀ ਨਹੀਂ ਰਹਿ ਸਕਦਾ ਹੈ ਤੇ ਹੁਣ ਤੋਂ ਸਤਿਗੁਰੂ ਜਗਜੀਤ ਸਿੰਘ ਜੀ ਨਾਮਧਾਰੀ ਪੰਥ ਦੇ ਮੁਖੀ ਹੋਣਗੇ। ਸੰਤ ਚੱਕਰਵਰਤੀ ਜੀ ਨੇ ਇਹ ਵੀ ਕਿਹਾ ਕਿ ਅਸੀਂ ਮਹਾਰਾਜ ਨਿਹਾਲ ਸਿੰਘ ਜੀ ਨੂੰ ਬੇਨਤੀ ਕੀਤੀ ਸੀ ਕਿ ਆਪ ਇਸ ਤਖਤ ਨੂੰ ਸੰਭਾਲੋ ਤਾਂ ਮਹਾਰਾਜ ਨਿਹਾਲ ਸਿੰਘ ਜੀ ਨੇ ਉੱਤਰ ਦਿੱਤਾ ਸੀ ਕਿ ਮੈਂ ਕਾਰੋਬਾਰੀ ਤੇ ਵਿਹਾਰੀ ਆਦਮੀ ਹਾਂ। ਇਸ ਗੁਰਗੱਦੀ ਦਾ ਹੱਕ ਮਹਾਰਾਜ ਜਗਜੀਤ ਸਿੰਘ ਜੀ ਦਾ ਹੀ ਬਣਦਾ ਹੈ। ਮਹਾਰਾਜ ਬਾਬਾ ਬੀਰ ਸਿੰਘ ਤੋਂ ਪਿਛੋਂ ਮਹਾਰਾਜ ਨਿਹਾਲ ਸਿੰਘ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਮੱਥਾ ਟੇਕਿਆ ਤੇ ਫਿਰ ਬਾਬਾ ਜੰਗ ਸਿੰਘ ਜੀ ਨੇ ਵੀ ਮੱਥਾ ਟੇਕਿਆ ਤੇ ਉਹਨਾਂ ਨੂੰ ਕਿਹਾ ਕਿ ਜਿਸ ਤਰ੍ਹਾਂ ਅਸੀਂ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਪਹਿਲਾਂ ਮੱਥਾ ਟੇਕਦੇ ਸਾਂ, ਹੁਣ ਏਨ੍ਹਾਂ ਨੂੰ ਟੇਕਾਂਗੇ।

ਸੰਤ ਚੱਕਰਵਰਤੀ ਜੀ ਨੇ ਸੰਗਤ ਨੂੰ ਇਹ ਵੀ ਸੂਚਿਤ ਕੀਤਾ ਕਿ ਮਹਾਰਾਜ

Namdhari Elibrary NamdhariElibrary@gmail com

ਨਿਹਾਲ ਸਿੰਘ, ਭਾਈ ਵਜੀਰ ਸਿੰਘ, ਸੰਤ ਰਤਨ ਸਿੰਘ, ਬਾਬਾ ਜੰਗ ਸਿੰਘ ਤੇ ਸਭ ਨੇ ਇਸ ਉੱਤੇ ਆਪਣੀ ਸਹਿਮਤੀ ਪ੍ਰਗਟਾਈ ਹੈ।

ਸਤਿਗੁਰੂ ਜੀ ਦੇ ਸਸਕਾਰ ਉਪਰੰਤ ਸਾਰੀ ਸੰਗਤ ਹਰੀ ਮੰਦਰ ਵਿੱਚ ਜੁੜੀ। ਆਦਿ ਗ੍ਰੰਥ ਸਾਹਿਬ ਦੇ 19 ਅਤੇ ਦਸਮ ਗ੍ਰੰਥ ਸਾਹਿਬ ਦੇ 4 ਭੋਗ ਪਾਏ ਗਏ।

ਸਤਿਗੁਰੂ ਪਰਤਾਪ ਸਿੰਘ ਜੀ ਦਾ ਸ਼ਰਧਾਂਜਲੀ ਸਮਾਗਮ 10 ਸਤੰਬਰ, 1959 ਈ. ਨੂੰ ਰੱਖਿਆ ਗਿਆ।

Namdhari Elibrary NamdhariElibrary@gmail.com

ਅਧਿਆਇ 21

# ਸਤਿਗੁਰੂ ਪਰਤਾਪ ਸਿੰਘ ਜੀ ਦਾ ਪਾਵਨ ਵਿਅਕਤੀਤਵ

ਸਤਿਗੁਰੂ ਪਰਤਾਪ ਸਿੰਘ ਜੀ ਵੀਹਵੀਂ ਸਦੀ ਦੇ ਭਾਰਤ ਦੀ ਮਹਾਨ ਹਸਤੀ ਸਨ। ਆਪ ਜੀ ਦੀ ਪਾਵਨ ਆਤਮਾ ਦੀ ਅੰਤਰੀਵ ਅਧਿਆਤਮਕਤਾ ਦੇ ਸੂਰਜੀ ਪ੍ਰਕਾਸ਼ ਨੇ ਚਾਰੇ ਕੋਣੇ ਰੌਸ਼ਨ ਕਰ ਦਿੱਤੇ :

ਜਨ ਪਰਉਪਕਾਰੀ ਆਇ<br>ਜੀਅ ਦਾਨਿ ਦੇ ਭਗਤੀ ਲਾਇਨਿ<br>ਹਰਿ ਸਿਉਂ ਲੈਨਿ ਮਿਲਾਇ॥

ਸਤਿਗੁਰੂ ਰਾਮ ਸਿੰਘ ਜੀ ਦੇ ਵਿਰੋਸਾਏ ਨਾਮਧਾਰੀ ਗੁਰੂ-ਤਖ਼ਤ ਦੀ ਵਿਰਾਸਤ ਦੇ ਸਵਾਮੀ ਨੇ ਜਦੋਂ ਨਾਮਧਾਰੀ ਸਤਿਗੁਰੂ ਦੇ ਰੂਪ ਵਿੱਚ ਇਸ ਗੁਰੂ-ਤਖ਼ਤ ਨੂੰ ਸੰਭਾਲਿਆ ਤਾਂ ਸੋਲ੍ਹਾਂ ਸਾਲਾਂ ਦੀ ਕਿਸ਼ੋਰ ਅਵਸਥਾ ਵਿੱਚ ਆਪ ਜੀ ਨੇ ਜਿਸ ਗੁਰੂ ਕਰਤੱਵ ਦੀ ਵੱਡੀ ਜ਼ਿੰਮੇਵਾਰੀ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ, ਉਸ ਉੱਤੇ ਪੂਰੇ ਸਾਢੇ 53 ਸਾਲ ਸੁਸ਼ੋਭਿਤ ਹੋ ਕੇ ਅਜਿਹੇ ਯਾਦਗਾਰੀ ਕਾਰਜ ਕੀਤੇ ਕਿ ਸਦੀਆਂ ਤੱਕ ਉਹ ਸੰਸਾਰ ਲਈ ਯਾਦਗਾਰੀ ਮਿਸਾਲਾਂ ਬਣੇ ਰਹਿਣਗੇ। ਉਨ੍ਹਾਂ ਦੀ ਪਾਵਨ ਪਵਿੱਤਰ ਤੇ ਮਹਾਨ ਹਸਤੀ ਬਾਰੇ ਅਸੀਂ ਅਲਪੱਗ-ਬੁੱਧ ਜੀਵ ਕੀ ਬਖਾਨ ਕਰ ਸਕਦੇ ਹਾਂ। ਇਹ ਤਾਂ 'ਵੱਡੇ ਕੀਆਂ ਵਡਿਆਈਆਂ ਕਿਛ ਕਹਿਣਾ ਕਹਿਣ ਨਾ ਜਾਏ' ਵਾਲੀ ਗੱਲ ਹੈ। ਆਪ ਜੀ ਦੀ ਪਾਵਨ ਸ਼ਖ਼ਸੀਅਤ ਦੇ ਇਤਨੇ ਅਨੇਕ ਪੱਖ ਹਨ ਕਿ ਇਸਨੂੰ ਬਹੁ-ਪੱਖੀ ਜਾਂ ਸਰਵਪੱਖੀ ਕਹਿ ਦੇਣਾ ਵੀ ਨਿਗੂਣਾ ਪ੍ਰਤੀਤ ਹੁੰਦਾ ਹੈ। ਆਪ ਤ੍ਰੈਕਾਲਦਰਸ਼ੀ। ਪਾਰਗਰਾਮੀ ਤੇ ਪਾਰਦਰਸ਼ੀ ਸ਼ਖ਼ਸੀਅਤ ਦੇ ਸੁਆਮੀ ਸਨ, ਜਿਸ ਵਿੱਚ ਨਾ ਕੋਈ ਲੁਕਾ ਹੈ ਨਾ ਕੋਈ ਛੁਪਾ। ਇਹ ਤਾਂ ਅੰਦਰੋਂ ਬਾਹਰੋਂ ਇੱਕ ਹੈ। ਜੋ ਕੁਝ ਅੰਤਰ ਆਤਮ ਵਿੱਚ ਹੈ, ਉਹ ਕੁਝ ਹੀ ਬਾਹਰੋਂ ਤੱਕਿਆਂ ਸਪੱਸ਼ਟ ਦ੍ਰਿਸ਼ਟੀਗੋਚਰ ਹੋ ਜਾਂਦਾ ਹੈ। ਫਿਰ ਵੀ ਮਨੁੱਖੀ ਜਿਗਿਆਸਾ ਦੀ ਤ੍ਰਿਪਤੀ ਲਈ ਏਥੇ ਆਪ ਜੀ ਦੀ ਪਾਵਨ ਹਸਤੀ ਦੇ ਕੁਝ ਉੱਜਲੇ ਪੱਖਾਂ ਉੱਤੇ ਪ੍ਰਕਾਸ਼ ਪਾਉਣਾ ਉਚਿਤ ਪ੍ਰਤੀਤ ਹੁੰਦਾ ਹੈ।

## ਸਦੀਆਂ ਦੇ ਅਧਿਆਤਮਕ ਵਿਰਸੇ ਦੇ ਸਵਾਮੀ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੇਵਲ ਪੰਜਾਬ ਨੂੰ ਹੀ ਨਹੀਂ ਸਗੋਂ ਸਾਰੇ ਭਾਰਤ ਅਤੇ ਸਾਰੇ ਸੰਸਾਰ ਨੂੰ ਅਧਿਆਤਮਕ ਗਿਆਨ ਦੀ ਨਵੀਂ ਰੌਸ਼ਨੀ ਬਖਸ਼ੀ ਅਤੇ ਨਿਰਵੈਰ

ਰਹਿ ਕੇ 'ਜਿਨੀ ਨਾਮੁ ਧਿਆਇਆ ਗਏ ਮੁਸਕਤਿ ਘਾਲ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲ' ਇਸੇ ਮਾਨਵ-ਮੁਕਤੀ ਤੇ ਜਨ-ਕਲਿਆਣ ਦਾ ਮਾਰਗ ਸਿੱਖ ਗੁਰੂ ਸਾਹਿਬਾਨ ਨੇ ਦ੍ਰਿੜ੍ਹ ਕਰਵਾ ਕੇ ਨਾਮ ਦੀ ਸ਼ਕਤੀ ਦੁਆਰਾ ਕੌਮ ਵਿੱਚ ਨਵਾਂ ਆਚਰਨਕ ਬਲ ਭਰਿਆ, ਜਿਸ ਨੇ ਦੇਸ਼ ਦੇ ਇਤਿਹਾਸ ਵਿੱਚ ਕਈ ਕਾਰਨਾਮੇ ਕਰ ਵਿਖਾਏ ਅਤੇ ਬਾਬਰਕਿਆਂ ਦੀ ਗੁਲਾਮੀ ਦੇ ਤੌਕ ਨੂੰ ਗਲੋਂ ਲਾਹ ਕੇ ਪੰਜਾਬ ਵਿੱਚ ਸੁਤੰਤਰ ਰਾਜ ਸਥਾਪਿਤ ਕਰ ਲਿਆ ਪਰ ਜਦੋਂ ਸੱਤ ਸਮੁੰਦਰੋਂ ਪਾਰ ਤੋਂ ਆਏ ਅੰਗਰੇਜ਼ਾਂ ਦੀ ਸਾਮਰਾਜਵਾਦੀ ਕੁਟਿਲ ਨੀਤੀ ਨੇ 1849 ਵਿੱਚ ਦੇਸ਼ ਦੀ ਸੁਤੰਤਰਤਾ ਨੂੰ ਹੜੱਪ ਕਰ ਕੇ ਮੁੜ ਗੁਲਾਮੀ ਦਾ ਪਹਿਰਾ ਲੈ ਆਂਦਾ ਤਾਂ 1857 ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਆਜ਼ਾਦੀ ਦੀ ਅਜਿਹੀ ਜੋਤ ਜਗਾਈ ਅਤੇ ਸੁਤੰਤਰਤਾ ਪ੍ਰਾਪਤੀ ਦੇ ਨਵੇਂ ਮਾਰਗਾਂ ਦੇ ਲਖਸ਼ਾਂ ਨੂੰ ਉਜਾਗਰ ਕੀਤਾ ਤਾਂ ਸੁਤੰਤਰਤਾ-ਸੰਗਰਮ ਦਾ ਨਵਾਂ ਯੁੱਗ ਆਰੰਭ ਹੋਇਆ। ਨਾਮਧਾਰੀਆਂ ਨੇ ਗਊ-ਗਰੀਬ ਦੀ ਰੱਖਿਆ ਕੀਤੀ ਤੇ ਕੁਰਬਾਨੀਆਂ ਦੇ ਨਵੇਂ ਇਤਿਹਾਸ ਨੂੰ ਜਨਮ ਦਿੱਤਾ। ਸਤਿਗੁਰੂ ਹਰੀ ਸਿੰਘ ਜੀ ਭਾਵੇਂ ਭੈਣੀ ਸਾਹਿਬ ਵਿੱਚ ਪਾਬੰਦੀਆਂ ਦੇ ਦੌਰ ਵਿੱਚ ਨਾਮਧਾਰੀ ਪੰਥ ਦੀ ਸੇਵਾ ਸੰਭਾਲ ਕਰਦੇ ਰਹੇ ਅਤੇ ਇਸ ਆਜ਼ਾਦੀ ਦੀ ਜੋਤ ਨੇ ਕਈ ਦਿਸ਼ਾਵਾਂ ਵਿੱਚ ਆਪਣੇ ਪ੍ਰਭਾਵਾਂ ਨੂੰ ਪ੍ਰਗਟ ਕਰ ਦਿੱਤਾ। ਨਵੇਂ ਸੁਤੰਤਰਤਾ ਸੰਗਰਾਮਾਂ ਵਿੱਚ ਨਵੇਂ ਆਤਮਿਕ ਬਲ ਦਾ ਸੰਚਾਰ ਕੀਤਾ। ਵੀਹਵੀਂ ਸਦੀ ਦੇ ਸੁਤੰਤਰਤਾ ਸੰਗਰਾਮ ਵਿੱਚ ਅਤੇ ਧਾਰਮਿਕ ਜਾਗਰਿਤੀ ਤੇ ਸਮਾਜ ਸੁਧਾਰ ਦੇ ਖੇਤਰ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਵੱਲੋਂ ਯੋਗਦਾਨ ਪਾਉਣ ਲਈ ਰਾਹ ਪੱਧਰਾ ਅਤੇ ਸੁਨਿਸ਼ਚਿਤ ਹੋ ਗਿਆ। ਸਤਿਗੁਰੂ ਪਰਤਾਪ ਸਿੰਘ ਜੀ ਨੇ ਸਮੇਂ ਦੀ ਆਵਾਜ਼ ਅਨੁਸਾਰ ਇਹਨਾਂ ਵੰਗਾਰਾਂ ਦਾ ਟਾਕਰਾ ਪੂਰੀ ਦ੍ਰਿੜ੍ਹਤਾ ਨਾਲ ਕੀਤਾ ਅਤੇ ਨਾਮਧਾਰੀ ਪੰਥ ਦੀ ਸੁਯੋਗ ਅਗਵਾਈ ਕਰਦਿਆਂ ਹੋਇਆਂ ਭਾਰਤ ਦੇ ਸੁਤੰਤਰਤਾ ਸੰਗਰਾਮ ਤੇ ਹੋਰ ਕੌਮੀ ਲਹਿਰਾਂ ਵਿੱਚ ਨਾਮਧਾਰੀ ਭਾਈਚਾਰੇ ਵੱਲੋਂ ਨਿੱਗਰ ਹਿੱਸਾ ਪਾ ਕੇ 1947 ਵਿੱਚ ਭਾਰਤ ਦੀ ਆਜ਼ਾਦੀ ਦੀ ਪ੍ਰਾਪਤੀ ਤੱਕ ਆਜ਼ਾਦੀ ਦੀਆਂ ਕੌਮੀ ਲਹਿਰਾਂ ਨਾਲ ਕਦਮ ਨਾਲ ਕਦਮ ਮਿਲਾ ਕੇ ਆਗੂਆਂ ਵਾਲੇ ਕਰਤੱਵ ਨੂੰ ਨਿਭਾਇਆ।

ਅੰਗਰੇਜ਼ ਸਰਕਾਰ ਨਾਮਧਾਰੀਆਂ ਨੂੰ ਆਪਣਾ ਸਭ ਤੋਂ ਵੱਡਾ ਦੁਸ਼ਮਣ ਮੰਨਦੀ ਸੀ। 1872 ਤੋਂ ਲੈ ਕੇ 1923 ਤੱਕ ਨਾਮਧਾਰੀਆਂ ਦੇ ਮੁੱਖ ਕੇਂਦਰ ਭੈਣੀ ਸਾਹਿਬ ਵਿਖੇ ਪੁਲੀਸ ਦੀ ਚੌਕੀ ਬਿਠਾਈ ਰੱਖੀ, ਜਿਸਨੂੰ 1923 ਵਿੱਚ ਸੁਤੰਤਰਤਾ ਸੰਗਰਾਮ ਦੇ ਤਪ ਤੇਜ ਨੇ ਹੀ ਉਥੋਂ ਚੁਕਾ ਦਿੱਤਾ। ਸਤਿਗੁਰੂ ਪਰਤਾਪ ਸਿੰਘ ਜੀ ਦੀ ਅਗਵਾਈ ਵਿੱਚ ਨਾਮਧਾਰੀ ਪੰਥ ਨੇ ਦਿਨ ਦੁੱਗਣੀ ਅਤੇ ਰਾਤ ਚੌਗੁਣੀ ਤਰੱਕੀ ਕੀਤੀ ਅਤੇ ਸਰਬਪੱਖੀ ਦਿਸ਼ਾਵਾਂ ਵਿੱਚ ਅੱਗੇ ਵਧਣ ਦਾ ਸਫਲ ਯਤਨ ਕੀਤਾ।

## ਧਾਰਮਿਕ ਖੇਤਰ ਵਿੱਚ ਅਗਵਾਈ

ਮੁੱਖ ਰੂਪ ਵਿੱਚ ਸਤਿਗੁਰੂ ਪਰਤਾਪ ਸਿੰਘ ਧਾਰਮਿਕ ਰਹਿਨੁਮਾ ਸਨ। ਗੁਰੂ ਨਾਨਕ ਦੇਵ ਜੀ ਨੇ ਇਸ ਸੰਸਾਰ ਅਥਵਾ ਧਰਤੀ ਨੂੰ ਧਰਮਸਾਲ ਕਹਿ ਕੇ ਸੰਬੋਧਨ ਕੀਤਾ

Namdhari Elibrary NamdhariElibrary@gmail.com

ਹੈ। ਸੰਸਾਰ ਦਾ ਸੁਪ੍ਰਸਿੱਧ ਨਾਟਕਕਾਰ ਵਿਲੀਅਮ ਸ਼ੇਕਸਪੀਅਰ ਇਸ ਸੰਸਾਰ ਨੂੰ ਰੰਗ-ਮੰਚ ਪ੍ਰਵਾਨ ਕਰਦਾ ਹੈ, ਜਿਸ ਵਿੱਚ ਇਸ ਰੱਬੀ ਨਾਟ ਲੀਲਾ ਵਿੱਚ ਹਰ ਮਨੁੱਖ ਨੇ ਇੱਕ ਪਾਤਰ ਦੀ ਭੂਮਿਕਾ ਨੂੰ ਨਿਭਾਉਣਾ ਹੁੰਦਾ ਹੈ। ਪਰ ਇਹ ਤਾਂ ਇੱਕ ਨਿਰੋਲ ਸੰਸਾਰੀ ਖੇਡ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਦੇ ਵਿਪਰੀਤ, ਧਰਤੀ ਨੂੰ ਧਰਮਸਾਲ ਅਥਵਾ ਧਰਮ ਖੇਤਰ ਕਿਹਾ ਹੈ, ਜਿਸ ਵਿੱਚ ਹਰ ਇੱਕ ਪ੍ਰਾਣੀ ਨੇ ਧਾਰਮਿਕ ਪ੍ਰਕਿਰਿਆ ਕਰਨੀ ਹੈ। ਗੁਰੂ ਨਾਨਕ ਦੇਵ ਜੀ ਦੀ ਮਨੌਤ ਅਨੁਸਾਰ ਹੀ ਧਰਤੀ ਕਿਸੇ ਮਿਥਿਹਾਸਕ ਧੌਲ ਦੇ ਆਸਰੇ ਨਹੀਂ ਖੜ੍ਹੀ ਸਗੋਂ ਧਰਮ ਰੂਪੀ ਧੌਲ ਦੇ ਆਸਰੇ ਖੜ੍ਹੀ ਹੈ। ਧਰਮ ਦਇਆ ਅਤੇ ਸੰਤੋਖ ਦੇ ਸੁਮੇਲ ਦੇ ਆਸਰੇ ਚੱਲ ਰਿਹਾ ਹੈ। ਦੂਜਿਆਂ ਲਈ ਦਇਆ ਆਪਣੇ ਨਿੱਜ ਲਈ ਸੰਤੋਖ, ਗੁਰੂ ਨਾਨਕ ਦੇਵ ਅਨੁਸਾਰ ਇਹ ਧਰਮ ਦਾ ਮੂਲ ਸੂਤਰ ਹੈ। ਜੇਕਰ ਸਤਿਗੁਰੂ ਪਰਤਾਪ ਸਿੰਘ ਵਰਗੇ ਮਹਾਨ ਧਾਰਮਿਕ ਪੁਰਖਾਂ ਦੇ ਜੀਵਨ ਨੂੰ ਗੁਰੂ ਨਾਨਕ ਦੇਵ ਜੀ ਦੀ ਦੱਸੀ ਹੋਈ ਉਪਰਲੀ ਕਸਵੱਟੀ ਉੱਤੇ ਪਰਖਿਆ ਜਾਵੇ ਤਾਂ ਆਪ ਸਰਵੋਤਮ ਧਾਰਮਿਕ ਪ੍ਰਾਣੀ ਸਨ। ਆਪ ਜੀ ਨੇ ਸਦਾ ਆਪਣੇ ਲਈ ਸੰਤੋਖ ਅਤੇ ਦੂਜਿਆਂ ਮਨੁੱਖਾਂ ਲਈ ਹੀ ਨਹੀਂ ਸਗੋਂ ਪਸ਼ੂ ਪੰਛੀਆਂ ਤੱਕ ਆਪਣੀ ਦਇਆ ਨਾਲ ਧਾਰਮਿਕ ਕਾਰਜ ਨੂੰ ਪੂਰੀ ਸੁਹਿਰਦਤਾ ਅਤੇ ਵਿਆਪਕ ਵਿਸ਼ਾਲਤਾ ਨਾਲ ਨਿਭਾਇਆ ਹੈ। ਆਪ ਜੀ ਦੀ ਨਿੱਜੀ ਧਾਰਮਿਕ ਸਾਧਨਾ ਵੀ ਬੇਮਿਸਾਲ ਸੀ ਅਤੇ ਆਪ ਜੀ ਦੀ ਧਾਰਮਿਕ ਪਰਉਪਕਾਰੀ ਭਾਵਨਾ ਵੀ ਆਪਣੇ ਆਪ ਵਿੱਚ ਇੱਕ ਸਰਵੋਤਮ ਚਮਤਕਾਰ ਸੀ। ਦੀਨ ਦੁਖੀ ਲਈ ਦਰਦ, ਗਰੀਬਾਂ ਲਈ ਹਮਦਰਦੀ ਨਿਘਰਿਆਂ, ਨਿਮਾਣਿਆਂ, ਨਿਤਾਣਿਆਂ ਨੂੰ ਆਪਣੀਆਂ ਨਿੱਜੀ ਬਖਸ਼ਿਸ਼ਾਂ ਦੁਆਰਾ ਨੀਚੋਂ ਊਚ ਕਰ ਦੇਣਾ ਸਤਿਗੁਰੂ ਪਰਤਾਪ ਸਿੰਘ ਜੀ ਦੇ ਹੀ ਹਿੱਸੇ ਆਇਆ ਸੀ, ਜਿਸ ਉੱਤੇ ਆਪ ਜੀ ਦੀ ਰਹਿਮਤ ਹੋਈ, ਉਸ ਨੂੰ ਆਪਣੀਆਂ ਬਖਸ਼ਿਸ਼ਾਂ ਦੁਆਰਾ ਨਿਹਾਲ ਕਰ ਦਿੱਤਾ। ਉਸਨੂੰ ਧਰਮ ਕਰਮ ਵਿੱਚ ਵੀ ਪੂਰਨ ਕੀਤਾ ਅਤੇ ਜੀਵਨ ਦੇ ਰਣਖੇਤਰ ਵਿੱਚ ਉਸਨੂੰ ਆਪਣੇ ਨਿੱਜ ਤੋਂ ਉੱਠ ਕੇ ਪਰਉਪਕਾਰੀ ਬਣਾ ਦਿੱਤਾ, ਅਰਥਾਤ ਆਪਣੇ ਸਿੱਖ ਨੂੰ ਆਪਣਾ ਹੀ ਨਿੱਜ ਸਰੂਪ ਅਤੇ ਆਪਣੇ ਧਾਰਮਿਕ ਗੁਣ ਬਖਸ਼ ਕੇ ਆਤਮਿਕ ਅਤੇ ਪਰਮਾਰਥਕ ਤੌਰ ਤੇ ਮਾਲਾ-ਮਾਲ ਅਤੇ ਭਰਪੂਰ ਕਰ ਦਿੱਤਾ। ਅਨੇਕ ਸੰਤ ਜਨਾਂ ਦੀਆਂ ਮਿਸਾਲਾਂ ਹਨ ਕਿ ਆਪ ਜੀ ਨੇ ਸਮਾਜਿਕ ਤੇ ਧਾਰਮਿਕ ਅਗਵਾਈ ਦੇਣ ਵਾਸਤੇ ਲੋਕਾਂ ਲਈ ਆਦਰਸ਼ਕ ਮਹਾਂਮਾਨਵ ਅਤੇ ਮਾਨਵਤਾ ਦੇ ਸੱਚੇ ਸੇਵਕ ਪੈਦਾ ਕਰ ਦਿੱਤੇ। ਇਸ ਪ੍ਰਕਾਰ, ਆਪ ਜੀ ਦੀ ਅਗਵਾਈ ਅੰਦਰ, ਬੇਅੰਤ ਨਾਮਧਾਰੀ ਇਸਤਰੀ ਪੁਰਸ਼ ਆਪ ਜੀ ਦੇ ਨਦਰਿ-ਕਰਮ ਦੁਆਰਾ ਸੰਸਾਰਕ ਮਨੁੱਖਾਂ ਤੋਂ ਉੱਠ ਕੇ ਧਾਰਮਿਕ ਮਹਾਂਪੁਰਸ਼ ਬਣ ਗਏ ਅਤੇ ਇਉਂ ਆਪ ਜੀ ਨੇ ਵੱਡਾ ਸੰਤ ਸਮੂਹ ਰਚ ਦਿੱਤਾ, ਜੋ ਕਲਯੁਗ ਦੇ ਘੋਰ ਅੰਧਕਾਰ ਵਿੱਚ ਆਪਣੇ ਆਤਮਿਕ ਪ੍ਰਕਾਸ਼ ਦੁਆਰਾ ਪਰਮਾਰਥਕ ਕਰਮਾਂ ਲਈ ਦੂਜੇ ਦੀ ਭਲਾਈ ਅਤੇ ਦੇਸ਼ ਤੇ ਮਾਨਵਤਾ ਦੇ ਹਿੱਤਾਂ ਦੀ ਰਾਖੀ ਅਤੇ ਵਿਕਾਸ ਲਈ ਅੱਗੇ ਆਇਆ। ਸਤਿਗੁਰੂ ਪਰਤਾਪ ਸਿੰਘ ਜੀ ਦੇ ਨਿਵਾਜੇ ਹੋਏ ਸਿੱਖਾਂ ਵਿੱਚ ਕੋਈ ਵੀ ਅਜਿਹਾ ਵਿਅਕਤੀ ਤੁਹਾਨੂੰ ਨਹੀਂ ਮਿਲੇਗਾ, ਜੋ ਸਵਾਰਥੀ ਅਤੇ ਸੌੜੀ ਦ੍ਰਿਸ਼ਟੀ ਵਾਲਾ ਹੋਵੇ। ਸਤਿਗੁਰੂ ਪਰਤਾਪ

Namdhari Elibrary NamdhariElibrary@gmail com

ਸਿੰਘ ਜੀ ਦੇ ਨਿਵਾਜੇ ਹੋਏ ਗੁਰਸਿੱਖ ਸੰਸਾਰ ਵਿੱਚ ਸਦਾ ਮਨੁੱਖੀ ਆਦਰਸ਼ਾਂ ਨੂੰ ਪ੍ਰਪੱਕ ਕਰਨ ਅਤੇ ਫੈਲਾਉਣ ਵਿੱਚ ਅੱਗੇ ਅੱਗੇ ਰਹੇ ਹਨ ਅਤੇ ਉਨ੍ਹਾਂ ਵਿੱਚੋਂ ਵਿਰਲੇ ਵਿੱਚ ਹੀ ਕੋਈ ਖੋਟ ਜਾਂ ਕੋਈ ਊਣਤਾਈ ਦ੍ਰਿਸ਼ਟੀਗੋਚਰ ਹੁੰਦੀ ਹੈ।

ਸਤਿਗੁਰੂ ਪਰਤਾਪ ਸਿੰਘ ਜੀ ਦੇ ਨਿਵਾਜੇ ਹੋਏ ਸੰਤ ਪੁਰਸ਼ਾਂ ਵਿੱਚੋਂ ਵਰਣਨਯੋਗ ਕੁਝ ਇੱਕ ਹਸਤੀਆਂ ਬਾਰੇ ਡਾ. ਕਰਮ ਸਿੰਘ ਕਪੂਰ ਨੇ ਇਸ ਤਰ੍ਹਾਂ ਉਲੇਖ ਕੀਤਾ ਹੈ, [1]"ਆਪ ਜੀ ਨੇ ਨਾਮ ਸਿਮਰਨ ਦੀ ਦਾਤ ਬਖਸ਼ ਕੇ ਕਈ ਮਨੁੱਖਾਂ ਤੋਂ ਦੇਵਤੇ ਬਣਾ ਦਿੱਤੇ, ਜਿਹਾ ਕਿ ਸੰਤ ਰਲਾ ਸਿੰਘ, ਸੰਤ ਆਲਾ ਸਿੰਘ, ਸੰਤ ਅਤਰ ਸਿੰਘ, ਸੰਤ ਸੁੰਦਰ ਸਿੰਘ ਭੂਰੀ ਵਾਲੇ, ਸੰਤ ਮੋਹਨ ਸਿੰਘ, ਸੰਤ ਕਰਮ ਸਿੰਘ ਆਦਿ ਅਜਿਹੀਆਂ ਅਣਗਿਣਤ ਹੀ ਬਖਸ਼ੀਆਂ ਹੋਈਆਂ ਰੂਹਾਂ ਹਨ, ਜੋ ਕਲਜੁਗ ਵਿੱਚ ਸਤਿਜੁਗੀ ਆਚਰਣ ਦੀਆਂ ਪ੍ਰਤੀਕ ਹੋ ਨਿਬੜੀਆਂ ਹਨ।"

ਆਪਣੀ ਨਿੱਜੀ ਧਾਰਮਿਕ ਸਾਧਨਾ (ਜਿਸ ਵਿੱਚ ਕਦੇ ਵੀ ਨੇਮ ਭੰਗ ਨਹੀਂ ਸੀ ਹੋਇਆ) ਤੋਂ ਬਿਨਾਂ ਆਪ ਨੇ ਲੱਖਾਂ ਦੀ ਗਿਣਤੀ ਵਿੱਚ ਇੱਕ ਘੰਟਾ ਨਾਮ ਸਿਮਰਨ ਕਰਨ ਲਈ ਆਦੇਸ਼ ਕੀਤਾ। ਹਰ ਸਾਲ ਇੱਕ ਮਹੀਨੇ ਦੇ ਜਪ ਪ੍ਰਯੋਗਾਂ ਦੇ ਸਮਾਗਮ ਰਚ ਕੇ, ਜਿਥੇ ਨਾਮ ਸਿਮਰਨ ਅਤੇ ਕਥਾ ਕੀਰਤਨ ਦਾ ਨਿਰੰਤਰ ਪ੍ਰਵਾਹ ਚਲਦਾ, ਆਪ ਨਾਮ ਨੂੰ ਸਦਾ ਸਭ ਤੋਂ ਉਪਰ ਦੱਸਦੇ ਰਹੇ। 1935 ਵਿੱਚ ਸ੍ਰੀ ਭੈਣੀ ਸਾਹਿਬ ਅਤੇ 1947 ਵਿੱਚ ਸ੍ਰੀ ਜੀਵਨ ਨਗਰ ਵਿਖੇ ਵਰਨੀਆਂ ਆਰੰਭ ਕੀਤੀਆਂ। ਇਨ੍ਹਾਂ ਵਰਨੀਆਂ ਵਿੱਚ ਧੂਪ, ਦੀਪ, ਕੁੰਭ ਸੰਜੁਗਤ ਨਿਰੰਤਰ ਅਖੰਡ ਨਾਮ ਸਿਮਰਨ ਕੀਤਾ ਜਾ ਰਿਹਾ ਹੈ। (ਹੁਣ ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਵਰਨੀਆਂ ਦੀ ਗਿਣਤੀ ਵਿੱਚ ਕਾਫ਼ੀ ਵਾਧਾ ਕਰ ਦਿੱਤਾ ਹੈ)। ਸ੍ਰੀਮਤੀ ਬੇਅੰਤ ਕੌਰ ਨਵੀਂ ਦਿੱਲੀ ਅਨੁਸਾਰ ਸਤਿਗੁਰੂ ਪਰਤਾਪ ਸਿੰਘ ਜੀ ਨੇ ਆਦਿ ਗ੍ਰੰਥ ਸਾਹਿਬ ਦੇ ਢਾਈ ਲੱਖ ਸਹਿਜ ਪਾਠ, ਆਦਿ ਗ੍ਰੰਥ ਸਾਹਿਬ ਦੇ ਅਖੰਡ ਪਾਠ, ਦਸਮ ਗ੍ਰੰਥ ਸਾਹਿਬ ਦੇ ਅਖੰਡ ਪਾਠ, ਹਜ਼ਾਰਾਂ ਦੀ ਗਿਣਤੀ ਵਿੱਚ 'ਚੰਡੀ ਦੀ ਵਾਰ' (ਵਾਰ ਸ੍ਰੀ ਭਗਉਤੀ ਜੀ ਕੀ) ਦੇ ਪਾਠ 2 ਲੱਖ 50 ਹਜ਼ਾਰ ਵਿਧੀਗਤ ਰੂਪ ਵਿੱਚ ਕਰਵਾਏ। ਇਸ ਤੋਂ ਛੁਟ ਹਰ ਨਾਮਧਾਰੀ ਨੂੰ ਇੱਕ ਘੰਟਾ ਰੋਜ਼ ਨਾਮ ਸਿਮਰਨ ਦਾ ਆਦੇਸ਼ ਦੇ ਕੇ 'ਘਰ-ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਸੋਆ' ਵਾਲੇ ਵਾਤਾਵਰਨ ਦੀ ਪੁਨਰ ਸੁਰਜੀਤੀ ਰਾਹੀਂ ਗੁਰਸਿੱਖੀ ਦੇ ਫਲਦਾਇਕ ਬ੍ਰਿਛ ਘਰ-ਘਰ ਵਿੱਚ ਲਗਾ ਦਿੱਤੇ, ਜਿਨ੍ਹਾਂ ਦੀ ਭਿੰਨੀ ਮਹਿਕ ਨੇ ਗੁਰਸਿੱਖਾਂ ਦੇ ਹਿਰਦਿਆਂ ਨੂੰ ਕਮਲ ਸਮਾਨ ਸਦ-ਵਿਗਾਸੀ ਖੇੜੇ ਤੇ ਆਤਮਿਕ ਟਿਕਾਉ ਵਾਲੀ ਅਵਸਥਾ ਬਖਸ਼ ਦਿੱਤੀ। ਆਪ ਜੀ ਦੀ ਅਧਿਆਤਮਿਕਤਾ ਦਾ ਇਹ ਸਭ ਤੋਂ ਵੱਡਾ ਉਪਕਾਰ ਸੀ।

## ਨਿੱਜੀ ਅਭਿਲਾਸ਼ਾ ਤੇ ਵਡਿਆਈ ਤੋਂ ਸੰਕੋਚ

ਇਸ ਸੰਬੰਧ ਵਿੱਚ ਕੇਵਲ ਦੋ ਉਦਾਹਰਨ ਦੇਣੇ ਹੀ ਕਾਫ਼ੀ ਹੋਣਗੇ। ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਤੋਂ ਕੁਝ ਚਿਰ ਪਹਿਲਾਂ ਜਦੋਂ ਗੁਰਦੁਆਰਾ ਜਨਮ ਸਥਾਨ ਦੇ

---

[1] ਡਾ. ਕਰਮ ਸਿੰਘ ਕਪੂਰ, *ਸਤਿਗੁਰੂ ਪਰਤਾਪ ਸਿੰਘ : ਇੱਕ ਮਹਾਨ ਸਤਿਗੁਰੂ*, ਪੰਨਾ 49.

Namdhari Elibrary NamdhariElibrary@gmail.com

ਮਹੰਤ ਨਰਾਇਣ ਦਾਸ ਨੇ ਆਪ ਜੀ ਦੇ ਦੀਵਾਨ ਵਿੱਚ ਹਾਜ਼ਰ ਹੋ ਕੇ ਗੁਰਦੁਆਰਾ ਜਨਮ ਸਥਾਨ ਦੀਆਂ ਕੁੰਜੀਆਂ ਸਤਿਗੁਰੂ ਜੀ ਨੂੰ ਸੌਂਪਣੀਆਂ ਚਾਹੀਆਂ ਤਾਂ ਆਪ ਜੀ ਦਾ ਉੱਤਰ ਸੀ "ਮੈਂ ਤਾਂ ਸਤਿਗੁਰੂ ਰਾਮ ਸਿੰਘ ਜੀ ਦੀ ਲੋਹ ਦਾ ਹੀ ਸੇਵਕ ਹਾਂ, ਮੇਰੇ ਲਈ ਤਾਂ ਇਹੋ ਕਾਫ਼ੀ ਹੈ।" ਇਸੇ ਤਰ੍ਹਾਂ 1958 ਵਿੱਚ ਜਦੋਂ ਵਿਰੋਧੀ ਗੁੱਟ ਵੱਲੋਂ ਬਾਬਾ ਬੀਰ ਸਿੰਘ ਨੂੰ ਘਸੀਟਾ ਸਿੰਘ ਦੇ ਕਤਲ ਕੇਸ ਵਿੱਚੋਂ ਬਰੀ ਕਰਾਉਣ ਦੀ ਪੇਸ਼ਕਸ਼ ਕੀਤੀ ਗਈ ਤਾਂ ਆਪ ਜੀ ਦਾ ਉੱਤਰ ਸੀ, '"ਮੈਂ ਆਪ ਜੈਸਿਆਂ ਨਾਲ ਕਦੇ ਰਾਸਤੀ ਕਰਨ ਤੇ ਰਾਜ਼ੀ ਨਹੀਂ ਹੋ ਸਕਦਾ, ਤੁਹਾਡਾ ਜ਼ਮੀਰ ਮੰਦਾ ਹੈ ਤੇ ਬੀਰ ਸਿੰਘ ਦਾ ਬਰੀ ਹੋਣਾ ਕਰਤੇ ਹੱਥ ਹੈ। ਮੈਂ ਭਲੇ ਲੋਕਾਂ ਦੀ ਪੱਖ ਛੱਡ ਕੇ ਆਪ ਦੇ ਪੱਖ ਵਿੱਚ ਕਦੇ ਨਹੀਂ ਹੋ ਸਕਦਾ।"

## ਮਾਨਵੀ ਦਰਦ ਤੇ ਮਾਨਵਵਾਦੀ ਆਦਰਸ਼

ਸਤਿਗੁਰੂ ਪਰਤਾਪ ਸਿੰਘ ਜੀ ਦੇ ਹਿਰਦੇ ਵਿੱਚ ਮਾਨਵੀ ਦਰਦ ਦੀ ਭਾਵਨਾ ਕੁੱਟ-ਕੁੱਟ ਕੇ ਭਰੀ ਹੋਈ ਸੀ ਅਤੇ ਆਪ ਜੀ ਨੇ ਆਪਣੇ ਸਾਰੇ ਜੀਵਨ ਵਿੱਚ ਮਾਨਵਵਾਦੀ ਆਦਰਸ਼ਾਂ ਦਾ ਪੱਲਾ ਵੀ ਕਦੇ ਹੱਥੋਂ ਨਹੀਂ ਸੀ ਛੱਡਿਆ। ਦੀਨ ਦੁਖੀਆਂ ਦੇ ਦੁੱਖਾਂ ਕਸ਼ਟਾਂ ਦੀ ਗੱਲ ਸੁਣ ਕੇ ਆਪ ਜੀ ਦਾ ਕੋਮਲ ਹਿਰਦਾ ਇੱਕਦਮ ਪਸੀਜ ਜਾਂਦਾ ਤੇ ਆਪ ਵੱਧ ਤੋਂ ਵੱਧ ਉਸਦੀ ਸਹਾਇਤਾ ਕਰਦੇ ਸਨ। ਏਸੇ ਤਰ੍ਹਾਂ ਆਪ ਜੀ ਨੇ ਮਾਨਵੀ ਆਦਰਸ਼ਾਂ ਨੂੰ ਸਦਾ ਆਪਣੇ ਜੀਵਨ ਵਿੱਚ ਧਾਰਨ ਕੀਤਾ। ਜਦੋਂ 1947 ਦੀ ਦੇਸ਼-ਵੰਡ ਹੋਣ ਵਾਲੀ ਸੀ ਅਤੇ ਫਿਰਕੂ ਨਫਰਤ ਦਾ ਜ਼ਹਿਰ ਧਾਰਮਿਕ ਜਨੂੰਨ ਬਣ ਕੇ ਬਹੁਤ ਸਾਰੇ ਲੋਕਾਂ ਨੂੰ ਰਾਹੋਂ ਭਟਕਾ ਰਿਹਾ ਸੀ ਅਤੇ ਕਤਲਾਂ ਤੇ ਮਾਰ-ਧਾੜ ਦਾ ਜ਼ੋਰ ਬਹੁਤ ਵੱਧ ਗਿਆ ਤਾਂ ਸਤਿਗੁਰੂ ਜੀ ਨੇ ਪੱਛਮੀ ਪੰਜਾਬ ਦੇ ਹਿੰਦੂ-ਸਿੱਖ ਲੋਕਾਂ ਨੂੰ ਪੂਰਬੀ ਪੰਜਾਬ ਵਿੱਚ ਆਉਣ ਦਾ ਹੋਕਾ ਦਿੱਤਾ। ਨਾਮਧਾਰੀ ਪਰਿਵਾਰਾਂ ਲਈ ਤਾਂ ਆਪ ਨੇ ਪਹਿਲਾਂ ਆਪ, ਫਿਰ ਬਾਬਾ ਜਗਜੀਤ ਸਿੰਘ ਜੀ ਨੂੰ ਭੇਜ ਕੇ, ਘਰ-ਘਰ ਜਾ ਕੇ, ਰਾਵੀ ਤੋਂ ਇੱਧਰ ਆ ਜਾਣ ਲਈ ਕਿਹਾ। ਇਹ ਆਪਣੇ ਆਪ ਨੂੰ ਖਤਰੇ ਵਿੱਚ ਪਾ ਕੇ ਵੀ ਆਪਣੇ ਸੇਵਕਾਂ ਨੂੰ ਬਚਾਉਣ ਤੇ ਉਨ੍ਹਾਂ ਦੀ ਰੱਖਿਆ ਕਰਨ ਵਾਲੀ ਬਲਵਾਨ ਭਾਵਨਾ ਸੀ। ਪੱਛਮੀ ਪੰਜਾਬ ਵਿੱਚੋਂ ਆਉਣ ਵਾਲੇ ਸ਼ਰਨਾਰਥੀਆਂ ਲਈ ਆਪ ਜੀ ਨੇ ਪਹਿਲਾਂ ਹੀ ਪ੍ਰਬੰਧ ਕਰ ਰੱਖੇ ਸਨ ਅਤੇ ਜੀਵਨ ਨਗਰ ਦੇ ਇਲਾਕੇ ਵਿੱਚ ਕਈ ਪਿੰਡਾਂ ਦੀ ਜ਼ਮੀਨ ਖਰੀਦ ਕੇ ਸ਼ਰਨਾਰਥੀ ਸਿੱਖਾਂ ਦੇ ਮੁੜ ਵਸੇਬੇ ਦਾ ਪ੍ਰਬੰਧ ਕਰ ਦਿੱਤਾ ਸੀ।

ਕੇਵਲ ਇੱਥੇ ਹੀ ਬਸ ਨਹੀਂ, ਸਗੋਂ ਏਧਰੋਂ ਜਾਣ ਵਾਲੇ ਮੁਸਲਮਾਨ ਵਿਸਥਾਪਤਾ ਲਈ ਸ੍ਰੀ ਭੈਣੀ ਸਾਹਿਬ ਦਾ ਸਦਾ ਵਰਤ ਲੰਗਰ ਸਦਾ ਲੋੜਵੰਦਾਂ ਦੀ ਅੰਨ-ਜਲ ਦੀ ਸਹਾਇਤਾ ਕਰਦਾ ਰਿਹਾ। ਸਤਿਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਇਹ ਸਖਤ ਹੁਕਮ ਕਰ ਦਿੱਤਾ ਸੀ ਕਿ ਕੋਈ ਵੀ ਨਾਮਧਾਰੀ ਸਿੱਖ ਬੇਗੁਨਾਹ ਮੁਸਲਮਾਨਾਂ ਦੀ ਹੱਤਿਆ ਨਾ ਕਰੇ ਤੇ ਉਨ੍ਹਾਂ ਦੀਆਂ ਬਹੂ-ਬੇਟੀਆਂ ਦੀ ਇੱਜ਼ਤ ਨੂੰ ਆਂਚ ਨਾ ਲੱਗਣ ਦੇਵੇ।

1950 ਦੇ ਦਹਾਕੇ ਵਿੱਚ ਜਦੋਂ ਪੰਜਾਬ ਵਿੱਚ ਵੀ ਵਿਸ਼ਵ ਅਮਨ ਲਹਿਰ ਅਧੀਨ

---

[1] ਤਰਨ ਸਿੰਘ ਵਹਿਮੀ, *ਜੱਸ ਜੀਵਨ*, ਭਾਗ–6, ਪੰਨਾ 323.

Namdhari Elibrary NamdhariElibrary@gmail.com

ਅਮਨ ਸੰਮੇਲਨ ਕੀਤੇ ਗਏ ਤਾਂ ਆਪ ਜੀ ਦਾ ਅੰਮ੍ਰਿਤਸਰ ਦੇ ਵਿਸ਼ਵ ਸੰਮੇਲਨ ਵਿੱਚ ਕਹੇ ਗਏ ਇਹ ਸ਼ਬਦ ਬੜੇ ਵੱਡਮੁੱਲੇ ਸਨ :- "ਕਿ ਜਿਵੇਂ ਮਰਦੇ ਦੀ ਅੰਤਲੇ ਦਮ ਤੱਕ ਦਵਾਈ ਨਹੀਂ ਛੱਡੀਦੀ, ਤਿਵੇਂ ਤੁਸੀਂ ਸਭ ਯਤਨ ਰੱਖੋ, ਸੰਸਾਰ ਦੀ ਸ਼ਾਂਤੀ ਲਈ।" ਚੇਤੇ ਰਹੇ ਕਿ ਭਾਵੇਂ ਪਹਿਲੇ ਮਹਾਂਯੁੱਧ ਵਿੱਚ ਬਰਤਾਨੀਆ, ਅਮਰੀਕਾ ਤੇ ਫਰਾਂਸ ਆਦਿ ਮਿੱਤਰ ਸ਼ਕਤੀਆਂ (Allied Forces) ਨੇ ਸੋਵੀਅਤ ਯੂਨੀਅਨ ਨਾਲ ਮਿਲ ਕੇ ਜਰਮਨੀ ਦੇ ਹਿਟਲਰ ਦੇ ਫਾਸ਼ੀਵਾਦ ਵਿਰੁੱਧ ਹਿਟਲਰ, ਮੋਸੋਲੀਨੀ ਅਤੇ ਟੋਜੋ ਦੀਆਂ ਫਾਸ਼ੀਵਾਦੀ ਸ਼ਕਤੀਆਂ ਦਾ ਟਾਕਰਾ ਕੀਤਾ ਸੀ ਅਤੇ ਅਗਸਤ 1945 ਵਿੱਚ ਪਰਮਾਣੂ ਬੰਬਾਂ ਦੀ ਵਰਤੋਂ ਕਰਕੇ ਹੀਰੋਸ਼ੀਮਾ ਤੇ ਨਾਗਾਸਾਕੀ ਦੀ ਭਿਆਨਕ ਤਬਾਹੀ ਪਿਛੋਂ ਦੂਜਾ ਸੰਸਾਰ ਯੁੱਧ ਜਿੱਤ ਲਿਆ ਸੀ, ਪਰ ਹੁਣ ਮਿੱਤਰ ਸ਼ਕਤੀਆਂ ਵਿੱਚ ਵੀ ਆਪਣੇ-ਆਪਣੇ ਵਿਸ਼ੇਸ਼ ਸਾਮਰਾਜਵਾਦੀ ਹਿੱਤਾਂ ਨੂੰ ਮੁੱਖ ਰੱਖ ਕੇ ਦੁਫੇੜ ਆ ਗਈ ਸੀ ਤੇ ਸੰਸਾਰ ਮੁੜ ਦੋ ਧੜਿਆਂ ਵਿੱਚ ਵੰਡਿਆ ਗਿਆ ਸੀ। ਇੱਕ ਪਾਸੇ ਸੋਵੀਅਤ ਯੂਨੀਅਨ ਤੇ ਪੂਰਬੀ ਯੂਰਪ ਦੇ ਹੋਰ ਸਮਾਜਵਾਦੀ ਦੇਸ਼ ਅਤੇ ਚੀਨ ਤੇ ਉੱਤਰੀ ਕੋਰੀਆ ਦਾ ਧੜਾ ਸੀ ਅਤੇ ਦੂਜੇ ਬੰਨੇ ਪੱਛਮੀ ਸਾਮਰਾਜਵਾਦੀ ਦੇਸ਼ ਦੂਜਾ ਧੜਾ ਬਣ ਗਿਆ ਸੀ। ਇਸ ਤਰ੍ਹਾਂ ਸੰਸਾਰ ਦੋ ਧੜਿਆਂ ਵਿੱਚ ਵੰਡਿਆ ਗਿਆ ਸੀ ਅਤੇ ਸੰਸਾਰ ਦੇ ਦੋਵੇਂ ਧੜਿਆਂ ਵਿੱਚ ਖਿਚੋਤਾਣ ਬਹੁਤ ਵੱਧ ਗਈ ਸੀ। ਤੀਜੇ ਮਹਾਂਯੁੱਧ ਨੂੰ ਰੋਕਣ ਲਈ ਹੀ ਵਿਆਨਾ, ਆਸਟਰੀਆ ਵਿਖੇ ਵਿਸ਼ਵ-ਅਮਨ ਲਹਿਰ ਨੂੰ ਜਥੇਬੰਦ ਕੀਤਾ ਗਿਆ ਸੀ। ਦੋਵਾਂ ਸਮਾਜਵਾਦੀ ਤੇ ਸਾਮਰਾਜਵਾਦੀ ਧੜਿਆਂ ਵਿੱਚ ਹਥਿਆਰਾਂ ਦੀ ਦੌੜ ਸ਼ੁਰੂ ਹੋ ਗਈ ਸੀ। ਅੰਮ੍ਰਿਤਸਰ ਦੇ ਵਿਸ਼ਵ ਅਮਨ ਸੰਮੇਲਨ ਵਿੱਚ ਹੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਐਲਾਨ ਕੀਤਾ ਸੀ ਕਿ ਜਿੰਨਾ ਚਿਰ ਤੱਕ ਦੋਵਾਂ ਧੜਿਆਂ ਵਿੱਚ ਹਥਿਆਰਾਂ ਦੀ ਦੌੜ ਤੇ ਨਵੇਂ-ਨਵੇਂ ਵਿਨਾਸ਼ਕਾਰੀ ਹਥਿਆਰਾਂ ਦੀਆਂ ਕਾਢਾਂ ਪਰਮਾਣੂ ਬੰਬ ਅਤੇ ਹਾਈਡਰੋਜਨ ਬੰਬ ਬਣਦੇ ਰਹਿਣਗੇ, ਸੰਸਾਰ ਵਿੱਚ ਅਮਨ ਕਿਵੇਂ ਹੋ ਸਕਦਾ ਹੈ?

## ਵਿਰੋਧਾਂ ਨੂੰ ਮੇਟ ਕੇ ਸਾਰਥਕ ਉਦੇਸ਼ਾਂ ਲਈ ਇੱਕ ਸਾਂਝਾ ਮੰਚ ਸਥਾਪਿਤ ਕਰਨਾ

ਸਤਿਗੁਰੂ ਪਰਤਾਪ ਸਿੰਘ ਜੀ ਦੀ ਇੱਕ ਵੱਡੀ ਦੇਣ ਭਿੰਨ-ਭਿੰਨ ਦ੍ਰਿਸ਼ਟੀਕੋਣ ਰੱਖਣ ਵਾਲੇ ਵਿਅਕਤੀਆਂ ਅਤੇ ਸੰਸਥਾਵਾਂ ਨੂੰ ਸਾਂਝੇ ਮਨੁੱਖੀ ਆਦਰਸ਼ਾਂ ਦੀ ਪ੍ਰਾਪਤੀ ਲਈ ਸਭ ਨੂੰ ਇਕੋ ਮੰਚ ਉੱਤੇ ਲਿਆ ਕੇ ਸਾਂਝੇ ਭਰਾਤਰੀ ਭਾਵ ਦੀ ਭਾਵਨਾ ਨੂੰ ਜਾਗਰੂਪ ਕਰਨਾ ਸੀ। ਇਹ ਸਤਿਗੁਰੂ ਪਰਤਾਪ ਸਿੰਘ ਜੀ ਦੀ ਕਰਾਮਾਤੀ ਸ਼ਖਸੀਅਤ ਦਾ ਚਮਤਕਾਰੀ ਗੁਣ ਸੀ। 1934 ਦੀ ਗੁਰੂ ਨਾਨਕ ਨਾਮ ਲੇਵਾ ਸੰਪ੍ਰਦਾਵਾਂ ਦੀ ਸ੍ਰੀ ਭੈਣੀ ਸਾਹਿਬ ਦੀ ਇਕੱਤਰਤਾ ਤੇ ਹੋਰ ਥਾਵਾਂ ਦੇ ਸੰਮੇਲਨ ਇਸ ਗੱਲ ਦੀ ਸ਼ਾਹਦੀ ਭਰਦੇ ਹਨ ਕਿ ਕਿਵੇਂ ਆਪ ਦੀ ਪ੍ਰੇਰਨਾ ਸਦਕਾ ਸਾਂਝੇ ਲਖਸ਼ਾਂ ਦੀ ਪ੍ਰਾਪਤੀ ਲਈ ਆਪਣੇ-ਆਪਣੇ ਮਤਭੇਦ ਭੁਲਾ ਕੇ ਸਾਂਝੀਵਾਲਤਾ ਦੇ ਸੂਤਰ ਵਿੱਚ ਪਰੋਏ ਗਏ। ਇਸ ਸੰਬੰਧ ਵਿੱਚ ਸਤਿਗੁਰੂ ਜੀ ਨੇ ਅਰਦਾਸ ਦੇ ਮਸਲੇ ਨੂੰ ਇੱਕ ਪਾਸੇ ਕਰ ਕੇ ਦੂਜਿਆਂ ਦੀ ਗੱਲ ਨੂੰ ਪ੍ਰਵਾਨ

ਕਰ ਲਿਆ ਅਤੇ ਆਪਣੇ ਮੱਤ ਬਾਰੇ ਕੱਟੜਤਾ ਤੋਂ ਦੂਰ ਰਹਿ ਕੇ ਸਾਂਝ ਨੂੰ ਕਾਇਮ ਰੱਖਣ ਲਈ ਦੂਜਿਆਂ ਦੇ ਮੱਤ ਨੂੰ ਪ੍ਰਵਾਨ ਕਰ ਲਿਆ ਤਾਂ ਜੁ ਸਾਂਝੇ ਲਕਸ਼ਾਂ ਦੀ ਪ੍ਰਾਪਤੀ ਵਿੱਚ ਕੋਈ ਵਿਘਨ ਨਾ ਪਵੇ। ਏਸੇ ਤਰ੍ਹਾਂ ਆਪ ਜੀ ਨੇ 1943 ਵਿੱਚ ਹਿੰਦੂ, ਸਿੱਖ, ਮੁਸਲਮਾਨਾਂ ਦੀਆਂ ਸਾਂਝੀਆਂ ਇਕੱਤਰਤਾਵਾਂ ਕਰਕੇ ਸਿੱਧ ਕਰ ਦਿੱਤਾ ਕਿ ਸਭ ਧਰਮਾਂ ਦੇ ਭਾਰਤੀਆਂ ਨੂੰ ਸਾਂਝੇ ਆਦਰਸ਼ਾਂ ਦੀ ਪ੍ਰਾਪਤੀ ਲਈ ਇੱਕ ਮੁੱਠ ਹੋ ਕੇ ਰਲ ਮਿਲ ਕੇ ਚਲਣਾ ਚਾਹੀਦਾ ਹੈ। 18ਵੀਂ ਸਦੀ ਦੀ ਫਰਾਂਸ ਦੀ ਕ੍ਰਾਂਤੀ ਨੇ ਵੀ ਸੁਤੰਤਰਤਾ, ਸਮਾਨਤਾ ਤੇ ਭਰਾਤਰੀਅਤਾ ਦਾ ਪਾਠ ਪੜ੍ਹਾਇਆ ਸੀ। ਸਤਿਗੁਰੂ ਪਰਤਾਪ ਸਿੰਘ ਜੀ ਨੇ ਵੀ ਭਾਰਤ ਦੀ ਸੁਤੰਤਰਤਾ ਦੇ ਸੰਗਰਾਮ ਨੂੰ ਸਿਰੇ ਚਾੜ੍ਹਨ ਲਈ ਅਜਿਹੀ ਕ੍ਰਾਂਤੀਕਾਰੀ ਨੀਤੀ ਨੂੰ ਹੀ ਸਨਮੁੱਖ ਰਖਿਆ ਸੀ। 1940 ਦੇ ਦਹਾਕੇ ਦੇ ਏਕਤਾ ਸੰਮੇਲਨਾਂ ਵਿੱਚ ਸਤਿਗੁਰੂ ਪਰਤਾਪ ਸਿੰਘ ਵੱਲੋਂ ਕੀਤੇ ਗਏ ਯਤਨਾਂ ਵਿੱਚ ਭਰਾਤਰੀਅਤਾ ਦੇ ਇਹੋ ਕ੍ਰਾਂਤੀਕਾਰੀ ਲਕਸ਼ ਹੀ ਪ੍ਰਧਾਨ ਸਨ।

## ਹੱਥੀਂ ਕਿਰਤ ਕਰਨਾ ਤੇ ਵੰਡ ਛਕਣਾ

ਜਦੋਂ ਨਾਭੇ ਦੇ ਮਹਾਰਾਜਾ ਰਿਪੁਦਮਨ ਸਿੰਘ ਵੱਲੋਂ ਟਿੱਕਾ ਪ੍ਰਤਾਪ ਸਿੰਘ ਦੇ ਜਨਮ ਸਮੇਂ ਸਤਿਗੁਰੂ ਜੀ ਨੂੰ ਮਠਾਰੜ੍ਹ ਦੀ ਬੀੜ ਭੇਟ ਕੀਤੀ ਗਈ ਤਾਂ ਆਪ ਜੀ ਨੇ ਉਸ 128[1] ਏਕੜ ਦੀ ਜ਼ਮੀਨ ਨੂੰ ਆਪਣੇ ਹੱਥੀਂ ਕਹੀ ਫੜ ਕੇ ਆਬਾਦ ਕਰਨ ਵਿੱਚ ਹਿੱਸਾ ਪਾਇਆ ਅਤੇ 60 ਘੁਮਾਂ ਜ਼ਮੀਨ ਸ੍ਰੀ ਭੈਣੀ ਸਾਹਿਬ ਦੇ ਲੋਹ ਲੰਗਰ ਲਈ ਰੱਖ ਕੇ ਬਾਕੀ ਜ਼ਮੀਨ ਬੇਜ਼ਮੀਨੇ, ਲੋੜਵੰਦ 115-120 ਪਰਿਵਾਰਾਂ ਨੂੰ ਸਾਢੇ ਤਿੰਨ ਘੁਮਾਂ ਤੋਂ ਦਸ ਘੁਮਾਂ ਘਰ ਪ੍ਰਤੀ ਦੇ ਕੇ ਉਨ੍ਹਾਂ ਨੂੰ ਸੌਖਾ ਗੁਜ਼ਰਾਨ ਕਰਨ ਦੇ ਯੋਗ ਬਣਾ ਦਿੱਤਾ।

ਏਸੇ ਤਰ੍ਹਾਂ ਸ੍ਰੀ ਜੀਵਨ ਨਗਰ ਦੇ ਇਲਾਕੇ ਦੀ ਖਰੀਦੀ ਗਈ ਭੂਮੀ ਲਈ 500 ਏਕੜ ਸਤਿਗੁਰੂ ਹਰੀ ਸਿੰਘ ਵਿਦਿਆਲੇ ਲਈ ਰਾਖਵੀਂ ਰੱਖ ਕੇ ਬਾਕੀ ਦੀ ਜ਼ਮੀਨ ਨਿਆਪੂਰਵਕ ਢੰਗ ਨਾਲ ਜਿੰਨਾ-ਜਿੰਨਾ ਕਿਸੇ ਦਾ ਹੱਕ ਬਣਦਾ ਸੀ, ਆਏ ਸ਼ਰਨਾਰਥੀਆਂ ਦੇ ਹਵਾਲੇ ਕਰ ਦਿੱਤੀ। ਇਸ ਤੋਂ ਬਿਨਾਂ, ਕੁਝ ਭੂਮੀ ਚੰਗੀ ਨਸਲ ਦੀਆਂ ਗਊਆਂ, ਮੱਝਾਂ ਅਤੇ ਘੋੜਿਆਂ ਦੀਆਂ ਨਸਲਾਂ ਦੇ ਸੁਧਾਰ ਲਈ ਰਾਖਵੀਂ ਕੀਤੀ ਤਾਂ ਜੋ ਲੋਕਾਂ ਨੂੰ ਇਹ ਦੱਸਿਆ ਜਾ ਸਕੇ ਕਿ ਪਸ਼ੂ-ਧਨ ਦੀ ਚੰਗੀ ਸੰਭਾਲ ਕਿਵੇਂ ਕਰਨੀ ਚਾਹੀਦੀ ਹੈ।

ਪਸ਼ੂਆਂ ਦੀ ਸੇਵਾ-ਸੰਭਾਲ, ਨਸਲਾਂ ਦਾ ਸੁਧਾਰ, ਉਨ੍ਹਾਂ ਦੇ ਰੋਗਾਂ ਅਤੇ ਇਲਾਜ ਬਾਰੇ ਸਤਿਗੁਰੂ ਜੀ ਦਾ ਨਿੱਜੀ ਗਿਆਨ ਤੇ ਅਨੁਭਵ ਬਹੁਤ ਵਿਸ਼ਾਲ ਸੀ। ਆਪ ਜੀ ਦਾ ਪਸ਼ੂਆਂ ਪ੍ਰਤੀ ਪ੍ਰੇਮ ਤੇ ਉਨ੍ਹਾਂ ਦੇ ਹੋਰ ਵਾਧੇ ਬਾਰੇ ਆਪ ਜੀ ਦਾ ਤਜਰਬਾ ਗਿਆਨ ਸਭ ਪਸ਼ੂ-ਪਾਲਕਾਂ ਲਈ ਅਗਵਾਈ ਕਰਨਯੋਗ ਸੀ। ਆਪਣੀਆਂ ਗਊਆਂ, ਮੱਝਾਂ ਅਤੇ ਘੋੜਿਆਂ ਸੰਬੰਧੀ ਆਪ ਜੀ ਦਾ ਮੋਹ ਏਨਾ ਡੂੰਘਾ ਅਤੇ ਵਿਆਪਕ ਸੀ ਕਿ ਆਪ ਜੀ ਨੇ ਆਪਣੇ ਹਰ ਪਸ਼ੂ ਦੇ ਨਾਮ ਰੱਖੇ ਹੋਏ ਸਨ, ਜਿਨ੍ਹਾਂ ਨਾਲ ਉਹ ਉਹਨਾਂ ਨੂੰ ਬੁਲਾਉਂਦੇ ਅਤੇ ਜਾਨਵਰ ਤੇ ਪਸ਼ੂ ਉਨ੍ਹਾਂ ਤੋਂ ਥਾਪੜੇ ਤੇ ਪਿਆਰ ਲਈ ਤਾਂਘਦੇ ਰਹਿੰਦੇ।

ਆਪ ਜੀ ਦੇ ਪਸ਼ੂ-ਧਨ ਦੇ ਪ੍ਰੇਮ ਤੇ ਉਮਾਹ ਸੰਬੰਧੀ ਡਾ. ਕਰਮ ਸਿੰਘ ਕਪੂਰ

---

[1] ਡਾ. ਕਰਮ ਸਿੰਘ ਕਪੂਰ, *ਸਤਿਗੁਰੂ ਪਰਤਾਪ ਸਿੰਘ : ਇੱਕ ਮਹਾਨ ਸਤਿਗੁਰੂ*, ਪੰਨਾ 60.

Namdhari Elibrary NamdhariElibrary@gmail.com

ਇੰਞ ਵਰਣਨ ਕਰਦਾ ਹੈ : "ਜੀਵਨ ਨਗਰ ਦੇ ਸ੍ਰੀ ਗੁਰੂ ਹਰੀ ਸਿੰਘ ਫ਼ਾਰਮ ਦੀਆਂ ਗਊਆਂ ਦੀ ਪ੍ਰਸਿੱਧੀ ਬੇਮਿਸਾਲ ਹੈ। ਦੁੱਧ ਘਿਓ ਵੱਲੋਂ ਤਾਂ ਇਨ੍ਹਾਂ ਭਾਰਤ ਦੇ ਸਾਰੇ ਰਿਕਾਰਡ ਮਾਤ ਕਰ ਦਿੱਤੇ ਹਨ। ਆਪ ਜੀ ਨੇ ਆਪਣੀਆਂ ਗਊਆਂ ਦੇ ਨਾਂ ਵੀ ਕਿਸੇ ਅਲੌਕਿਕ ਤੇ ਧਾਰਮਿਕ ਪਿਆਰ ਦੇ ਜਜ਼ਬੇ ਅਧੀਨ, ਪੁਤਲੀ, ਗੰਗਾ, ਜਮਨਾ, ਸੁਰਸਤੀ, ਨਵਰਤਨ, ਨੌਲਖੀ, ਸੱਸੀ, ਸੁਰੱਯਾ ਅਤੇ ਮੀਨਾ ਆਦਿ ਰੱਖੇ ਹੋਏ ਸਨ। ਗਊਆਂ ਦੇ ਮੁਕਾਬਲੇ ਵਿੱਚ ਸਰਬ-ਰੱਖਿਅਕ ਭਗਵਾਨ ਦੇ ਵਿਸ਼ਾਲ ਮਨ ਵਿੱਚ ਮੱਝਾਂ ਅਤੇ ਘੋੜੇ ਘੋੜੀਆਂ ਲਈ ਵੀ ਓਨੀ ਹੀ ਥਾਂ ਸੀ। ਜੇਕਰ ਮੱਝਾਂ ਦੇ ਨਾਂ ਸੋਹਣੀ, ਪਿਆਰੋ, ਫੁੱਲ, ਹੀਰ ਤੇ ਲਾਜੋ ਆਦਿ ਰੱਖੇ ਤਾਂ ਘੋੜੀਆਂ ਨੂੰ ਪੰਜਾਬਣ, ਫੈਲ, ਦਿਲਦਾਰ, ਸ਼ੀਹਣੀ, ਸ਼ਕੁੰਤਲਾ, ਵਿਜੈ ਹਿੰਦ ਦੇ ਨਾਵਾਂ ਨਾਲ ਸ਼ਿੰਗਾਰਿਆ ਅਤੇ ਘੋੜਿਆਂ ਨੂੰ ਬੱਬਰ-ਬਾਹਨ, ਬਾਜ਼, ਜੈਭਾਰਤ, ਪਵਨ ਅਤੇ ਕੇਸਰੀ ਦਾ ਖਿਤਾਬ ਦੇ ਸਨਮਾਨਿਆ। ਗਊਆਂ ਨਾਲੋਂ ਆਪ ਜੀ ਦੀਆਂ ਘੋੜੀਆਂ ਅਤੇ ਘੋੜੇ ਵੀ ਪਿੱਛੇ ਨਹੀਂ ਰਹੇ। ਘੋੜੇ ਘੋੜੀਆਂ ਨੇ ਤਾਂ ਕਈ ਮਾਅਰਕੇ ਦੀਆਂ ਰੇਸਾਂ ਜਿੱਤ ਦੇਸਾਂ-ਵਿਦੇਸ਼ਾਂ ਵਿੱਚ ਧਾਕਾਂ ਪਾ ਦਿੱਤੀਆਂ।"

## ਮਾਤ ਭਾਸ਼ਾ ਪੰਜਾਬੀ ਲਈ ਵਿਸ਼ੇਸ਼ ਹਿੱਤ

ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਸਿੱਖ ਗੁਰੂ ਸਾਹਿਬਾਨ ਨੇ ਸੁਦੇਸ਼ੀ ਭਾਸ਼ਾਵਾਂ ਲਈ ਵਿਸ਼ੇਸ਼ ਉਤਸ਼ਾਹ ਦਰਸਾਇਆ। ਨਾ ਕੇਵਲ ਆਪ ਇਨ੍ਹਾਂ ਭਾਸ਼ਾਵਾਂ ਵਿੱਚ ਬਾਣੀ ਦੀ ਰਚਨਾ ਕੀਤੀ ਅਤੇ ਜਨਮ ਸਾਖੀਆਂ ਲਿਖਵਾਈਆਂ, ਸਗੋਂ ਬਹੁਤ ਸਾਰੇ ਸਾਹਿਤ ਦੀ ਸੰਭਾਲ ਕਰਕੇ ਉਨ੍ਹਾਂ ਉਸ ਨੂੰ ਸਦਾ ਲਈ ਸੁਰੱਖਿਅਤ ਕਰ ਦਿੱਤਾ। ਆਦਿ ਗ੍ਰੰਥ ਸਾਹਿਬ ਦੀਆਂ ਪੁਰਾਤਨ ਬੀੜਾਂ ਤੇ ਹੋਰ ਸਾਹਿਤ ਨੂੰ ਖੂਬਸੂਰਤ ਰੰਗਦਾਰ ਹਾਸ਼ੀਏ ਵਾਲੇ ਹੰਢਣਸਾਰ ਕਾਗਜ਼ਾਂ ਉੱਤੇ ਲਿਖਵਾਇਆ। ਉਹੀ ਪਰੰਪਰਾ ਨਾਮਧਾਰੀ ਗੁਰੂ ਸਾਹਿਬਾਨ ਦੇ ਸਮੇਂ ਜਾਰੀ ਰਹੀ। ਸਤਿਗੁਰੂ ਪਰਤਾਪ ਸਿੰਘ ਜੀ ਦਾ ਵੀ ਪੰਜਾਬੀ ਮਾਤ ਭਾਸ਼ਾ ਦੀ ਉੱਨਤੀ ਸੰਬੰਧੀ ਯੋਗਦਾਨ ਬੜਾ ਮਹੱਤਵਪੂਰਨ ਹੈ। ਆਪ ਜੀ ਦੀ ਸਰਪ੍ਰਸਤੀ ਵਿੱਚ ਹੀ 'ਕੂਕਾ', 'ਸਤਿਜੁਗ' ਵਰਗੇ ਪੱਤਰ ਜਾਰੀ ਹੋਏ। ਸ੍ਰੀ ਭੈਣੀ ਸਾਹਿਬ ਵਿਖੇ 'ਰਾਮ ਹਰੀ ਵਿਦਿਆਲਾ' ਖੋਲ੍ਹਿਆ ਗਿਆ ਤਾਂ ਜੋ ਵਿਦਿਆਰਥੀ ਮਾਤ-ਭਾਸ਼ਾ ਪੰਜਾਬੀ ਤੇ ਗੁਰਮੁਖੀ ਅੱਖਰਾਂ ਨਾਲ ਭਲੀ ਪ੍ਰਕਾਰ ਪਰਿਚਿਤ ਤੇ ਪ੍ਰਵੀਨ ਹੋ ਸਕਣ। 17-18 ਅਕਤੂਬਰ 1942 ਨੂੰ ਆਪ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਸ. ਬਲਦੇਵ ਸਿੰਘ ਦੀ ਪ੍ਰਧਾਨਗੀ ਵਿੱਚ ਪੰਜਾਬੀ ਕਾਨਫਰੰਸ ਕੀਤੀ, ਜਿਸ ਵਿੱਚ ਕਈ ਪੰਜਾਬੀ ਦੇ ਉੱਘੇ ਲੇਖਕ ਸ਼ਾਮਲ ਹੋਏ ਅਤੇ ਪੰਜਾਬੀ ਮਾਤ-ਭਾਸ਼ਾ ਦੇ ਵਾਧੇ ਲਈ ਕਈ ਮਤੇ ਪਾਸ ਕੀਤੇ ਗਏ। ਸਤਿਗੁਰੂ ਜੀ ਨੇ ਕੇਂਦਰੀ ਪੰਜਾਬੀ ਲੇਖਕ ਸਭਾ ਵਰਗੀਆਂ ਸੰਸਥਾਵਾਂ ਨੂੰ ਵੀ ਆਪਣੇ ਵੱਲੋਂ ਪੂਰਨ ਸਹਿਯੋਗ ਦਾ ਯਕੀਨ ਦੁਆਇਆ।

ਪੰਜਾਬੀ ਲੇਖਕਾਂ ਦਾ ਇੱਕ ਵੱਡਾ ਮੰਡਲ ਆਪ ਜੀ ਦੇ ਸਨੇਹ ਅਤੇ ਉਤਸ਼ਾਹ ਦਾ ਸਦਾ ਪਾਤਰ ਰਿਹਾ। ਸੰਤ ਨਿਧਾਨ ਸਿੰਘ ਆਲਮ, ਸੰਤ ਇੰਦਰ ਸਿੰਘ ਚੱਕਰਵਰਤੀ, ਅਵਤਾਰ ਸਿੰਘ ਆਜ਼ਾਦ, ਸ. ਗੁਰਬਖਸ਼ ਸਿੰਘ, ਪ੍ਰਿੰ. ਤੇਜਾ ਸਿੰਘ, ਲਾਲਾ ਧਨੀ ਰਾਮ

Namdhari Elibrary NamdhariElibrary@gmail.com

ਚਾਤ੍ਰਿਕ, ਗਿਆਨੀ ਹੀਰਾ ਸਿੰਘ ਦਰਦ, ਗਿਆਨੀ ਗੁਰਮੁੱਖ ਸਿੰਘ ਮੁਸਾਫਰ, ਤ੍ਰਿਲੋਕ ਸਿੰਘ ਤੂਫਾਨ, ਡਾ. ਕਰਮ ਸਿੰਘ ਕਪੂਰ, ਸ. ਨਾਹਰ ਸਿੰਘ ਗਰੇਵਾਲ ਇਤਿਹਾਸਕਾਰ, ਹਰਨਾਮ ਸਿੰਘ ਬਗਲੀ ਵਾਲਾ, ਪ੍ਰੀਤਮ ਸਿੰਘ ਕਵੀ ਆਦਿ ਸਭ ਨਾਲ ਆਪ ਜੀ ਦਾ ਪ੍ਰੇਮ ਸੀ। ਆਪ ਜੀ ਦੀ ਸਰਪ੍ਰਸਤੀ ਵਿੱਚ 'ਸਤਿਜੁਗ' ਦੇ ਬਸੰਤ ਅੰਕ ਵਿਸ਼ੇਸ਼ ਤੌਰ ਤੇ ਪੰਜਾਬੀ ਪਾਠਕਾਂ ਲਈ ਅਨਮੋਲ ਸੁਗਾਤਾਂ ਸਨ। ਸਾਹਿਤਕਾਰਾਂ ਅਤੇ ਕਲਾਕਾਰਾਂ ਦੀ ਸਰਪ੍ਰਸਤੀ ਕਰਨਾ ਗੁਰੂ ਘਰ ਦੀ ਸਦਾ ਰਵਾਇਤ ਬਣੀ ਰਹੀ ਹੈ। ਸਤਿਗੁਰੂ ਪਰਤਾਪ ਸਿੰਘ ਜੀ ਨੇ ਵੀ ਇਸੇ ਪਰੰਪਰਾ ਨੂੰ ਹੋਰ ਵਿਕਸਿਤ ਕਰਨ ਵਿੱਚ ਵੱਡਮੁੱਲਾ ਹਿੱਸਾ ਪਾਇਆ। ਪ੍ਰਸਿੱਧ ਸਿੱਖ ਇਤਿਹਾਸ ਲੇਖਕ ਗਿਆਨੀ ਗਿਆਨ ਸਿੰਘ ਦਾ ਉਚੇਚੇ ਤੌਰ ਤੇ ਸਨਮਾਨ ਕੀਤਾ।

## ਗੁਰਮਤਿ ਸੰਗੀਤ ਨੂੰ ਦੇਣ

ਗੁਰੂ ਘਰ ਵਿੱਚ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਬਾਣੀ ਤੇ ਸੰਗੀਤ ਦਾ ਸੁਮੇਲ ਬਣਿਆ ਰਿਹਾ ਹੈ। ਵੀਹਵੀਂ ਸਦੀ ਦੇ ਮਹਾਨ ਸਿੱਖ ਸਾਹਿਤਕਾਰ ਪ੍ਰੋ. ਪੂਰਨ ਸਿੰਘ ਨੇ ਤਾਂ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਨੂੰ ਇੰਞ ਬਿਆਨ ਕੀਤਾ ਹੈ ਕਿ ਆਪ ਇੱਕ ਰੱਬੀ ਗੀਤ ਸਮਾਨ ਇਸ ਧਰਤੀ 'ਤੇ ਆਏ ਅਤੇ ਇਸ ਧਰਤੀ ਨੂੰ ਛੋਂਹਦਿਆਂ ਹੀ ਆਪਣਾ ਮਧੁਰ ਗੀਤ ਅਲਾਪਣਾ ਸ਼ੁਰੂ ਕਰ ਦਿੱਤਾ। ਉਦਾਸੀਆਂ ਸਮੇਂ ਰਬਾਬੀ ਭਾਈ ਮਰਦਾਨੇ ਨੂੰ ਆਪਣੇ ਨਾਲ ਰੱਖਿਆ ਅਤੇ ਆਪ ਇੰਞ ਫੁਰਮਾਨ ਕਰਦੇ 'ਮਰਦਾਨਿਆ ਰਬਾਬ ਵਜਾ, ਬਾਣੀ ਦਾ ਅਵਤਰਣ ਹੋ ਰਿਹਾ ਹੈ।' ਗੁਰਬਾਣੀ ਕੀਰਤਨ ਦੀ ਪਰੰਪਰਾ ਨੂੰ ਸਾਰੇ ਗੁਰੂ ਸਾਹਿਬਾਨ ਨੇ ਆਪਣੇ ਸਮੇਂ ਅੱਗੇ ਤੋਰੀ ਰੱਖਿਆ। ਗੁਰਮਤਿ-ਸੰਗੀਤ ਦੀਆਂ ਕਈ ਪ੍ਰਣਾਲੀਆਂ ਵਿਕਸਿਤ ਹੋਈਆਂ। ਕਹਿਣ ਦਾ ਭਾਵ ਇਹ ਹੈ ਕਿ ਜਿਥੇ ਗੁਰੂ ਸਾਹਿਬਾਨ ਨੇ ਗੁਰਬਾਣੀ ਦੇ ਰੂਪ ਵਿੱਚ ਅਧਿਆਤਮਕ ਸਾਹਿਤ ਦਾ ਮਹਾਨ ਵਿਰਸਾ ਪੰਜਾਬ ਨੂੰ ਬਖਸ਼ਿਆ, ਉਥੇ ਸੰਗੀਤ-ਕਲਾ ਨੂੰ ਵੀ ਗੁਰਮਤਿ-ਸੰਗੀਤ ਦੇ ਰੂਪ ਵਿੱਚ ਗੁਰਬਾਣੀ ਦੇ ਨਿਰੰਤਰ ਗਾਇਨ ਤੇ ਕੀਰਤਨ ਦੁਆਰਾ ਸੁਰੱਖਿਅਤ ਕੀਤਾ। ਗੁਰਮਤਿ-ਸੰਗੀਤ ਦਾ ਇਹ ਭੰਡਾਰ ਵੀ ਉੱਚ ਕੋਟੀ ਦੀਆਂ ਵਿਸ਼ੇਸ਼ਤਾਵਾਂ ਦਾ ਧਾਰਨੀ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਹੀ ਨਾਮਧਾਰੀ ਪੰਥ ਵਿੱਚ ਸੰਗੀਤ ਦੀ ਪਰੰਪਰਾ ਨੇ ਨਵਾਂ ਸਰੂਪ ਧਾਰਨ ਕੀਤਾ। 'ਕੂਕਾ ਨਾਮ ਨਾਮਧਾਰੀਆਂ ਦੇ ਕੀਰਤਨ ਦੀ ਵਿਸ਼ੇਸ਼ਤਾ' ਤੋਂ ਹੀ ਪਿਆ ਹੈ।

ਸਤਿਗੁਰੂ ਪਰਤਾਪ ਸਿੰਘ ਜੀ ਨੇ ਆਪਣੇ ਗੁਰੂ-ਕਾਲ ਵਿੱਚ ਗੁਰਮਤਿ ਸੰਗੀਤ ਦੀ ਪਰੰਪਰਾ ਵਿੱਚ ਚੋਖਾ ਵਾਧਾ ਕੀਤਾ ਹੈ। ਆਪ ਜੀ ਨੇ ਭਾਈ ਹਰਨਾਮ ਸਿੰਘ ਤੋਂ ਸੰਗੀਤ ਦੀ ਮੁੱਢਲੀ ਸਿੱਖਿਆ ਪ੍ਰਾਪਤ ਕੀਤੀ ਅਤੇ ਗੁਰਬਾਣੀ ਕੀਰਤਨ ਦੀ ਮਰਿਆਦਾ, ਪੂਰਨ ਗਾਇਨ ਸ਼ੈਲੀ ਨੂੰ ਸੁਨਿਸ਼ਚਿਤ, ਸੁਰੱਖਿਅਤ ਅਤੇ ਸੁਵਿਕਸਿਤ ਕਰ ਦਿੱਤਾ। "ਆਪ ਜੀ ਨੇ ਭਾਈ ਮਸਤਾਨ ਸਿੰਘ ਤੇ ਭਾਈ ਕਾਲੂ ਜੀ ਤੋਂ ਤਾਊਸ ਵਜਾਉਣਾ ਸਿੱਖਿਆ ਅਤੇ ਇੱਕ ਤਾਲਾ, ਜੈ ਤਾਰ, ਇੰਦਰ ਤਾਰ, ਆੜਾ, ਚੁਤਾਲਾ, ਤੇਝ, ਚੰਚਲ ਤੇ ਤਿੰਨ ਤਾਰ ਵਿੱਚ ਰਾਗਾਂ ਦੀ ਮੁਹਾਰਤ ਹਾਸਲ ਕਰ ਗੁਰਮਤਿ-ਸੰਗੀਤ ਤੇ ਪੂਰਨ ਅਧਿਕਾਰ ਪ੍ਰਾਪਤ ਕੀਤਾ।

[1] ਡਾ. ਕਰਮ ਸਿੰਘ ਕਪੂਰ, *ਸਤਿਗੁਰੂ ਪਰਤਾਪ ਸਿੰਘ : ਇੱਕ ਮਹਾਨ ਸਤਿਗੁਰੂ*, ਪੰਨਾ 71-72.

Namdhari Elibrary NamdhariElibrary@gmail.com

ਧਮਾਰ ਤੇ ਧਰੁਪਦ ਵਿੱਚ ਆਪ ਜੀ ਦੀ ਵਿਸ਼ੇਸ਼ ਦਿਲਚਸਪੀ ਸੀ। ਆਪ ਜੀ ਨੇ ਭੈਣੀ ਸਾਹਿਬ ਵਿਖੇ ਨਾਮਧਾਰੀ ਸੰਗੀਤ ਵਿਦਿਆਲਾ ਖੋਲ੍ਹਿਆ। ਜਿਥੇ ਭਾਈ ਹਰਨਾਮ ਸਿੰਘ ਵਿਦਿਆਰਥੀਆਂ ਦੇ ਗਲਿਆਂ ਨੂੰ ਸੁਰ ਕਰਦੇ ਰਹੇ, ਉਥੇ ਨਸੀਰ ਵਰਗੇ ਜੋਤੀ ਦੇ ਕਲਾਕਾਰ ਉਨ੍ਹਾਂ ਦੇ ਪੋਟਿਆਂ ਵਿੱਚ ਸੰਗੀਤਕ ਥਰਕਣ ਭਰਦੇ ਰਹੇ। ਭਾਰਤ ਵਰਸ਼ ਦਾ ਕੋਈ ਗਾਇਕ ਅਜਿਹਾ ਨਹੀਂ, ਜਿਸ ਨੇ ਆਪ ਜੀ ਤੋਂ ਮਾਣ ਨਾ ਲਿਆ ਹੋਵੇ। ਪੰਡਤ ਓਅੰਕਾਰ ਨਾਥ, ਬੜੇ ਗੁਲਾਮ ਅਲੀ ਖਾਂ, ਕ੍ਰਿਸ਼ਨ ਰਾਓ, ਪੰਡਤ ਭੀਮ ਸੈਨ ਜੋਸ਼ੀ, ਕਾਨਨ, ਪੰਡਤ ਮਹਾਂ ਦੇਉ, ਪੰਨਾ ਲਾਲ ਕਥਕ ਤੇ ਪਟਵਰਧਨ ਆਦਿ ਆਪਣੀ-ਆਪਣੀ ਕਲਾ ਦੇ ਚਮਤਕਾਰ ਵਿਖਾਉਂਦੇ ਰਹੇ, ਪਰ ਆਪ ਜੀ ਜਦ ਕਦੇ ਤਾਊਸ ਦੀਆਂ ਤਰਬਾਂ ਤੇ ਆਪ ਹੱਥ ਰੱਖਦੇ ਅਤੇ ਤਾਰਾਂ ਪਵਿੱਤਰ ਕਰ-ਕਮਲਾਂ ਦੀ ਛੋਹ ਪ੍ਰਾਪਤ ਕਰ ਅਗੰਮੀ ਲੈਅ ਵਿੱਚ ਗੂੰਜਦੀਆਂ ਤਾਂ ਉਹ ਸੁਣਨ ਵਾਲਿਆਂ ਦੀਆਂ ਜਿੰਦ-ਤਰਬਾਂ ਨੂੰ ਹਲੂਣਦੀਆਂ, ਮਦ-ਮਸਤ ਕਰਦੀਆਂ ਜਾਂਦੀਆਂ। ਆਪ ਜੀ ਦੇ ਹਜ਼ੂਰੀ ਰਾਗੀਆਂ, ਭਾਈ ਸਾਹਿਬ ਭਾਈ ਹਰਨਾਮ ਸਿੰਘ ਜੀ, ਭਾਈ ਕਾਲੂ ਜੀ, ਭਾਈ ਮੜੂ ਜੀ, ਭਾਈ ਸੋਹਣਾ ਜੀ, ਭਾਈ ਸੰਦਲ ਜੀ ਅਤੇ ਤੀ ਆਦਿ ਜੀ ਵੀ ਆਪ ਜੀ ਤੋਂ ਦਾਤਾਂ ਦੀਆਂ ਝੋਲੀਆਂ ਭਰ ਕੀਤੀ ਕਮਾਈ ਵੀ ਲਾਸਾਨੀ ਹੈ।"

1933 ਈ. ਦਾ ਭੈਣੀ ਸਾਹਿਬ ਵਿਖੇ ਸਤਿਗੁਰੂ ਪਰਤਾਪ ਸਿੰਘ ਜੀ ਵੱਲੋਂ ਬੁਲਾਇਆ ਗਿਆ ਗੁਰਮਤਿ ਸੰਗੀਤ-ਸੰਮੇਲਨ ਦਾ ਉਦੇਸ਼ ਵੀ ਇਹੀ ਸੀ ਕਿ ਸਮੇਂ ਦੇ ਪ੍ਰਸਿੱਧ ਰਾਗੀਆਂ ਦੀ ਗਾਇਕੀ ਵਿੱਚ ਨਿਪੁੰਨਤਾ ਅਤੇ ਵਿਸ਼ੇਸ਼ਤਾਵਾਂ ਨੂੰ ਵੇਖਿਆ ਪਰਖਿਆ ਜਾਵੇ ਅਤੇ ਇਨਾਮੀ ਮੁਕਾਬਲਿਆਂ ਰਾਹੀਂ ਉਨ੍ਹਾਂ ਨੂੰ ਗੁਰਮਤਿ ਸੰਗੀਤ ਅਤੇ ਗੁਰ ਕੀਰਤਨ ਦੀ ਕਲਾ ਨੂੰ ਹੋਰ ਵਿਕਸਿਤ ਤੇ ਨਵੀਆਂ ਦਿਸ਼ਾਵਾਂ ਦੀ ਸੋਝੀ ਕਰਵਾਈ ਜਾਵੇ।

ਅਸੀਂ ਵਰਣਨ ਕਰ ਆਏ ਹਾਂ ਕਿ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਆਪ ਜੀ ਨੇ ਸੰਗੀਤ ਕਲਾ ਵਿੱਚ ਪ੍ਰਵੀਨ ਹੋਣ ਦਾ ਆਸ਼ੀਰਵਾਦ ਦਿੱਤਾ ਸੀ। ਇਸੇ ਤਰ੍ਹਾਂ ਛੋਟੇ ਮਹਾਰਾਜ ਬਾਬਾ ਬੀਰ ਸਿੰਘ ਨੂੰ ਤਬਲੇ ਤੇ ਪਖਾਵਜ ਦੀਆਂ ਤਾਲਾਂ ਵਿੱਚ ਮੁਹਾਰਤ ਪ੍ਰਾਪਤ ਕਰਨ ਲਈ ਕਾਦਰ ਬਖਸ਼ ਵਰਗੇ ਉੱਘੇ ਵਾਦਕਾਂ ਕੋਲ ਭੇਜਿਆ।

ਆਪ ਜੀ ਨੇ ਆਸਾ ਦੀ ਵਾਰ ਦੇ ਕੀਰਤਨ ਦੇ ਭੋਗ ਸਮੇਂ ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਵਿੱਚ ਧਨਾਸਰੀ ਰਾਗ ਦੇ ਸ਼ਬਦ

ਤੁਮ ਘਰਿ ਆਵਹੁ ਮੇਰੇ ਮੀਤ॥
ਤੁਮਰੇ ਦੋਖੀ ਹਰਿ ਆਪਿ ਨਿਵਾਰੇ ਅਪਦਾ ਭਈ ਬਿਤੀਤ॥

ਦੇ ਗਾਇਨ ਦਾ ਆਦੇਸ਼ ਕੀਤਾ ਜੋ ਅੱਜ ਵੀ ਨਾਮਧਾਰੀ ਦਰਬਾਰ ਦੇ ਹਜ਼ੂਰੀ ਰਾਗੀ ਮਰਿਆਦਾ ਪੂਰਵਕ ਢੰਗ ਨਾਲ ਇਸ ਸ਼ਬਦ ਦਾ ਗਾਇਨ ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਸਮੇਂ ਕਰਦੇ ਹਨ।

ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਦੇ ਗੁਰਮਤਿ ਸੰਗੀਤ ਦੀਆਂ ਕਈ ਰੀਤਾਂ ਅੱਜ ਵੀ ਨਾਮਧਾਰੀ ਕੀਰਤਨਕਾਰ ਉਸੇ ਰੂਪ ਵਿੱਚ ਗਾਉਂਦੇ ਹਨ।

Namdhari Elibrary NamdhariElibrary@gmail.com

## ਵੱਡੇ ਸਮਾਜ ਸੁਧਾਰਕ

ਸਤਿਗੁਰੂ ਪਰਤਾਪ ਸਿੰਘ ਜੀ 20ਵੀਂ ਸਦੀ ਦੇ ਪ੍ਰਮੁੱਖ ਸਮਾਜ-ਸੁਧਾਰਕਾਂ ਵਿੱਚੋਂ ਸਨ। ਆਪ ਜੀ ਦੀ ਇੱਕ ਵੱਡੀ ਦੇਣ ਵਿਆਹ ਸ਼ਾਦੀਆਂ ਤੇ ਮੰਗਣੀ ਦੀਆਂ ਖ਼ਰਚੀਲੀਆਂ ਰਸਮਾਂ-ਰੀਤਾਂ ਦੀ ਥਾਂ ਨਵੀਆਂ ਸਮੂਹਕ ਸ਼ਾਦੀਆਂ ਨੂੰ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਕਰਨ ਦਾ ਰਿਵਾਜ ਪਾਇਆ। ਨਾਮਧਾਰੀ ਗੁਰਸਿੱਖਾਂ ਦੇ ਵਿਆਹ ਤੇਰਾਂ ਰੁਪਏ ਵਿੱਚ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਕੀਤੇ ਜਾਂਦੇ ਹਨ। ਇੱਥੋਂ ਤੱਕ ਕਿ ਆਪ ਜੀ ਨੇ ਅਨੰਦ ਕਾਰਜ ਲਈ ਉਨ੍ਹਾਂ ਜੋੜਿਆਂ ਨੂੰ ਹੀ ਪ੍ਰਵਾਨਗੀ ਦਿੱਤੀ ਸੀ, ਜੋ ਗੁਰਮੁਖੀ ਅੱਖਰਾਂ ਦੀ ਜਾਣ-ਪਛਾਣ ਰਖਦੇ ਸਨ ਅਤੇ ਪੰਜਾਬੀ ਭਾਸ਼ਾ ਲਿਖ ਪੜ੍ਹ ਸਕਦੇ ਸਨ। ਮੰਗਣੇ ਤੇ ਮੁਕਲਾਵੇ ਦੇ ਰਿਵਾਜ ਬਿਲਕੁਲ ਬੰਦ ਕਰਵਾ ਦਿੱਤੇ ਸਨ। ਅਨੰਦ ਕਾਰਜ ਤੋਂ ਪਿਛੋਂ 15 ਦਿਨ ਲੜਕੀ ਨੂੰ ਸਹੁਰੇ ਘਰ ਵਿੱਚ ਰਹਿਣਾ ਜ਼ਰੂਰੀ ਕਰਾਰ ਦੇ ਦਿੱਤਾ। ਬੀਬੀਆਂ ਨੂੰ ਜਪ ਪ੍ਰਯੋਗ ਦੇ ਦਿਨਾਂ ਵਿੱਚ ਸ਼ਾਮਿਲ ਹੋ ਸਕਣ ਦੀ ਖੁੱਲ੍ਹ ਤਾਂ ਆਪ ਜੀ ਨੇ ਮਾਤਾ ਭੁਪਿੰਦਰ ਕੌਰ ਦੀ ਬੇਨਤੀ ਉੱਤੇ ਹੀ ਪ੍ਰਵਾਨ ਕਰ ਲਈ ਸੀ। ਨਾਮਧਾਰੀ ਸਮਾਜ ਵਿੱਚੋਂ ਇਸਤਰੀ ਜਾਤੀ ਦੇ ਘੁੰਡ ਕੱਢਣ ਦਾ ਰਿਵਾਜ ਹਟਾ ਦਿੱਤਾ। ਵਿਆਹ ਸ਼ਾਦੀਆਂ ਸਮੇਂ ਸਮਾਜ ਵੱਲੋਂ ਅੰਤਰਜਾਤੀ ਵਿਆਹ ਦਾ ਰਿਵਾਜ ਵੀ ਪ੍ਰਚਲੱਤ ਹੋਇਆ ਜਿਸ ਨਾਲ ਸਮਾਜ ਵਿੱਚ ਨਵੀਂ ਚੇਤਨਤਾ ਤੇ ਸਮੁੱਚੇ ਮਨੁੱਖੀ ਭਾਈਚਾਰੇ ਦੀ ਸਾਂਝ ਹੋਰ ਪੱਕੀ ਹੋ ਗਈ। 1909 ਈ. ਦੇ ਅਨੰਦ ਮੈਰਿਜ ਐਕਟ ਦੀ ਕਾਨੂੰਨੀ ਪ੍ਰਵਾਨਗੀ ਦੁਆਉਣ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਦਾ ਨਿੱਜੀ ਯੋਗਦਾਨ ਵੱਡੀ ਮਹੱਤਤਾ ਦਾ ਧਾਰਨੀ ਸੀ। ਇਸ ਕਾਨੂੰਨ ਦੇ ਪ੍ਰਵਾਨ ਹੋਣ ਤੋਂ ਨਾਮਧਾਰੀ ਪੰਥ ਵਿੱਚ 1863 ਈ. ਤੋਂ ਅਨੰਦ ਵਿਆਹ ਦੀ ਮਰਿਆਦਾ ਸਥਾਪਿਤ ਹੋ ਚੁੱਕੀ ਸੀ। ਅਨੰਦ ਮੈਰਿਜ ਐਕਟ ਨੂੰ ਕਾਨੂੰਨੀ ਹੈਸੀਅਤ ਦਿਵਾਉਣ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਵੱਲੋਂ ਪੇਸ਼ ਕੀਤਾ ਗਿਆ ਵੱਡਾ ਸਬੂਤ ਸਿੱਧ ਹੋਇਆ। ਗੁਰੂ ਕੇ ਦੀਵਾਨਾਂ ਵਿੱਚ ਸਮੂਹਿਕ ਸ਼ਾਦੀਆਂ ਦੀ ਇਹ ਪਰੰਪਰਾ ਹਾਲੀਂ ਵੀ ਸਭ ਲਈ ਇੱਕ ਆਦਰਸ਼ਕ ਉਦਾਹਰਣ ਹੈ, ਜੋ ਸਮੁੱਚੇ ਸਮਾਜ ਦਾ ਮਾਰਗ-ਦਰਸ਼ਨ ਕਰ ਸਕਦੀ ਹੈ।

## ਸਭ ਦੇਸ਼-ਭਗਤਾਂ ਦਾ ਆਦਰ ਯੋਗ ਸਥਾਨ

ਨਾਮਧਾਰੀ ਦਰਬਾਰ ਵਿੱਚ ਆਰੰਭ ਤੋਂ ਹੀ ਸਭ ਦੇਸ਼-ਭਗਤਾਂ ਅਤੇ ਕੌਮੀ ਸੇਵਕਾਂ, ਸੁਤੰਤਰਤਾ ਸੰਗਰਾਮੀਆਂ ਦਾ ਸਤਿਕਾਰ ਕੀਤਾ ਜਾਂਦਾ ਰਿਹਾ ਹੈ। ਸਤਿਗੁਰੂ ਪਰਤਾਪ ਸਿੰਘ ਜੀ ਨੇ ਸਭ ਦੇਸ਼-ਭਗਤਾਂ, ਪਾਰਟੀਆਂ, ਕੌਮੀ ਜਥੇਬੰਦੀਆਂ ਦਾ ਵਿਅਕਤੀਗਤ ਤੇ ਦਲਗਤ ਰੂਪ ਵਿੱਚ ਬਰਾਬਰ ਦਾ ਸਤਿਕਾਰ ਕੀਤਾ ਹੈ। ਇਸ ਵਿੱਚ ਕੋਈ ਸੰਦੇਹ ਨਹੀਂ ਕਿ ਸਤਿਗੁਰੂ ਪਰਤਾਪ ਸਿੰਘ ਜੀ ਨੇ ਵੀ ਆਪਣੇ ਸਮੇਂ ਕਾਂਗਰਸ, ਜੋ ਦੇਸ਼ ਦੀ ਸਭ ਤੋਂ ਵੱਡੀ ਕੌਮੀ ਜਮਾਤ ਸੀ, ਨੂੰ ਪੂਰਾ ਮਿਲਵਰਤਣ ਦਿੱਤਾ ਅਤੇ ਪੰਡਤ ਨਹਿਰੂ, ਡਾ. ਰਾਜਿੰਦਰ ਪ੍ਰਸਾਦ ਤੇ ਕੇ.ਐਮ. ਮੁਨਸ਼ੀ ਵਰਗੇ ਰਾਸ਼ਟਰੀ ਨੇਤਾ ਭੈਣੀ ਸਾਹਿਬ ਵਿਖੇ ਆਉਂਦੇ ਰਹੇ ਪਰ ਸੱਚ ਇਹ ਹੈ ਕਿ ਕਾਂਗਰਸ ਤੋਂ ਬਿਨਾਂ ਹਰ ਉਸ ਰਾਜਸੀ ਪਾਰਟੀ ਨੂੰ ਸਹਿਯੋਗ ਦਿੱਤਾ ਹੈ, ਜੋ ਆਜ਼ਾਦੀ ਸੰਗਰਾਮ ਤੇ ਦੇਸ਼ ਭਗਤੀ ਦੇ ਕਾਰਜਾਂ ਵਿੱਚ ਸਰਗਰਮ ਸੀ, ਬਿਨਾਂ ਕਿਸੇ

Namdhari Elibrary NamdhariElibrary@gmail.com

ਵਿਤਕਰੇ ਦੇ ਸਤਿਗੁਰੂ ਪਰਤਾਪ ਸਿੰਘ ਜੀ ਨੇ ਹਰ ਰਾਜਸੀ ਜਮਾਤ ਦੇ ਉਸਾਰੂ ਕਾਰਜਾਂ ਵਿੱਚ ਸਦਾ ਰੁਚੀ ਦਿਖਾਈ ਹੈ ਅਤੇ ਵੱਧ ਤੋਂ ਵੱਧ ਸਹਿਯੋਗ ਦਿੱਤਾ ਹੈ। ਭਾਬਰਕਿਆਂ ਨਾਲ ਕਦੇ ਵੀ ਸੁਰ ਨਹੀਂ ਮਿਲੀ। ਭਾਰਤ ਦੇ ਸੁਤੰਤਰ ਹੋ ਜਾਣ ਪਿਛੋਂ ਤਾਂ ਸਤਿਗੁਰੂ ਪਰਤਾਪ ਸਿੰਘ, ਵੇਲੇ ਦੇ ਕਾਂਗਰਸੀ ਹੁਕਮਰਾਨਾਂ ਤੋਂ ਖੁਸ਼ ਨਹੀਂ ਸਨ, ਜਿਨ੍ਹਾਂ ਨੇ ਆਪ ਜੀ ਨੂੰ ਕਈ ਮੁਕੱਦਮਿਆਂ ਵਿੱਚ ਉਲਝਾ ਕੇ ਅਦਾਲਤ ਵਿੱਚ ਪੇਸ਼ ਹੋਣ ਦੀ ਜੁਗਤ ਬਣਾਈ ਸੀ ਤਾਂ ਜੁ ਵੋਟਾਂ ਦੀ ਰਾਜਨੀਤੀ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਉਨ੍ਹਾਂ ਦਾ ਪੱਖ ਪੂਰ ਸਕਣ, ਉਨ੍ਹਾਂ ਦੀ ਸਹਾਇਤਾ ਕਰ ਸਕਣ, ਪਰ ਸਤਿਗੁਰੂ ਜੀ ਦੀ ਦ੍ਰਿੜ੍ਹਤਾ ਵੀ ਕਮਾਲ ਦੀ ਸੀ। ਸੱਚ ਤਾਂ ਇਹ ਹੈ ਕਿ ਕੋਈ ਕਿਸੇ ਕਿਸਮ ਦਾ ਦਬਾਅ ਵੀ ਉਨ੍ਹਾਂ ਨੂੰ ਆਪਣੇ ਆਦਰਸ਼ ਤੋਂ ਡੁਲਾ ਨਹੀਂ ਸੀ ਸਕਦਾ। ਇਹੋ ਹੀ ਕਿਸੇ ਮਹਾਨ ਵਿਅਕਤੀ ਦਾ ਵੱਡਾ ਗੁਣ, ਅਸੂਲ ਜਾਂ ਸੁਭਾਅ ਹੁੰਦਾ ਹੈ।

ਸਤਿਗੁਰੂ ਪਰਤਾਪ ਸਿੰਘ ਜੀ ਨੇ ਆਪਣੇ ਸਾਰੇ ਜੀਵਨ ਵਿੱਚ ਉਸਾਰੂ ਦ੍ਰਿਸ਼ਟੀਕੋਣ ਨੂੰ ਹੀ ਅਪਨਾਇਆ ਹੈ ਅਤੇ ਵੱਧ ਤੋਂ ਵੱਧ ਸਹਿਯੋਗ ਹਰ ਉਸ ਫਿਰਕੇ ਨੂੰ ਦਿੱਤਾ ਹੈ ਜੋ ਦੇਸ਼ ਦੇ ਉਸਾਰੂ ਕਾਰਜਾਂ ਵਿੱਚ ਕਾਰਜਸ਼ੀਲ ਸੀ। ਆਪ ਜੀ ਦਾ ਇਹ ਸੁਨਹਿਰੀ ਅਸੂਲ ਸੀ ਕਿ ਖੰਡਨਮਈ ਦ੍ਰਿਸ਼ਟੀਕੋਣ ਨੂੰ ਨਹੀਂ ਅਪਨਾਉਣਾ, ਸਗੋਂ ਹਰ ਸਮੇਂ ਮੰਡਨ ਦੇ ਪੱਖ ਨੂੰ ਹੀ ਲੈਣਾ ਹੈ। ਇਸ ਗੁਣ ਨੇ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਆਪਣੇ ਸਮੇਂ ਦਾ ਹਰਮਨ ਪਿਆਰਾ ਵਿਅਕਤੀ ਤੇ ਪਥ-ਪ੍ਰਦਰਸ਼ਕ ਨੇਤਾ ਬਣਾ ਦਿੱਤਾ। ਇਹੋ ਹੀ ਇੱਕ ਯੁੱਗ-ਪੁਰਸ਼ ਦੇ ਗੁਣ ਹੁੰਦੇ ਹਨ। ਨਿਰਸੰਦੇਹ, ਸਤਿਗੁਰੂ ਪਰਤਾਪ ਸਿੰਘ ਜੀ ਆਪਣੇ ਸਮੇਂ ਦੇ ਯੁੱਗ-ਪੁਰਸ਼ ਸਨ।

## ਸਤਿਗੁਰੂ ਪਰਤਾਪ ਸਿੰਘ : ਪ੍ਰਮੁੱਖ ਵਿਅਕਤੀਆਂ ਦੀ ਨਜ਼ਰ ਵਿੱਚ

ਇੱਥੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਮਹਾਨ ਵਿਅਕਤੀਤਵ ਤੇ ਉਨ੍ਹਾਂ ਦੇ ਵਿਸ਼ੇਸ਼ ਗੁਣਾਂ ਤੇ ਯੋਗਦਾਨ ਬਾਰੇ ਕੁਝ ਨਾਮਵਰ ਵਿਅਕਤੀਆਂ ਦੇ ਵਿਚਾਰਾਂ ਦਾ ਉਲੇਖ ਕੀਤਾ ਜਾ ਰਿਹਾ ਹੈ ਤਾਂ ਜੁ ਪਾਠਕਾਂ ਨੂੰ ਇਹ ਗੱਲ ਗਿਆਤ ਹੋ ਸਕੇ ਕਿ ਉਘੇ ਸਮਕਾਲੀਆਂ ਦੀ ਨਜ਼ਰ ਵਿੱਚ ਸਤਿਗੁਰੂ ਪਰਤਾਪ ਸਿੰਘ ਕਿੰਨੇ ਮਹਾਨ ਤੇ ਆਦਰਯੋਗ ਸ਼ਖ਼ਸੀਅਤ ਸਨ।

ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸਾਦ ਅਨੁਸਾਰ, "ਸਤਿਗੁਰੂ ਪਰਤਾਪ ਸਿੰਘ ਜੀ ਦੇ ਉਪਦੇਸ਼ਾਂ ਅਤੇ ਜੀਵਨ ਤੋਂ ਅਣਗਿਣਤ ਵਿਅਕਤੀਆਂ ਨੇ ਸਦਾਚਾਰ ਤੇ ਭਗਤੀ ਦੀ ਪ੍ਰੇਰਨਾ ਗ੍ਰਹਿਣ ਕੀਤੀ ਹੈ। ਉਹਨਾਂ ਨੇ ਤੇ ਉਹਨਾਂ ਦੇ ਅਨੁਆਈਆਂ ਨੇ ਸਮਾਜ ਸੁਧਾਰ, ਅਤੇ ਪਿੰਡ ਵਿਕਾਸ ਵਿਸ਼ੇਸ਼ ਕਰਕੇ ਗਊ ਉੱਨਤੀ ਦੇ ਖੇਤਰ ਵਿੱਚ ਮਹਤਵਪੂਰਨ ਕੰਮ ਕੀਤਾ। ਮੈਨੂੰ ਆਸ਼ਾ ਹੈ ਕਿ ਸਤਿਗੁਰੂ ਪਰਤਾਪ ਸਿੰਘ ਜੀ ਦੀ ਯਾਦ ਇਸ ਦਿਸ਼ਾ ਵਿੱਚ ਉਹਨਾਂ ਦੇ ਸੇਵਕਾਂ ਅਤੇ ਹੋਰ ਪ੍ਰਸੰਸਕਾਂ ਨੂੰ ਬਰਾਬਰ ਪ੍ਰੇਰਨਾ ਦਿੰਦੀ ਰਹੇਗੀ।"

ਸੁਤੰਤਰ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਜੀ ਨਾਲ ਆਪ ਜੀ ਦੇ ਬੜੇ ਘਨਿਸ਼ਠ ਸੰਬੰਧ ਰਹੇ ਹਨ, ਜਿਨ੍ਹਾਂ ਦਾ ਜ਼ਿਕਰ ਇਸ ਪੁਸਤਕ ਵਿੱਚ ਦਿੱਤਾ ਗਿਆ ਹੈ। ਪਰ ਸ਼ੋਕ ਦੀ ਗੱਲ ਹੈ ਕਿ ਉਹਨਾਂ ਦੀ ਸ਼ਖ਼ਸੀਅਤ ਬਾਰੇ ਨਹਿਰੂ ਜੀ

Namdhari Elibrary NamdhariElibrary@gmail.com

ਵੱਲੋਂ ਬਹੁਤ ਘੱਟ ਲਿਖਿਆ ਗਿਆ ਹੈ। ਇੱਥੇ ਕੇਵਲ 17.02.1939 ਦੀ ਪੰਡਤ ਜੀ ਵੱਲੋਂ ਕੀਤੀ ਗਈ ਟਿੱਪਣੀ ਦਾ ਹਵਾਲਾ ਹੀ ਦਿੱਤਾ ਜਾ ਰਿਹਾ ਹੈ, "ਕੋਈ ਭਾਰਤੀ ਵੀ ਸਤਿਗੁਰੂ ਰਾਮ ਸਿੰਘ ਤੇ ਉਨ੍ਹਾਂ ਦੇ ਅਨੁਆਈਆਂ ਦੀ ਕੀਤੀ ਗਈ ਘਾਲਣਾ ਨੂੰ ਨਜ਼ਰ ਅੰਦਾਜ਼ ਨਹੀਂ ਕਰ ਸਕਦਾ, ਜੋ ਉਨ੍ਹਾਂ ਨੇ 60 ਸਾਲ ਪਹਿਲਾਂ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਘਾਲੀ ਸੀ। ਕਾਂਗਰਸ ਨੇ ਤਾਂ ਕੇਵਲ ਉਨ੍ਹਾਂ ਦੇ ਦਰਸਾਏ ਹੋਏ ਮਾਰਗ ਦਾ ਅਨੁਸਰਨ ਹੀ ਕੀਤਾ ਹੈ।"

ਨੇਤਾ ਜੀ ਸੁਭਾਸ਼ ਚੰਦਰ ਬੋਸ ਅਨੁਸਾਰ, "ਸਤਿਗੁਰੂ ਰਾਮ ਸਿੰਘ ਜੀ ਨੇ ਜਿਹੜਾ ਸੁਤੰਤਰਤਾ ਦਾ ਪਰਚਮ ਭਾਰਤੀਆਂ ਨੂੰ ਸੌਂਪਿਆ ਅਤੇ ਨਾਮਧਾਰੀ ਸਿੱਖਾਂ ਦੀਆਂ ਕੁਰਬਾਨੀਆਂ ਵੱਡੇ ਗੌਰਵ ਦੀਆਂ ਧਾਰਨੀ ਹਨ।"

ਸ੍ਰੀਮਤੀ ਇੰਦਰਾ ਗਾਂਧੀ ਦੇ ਸ਼ਬਦਾਂ ਵਿੱਚ, "ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨਾ ਕੇਵਲ ਮਹਾਨ ਅਧਿਆਤਮਕ ਗੁਰੂ ਹੀ ਸਨ, ਸਗੋਂ ਸੁਤੰਤਰਤਾ ਸੰਗਰਾਮ ਦੇ ਸਿਪਾਹਸਲਾਰ ਵੀ ਸਨ। ਸਮਾਜ ਸੇਵਾ ਦੇ ਖੇਤਰ ਵਿੱਚ ਆਪ ਦਾ ਯੋਗਦਾਨ ਖਾਸ ਤੌਰ ਤੇ ਵਰਨਣ ਯੋਗ ਹੈ। ਮੈਂ ਉਹਨਾਂ ਦੀ ਯਾਦ ਵਿੱਚ ਆਪਣੀ ਸ਼ਰਧਾਂਜਲੀ ਅਰਪਣ ਕਰਨਾ ਇੱਕ ਪੁੰਨ ਕਰਤਵ ਸਮਝਦੀ ਹਾਂ।"

ਸ੍ਰੀ ਜਗਜੀਵਨ ਰਾਮ ਦੇ ਸ਼ਬਦਾਂ ਵਿੱਚ, "ਸਤਿਗੁਰੂ ਪਰਤਾਪ ਸਿੰਘ ਜੀ ਦੇ ਇੱਕ ਸਮਾਜਿਕ ਤੇ ਧਾਰਮਿਕ ਸੁਧਾਰਕ ਹੁੰਦਿਆਂ ਹੋਇਆਂ ਵੀ ਉਹਨਾਂ ਦੇ ਮਨ ਵਿੱਚ ਦੇਸ਼ ਲਈ ਪ੍ਰੇਮ ਸੀ, ਉਹਨਾਂ ਦੇ ਕਾਰਨਾਮੇ ਤੇ ਸਿੱਖਿਆਵਾਂ ਨਾ ਕੇਵਲ ਉਹਨਾਂ ਦੇ ਸਿੱਖਾਂ ਨੂੰ ਉਤਸ਼ਾਹਿਤ ਕਰਨਗੀਆਂ, ਸਗੋਂ ਸਾਰੇ ਹੀ ਸੱਚਾਈ ਦੇ ਖੋਜੀਆਂ ਲਈ ਵੀ ਪ੍ਰੇਰਨਾ ਸਰੋਤ ਸਿੱਧ ਹੋਣਗੀਆਂ।"

ਸ੍ਰ. ਸਵਰਨ ਸਿੰਘ ਕੇਂਦਰੀ ਮੰਤਰੀ ਦੇ ਸ਼ਬਦਾਂ ਵਿੱਚ, "ਬਾਬਾ ਪਰਤਾਪ ਸਿੰਘ ਜੀ ਦੀ ਸ਼ਖ਼ਸੀਅਤ ਹਰ ਇੱਕ ਦੇ ਦਿਲ ਨੂੰ ਖਿਚ ਲੈਣ ਵਾਲੀ ਸੀ। ਉਹਨਾਂ ਦਾ ਪਿਆਰ ਦੇਸ਼, ਕੌਮ ਅਤੇ ਆਮ ਲੋਕਾਂ ਲਈ ਹੋਣ ਕਰਕੇ ਹਰੇਕ ਨੂੰ ਖਿਚ ਪਾਉਂਦਾ ਸੀ। ਨਾਮਧਾਰੀ ਸੰਪ੍ਰਦਾਇ ਦਾ ਜਨਮ ਹੀ ਕੁਰਬਾਨੀਆਂ ਲਈ ਹੋਇਆ ਸੀ। ਜਿਵੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਕੁਰਬਾਨੀਆਂ ਦਾ ਸਬੂਤ ਦਿੱਤਾ, ਉਹ ਹੋਰ ਕਿਤੇ ਨਹੀਂ ਮਿਲਦਾ। ਬਰਤਾਨਵੀ ਰਾਜ ਦੀ ਚਟਾਨ ਨਾਲ ਮੱਥਾ ਲਾ ਕੇ ਉਹਨਾਂ ਭਾਰਤ ਵਾਸੀਆਂ ਨੂੰ ਜਗਾ ਦਿੱਤਾ। ਜਿਸ ਕੰਮ ਨੂੰ ਉਹਨਾਂ ਸ਼ੁਰੂ ਕੀਤਾ ਸ੍ਰੀ ਸਤਿਗੁਰੂ (ਬਾਬਾ) ਪਰਤਾਪ ਸਿੰਘ ਜੀ ਨੇ ਉਸਦਾ ਨਤੀਜਾ ਵੇਖਿਆ, ਦੇਸ਼ ਆਜ਼ਾਦ ਹੋ ਗਿਆ।

ਮੈਨੂੰ ਆਪ ਦੇ ਦਰਸ਼ਨਾਂ ਦਾ ਕਈ ਵਾਰ ਮੌਕਾ ਮਿਲਿਆ। ਆਪ ਦੇ ਚਿਹਰੇ ਤੇ ਅਮਿਟਵੀਂ ਰੌਣਕ ਹੁੰਦੀ ਤੇ ਕਿਹਾ ਕਰਦੇ ਕਿ ਜੋ ਕੁਝ ਅਸੀਂ ਚਾਹੁੰਦੇ ਸਾਂ, ਉਹ ਹੋ ਗਿਆ, ਸਾਡਾ ਦੇਸ਼ ਆਜ਼ਾਦ ਹੈ। ਪ੍ਰੇਮ ਤੇ ਪਿਆਰ ਦਾ ਜਜ਼ਬਾ ਦੇ ਕੇ ਮਹਾਰਾਜ ਜੀ ਨੇ ਪੁਰਾਣੀਆਂ ਰਵਾਇਤਾਂ ਨੂੰ ਕਾਇਮ ਰੱਖਿਆ।"

ਪ੍ਰਸਿੱਧ ਅਕਾਲੀ ਨੇਤਾ ਮਾਸਟਰ ਤਾਰਾ ਸਿੰਘ ਨਾਲ ਵੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਨੇੜੇ ਦੇ ਸੰਬੰਧ ਰਹੇ ਸਨ ਅਤੇ ਦੋਵਾਂ ਦੇ ਕਈ ਮਸਲਿਆਂ ਉੱਤੇ ਸਾਂਝੇ ਵਿਚਾਰ ਸਨ।

Namdhari Elibrary NamdhariElibrary@gmail.com

ਪੰਥਕ ਹਿੱਤ ਦੋਹਾਂ ਨੂੰ ਹੀ ਪਿਆਰੇ ਸਨ। ਮਾਸਟਰ ਤਾਰਾ ਸਿੰਘ ਜੀ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਯਾਦ ਕਰਦਿਆਂ ਹੋਇਆਂ ਲਿਖਦੇ ਸਨ ਕਿ ਬਾਬਾ ਪਰਤਾਪ ਸਿੰਘ ਨਾਲ ਮੇਰੀ ਪਹਿਲੀ ਮੁਲਾਕਾਤ ਗੁਰਦੁਆਰਾ ਰਕਾਬ ਗੰਜ ਦੇ ਮੋਰਚੇ ਸਮੇਂ ਹੋਈ, ਆਪ ਜੀ ਨੇ ਉਸ ਸਮੇਂ ਲਾਹੌਰ ਵਿੱਚ ਸਾਰੀਆਂ ਸੰਗਤਾਂ ਦਾ ਅਜਿਹਾ ਇਕਠ ਕੀਤਾ, ਜਿਸਦੀ ਬੜੀ ਲੋੜ ਸੀ ਤੇ ਜਿਹੜਾ ਲਾ ਮਿਸਾਲ ਸੀ।

ਬਾਬਾ ਜੀ ਉਸ ਗੱਦੀ ਦੇ ਮਾਲਕ ਸਨ, ਜਿਸ ਤੇ ਬਾਬਾ ਰਾਮ ਸਿੰਘ ਜੀ ਬਿਰਾਜਮਾਨ ਸਨ। ਉਹਨਾਂ ਨੇ ਬੜੇ ਨਾਜ਼ੁਕ ਸਮੇਂ ਸਿੱਖ ਪੰਥ ਨੂੰ ਜਗਾਇਆ

ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਨਾਲ ਆਪ ਦਾ ਵਿਸ਼ੇਸ਼ ਪ੍ਰੇਮ ਸੀ। ਸ. ਗੁਰਬਖ਼ਸ਼ ਸਿੰਘ ਵੀ ਸਤਿਗੁਰੂ ਜੀ ਵੱਲੋਂ ਬੁਲਾਏ ਗਏ ਵਿਸ਼ੇਸ਼ ਸਮਾਗਮਾਂ ਵਿੱਚ ਦਰਸ਼ਨ ਦਿੰਦੇ ਰਹੇ ਸਨ। ਸ. ਗੁਰਬਖ਼ਸ਼ ਸਿੰਘ ਨੇ ਸਤਿਗੁਰੂ ਪਰਤਾਪ ਸਿੰਘ ਜੀ ਬਾਰੇ ਜੁ ਆਪਣੀ ਸੁਹਜਵੰਤ ਵਾਰਤਕ ਦੇ ਅੰਦਾਜ਼ ਵਿੱਚ ਬੜਾ ਖੂਬਸੂਰਤ ਬਿਆਨ ਕੀਤਾ ਹੈ, ਆਪ ਲਿਖਦੇ ਹਨ ਕਿ "ਮਹਾਰਾਜ ਪਰਤਾਪ ਸਿੰਘ ਦੇਸ ਵੱਡੀ ਸਿਫ਼ਤ ਵਿੱਚ ਲਗਭਗ ਲਾਸਾਨੀ ਗਿਣੇ ਜਾਣਗੇ ਕਿ ਉਹਨਾਂ ਨੇ ਆਪਣੀ ਧਾਰਮਿਕ ਸੰਸਥਾ ਨੂੰ ਹਮੇਸ਼ਾਂ ਸਾਮਰਾਜ ਦਾ ਵਿਰੋਧੀ ਰਖਿਆ। ਕੀ ਸਾਡੇ ਤੇ ਕੀ ਹੋਰ ਦੇਸ਼ਾਂ ਵਿੱਚ ਧਾਰਮਿਕ ਸੰਸਥਾਵਾਂ ਆਮ ਕਰਕੇ ਸਰਕਾਰ ਪੱਖੀ ਹੀ ਹੁੰਦੀਆਂ ਹਨ। ਸਾਡੇ ਦੇਸ਼ ਵਿੱਚ ਮਿਰਜ਼ਈ ਜਮਾਤ, ਰਾਧਾ ਸਵਾਮੀ, ਦੇਵ ਸਮਾਜ, ਚੀਫ਼ ਖ਼ਾਲਸਾ ਦੀਵਾਨ ਆਦਿ ਆਜ਼ਾਦੀ ਦੇ ਸੰਗਰਾਮ ਤੋਂ ਨ ਸਿਰਫ਼ ਅੱਡ ਹੀ ਰਹੇ ਹਨ; ਸਗੋਂ ਪਰਦੇਸੀ ਸਰਕਾਰ ਦੀਆਂ ਧਿਰਾਂ ਬਣੇ ਰਹੇ ਹਨ। ਪਰ ਨਾਮਧਾਰੀ ਕੱਟੜ ਧਰਮੀ ਹੁੰਦਿਆਂ ਹੋਇਆਂ ਵੀ ਸਰਕਾਰ ਤੋਂ ਬਾਗ਼ੀ ਰਹੇ ਹਨ। ਇਹਨਾਂ ਨੇ ਬੜੀਆਂ ਕੁਰਬਾਨੀਆਂ ਦਿੱਤੀਆਂ, ਹਰ ਕੌਮੀ ਅੰਦੋਲਨ ਵਿੱਚ ਹਿੱਸਾ ਪਾਇਆ।"

ਦੇਸ਼ ਤੇ ਸੁਤੰਤਰਤਾ ਦੇ ਇਸ਼ਕ ਦੀ ਨੀਂਹ ਤਾਂ ਮਹਾਰਾਜ ਰਾਮ ਸਿੰਘ ਨੇ ਹੀ ਧਰੀ ਸੀ, ਪਰ ਉਸ ਬੁਨਿਆਦ ਉੱਤੇ ਸ਼ਾਨਦਾਰ ਉਸਾਰੀ ਕਰਨ ਦਾ ਸਿਹਰਾ ਮਹਾਰਾਜ ਪਰਤਾਪ ਸਿੰਘ ਦੇ ਸਿਰ ਹੈ। ਸਰਕਾਰ ਕੂਕਿਆਂ ਨਾਲ ਬਾਗ਼ੀਆਨਾ ਸਲੂਕ ਹੀ ਕਰਦੀ ਰਹੀ, ਪਰ ਮਹਾਰਾਜ ਪਰਤਾਪ ਸਿੰਘ ਜੀ ਨੇ ਆਪਣੀ ਅਸਰ-ਭਰਪੂਰ ਸ਼ਖ਼ਸੀਅਤ ਦੀ ਬਦੌਲਤ ਆਪਣੇ ਪੰਥ ਨੂੰ ਚੜ੍ਹਦੀਆਂ ਕਲਾਂ ਵਿੱਚ ਰਖਿਆ ਤੇ ਫ਼ਿਰਕਾਦਾਰੀ ਦੀ ਭੂਹ ਤੱਕ ਨਹੀਂ ਲੱਗਣ ਦਿੱਤੀ। ਨਾਮਧਾਰੀ ਪੰਥ ਕਿਰਤੀਆਂ ਦਾ ਪੰਥ ਹੈ। ਆਪ ਦੇ ਪਿੰਡਾਂ ਵਿੱਚ ਲੜਾਈ, ਝਗੜੇ, ਚੋਰੀ-ਚਕਾਰੀ ਵਿੱਚ ਇਹਨਾਂ ਦਾ ਨਾਮ ਅਨੋਖੀ ਘਟਨਾ ਸਮਝੀ ਜਾਂਦੀ ਹੈ। ਧਰਮੀ ਲੋਕਾਂ ਨੂੰ ਕਿਰਤੀ ਤੇ ਦੇਸ਼-ਬੰਧੂ ਬਣਾਈ ਰੱਖਣਾ ਮਹਾਰਾਜ ਪਰਤਾਪ ਸਿੰਘ ਦੀ ਅਗਵਾਈ ਹੇਠਾਂ ਨਾਮਧਾਰੀ ਪੰਥ ਦੀ ਕੌਮੀ ਦੇਣ ਹੈ।"

ਗਿਆਨੀ ਕਰਤਾਰ ਸਿੰਘ ਜਿਥੇ ਆਪ ਜੀ ਦੇ ਪਸ਼ੂ-ਧਨ ਦੀ ਉਪਮਾ ਕਰਦੇ ਹਨ, ਉਥੇ ਆਪ ਜੀ ਦੀ ਗੁਰਮਤਿ-ਸੰਗੀਤ ਨੂੰ ਦੇਣ ਬਾਰੇ ਲਿਖਦੇ ਹਨ, "ਸਿੱਖ ਗੁਰੂਆਂ ਨੇ ਗੁਰਬਾਣੀ ਰਾਗਾਂ ਵਿੱਚ ਉਚਾਰਨ ਕੀਤੀ ਹੈ। ਪਹਿਲਾਂ ਸਿੱਖਾਂ ਵਿੱਚ ਇਹ ਪ੍ਰਬੰਧ ਕਾਇਮ ਸੀ ਕਿ ਜਿਸ ਰਾਗ ਵਿੱਚ ਬਾਣੀ ਉਚਾਰੀ ਗਈ ਹੈ ਉਸੇ ਵਿੱਚ ਗਾਈ ਜਾਏ, ਪਰ ਹੁਣ ਉਸ

ਦਾ ਬੜਾ ਅਭਾਵ ਹੋ ਗਿਆ ਹੈ। ਮਹਾਰਾਜ ਪਰਤਾਪ ਸਿੰਘ ਜੀ ਨੇ ਇਸ ਪਰੰਪਰਾ ਨੂੰ ਕਾਇਮ ਰੱਖਣ ਲਈ ਬੜਾ ਯਤਨ ਕੀਤਾ ਹੈ। ਇੱਕ ਉੱਦਮ ਉਹਨਾਂ ਹੋਰ ਕੀਤਾ। ਵਿਆਹ ਸ਼ਾਦੀਆਂ ਦੀਆਂ ਰਸਮਾਂ 'ਤੇ ਖਰਚ ਘਟਾਉਣ ਦੀਆਂ ਗੱਲਾਂ ਤਾਂ ਬੜੇ ਲੋਕੀਂ ਕਰਦੇ ਰਹੇ ਹਨ, ਪਰ ਭਰੇ ਮੇਲਿਆਂ ਵਿੱਚ ਵਿਆਹ-ਪ੍ਰਬੰਧ ਜਾਰੀ ਕਰਨਾ ਇਹ ਮਹਾਰਾਜ ਜੀ ਦੀ ਹੀ ਖੂਬੀ ਸੀ।

ਅਗਲੀ ਗੱਲ ਸਹਿਣਸ਼ੀਲਤਾ ਦੀ ਹੈ। ਮਹਾਰਾਜ ਪਰਤਾਪ ਸਿੰਘ ਜੀ ਨੇ ਭੈਣੀ ਸਾਹਿਬ ਵਿੱਚ ਸਭ ਤਰ੍ਹਾਂ ਦੀਆਂ ਸੰਸਥਾਵਾਂ ਨੂੰ ਇਕੱਠਿਆਂ ਕੀਤਾ ਅਤੇ ਇਸ ਸੰਬੰਧ ਵਿੱਚ ਏਕਤਾ ਨੂੰ ਬਰਕਰਾਰ ਰੱਖਣ ਲਈ ਆਪਣੇ ਮੱਤ ਲਈ ਕਦੀ ਹੱਠ ਧਰਮੀ ਤੋਂ ਕੰਮ ਨਹੀਂ ਸੀ ਲਿਆ।"

ਸਮਕਾਲੀ ਕਮਿਊਨਿਸਟ ਨੇਤਾਵਾਂ ਕਾਮਰੇਡ ਸੋਹਣ ਸਿੰਘ ਜੋਸ਼ ਅਤੇ ਕਾਮਰੇਡ ਹਰਕ੍ਰਿਸ਼ਨ ਸਿੰਘ ਸੁਰਜੀਤ ਨੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਰਾਜਨੀਤਕ ਵਿਚਾਰਾਂ ਬਾਰੇ ਵੱਡਮੁੱਲਾ ਪ੍ਰਕਾਸ਼ ਪਾਇਆ ਹੈ। ਕਾਮਰੇਡ ਸੋਹਣ ਸਿੰਘ ਜੋਸ਼ ਅਨੁਸਾਰ, "ਮਹਾਰਾਜ ਪਰਤਾਪ ਸਿੰਘ ਜੀ ਮਹਾਨ ਹਸਤੀ ਸਨ। ਜਿਉਂ-ਜਿਉਂ ਸਮਾਂ ਬੀਤਦਾ ਹੈ, ਤਿਉਂ-ਤਿਉਂ ਉਹਨਾਂ ਦੀ ਮਹਾਨਤਾ ਉਘੜਦੀ ਜਾਂਦੀ ਹੈ। ਜਦੋਂ ਵੀ ਮੈਂ ਉਹਨਾਂ ਦਾ ਖਿਆਲ ਕਰਦਾ ਹਾਂ, ਤਦੋਂ ਹੀ ਉਹਨਾਂ ਦਾ ਖਿੜਿਆ ਵਿਸ਼ਾਲ ਮੱਥਾ, ਪ੍ਰਭਾਵਸ਼ਾਲੀ ਚਿਹਰਾ, ਨਰੋਆ ਸੋਹਣਾ ਸਰੀਰ ਸਾਹਮਣੇ ਆਣ ਮੂਰਤੀਮਾਨ ਹੁੰਦਾ ਹੈ। ਜਦੋਂ ਵੀ ਮੈਂ ਉਹਨਾਂ ਨੂੰ ਮਿਲਿਆ, ਉਦੋਂ ਹੀ ਉਹ ਹਸੂੰ-ਹਸੂੰ ਕਰਦੇ ਮਿਲੇ ਸਨ। ਉਹਨਾਂ ਦੇ ਦਿਲ ਵਿੱਚ ਕਿਸੇ ਲਈ ਕੋਈ ਵਿਤਕਰਾ ਨਹੀਂ ਸੀ, ਭਾਵੇਂ ਕੋਈ ਕਮਿਊਨਿਸਟ ਹੋਵੇ ਜਾਂ ਕਾਂਗਰਸੀ ਜਾਂ ਕੋਈ ਹੋਰ, ਸਗੋਂ ਗਰੀਬ ਪੱਖੀ ਹੋਣ ਕਰਕੇ ਸਾਡੇ ਨਾਲ ਉਹ ਬੜੇ ਮਾਣ ਨਾਲ ਮਿਲਦੇ ਸਨ। ਉਹ ਸਾਨੂੰ ਭਾਈ ਲਾਲੋਆਂ ਦੇ ਸੰਗੀ ਸਾਥੀ ਆਖਿਆ ਕਰਦੇ ਸਨ ਅਤੇ ਮਲਿਕ ਭਾਗੋਆਂ ਨਾਲ ਆਢਾ ਲੈਣ ਵਾਲੇ। ਉਹ ਆਪ ਭਾਈ ਲਾਲੋਆਂ ਨੂੰ ਉੱਚਾ ਕਰਨ ਲਈ ਜੁਟੇ ਰਹਿੰਦੇ ਸਨ। ਉਹਨਾਂ ਦਾ ਜੀਵਨ ਹਰ ਪਹਿਲੂ ਤੋਂ ਲੋਕਾਂ ਲਈ ਸਾਰਥਕ ਸੀ।

ਉਹ ਬੜੇ ਅਣਖ ਵਾਲੇ ਵੱਡ ਪੁਰਖ ਸਨ। ਉਹਨਾਂ ਨੇ ਸਭ ਉੱਚੀਆਂ ਤੇ ਸੁੱਚੀਆਂ ਰਵਾਇਤਾਂ ਮਹਾਰਾਜ ਰਾਮ ਸਿੰਘ ਜੀ ਤੋਂ ਪ੍ਰਾਪਤ ਕੀਤੀਆਂ ਸਨ ਅਤੇ ਉਹਨਾਂ ਨੇ ਇਹਨਾਂ ਉੱਚੀਆਂ ਤੇ ਸੁੱਚੀਆਂ ਰਵਾਇਤਾਂ ਦਾ ਝੰਡਾ ਹਮੇਸ਼ਾਂ ਆਪਣੇ ਮਜ਼ਬੂਤ ਮੋਢਿਆਂ ਉੱਤੇ ਚੁੱਕੀ ਰਖਿਆ। ਕਦੇ ਉਸ ਝੰਡੇ ਦੀ ਸ਼ਾਨ ਨੂੰ ਵੱਟਾ ਨਹੀਂ ਲਗਣ ਦਿੱਤਾ। ਅੰਗਰੇਜ਼ ਰਾਜ ਦੇ ਸਮੇਂ ਅੰਗਰੇਜ਼ ਆਪਣਾ ਸਭ ਤੋਂ ਵੱਡਾ ਦੁਸ਼ਮਣ ਕੂਕਿਆਂ ਨੂੰ ਸਮਝਦੇ ਸਨ। ਮਹਾਰਾਜ ਰਾਮ ਸਿੰਘ ਜੀ ਅਤੇ ਉਹਨਾਂ ਦੇ ਸਿੱਖਾਂ ਨਾਲ ਜੋ ਜ਼ੁਲਮ ਤੇ ਅੱਤਿਆਚਾਰ ਅੰਗਰੇਜ਼ ਹਾਕਮਾਂ ਨੇ ਕੀਤੇ, ਉਹ ਸਾਡੇ ਕੌਮੀ ਇਤਿਹਾਸ ਵਿੱਚ ਮਾਣ ਕਰਨ ਵਾਲੇ ਸੁਨਹਿਰੀ ਕਾਂਡ ਹਨ। ਕੌਣ ਹੈ ਜਿਹੜਾ ਮਲੇਰ ਕੋਟਲੇ ਦਾ ਖੂਨੀ ਸਾਕਾ ਵਿਸਾਰ ਸਕਦਾ ਹੈ? ਇਹਨਾਂ ਇਤਿਹਾਸਕ ਕਾਂਡਾਂ ਉੱਤੇ ਹਰ ਪੰਜਾਬੀ ਦੇਸ਼-ਭਗਤ ਨੂੰ ਮਾਣ ਹੈ ਕਿਉਂਕਿ ਕੌਮੀ ਤਹਿਰੀਕ ਤੋਂ ਪਹਿਲਾਂ ਕੂਕਾ ਤਹਿਰੀਕ ਨੇ ਕੌਮੀ ਆਜ਼ਾਦੀ ਦਾ ਝੰਡਾ ਬੁਲੰਦ ਕੀਤਾ। ਕੂਕਿਆਂ ਨੂੰ ਅੰਗਰੇਜ਼ ਦੀ ਗੁਲਾਮੀ ਦੇ ਖਿਲਾਫ਼ ਪੰਜਾਬ ਵਿੱਚ ਸਭ ਤੋਂ ਪਹਿਲੋਂ ਝੰਡਾ ਉੱਚਾ ਕਰਨ ਦਾ ਫਖਰ ਹਾਸਲ ਹੈ।

Namdhari Elibrary NamdhariElibrary@gmail.com

ਮਹਾਰਾਜ ਪਰਤਾਪ ਸਿੰਘ ਜੀ ਦੇ ਵੇਲੇ ਅੰਗਰੇਜ਼ਾਂ ਨੇ ਭੈਣੀ ਸਾਹਿਬ ਵਿੱਚ ਪੁਲਸ ਚੌਂਕੀ ਬਿਠਾਈ ਰਖੀ। ਉਹਨਾਂ ਦੇ ਹਰ ਕੰਮ-ਕਾਜ, ਆਉਣ-ਜਾਣ ਉੱਤੇ ਕਰੜੀ ਨਿਗਰਾਨੀ ਦੇ ਹੁਕਮ ਦੇਈ ਰੱਖੇ। ਅੰਗਰੇਜ਼ਾਂ ਨੇ ਮਹਾਰਾਜ ਜੀ ਨੂੰ ਹਰ ਤਰ੍ਹਾਂ ਭੈਭੀਤ ਕਰਨ ਦੇ ਯਤਨ ਕੀਤੇ, ਪਰ ਮਹਾਰਾਜ ਜੀ ਨੇ ਇਹਨਾਂ ਸਭ ਤਕਲੀਫਾਂ ਅਤੇ ਜਬਰਾਂ ਨੂੰ ਟਿਚ ਸਮਝਿਆ। ਉਹ ਛਾਤੀ ਤਾਣ ਕੇ ਅੰਗਰੇਜ਼ਾਂ ਤੋਂ ਆਜ਼ਾਦੀ ਹਾਸਲ ਕਰਨ ਲਈ ਕੰਮ ਕਰਦੇ ਰਹੇ ਅਤੇ ਆਖਰੀ ਦਮ ਤੱਕ ਅੰਗਰੇਜ਼ੀ ਸਾਮਰਾਜ ਦੇ ਦੁਸ਼ਮਣ ਰਹੇ।"

1946-47 ਦੇ ਹਿੰਦੂ ਮੁਸਲਿਮ ਫਸਾਦਾਂ ਦੇ ਦਿਨ ਮੈਨੂੰ ਕਦੇ ਨਹੀਂ ਭੁੱਲ ਸਕਦੇ। ਉਹਨਾਂ ਦਿਨਾਂ ਵਿੱਚ, ਜਾਂ ਮਹਾਰਾਜ ਪਰਤਾਪ ਸਿੰਘ ਜੀ ਦੀ ਅਗਵਾਈ ਵਿੱਚ ਕੂਕੇ ਸਨ ਜਾਂ ਕਮਿਊਨਿਸਟ, ਜਿਨ੍ਹਾਂ ਨੇ ਆਪਣੇ ਸਿਰਾਂ ਉੱਤੇ ਫਿਰਕੂ ਭੂਤਾਂ ਨੂੰ ਸਵਾਰ ਨਹੀਂ ਸੀ ਹੋਣ ਦਿੱਤਾ। ਵੱਡੇ-ਵੱਡੇ ਲੀਡਰਾਂ ਦੇ ਸਿਰਾਂ ਤੇ ਵੀ ਫਿਰਕੂ ਜਨੂੰਨ ਸਵਾਰ ਹੋ ਗਏ ਅਤੇ ਉਹਨਾਂ ਨੇ ਅੰਨ੍ਹੇਵਾਹ ਫਿਰਕੂ ਫਸਾਦਾਂ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਏਹੋ ਹੀ ਨਹੀਂ 'ਸਭੇ ਸਾਂਝੀਵਾਲ ਸਦਾਇਨ' ਦਾ ਨਾਅਰਾ ਲਾਉਣ ਵਾਲੇ ਕਈ ਝੁੱਲਤ ਵੀਰ ਵੀ ਇਸ ਵਹਿਣ ਤੋਂ ਨਾ ਬਚ ਸਕੇ। ਪਰ ਮਹਾਰਾਜ ਜੀ, ਉਹਨਾਂ ਦੇ ਸਿੱਖਾਂ ਤੇ ਕਮਿਊਨਿਸਟਾਂ ਨੇ ਆਪਣੇ ਅਸੂਲਾਂ ਨੂੰ ਨਹੀਂ ਛਡਿਆ ਅਤੇ ਉਹ ਸਭ ਇਹਨਾਂ ਫਸਾਦਾਂ ਦੇ ਵਿੱਚ ਹੋ ਕੇ ਰੋਕਣ ਲਈ ਛਾਤੀਆਂ ਤਾਣ ਕੇ ਖਲ੍ਹੋ ਗਏ। ਮਹਾਰਾਜ ਜੀ ਦੀ ਇਸ ਅਸੂਲ-ਪ੍ਰਸਤੀ ਉੱਤੇ ਜਿੰਨਾ ਵੀ ਪੰਜਾਬੀ ਮਾਣ ਕਰਨ ਥੋੜ੍ਹਾ ਹੈ।

ਮਹਾਰਾਜ ਪਰਤਾਪ ਸਿੰਘ ਜੀ ਸੰਗੀਤ ਕਲਾ ਦੇ ਬੜੇ ਰਸੀਏ ਸਨ ਅਤੇ ਆਪ ਜੀ ਨੂੰ ਜਿੰਨੀ ਜਾਣਕਾਰੀ ਸੰਗੀਤ ਕਲਾ ਦੀ ਹਾਸਲ ਸੀ, ਬਹੁਤ ਘੱਟ ਕਲਾਕਾਰਾਂ ਨੂੰ ਹੋਵੇਗੀ। ਆਪ ਪੰਜਾਬੀ ਬੋਲੀ ਦੀ ਉੱਨਤੀ ਅਤੇ ਤਰੱਕੀ ਦੇ ਝੰਡਾ ਬਰਦਾਰ ਸਨ। ਗਊਆਂ ਤੇ ਘੋੜੀਆਂ ਦੀਆਂ ਨਸਲਾਂ ਦੀ ਜਿੰਨੀ ਜਾਣ ਪਛਾਣ ਤੇ ਸ਼ਨਾਖਤ ਉਹਨਾਂ ਨੂੰ ਸੀ, ਸ਼ਾਇਦ ਹੀ ਉਨੀ ਕਿਸੇ ਨੂੰ ਹੋਵੇ। ਸਭ ਤੋਂ ਵਧੀਆ ਨਸਲ ਦੀਆ ਘੋੜੀਆਂ ਤੇ ਗਊਆਂ ਆਪ ਜੀ ਪਾਸ ਸਨ, ਜਿਨ੍ਹਾਂ ਨੇ ਦੌੜ ਤੇ ਦੁੱਧ ਵਿੱਚ ਰਿਕਾਰਡ ਤੋੜੇ ਸਨ ਅਤੇ ਕਈ ਵਿਖਾਲਿਆਂ ਵਿੱਚ ਇਨਾਮ ਹਾਸਲ ਕੀਤੇ ਸਨ।"

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੇ ਸ਼ਬਦਾਂ ਵਿੱਚ "ਮੈਨੂੰ ਨਾਮਧਾਰੀ ਪੰਥ ਨਾਲ ਮੁੱਢ ਤੋਂ ਹੀ ਸਨੇਹ ਹੈ। ਅੰਗਰੇਜ਼ੀ ਰਾਜ ਦੇ ਵਿਰੁੱਧ ਪੰਜਾਬੀਆਂ ਦੇ ਸੰਗਰਾਮ ਵਿੱਚ ਨਾਮਧਾਰੀ ਲਹਿਰ ਦੀ ਪਹਿਲੀ ਥਾਂ ਆਉਂਦੀ ਹੈ। ਅੰਗਰੇਜ਼ੀ ਰਾਜ ਦੇ ਵਿਰੁੱਧ ਜਦੋ-ਜਹਿਦ ਵਿੱਚ ਮਹਾਰਾਜ ਰਾਮ ਸਿੰਘ ਨੇ ਕਿਤਨੀਆਂ ਘਾਲਾਂ ਘਾਲੀਆਂ। ਨਾਮਧਾਰੀ ਸਿੱਖ ਜਾਬਰਾਂ, ਬਦੇਸ਼ੀ ਹਾਕਮਾਂ ਹੱਥੋਂ ਤੋਪਾਂ ਨਾਲ ਉਡਾਏ ਗਏ। ਮਹਾਤਮਾ ਗਾਂਧੀ ਜੀ ਤੋਂ ਬਹੁਤ ਪਹਿਲੋਂ ਮਹਾਰਾਜ ਰਾਮ ਸਿੰਘ ਜੀ ਨੇ ਪੂਰਨ ਨਾ-ਮਿਲਵਰਤਨ ਅਤੇ ਸਵਦੇਸ਼ੀ ਦੀਆਂ ਲਹਿਰਾਂ ਚਲਾਈਆਂ ਅਤੇ ਨਾਮਧਾਰੀਆਂ ਨੂੰ ਇਹਨਾਂ ਲਹਿਰਾਂ ਦੀ ਕਸਵੱਟੀ 'ਤੇ ਪਰਖਿਆ। ਇਹ ਕੁਝ ਇਤਿਹਾਸਕ ਘਟਨਾਵਾਂ ਸਨ, ਜਿਹੜੀਆਂ ਹਮੇਸ਼ਾਂ ਹੀ ਸਾਨੂੰ ਆਜ਼ਾਦੀ ਦੀ ਲੜਾਈ ਵਿੱਚ ਕੁੱਦਣ ਵਾਸਤੇ ਬੜਾ ਉਤਸ਼ਾਹਿਤ ਕਰਦੀਆਂ ਸਨ।

ਮੇਰੇ ਨਾਨਕੇ ਪਿੰਡ ਮੁਠੱਡਾ ਖੁਰਦ ਤੋਂ ਇੱਕ ਮੀਲ ਦੂਰ ਮੁਠੱਡਾ ਕਲਾਂ ਨਾਮਧਾਰੀਆਂ

ਦਾ ਤਕੜਾ ਕੇਂਦਰ ਸੀ। ਮੈਂ ਕਈ ਵਾਰ ਉਹਨਾਂ ਦੇ ਦੀਵਾਨ ਸੁਣਨ ਵਾਸਤੇ ਜਾਇਆ ਕਰਦਾ ਸਾਂ। ਇੱਕ ਦਿਨ ਦੀ ਗੱਲ ਹੈ ਕਿ ਦੀਵਾਨ ਲੱਗਾ ਹੋਇਆ ਸੀ। ਬਹੁਤ ਸਾਰੇ ਨੌਜਵਾਨ ਲੜਕੇ ਲੜਕੀਆਂ ਬੈਠੇ ਹੋਏ ਸਨ। ਮਹਾਰਾਜ ਪਰਤਾਪ ਸਿੰਘ ਜੀ ਲੜਕੇ-ਲੜਕੀਆਂ ਦੇ ਜੋੜਿਆਂ ਨੂੰ ਬੁਲਾ ਕੇ ਕੇਵਲ ਸਵਾ ਰੁਪਿਆ ਮੱਥਾ ਟਿਕਾ ਕੇ ਵਿਆਹ ਰਚੀ ਜਾ ਰਹੇ ਸਨ। ਨਾ ਅੱਡ-ਅੱਡ ਜੰਞਾਂ ਸਨ ਤੇ ਨਾ ਹੀ ਦਾਜ ਦਾ ਮਸਲਾ, ਨਾ ਘੁੰਗਟ ਤੇ ਨਾ ਕੋਈ ਹੋਰ ਪੁੱਠਾ-ਸਿੱਧਾ ਰਿਵਾਜ। ਮੈਂ ਵੇਖਿਆ ਕਿ ਨਾਮਧਾਰੀ ਕੇਵਲ ਆਜ਼ਾਦੀ ਦੇ ਸੰਗਰਾਮ ਵਿੱਚ ਹੀ ਦਿਲਚਸਪੀ ਨਹੀਂ ਰੱਖਦੇ, ਬਲਕਿ ਸਮਾਜ ਸੁਧਾਰ ਵਿੱਚ ਵੀ ਅੱਗੇ ਹਨ।

ਮੈਨੂੰ ਮਹਾਰਾਜ ਪਰਤਾਪ ਸਿੰਘ ਜੀ ਨੂੰ ਲਾਗੇ ਹੋ ਕੇ ਵੇਖਣ ਦਾ ਮੌਕਾ 1945 ਈ. ਵਿੱਚ ਮਿਲਿਆ। ਉਹਨਾਂ ਕਦੀ ਅੰਗਰੇਜ਼ ਸਰਕਾਰ ਤੋਂ ਰਿਆਇਤਾਂ ਲੈਣ ਵਾਸਤੇ ਨਹੀਂ ਸੀ ਤੱਕਿਆ। ਸਗੋਂ ਖੁੱਲ੍ਹੇ ਤੌਰ ਤੇ ਕੌਮੀ ਲਹਿਰ ਦੀ ਹਮਾਇਤ ਕਰਦੇ ਸਨ।

ਉਹਨਾਂ ਨੂੰ ਇਕੱਲਾ ਕਾਂਗਰਸ ਨਾਲ ਹੀ ਪ੍ਰੇਮ ਨਹੀਂ ਸੀ, ਸਗੋਂ ਹਰ ਦੇਸ਼-ਭਗਤ ਦੀ ਕਦਰ ਕਰਦੇ ਸਨ। ਉਹ ਆਪ ਪੂਰਨ ਸ਼ਾਂਤਮਈ ਦੇ ਹਾਮੀ ਸਨ ਪਰ ਉਹ ਦੂਸਰੇ ਇਨਕਲਾਬੀਆਂ ਦੀ ਕਦਰ ਕਰਨੋਂ ਨਹੀਂ ਰਹਿੰਦੇ ਸਨ। ਮਹਾਰਾਜ ਪਰਤਾਪ ਸਿੰਘ ਜੀ ਮਨੁੱਖਤਾ ਦੀ ਕਦਰ ਵਿੱਚ ਅਡੋਲ ਸਨ। 'ਮਾਨਸ ਕੀ ਜਾਤ ਏਕੈ ਪਹਿਚਾਨਬੋ' ਉਨ੍ਹਾਂ ਵਾਸਤੇ ਧਰਮ ਗ੍ਰੰਥ ਦੀ ਇੱਕ ਤੁੱਕ ਹੀ ਨਹੀਂ ਸਗੋਂ ਜ਼ਿੰਦਗੀ ਦਾ ਉਦੇਸ਼ ਸੀ। ਮਹਾਰਾਜ ਪਰਤਾਪ ਸਿੰਘ ਤੇ ਨਾਮਧਾਰੀ 1947 ਦੇ ਘਲੂਘਾਰੇ ਸਮੇਂ ਵੀ ਬੜੀ ਅਡੋਲਤਾ ਨਾਲ ਏਕੇ ਦਾ ਝੰਡਾ ਝੁਲਾਉਂਦੇ ਰਹੇ।

ਮਹਾਰਾਜਾ ਪਰਤਾਪ ਸਿੰਘ ਜੀ ਨੂੰ ਸੰਗੀਤ ਦਾ ਵੀ ਬੜਾ ਸ਼ੌਕ ਸੀ। ਪੱਕੇ ਰਾਗਾਂ ਦੀ ਜਾਣਕਾਰੀ ਤੇ ਪਰਖ ਵਿੱਚ ਸ਼ਾਇਦ ਹੀ ਕੋਈ ਆਪ ਨੂੰ ਪਿੱਛੇ ਛੱਡ ਸਕਦਾ ਹੋਵੇ। ਮਹਾਰਾਜ ਪਰਤਾਪ ਸਿੰਘ ਕੌਮਾਂਤਰੀ ਲਹਿਰ ਵਿੱਚ ਵੀ ਬੜੀ ਦਿਲਚਸਪੀ ਰੱਖਦੇ ਸਨ। ਸਾਮਰਾਜੀ ਦੇਸ਼ਾਂ ਤੋਂ ਉਹਨਾਂ ਨੂੰ ਘਿਰਣਾ ਸੀ ਅਤੇ ਸੋਵੀਅਤ ਰੂਸ ਨਾਲ ਹਮਦਰਦੀ।

ਹਿੰਦੂ ਸਿੱਖ ਏਕਤਾ ਦਾ ਜਜ਼ਬਾ ਉਹਨਾਂ ਅੰਦਰੋਂ ਫੁੱਟ-ਫੁੱਟ ਨਿਕਲਦਾ ਸੀ। ਇਹ ਸਾਰੇ ਵਿਚਾਰ ਮੇਰੀ ਉਹਨਾਂ ਦੀ ਸਾਂਝ ਵਿੱਚ ਹੋਰ ਅਟੁੱਟ ਪਕਿਆਈ ਲਿਆ ਰਹੇ ਸਨ।"

ਅੰਤ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਦੀ ਮਹਾਨ ਹਸਤੀ ਬਾਰੇ ਇਸ ਪੁਸਤਕ ਦੇ ਕਰਤਾ ਦਾ ਕਾਵਿਮਈ ਰੇਖਾ-ਚਿੱਤਰ ਪੇਸ਼ ਹੈ :-

"ਨਮਸਕਾਰ ਗੁਰਦੇਵ ਨੂੰ, ਜਿਸ ਦਾ ਵੱਡ ਪ੍ਰਤਾਪ।
ਮਹਾਂ ਨੂਰਾਂ ਦਾ ਨੂਰ ਜੋ, ਸੂਰਜ ਦਾ ਪ੍ਰਕਾਸ਼।
ਚਰਨ ਕੰਵਲ ਨੂੰ ਪਰਸ ਕੇ, ਹੁੰਦੇ ਸਿੱਖ ਨਿਹਾਲ।
ਨਾਮ ਰੱਤੜੀਆਂ ਜਿੰਦੜੀਆਂ, ਸਿਮਰਨ ਸਦਾ ਅਕਾਲ।
ਤਰਨ ਅਵਸਥਾ ਗੁਰਦੇਵ ਦੀ, ਫੁਰਤੀ ਵਿੱਚ ਸਰੀਰ।
ਗਿਆਨ ਰਤਨ ਪ੍ਰਗਾਸਿਆ, ਅਡੋਲ ਸ਼ਾਂਤ ਗੰਭੀਰ।
ਹਿਰਦਾ ਬਹੁਤ ਵਿਸ਼ਾਲ ਸੀ, ਸਭ ਨੂੰ ਕਰਨ ਪਿਆਰ।

Namdhari Elibrary NamdhariElibrary@gmail.com

ਮਹਾਂ ਸਾਗਰ ਨੇ ਸਾਂਭਿਆ, ਰਤਨਾਂ ਦਾ ਭੰਡਾਰ।
ਸਭ ਨੂੰ ਦਾਤਾਂ ਬਖਸ਼ਦੇ, ਵੰਡਣ ਨਿਤ ਉਪਕਾਰ।
ਨਾਮ-ਦਾਨ ਸੁੱਚ ਸੋਧ ਨੂੰ, ਜੋ ਵੰਡ ਧਰਮੀ ਕਾਰ।
ਉਜਲ ਬਸਤਰ ਸਭ ਦੇ, ਜਿਉਂ ਹੰਸਾਂ ਦੀ ਡਾਰ।
ਮਾਨ ਸਰੋਵਰ ਆਇਕੇ, ਬੈਠੇ ਹੰਸ ਅਵਤਾਰ।
ਚੰਦ ਜਿਵੇਂ ਹੈ ਸੋਹਿੰਦਾ, ਤਾਰਿਆਂ ਦੇ ਵਿਚਕਾਰ।
ਤਿਵੇਂ ਸੋਭਾ ਦੇਂਵਦੇ, ਸੰਤ ਮੰਡਲ ਵਿਚਕਾਰ।
ਧਰਮ ਕਰਮ ਦੇ ਨੇਮ ਨਿਤ, ਲੱਗੇ ਨਿਤ ਦੀਵਾਨ।
ਗੁਰ ਕੀਰਤਨ ਦੇ ਰੀਤ ਦੀ, ਨਿਆਰੀ ਜਾਪੇ ਸ਼ਾਨ।
ਢੋਲਕ ਛੈਣੇ ਵੱਜਦੇ, ਤੰਤੀ ਵੱਜਣ ਸਾਜ਼।
ਮਿੱਠੇ ਸ਼ਬਦ ਅਲਾਪਦੇ, ਰਾਗੀ ਨਾਲ ਰਬਾਬ।
ਰਾਗ ਰਤਨ ਨਿਤ ਗਾਂਵਦੇ, ਸ਼ੁਧ ਰਾਗ ਸੁਰ ਤਾਲ।
ਜਾਪੇ ਸੱਚ ਖੰਡ ਸਿਰਜਿਆ, ਆਪ ਸੱਚੀ ਸਰਕਾਰ।
ਬਾਣੀ, ਕੀਰਤਨ, ਕਥਾ ਦਾ, ਚਲਦਾ ਸੀ ਪਰਵਾਹ।
ਸੰਗਤ ਤਾਰੀਆਂ ਲਾਂਵਦੀ, ਵਿੱਚ ਸੰਗੀਤ ਦਰਿਆ।
ਗੁਰਬਾਣੀ ਦੇ ਸ਼ਬਦ ਨੂੰ, ਗਾਵਣ ਨਾਲ ਪ੍ਰੇਮ।
ਹਰ ਹਿਰਦੇ ਵਿੱਚ ਜਾਗਦਾ, ਸਿੱਖੀ ਸਿਦਕ ਦਾ ਨੇਮ।
ਮਿੱਠੜੇ ਬੋਲ ਅਲਾਪਦੇ, ਕਰਦੇ ਗੁਰੂ ਵਿਖਿਆਨ।
ਹਰ ਹਿਰਦੇ ਨੂੰ ਠਾਰਦੇ, ਬਖਸ਼ਣ ਧੁਰ ਦਾ ਗਿਆਨ।
ਸੇਵਾ ਤੇ ਉਪਕਾਰ ਦੀ, ਐਸੀ ਚਲਾਈ ਰੀਤ।
ਕਥਾ ਗੁਰ ਪ੍ਰਤਾਪ ਦੀ, ਚਲਸੀ ਯੁਗਾਂ ਤੀਕ।
ਨਦਰਿ-ਕਰਮ ਕਰਕੇ ਜਦੋਂ, ਮਿਹਰ ਕਰਨ ਦਾਤਾਰ।
ਚਰਨ ਕੰਵਲ ਨੂੰ ਪਰਸਦੇ, ਕਹਿਣ ਬਲਿਹਾਰ! ਬਲਿਹਾਰ!
ਅੰਤਰਜਾਮੀ ਸਤਿਗੁਰੂ! ਬਖਸ਼ੋ ਸੁਰਤ ਗਿਆਨ।
ਆਤਮ ਸੋਝੀ ਦਿਬ ਦ੍ਰਿਸ਼ਟ, ਮਹਿਮਾਂ ਕਰਾਂ ਬਖਾਨ।"

---

[1] ਕਿਰਪਾਲ ਸਿੰਘ ਕਸੇਲ, *ਜੈਸਾ ਸਤਿਗੁਰੂ ਸੁਣੀਦਾ*, ਪੰਨਾ 45-46.

Namdhari Elibrary NamdhariElibrary@gmail.com

ਅਧਿਆਇ 22

# 'ਲਾਲ ਏਹਿ ਰਤਨ' : ਸਤਿਗੁਰੂ ਪਰਤਾਪ ਸਿੰਘ ਜੀ ਦਾ ਮਹਾਨਤਮ ਯੋਗਦਾਨ

ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ ਵੱਲੋਂ 'ਲਾਲ ਏਹਿ ਰਤਨ' ਸਤਿਗੁਰੂ ਪਰਤਾਪ ਸਿੰਘ ਜੀ ਦੇ ਪ੍ਰਵਚਨਾਂ, ਭਾਸ਼ਣਾਂ ਅਤੇ ਉਪਦੇਸ਼ਾਂ ਦੇ ਪੰਜ ਸੰਗ੍ਰਹਿ, ਪੰਜ ਜਿਲਦਾਂ ਵਿੱਚ ਪ੍ਰਕਾਸ਼ਿਤ ਕੀਤੇ ਗਏ ਹਨ, ਜਿਨ੍ਹਾਂ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਦਾ ਮਹਾਨਤਮ ਯੋਗਦਾਨ ਮੰਨਿਆ ਜਾਵੇਗਾ ਅਤੇ ਸਦੀਆਂ ਤੱਕ ਉਨ੍ਹਾਂ ਦੀ ਵਿਚਾਰਧਾਰਾ, ਜੀਵਨ-ਦਰਸ਼ਨ ਧਰਮ-ਕਰਮ, ਅਧਿਆਤਮਿਕ ਚੇਤਨਤਾ ਤੇ ਸਾਧਨਾ ਦੇ ਅਮੋਲਕ ਗਿਆਨ-ਰਤਨ ਸਰਵਕਾਲਾਂ ਤੱਕ ਲੋਕਾਂ ਦੇ ਹਨੇਰੇ ਮਨਾਂ ਨੂੰ ਰੋਸ਼ਨੀ ਬਖਸ਼ਦੇ ਰਹਿਣਗੇ। ਰੱਬੀ ਮਹਾਂਨੂਰ ਦੀ ਇਹ ਫੁਹਾਰ ਲੁਕਾਈ ਦੇ ਤਪਦੇ ਹਿਰਦਿਆਂ ਵਿੱਚ ਠੰਢ ਵਰਤਾਉਂਦੀ ਰਹੇਗੀ ਅਤੇ ਧਰਮ ਦੇ ਮਾਰਗ ਨੂੰ ਗੁਰਮਤਿ ਦੇ ਅਰਥ ਦ੍ਰਿਸ਼ਟੀਕੋਣ ਤੋਂ ਸਿੱਖੀ ਅਥਵਾ ਮਾਨਵੀ ਮਾਰਗ ਦਾ ਪੰਥ-ਪ੍ਰਦਰਸ਼ਕ ਬਣੀ ਰਹੇਗੀ।

ਸਤਿਗੁਰੂ ਪਰਤਾਪ ਸਿੰਘ ਜੀ ਨੇ ਨਾਮਧਾਰੀ ਸਤਿਗੁਰੂ ਜੀ ਦੇ ਸਰੂਪ ਵਿੱਚ ਲਗਭਗ ਸਾਢੇ 53 ਸਾਲ ਸਤਿਗੁਰੂ ਜੀ ਦੀ ਕਾਰ ਕਾਰਜ ਨੂੰ ਨਿਭਾਇਆ। ਪੰਥ ਅਤੇ ਮਾਨਵਤਾ ਦੀ ਅਗਵਾਈ ਕੀਤੀ।

'ਲਾਲ ਏਹਿ ਰਤਨ' ਦੇ ਇਹ ਪੁਸਤਕ ਸੰਗ੍ਰਹਿ ਲਗਭਗ ਦੋ ਹਜ਼ਾਰ ਪੰਨਿਆਂ ਤੱਕ ਪਸਰੇ ਹੋਏ ਹਨ ਅਤੇ ਇਨ੍ਹਾਂ ਦੇ ਸੁੰਦਰ ਸੁਸੰਪਾਦਿਤ ਅਤੇ ਦਰਸ਼ਨੀ ਸਰੂਪ ਨੂੰ ਦੇਖ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਕੋਟਾਨ-ਕੋਟ ਧੰਨਵਾਦ ਕਰਨਾ ਬਣਦਾ ਹੈ। ਆਪ ਜੀ ਦੇ ਉੱਦਮ, ਉਤਸ਼ਾਹ, ਸੱਚੀ ਲਗਨ ਅਤੇ ਗੁਰੂ-ਪਿਤਾ ਸੰਬੰਧੀ ਸਨੇਹ ਦੇ ਅਦੁੱਤੀ ਸੋਮਿਆਂ ਵਿੱਚੋਂ ਕਰੜੀ ਘਾਲਣਾ ਪਿਛੋਂ ਇਨ੍ਹਾਂ ਦਾ ਦਰਸ਼ਨੀ ਸਰੂਪ ਪਾਠਕਾਂ ਤੱਕ ਪਹੁੰਚ ਸਕਿਆ ਹੈ। ਸਚਮੁੱਚ, ਸਤਿਗੁਰੂ ਜਗਜੀਤ ਸਿੰਘ ਜੀ ਦੀ ਇਸ ਘਾਲਣਾ ਨੂੰ ਸਦਾ ਲਈ ਯਾਦ ਕੀਤਾ ਜਾਵੇਗਾ, ਜਿਨ੍ਹਾਂ ਦੀ ਮਿਹਨਤ ਅਤੇ ਪ੍ਰੇਰਨਾ ਸਦਕਾ ਸਤਿਗੁਰੂ ਪਰਤਾਪ ਸਿੰਘ ਜੀ ਦੇ ਗਿਆਨ ਰਤਨਾਂ ਦਾ ਇਹ ਵਿਸ਼ਾਲ ਭੰਡਾਰ ਸਾਧ ਸੰਗਤ ਤੇ ਲੋਕਾਈ ਨੂੰ ਪ੍ਰਾਪਤ ਹੋਇਆ ਹੈ। ਸਤਿਗੁਰੂ ਜੀ ਦੀ ਦੂਰ-ਦ੍ਰਿਸ਼ਟੀ ਦਾ ਇੱਕ ਅਦੁੱਤੀ ਪ੍ਰਮਾਣ ਇਹ ਵੀ ਸੀ ਕਿ ਆਪ ਜੀ ਨੇ ਇਸ ਮਹਾਨ ਕਾਰਜ ਦੀ ਸੰਪਾਦਨਾ ਦਾ ਕੰਮ ਪ੍ਰਿੰ. ਬੇਅੰਤ ਕੌਰ ਅਤੇ ਉਨ੍ਹਾਂ ਦੇ ਸੁਘੜ ਸੁਜਾਨ ਪਤੀ ਸ. ਸੰਤ ਸਿੰਘ ਜੀ ਨੂੰ ਸੌਂਪਿਆ। ਜਿਨ੍ਹਾਂ ਦੀ ਸ਼ਰਧਾ, ਲਗਨ ਅਤੇ ਪ੍ਰੇਮ

Namdhari Elibrary NamdhariElibrary@gmail.com

ਸਦਕਾ ਇਹ ਗਿਆਨ-ਭੰਡਾਰ ਸੁਨਹਿਰੀ ਅੱਖਰਾਂ ਵਿੱਚ ਸੁਰੱਖਿਅਤ ਰੂਪ ਵਿੱਚ ਪਾਠਕਾਂ ਤੱਕ ਪਹੁੰਚਿਆ ਹੈ।

ਇਸ ਪੁਸਤਕ ਦਾ ਸਾਧਾਰਨ ਸਰਵੇਖਣ ਕਰਨ ਨਾਲ ਇਹ ਗੱਲ ਸਹਿਜ ਰੂਪ ਵਿੱਚ ਵਿਚਰੀ ਸਪੱਸ਼ਟ ਹੋ ਜਾਂਦੀ ਹੈ ਕਿ ਇਨ੍ਹਾਂ ਪੁਸਤਕਾਂ ਨੂੰ ਤਿਆਰ ਕਰਨਾ ਕਿੰਨੀ ਕਠਿਨ ਘਾਲਣਾ ਦੀ ਮੰਗ ਕਰਦਾ ਸੀ, ਜੋ ਇਸ ਗੁਰੂ ਵਰੋਸਾਈ ਦੰਪਤੀ ਨੇ ਆਪਣੀ ਸਖ਼ਤ ਘਾਲਣਾ ਤੇ ਪ੍ਰੇਮ ਸਦਕਾ ਇਸ ਕੰਮ ਨੂੰ ਪੂਰਾ ਕਰਕੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਹਨ।

ਇਸ ਪੁਸਤਕ ਦੇ ਚਾਰ ਭਾਗਾਂ ਦੇ ਪ੍ਰਕਾਸ਼ਨ ਪਿਛੋਂ 2003 ਵਿੱਚ ਬੀਬੀ ਬੇਅੰਤ ਕੌਰ ਗੁਰੂ-ਪੁਰੀ ਸਿਧਾਰ ਗਏ ਅਤੇ ਅਗਲੇ ਭਾਗ ਦਾ ਸਾਰਾ ਕਾਰਜ ਸ੍ਰ. ਸੰਤ ਸਿੰਘ ਜੀ ਨੂੰ ਨਿਭਾਉਣਾ ਪਿਆ।

'ਲਾਲ ਏਹਿ ਰਤਨ' ਪੁਸਤਕਾਂ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਦੇ 1948 ਤੋਂ ਲੈ ਕੇ 1959 ਤੱਕ ਦੇ ਵਿਦੇਸ਼ੀ ਦੌਰਿਆਂ ਸਮੇਂ ਕੀਤੇ ਗਏ ਉਪਦੇਸ਼ ਸੰਕਲਿਤ ਹਨ।

ਇਹ ਗੱਲ ਸਰਬ-ਵਿੰਦਤ ਹੈ ਕਿ ਸਤਿਗੁਰੂ ਪਰਤਾਪ ਸਿੰਘ ਜੀ ਅਦੁੱਤੀ ਸੁਭਾਸਣੀ ਸ਼ਕਤੀ ਦੇ ਸੁਆਮੀ ਸਨ। ਇਨ੍ਹਾਂ ਭਾਸ਼ਣਾਂ ਨੂੰ ਰਿਕਾਰਡ ਕਰਕੇ ਸਾਧ ਸੰਗਤ ਦੇ ਭਲੇ ਲਈ ਸ਼ਾਮ ਦੇ ਦੀਵਾਨਾਂ ਵਿੱਚ ਸੁਣਾਉਣ ਦਾ ਪ੍ਰਬੰਧ ਕੀਤਾ ਗਿਆ। ਬੈਂਕੌਕ ਦੀ ਸਾਧ ਸੰਗਤ ਅਤੇ ਵਿਸ਼ੇਸ਼ ਕਰਕੇ ਸ. ਇਕਬਾਲ ਸਿੰਘ ਮਨਚੰਦਾ ਅਤੇ ਗੁਰਬਖ਼ਸ਼ ਸਿੰਘ ਪ੍ਰੀਤਮ ਨੇ ਇਨ੍ਹਾਂ ਭਾਸ਼ਣਾਂ ਨੂੰ ਰਿਕਾਰਡ ਕਰ ਲਿਆ ਅਤੇ ਇੰਞ ਇਨ੍ਹਾਂ ਦੇ 83 ਭਾਸ਼ਣਾਂ ਦਾ ਵੱਡਾ ਭੰਡਾਰ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਪ੍ਰਾਪਤ ਹੋਇਆ। 1975 ਤੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਨ੍ਹਾਂ ਭਾਸ਼ਣਾਂ ਨੂੰ ਲਿਖਤੀ ਰੂਪ ਵਿੱਚ ਆਪਣੇ ਹਥੀਂ ਲਿਖਿਆ ਅਤੇ ਕਈ ਸ੍ਰੇਸ਼ਟ ਵਿਦਵਾਨਾਂ ਦੇ ਸਨਮੁੱਖ ਇਹਨਾਂ ਨੂੰ ਸੁਣਵਾਇਆ, ਜਿਸ ਪਿਛੋਂ 1991 ਵਿੱਚ ਇਸ ਕਾਰਜ ਨੂੰ ਲਿਖਣ ਸੋਧਣ ਮਿਲਾਨ ਦਾ ਕਾਰਜ ਪ੍ਰਿੰ. ਬੇਅੰਤ ਕੌਰ ਤੇ ਸ੍ਰ. ਸੰਤ ਸਿੰਘ ਨੂੰ ਸੌਂਪਿਆ ਗਿਆ ਅਤੇ ਇਨ੍ਹਾਂ ਦੋਹਾਂ ਦੀ ਅਣਥੱਕ ਘਾਲਣਾ ਸਦਕਾ ਸਤਿਗੁਰੂ ਪਰਤਾਪ ਸਿੰਘ ਜੀ ਦੇ ਪ੍ਰਵਚਨਾਂ ਦਾ ਇਹ ਵੱਡਾ ਭੰਡਾਰ ਸੁਰੱਖਿਅਤ ਰੂਪ ਵਿੱਚ ਸਾਡੇ ਤੱਕ ਪਹੁੰਚ ਸਕਿਆ ਹੈ।

ਸਤਿਗੁਰੂ ਪਰਤਾਪ ਸਿੰਘ ਜੀ ਦੇ ਇਨ੍ਹਾਂ ਪ੍ਰਵਚਨਾਂ ਦਾ ਇੱਕ ਹੋਰ ਵਿਸ਼ਾਲ ਭੰਡਾਰ ਜੋ ਇਸ ਤਰ੍ਹਾਂ ਦੇ ਲਿਖਤੀ ਸਰੂਪ ਵਿੱਚ ਸੁਰੱਖਿਅਤ ਤਾਂ ਨਹੀਂ ਹੈ, ਪਰ ਉਨ੍ਹਾਂ ਦੇ ਸਭ ਅੰਸ਼ ਸੰਤ ਤਰਨ ਸਿੰਘ ਵਹਿਮੀ ਜੀ ਨੇ 'ਜੱਸ ਜੀਵਨ' ਪੁਸਤਕਾਂ ਦੇ ਛੇਆਂ ਭਾਗਾਂ ਵਿੱਚ ਸਾਂਭ ਰੱਖੇ ਹਨ ਅਤੇ ਇਹਨਾਂ ਪ੍ਰਵਚਨਾਂ ਨੂੰ ਵੀ ਉਪਰੋਕਤ ਸੰਗ੍ਰਹਿਆਂ ਨਾਲ ਜੋੜ ਲਿਆ ਜਾਵੇ ਤਾਂ ਸਤਿਗੁਰੂ ਪਰਤਾਪ ਸਿੰਘ ਜੀ ਦੇ ਉਪਦੇਸ਼ਾਂ ਦਾ ਇੱਕ ਹੋਰ ਵੱਡਾ ਸੰਗ੍ਰਹਿ ਬਣ ਸਕਦਾ ਹੈ ਤੇ ਇਹ ਬਹੁਤ ਵੱਡਾ ਕਾਰਜ ਹੈ, ਜਿਸਨੂੰ ਕੁਝ ਨਾਮਧਾਰੀ ਜਾਂ ਹੋਰ ਖੋਜੀ ਸੱਜਣਾਂ ਦੇ ਉੱਦਮ ਨਾਲ ਇਕੱਤਰ ਕਰ ਲਿਆ ਜਾਵੇ ਤਾਂ ਇਹਨਾਂ ਉਪਦੇਸ਼ਾਂ ਦਾ ਇੱਕ ਹੋਰ ਪੂਰਕ-ਸੰਗ੍ਰਹਿ ਵੀ ਤਿਆਰ ਕੀਤਾ ਜਾ ਸਕਦਾ ਹੈ।

ਇਨ੍ਹਾਂ ਗੁਰ ਉਪਦੇਸ਼ਾਂ ਦੇ ਵਿਸ਼ਲੇਸ਼ਣ ਅਤੇ ਵਿਸ਼ੇਵਾਰ ਵਿਸਤਾਰ-ਪੂਰਵਕ ਅਧਿਐਨ

Namdhari Elibrary NamdhariElibrary@gmail.com

ਲਈ ਲੰਮਾ ਸਮਾਂ ਲੋੜੀਂਦਾ ਹੈ, ਕਿਉਂਕਿ ਇਹ ਇੱਕ ਵਿਸ਼ਾਲ ਤੇ ਡੂੰਘੇ ਸਾਗਰ ਦੇ ਅਨੇਕ ਰਤਨਾਂ ਨੂੰ ਲੜੀਬਧ ਕਰਨ ਦਾ ਯਤਨ ਕਾਫ਼ੀ ਵੱਡੇ ਸਿਰੜ ਤੇ ਸਿਦਕ ਦੀ ਮੰਗ ਕਰਦਾ ਹੈ।

ਸਤਿਗੁਰੂ ਪਰਤਾਪ ਸਿੰਘ ਜੀ ਦੇ ਇਹਨਾਂ ਮਿੱਠੜੇ ਪਰਵਚਨਾਂ ਦਾ ਵੇਰਵਾ ਨਿਮਨਲਿਖਤ ਹੈ :

'ਲਾਲ ਏਹਿ ਰਤਨ' ਦਾ ਪਹਿਲਾ ਭਾਗ 23-11-1948 ਤੋਂ 28-04-1950 ਤੱਕ ਦੇ ਸਮੇਂ ਦਾ ਹੈ। ਇਸ ਭਾਗ ਵਿੱਚ ਕੁੱਲ 13 ਭਾਸ਼ਣ ਸੰਕਲਿਤ ਹਨ, ਜਿਨ੍ਹਾਂ ਵਿੱਚੋਂ 7 ਭਾਸ਼ਣ 1948 ਈ. ਦੇ ਹਨ ਅਤੇ 6 ਭਾਸ਼ਣ 1950 ਈ. ਦੇ ਹਨ, ਜਿਨ੍ਹਾਂ ਦੀਆਂ ਕ੍ਰਮਵਾਰ ਮਿਤੀਆਂ 23-11-1948, 01-12-1948, 05-12-1948, 06-12-1948, 07-12-1948, 08-12-1948, 08-12-1948 ਅਤੇ 01-03-1950, 02-03-1950, 03-03-1950, 04-03-1950, 06-03-1950, 28-04-1950 ਹਨ। ਇਹ ਸਾਰੇ ਭਾਸ਼ਣ ਬੰਕੋਕ ਦੀ ਸਾਧ ਸੰਗਤ ਦੇ ਸਤਿਗੁਰੂ ਜੀ ਦੇ ਹਜ਼ੂਰੀ ਦੀਵਾਨਾਂ ਵਿੱਚ ਸੰਬੋਧਿਤ ਕੀਤੇ ਗਏ ਹਨ। ਇਹ ਭਾਗ 1995 ਵਿੱਚ ਪ੍ਰਕਾਸ਼ਿਤ ਕੀਤਾ ਗਿਆ।

ਦੂਜੇ ਭਾਗ ਵਿੱਚ ਵੀ 13 ਗੁਰ ਉਪਦੇਸ਼ ਸੰਕਲਿਤ ਹਨ, ਜਿਨ੍ਹਾਂ ਨੂੰ ਸਰਵਣ ਕਰਨ ਦਾ ਸੁਭਾਗ ਵੀ ਬੰਕੋਕ ਦੀ ਸਾਧ ਸੰਗਤ ਨੂੰ 1951-52 ਵਿੱਚ 7-2-1951, 9-2-1951, 11-2-1951, 15-9-1951, 16-9-1951, 18-9-1951, 19-9-1951, 20-9-1951 ਅਤੇ 29-1-1952, 5-2-1952, 7-11-1952, 9-11-1952, 10-11-1952 ਨੂੰ ਹੋਇਆ। ਇਹ ਭਾਗ 1999 ਵਿੱਚ ਲੋਕ-ਅਰਪਣ ਕੀਤਾ ਗਿਆ।

'ਲਾਲ ਏਹਿ ਰਤਨ' ਦੇ ਤੀਸਰੇ ਭਾਗ ਵਿੱਚ 1953-1954 ਸਾਲਾਂ ਦੇ 14 ਗੁਰ ਉਪਦੇਸ਼ ਦਰਜ ਹਨ, ਜਿਨ੍ਹਾਂ ਨੂੰ ਬੰਕੋਕ ਵਿਖੇ ਹੀ 12-11-1953, 22-6-1953, 26-6-1953, 24-6-1953, 25-6-1953, 26-6-1953 ਅਤੇ 9-2-1954, 16-2-1954, 17-2-1954, 18-2-1954, 19-2-1954, 28-9-1954, 29-9-1954 ਅਤੇ 8-10-1954 ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਸੁਣਿਆ ਮਾਣਿਆ ਅਤੇ ਆਪਣੇ ਹਿਰਦਿਆਂ ਵਿੱਚ ਵਸਾਇਆ। ਇਹ ਸੁਭਾਸ਼ਣ ਅਖੁੱਟ ਪ੍ਰੇਰਨਾ-ਸਰੋਤ ਤੇ ਮਨੁੱਖੀ ਹਿਰਦਿਆਂ ਦੀ ਕਾਇਆ ਕਲਪ ਕਰ ਦੇਣ ਦੀ ਸਮਰੱਥਾ-ਸ਼ਕਤੀ ਆਪਣੇ ਵਿੱਚ ਸਮੋਈ ਬੈਠੇ ਹਨ। 'ਲਾਲ ਏਹਿ ਰਤਨ' ਦਾ ਤੀਜਾ ਭਾਗ 2002 ਨੂੰ ਪ੍ਰਕਾਸ਼ਿਤ ਕੀਤਾ ਗਿਆ।

'ਲਾਲ ਏਹਿ ਰਤਨ' ਦੇ ਚੌਥੇ ਭਾਗ ਵਿੱਚ 1955-56 ਦੇ ਬੰਕੋਕ ਵਿਖੇ ਹੀ 16 ਗੁਰਉਪਦੇਸ਼ ਹਨ, ਜੋ 28-1-1955, 30-1-1955, 5-2-1955, 6-2-1955, 7-2-1955, 16-10-1955, 19-10-1955, 21-10-1955, 22-10-1955, 23-10-1955 ਅਤੇ 6-2-1956, 11-2-1956, 14-2-1956, 17-2-1956, 12-10-1956 ਅਤੇ ਅਕਤੂਬਰ 1956 ਨੂੰ ਸਤਿਗੁਰੂ ਪਰਤਾਪ ਸਿੰਘ ਜੀ ਦੇ ਹਜ਼ੂਰੀ ਦੀਵਾਨਾਂ ਵਿੱਚ ਹੀ ਉਚਾਰੇ ਗਏ ਸਨ। ਚੌਥਾ ਭਾਗ ਵੀ ਸ੍ਰੀ ਭੈਣੀ ਸਾਹਿਬ ਵਿਖੇ ਸੰਨ 2003

Namdhari Elibrary NamdhariElibrary@gmail.com

ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਭੇਟ ਕੀਤਾ ਗਿਆ। 'ਲਾਲ ਏਹਿ ਰਤਨ' ਦੇ ਉਪਰੋਕਤ ਚਾਰੇ ਭਾਗ ਪ੍ਰਿੰ. ਬੇਅੰਤ ਕੌਰ ਜੀ ਦੀ ਸੰਪਾਦਨ ਕੌਸ਼ਲਤਾ, ਮਿਹਨਤ ਤੇ ਕਲਾ-ਸੰਪੰਨ ਸਾਹਿਤਕ ਅੰਤਰ-ਦ੍ਰਿਸ਼ਟੀ ਦੇ ਮੂੰਹੋਂ ਬੋਲਦੇ ਤੇ ਜਿਉਂਦੇ ਜਾਗਦੇ ਪ੍ਰਮਾਣ ਹਨ। ਇਨ੍ਹਾਂ ਭਾਗਾਂ ਦੀਆਂ ਪ੍ਰਸਤਾਵਨਾਵਾਂ ਵੀ ਸਵਰਗਵਾਸੀ ਪ੍ਰਿੰ. ਬੇਅੰਤ ਕੌਰ ਜੀ ਦੀ ਕਲਮ ਦੁਆਰਾ ਰਚੀਆਂ ਗਈਆਂ ਹਨ, ਜਿਨ੍ਹਾਂ ਵਿੱਚ ਕਮਾਲ ਦੀ ਸਾਹਿਤਕ ਅਤੇ ਭਾਸ਼ਾਈ ਵਿਦਵਤਾ ਤੇ ਅੰਤਰੀਵ ਗਿਆਨ ਦੀ ਝਲਕ ਥਾਂ-ਥਾਂ 'ਤੇ ਮਿਲਦੀ ਹੈ।

'ਲਾਲ ਏਹਿ ਰਤਨ' ਦਾ ਪੰਜਵਾਂ ਭਾਗ ਜੋ 2005 ਵਿੱਚ ਪ੍ਰਕਾਸ਼ਿਤ ਹੋਇਆ, ਤਾਂ ਪ੍ਰਿੰ. ਬੇਅੰਤ ਕੌਰ ਜੀ ਦੇ ਸਵਰਗਵਾਸ ਹੋਣ ਪਿਛੋਂ ਨਿਰੋਲ ਸ. ਸੰਤ ਸਿੰਘ ਜੀ ਦੀ ਸਫਲ ਮਿਹਨਤ ਤੇ ਅਦਭੁੱਤ ਬੌਧਿਕ ਅਨੁਸ਼ਾਸਨ ਤੇ ਸ੍ਰੇਸ਼ਟ ਅੰਤਰ-ਦ੍ਰਿਸ਼ਟੀ ਦੀ ਮੂੰਹੋਂ ਬੋਲਦੀ ਤਸਵੀਰ ਹੈ। ਇਸ ਭਾਗ ਦੀ ਲੰਮੀ ਪ੍ਰਸਤਾਵਨਾ ਤੀਹ ਪੰਨਿਆਂ ਦੀ ਹੈ, ਜਿਸ ਵਿੱਚ ਇਸ ਵਿਦਵਾਨ ਲੇਖਕ ਤੇ ਸੁਘੜ ਸੁਜਾਨ ਸੰਪਾਦਕ ਨੇ ਸੰਪੂਰਨ ਨਾਮਧਾਰੀ ਇਤਿਹਾਸ ਨੂੰ ਸਰਲ ਸੁਬੋਧ ਭਾਸ਼ਾ ਵਿੱਚ ਅੰਕਿਤ ਕਰ ਦਿੱਤਾ ਹੈ। ਭਾਵੇਂ 'ਲਾਲ ਏਹਿ ਰਤਨ' ਦੇ ਪਹਿਲੇ ਚਾਰ ਭਾਗਾਂ ਵਿੱਚ ਵੀ ਆਪ ਪ੍ਰਿੰ. ਬੇਅੰਤ ਕੌਰ ਜੀ ਦੇ ਸਹਿ-ਸੰਪਾਦਕ ਸਨ, ਪਰ ਇਸ ਭਾਗ ਦੀ ਤਰਤੀਬ ਟਿੱਪਣੀਆਂ, ਦੱਖ ਦਾ ਉੱਜਲ ਸਰੂਪ ਇਹ ਰਚਨਾ ਆਪਣੇ ਆਪ ਹੀ ਉਨ੍ਹਾਂ ਦੀ ਕੀਰਤੀ ਲਈ ਧੰਨ-ਧੰਨ ਕਰਵਾ ਦਿੰਦੀ ਹੈ। 'ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ' ਵਾਲੀ ਗੱਲ ਬਣ ਗਈ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਮਿਹਰ ਭਰਿਆ ਹੱਥ ਤਾਂ 'ਲਾਲ ਏਹਿ ਰਤਨ' ਦੇ ਪੰਜੇ ਭਾਗਾਂ ਨੂੰ ਸੰਪੂਰਨ ਕਰਨ ਵਿੱਚ ਸਦਾ ਇਹਨਾਂ ਦੀ ਪਿੱਠ 'ਤੇ ਰਿਹਾ ਹੈ। ਇਨ੍ਹਾਂ ਦੋਹਾਂ ਦੀ ਲਗਨ, ਮਿਹਨਤ ਅਤੇ ਯੋਗਦਾਨ ਦੀ ਜਿੰਨੀ ਉਪਮਾ ਕੀਤੀ ਜਾਵੇ, ਥੋੜ੍ਹੀ ਹੈ। ਪੰਜਵੇਂ ਭਾਗ ਵਿੱਚ 27 ਪ੍ਰਵਚਨ ਸੰਕਲਿਤ ਹਨ। ਜਿਨ੍ਹਾਂ ਵਿੱਚੋਂ ਦਿੱਲੀ ਵਿੱਚ 3, ਸ੍ਰੀ ਭੈਣੀ ਸਾਹਿਬ ਵਿਖੇ 3, ਬੈਂਕੋਕ ਵਿੱਚ 4 ਅਤੇ ਅਫ਼ਰੀਕਾ ਵਿੱਚ 17 ਉਪਦੇਸ਼ਾਂ ਰਾਹੀਂ ਸਤਿਗੁਰੂ ਪਰਤਾਪ ਸਿੰਘ ਜੀ ਨੇ ਸੁਦੇਸ਼ ਤੇ ਵਿਦੇਸ਼ਾਂ ਵਿੱਚ, ਹਜ਼ੂਰੀ ਦੀਵਾਨਾਂ ਵਿੱਚ ਆਪਣੇ ਪਰਵਚਨਾਂ ਦੇ ਅੰਮ੍ਰਿਤ ਬਚਨਾਂ ਰਾਹੀਂ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੂੰ ਕਿਰਤਾਰਥ ਕੀਤਾ।

## ਪ੍ਰਵਚਨਾਂ ਦਾ ਵਿਸ਼ਾ-ਵਸਤੂ

ਇਨ੍ਹਾਂ ਗੁਰਉਪਦੇਸ਼ਾਂ ਬਾਰੇ ਕੁਝ ਕਹਿ ਸਕਣਾ ਅਤੇ ਇਹਨਾਂ ਦਾ ਆਲੋਚਨਾਤਮਕ ਵਿਸ਼ਲੇਸ਼ਣ ਜਾਂ-ਮੁਲਾਂਕਣ ਕਰਨਾ ਅਤਿ-ਕਠਿਨ ਹੈ, ਫਿਰ ਵੀ ਇਹਨਾਂ ਬਾਰੇ ਕੁਝ ਪ੍ਰਮੁੱਖ ਵਿਦਵਾਨਾਂ ਤੇ ਹਵਾਲਿਆਂ ਰਾਹੀਂ ਕੁਝ ਲੋੜੀਂਦੀ ਜਾਣਕਾਰੀ ਦਿੱਤੀ ਜਾ ਸਕਦੀ ਹੈ, ਤਾਂ ਜੁ ਇਹਨਾਂ ਦੇ ਸਮੁੱਚੇ ਵਿਸ਼ੇ-ਵਸਤੂ ਅਤੇ ਪ੍ਰਵਚਨ-ਕਾਰ ਸਤਿਗੁਰੂ ਪਰਤਾਪ ਸਿੰਘ ਜੀ ਦੇ ਅੰਦਰਲੇ ਮਹਾਂਸਾਗਰ ਦੀ ਡੂੰਘਾਈ ਤੇ ਅਨੰਤ ਪਸਾਰਾਂ ਦਾ ਕੁਝ ਕੁਝ ਥਹੁ ਪਾਇਆ ਜਾ ਸਕੇ, ਜਿਸ ਵਿੱਚੋਂ ਇਹ ਬਹੁਮੁੱਲੇ ਲਾਲ ਰਤਨ ਸਤਿਗੁਰੂ ਜੀ ਦੇ ਮਾਨਵੀ ਦਰਦ ਨਾਲ ਭਰਪੂਰ ਅਧਿਆਤਮਕ ਪ੍ਰਕਾਸ਼, ਬੌਧਿਕ-ਜਿਗਿਆਸਾ ਤੇ ਉਸ ਪਰਉਪਕਾਰੀ ਭਾਵਨਾ ਦਾ ਕੁਝ-ਕੁਝ ਅਨੁਮਾਨ ਲਾਇਆ ਜਾ ਸਕੇ, ਜਿਸ ਦੀਆਂ ਡੂੰਘਾਈਆਂ ਵਿੱਚੋਂ ਇਹ ਲਾਲ

ਰਤਨ ਆਪ ਮੁਹਾਰੇ ਹੀ ਪ੍ਰਗਟ ਹੋਏ ਹਨ। ਇਨ੍ਹਾਂ ਦੀ ਭਾਸ਼ਾ ਅਤਿ-ਮਿੱਠਤੀ ਹਰ ਪ੍ਰਾਣੀ ਦੇ ਹਿਰਦੇ ਵਿੱਚ ਧਸ ਜਾਣ ਵਾਲੀ ਤੇ ਕਾਇਆ ਕਲਪ ਕਰ ਦੇਣ ਵਾਲੀ ਸ਼ਕਤੀ ਰੱਖਦੀ ਹੋਈ ਗਗਨ ਮੰਡਲਾਂ ਦੀ ਅੰਮ੍ਰਿਤ-ਵਰਖਾ ਸਮਾਨ ਸਮੁੱਚੀ ਮਾਨਵਤਾ ਦੀ ਤਪਦੀ ਧਰਤ ਉੱਤੇ ਆ ਵਰਸੀ ਹੈ। ਇਹ ਤਾਂ ਉਹ ਅਧਿਆਤਮਕ ਖਜਾਨਾ ਹੈ, ਜੋ ਰਹਿੰਦੀ ਦੁਨੀਆਂ ਤੱਕ ਸਾਰੇ ਵਿਸ਼ਵ ਨੂੰ ਤ੍ਰਿਪਤ ਕਰਦਾ ਰਹੇਗਾ। ਇਹ ਮਹਾਂਨੂਰ ਦਾ ਉਹ ਝਰਨਾ ਹੈ, ਜਿਸਦੀ ਮਿੱਠੀ ਸੰਗੀਤਕ ਲੈਅ ਸਤਿਗੁਰੂ ਜੀ ਦੀ ਰਸਨਾ ਤੋਂ ਨਾਦ ਅਨਾਦ ਦੇ ਰੂਪ ਵਿੱਚ ਆਪ ਪ੍ਰਗਟ ਹੋਈ ਹੈ। ਇਹ ਤਾਂ ਸੁਖਮਨੀ ਸਾਹਿਬ ਦੀ ਅੰਤਿਮ ਅਸ਼ਟਪਦੀ ਦੇ ਕਥਨਾਂ ਦਾ ਸਾਰ ਹੈ, ਜਿਸ ਬਾਰੇ ਸੁਖਮਨੀ ਸਾਹਿਬ ਦੇ ਕਰਤਾ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਹਵਾਲਾ ਹੀ ਉਪਯੁਕਤ ਹੋ ਸਕਦਾ ਹੈ :

ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ॥
ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥
ਜਨਮ ਮਰਨ ਤਾਕਾ ਦੂਖੁ ਨਿਵਾਰੈ॥
ਦੁਲਭ ਦੇਹ ਤਤਕਾਲ ਉਧਾਰੈ॥
ਨਿਰਮਲ ਸੋਭਾ ਅੰਮ੍ਰਿਤ ਤਾਕੀ ਬਾਨੀ॥
ਏਕੁ ਨਾਮੁ ਮਨ ਮਾਹਿ ਸਮਾਨੀ॥
ਦੂਖ ਰੋਗ ਬਿਨਸੇ ਭੈ ਭਰਮ॥
ਸਾਧ ਨਾਮ ਨਿਰਮਲ ਤਾਕੇ ਕਰਮ॥
ਸਭ ਤੇ ਊਚ ਤਾਕੀ ਸੋਭਾ ਬਨੀ॥
ਨਾਨਕ ਇਹ ਗੁਣਿ ਨਾਮੁ ਸੁਖਮਨੀ॥

ਸਚਮੁੱਚ ਸਤਿਗੁਰੂ ਪਰਤਾਪ ਸਿੰਘ ਜੀ ਦੇ ਇਹਨਾਂ ਗੁਰਉਪਦੇਸ਼ਾਂ ਵਿੱਚ ਸੁਖਮਨੀ ਸਾਹਿਬ ਦੀ ਉਤਕ੍ਰਿਸ਼ਟ ਵਿਆਖਿਆ ਹੀ ਸਤਿਗੁਰੂ ਜੀ ਨੇ ਆਪਣੇ ਅਧਿਆਤਮਕ ਸੰਦੇਸ਼ਾਂ ਵਿੱਚ ਕਰ ਦਿੱਤੀ ਹੈ। ਪੰਜਾਬੀ ਦੇ ਪ੍ਰਮੁੱਖ ਸਮਕਾਲੀ ਵਿਦਵਾਨਾਂ ਨੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਇਹਨਾਂ ਅਧਿਆਤਮਿਕ ਸੰਦੇਸ਼ਾਂ ਬਾਰੇ ਨਿਮਨਲਿਖਤ ਸ਼ਬਦ ਲਿਖੇ ਹਨ। ਡਾ. ਹਰਿਭਜਨ ਸਿੰਘ ਅਨੁਸਾਰ, "ਇਹ ਰਤਨ ਦੈਵੀ ਜੋਤੀ ਦੇ ਪੁੰਜ ਹਨ। ਕਿਤੋਂ ਵੀ ਪੜ੍ਹੋ ਡਿਕੋਡੋਲੇ ਖਾਂਦੇ ਮਨ ਨੂੰ ਆਧਾਰ ਪ੍ਰਾਪਤ ਹੋ ਜਾਂਦਾ ਹੈ। .....ਇਹ ਹਨ ਤਾਂ ਲਿਖੇ ਹੋਏ, ਪਰ ਇਹਨਾਂ ਨੂੰ ਸਹਿਜ ਨਾਲ ਪੜ੍ਹੋ ਤਾਂ ਇਹ ਬੋਲਦੇ ਪ੍ਰਤੀਤ ਹੁੰਦੇ ਹਨ। ਇਵੇਂ ਜਾਪਦਾ ਹੈ ਕਿ ਜਿਵੇਂ ਕੋਈ ਸੱਚੀ ਤੇ ਸੁੱਚੀ ਕਰਨੀ ਵਾਲਾ, ਬੋਲ ਵਿੱਚ ਪ੍ਰਖਤਾ, ਧਰਮਾਤਮਾ, ਸਾਡੇ ਬਹੁਤ ਨੇੜੇ ਢੁੱਕ ਕੇ, ਸਗੋਂ ਸਾਡੀ ਆਤਮਾ ਵਿੱਚ ਬੈਠ ਕੇ, ਸਾਨੂੰ ਰੋਸ਼ਨੀ ਦਾ ਪ੍ਰਸਾਦ ਬਖਸ਼ ਰਿਹਾ ਹੋਵੇ। ਐਸੇ ਮਹਾਂਪੁਰਸ਼ ਬਹੁਤ ਵਿਰਲੇ ਹਨ, ਜਿਨ੍ਹਾਂ ਦੀ ਰਚਨਾ ਵਿੱਚ ਬੋਲ ਵਰਗਾ ਪ੍ਰਭਾਵ ਹੁੰਦਾ ਹੈ। ਇਹ ਉਹ ਹੀ ਕਰ ਸਕਦਾ ਹੈ, ਜੋ ਆਪਣੇ ਨਾਲ ਬਹੁਤੀ ਵਿੱਥ ਨਾ ਪੈਣ ਦੇਵੇ।"[1]

ਸ੍ਰੀ ਸਤਿਗੁਰੂ ਜੀ ਜਦੋਂ ਬੋਲ ਉਚਾਰਦੇ ਹਨ ਤਾਂ ਜਾਪਦਾ ਹੈ ਜਿਵੇਂ ਗੁਰਬਾਣੀ ਆਪ

[1] *ਲਾਲ ਏਹਿ ਰਤਨ*, ਭਾਗ ਦੂਜਾ ਦੀ ਭੂਮਿਕਾ ਵਿਚੋਂ।

Namdhari Elibrary NamdhariElibrary@gmail.com

ਉਹਨਾਂ ਦੇ ਮੁਖੋਂ ਆਪਣੀ ਵਿਆਖਿਆ ਪੇਸ਼ ਕਰ ਰਹੀ ਹੋਵੇ। ਗੁਰਬਾਣੀ ਅਤੇ ਸ੍ਰੀ ਸਤਿਗੁਰੂ ਜੀ ਦੇ ਬੋਲ ਵਿੱਚ ਕੋਈ ਵਿੱਥ, ਕੋਈ ਦਵੈਤ ਨਹੀਂ। ਸ਼ੁਭ ਵਿਚਾਰਾਂ ਦਾ ਇਹ ਸਮੁੰਦਰ ਹੈ, ਕਿਤੋਂ ਵੀ ਚੂਲੀ ਭਰੋ ਤੁਹਾਡੇ ਹੱਥ ਵਿੱਚ ਨਿਰਮਲ ਜਲ ਹੀ ਆਵੇਗਾ। ਪ੍ਰਦੂਸ਼ਣ ਦਾ ਇਸ ਵਿੱਚ ਕੋਈ ਤੱਤ ਨਹੀਂ ਹੋਵੇਗਾ।"

ਪ੍ਰੋ. ਪ੍ਰੀਤਮ ਸਿੰਘ ਦੇ ਸ਼ਬਦਾਂ ਅਨੁਸਾਰ, "ਨਾਮਧਾਰੀ ਸਿੰਘਾਂ ਦੀ ਦਾਦ ਦੇਣੀ ਪੈਂਦੀ ਹੈ ਕਿ ਉਹਨਾਂ ਨੇ ਆਪਣੇ ਧਾਰਮਿਕ ਆਗੂਆਂ ਦੇ ਮੁਖਾਰਬਿੰਦ ਤੋਂ ਨਿਕਲਣ ਵਾਲਾ ਕੋਈ ਸ਼ਬਦ ਹਵਾ ਵਿੱਚ ਰੁਲਣ ਨਹੀਂ ਦਿੱਤਾ। ......ਮੈਂ ਮਹਾਰਾਜ ਪਰਤਾਪ ਸਿੰਘ ਜੀ ਦੇ ਇਹਨਾਂ ਭਾਸ਼ਣਾਂ ਨੂੰ ਲਿਖਤੀ ਰੂਪ ਦੇਣ ਵਾਲੀ ਨਾਮਧਾਰੀ ਵਿਦਵਾਨ ਪ੍ਰਿੰ. ਬੇਅੰਤ ਕੌਰ ਦੇ ਯਤਨ ਨੂੰ ਸਲਾਹੇ ਬਿਨਾਂ ਨਹੀਂ ਰਹਿ ਸਕਦਾ, ਕਿਉਂਕਿ ਉਹਨਾਂ ਨੇ ਇਹਨਾਂ ਵਿੱਚ ਆਪਣੇ ਵੱਲੋਂ ਕੋਈ ਘਾਟ-ਵਾਧ ਕਰਨ ਦੀ ਚਤੁਰਾਈ ਨਹੀਂ ਕੀਤੀ, ਜਿਸ ਕਰਕੇ ਪਾਠਕ ਇਹ ਮਹਿਸੂਸ ਕੀਤੇ ਬਿਨਾਂ ਨਹੀਂ ਰਹਿ ਸਕਦਾ ਕਿ ਉਹ ਭਾਸ਼ਣ ਦਾ ਲਿਖਤੀ ਪਾਠ ਪੜ੍ਹ ਨਹੀਂ ਰਿਹਾ ਬਲਕਿ ਪਵਿੱਤਰ ਬੁਲਾਰੇ ਦੇ ਬੋਲਾਂ ਨੂੰ ਆਪਣੇ ਕੰਨਾਂ ਨਾਲ ਸੁਣ ਰਿਹਾ ਹੈ।"

ਚੌਥੇ ਭਾਗ ਦੀ ਪ੍ਰਵੇਸ਼ਿਕਾ ਵਿੱਚ ਡਾ. ਈਸ਼ਰ ਸਿੰਘ ਤਾਂਘ ਦੇ ਸ਼ਬਦ ਬੜੇ ਢੁੱਕਵੀਂ ਤਰ੍ਹਾਂ ਇਹਨਾਂ ਭਾਸ਼ਣਾਂ ਬਾਰੇ ਸੁੰਦਰ ਟਿੱਪਣੀ ਕਰਦੇ ਹਨ : "ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਵਿਖਿਆਨ, ਨਾਮ ਅਤੇ ਆਤਮ ਗਿਆਨ ਦੇ ਉਹ ਭੰਡਾਰ ਹਨ, ਜਿਸ ਨੂੰ ਜਿਤਨਾ ਫੁੰਚਾਂਗੇ, ਖਰਚਾਂਗੇ, ਉਤਨੀ ਹੀ ਭਰਪੂਰਤਾ ਦਾ ਆਨੰਦ ਮਾਣਨ ਦਾ ਸੁਭਾਗ ਪ੍ਰਾਪਤ ਕਰ ਸਕਾਂਗੇ।"

ਪੰਜਾਬੀ ਦੇ ਪ੍ਰਮੁੱਖ ਵਿਦਵਾਨ ਤੇ ਸਮਾਲੋਚਕ ਡਾ. ਸਤਿੰਦਰ ਸਿੰਘ ਨੂਰ ਨੇ 'ਲਾਲ ਏਹਿ ਰਤਨ' ਬਾਰੇ ਬਹੁਤ ਸੁੰਦਰ ਆਲੋਚਨਾਤਮਕ ਤੇ ਵਿਸ਼ਲੇਸ਼ਣਾਤਮਕ ਵਿਆਖਿਆ ਕੀਤੀ ਹੈ। ਇਹ, ਇੱਕ ਪ੍ਰਕਾਰ, 'ਲਾਲ ਏਹਿ ਰਤਨ' ਦੇ ਪੰਜਾਂ ਭਾਗਾਂ ਦਾ ਹੀ ਸਰਵੇਖਣ ਵਿਸ਼ਲੇਸ਼ਣ ਤੇ ਮੁਲਾਂਕਣ ਹੈ। ਡਾ. ਨੂਰ ਦੇ ਸ਼ਬਦਾਂ ਵਿੱਚ, "ਉਹ ਲੋਕ ਜਿਹਨਾਂ ਨੇ ਇਹਨਾਂ ਉਪਦੇਸ਼ਾਂ ਨੂੰ ਰਿਕਾਰਡ ਕਰਕੇ ਸਾਂਭ ਲਿਆ ਹੈ, ਉਹ ਸੱਚਮੁੱਚ ਹੀ ਧੰਨਤਾ ਦੇ ਪਾਤਰ ਹਨ। ਉਹਨਾਂ ਦੇ ਪੁਰਸ਼ਾਰਥ ਅਤੇ ਲਗਨ ਸਦਕਾ ਹੀ ਅੱਜ ਅਸੀਂ ਇਹਨਾਂ ਉਪਦੇਸ਼ਾਂ ਦਾ ਆਨੰਦ ਮਾਣ ਰਹੇ ਹਾਂ। ਸਤਿਗੁਰੂ ਜਗਜੀਤ ਸਿੰਘ ਜੀ ਦਾ ਇਹਨਾਂ ਉਪਦੇਸ਼ਾਂ ਨੂੰ ਪੁਸਤਕ ਰੂਪ ਦੇਣ ਦਾ ਨਿਰਣਾ ਵੀ ਆਪ ਜੀ ਦੀ ਦੂਰ-ਦਰਸ਼ਿਤਾ ਦਾ ਹੀ ਕਮਾਲ ਹੈ। ਇਸ ਨਾਲ ਇਹ ਅਨਮੋਲ ਰਤਨ ਸਿਰਫ਼ ਨਾਮਧਾਰੀਆਂ ਤੱਕ ਹੀ ਸੀਮਿਤ ਨਾ ਰਹਿ ਕੇ ਦੂਰ-ਦੂਰ ਆਮ ਲੋਕਾਂ ਤੱਕ ਵੀ ਪਹੁੰਚ ਗਏ ਹਨ। ਪੁਸਤਕਾਂ ਰੂਪ ਇਹਨਾਂ ਉਪਦੇਸ਼ਾਂ ਦੇ ਲਾਭ ਦਾ ਦਾਇਰਾ ਵੀ ਬਹੁਤ ਵਿਸ਼ਾਲ ਹੋ ਗਿਐ ਅਤੇ ਬੁੱਧੀਜੀਵੀਆਂ ਨੂੰ ਸਹੀ ਇਤਿਹਾਸ ਅਤੇ ਭਰਪੂਰ ਖੋਜ ਸਮੱਗਰੀ ਮਿਲ ਗਈ ਹੈ। ਸਤਿਗੁਰੂ ਪਰਤਾਪ ਸਿੰਘ ਜੀ ਇਹਨਾਂ ਉਪਦੇਸ਼ਾਂ ਵਿੱਚ ਕਈ ਸੰਕਲਪਾਂ, ਸਿਧਾਂਤਾਂ, ਵਿਚਾਰਾਂ ਨੂੰ ਪਰਿਭਾਸ਼ਿਤ ਕਰਦੇ ਹਨ। .....ਇਹ ਉਪਦੇਸ਼ ਭਵਿੱਖ ਮੁਖੀ ਹਨ। ਸਮਾਜ ਦੀ ਜੋ ਸਥਿਤੀ ਅੱਜ ਹੈ, ਉਸਨੂੰ ਵੀ ਸੁਧਾਰਨ ਵਾਲੇ, ਬਦਲਣ ਵਾਲੇ ਹਨ। ਇਹਨਾਂ ਉਪਦੇਸ਼ਾਂ ਵਿੱਚ ਸਤਿਗੁਰੂ ਅਕਾਲ ਪੁਰਖ, ਨਾਮ, ਸੇਵਾ, ਸਾਂਝੀਵਾਲਤਾ, ਰਹਿਤ, ਰਾਗ, ਸ਼ਬਦ, ਪੁੰਨ-ਪਾਪ, ਮੁਕਤੀ, ਭਗਤੀ ਤੇ ਹੋਰ ਕਈ

Namdhari Elibrary NamdhariElibrary@gmail.com

ਸੰਕਲਪਾਂ ਨੂੰ ਸਰਲ ਰੂਪ ਵਿੱਚ ਪਰਿਭਾਸ਼ਿਤ ਵੀ ਕੀਤਾ ਹੈ ਤੇ ਕਦਮ-ਕਦਮ ਤੇ ਗੁਰਬਾਣੀ ਦੇ ਸ਼ੁੱਧ ਪ੍ਰਮਾਣਾਂ ਨਾਲ ਸਮਝਾਇਆ ਵੀ ਗਿਆ ਹੈ। ....ਪ੍ਰਵਚਨਾਂ ਵਿੱਚ ਸੰਬੋਧਨ ਹੈ, ਤਸ਼ਬੀਹਾਂ ਹਨ, ਸਰਲਤਾ ਹੈ, ਵਿਚਾਰ ਹੈ, ਤਰਕ ਹੈ।"

ਇਸ ਹਥਲੀ ਪੁਸਤਕ ਦੇ ਕਰਤਾ (ਕਿਰਪਾਲ ਸਿੰਘ ਕਸੇਲ) ਦੇ ਸ਼ਬਦਾਂ ਵਿੱਚ,

"ਇਹ ਗੁਰੂ ਉਪਦੇਸ਼ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਮਹਾਨ ਵਿਅਕਤਿਤਵ ਨਾਲ ਸੰਬੰਧਿਤ ਹਨ ਜਾਂ ਦੂਜੇ ਸ਼ਬਦਾਂ ਵਿੱਚ ਉਨ੍ਹਾਂ ਦੀ ਅੰਤਰ-ਆਤਮਾ ਦਾ ਪ੍ਰਕਾਸ਼ ਹਨ ਅਤੇ ਉਨ੍ਹਾਂ ਦੇ ਮੁਖਾਰਬਿੰਦ ਤੋਂ ਉਚਾਰੇ ਗਏ ਹਨ। ਇਹ ਸੰਦੇਸ਼ ਨਾਮਧਾਰੀ-ਮਤ ਅਨੁਸਾਰ ਜੀਵਨ ਦੇ ਮਹਾਂਸਾਗਰ ਉੱਤੇ ਚਲਣ ਲਈ ਸਪਸ਼ਟ ਸੇਧ ਦੇ ਪ੍ਰਕਾਸ਼ ਬਿੰਦੂ ਬਣ ਕੇ ਸਦਾ ਲਈ ਚਮਕਦੇ ਰਹਿਣਗੇ। ਇਹਨਾਂ ਮਹਾਨ ਉਪਦੇਸ਼ਾਂ ਵਿੱਚ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਮਹਾਰਾਜ ਨੇ ਨਾ ਕੇਵਲ ਆਪਣੇ ਜੁਗ ਦੀ ਅਧਿਆਤਮਿਕ, ਧਾਰਮਿਕ, ਸਮਾਜਿਕ ਤੇ ਸਭਿਆਚਾਰਕ ਮਰਿਆਦਾ ਦੀ ਨੀਂਹ ਰਖੀ ਹੈ, ਸਗੋਂ ਆਦਿ ਕਾਲ ਤੋਂ ਚਲੇ ਆ ਰਹੇ ਧਰਮ-ਮਾਰਗ ਦੀਆਂ ਅਤੀਤ ਤੱਕ ਗੱਡੀਆਂ ਡੂੰਘੀਆਂ ਜੜ੍ਹਾਂ ਤੋਂ ਲੈ ਕੇ ਵਿਭਿੰਨ ਕਾਲਾਂ ਵਿੱਚ ਇਸ ਧਰਮ ਬ੍ਰਿਛ ਦੇ ਵੱਧਣ-ਫੁੱਲਣ, ਪਾਲਣ ਵਿਗਸਣ ਤੇ ਸਦੀਆਂ ਤੱਕ ਫੁੱਲ-ਫਲ ਦੇ ਕੇ ਦੁਖਿਆਰੀ ਮਨੁੱਖਤਾ ਨੂੰ ਸਦੀਵ ਕਾਲ ਤੱਕ ਸ਼ਾਂਤੀ ਤੇ ਸ਼ੀਤਲਤਾ ਦੇ ਸਕਣ ਦੀ ਸਮਰੱਥਾ ਨੂੰ ਦ੍ਰਿੜਾਇਆ ਹੈ।"

ਸ਼ੋਕ ਦੀ ਗੱਲ ਹੈ ਕਿ ਹਾਲੀਂ ਤੱਕ ਨਾਮਧਾਰੀ ਇਤਿਹਾਸ ਦੇ ਉਨ੍ਹਾਂ ਉੱਜਲ ਪੰਨਿਆਂ ਉੱਤੇ ਪੂਰਨ ਪ੍ਰਕਾਸ਼ ਨਹੀਂ ਪੈ ਸਕਿਆ, ਜੋ ਰਾਸ਼ਟਰੀ ਤੇ ਧਾਰਮਿਕ ਵਿਕਾਸ ਦਾ ਵਡਮੁੱਲਾ ਹਿੱਸਾ ਹਨ।

ਇਹਨਾਂ ਗੁਰ ਉਪਦੇਸ਼ਾਂ ਵਿੱਚ ਇਤਿਹਾਸ ਦੇ ਇਹਨਾਂ ਅਲੋਪ ਹੋ ਰਹੇ ਪੰਨਿਆਂ ਨੂੰ ਮੁੜ ਮੂਰਤੀਮਾਨ ਕਰਨ ਦਾ ਵੱਡਮੁੱਲਾ ਯਤਨ ਕੀਤਾ ਗਿਆ ਹੈ ਤੇ ਉਹ ਵੀ ਉਸ ਮਹਾਨ ਹਸਤੀ ਵੱਲੋਂ ਜਿਨ੍ਹਾਂ ਦੇ ਸੁਯੋਗ ਹੱਥਾਂ ਵਿੱਚ ਨਾਮਧਾਰੀ ਸਮਾਜ ਦੀ ਵਾਗਡੋਰ ਅੱਧੀ ਸਦੀ ਤੋਂ ਵੀ ਵਧੀਕ ਸਮੇਂ ਤੱਕ ਰਹੀ ਹੈ, ਜਿਨ੍ਹਾਂ ਦੀ ਦੂਰਦਰਸ਼ਤਾ, ਜੱਥੇਬੰਦਕ ਯੋਗਤਾ ਅਤੇ ਕਰਮਸ਼ੀਲ ਵਿਅਕਤੀਤਵ ਨੇ ਆਪਣੇ ਕਾਲ ਵਿੱਚ ਭਾਰਤੀ ਸੁਤੰਤਰਤਾ-ਸੰਗਰਾਮ ਸਿੱਖ ਸਮਾਜ ਦੇ ਉਥਾਨ ਤੇ ਨਾਮਧਾਰੀ ਧਾਰਮਿਕ-ਮਰਿਆਦਾ ਦਾ ਇੱਕ ਤਰ੍ਹਾਂ ਦਾ ਨਵ-ਨਿਰਮਾਣ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ।

ਗੁਰੂ ਦੀ ਮਹਾਨ ਸ਼ਕਤੀ ਦਾ ਤੇਜ-ਪ੍ਰਤਾਪ ਕਿੱਡਾ ਵੱਡਾ ਵਿਅਕਤੀਗਤ, ਸਮਾਜਿਕ ਤੇ ਧਾਰਮਿਕ ਪਰਿਵਰਤਨ ਲਿਆ ਸਕਦਾ ਹੈ। ਇਸ ਅਮਰ ਸੋਚ ਨੂੰ ਇਹਨਾਂ ਬਾਰੇ ਗੁਰ ਉਪਦੇਸ਼ਾਂ ਵਿੱਚ ਥਾਂ ਪਰ ਥਾਂ ਗਤੀਸ਼ੀਲ ਰੂਪ ਵਿੱਚ ਦੇਖਿਆ ਜਾ ਸਕਦਾ ਹੈ। ਇਹਨਾਂ ਗੁਰ ਉਪਦੇਸ਼ਾਂ ਵਿੱਚ ਉਹਨਾਂ ਨੇ ਆਪਣੀ ਵਿਆਖਿਆਨ-ਵਿਧੀ ਵੀ ਆਪ ਹੀ ਨਿਰਧਾਰਿਤ ਕੀਤੀ ਹੈ।

'ਲਾਲ ਏਹਿ ਰਤਨ' ਦੇ ਪੰਜਵੇਂ ਭਾਗ ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਜ਼ੂਰੀ ਸੇਵਕ ਸੰਤ ਹਰਪਾਲ ਸਿੰਘ ਜੀ ਨੇ ਪੰਜਾਂ ਭਾਗਾਂ ਦੀ ਵਸਤੂ-ਸਮੱਗਰੀ ਨੂੰ ਇਕੱਤਰ ਕਰਨ ਅਤੇ ਟੇਪਾਂ ਵਿੱਚ ਸੁਰੱਖਿਅਤ ਕਰਨ ਤੋਂ ਲੈ ਕੇ ਇਹਨਾਂ ਗੁਰ ਉਪਦੇਸ਼ਾਂ ਦੇ ਅੰਤਿਮ

Namdhari Elibrary NamdhariElibrary@gmail.com

ਸੁੰਦਰ ਪ੍ਰਕਾਸ਼ਨ ਤੱਕ ਦੇ ਵੇਰਵਿਆਂ ਦਾ ਵਿਸਥਾਰ ਸਹਿਤ ਵਰਣਨ ਕੀਤਾ ਹੈ, ਜਿਸ ਤੋਂ ਇਸ ਸਾਰੀ ਯੋਜਨਾ ਦੇ ਆਰੰਭ ਤੋਂ ਲੈ ਕੇ ਅੰਤਿਮ ਪ੍ਰਕਾਸ਼ਿਤ ਸਰੂਪ ਵਿਚ ਸੁਸੱਜਿਤ ਹੋਣ ਤੱਕ ਦੀ ਸਾਰੀ ਪ੍ਰਕਿਰਿਆ ਦਾ ਵਰਣਨ ਹੈ ਅਤੇ ਇਸ ਯੋਜਨਾ ਨੂੰ ਨੇਪਰੇ ਚਾੜ੍ਹਨ ਲਈ ਸਤਿਗੁਰੂ ਜਗਜੀਤ ਸਿੰਘ ਜੀ ਦੇ ਉੱਦਮ ਤੇ ਮਿਹਨਤ ਅਤੇ ਨਿੱਜੀ ਤੌਰ ਤੇ ਲਈ ਗਈ ਜ਼ਿੰਮੇਵਾਰੀ ਬਾਰੇ ਦੱਸਿਆ ਗਿਆ ਹੈ। ਇਸ ਤੋਂ ਬਿਨ੍ਹਾਂ ਜਿਸ-ਜਿਸ ਵਿਅਕਤੀ ਦਾ ਇਸ ਪ੍ਰਾਜੈਕਟ ਨੂੰ ਨੇਪਰੇ ਚਾੜ੍ਹਨ ਵਿਚ ਜਿਨ੍ਹਾਂ-ਜਿਨ੍ਹਾਂ ਦਾ ਯੋਗਦਾਨ ਹੈ, ਸਭ ਬਾਰੇ ਵਿਸਤਾਰ ਸਹਿਤ ਉਲੇਖ ਕੀਤਾ ਗਿਆ ਹੈ। ਵਿਸ਼ੇਸ਼ ਤੋਰ ਤੇ ਸਰਦਾਰ ਸੰਤ ਸਿੰਘ ਅਤੇ ਬੀਬੀ ਬੇਅੰਤ ਕੌਰ ਜੀ ਦੀ ਮੁਲਵਾਨ ਤੇ ਸਮਰਪਿਤ ਸੇਵਾ ਦੀ ਭਰਪੂਰ ਸ਼ਲਾਘਾ ਕੀਤੀ ਹੈ।

ਸੰਤ ਹਰਪਾਲ ਸਿੰਘ ਸੇਵਕ ਨੇ 'ਲਾਲ ਏਹਿ ਰਤਨ' ਦੇ·ਗੁਰ ਉਪਦੇਸ਼ਾਂ ਬਾਰੇ ਆਪਣੇ ਸ਼ਰਧਾ ਭਾਵ ਬੜੇ ਢੁਕਵੇਂ ਸ਼ਬਦਾਂ ਦੁਆਰਾ ਪ੍ਰਗਟ ਕੀਤੇ ਹਨ : "ਸਤਿਗੁਰੂ ਪਰਤਾਪ ਸਿੰਘ ਜੀ ਦੇ ਉਪਦੇਸ਼ ਗਿਆਨ ਦਾ ਮਹਾਂਸਾਗਰ ਹਨ, ਜਿਸ ਵਿੱਚ ਅਧਿਆਤਮਿਕ ਗਿਆਨ ਦੇ ਲਾਲਾਂ, ਰਤਨਾਂ ਅਤੇ ਸੁੱਚੇ ਮੋਤੀਆਂ ਦੇ ਢੇਰ ਹਨ। ਆਪ ਜੀ ਦੇ ਪ੍ਰਵਚਨਾਂ ਵਿੱਚ ਦਰਿਆ ਦੇ ਪਾਣੀ ਵਰਗਾ ਵੇਗ, ਕਾਵਿਕ ਰਵਾਨੀ ਅਤੇ ਸੰਗੀਤਕ ਖਿੱਚ ਹੈ। ਗੁਰਸਿੱਖੀ ਜੀਵਨ ਦਾ ਕੋਈ ਪਹਿਲੂ ਵੀ ਅਜਿਹਾ ਨਹੀਂ ਜੋ ਅਣਛੂਹਿਆ ਰਿਹਾ ਹੋਵੇ। ਅਟੱਲ ਪ੍ਰਤਾਪੀ ਸਤਿਗੁਰੂ ਜੀ ਦੇ ਪਾਵਨ ਉਪਦੇਸ਼ ਗਿਆਨ ਦਾ ਮਾਨਸਰੋਵਰ ਹਨ, ਜਿਸ ਵਿੱਚ ਅਮੋਲਕ ਬਚਨਾਂ ਦੇ ਲਾਲਾਂ, ਰਤਨਾਂ ਦਾ ਅਮੁੱਕ ਭੰਡਾਰ ਹੈ।"

## 'ਲਾਲ ਏਹਿ ਰਤਨ' ਅੰਦਰ ਦਰਸਾਏ ਗਏ ਪ੍ਰਮੁੱਖ ਸੰਕਲਪ : ਸਤਿਗੁਰੂ ਜੀ ਦੇ ਆਪਣੇ ਸ਼ਬਦਾਂ ਵਿੱਚ

### ਨਾਮ

ਸਤਿਗੁਰੂ ਸੱਚੇ ਪਾਤਸ਼ਾਹ ਨੇ ਸਾਨੂੰ ਗਰੜ ਉਦਗਾਰ ਦਿੱਤੀ ਹੈ, ਤੁਹਾਨੂੰ ਨਾਮ ਦਿੱਤਾ ਹੈ। ਜਿਹੜੇ ਨਾਮ ਜਪਣਗੇ, ਉਹਨਾਂ ਨੂੰ ਫਿਰ ਮਾਇਆ ਦਾ ਜ਼ਹਿਰ ਨਹੀਂ ਚੜ੍ਹ ਸਕਦਾ। ਸਤਿਗੁਰੂ ਉਸ ਵੇਲੇ ਬਖਸ਼ਿਸ਼ ਕਰਨਗੇ, ਰੱਖਿਆ ਕਰਨਗੇ, ਕੀਹਦੀ? ਜਿਹੜਾ ਨਾਮ ਜਪੇਗਾ, ਜਿਹੜਾ ਸਤਿਗੁਰੂ ਨੂੰ ਯਾਦ ਕਰੇਗਾ, ਨਾ ਮਾਲਾ, ਨਾ ਦਾੜ੍ਹੀ, ਨਾ ਕੇਸ, ਨਾ ਕਿਰਪਾਨ, ਨਾ ਬੋਦੀ, ਨਾ ਕੋਈ ਚੀਜ਼। ਜਿਹੜਾ ਨਾਮ ਜਪੇਗਾ, ਉਹ ਬਚੇਗਾ। ਜਦੋਂ ਰਸਨਾ ਨਾਲ ਜਪੋ, ਉਦੋਂ ਮਨ ਵੀ ਧਿਆਨ ਨਾਲ ਜੋੜੋ, ਬਈ ਮੈਂ ਜਪਦਾ ਹਾਂ। ਕੰਨਾਂ ਨਾਲ, ਆਪਣਿਆਂ ਕੰਨਾਂ ਨਾਲ ਸੁਣੋ, ਏਦੂੰ ਜ਼ਿਆਦਾ ਨਾ ਜਾਵੇ, ਕਿਸੇ ਨੂੰ ਨਾ ਸੁਣੇ, ਆਪਣੇ ਕੰਨਾਂ ਨੂੰ ਪਤਾ ਲੱਗੇ।

### ਗੁਰਬਾਣੀ

ਤੁਸੀਂ ਇਹ ਨਾ ਮੰਨੋ ਕਿ ਅਸੀਂ ਸਿੱਖ ਬਣ ਗਏ ਹਾਂ, ਅਸੀਂ ਕਿਰਪਾਨ ਪਾ ਲਈ ਹੈ, ਅਸੀਂ ਮਾਲਾ ਪਾ ਲਈ ਹੈ, ਸਾਡੀ ਸਿੱਧੀ ਪੱਗ ਹੈ। ਜੇਕਰ ਲੋਕਾਂ ਦੇ ਦਿਖਾਉਣ ਵਾਸਤੇ ਬਾਣੀ ਵੀ ਪੜ੍ਹਦੇ ਹੋ, ਪੱਲੇ ਕੁਝ ਨਹੀਂ ਪੈਂਦਾ। ਆਪਣੇ ਆਪ ਨਾਲ ਧਿਆਨ ਮਾਰਿਆ ਕਰੋ। ਕੁਝ ਰੋਜ਼ ਸੋਚਿਆ ਕਰੋ। ਇੱਕ ਇੱਕ ਚੀਜ਼ ਛੱਡਦੇ ਜਾਉਗੇ ਤੇ ਕਿੱਥੇ ਚਲੇ ਜਾਉਗੇ

Namdhari Elibrary NamdhariElibrary@gmail.com

ਤੇ ਜੇ ਇੱਕ-ਇੱਕ ਗ੍ਰਹਿਣ ਕਰਦੇ ਜਾਉਗੇ, ਇੱਕ-ਇੱਕ ਤੁਕ ਰੋਜ਼ ਦਾ ਨਿਯਮ ਬਣਾ ਲਵੋ, ਕੰਠ ਕਰਨ ਦਾ, ਫਿਰ ਦੇਖੋ, ਤੁਸੀਂ ਕੀ ਕੁਝ ਕਰ ਸਕਦੇ ਹੋ। ਇੱਕ ਵਾਰ ਹੀ ਰੋਜ਼ ਵਾਧੂ ਭਜਨ ਕਰ ਲਿਆ ਕਰੋ, ਪਤਾ ਲੱਗ ਜਾਇਗਾ ਤੁਸੀਂ ਕਿੱਥੇ ਜਾਂਦੇ ਹੋ।

**ਸਤਿਗੁਰੂ**

ਗੁਰੂ ਰਿਸ਼ਤਿਆਂ ਤੋਂ ਉੱਚੀ ਚੀਜ਼ ਹੈ, ਉਹ ਇਹਨਾਂ ਸਭਨਾਂ ਗੱਲਾਂ ਤੋਂ ਵੱਖਰੀ ਚੀਜ਼ ਹੈ, ਜਿਨ੍ਹਾਂ ਨੇ ਤੇ ਸਮਝ ਲਿਆ ਸਤਿਗੁਰੂ, ਉਹਨਾਂ ਨੂੰ ਤੇ ਮਿਲ ਗਿਆ। ਸਤਿਗੁਰੂ ਐਸੀ ਚੀਜ਼ ਹੈ ਕਿ ਜਿਸਨੂੰ ਕੋਈ ਫਲ ਨਹੀਂ ਸਕਦਾ, ਜਿਸਨੂੰ ਕੋਈ ਦਬਾ ਨਹੀਂ ਸਕਦਾ, ਖੇਡ ਹੈ ਕੁਦਰਤ ਦੀ।

ਸਤਿਗੁਰੂ ਸਭਨਾਂ ਦੀ ਸਾਂਝੀ ਚੀਜ਼ ਹੈ। ਜਿਹੜੇ ਨਾਮ ਜਪਣਗੇ, ਸਤਿਗੁਰੂ ਉੱਤੇ ਈਮਾਨ ਲਿਆਉਣਗੇ, ਜਿਹੜੇ ਸਤਿਗੁਰੂ ਦਾ ਹੁਕਮ ਮੰਨਣਗੇ, ਉਹ ਸੁਖੀ ਰਹਿਣਗੇ।

ਸਾਡਾ ਸਤਿਗੁਰੂ ਜਦੋਂ ਦੁਨੀਆਂ ਨਹੀਂ ਸੀ ਉਦੋਂ ਵੀ ਸੀ, ਜਦੋਂ ਨਹੀਂ ਰਹੇਗੀ ਉਦੋਂ ਵੀ ਹੋਵੇਗਾ। ਹਰ ਵੇਲੇ ਉਹ ਰਹਿੰਦਾ ਹੈ, ਹਰ ਵੇਲੇ ਉਹ ਸਭ ਕੁਝ ਦੇਖਦਾ ਹੈ। ਸਤਿਗੁਰੂ ਸਾਰੀ ਸ੍ਰਿਸ਼ਟੀ ਦਾ ਮਾਲਕ ਹੈ, ਸਭ ਦਾ ਉਹ ਕਰਤਾ ਹਰਤਾ ਹੈ। ਸਤਿਗੁਰੂ ਸਰਬ ਕਲਾ ਸਮਰੱਥ ਹੈ, ਜਿਸਨੂੰ ਅਣਗਿਣਤ ਜੀਵ ਰਚਣ ਦਾ ਕੋਈ ਪੁੰਨ ਨਹੀਂ, ਔਰ ਸਾਰੀ ਸ੍ਰਿਸ਼ਟੀ ਨੂੰ ਜਿਦਣ ਪਰਲੋ ਕਰਕੇ ਲੈਅ ਕਰ ਦਿੰਦਾ ਹੈ, ਕੋਈ ਪਾਪ ਨਹੀਂ। ਉਸਦੇ ਨਾਲ ਸਾਡਾ ਦਾਅਵਾ ਕੋਈ ਨਹੀਂ, ਪਰ ਇਕੋ ਚੀਜ਼ ਹੈ ਕਿ ਉਹ ਸਰਬ ਕਲਾ ਸਮਰੱਥ ਹੈ, ਉਹ ਅਜੂਨੀ ਹੈ, ਉਹ ਜੂਨ ਵਿੱਚ ਕਦੇ ਨਹੀਂ ਆਉਂਦਾ।

ਸਤਿਗੁਰੂ ਸਦਾ ਹੀ ਹੈ, ਉਹ ਕੋਈ ਵੇਲਾ ਨਹੀਂ ਜਿੱਥੇ ਉਹ ਨਾ ਹੋਵੇਗਾ। ਜਿਹੜੇ ਉਹਦੇ ਚਰਨਾਂ ਨੂੰ ਲੱਗ ਕੇ ਧਿਆਉਂਦੇ ਹਨ, ਸਤਿਗੁਰੂ ਉਹਨਾਂ ਦੀਆਂ ਮਨ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਹਨ।

ਜਿਹੜਾ ਸਤਿਗੁਰੂ ਦੇ ਹੁਕਮਾਂ ਵਿੱਚ ਨਹੀਂ ਚੱਲਦਾ, ਜਿਹੜਾ ਉਹਦੇ ਬਚਨਾਂ ਉੱਤੇ ਨਹੀਂ ਚੱਲਦਾ, ਨਾ ਦਾੜ੍ਹੀ ਨਾਲ, ਨਾ ਕੇਸਾਂ ਨਾਲ, ਨਾ ਮਾਲਾ ਨਾਲ, ਨਾ ਕਿਰਪਾਨ ਨਾਲ, ਨਾ ਕਾਲੀ ਨਾਲ, ਨਾ ਚਿੱਟੀ ਨਾਲ, ਕੋਈ ਬਚਾਅ ਨਹੀਂ ਹੋਣਾ।

**ਗੁਰਸਿੱਖ**

ਗੁਰੂ ਦੇ ਸਿੱਖ ਸਭ ਦੇਵਤੇ ਨੇ।

ਮਾਸ, ਮਦਰਾ, ਤਮਾਕੂ ਬੁਰੀਆਂ ਚੀਜ਼ਾਂ ਹਨ।

ਜਿਸਦੇ ਕਰਮਾਂ ਵਿੱਚ ਮੈਲ ਨਹੀਂ ਹੈ, ਉਹ ਸਾਧ ਹੈ, ਨਾ ਭਗਵਿਆਂ ਵਾਲਾ - ਨਾ ਚਿੱਟਿਆਂ ਵਾਲਾ - ਨਾ ਮਾਲਾ ਵਾਲਾ - ਨਾ ਕਿਰਪਾਨ ਵਾਲਾ।

ਜਿਹੜੇ ਆਸ਼ਕ ਹਨ, ਉਹ ਸਤਿਗੁਰੂ ਦੇ ਨਾਲ ਹੀ ਆਉਂਦੇ ਜਾਂਦੇ ਹਨ ਅਤੇ ਉਹਨਾਂ ਦਾ ਜਨਮ ਮਰਨ ਨਹੀਂ ਰਹਿ ਜਾਂਦਾ, ਉਹ ਉਹਦਾ ਰੂਪ ਹੋ ਜਾਂਦੇ ਹਨ।

ਮਨਮੁਖ ਤੇ ਉਹ ਪੁਰਸ਼ ਹਨ, ਜਿਹੜੇ ਸਾਧ ਸੰਗਤ ਵਿੱਚ ਆਏ ਹੀ ਨਹੀਂ।

ਸਾਧ ਸੰਗਤ ਵਾਲੇ ਪਾਸੇ ਮੂੰਹ ਨਹੀਂ ਕੀਤਾ ਤੇ ਆਪਣੇ ਮਨ ਨੂੰ ਹੀ ਮੁੱਖ ਰਖਿਆ

Namdhari Elibrary NamdhariElibrary@gmail.com

ਏ, ਜੋ ਮਨ ਨੇ ਕਿਹਾ ਉਹੀ ਕੰਮ ਕੀਤਾ।

ਗੁਰਮੁਖ ਹੋ ਗਏ ਉਹ - ਜਿਨ੍ਹਾਂ ਨੇ ਗੁਰੂ ਨੂੰ ਮੁੱਖ ਰੱਖ ਕੇ ਗੁਰੂ ਦੇ ਹੁਕਮਾਂ ਨੂੰ ਮੰਨਿਆ।

ਜਿਹੜੇ ਸਤਿਗੁਰੂ ਨੂੰ ਹਾਜ਼ਰ ਨਾਜ਼ਰ ਕਰਕੇ ਜਾਣਦੇ ਹਨ, ਉਹ ਸਨਮੁੱਖ, ਸਿੱਖ ਹਨ।

**ਹਿੰਦੂ ਸਿੱਖ**

ਹਿੰਦੂ ਸਿੱਖ ਦੋ ਨਹੀਂ। ਆਹ ਕਈ ਜਿਹੜੇ ਸਾਡੇ ਕੋਲ ਟੋਪੀਆਂ ਵਾਲੇ ਬੈਠੇ ਹਨ, ਇਹ ਵੀ ਸਿੱਖ ਹਨ। ਸਿੱਖ ਦਾ ਅਰਥ ਹੈ ਜਿਹੜਾ ਕਿਸੇ ਦੀ ਸਿੱਖਿਆ ਲਵੇ।

**ਰਹਿਤ**

ਰਹਿਤ ਦਾ ਇਹ ਮਤਲਬ ਨਹੀਂ ਬਈ ਇਥੋਂ ਪਾਣੀ ਖੂਹ ਦਾ ਭਰ ਕੇ ਪੀ ਲਿਆ, ਜਿਹੜਾ ਨੇੜੇ ਆਇਆ ਉਹਨੂੰ ਗਾਲ੍ਹਾਂ ਕਢੀਆਂ - ਮੇਰੇ ਨਾਲ ਕਿਉਂ ਲੱਗਦਾ ਹੈਂ? ਪਾਣੀ ਨਾ ਕਿਸੇ ਨੂੰ ਦਿੱਤਾ - ਅੰਦਰਲੇ ਪਾਸੇ ਨੂੰ ਵੀ ਰਹਿਤ ਜਾਵੇ। ਅੰਦਰਲੇ ਕੰਮ ਵੀ ਨੇ ਜਿਹੜੇ ਇਹ ਸਤਿਗੁਰੂ ਛੁਡਾਵੇ। ਬਾਹਰਲੀਆਂ ਗੱਲਾਂ ਨਾਲ ਨਿਰਾ ਕੁਝ ਨਹੀਂ ਹੁੰਦਾ।

ਸਾਰੰਸ਼ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਸਤਿਗੁਰੂ ਪਰਤਾਪ ਸਿੰਘ ਜੀ ਦੇ ਗੁਰਉਪਦੇਸ਼ਾਂ ਦਾ ਇਹ ਸੰਗ੍ਰਹਿ 'ਲਾਲ ਏਹਿ ਰਤਨ' ਬਹੁਤ ਮੁੱਲਵਾਨ ਉਹ ਖਜ਼ਾਨਾ ਹੈ, ਜੋ ਸਤਿਗੁਰੂ ਪਰਤਾਪ ਸਿੰਘ ਜੀ ਨਾਮਧਾਰੀ ਪੰਥ ਨੂੰ ਬਖਸ਼ ਗਏ ਹਨ। ਇਹ ਉਹ ਵੱਡਮੁੱਲਾ ਵਿਰਸਾ ਹੈ; ਜਿਸ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੀ ਦੂਰ-ਦ੍ਰਿਸ਼ਟੀ ਦੁਆਰਾ ਪਰਾਕਰਮ ਕਰਕੇ ਨਾ ਕੇਵਲ ਨਾਮਧਾਰੀ ਪੰਥ ਲਈ ਸਗੋਂ ਸਮੁੱਚੀ ਮਨੁੱਖਤਾ ਦੇ ਜੀਵਨ ਪੰਧ ਨੂੰ ਰੁਸ਼ਨਾਉਣ ਲਈ ਦਸਤਾਵੇਜ਼ਾਂ ਵਜੋਂ ਸਾਂਭ ਲਿਆ ਹੈ। ਇਸ ਵਿਰਲੇ ਪ੍ਰਵਚਨ ਅਧਿਆਤਮਿਕ ਤੇ ਸੰਸਾਰਕ ਦੋਹਾਂ ਪੱਖਾਂ ਤੋਂ ਪ੍ਰਾਣੀ ਮਾਤਰ ਤੇ ਜਨ-ਸਮੂਹ ਦੀ ਸਦੀਆਂ ਤੱਕ ਅਗਵਾਈ ਕਰਦੇ ਰਹਿਣਗੇ। ਇਸ ਦਾ ਸੰਦੇਸ਼ ਵਿਸ਼ਵ-ਵਿਆਪੀ ਸਰਬ ਸਮਿਆਂ ਲਈ ਸਾਰਥਕ ਤੇ ਉਪਯੋਗੀ ਹੈ।

14-11-2007

(1 ਮੱਘਰ 2064 ਬਿ.)

Namdhari Elibrary NamdhariElibrary@gmail.com

# ਅੰਤਿਕਾ - 1, 2, 3

Namdhari Elibrary NamdhariElibrary@gmail.com

## ਅੰਤਿਕਾ 1



**ਸ. ਗੁਰਦੇਵ ਸਿੰਘ 'ਮਾਂਗਟ' ਦੀ ਨੋਟ ਬੁੱਕ 'ਚੋਂ :**

1937 ਈ. ਵਿੱਚ ਹੋਏ ਹਵਨ ਯੱਗ ਅਤੇ ਚੰਡੀ ਦੀ ਵਾਰ ਦੇ ਪਾਠਾਂ ਦਾ ਵੇਰਵਾ।

(ਸ. ਗੁਰਦੇਵ ਸਿੰਘ ਜੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਮੇਂ ਹਜ਼ੂਰੀ ਸੇਵਾ ਵਿੱਚ 1966 ਤੱਕ ਡਰਾਈਵਰ ਅਤੇ ਸਕੱਤਰ ਦੀ ਸੇਵਾ ਨਿਭਾਈ। ਆਪ ਹਵਾਈ ਜਹਾਜ਼ ਚਲਾਉਣ ਦੀ ਸੇਵਾ ਵੀ ਕਰਦੇ ਰਹੇ। ਅੱਜਕਲ੍ਹ ਟੋਰਾਂਟੋ (ਕੈਨੇਡਾ) ਵਿੱਚ ਰਹਿੰਦੇ ਹਨ।)



**ਸ. ਗੁਰਦੇਵ ਸਿੰਘ 'ਮਾਂਗਟ' ਦੀ ਨੋਟ ਬੁੱਕ 'ਚੋਂ :**

**ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਸਵਾ ਲੱਖ ਪਾਠਾਂ ਦੀ ਲੜੀ ਇੱਕ ਵੇਰ ਸੰਪੂਰਨ ਕਰਕੇ ਦੁਬਾਰਾ ਸ਼ੁਰੂ ਕੀਤੇ, ਜੋ ਆਪ ਜੀ ਦੇ ਪ੍ਰਲੋਕ-ਗਮਨ ਉਪਰੰਤ 1961 ਈ. ਵਿੱਚ ਸੰਪੂਰਨ ਹੋਏ।**

ਅੰਤਿਕਾ 3

## ਪੁਸਤਕਾਂ ਦੀ ਸੂਚੀ


1. ਤਰਨ ਸਿੰਘ ਵਹਿਮੀ — ਜੱਸ ਜੀਵਨ, ਭਾਗ 1 ਤੋਂ 6
2. ਤਾਰਾ ਸਿੰਘ ਅਨਜਾਣ — ਸਾਹਿਬ ਕੁਟੀ ਕਹੇਰਾ
3. ਤਾਰਾ ਸਿੰਘ ਅਨਜਾਣ — ਸੰਖੇਪ ਨਾਮਧਾਰੀ ਇਤਿਹਾਸ, ਸਾਹਿਬ ਕੁਟੀ ਕਹੇਰਾ, ਜਿਨ ਟੁੱਟੀ ਲਈ ਮਿਲਾਇ
4. ਸੰਤ ਇੰਦਰ ਸਿੰਘ ਚੱਕਰਵਰਤੀ — ਅਟੱਲ ਪ੍ਰਤਾਪੀ
5. ਸ. ਜਸਵਿੰਦਰ ਸਿੰਘ (ਸੰਪਾਦਕ) — ਸਤਿਗੁਰੂ ਬਿਲਾਸ, ਸੰਤ ਸੰਤੋਖ ਸਿੰਘ ਭਾਹੋਵਾਲ
6. ਰਾਮ ਸਿੰਘ ਮਜੀਠਾ — ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ, ਭਾਗ 1 ਅਤੇ ਭਾਗ 2
7. ਸ. ਜਸਵਿੰਦਰ ਸਿੰਘ — ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ
8. ਏ. ਸੀ. ਅਰੋੜਾ — ਪੰਜਾਬ ਦਾ ਇਤਿਹਾਸ (1799-1966), ਭਾਗ-2
9. ਪ੍ਰੋ. ਕਿਰਪਾਲ ਸਿੰਘ ਕਸੇਲ — ਤਵਾਰੀਖ਼ ਸੰਤ ਖ਼ਾਲਸਾ (ਭਾਗ ਪਹਿਲਾ)
10. ਪ੍ਰੋ. ਕਿਰਪਾਲ ਸਿੰਘ ਕਸੇਲ — ਜੈਸਾ ਸਤਿਗੁਰੂ ਸੁਣੀਦਾ
11. ਰਾਜਿੰਦਰ ਸਿੰਘ ਨਾਮਧਾਰੀ — ਕ੍ਰਾਂਤੀਆਂ ਕਹਾਣੀਆਂ
12. ਖੁਸ਼ਵੰਤ ਸਿੰਘ — ਏ ਹਿਸਟਰੀ ਆਫ ਦ ਸਿੱਖਸ, ਭਾਗ-II (1839-1988) (A History of the Sikhs)
12. ਸੋਹਣ ਸਿੰਘ ਜੋਸ਼ — ਅਕਾਲੀ ਮੋਰਚਿਆਂ ਦਾ ਇਤਿਹਾਸ
13. ਬੀਬੀ ਬੇਅੰਤ ਕੌਰ — ਦ ਨਾਮਧਾਰੀ ਸਿੱਖਸ (The Namdhari Sikhs)
14. ਬੀਬੀ ਬੇਅੰਤ ਕੌਰ ਸ. ਸੰਤ ਸਿੰਘ ਸੰਪਾਦਕ — ਲਾਲ ਏਹਿ ਰਤਨ, ਪੰਜ ਭਾਗ

15. ਪ੍ਰੀਤਮ ਸਿੰਘ ਆਰਸੀ ਸੰਪਾਦਕ — ਮਹਾਂਨੂਰ
16. ਬਾਬਾ ਬੀਰ ਸਿੰਘ — ਨਾਮਧਾਰੀ ਤੇ ਕਾਂਗਰਸ
17. ਪ੍ਰੀਤਮ ਸਿੰਘ ਕਵੀ — ਬੀਤੇ ਦੀਆਂ ਪੈੜਾਂ, ਭਾਗ-1
18. ਡਾ. ਕਰਮ ਸਿੰਘ ਕਪੂਰ — ਸਤਿਗੁਰੂ ਪਰਤਾਪ ਸਿੰਘ ਇੱਕ ਮਹਾਨ ਸਤਿਗੁਰੂ
19. Harbans Singh — The Encyclopaedia of Sikhism, Editor in Chief - Harbans Singh, Punjabi University, Patiala

Namdhari Elibrary NamdhariElibrary@gmail.com

ਚਿੱਤ੍ਰਾਵਲੀ

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ
ਦੀ ਜੀਵਨ-ਗਾਥਾ
ਤਸਵੀਰਾਂ ਦੀ ਜ਼ੁਬਾਨੀ

Namdhari Elibrary NamdhariElibrary@gmail.com

Namdhari Elibrary NamdhariElibrary@gmail.com



ਸ੍ਰੀ ਸਤਿਗੁਰੂ ਰਾਮ ਸਿੰਘ ਜੀ

Namdhari Elibrary NamdhariElibrary@gmail com



ਸ੍ਰੀ ਸਤਿਗੁਰੂ ਹਰੀ ਸਿੰਘ ਜੀ
(1819-1906 ਈ:)

Namdhari Elibrary NamdhariElibrary@gmail.com



ਸ੍ਰੀ ਮਾਤਾ ਜੀਵਨ ਕੌਰ ਜੀ ਅਤੇ ਸ੍ਰੀ ਮਾਤਾ ਫ਼ਤਹਿ ਕੌਰ ਜੀ।

Namdhari Elibrary NamdhariElibrary@gmail com



ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ

Namdhari Elibrary NamdhariElibrary@gmail.com



ਮਾਤਾ ਭੁਪਿੰਦਰ ਕੌਰ ਜੀ
(ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਮਹਿਲ)

Namdhari Elibrary NamdhariElibrary@gmail.com



ਮਹਾਰਾਜ ਨਿਹਾਲ ਸਿੰਘ ਜੀ

Namdhari Elibrary NamdhariElibrary@gmail.com



ਮਹਾਰਾਜ ਗੁਰਦਿਆਲ ਸਿੰਘ ਜੀ



ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ
ਖੱਬੇ : ਵੱਡੇ ਸਾਹਿਬਜ਼ਾਦੇ ਬੇਅੰਤ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ)
ਸੱਜੇ : ਛੋਟੇ ਸਾਹਿਬਜ਼ਾਦੇ ਬੱਲੋ ਜੀ (ਮਹਾਰਾਜ ਬੀਰ ਸਿੰਘ ਜੀ)

Namdhari Elibrary NamdhariElibrary@gmail com



ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ
ਪਾਸ ਖੜੇ ਆਪਦੇ ਵੱਡੇ ਸਾਹਿਬਜ਼ਾਦੇ
(ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ)

Namdhari Elibrary NamdhariElibrary@gmail.com



**ਉਸਤਾਦ ਭਾਈ ਮਸਤਾਨ ਸਿੰਘ ਜੀ (ਉਰਫ ਜੀਵਨ ਸਿੰਘ)**
**(ਪਟਿਆਲਾ ਘਰਾਣਾ)**
(ਪ੍ਰਸਿੱਧ ਦਿਲਰੁਬਾ ਵਾਦਕ ਉਸਤਾਦ ਭਾਈ ਗੰਜਾ ਸਿੰਘ ਦੇ ਸ਼ਾਗਿਰਦ। ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਭਾਈ ਮਸਤਾਨ ਸਿੰਘ ਜੀ ਨੂੰ ਦਿਲਰੁਬਾ-ਵਾਦਨ ਦਾ ਉਸਤਾਦ ਧਾਰਣ ਕੀਤਾ)।

Namdhari Elibrary NamdhariElibrary@gmail.com



ਸਤਿਗੁਰੂ ਪਰਤਾਪ ਸਿੰਘ ਜੀ ਦਿਲਰੁਬਾ ਵਜਾਉਂਦੇ ਹੋਏ।

Namdhari Elibrary NamdhariElibrary@gmail com



ਅਪ੍ਰੈਲ 1959 : ਹੋਲਾ ਮਹੱਲਾ ਜੁਗੰਡਾ (ਈਸਟ ਅਫਰੀਕਾ)
ਕੀਰਤਨ ਸਮੇਂ ਸਤਿਗੁਰੂ ਪਰਤਾਪ ਸਿੰਘ ਵਿਸਮਾਦੀ ਅਵਸਥਾ ਵਿੱਚ

Namdhari Elibrary NamdhariElibrary@gmail.com



ਸ੍ਰੀ ਭੈਣੀ ਸਾਹਿਬ 1933 ਈ. ਗੁਰਮਤਿ ਸੰਗੀਤ ਸੰਮੇਲਨ

Namdhari Elibrary NamdhariElibrary@gmail.com



1934 ਈ. ਸ੍ਰੀ ਭੈਣੀ ਸਾਹਿਬ – ਸ੍ਰੀ ਗੁਰੂ ਨਾਨਕ ਨਾਮ-ਲੇਵਾ ਮਰਦਮ-ਸ਼ੁਮਾਰੀ ਕਾਨਫਰੰਸ

Namdhari Elibrary NamdhariElibrary@gmail.com



ਮਾਰਚ 1934 ਈ. ਸ੍ਰੀ ਭੈਣੀ ਸਾਹਿਬ – ਹਿੰਦੂ ਸਿੱਖ ਮਿਲਾਪ ਕਾਨਫਰੰਸ ਮੰਚ ਤੋਂ ਸੰਬੋਧਨ ਕਰ ਰਹੇ ਹਨ :
ਸੇਠ ਜੁਗਲ ਕਿਸ਼ੋਰ ਬਿਰਲਾ (ਪ੍ਰਧਾਨ), ਖੱਬੇ ਤੋਂ : ਗੋਸ੍ਵਾਮੀ ਗਣੇਸ਼ ਦੱਤ ਜੀ, ਬਾਬਾ ਗੁਰਮੁਖ ਸਿੰਘ,
ਗਿਆਨੀ ਤੇਜਾ ਸਿੰਘ ਨਿਰਮਲੇ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਬਾਬਾ ਸ਼ਿਵਰਾਮ ਸੇਵਕ,
ਮਹਾਸ਼ਾ ਖੁਸ਼ਹਾਲ ਚੰਦ, ਪੰ. ਪਰਸਰਾਮ ਜੀ, ਸੰ. ਨਿਧਾਨ ਸਿੰਘ ਆਲਮ, ਸ. ਸਰਮੁਖ ਸਿੰਘ ਚਮਕ



ਮਾਰਚ 1943 ਸ੍ਰੀ ਭੈਣੀ ਸਾਹਿਬ - ਪੰਜਾਬੀ ਕਾਨਫਰੰਸ

Namdhari Elibrary NamdhariElibrary@gmail com



ਹਸਤ-ਲਿਖਤ
ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ

Namdhari Elibrary NamdhariElibrary@gmail com



1939 ਈ. ਲੁਧਿਆਣਾ – ਸਟੇਟ ਪੀਪਲਜ਼ ਕਾਨਫਰੰਸ ਸਮੇਂ ਜਲੂਸ ਦੀ ਅਗਵਾਈ ਕਰ ਰਹੇ
ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨਾਲ ਪੰ: ਜਵਾਹਰ ਲਾਲ ਨਹਿਰੂ ਅਤੇ ਸਮੂਹ ਸੰਗਤ।

Namdhari Elibrary NamdhariElibrary@gmail.com



ਸਭੇ ਸਾਂਝੀਵਾਲ ਸਦਾਇਨਿ

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨਾਲ ਪ੍ਰਮੁੱਖ ਰਾਸ਼ਟਰ ਨੇਤਾ : ਹਿੰਦੂ, ਸਿੱਖ ਅਤੇ ਮੁਸਲਮਾਨ; ਖੱਬਿਓਂ ਪੰਡਤ ਜਵਾਹਰ ਲਾਲ ਨਹਿਰੂ, ਮੌਲਾਨਾ ਹਬੀਬੁਲ ਰਹਿਮਾਨ, ਮਾਸਟਰ ਤਾਰਾ ਸਿੰਘ ਜੀ, ਸ੍ਰੀ ਸਤਿਗੁਰੂ ਜੀ, ਡਾ. ਸੈਫੂਦੀਨ ਕਿਚਲੂ

Namdhari Elibrary NamdhariElibrary@gmail.com



1953 ਈ: ਸ੍ਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਹਜ਼ੂਰ ਪੰਡਤ ਜਵਾਹਰ ਲਾਲ ਨਹਿਰੂ ਤਕਰੀਰ ਕਰ ਰਹੇ ਹਨ।

Namdhari Elibrary NamdhariElibrary@gmail com



ਸਤਿਗੁਰੂ ਜੀ ਕਾਸ਼ੀ ਸਾਧੂਆਂ ਨਾਲ

Namdhari Elibrary NamdhariElibrary@gmail.com



1947 ਈ. ਨੂੰ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਵੱਲੋਂ ਆਜ਼ਾਦ ਹਿੰਦ ਫੌਜ ਦੇ ਅਫ਼ਸਰਾਂ ਦਾ ਅਦਾਲਤ ਵਿੱਚੋਂ ਬਰੀ ਹੋਣ ਤੇ ਸਵਾਗਤ।
ਸ੍ਰੀ ਸਤਿਗੁਰੂ ਜੀ ਦੇ ਖੱਬੇ : ਜਨਰਲ ਸ਼ਾਹ ਨਿਵਾਜ਼, ਸੱਜੇ : ਕੈਪਟਨ ਸਹਿਗਲ, ਕੈਪਟਨ ਜੀ.ਐਸ. ਢਿੱਲੋਂ

Namdhari Elibrary NamdhariElibrary@gmail com



1946 ਈ. ਮਾਰਚ – ਜੇਲ੍ਹ ਵਿੱਚੋਂ ਰਿਹਾਅ ਹੋਣ ਉਪਰੰਤ ਦੇਸ਼-ਭਗਤਾਂ ਨਾਲ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ।

Namdhari Elibrary NamdhariElibrary@gmail.com



ਲਾਹੌਰ ਵਿਖੇ ਬਸੰਤ ਮੇਲੇ ਸਮੇਂ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨਾਲ ਪ੍ਰਮੁੱਖ ਹਸਤੀਆਂ।
ਬੈਠੇ ਖੱਬਿਓਂ : ਸੰਤ ਤੇਜਾ ਸਿੰਘ ਜੀ ਨਿਰਮਲੇ, ਸ੍ਰੀ ਸਤਿਗੁਰੂ ਜੀ, ਭਾਈ ਪਰਮਾਨੰਦ, ਦੀਵਾਨ ਐਸ.ਪੀ. ਸਿੰਘਾ,
ਬੀਬੀ ਬੰਬਾ ਦਲੀਪ ਸਿੰਘ (ਮਹਾਰਾਜਾ ਦਲੀਪ ਸਿੰਘ ਜੀ ਸਪੁਤ੍ਰੀ)
ਪਿੱਛੇ ਖੜੇ : ਸੰਤ ਇੰਦਰ ਸਿੰਘ ਚੱਕਰਵਰਤੀ, ਸ੍ਰੀ ਰਣਬੀਰ ਸਿੰਘ, ਸ੍ਰ. ਦਇਆ ਸਿੰਘ,
ਸ੍ਰ. ਕਰਤਾਰ ਸਿੰਘ ਪੱਥਰਾਂ ਵਾਲੇ, ਸ੍ਰ. ਆਤਮਾ ਸਿੰਘ ਰਈਸ ਅਤੇ ਸ੍ਰ. ਭਗਤ ਸਿੰਘ ਘੋੜਿਆਂ ਵਾਲਾ

Namdhari Elibrary NamdhariElibrary@gmail.com



ਦਿੱਲੀ : ਡਾ. ਰਾਜੇਂਦਰ ਪ੍ਰਸਾਦ (ਭਾਰਤ ਦੇ ਪਹਿਲੇ ਰਾਸ਼ਟਰਪਤੀ)
ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਤੋਂ ਦੇਸ਼-ਸੇਵਾ ਲਈ ਆਸ਼ੀਰਵਾਦ ਲੈਂਦੇ ਹੋਏ।

Namdhari Elibrary NamdhariElibrary@gmail.com



ਕਰਨਾਲ, ਰੂਸੀਆਂ ਨਾਲ ਨਾਮਧਾਰੀ ਸਿੱਖਾਂ ਦੀ ਪੁਰਾਣੀ ਸਾਂਝ ਨੂੰ ਦੁਹਰਾਉਂਦਿਆਂ - ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਸੋਵੀਅਤ ਯੂਨੀਅਨ ਦੇ ਸਰਵ-ਮੁਖੀ ਸ੍ਰੀ ਖਰੁਸ਼ਚੇਵ ਪ੍ਰਧਾਨ ਮੰਤਰੀ ਅਤੇ ਸ੍ਰੀ ਬੁਲਗਾਨਿਨ ਪ੍ਰਧਾਨ ਸੋਵੀਅਤ ਯੂਨੀਅਨ ਨੂੰ ਵਿਸ਼ੇਸ਼ ਅਤਿੱਥੀ ਵਜੋਂ ਜੀਓ ਆਇਆ ਕਿਹਾ ਅਤੇ ਨੀਲੀ ਰਾਵੀ (ਪੰਜਾਬੀ) ਦਾ ਵਧੀਆ ਸਾਨ੍ਹ ਮਿੱਤਰਤਾ ਰੂਪ ਵਿੱਚ ਸੌਗਾਤ ਵਜੋਂ ਦਿੱਤਾ।

Namdhari Elibrary NamdhariElibrary@gmail.com



1957 ਈ. ਦਿੱਲੀ : ਵਿਸ਼ਵ ਸ਼ਾਕਾਹਾਰੀ ਕਾਨਫਰੰਸ ਸਮੇਂ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨਾਲ ਪ੍ਰਮੁੱਖ ਵਿਦੇਸ਼ੀ ਪ੍ਰਾਹੁਣੇ।

Namdhari Elibrary NamdhariElibrary@gmail com



1950 ਈ. ਲਖਨਊ ਸਰਬ ਹਿੰਦ ਪਸ਼ੂ ਪ੍ਰਦਰਸ਼ਨੀ ਸਮੇਂ : ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਆਪਣੇ ਜੇਤੂ ਪਸ਼ੂਆਂ ਨਾਲ
ਵਿਚਕਾਰ : ਸ੍ਰੀ ਸਤਿਗੁਰੂ ਜੀ, ਖੱਬੇ : ਭਾਈ ਵਜ਼ੀਰ ਸਿੰਘ ਜੀ,
ਸੱਜੇ : ਛੋਟੇ ਬਾਬਾ ਜੀ (ਮਹਾਰਾਜ ਬੀਰ ਸਿੰਘ), ਸੰਤ ਰਤਨ ਸਿੰਘ ਜੀ

Namdhari Elibrary NamdhariElibrary@gmail.com



ਸ਼ਾਹ ਸਵਾਰ : ਅਟੱਲ ਪਰਤਾਪੀ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ

Namdhari Elibrary NamdhariElibrary@gmail.com



1937 ਈ. ਸ੍ਰੀ ਭੈਣੀ ਸਾਹਿਬ : ਮਹਾਨ ਹਵਨ-ਯੱਗ ਅਤੇ ਚੰਡੀ ਦੀ ਵਾਰ ਦੇ ਪਾਠ
(21 ਭਾਦੋਂ ਸੰ. 1994 ਬਿਕਰਮੀ ਤੋਂ ਚੇਤ 1995 ਬਿਕਰਮੀ ਤੱਕ 3,55,307 ਪਾਠ ਕੀਤੇ ਗਏ)

Namdhari Elibrary NamdhariElibrary@gmail.com



ਸ੍ਰੀ ਭੈਣੀ ਸਾਹਿਬ : ਸ੍ਰੀ ਆਦਿ ਗ੍ਰੰਥ ਸਾਹਿਬ ਦੇ ਸਵਾ ਲੱਖ ਪਾਠਾਂ ਦੇ ਭੋਗ ਪਾਏ ਗਏ।

Namdhari Elibrary NamdhariElibrary@gmail.com



ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਬੰਕੌਕ (ਥਾਈਲੈਂਡ) ਪੁੱਜਣ ਤੇ ਏਅਰਪੋਰਟ 'ਤੇ
ਆਪ ਜੀ ਨੇ ਸਿੱਖੀ ਪ੍ਰਚਾਰ ਲਈ ਥਾਈਲੈਂਡ ਦੇ 22 ਦੌਰੇ ਕੀਤੇ।

Namdhari Elibrary NamdhariElibrary@gmail.com



ਬੈਂਕੋਕ (ਥਾਈਲੈਂਡ) ਏਅਰ ਪੋਰਟ 'ਤੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਸੰਗਤ ਵਿਚਕਾਰ।



ਨੈਰੋਬੀ (ਈਸਟ ਅਫਰੀਕਾ) ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਕੀਨੀਆ ਨਿਵਾਸੀ ਸੰਗਤ।

Namdhari Elibrary NamdhariElibrary@gmail.com



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਹਜ਼ਰੋ ਸਾਹਿਬ ਦੀ ਸੰਗਤ ਨਾਲ।
ਬੈਠੇ ਖੱਬਿਓ : ਸੰਤ ਮੰਗਲ ਸਿੰਘ ਅਰਜ਼ੀ ਫਰਿਸ਼ਤਾ, ਠਾਕੁਰ ਭੋਲਾ ਰਾਮ ਸਿੰਘ ਜੀ,
ਸ੍ਰੀ ਸਤਿਗੁਰੂ ਜੀ ਮਹਾਰਾਜ, ਭਗਵਾਨ ਦਾਸ ਜੀ ਆਵਣ ਚੰਦ (ਪਿੱਛੇ ਬੈਠੇ),
ਠਾਕੁਰ ਭਗਵਾਨ ਦਾਸ ਜੀ, ਸ੍ਰੀ ਜਵਾਲਾ ਰਾਮ ਸਿੰਘ ਜੀ।

Namdhari Elibrary NamdhariElibrary@gmail com



ਜਨਵਰੀ 1947 ਈ. ਸ੍ਰੀ ਜੀਵਨ ਨਗਰ ਸਥਾਪਨਾ ਸਮੇਂ 101 ਸ੍ਰੀ ਆਦਿ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਉਪਰੰਤ — ਕੀਰਤਨ ਸਮੇਂ :
ਖੱਬਿਓਂ : ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ, ਮਹਾਰਾਜ ਚਰਨ ਸਿੰਘ ਜੀ, ਮਹਾਰਾਜ ਸਾਵਣ ਸਿੰਘ ਜੀ (ਰਾਧਾ ਸੁਆਮੀ ਪ੍ਰਮੁੱਖ)

Namdhari Elibrary NamdhariElibrary@gmail.com



ਮਾਰਚ 1959 ਈ. ਸ੍ਰੀ ਜੀਵਨ ਨਗਰ : ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ – ਮਾਸਟਰ ਤਾਰਾ ਸਿੰਘ ਜੀ ਨਾਲ ਵਿਚਾਰ-ਵਟਾਂਦਰਾ ਕਰਦੇ ਹੋਏ।

Namdhari Elibrary NamdhariElibrary@gmail com



10 ਸਤੰਬਰ 1959 ਸ੍ਰੀ ਭੈਣੀ ਸਾਹਿਬ – ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਸ਼ਰਧਾਂਜਲੀ ਸਮਾਰੋਹ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਲ ਬੈਠੇ ਮਹਾਰਾਜ ਕਿਰਪਾਲ ਸਿੰਘ ਜੀ (ਰਾਧਾ ਸੁਆਮੀ ਪ੍ਰਮੁੱਖ), ਮਹਾਰਾਜ ਚਰਨ ਸਿੰਘ ਜੀ (ਰਾਧਾ ਸੁਆਮੀ ਪ੍ਰਮੁੱਖ)

Namdhari Elibrary NamdhariElibrary@gmail com



10 ਸਤੰਬਰ, 1959 ਸ੍ਰੀ ਭੈਣੀ ਸਾਹਿਬ : ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਭੋਗ
ਸਮੇਂ ਅਰਦਾਸ ਵਿੱਚ ਸ਼ਾਮਲ ਪ੍ਰਮੁੱਖ ਸ਼ਖਸ਼ੀਅਤਾਂ : ਮਹਾਰਾਜਾ ਯਾਦਵਿੰਦਰ ਸਿੰਘ (ਪਟਿਆਲਾ),
ਸ: ਗਿਆਨ ਸਿੰਘ ਰਾੜੇਵਾਲੇ, ਮਹਾਰਾਜ ਚਰਨ ਸਿੰਘ ਜੀ, ਮਹਾਰਾਜ ਦਰਸ਼ਨ ਸਿੰਘ ਜੀ।

Namdhari Elibrary NamdhariElibrary@gmail com



10 ਸਤੰਬਰ 1959 ਸ੍ਰੀ ਭੈਣੀ ਸਾਹਿਬ : ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਭੋਗ ਸਮੇਂ ਸੰਗਤਾਂ ਦੇ ਵੱਡੇ ਇਕੱਠ ਵਿੱਚ ਦਸਤਾਰ ਬੰਦੀ ਉਪਰੰਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਥਮ ਦਰਸ਼ਨ।

Namdhari Elibrary NamdhariElibrary@gmail com



ਸੰਤ ਤਰਨ ਸਿੰਘ ਜੀ ਵਹਿਮੀ ਸਤਿਗੁਰੂ ਪਰਤਾਪ ਸਿੰਘ ਜੀ ਨਾਲ

## ਅਟੱਲ ਪ੍ਰਤਾਪੀ ਸਤਿਗੁਰੂ

ਨਮਸਕਾਰ ਗੁਰਦੇਵ ਨੂੰ, ਜਿਸ ਦਾ ਵੱਡ-ਪ੍ਰਤਾਪ।
ਮਹਾਂ ਨੂਰਾਂ ਦਾ ਨੂਰ ਉਹ, ਸੂਰਜ ਦਾ ਪ੍ਰਕਾਸ਼।
ਚਰਨ ਕੰਵਲ ਨੂੰ ਪਰਸ ਕੇ, ਹੋਵਨ ਸਿੱਖ ਨਿਹਾਲ।
ਨਾਮ ਰੱਤੜੀਆਂ ਜਿੰਦੜੀਆਂ, ਸਿਮਰਨ ਸਦਾ ਅਕਾਲ।
ਹਿਰਦਾ ਬਹੁਤ ਵਿਸ਼ਾਲ ਸੀ, ਸਭ ਨੂੰ ਕਰਨ ਪਿਆਰ।
ਮਹਾਂਸਾਗਰ ਨੇ ਸਾਂਭਿਆ, ਰਤਨਾ ਦਾ ਭੰਡਾਰ।
ਚੰਦ ਜਿਵੇਂ ਹੈ ਸੋਹਿੰਦਾ, ਤਾਰਿਆਂ ਦੇ ਵਿਚਕਾਰ।
ਤਿਵੇਂ ਸ਼ੋਭਾ ਦੇਂਵਦੇ, ਸੰਤ ਮੰਡਲ ਵਿਚਕਾਰ।

('ਜੈਸਾ ਸਤਿਗੁਰੂ ਸੁਣੀਂਦਾ' ਵਿੱਚੋਂ)

Namdhari Elibrary NamdhariElibrary@gmail.com

Namdhari Elibrary NamdhariElibrary@gmail.com



**ਲੇਖਕ ਸ੍ਰੀ ਸਤਿਗੁਰੂ ਜਗਜੀਤ ਜੀ ਦੇ ਚਰਨਾਂ ਵਿੱਚ**

ਗੁਰ ਚਰਨਾਂ ਦਾ ਧਿਆਨ ਧਰ, ਕਰਦਾ ਮੈਂ ਅਰਦਾਸ।
ਬੁੱਧ ਵਿਵੇਕ ਨੂੰ ਬਖਸ਼ ਕੇ, ਕਰੋ ਕਲਾ ਪ੍ਰਗਾਸ।
ਕੀਤੀ ਬਖਸ਼ਿਸ਼ ਆਪ ਨੇ, ਦਿੱਤਾ ਸੀ ਵਰਦਾਨ।
ਜੋ ਲਿਖੇਂ ਸ਼ੁਧ ਹੋਇਗਾ, ਕੀਤਾ ਇੰਝ ਫੁਰਮਾਨ।
ਮੈਂ ਅੰਧਲਾ ਨੇਤਰਹੀਣ, ਧਰ ਕੇ ਤੁਹਾਡੀ ਟੇਕ।
ਲਿਖੇ ਗ੍ਰੰਥ ਅਨੇਕ ਨੇ, ਮੰਨੇ ਜਾਣ ਬਿਸੇਖ।
ਮਿਲੇ ਸਨਮਾਨ ਅਨੇਕ ਨੇ, ਹੋਇਆ ਮੈਂ ਪ੍ਰਸਿੱਧ।
ਸਾਹਿਤ ਜਗਤ ਵਿੱਚ ਕਦਰ ਹੈ ਸਿੱਧਾਂ ਵਾਲੀ ਸਿੱਧ।

('ਜੈਸਾ ਸਤਿਗੁਰੂ ਸੁਣੀਂਦਾ' ਵਿੱਚੋਂ)

Namdhari Elibrary NamdhariElibrary@gmail.com

Namdhari Elibrary NamdhariElibrary@gmail.com

ਪ੍ਰੋ. ਕਿਰਪਾਲ ਸਿੰਘ ਕਸੇਲ ਪੰਜਾਬੀ ਸਾਹਿਤ ਜਗਤ ਦੀ ਮਾਨਯੋਗ ਹਸਤੀ ਹਨ। ਉਹਨਾਂ ਨੇ ਸਾਹਿਤ ਦੇ ਹਰ ਰੂਪ ਉੱਤੇ ਭਰਪੂਰ ਕਲਮ ਚਲਾਈ ਹੈ ਅਤੇ ਪੰਜਾਬੀ ਨੂੰ ਦੁਨੀਆਂ ਦੀਆਂ ਦੂਜੀਆਂ ਭਾਸ਼ਾਵਾਂ ਬਰਾਬਰ ਖੜ੍ਹਾ ਕਰਨ ਲਈ ਨਿੱਗਰ ਕੰਮ ਕੀਤਾ ਹੈ ਅਤੇ ਗੌਰਵ ਪ੍ਰਦਾਨ ਕੀਤਾ ਹੈ।

'ਤਵਾਰੀਖ਼ ਸੰਤ ਖ਼ਾਲਸਾ' ਉਹਨਾਂ ਦੀ ਵੱਡ-ਅਕਾਰੀ ਵੱਡਮੁੱਲੀ ਰਚਨਾ ਹੈ। ਇਸ ਵਿੱਚ ਗੁਰ-ਇਤਿਹਾਸ ਨੂੰ ਤੱਤਾਂ, ਤੱਥਾਂ ਦੇ ਆਧਾਰ ਉੱਤੇ ਤਰਕਪੂਰਨ ਢੰਗ ਨਾਲ ਚਿੱਤਰ ਕੇ ਇੱਕ ਪ੍ਰਮਾਣਿਕ ਰਚਨਾ ਪੇਸ਼ ਕੀਤੀ ਹੈ। ਇਹ ਇੱਕ ਦਸਤਾਵੇਜ਼ੀ ਗ੍ਰੰਥ ਹੈ। ਇਤਿਹਾਸ ਦੇ ਖੋਜੀਆਂ ਲਈ ਇਸ ਦਾ ਨਿਵੇਕਲਾ ਮਹੱਤਵ ਹੈ।

Namdhari Elibrary NamdhariElibrary@gmail.com